
68 ਜਨਵਰੀ-ਮਾਰਚ, 2023

# ਕਹਾਣੀ ਧਾਰਾ

80/-



ਜਦੋਂ ਤੈਥੋਂ ਮੇਰੇ ਦਿਲ ਵਿੱਚ ਅਜੇ ਤੱਕ ਡੁੱਬ ਨਾ ਹੋਇਆ, ਮੁਹੱਬਤ ਕਿੰਝ ਨਾਪਣਗੇ ਤੇਰੇ ਟੋਟੇ ਇਹ ਵੰਗਾਂ ਦੇ।
ਰਿਸ਼ੀ ਸ਼ੰਭੂਕ, ਤੇ ਸਰਮਦ, ਸਰਾਭਾ, ਯਾਦ ਨੇ ਤਨਵੀਰ, ਤਦੇ ਆਏ ਨਹੀਂ ਸਾਨੂੰ ਕਦੇ ਵੀ ਖ਼ਾਬ ਝੰਗਾਂ ਦੇ।

– ਅਜੈ ਤਨਵੀਰ

68 ਕਹਾਣੀ ਧਾਰਾ ਜਨਵਰੀ-ਮਾਰਚ, 2023

68 ਜਨਵਰੀ-ਮਾਰਚ, 2023

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

**ਰੈਫਰੀਡ ਪੈਨਲ / ਸਲਾਹਕਾਰ ਬੋਰਡ**

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਮਨਜਿੰਦਰ ਸਿੰਘ
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ



Title Painting
Frida Kahlo

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਜਨਵਰੀ, 2023)

# ਕਹਾਣੀ ਧਾਰਾ

ਅੰਕ:68,ਜਨਵਰੀ-ਮਾਰਚ,2023


**ਸੰਪਾਦਕੀ**
ਸੰਵਾਦ, ਖੜੋਤ ਅਤੇ ਪੰਜਾਬੀ ਸਾਹਿਤਕਾਰ/ **ਭਗਵੰਤ ਰਸੂਲਪੁਰੀ**–2

**ਸਵੈ ਕਥਨ**
ਜਨਕ ਦਾ ਘਰ/ **ਪ੍ਰੇਮ ਪ੍ਰਕਾਸ਼**–3

**ਕਲਾ**
ਬੰਬ ਦੁਆਲੇ ਲਪੇਟਿਆ ਮੁਲਾਇਮ ਰਿਬਨ: ਫਰੀਦਾ ਕਾਹਲੋ / **ਡਾ. ਪਰਮਜੀਤ ਢੀਂਗਰਾ**–8

**ਕਹਾਣੀਆਂ**
ਯੁੱਧਵੀਰ / **ਲਾਲ ਸਿੰਘ**–16
ਪਿੰਡ ਜਿਉਂਦਾ ਹੀ ਕਿੱਥੇ ਹੈ !/ **ਬਲਬੀਰ ਪਰਵਾਨਾ**–23
ਨਾਂਗੇਲੀ/ **ਸਰੂਪ ਸਿਆਲਵੀ**–32
ਸ਼ਿਵ ਰਾਜ/ **ਭੋਲਾ ਸਿੰਘ ਸੰਘੇੜਾ**–43
ਤਿੜਕੇ ਸ਼ੀਸ਼ੇ ਦਾ ਬਦਨ/ **ਬਲਵੀਰ ਕੌਰ ਰੀਹਲ**–53
ਚਹੁੰ ਕਦਮਾਂ ਦੀ ਵਾਟ / **ਸਿਮਰਨ ਧਾਲੀਵਾਲ** –58
ਲਾਜ / **ਕਮਲ ਸੇਖੋਂ** –64
ਤੀਜਾ ਨਗੌਰੀਆ/ **ਹਰਮੇਸ਼ ਮਾਲੜੀ**–70
ਟੋਆ/ **ਵਿਪਨ ਕੁਮਾਰ**–81

**ਪਾਕਿਸਤਾਨੀ ਪੰਜਾਬੀ ਕਹਾਣੀ**
ਕਾਮਾ/ **ਸ਼ਹਿਜ਼ਾਦ ਅਸਲਮ**
ਲਿਪੀ:ਖ਼ਾਲਿਦ **ਫ਼ਰਹਾਦ ਧਾਰੀਵਾਲ**–12

**ਮੇਰੀ ਸਿਰਜਣਾ ਦੇ ਸਰੋਤ**
ਇਹ ਪਾਤਰ ਜੀਭ 'ਤੇ ਅੱਗ ਬਾਲਦੇ ਨੇ
**ਜਸਵੀਰ ਸਿੰਘ ਰਾਣਾ**–86

**ਕਹਾਣੀ ਸ਼ਾਸ਼ਤਰ**
ਸੁਖਜੀਤ ਦੀ ਕਥਾਕਾਰੀ ਮਾਣਦਿਆਂ
**ਡਾ. ਮਨਮੋਹਨ**–97

**ਵਿਸ਼ਵ ਕਲਾਸਿਕ**
ਨਿਕੋਸ ਕਜ਼ਾਨਜ਼ਾਕਿਸ ਦਾ 'ਜ਼ੋਰਬਾ ਦ ਗਰੀਕ'
**ਡਾ. ਗੁਰਪ੍ਰੀਤ ਕੌਰ**–109

**ਸਮੀਖਿਆ**
ਸ਼ਬਦਾਂ ਦੀ ਸੰਵੇਦਨਾ 'ਅੰਦਰੇਟੇ ਦਾ ਜੋਗੀ'
**ਡਾ. ਸੁਖਪਾਲ ਕੌਰ ਸਮਰਾਲਾ**–117

**ਆਲੋਚਨਾ**
ਵਰਤਮਾਨ ਪੰਜਾਬੀ ਕਹਾਣੀ ਦੇ ਮੂਲ ਰੁਝਾਨ
**ਡਾ. ਜੇ ਬੀ ਸੇਖੋਂ**–120

ਜਿੰਦਰ ਦੀ ਕਹਾਣੀ 'ਸੇਫਟੀ ਕਿੱਟ': ਸਭਿਆਚਾਰਕ ਸੰਦਰਭ
**ਡਾ ਜੀਤ ਸਿੰਘ ਜੋਸ਼ੀ**–130

**ਆਜ਼ਾਦੀ ਅੰਦੋਲਨ ਨਾਲ ਜੁੜੇ ਗ਼ਦਰੀ ਨਾਇਕਾਂ ਨਾਲ ਸੰਬੰਧਤ ਤਿੰਨ ਪੁਸਤਕਾਂ**
ਗ਼ਦਰੀ ਬਾਬਾ ਭਾਈ ਰਣਧੀਰ ਸਿੰਘ– 134
ਗ਼ਦਰੀ ਦੀ ਰਾਹ 'ਤੇ–135
ਆਜ਼ਾਦੀ ਅੰਦੋਲਨ ਦੇ ਅਣਗੌਲੇ ਨਾਇਕ–137

**ਮੇਰਾ ਸਟੱਡੀ ਟੇਬਲ** /– **ਭਗਵੰਤ ਰਸੂਲਪੁਰੀ**– 138

ਸੰਪਾਦਕੀ

# ਸੰਵਾਦ, ਖੜੋਤ ਅਤੇ ਪੰਜਾਬੀ ਸਾਹਿਤਕਾਰ

ਇੱਕੀਵੀਂ ਸਦੀ ਦਾ ਇਕ ਦਹਾਕਾ ਬੀਤ ਗਿਆ ਏ। ਇਸ ਦਹਾਕੇ ਦੇ ਅੰਤਲੇ ਸਾਲਾਂ 'ਚ ਸਾਹਿਤ ਦੀ ਪਰਖ ਤੇ ਉਸ ਦੇ ਗੁਣ-ਅਵਗੁਣ ਦੀ ਨਿਸ਼ਾਨਦੇਹੀ ਕਰਨ ਵਾਲੇ ਸੰਦ ਬਦਲ ਗਏ ਨੇ। ਜਾਂ ਕਹਿ ਲਓ ਉਨ੍ਹਾਂ ਨੇ ਆਪਣੀਆਂ ਧਾਰਨਾਵਾਂ ਸਿਰਜਣ ਵਾਲੇ ਚਿੰਤਕਾਂ ਤੋਂ ਮੂੰਹ ਫੇਰ ਲਿਆ ਏ। ਜਾਂ ਉਹ ਅਜਿਹਾ ਜਾਣ ਬੁੱਝ ਕੇ ਨਜ਼ਰਅੰਦਾਜ਼ ਕਰਨ ਲੱਗ ਪਏ ਨੇ। ਸੰਵਾਦ ਕਰਨ ਵਾਲੇ ਬਹੁਤੇ ਚਿੰਤਕ ਕਿਰ ਗਏ ਨੇ। ਜਾਂ ਉਹ ਆਪਣੀ ਉਮਰ ਦੇ ਆਖਰੀ ਪੜਾਅ ਤੇ ਪਹੁੰਚ ਗਏ ਨੇ... ਜਿੱਥੇ ਪਹੁੰਚ ਗਿਆ ਬੰਦਾ ਕਹਿੰਦਾ ਏ ਬਥੇਰਾ ਲਿਖ-ਪੜ੍ਹ ਲਿਆ... ਬਥੇਰੀਆਂ ਗਿਆਨ ਗੋਸ਼ਟੀਆਂ ਕਰ ਲਈਆਂ... ਬਥੇਰੇ ਸੈਮੀਨਾਰਾਂ ਤੇ ਬੋਲ ਲਿਆ... ਹੁਣ ਅਰਾਮ ਨਾਲ ਘਰ ਬੈਠ ਕੇ ਜ਼ਿੰਦਗੀ ਦੇ ਆਖਰੀ ਸਮੇਂ ਨੂੰ ਹੁਸੀਨ ਬਣਾਓ... ਸਾਡੇ ਕੋਲ ਅਨੇਕਾਂ ਪ੍ਰਤੀਬੱਧ ਚਿੰਤਕ ਸਨ। ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀ ਹਰ ਵਿਧਾ ਤੇ ਨਿੱਠ ਕੇ ਕਾਰਜ ਕੀਤਾ। ਸਾਡੇ ਕੋਲ ਨਾਵਲ / ਕਹਾਣੀ ਤੇ ਸੰਵਾਦ ਤੋਰਨ ਵਾਲੇ ਅਨੇਕਾਂ ਨਾਂ ਸਨ। ਉਨ੍ਹਾਂ ਨੇ ਢੇਰਾ ਦੇ ਢੇਰ ਚਿੰਤਨ ਮੰਥਨ ਕੀਤਾ।

ਹੁਣ ਜੇਕਰ ਅਸੀਂ ਸਮਕਾਲ ਵਿੱਚ ਵੇਖਦੇ ਹਾਂ ਕਿ ਸਾਡੇ ਕੋਲ ਸੰਵਾਦ ਬਚਿਆ ਹੀ ਨਹੀਂ। ਸੰਵਾਦ ਸਾਡੀਆਂ ਅਕੈਡਮਿਕ ਲੋੜਾ ਦੀ ਪੂਰਤੀ ਲਈ ਰਹਿ ਗਿਆ ਏ। ਸੰਵਾਦ ਪੀਐਚ. ਡੀ. ਤੋਂ ਅੱਗੇ ਤੁਰਦਾ ਹੀ ਨਹੀਂ। ਇਸ ਨਾਲ ਰੋਜਗਾਰ ਜੁੜਿਆ ਹੋਇਆ ਏ। ਇਸ ਤੋਂ ਬਾਅਦ ਜਿਹੜਾ ਸੰਵਾਦ ਤੁਰਦਾ ਏ ਉਹ ਵੀ ਹਰ ਇਕ ਦੀਆਂ ਅਕੈਡਮਿਕ ਲੋੜਾ ਜੋਗਾ ਰਹਿ ਗਿਆ ਏ। ਯੂ. ਜੀ. ਸੀ. ਕੇਅਰ ਲਿਸਟ ਅਧੀਨ ਆਉਂਦੇ ਸਾਹਿਤਕ ਪਰਚਿਆਂ ਦੇ ਢਿੱਡ ਭਰਨ ਲਈ ਅਕੈਡਮਿਕ ਲੋੜਾ ਲਈ ਲਿਖੇ ਆਲੋਚਨਾ ਪੇਪਰ ਹੀ ਰਹਿ ਗਏ ਨੇ। ਜਿਨ੍ਹਾਂ ਦਾ ਪੱਧਰ ਬਹੁਤ ਥੱਲੇ ਖਿਸਕ ਗਿਆ ਏ। ਇਹ ਸਾਡੇ ਸਮੇਂ ਦਾ ਦੁਖਾਂਤ ਏ।

ਰਚਨਾਵਾਂ ਦੀ ਪ੍ਰਸੰਗ ਸਾਹਿਤ ਵਿਆਖਿਆ ਮੂਲਕ ਆਲੋਚਨਾ ਵਾਲੇ ਸੰਵਾਦ ਦੀ ਭਰਮਾਰ ਏ। ਹੁਣ ਸੰਵਾਦ 'ਸਮਾਜਿਕ ਪਲੇਟਫਾਰਮ' ਜਿਸ ਨੂੰ ਤੁਸੀਂ ਫੇਸਬੁੱਕ ਜਾਂ ਵਟਸ ਐਪ ਜਾਂ ਯੂ ਟਿਊਬ ਕਹਿ ਸਕਦੇ ਹੋ ਤੇ ਰਹਿ ਗਿਆ ਏ। ਜੋ ਸੰਵਾਦ ਦੇ ਨਾਂ ਉੱਤੇ ਐਨਾ ਰੋਲ਼-ਘਚੋਲ ਪਾ ਰਹੇ ਨੇ ਕਿ ਸਧਾਰਨ ਬੰਦੇ ਦੇ ਮਨ 'ਚ ਅਨੇਕਾਂ ਭਰਮ ਭੁਲੇਖੇ ਤੇ ਸ਼ੰਕੇ ਖੜੇ ਕਰ ਰਿਹਾ ਏ। ਹਰ ਕੋਈ ਗਲ਼ 'ਚ ਢੋਲ ਪਾ ਕੇ ਕੁੱਟੀ ਜਾ ਰਿਹਾ ਏ। ਕੋਈ ਲਗਾਤਾਰ ਬੋਲੀ ਈ ਜਾਂਦਾ ਏ... ਕੋਈ ਲਗਾਤਾਰ ਲਿਖੀ ਈ ਜਾਂਦਾ ਏ... ਕੋਈ ਲਗਾਤਾਰ ਇਕ ਦੂਜੇ ਨੂੰ ਭੱਦੀ ਭਾਸ਼ਾ 'ਚ ਨਿੰਦੀ ਈ ਤੁਰਿਆ ਜਾਂਦਾ ਏ... ਤੌਬਾ! ਤੌਬਾ!! ਇੰਝ ਦਿਸਦਾ ਤਾਂ ਬਹੁਤ ਏ ਕਿ ਸੰਵਾਦ ਹੋ ਰਿਹਾ ਏ। ਪਰ ਸੰਵਾਦ ਖੜੋਤ ਦਾ ਸ਼ਿਕਾਰ ਹੋਈ ਜਾ ਰਿਹਾ ਏ। ਕਈ ਵਾਰ ਮਾੜੀ ਰਚਨਾ ਨੂੰ ਐਨੀ ਵਾਹ ਵਾਹ ਮਿਲ ਜਾਂਦੀ ਏ ਕਿ ਜਦੋਂ ਉਹੀ ਮੂਧੇ ਮੂੰਹ ਹੇਠਾਂ ਡਿੱਗਦੀ ਏ ਤਾਂ ਵਾਹ ਵਾਹ ਕਰਨ ਵਾਲੇ 'ਚਿੰਤਕ' ਵੀ ਉਹਦੇ ਉੱਤੇ ਪੈਰ ਰੱਖ ਕੇ ਲੰਘ ਜਾਂਦੇ ਨੇ। ਸਾਨੂੰ ਮਿਆਰੀ ਸੰਵਾਦ ਦੀ ਘਾਟ ਰੜਕਦੀ ਰਹਿੰਦੀ ਏ। ਅਸੀਂ ਚਾਹੁੰਦੇ ਹਾਂ ਕਿ 'ਕਹਾਣੀ ਧਾਰਾ' ਵਿਚ ਸੰਤੁਲਿਤ ਸੰਵਾਦ ਦੀ ਪੁਰਾਣੀ ਪਰੰਪਰਾ ਸ਼ੁਰੂ ਕੀਤੀ ਜਾਵੇ। ਜਿਹੜੀ ਪਰੰਪਰਾ ਕਦੇ ਪ੍ਰੇਮ ਪ੍ਰਕਾਸ਼ 'ਲਕੀਰ' ਪਰਚੇ ਵਿਚ ਕਰਦਾ ਹੁੰਦਾ ਸੀ। ਅਸੀਂ ਕਈ ਵਾਰ ਕੋਸ਼ਿਸ਼ ਵੀ ਕੀਤੀ। ਪਰ ਦੋ ਸਿਰ ਜੁੜਨ ਨੂੰ ਤਿਆਰ ਨਹੀਂ ਹੁੰਦੇ। ਨਿਰੋਏ ਸਾਹਿਤ ਲਈ ਸੰਵਾਦ ਦੀ ਪਰੰਪਰਾ ਬਹੁਤ ਜ਼ਰੂਰੀ ਏ। ਸਾਡਾ ਸੰਵਾਦ ਖੜੋਤ ਦਾ ਸ਼ਿਕਾਰ ਹੋ ਗਿਆ ਏ। ਪੰਜਾਬੀ ਸਾਹਿਤ ਦੇ ਪਿੰਡੇ ਨੂੰ ਇਹ ਰੋਗ ਵਾਂਗ ਚੁੰਬੜ ਗਿਆ ਏ।

**- ਭਗਵੰਤ ਰਸੂਲਪੁਰੀ**

**ਸਵੈ ਕਥਨ**

# ਜਨਕ ਦਾ ਘਰ

## ਪ੍ਰੇਮ ਪ੍ਰਕਾਸ਼



ਪਿਛਲੇ ਦਿਨੀਂ ਸ਼ਾਇਦ 16 ਅਕਤੂਬਰ 2020 ਦੇ ਤੀਜੇ ਪਹਿਰ ਮੈਨੂੰ ਕਿਸੇ ਬੰਦੇ ਦਾ ਫੋਨ ਆਇਆ। ਕਰਨ ਵਾਲਾ ਆਪਣਾ ਨਾਂ ਅਮਰਜੀਤ ਜੈਦਕਾ ਦੱਸ ਰਿਹਾ ਸੀ ਤੇ ਉਹ ਬੋਲਦਾ ਆਇਰਲੈਂਡ ਤੋਂ ਸੀ। ਉਹਨੇ ਦੱਸਿਆ ਕਿ ਉਹਨੇ ਮੇਰੀਆਂ ਕਿਤਾਬਾਂ ਦਾ ਪੂਰਾ ਸੈੱਟ ਪ੍ਰਕਾਸ਼ਕ ਤੋਂ ਮੰਗਵਾ ਕੇ ਪੜ੍ਹਿਆ ਏ। ਜਿਨ੍ਹਾਂ ਵਿਚ ਮੇਰੀਆਂ ਸਾਰੀਆਂ ਆਤਮ ਕਥਾਵਾਂ ਵੀ ਸ਼ਾਮਲ ਨੇ। 'ਦੇਖ ਬੰਦੇ ਦੇ ਭੇਖ' ਖਾਸ ਤੌਰ 'ਤੇ ਬੜੇ ਧਿਆਨ ਨਾਲ ਪੜ੍ਹੀ ਏ। ਉਹਨੇ ਬੜੇ ਅਦਬ ਨਾਲ ਦੱਸਿਆ, "ਮੈਨੂੰ ਤੁਹਾਡੀਆਂ ਲਿਖਤਾਂ ਚੰਗੀਆਂ ਲੱਗੀਆਂ ਨੇ, ਪਰ ਇਹ ਗੱਲ ਚੰਗੀ ਨਹੀਂ ਸੀ ਲੱਗੀ ਕਿ ਤੁਸੀ ਆਪਣੀਆਂ ਦੋਸਤ ਔਰਤਾਂ ਤੇ ਆਪਣੀਆਂ ਕਹਾਣੀਆਂ 'ਚ ਆਈਆਂ ਇਸਤਰੀ- ਪਾਤਰਾਂ ਦੀਆਂ ਗੱਲਾਂ ਈ ਬਹੁਤ ਕੀਤੀਆਂ ਨੇ। ਤੁਹਾਡੀ ਹਰੇਕ ਲਿਖਤ 'ਚ ਇਹੋ ਆਉਂਦਾ ਏ ਕਿ "ਉਹਨੇ ਸਾਈਕਲ ਚੁੱਕਿਆ ਤੇ ਤੁਰ ਪਿਆ ਮਿਲਣ ਉਹਨੂੰ।" ... ਪਰ ਤੁਸੀਂ ਆਪਣੀ ਪਤਨੀ ਦਾ ਜ਼ਿਕਰ ਕਿਤੇ ਵੀ ਨਹੀਂ ਕਰਦੇ, ਜੀਹਦੇ ਨਾਲ ਤੁਸੀਂ ਸਾਰੀ ਉਮਰ ਗੁਜ਼ਾਰੀ ਏ। ਜਿਸ ਦੇ ਉੱਦਮ ਨਾਲ ਤੁਹਾਡਾ ਘਰ ਤੇ ਟੱਬਰ ਬਣਿਆ। ਸਮਾਜ 'ਚ ਤੁਹਾਡੀ ਪਛਾਣ ਬਣੀ। ਜਿਹੜੀ ਤੁਹਾਨੂੰ ਕਿਸੇ ਵੀ ਗੱਲੋਂ ਰੋਕਦੀ ਨਹੀਂ ਸੀ।"

ਮਿਸਟਰ ਜੈਦਕਾ ਦੀਆਂ ਇਹ ਗੱਲਾਂ ਸੁਣ ਕੇ ਇਕ ਪਾਸੇ ਤਾਂ ਮੈਨੂੰ ਬੜੀ ਖੁਸ਼ੀ ਹੋਈ। ਪਰ ਉਹਦੀ ਦੂਜੀ ਗੱਲ ਨੇ ਮੈਨੂੰ ਇਹ ਮੰਨਣ 'ਤੇ ਮਜਬੂਰ ਕਰ ਦਿੱਤਾ ਕਿ ਮੈਥੋਂ ਇਹ ਵੱਡੀ ਗਲਤੀ ਹੁੰਦੀ ਰਹੀ ਏ। ਮੈਂ ਮੰਨਦਾ ਹਾਂ। ਮੈਂ ਆਪਣੇ ਆਪ ਨੂੰ ਮਨੋਵਿਗਿਆਨ ਦਾ ਏਡਾ ਗੁਰੂ ਸਮਝਦਾ ਹੋਇਆ ਵੀ ਏਡੀ ਵੱਡੀ ਗਲਤੀ ਕਰਦਾ ਰਿਹਾ ਹਾਂ।... ਫੇਰ ਮੈਂ ਆਪਣੀ ਵਕਾਲਤ ਕਰਦਾ ਹੋਇਆ ਸੋਚਦਾ ਹਾਂ ਕਿ ਅਸਲ 'ਚ ਇਹ ਗਲਤੀ ਸਿਰਫ ਮੇਰੀ ਨਹੀਂ, ਸਾਡੇ ਦੇਸ ਦੀ ਸੰਸਕ੍ਰਿਤੀ ਤੇ ਆਮ ਵਿਹਾਰ ਦੀ ਏ, ਜੀਹਦੇ ਵਿਚ ਇਹ ਸਮਾਜਕ ਰਵਈਆ ਬਣਿਆ ਏ। ਜੀਹਦੇ ਵਿਚ ਪਤਨੀਆਂ ਦਾ ਅਸੀਂ ਮਾਣ ਤਾਣ ਤਾਂ ਬਥੇਰਾ ਕਰਦੇ ਹਾਂ, ਪਰ ਉਹ ਲੋਕਾਂ 'ਤੇ ਜ਼ਾਹਰ ਨਹੀਂ ਹੋਣ ਦੇਣਾ ਚਾਹੁੰਦੇ। ਕਹਾਣੀਆਂ ਵਿਚ ਵੀ ਉਹ ਆਉਂਦੀਆਂ ਨੇ, ਪਰ ਆਪਣੇ ਸੰਪੂਰਨ ਕਿਰਦਾਰ ਨਾਲ ਨਹੀਂ ਆਉਂਦੀਆਂ। ਸਾਡੀਆਂ ਮਾਂਵਾਂ ਤੇ ਭੈਣਾਂ ਵੀ ਘੱਟ-ਵੱਧ ਈ ਆਉਂਦੀਆਂ ਨੇ।

ਫੇਰ ਮੈਂ ਫੈਸਲਾ ਕੀਤਾ ਕਿ ਮੈਂ ਹੁਣ ਆਪਣੀ ਘਰ ਵਾਲੀ ਸਵਰਗੀ ਜਨਕ ਦੁਲਾਰੀ ਬਾਰੇ ਵੱਖਰਾ ਲੇਖ ਲਿਖਾਂਗਾ। ... ਹੁਣ ਮੈਂ ਓਸੇ ਗਲਤੀ ਨੂੰ ਠੀਕ ਕਰਨ ਦਾ ਜਤਨ ਕਰ ਰਿਹਾ ਹਾਂ। ...

ਮੈਂ ਇਕ ਤਰ੍ਹਾਂ ਦਾ ਬਾਪ ਦਾ ਕੱਢਿਆ ਹੋਇਆ ਜਲੰਧਰ ਆਇਆ ਸੀ। ਇਕ ਸਾਲ ਮੈਂ ਘਰਦਿਆਂ ਨੂੰ ਆਪਣੀ ਕੋਈ ਖਬਰ ਨਹੀਂ ਸੀ ਦਿੱਤੀ। ਪਰ ਇਹ ਕੰਮ ਜਲੰਧਰ ਰਹਿੰਦੇ ਮੇਰੇ ਮਾਮਾ ਜੀ ਸ਼੍ਰੀ ਹਰਬੰਸ ਲਾਲ ਕਰਦੇ ਰਹਿੰਦੇ ਸਨ। ਇਕ ਦਿਨ ਮੇਰੇ ਬਾਈ ਜੀ, ਮਤਲਬ ਪਿਤਾ ਜੀ ਦਾ ਕਾਰਡ ਆ ਗਿਆ ਸੀ। ਮੈਂ ਆਪਣੇ ਹੋਣ ਦੀਆਂ ਦੋ ਸਤਰਾਂ ਲਿਖ ਭੇਜੀਆਂ ਸਨ। ਫੇਰ ਘਰ ਵੀ ਜਾ ਆਇਆ ਸੀ।

ਦੋ ਕੁ ਸਾਲਾਂ ਦੇ ਬਾਅਦ ਮੇਰੀ ਬੀਬੀ ਦੇ ਮਨ 'ਚ ਭਰਮ ਪੈ ਗਿਆ ਕਿ ਪ੍ਰੇਮ ਕਿਤੇ ਕੁਆਰਾ ਈ ਨਾ

ਰਹਿ ਜਾਵੇ। ਉਹ ਵੀ ਮੈਨੂੰ ਚਿੱਠੀਆਂ ਲਿਖਣ ਲੱਗ ਪਈ ਸੀ। ਮੈਥੋਂ ਛੋਟੇ ਭਾਈ ਸੱਤਯ ਪ੍ਰਕਾਸ਼, ਜਿਹੜਾ ਪਿੰਡ ਬਡਗੁੱਜਰਾਂ 'ਚ ਖੇਤੀ ਕਰਦਾ ਸੀ, ਉਹਦਾ ਮੰਗਣਾ ਹੋ ਗਿਆ ਸੀ। ਵਿਆਹ ਦੀ ਤਿੱਥ ਦਾ ਫੈਸਲਾ ਵੀ ਹੋ ਗਿਆ ਸੀ। ਫੇਰ ਬੀਬੀ ਕਾਹਲੀ ਪੈ ਗਈ ਸੀ। ਇਕ ਦਿਨ ਉਹਦੀ ਚਿੱਠੀ ਆਈ ਕਿ ਉਹ ਸਮਰਾਲੇ ਜਾ ਕੇ ਮੇਰੇ ਵਾਸਤੇ ਕੁੜੀ ਦੇਖ ਆਈ ਏ। ਉਹ ਉੱਚੇ ਕੱਦ ਦੀ ਤੇ ਪਤਲੀ ਏ। ਰੰਗ ਜ਼ਰਾ ਕੁ ਸਾਂਵਲਾ ਏ। ਨੈਣ ਨਕਸ਼ ਚੰਗੇ ਨੇ। ਅੱਖਾਂ ਮੋਟੀਆਂ ਨੇ। ਹੁਣ ਤੂੰ ਨਾਂਹ ਨਾ ਕਰੀਂ। ਮੈਥੋਂ ਅੱਧੀ 'ਹਾਂ' ਹੋ ਗਈ ਏ। ਫੇਰ ਮੈਨੂੰ ਖੰਨੇ ਜਾ ਕੇ ਪਤਾ ਲੱਗਿਆ ਕਿ ਬੀਬੀ ਨੇ ਮੇਰੇ ਵਿਆਹ ਬਾਰੇ ਬਾਈ ਜੀ ਨੂੰ ਮਨਾ ਲਿਆ ਏ। ਮੈਂ ਪਿੰਡ ਬਡਗੁੱਜਰਾਂ ਗਿਆ ਤਾਂ ਭਾਈ ਤੇ ਸੀਰੀ ਬੰਨੇ ਵਾਲੇ ਖੇਤ 'ਚ ਛੋਲੇ ਵੱਢ ਰਹੇ ਸਨ। ਦੂਜੇ ਦਿਨ ਮੈਂ ਵੱਢੇ ਹੋਏ ਛੋਲਿਆਂ ਦੀਆਂ ਪੰਡਾਂ ਭਰ ਭਰ ਕੇ ਖੂਹ ਕੋਲ ਲਿਆ ਰਿਹਾ ਸੀ। ਜਦੋਂ ਸਮਰਾਲੇ ਦੇ ਦੋ ਬੰਦੇ ਖੂਹ 'ਤੇ ਆਏ। ਮੈਂ ਸਿਰ ਤੋਂ ਮੜਾਸਾ ਲਾਹ ਕੇ ਉਹਨਾਂ ਨੂੰ ਨਮਸਤੇ ਆਖੀ। ਉਹਨਾਂ ਵਿਚੋਂ ਇਕ ਸਿਆਣਾ ਜਣਾ ਸਾਡੀ ਚਾਚੀ ਦਾ ਮਾਮਾ ਲੱਗਦਾ ਸੀ। ਉਹਨੇ ਮੈਨੂੰ ਕਿਹਾ ਕਿ 'ਥੋਡੇ ਪਿਤਾ ਜੀ ਨੇ ਤਾਂ ਕਹਿ ਦਿੱਤਾ ਕਿ ਪ੍ਰੇਮ ਨੂੰ ਈ ਪੁੱਛ ਲਵੋ। ਓਸੇ ਨੇ ਫੈਸਲਾ ਕਰਨਾ ਹੈ। ਮੈਂ ਉਹਨਾਂ ਨੂੰ 'ਹਾਂ' ਕਹਿ ਦਿੱਤੀ। ਮੇਰੀ ਬੀਬੀ ਨੇ ਮੈਨੂੰ ਇਹੋ ਕਿਹਾ ਸੀ। ਉਹ ਜਦੋਂ ਚਲੇ ਗਏ ਸਨ।

ਮੇਰਾ ਵਿਆਹ ਖੰਨੇ ਵਾਲੇ ਘਰ 'ਚ ਕੀਤਾ ਗਿਆ ਤੇ ਵੀਹ ਦਿਨਾਂ ਬਾਅਦ ਛੋਟੇ ਭਾਈ ਸੱਤ ਦਾ ਵਿਆਹ ਪਿੰਡ ਬਡਗੁੱਜਰਾਂ ਵਾਲੇ ਘਰ ਕੀਤਾ ਗਿਆ ਸੀ। ਉਥੇ ਦੇ ਜੱਟਾਂ ਦੇ ਘਰਾਂ ਨਾਲ ਵੀ ਸਾਡੀ ਸ਼ਗਨ ਨਿਉਂਦੇ ਦੇਣ ਲੈਣ ਦੀ ਬਹੁਤ ਪੁਰਾਣੀ ਸਾਂਝ ਸੀ। ਮੇਰੇ ਵਿਆਹ ਵੇਲ਼ੇ ਮੇਰੀ ਵਹੁਟੀ ਜਨਕ ਦੁਲਾਰੀ ਦੇ ਨਾਲ ਨੈਣ ਆਈ ਸੀ। ਜਨਕ ਸੱਤਾਂ ਭਾਈਆਂ ਦੀ ਇੱਕੋ ਭੈਣ ਸੀ। ਮਾਂ ਦੀ ਲਾਡਲੀ ਸੀ। ਉਹਨਾਂ ਦਾ ਘਰ ਵੀ ਸਾਡੇ ਘਰ ਵਰਗਾ ਈ ਸੀ, ਜਿਨ੍ਹਾਂ ਕੋਲ ਤਕੜੀਆਂ ਜ਼ਮੀਨਾਂ ਸਨ ਤੇ ਵੱਡੇ ਸ਼ਾਹ ਅਖਵਾਉਂਦੇ ਸਨ। ਉਹਨਾਂ ਦਾ ਖਾਣ ਪੀਣ ਤੇ ਜਿਊਣ ਦੇ ਢੰਗ ਤਰੀਕੇ ਸਾਡੇ ਵਰਗੇ ਈ ਸਨ। ਜਨਕ ਪਿੰਡ ਬਡਗੁੱਜਰਾਂ ਤੇ ਖੰਨੇ ਦੇ ਵਰਤਵਾਰੇ ਨੂੰ ਇੱਕਦਮ ਸਮਝ ਹੀ ਸੀ। ਉਹ ਬਹੁਤੇ ਜੀਆਂ ਕਰ ਕੇ ਤਵੀ 'ਤੇ ਰੋਟੀਆਂ ਲਾ ਲੈਂਦੀ ਸੀ। ਅਸੀਂ ਗੋਤਕਨਾਲਾ ਪਿੰਡ 'ਚ ਕੀਤਾ ਤਾਂ ਉਹਨੇ ਬੀਬੀ ਦੇ ਨਾਲ ਲੱਗ ਕੇ ਰਸਮ ਨਿਭਾਈ ਸੀ। ਏਸ ਰਸਮ ਨਾਲ ਖੱਤਰੀਆਂ ਦੇ ਇਕ ਗੋਤ ਦੇ ਸੱਤ ਘਰ ਵਿਆਹ ਦੀ ਪਰਵਾਨਗੀ ਦੇਂਦੇ ਵਹੁਟੀ ਨੂੰ ਆਪਣੀ ਕੁਲ ਵਿਚ ਸ਼ਾਮਲ ਕਰਦੇ ਨੇ। ਗੁਰੂ ਗੋਬਿੰਦ ਸਿੰਘ ਜੀ ਦੇ ਤੀਜੇ ਵਿਆਹ ਨੂੰ ਸੋਢੀ ਕੁਲ ਨੇ ਪਰਵਾਨਗੀ ਨਹੀਂ ਸੀ ਦਿੱਤੀ। ਜਨਕ ਨੇ ਸਾਰੀਆਂ ਰਸਮਾਂ ਆਪ ਰਲ਼ ਕੇ ਨਿਭਾਈਆਂ ਸਨ। ਉਹਨੇ ਸਾਰੇ ਪਕਵਾਨ ਆਪ ਈ ਪਕਾਏ ਤੇ ਆਪ ਈ ਵਰਤਾਏ ਸਨ।

ਮੇਰੇ ਵਿਆਹ ਦੇ ਵੀਹ ਦਿਨਾਂ ਬਾਅਦ ਮੈਥੋਂ ਛੋਟੇ ਦਾ ਵਿਆਹ ਹੋਇਆ ਤਾਂ ਮੇਰੀ ਬੀਬੀ ਦੇ ਅੱਧੇ ਕੰਮ ਜਨਕ ਨੇ ਏਸ ਤਰ੍ਹਾਂ ਕਰ ਦਿੱਤੇ ਸਨ, ਜਿਵੇਂ ਉਹਨੂੰ ਕਈ ਵਿਆਹਾਂ ਦਾ ਅਨੁਭਵ ਹੋਵੇ। ਏਥੇ ਤਕ ਕਿ ਬੀਬੀ ਜਿਹੜੀ ਰਸਮ ਭੁੱਲ ਜਾਂਦੀ ਸੀ, ਜਨਕ ਉਹਨੂੰ ਯਾਦ ਕਰਾ ਦੇਂਦੀ ਸੀ ਤੇ ਆਪ ਮੂਹਰੇ ਹੋ ਕੇ ਕਰਨ ਲੱਗ ਪੈਂਦੀ ਸੀ। ਉਹ ਪੱਕੀ ਖਾਨਦਾਨੀ ਖਤਰਾਣੀ ਸੀ, ਜੀਹਨੂੰ ਪਤਾ ਸੀ ਕਿ ਖੱਤਰੰਮਾਂ ਕੀ ਕਰਦਾ ਏ ਤੇ ਕੀ ਨਹੀਂ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸਾਰੀਆਂ ਜਾਤਾਂ ਤੇ ਘਰਾਣਿਆਂ ਦੇ ਆਪਣੇ ਆਪਣੇ ਰਿਵਾਜ ਤੇ ਗੀਤਾਂ ਹੁੰਦੀਆਂ ਨੇ। ਓਹ ਵੀਹ ਦਿਨਾਂ 'ਚ ਈ ਸਾਡੀਆਂ ਸਾਰੀਆਂ ਗੀਤਾਂ ਜਾਣ ਗਈ ਸੀ। ਉਹ ਨਿਭਾਉਂਦੀ ਵੀ ਏਸ ਤਰ੍ਹਾਂ ਸੀ, ਜਿਵੇਂ ਨਾਨਕਿਆਂ ਦੇ ਵਿਆਹ ਆਈ ਹੋਵੇ। ਇਹ ਗੱਲ ਉਹਨੂੰ ਮੇਰੀ ਕਿਸੇ ਭੂਆ ਨੇ ਟਿੱਚਰ ਵਜੋਂ ਆਖੀ ਵੀ ਸੀ। ਇਹਦੇ ਜਵਾਬ 'ਚ ਉਹਨੇ ਕਿਹਾ ਸੀ, "ਨਾਨਕਿਆਂ ਦੇ ਕਿਉਂ, ਮੈਂ ਆਪਣੇ ਘਰੇ ਆਈ ਹੋਈ ਐਂ।"

ਜਦ ਮੈਂ ਉਹਨੂੰ ਲੈ ਕੇ ਜਲੰਧਰ ਜਾਣਾ ਸੀ ਤਾਂ ਉਹਨੇ ਬੀਬੀ ਨੂੰ ਪੁੱਛ ਕੇ ਰੋਟੀ ਪਕਾਉਂਣ ਖਾਣ ਦੇ

ਸਾਰੇ ਭਾਂਡੇ ਬਨ੍ਹ ਲਏ ਸੀ। ਛੋਟੀਆਂ ਮੋਟੀਆਂ ਪੋਟਲੀਆਂ 'ਚ ਕਿਚਨ ਦਾ ਸਾਰਾ ਸਮਾਨ ਤੇ ਖਾਣ ਪੀਣ ਦੀਆਂ ਚੀਜ਼ਾਂ ਵਸਤਾਂ ਬਨ੍ਹ ਲਈਆਂ ਸਨ। ਜਲੰਧਰ ਆ ਕੇ ਅਸੀਂ ਪਹਿਲੇ ਦਿਨ ਰੋਟੀ ਹੋਟਲ ਤੋਂ ਲਿਆ ਕੇ ਖਾਧੀ ਸੀ। ਸਵੇਰ ਚਾਹ ਬਨਾਓਣ ਲਈ ਮੈਂ ਉਹਨੂੰ ਰਸੋਈ ਦਿਖਾ ਦਿੱਤੀ ਸੀ। ਪਰ ਜਦ ਉਹ ਕਿੰਨਾ ਈ ਚਿਰ ਚਾਹ ਬਣਾ ਕੇ ਨਾ ਲਿਆਈ ਤਾਂ ਮੈਂ ਉੱਠ ਕੇ ਰਸੋਈ 'ਚ ਦੇਖਣ ਗਿਆ ਤਾਂ ਉਹ ਆਪਣੇ ਹੱਥ 'ਚ ਤੀਲੀਆਂ ਦੀ ਡੱਬੀਂ ਫੜੀਂ ਪੀੜ੍ਹੀ 'ਤੇ ਬੈਠੀ ਸੀ। ਮੈਂ ਸਮਝ ਗਿਆ, ਉਹਨੂੰ ਸਟੋਬ ਬਾਲਣਾ ਨਹੀਂ ਆਉਂਦਾ ਸੀ। ਇਹ ਕੰਮ ਮੈਂ ਚਾਰ ਪੰਜ ਦਿਨ ਕਰਦਾ ਰਿਹਾ ਸੀ।

ਸਾਡੇ ਕੋਲ ਇੱਕੋ ਕਮਰਾ ਸੀ, ਜਿਹੜਾ ਕਾਫੀ ਲੰਮਾ ਚੌੜਾ ਸੀ। ਪਰ ਜਦ ਮੇਰਾ ਕੋਈ ਰਿਸਤੇਦਾਰ ਜਾਂ ਦੋਸਤ ਆਉਂਦਾ ਤਾਂ ਜਨਕ ਦੇ ਓਹਲੇ ਹੋਣ ਨੂੰ ਕੋਈ ਥਾਂ ਨਹੀਂ ਸੀ। ਮਕਾਨ ਦੀ ਮਾਲਕਣ ਬੁੱਢੀ ਨੇ ਸਾਡੀ ਔਖਿਆਈ ਦੇਖ ਕੇ ਇਕ ਕਮਰਾ ਹੋਰ ਮੁਫ਼ਤ 'ਚ ਖੋਲ੍ਹ ਦਿੱਤਾ ਸੀ। ਨਵੀਂ ਵਹੁਟੀ ਨੂੰ ਦੇਖ ਕੇ ਬਿਲਡਿੰਗ 'ਚ ਰਹਿੰਦੇ ਹੋਰ ਚਾਰ ਟੱਬਰ ਵੀ ਸਾਡੇ ਨਾਲ ਪਿਆਰ ਕਰਨ ਲੱਗ ਪਏ ਸੀ। ਉਹ ਨਵੀਂ ਵਹੁਟੀ ਨੂੰ ਬਜ਼ਾਰ ਲੈ ਜਾਂਦੇ ਤੇ ਦੁਕਾਨਾਂ 'ਤੇ ਬਹਿ ਕੇ ਸੌਦਾ ਦਿਵਾ ਦੇਂਦੇ। ਹਫਤੇ ਕੁ ਬਾਅਦ ਜਨਕ ਕਹਿੰਦੀ, "ਏਥੇ ਤਾਂ ਜੀ ਬਜਾਰ ਏਨੇ ਲੰਬੇ ਨੇ, ਉਹ ਮੁੱਕਦੇ ਈ ਨਹੀਂ। ਸਮਰਾਲੇ ਤਾਂ ਬਜਾਰ ਝੱਟ ਮੁੱਕ ਜਾਂਦਾ ਸੀ।"

ਜਨਕ ਭਾਰੇ ਗਹਿਣੇ ਪਾ ਕੇ ਬਜ਼ਾਰ ਜਾਂਦੀ ਸੀ। ਮੈਂ ਕਹਿ ਕੇ ਉਹਦੇ ਗਹਿਣੇ ਉਤਰਵਾ ਦਿੱਤੇ। ਛੋਟੇ ਤੇ ਹੌਲੇ ਜਿਹੇ ਦੋ ਤਿੰਨ ਪਾਈ ਰੱਖਣ ਨੂੰ ਕਿਹਾ ਤਾਂ ਉਹਨੂੰ ਬੜਾ ਦੁੱਖ ਹੋਇਆ ਸੀ। ਮੈਂ ਸਮਝਾਇਆ ਕਿ ਏਥੇ ਬਜ਼ਾਰਾਂ ਵਿਚ ਲੁਟੇਰੇ ਫਿਰਦੇ ਨੇ। ਉਹ ਹਾਰ ਲਾਹੁਣ ਵੇਲ਼ੇ ਪਤਾ ਈ ਨਹੀਂ ਲੱਗਣ ਦੇਂਦੇ। ਅਜਿਹੀਆਂ ਗੱਲਾਂ ਸੁਣ ਕੇ ਉਹ ਰੋ ਪੈਂਦੀ ਸੀ। ਉਹਨੂੰ ਸਮਰਾਲਾ ਯਾਦ ਆ ਜਾਂਦਾ ਸੀ। ਉਹ ਜੀ ਨਾ ਲੱਗਣ ਦੀਆਂ ਚਿੱਠੀਆਂ ਲਿਖਦੀ ਰਹਿੰਦੀ ਸਮਰਾਲੇ ਨੂੰ। ਉਹਨੂੰ ਮਿਲਣ ਤੀਜੇ ਹਫਤੇ ਉਹਦਾ ਕੋਈ ਭਾਈ ਆ ਜਾਂਦਾ ਸੀ। ਉਹ ਆਪਣੇ ਭਾਈ ਨੂੰ ਓਹਲੇ 'ਚ ਮਿਲਦੀ ਤੇ ਗੱਲਾਂ ਕਰੀ ਜਾਂਦੀ ਤੇ ਰੋਈ ਜਾਂਦੀ ਸੀ। ਮੈਂ ਦੂਰ ਬੈਠਾ ਹੱਸਦਾ ਹੁੰਦਾ ਸੀ। ਕਿਉਂਕਿ ਉਹਦੇ ਨਾਲ ਉਹਦਾ ਵੱਡਾ ਭਾਈ ਵੀ ਰੋਂਦਾ ਹੁੰਦਾ ਸੀ। ਮੈਨੂੰ ਛੁੱਟੀਆਂ ਹੁੰਦੀਆਂ ਤਾਂ ਅਸੀਂ ਪਹਿਲਾਂ ਖੰਨੇ ਜਾਂਦੇ, ਫੇਰ ਬਡਗੁੱਜਰਾਂ ਤੇ ਫੇਰ ਉਹਦਾ ਭਾਈ ਸਮਰਾਲੇ ਲੈ ਜਾਂਦਾ ਸੀ। ਮੈਂ ਚਿੱਠੀ ਲਿਖ ਕੇ ਪੁੱਛਦਾ ਕਿ ਕਦੋਂ ਆਵਾਂ ਲੈਣ? ਤਾਂ ਉਹਦੀ ਮਾਂ ਦਾ ਇਹੀ ਜਵਾਬ ਹੁੰਦਾ, "ਸਾਊ ਹਾਲੇ ਮੇਰੇ ਕੋਲ ਵੀ ਰਹਿਣ ਦੇ ਮੇਰੀ ਧੀ ਨੂੰ।" ...

ਅਸਲ 'ਚ ਉਹ ਸੱਤਾਂ ਭਾਈਆਂ ਦੀ ਇਕੱਲੀ ਭੈਣ ਨੂੰ ਉਹਦੀ ਮਾਂ ਆਪਣੇ ਨਾਲ ਚਮੇੜੀ ਰੱਖਦੀ ਸੀ। ਮੈਂ ਵੀ ਉਹਦੇ ਬਿਨਾਂ ਰਹਿ ਨਹੀਂ ਸਕਦਾ ਸੀ। ਜਦ ਮੈਂ ਲੈਣ ਜਾਂਦਾ ਤਾਂ ਉਹਦੀ ਮਾਂ ਮੈਨੂੰ ਇਹ ਕਹਿ ਕੇ 'ਬੜਾ ਕੁਸ਼' ਦੇਣ ਦੀ ਰਿਸ਼ਵਤ ਦੇਂਦੀ ਕਹਿੰਦੀ ਹੁੰਦੀ ਸੀ, "ਸਾਊ, ਮੇਰੀ ਧੀ ਨੂੰ ਖੁਸ਼ ਰੱਖੀਂ। ਮੈਂ ਤੈਨੂੰ ਪੰਡ ਭਰ ਕੇ ਦਿਆਂਗੀ।" ਸੁਣ ਕੇ ਮੈਂ ਹੱਸਦਾ ਤੇ ਮਾਂ ਦੀ ਮਮਤਾ ਦਾ ਮਾਣ ਕਰਦਾ 'ਹਾਂ ਜੀ' ਕਹਿ ਦੇਂਦਾ ਸੀ। ਮੈਨੂੰ ਪਤਾ ਸੀ ਕਿ ਏਸ ਮਾਤਾ ਦੇ ਕਈ ਧੀਆਂ ਜੰਮੀਆਂ, ਪਰ ਇਹ ਇੱਕੋ ਬਚੀ ਸੀ, ਦੇਵੀ ਮਾਂ ਦੀ ਅਸੀਸ ਨਾਲ। ਉਹਨੂੰ ਮੁੰਡਿਆਂ ਨਾਲੋਂ ਵੱਧ ਲਾਡਾਂ ਨਾਲ ਪਾਲਿਆ ਗਿਆ ਸੀ। ਉਹ ਜੋ ਕੁਝ ਮੰਗਦੀ, ਲਿਆ ਕੇ ਦਿੱਤੀ ਜਾਂਦੀ ਸੀ। ਜਦ ਉਹ ਬਹੁਤੀ ਆਜ਼ਾਦੀ ਮਾਨਣ ਲੱਗਦੀ ਤਾਂ ਉਹਨੂੰ ਕੋਈ ਨਾ ਕੋਈ ਵੱਡਾ ਭਾਈ ਕਹਿ ਦੇਂਦਾ ਸੀ, "ਕਿਥੇ ਬਾਹਰ ਫਿਰੀਂ ਜਾਂਦੀ ਐਂ ਨੰਗੇ ਸਿਰ? ਚੱਲ ਘਰ ਨੂੰ।"

ਪਰ ਉਹ ਜਲੰਧਰ ਆ ਕੇ ਬਿਲਕੁਲ ਬਦਲ ਗਈ ਸੀ। ਸਾਡੇ ਵਾਲੀ ਬਿਲਡਿੰਗ ਵਿਚ ਚਾਰ ਟੱਬਰ ਹੋਰ ਵੱਸਦੇ ਸਨ। ਜਿਨ੍ਹਾਂ ਵਿਚ ਇਕ ਬਹੁਤ ਸੋਹਣੀ ਜ਼ਨਾਨੀ ਸੰਤੋਸ਼ ਦਾ ਸੀ। ਉਹਦੇ ਕੋਈ ਔਲਾਦ ਨਹੀਂ ਸੀ। ਉਹਦਾ ਪਤੀ ਪੈਨਾਂ ਦਾ ਹੱਟੀ ਕਰਦਾ ਸੀ। ਸੰਤੋਸ਼ ਬੀਬੀ ਨਵੀਂ ਵਹੁਟੀ ਨੂੰ ਸ਼ਹਿਰ ਦੇ ਬਜਾਰ 'ਚ ਲੈ ਜਾਂਦੀ ਸੀ। ਉਹਨੇ ਈ ਸ਼ਹਿਰ 'ਚ ਜਿਊਣਾ ਸਿਖਾਇਆ। ਜੀਹਦੇ ਨਾਲ ਜਨਕ ਟਿਕ ਗਈ ਸੀ। ਮੇਰੀ

ਤਨਖਾਹ ਤਾਂ ਥੋੜ੍ਹੀ ਸੀ, ਪਰ ਮੈਂ ਆਪਣੇ ਪਿੰਡ ਵਾਲੇ ਘਰੋਂ ਜਦ ਵੀ ਜਾਂਦਾ ਤਾਂ ਚੀਜ਼ਾਂ ਵਸਤਾਂ ਦਾ ਪੀਪਾ ਭਰ ਲਿਆਂਦਾ ਹੁੰਦਾ ਸੀ। ਜੀਹਦੇ ਵਿਚ ਦਾਲਾਂ, ਚੌਲ, ਗੁੜ, ਸ਼ੱਕਰ ਤੇ ਹੋਰ ਨਿੱਕੀਆਂ ਮੋਟੀਆਂ ਚੀਜ਼ਾਂ ਹੁੰਦੀਆਂ। ਇਹੀ ਹਾਲ ਜਨਕ ਦੇ ਘਰ ਦਾ ਸੀ। ਉਹ ਵੀ ਪੁਰਾਣੇ ਸ਼ਾਹੂਕਾਰ ਤੇ ਜ਼ਮੀਨਾਂ ਵਾਲੇ ਸਨ। ਉਹਦੇ ਘਰੋਂ ਵੀ ਇਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਸਨ। ਮੂੰਗਫਲੀ ਦੀ ਤਾਂ ਅੱਧੀ ਬੋਰੀ ਹੋ ਜਾਂਦੀ ਸੀ। ਅਸੀਂ ਦੋਸਤਾਂ 'ਚ ਵੰਡ ਕੇ ਖੁਸ਼ੀ ਲੈਂਦੇ ਸੀ। ਮੇਰੇ ਦੋਸਤ ਮੇਰਾ ਇਹ ਕਹਿ ਕੇ ਮਜ਼ਾਕ ਉਡਾਇਆ ਕਰਦੇ ਸਨ ਕਿ ਖੰਨਵੀ ਦਾ ਪਤਾ ਤਾਂ ਉਹਦੇ ਪੀਪੇ ਤੋਂ ਈ ਲੱਗ ਜਾਂਦਾ ਏ। ਉਦੋਂ ਮੈਂ ਕਹਾਣੀਆਂ ਲਿਖਣ ਲੱਗ ਪਿਆ ਸੀ। ਤੇ ਮੇਰੀਆਂ ਕਹਾਣੀਆਂ ਵਿਚ ਖੇਤ, ਖੂਹ ਤੇ ਖਾਦ ਦੀਆਂ ਬੋਰੀਆਂ ਤੇ ਵਿਹੜੇ ਵਾਲੇ ਆਉਣ ਲੱਗੇ ਸੀ। ਯਾਰ ਕਹਿੰਦੇ ਕਿ ਊਠ ਤਾਂ ਆ ਗਿਆ, ਪਰ ਹਾਲੇ ਉਹਦੇ ਲੇਡਣੇ ਨਹੀਂ ਆਏ। ਉਹਨਾਂ ਨੂੰ ਪਹਿਲਾਂ ਨਹੀਂ ਸੀ ਪਤਾ ਕਿ ਅਸੀਂ ਜ਼ਮੀਨਾਂ ਵਾਲੇ ਟੱਬਰਾਂ ਵਿਚੋਂ ਹਾਂ।

ਜਦ ਜਨਕ ਦੁਲਾਰੀ ਦਾ ਦਿਲ ਜਲੰਧਰ ਵਾਲੇ ਘਰ ਲੱਗ ਗਿਆ ਤਾਂ ਉਹ ਸਮਰਾਲੇ ਨੂੰ ਭੁੱਲਣ ਲੱਗ ਗਈ ਸੀ। ਉਹਦੀ ਸੁਤਾ ਹਰ ਵੇਲੇ ਆਪਣੇ ਘਰ ਨੂੰ ਸੰਵਾਰਣ ਤੇ ਸੋਹਣਾ ਬਣਾਉਣ 'ਚ ਲੱਗੀ ਰਹਿੰਦੀ। ਫੇਰ ਉਹ ਪਹਿਲੇ ਜਨੇਪੇ ਲਈ ਸਮਰਾਲੇ ਚਲੀ ਗਈ। ਮੁੰਡਾ ਜੰਮ ਕੇ ਬਹੁਤ ਖੁਸ਼ ਸੀ। ਮੈਂ ਖੰਨੇ ਲੈ ਗਿਆ ਤਾਂ ਵੀਹ ਕੁ ਦਿਨਾਂ ਬਾਅਦ ਮੁੰਡਾ ਨਮੋਨੀਏ ਨਾਲ ਗੁਜ਼ਰ ਗਿਆ ਸੀ। ਦੂਜੇ ਜਨੇਪੇ ਵੇਲੇ ਮੇਰੀ ਬੀਬੀ ਜਨਕ ਨੂੰ ਪਿੰਡ ਬਡਗੁੱਜਰਾਂ ਲੈ ਗਈ। ਜਿਥੇ ਸਾਡੀ ਕੁੜੀ ਸੁਮਨ ਸੁਰਭੀ ਦਾ ਜਨਮ ਹੋਇਆ। ਤੀਜੇ ਜਨੇਪੇ ਵੇਲੇ ਪਿੰਡ 'ਚ ਈ ਮੁੰਡੇ ਜਿਓਤੀ ਕਿਰਣ ਦਾ ਜਨਮ ਹੋਇਆ। ਆਖਰੀ ਜਨੇਪੇ ਵੇਲੇ ਉਹ ਖੰਨੇ ਆ ਗਈ ਸੀ। ਜਿੱਥੇ ਸਾਡੀ ਬੇਟੀ ਸੁਜਾਤਾ ਦਾ ਜਨਮ ਹੋਇਆ। ਫੇਰ ਅਸੀਂ ਜਲੰਧਰ ਆ ਆਦਰਸ਼ ਨਗਰ ਕਾਲੋਨੀ 'ਚ ਕਿਰਾਏ ਦੇ ਘਰ ਵਿਚ ਰਹਿੰਦੇ ਰਹੇ ਸੀ।

ਇਕ ਵਾਰ ਜਲੰਧਰ ਦੇ ਅਖਬਾਰ ਨਵੀਸਾਂ ਨੇ ਹਾਊਸਿੰਗ ਸੋਸਾਇਟੀ ਬਣਾ ਲਈ। ਇਕ ਹਜ਼ਾਰ ਰੁਪਏ ਮੈਂਬਰਸ਼ਿਪ ਦੇ ਸਨ। ਮੈਂ ਕਿਹਾ, ਚਲੋ ਛੱਡੋ ਜੀ। ਪਰ ਮੇਰੀ ਪਤਨੀ ਜਨਕ ਦੁਲਾਰੀ ਨੇ ਕਿਹਾ ਕਿ ਤੁਸੀਂ ਮੈਂਬਰ ਬਣੋ, ਰੁਪਏ ਮੈਂ ਦੇ ਦੇਂਦੀ ਹਾਂ। ਮੈਂ ਬੇਦਿਲੀ ਨਾਲ ਮੈਂਬਰ ਬਣ ਗਿਆ। ਸੋਸਾਇਟੀ ਦੇ ਹੋਰ ਮੈਂਬਰ ਕਾਹਲੇ ਪੈ ਗਏ ਤਾਂ ਉਹਨਾਂ ਨੇ ਹਿੰਮਤ ਕਰ ਕੇ ਇਮਪਰੂਵਮੈਂਟ ਟਰਸਟ ਤੋਂ ਨਾ ਘਾਟੇ ਤੇ ਨਾ ਵਾਧੇ ਦੇ ਅਧਾਰ 'ਤੇ ਮੋਤਾ ਸਿੰਘ ਨਗਰ 'ਚ ਪਲਾਟ ਅਲਾਟ ਕਰਵਾ ਲਏ। ਹਿੰਦੀ ਤੇ ਉਰਦੂ ਵਾਲਿਆਂ ਨੂੰ 12 ਮਰਲੇ ਦੇ ਪਲਾਟ ਮਿਲ ਗਏ, ਪਰ ਮੈਂ ਸੁਸਤ ਸੀ, ਮੈਨੂੰ ਪੰਜਾਬੀ ਵਾਲਿਆਂ ਦੀ ਲਾਈਨ 'ਚ ਵਾੜ ਦਿੱਤਾ ਗਿਆ। ਮੈਂ ਛੇਤੀ ਮਕਾਨ ਪਾਉਣ ਲੱਗ ਪਿਆ। ਪਰ 90 ਪ੍ਰਤੀਸ਼ਤ ਪੰਜਾਬੀ ਪੱਤਰਕਾਰਾਂ ਨੇ ਪਲਾਟ ਵੇਚ ਦਿੱਤੇ ਤੇ ਫੇਰ ਹੋਰ ਵੀ ਵੇਚ ਗਏ ਤੇ ਓਸ ਰਕਮ ਨਾਲ ਸ਼ਹਿਰ ਦੇ ਅੰਦਰ ਬਣੇ ਬਣਾਏ ਮਕਾਨ ਖਰੀਦ ਕੇ ਰਹਿਣ ਲੱਗ ਪਏ ਸੀ।

ਜਨਕ ਆਪਣੇ ਮਕਾਨ 'ਚ ਆ ਕੇ ਬਹੁਤ ਖੁਸ਼ ਹੋਈ। ਸਾਨੂੰ ਉਸਾਰੀ ਲਈ ਮੇਰੇ ਛੋਟੀ ਭਾਈ, ਜਿਹੜਾ ਖੇਤੀ ਕਰਦਾ ਸੀ, ਮੈਨੂੰ ਚਾਰ ਕਿੱਲੇ ਜ਼ਮੀਨ ਦੇ ਪੈਸੇ ਦੇ ਗਿਆ ਸੀ। ਗ੍ਰਿਹਿ-ਪ੍ਰਵੇਸ਼ ਵੇਲੇ ਜਨਕ ਨੇ ਆਪ ਈ ਬ੍ਰਾਹਮਣ ਬੁਲਾ ਕੇ ਭੋਜਨ ਛਕਾਇਆ। ਹਵਨ ਕਰਾਇਆ। ਉਹ ਜੋ ਕੁਝ ਵੀ ਕਰਦੀ ਸੀ, ਉਹ ਮੈਨੂੰ ਭਾਵੇਂ ਚੰਗਾ ਨਹੀਂ ਸੀ ਲੱਗਦਾ, ਪਰ ਮੈਂ ਅੜਿੱਕਾ ਨਹੀਂ ਸੀ ਲਾਇਆ। ਕਿਉਂਕਿ ਇਹ ਘਰ ਜਨਕ ਦਾ ਸੀ। ਉਹ ਆਪਣੇ ਘਰ ਦੇ ਸ਼ਗਨ ਕਰ ਰਹੀ ਸੀ। ਮੈਂ ਉਹਦੇ ਘਰ ਵਿਚ ਪੂਜਾ ਲਈ ਇਕ ਮੰਦਰ ਵੀ ਬਣਵਾ ਦਿੱਤਾ ਸੀ।

ਪਹਿਲਾਂ ਪਹਿਲ ਤਾਂ ਥੋੜ੍ਹੇ ਘਰਾਂ ਦੀ ਬਸਤੀ 'ਚ ਬੱਚਿਆਂ ਦਾ ਦਿਲ ਨਾ ਲੱਗਿਆ। ਉਹ ਉਦਾਸ ਹੁੰਦੇ ਤਾਂ ਮੈਂ ਆਪ ਉਹਨਾਂ ਨਾਲ ਖੇਡਦਾ ਹੁੰਦਾ ਸੀ। ਫੇਰ ਮੇਰੇ ਬਾਈ ਜੀ ਨੇ ਪਿੰਡ ਤੋਂ ਇਕ ਮੱਝ ਭੇਜ

ਦਿੱਤੀ। ਉਹ ਦੁੱਧੋਂ ਘਟੀ ਤਾਂ ਮੈਂ ਪਿੰਡੋਂ ਗਊ ਲੈ ਆਇਆ। ਦੁੱਧ ਦੀਆਂ ਰੌਣਕਾਂ ਲੱਗੀਆਂ ਰਹੀਆਂ। ਜਨਕ ਦੁੱਧ ਜਮਾਉਂਦੀ, ਸਵੇਰੇ ਉੱਠ ਕੇ ਰਿੜਕਦੀ। ਮੰਗਣ ਵਾਲਿਆਂ ਨੂੰ ਲੱਸੀ ਪਾਉਂਦੀ ਬੜੀ ਚੰਗੀ ਲੱਗਦੀ ਸੀ। ਮੈਂ ਰਾਖੀ ਲਈ ਟਾਈਗਰ ਪਾਲ ਲਿਆ ਸੀ। ਉਹ ਘਰ ਈ ਨਹੀਂ, ਮੇਰੇ ਡੰਗਰਾਂ ਦੀ ਵੀ ਰਾਖੀ ਕਰਦਾ ਸੀ।



**ਪ੍ਰੇਮ ਪ੍ਰਕਾਸ਼ ਜਨਕ ਦੁਲਾਰੀ ਤੇ ਪਰਿਵਾਰ ਦੇ ਮੈਂਬਰਾਂ ਨਾਲ**

ਤਿੰਨੇ ਬੱਚੇ ਸਕੂਲਾਂ 'ਚ ਪੜ੍ਹਨ ਲੱਗ ਪਏ ਸੀ। ਮੈਂ ਰਾਤ ਨੂੰ ਡਾਂਗ ਕੋਲ ਰੱਖ ਕੇ ਸੌਂਦਾ ਹੁੰਦਾ ਸੀ। ਕਿਤੇ ਰੌਲਾ ਪੈਣ 'ਤੇ ਡਾਂਗ ਚੁੱਕ ਕੇ ਪਹੁੰਚ ਜਾਂਦਾ ਸੀ। ਟਾਈਗਰ ਮੇਰੇ ਨਾਲ ਜਾਂਦਾ ਸੀ। ਫੇਰ ਸਮਾਂ ਪੈਣ 'ਤੇ ਬੱਚੇ ਵੱਡੇ ਹੋਏ ਤਾਂ ਉਹਨਾਂ ਨੂੰ ਗਊ ਦੇ ਗੋਹੇ ਵਿਚੋਂ ਬਦਬੂ ਆਓਣ ਲੱਗ ਪਈ। ਪੱਠੇ ਖਿੱਲਰੇ ਬੁਰੇ ਲੱਗਦੇ। ਮੈਂ ਤੰਗ ਆ ਕੇ ਗਊ ਵੇਚ ਦਿੱਤੀ ਤੇ ਖੁਰਲੀ ਢਾਅ ਦਿੱਤੀ। ... ਕੁਝ ਚਿਰ ਬਾਅਦ ਜਨਕ ਮਾਨਸਿਕ ਤੌਰ 'ਤੇ ਜ਼ਿਆਦਾ ਬੀਮਾਰ ਰਹਿਣ ਲੱਗ ਪਈ ਸੀ। ਮੈਂ ਉਹਦਾ ਇਲਾਜ ਡਾਕਟਰਾਂ ਤੇ ਹਕੀਮਾਂ ਤੋਂ ਕਰਾਉਂਦਾ ਰਿਹਾ ਸੀ। ਫੇਰ ਇਕ ਰੋਗ ਠੀਕ ਹੁੰਦਾ ਸੀ ਤਾਂ ਹੋਰ ਚੰਬੜ ਜਾਂਦਾ ਸੀ। ਏਸੇ ਸਮੇਂ 'ਚ ਅਸੀਂ ਤਿੰਨਾਂ ਬੱਚਿਆਂ ਦਾ ਵਿਆਹ ਕਰ ਦਿੱਤਾ। ਫੇਰ ਉਹਨੂੰ ਮਾਨਸਿਕ ਰੋਗ ਨੇ ਬਹੁਤਾ ਦੱਬ ਲਿਆ। ਕਈ ਸਾਲ ਉਹਨੂੰ ਰੋਗ ਈ ਚੰਬੜੇ ਰਹੇ। ਫੇਰ ਉਹਨੂੰ ਆਪਣੇ ਅੰਗਾਂ 'ਤੇ ਕਾਬੂ ਨਾ ਰਿਹਾ। ਖਾਧਾ ਪੀਤਾ ਰੁਕਦਾ ਈ ਨਹੀਂ ਸੀ। ਫੇਰ ਅਜਿਹੀ ਹਾਲਤ ਹੋ ਗਈ ਕਿ ਉਹ ਇਹੋ ਬੋਲਦੀ ਰਹਿੰਦੀ, "ਰੱਬਾ, ਚੱਕ ਲੈ" ਫੇਰ ਮੈਂ ਵੀ ਇਹੋ ਬੋਲਣ ਲੱਗ ਪਿਆ ਸੀ। ਉਹਦੀ ਇਕ ਧੀ ਨੇ ਉਹਨੂ ਦੱਖ ਤੋਂ ਖਲਾਸੀ ਦਿਵਾਓਣ ਲਈ ਟੀਕਾ ਲਵਾਓਣ ਦੀ ਸਲਾਹ ਵੀ ਦੇ ਦਿੱਤੀ ਸੀ। ਉਹਦੇ ਕੋਲੋਂ ਵੀ ਉਹਦਾ ਦੁੱਖ ਦੇਖ ਨਹੀਂ ਸੀ ਹੁੰਦਾ। ਫੇਰ ਇਕ ਦਿਨ ਜਦ ਡਾਕਟਰ ਨੇ ਕਹਿ ਦਿੱਤਾ ਸੀ ਕਿ ਇਹਨਾਂ ਨੂੰ ਅਟੈਕ ਆ ਚੁੱਕਾ ਸੀ। ਪਰ ਉਹ ਖਾਣ ਪੀਣ ਨੂੰ ਮੰਗਦੀ ਰਹੀ ਸੀ। ਤੀਜੇ ਕੁ ਦਿਨ ਘਰ 'ਚ ਕੰਮ ਕਰਨ ਵਾਲੀ ਨੇ ਮੈਨੂੰ ਅਵਾਜ਼ ਦਿੱਤੀ। ਮੈਂ ਜਾ ਕੇ ਦੇਖਿਆ ਤਾਂ ਉਹ ਮੁੱਕ ਚੁੱਕੀ ਸੀ, ਪਰ ਲੱਗਦੀ ਇਵੇਂ ਜਿਵੇਂ ਅਰਾਮ ਕਰ ਰਹੀ ਹੋਵੇ। ਦੂਜੇ ਦਿਨ ਤੋਂ ਸਾਰੀਆਂ ਰਸਮਾਂ ਸ਼ੁਰੂ ਹੋ ਗਈਆਂ। ਮੁੱਕੀਆਂ ਤਾਂ ਮੈਂ ਘਰ ਤੇ ਬੱਚਿਆਂ ਬਾਰੇ ਸੋਚਦਿਆਂ ਸ਼ੁਕਰ ਕੀਤਾ। ਤਿੰਨੇ ਬੱਚੇ ਵਿਆਹੇ ਗਏ ਸਨ। ਘਰ ਨੂੰਹ ਨੇ ਸਾਂਭ ਲਿਆ ਸੀ। ਸਾਡਾ ਮੁੰਡਾ ਕਈ ਸਾਲ ਮਾਂ ਦਾ ਸ਼ਰਾਧ ਕਰਦਾ ਰਿਹਾ। ਫੇਰ ਉਹ ਵੀ ਭੁੱਲਣ ਲੱਗ ਪਿਆ। ਫੇਰ ਸਭ ਨੇ ਉਹਨੂੰ ਭੁਲਾ ਦਿੱਤਾ। ਸਾਰੇ ਆਪਣੇ ਆਪਣੇ ਟੱਬਰਾਂ 'ਚ ਉਲਝ ਗਏ। ਧੀਆਂ ਆਪਣੇ ਪੁੱਤਾਂ ਧੀਆਂ ਦੇ ਵਿਆਹ ਕਰਨ ਲੱਗ ਪਏ। ਫੇਰ ਬੱਚਿਆਂ ਨਾਲ ਟੱਬਰ ਭਾਰੇ ਹੋਣ ਲੱਗ ਪਏ। ਸੋਚਣ ਲਈ ਆਪਣੀਆਂ ਜਾਨਾਂ ਤੇ ਆਪਣੇ ਬੱਚਿਆਂ ਦੀਆ ਜਾਨਾਂ ਦਾ ਖਿਆਲ ਰਹਿਣ ਲੱਗ ਪਿਆ। ਬੱਸ, ਏਨਾ ਈ ਸਾਥ ਹੁੰਦਾ ਏ। ਬਾਕੀ ਤਾਂ ਯਾਦਾਂ ਈ ਰਹਿ ਜਾਂਦੀਆਂ ਨੇ। ਮੈਂ ਘਰ 'ਚ ਜਿੱਥੇ ਵੀ ਹੁੰਦਾ ਹਾਂ, ਉਹਦੀ ਕੋਈ ਨਿਸ਼ਾਨੀ ਦਿਸ ਜਾਂਦੀ ਏ। ਮਨ ਨੂੰ ਸਮਝਾ ਲੈਂਦਾ ਹਾਂ ਕਿ ਪਿਆਰੇ ਜੀਆਂ ਦੇ ਸਾਥ ਇਨੇ ਹੀ ਯਾਦ ਰੱਖੇ ਜਾ ਸਕਦੇ ਨੇ। (**ਸੰਪਰਕ : 62842-64983**)

ਕਲਾ

# ਬੰਬ ਦੁਆਲੇ ਲਪੇਟਿਆ ਮੁਲਾਇਮ ਰਿਬਨ: ਫਰੀਦਾ ਕਾਹਲੋ



ਡਾ. ਪਰਮਜੀਤ ਢੀਂਗਰਾ

ਉੱਘੀ ਚਿਤਰਕਾਰ ਫਰੀਦਾ ਕਾਹਲੋ ਨੇ ਇਕ ਵਾਰ ਕਿਹਾ ਸੀ–'ਆਪਣੇ ਦੁਖਾਂ ਨੂੰ ਮੈਂ ਡੁਬੋ ਕੇ ਮਾਰ ਦੇਣਾ ਚਾਹੁੰਦੀ ਸਾਂ ਪਰ ਤਦ ਤੱਕ ਉਨ੍ਹਾਂ ਹਰਾਮਜ਼ਾਦਿਆਂ ਨੇ ਤਰਨਾ ਸਿਖ ਲਿਆ ਸੀ।'

ਭਾਵੇਂ ਉਹਦਾ ਜਨਮ 6 ਜੁਲਾਈ,1907 ਨੂੰ ਮੈਕਸੀਕੋ ਸਿਟੀ ਦੇ ਕੋਇਓਕਾਨ ਵਿਚ ਹੋਇਆ ਸੀ ਪਰ ਉਹ ਹਮੇਸ਼ਾਂ ਇਹ ਦਾਅਵਾ ਕਰਦੀ ਸੀ ਕਿ ਉਹ 1910 ਵਿਚ ਪੈਦਾ ਹੋਈ ਹੈ। ਏਸੇ ਵਰ੍ਹੇ ਮੈਕਸੀਕੋ ਵਿਚ ਇਨਕਲਾਬ ਦੀ ਸ਼ੁਰੂਆਤ ਹੋਈ ਸੀ ਤੇ ਉਹ ਚਾਹੁੰਦੀ ਸੀ ਕਿ ਲੋਕ ਉਹਨੂੰ ਆਧੁਨਿਕ ਅਮਰੀਕਾ ਨਾਲ ਜੋੜ ਕੇ ਦੇਖਣ।

ਸੱਤਾਂ ਵਰ੍ਹਿਆਂ ਦੀ ਉਮਰੇ ਪੋਲੀਓ ਨੇ ਉਹਦੇ 'ਤੇ ਹੱਲਾ ਬੋਲ ਦਿਤਾ ਤੇ ਉਹਦੀ ਇਕ ਲੱਤ ਦੂਜੀ ਨਾਲੋਂ ਕਾਫੀ ਛੋਟੀ ਰਹਿ ਗਈ। ਆਪਣੀ ਇਸ ਸਰੀਰਕ ਬੱਜ ਨੂੰ ਲੁਕਾਉਣ ਲਈ ਉਹਨੇ ਸਾਰੀ ਜ਼ਿੰਦਗੀ ਲਾਂਗ ਸਕਰਟ ਹੀ ਪਹਿਣੀ ਤਾਂ ਕਿ ਵੱਡੀ ਛੋਟੀ ਲੱਤ ਨਜ਼ਰ ਨਾ ਆ ਸਕੇ। ਉਹ ਡਾਕਟਰ ਬਣਨਾ ਚਾਹੁੰਦੀ ਸੀ ਪਰ ਇਕ ਵੱਡੀ ਦੁਰਘਟਨਾ ਨੇ ਉਹਦਾ ਸੁਪਨਾ ਚਕਨਾਚੂਰ ਕਰ ਦਿੱਤਾ। ਅਠਾਰਾਂ ਵਰ੍ਹਿਆਂ ਦੀ ਉਮਰੇ ਜਦੋਂ ਉਹ ਲੋਕਲ ਬੱਸ ਵਿਚ ਸਫ਼ਰ ਕਰ ਰਹੀ ਸੀ ਤਾਂ ਬੱਸ ਦੀ ਟਰਾਮ ਨਾਲ ਜਬਰਦਸਤ ਟੱਕਰ ਹੋ



ਗਈ ਸਿੱਟੇ ਵੱਜੋਂ ਉਹਦੀ ਕਮਰ ਤੋਂ ਥੱਲੇ ਤੇ ਜੰਘਾਂ 'ਤੇ ਗੰਭੀਰ ਸੱਟਾਂ ਵੱਜੀਆਂ ਤੇ ਉਹ ਤਕਰੀਬਨ ਅਪਾਹਜ ਹੋ ਗਈ। ਕਈ ਮਹੀਨਿਆਂ ਤੱਕ ਉਹਨੂੰ ਮੰਜੇ 'ਤੇ ਲੇਟੇ ਰਹਿਣਾ ਪਿਆ ਉਸ ਜ਼ਮਾਨੇ ਵਿਚ ਡਾਕਟਰੀ ਇਲਾਜ ਅਜੇ ਏਨੇ ਉਨਤ ਨਹੀਂ ਸਨ ਹੋਏ ਤੇ ਬਾਰ ਬਾਰ ਕੀਤੀਆਂ ਗਈਆਂ ਸਰਜਰੀਆਂ ਵਿਚ ਕੋਈ ਨਾ ਕੋਈ ਨੁਕਸ ਰਹਿ ਜਾਂਦਾ। ਇਸ ਨਾਲ ਉਹਨੂੰ ਬੜੀ ਤਕਲੀਫ਼ ਹੁੰਦੀ। ਉਹਦੀ ਪਿੱਠ ਤੇ ਲੱਤਾਂ ਦੇ ਕੋਈ ਬੱਤੀ ਆਪ੍ਰੇਸ਼ਨ ਹੋਏ, ਜਿਨ੍ਹਾਂ ਨੇ ਉਹਨੂੰ ਥਕਾ ਤੇ ਅਕਾ ਦਿੱਤਾ।




ਇਨ੍ਹਾਂ ਔਖੇ ਦਿਨਾਂ ਵਿਚ ਉਹਨੇ ਚਿਤਰਕਲਾ ਸਿਖੀ। ਬੇਟੀ ਦੀਆਂ ਭਾਵਨਾਵਾਂ ਨੂੰ ਠੇਸ ਨਾ ਲੱਗੇ, ਉਹਦੀ ਮਾਂ ਨੇ ਉਹਦੇ ਬੈੱਡ 'ਤੇ ਇਕ ਵੱਡਾ ਸਾਰਾ ਸ਼ੀਸ਼ਾ ਲਗਵਾ ਦਿੱਤਾ ਤਾਂ ਕਿ ਉਹ ਖੁਦ ਨੂੰ ਇਸ ਸ਼ੀਸ਼ੇ ਵਿਚ ਦੇਖਦੀ ਰਹੇ ਭਿਆਨਕ ਸਰੀਰਕ ਕਸ਼ਟਾਂ, ਇਕੱਲੇਪਣ ਤੇ ਖਿੱਝ ਵਿਚ ਘਿਰੀ ਉਹ ਸ਼ੀਸ਼ੇ ਵਿਚੋਂ ਦਿਸਣ ਵਾਲੇ ਆਪਣੇ ਬਿੰਬ ਨੂੰ ਤਲਾਸ਼ ਕਰਦੀ ਰਹਿੰਦੀ। ਏਸੇ ਤੋਂ ਉਹਨੇ ਆਪਣਾ ਪਹਿਲਾ ਸੈਲਫ ਪੋਟ੍ਰੇਟ ਬਣਾਇਆ। ਉਹਦੀ ਮਾਂ ਨੇ ਹੌਲੀ ਹੌਲੀ ਸਾਰੇ ਘਰ ਵਿਚ ਥਾਂ ਥਾਂ ਸ਼ੀਸ਼ੇ ਲਗਵਾ ਦਿੱਤੇ। ਇਸ ਵਿਚ ਹੈਰਾਨੀ ਨਹੀਂ ਕਿ ਉਹਦੇ ਬਣਾਏ ਕੁਲ 143 ਚਿੱਤਰਾਂ ਵਿਚੋਂ 55 ਉਹਦੇ ਸੈਲਫ ਪੋਟ੍ਰੇਟ ਹਨ। ਉਹਦੇ ਇਹ ਚਿੱਤਰ ਬੜੇ ਸੰਘਣੇ ਤੇ ਅਨੇਕਾਂ ਵੇਰਵਿਆਂ ਨਾਲ ਭਰੇ ਹੋਏ ਹਨ। ਇਹ ਉਹਦੇ ਅੰਤਰਮੁਖੀ ਸੁਭਾਅ ਤੋਂ ਇਲਾਵਾ ਉਹਦੀ ਮਾਨਸਿਕਤਾ ਤੇ ਦੁਖਾਂ ਦੀਆਂ ਪਰਤਾਂ ਨੂੰ ਬਿਆਨ ਕਰਦੇ ਹਨ। ਇਨ੍ਹਾਂ ਸੈਲਫ ਪੋਟ੍ਰੇਟਾਂ ਬਾਰੇ ਉਹ ਲਿਖਦੀ ਹੈ ਕਿ- ਮੈਂ ਸੈਲਫ ਪੋਟ੍ਰੇਟ ਬਣਾਉਂਦੀ ਹਾਂ ਕਿਉਂਕਿ ਮੈਂ ਹਮੇਸ਼ਾਂ ਇਕੱਲੀ ਹੁੰਦੀ ਹਾਂ ਤੇ ਆਪਣੇ ਲਈ ਮੈਂ ਆਪ ਇਕ ਅਜਿਹਾ ਵਿਸ਼ਾ ਹਾਂ। ਜਿਸ ਨੂੰ ਮੈਂ ਸਭ ਤੋਂ ਚੰਗੀ ਤਰ੍ਹਾਂ ਜਾਣਦੀ ਹਾਂ।' ਆਪਣੇ ਪੈਰਾਂ ਨੂੰ ਸੰਬੋਧਿਤ ਹੁੰਦਿਆਂ ਉਹ ਆਪਣੀ ਡਾਇਰੀ ਵਿਚ ਲਿਖਦੀ ਹੈ-'ਮੈਨੂੰ ਤੁਹਾਡੀ ਕੋਈ ਲੋੜ ਨਹੀਂ ਕਿਉਂਕਿ ਮੇਰੇ ਕੋਲ ਉੱਡਣ ਲਈ ਖੰਭ ਹਨ।'

ਐਕਸੀਡੈਂਟ ਦੀ ਸੱਟ ਤੋਂ ਰਾਜ਼ੀ ਹੋਣ ਤੋਂ ਬਾਅਦ ਉਹਨੇ ਫਿਰ ਚਿਤਰਕਲਾ ਦੀਆਂ ਬਰੀਕੀਆਂ ਸਿਖਣ ਦੀ ਕੋਸ਼ਿਸ਼ ਕੀਤੀ। ਉਹਨੇ ਲੈਟਿਨ ਅਮਰੀਕਾ ਦੇ ਸਭ ਤੋਂ ਪ੍ਰਸਿੱਧ ਚਿਤਰਕਾਰ ਦੀਐਗੋ ਰਿਵੇਰਾ ਨਾਲ ਵਿਆਹ ਕਰਵਾ ਲਿਆ। ਸਰੀਰ ਦਾ ਭਾਰਾ ਤੇ ਬੇਡੌਲ ਦਿਐਗੋ ਉਹਦੇ ਤੋਂ ਦੁਗਣੀ ਉਮਰ ਦਾ ਸੀ। ਆਲੋਚਕ ਉਨ੍ਹਾਂ ਦੀ ਜੋੜੀ ਨੂੰ ਹਾਥੀ ਤੇ ਚਿੜੀ ਦੀ ਜੋੜੀ ਕਹਿੰਦੇ ਸਨ। ਫਰੀਦਾ ਉਹਦੀ ਤੀਸਰੀ ਬੀਵੀ ਸੀ ਤੇ ਉਹਨੂੰ ਬੇਹੱਦ ਪਿਆਰ ਕਰਦੀ ਸੀ। ਆਪਣੀ ਡਾਇਰੀ ਵਿਚ ਲਾਡ ਪਿਆਰ ਦਾ ਇਜ਼ਹਾਰ ਕਰਦਿਆਂ ਉਹ

ਲਿਖਦੀ ਹੈ– 'ਮੇਰਾ ਬੱਚਾ, ਮੇਰਾ ਮਹਬੂਬ, ਮੇਰੀ ਦੁਨੀਆ।"

ਓਧਰ ਦਿਐਗੋ ਦੀ ਜ਼ਿੰਦਗੀ ਵਿਚ ਔਰਤਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਸੀ। ਫਰੀਦਾ ਨੂੰ ਇਸ ਗੱਲ ਦੀ ਆਦਤ ਪੈ ਗਈ ਸੀ। ਪਰ ਜਦੋਂ ਉਹਨੇ ਵਿਆਹ ਤੋਂ ਸੱਤ ਵਰ੍ਹੇ ਬਾਅਦ ਉਹਦੀ ਭੈਣ ਕ੍ਰਿਸਟੀਨਾ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਤਾਂ, ਬਦਲੇ ਦੀ ਭਾਵਨਾ ਨਾਲ ਫਰੀਦਾ ਨੇ, ਉਨ੍ਹਾਂ ਦਿਨਾਂ ਵਿਚ ਜਲਾਵਤਨ ਹੋ ਕੇ ਰੂਸ ਤੋਂ ਮੈਕਸੀਕੋ ਆਏ, ਉੱਘੇ ਕਮਿਊਨਿਸਟ ਲੀਡਰ ਲਿਓਨ ਟ੍ਰਾਟਸਕੀ ਨਾਲ ਸੰਖੇਪ ਜਿਹੀ ਪਿਆਰ ਪੀਂਘ ਪਾ ਲਈ। 1940 ਵਿਚ ਟ੍ਰਾਟਸਕੀ ਦਾ ਕਤਲ ਹੋ ਗਿਆ। ਸ਼ੱਕ ਦੀ ਬਿਨਾਅ 'ਤੇ ਫਰੀਦਾ ਤੇ ਉਹਦੀ ਭੈਣ ਨੂੰ ਦੋ ਦਿਨ ਜੇਲ੍ਹ ਵਿਚ ਰਹਿਣਾ ਪਿਆ।

ਫਰੀਦਾ ਨੇ ਦਿਐਗੋ ਕੋਲੋਂ ਤਲਾਕ ਲੈ ਲਿਆ ਪਰ ਦੋ ਵਰ੍ਹੇ ਉਹ ਫਿਰ ਵੀ ਵਿਆਹ ਸੰਬੰਧਾਂ ਵਿਚ ਬੱਝੇ ਰਹੇ। ਅਖੀਰ ਇਹ ਰਿਸ਼ਤਾ ਟੁੱਟ ਗਿਆ। ਪਿਆਰ ਵਿਚ ਧੋਖਾ, ਵਿੰਨੀ ਹੋਈ ਆਤਮਾ ਦੇ ਦੁੱਖ ਤੇ ਇਕੱਲੇਪਣ ਦੀਆਂ ਬੇੜੀਆਂ ਨੇ ਸਾਰੀ ਉਮਰ ਫਰੀਦਾ ਨੂੰ ਜਕੜੀ ਰਖਿਆ। ਪੇਂਟਿੰਗ ਵਿਚ ਹੀ ਉਹਨੂੰ ਆਪਣੀ ਮੁਕਤੀ ਦਾ ਰਾਹ ਨਜ਼ਰ ਆਉਂਦਾ ਸੀ ਤੇ ਉਹ ਇਮਾਨਦਾਰੀ, ਦ੍ਰਿੜਤਾ, ਲਗਨ ਤੇ ਸੁਹਿਰਦਤਾ ਨਾਲ ਪੇਂਟਿੰਗ ਦੀ ਦੁਨੀਆ ਵਿਚ ਗੁਆਚੀ ਰਹੀ। ਆਪਣੇ ਨਾਲੋਂ 24 ਵਰ੍ਹੇ ਵੱਡੇ ਪੇਂਟਰ ਪਤੀ ਦਿਐਗੋ ਰਿਵੇਰਾ ਦੀ ਪ੍ਰਸਿਧੀ ਤੇ ਆਪਣੀ ਬਿਮਾਰੀ ਦੇ ਬਾਵਜੂਦ ਇਸ ਨਿਡਰ, ਬੇਖ਼ੌਫ ਤੇ ਬਹਾਦਰ ਔਰਤ ਨੇ ਆਪਣੀ ਪੇਂਟਿੰਗ ਕਲਾ ਨੂੰ ਵੱਖਰੀ ਤੇ ਨਿਵੇਕਲੀ ਭਾਸ਼ਾ ਵਿਚ ਪਰਿਭਾਸ਼ਤ ਕੀਤਾ।

ਸਰਸਰੀ ਤੌਰ ਉੱਤੇ ਦੇਖੀਏ ਤਾਂ ਉਹਦੀਆਂ ਪੇਂਟਿੰਗਜ਼ ਵਿਚ ਕੱਚੀ ਭਾਵੁਕਤਾ ਨਜ਼ਰ ਆਉਂਦੀ ਹੈ ਜਿਸ ਵਿਚੋਂ ਉਹਦੇ ਸਰੀਰ ਤੇ ਆਤਮਾ ਵਿਚ ਰਿਸਦੇ ਜ਼ਖ਼ਮ ਸਪਸ਼ਟ ਰੂਪ ਵਿਚ ਦੇਖੇ ਜਾ ਸਕਦੇ ਹਨ। ਪੀੜ, ਸੱਟ, ਧੋਖਾ, ਸਰੀਰਕ ਬੱਜ ਉਹਦੀਆਂ ਪੇਂਟਿੰਗਜ਼ ਵਿਚ ਬਾਰ ਬਾਰ ਆਉਣ ਵਾਲੇ ਥੀਮ ਹਨ। ਅਸਲ ਵਿਚ ਉਹਦੀਆਂ ਪੇਂਟਿੰਗਜ਼ ਉਹਦੀਆਂ ਜਟਿਲ ਸਿਮਰਤੀਆਂ ਤੇ ਖਿਆਲਾਂ ਨਾਲ ਲਬਰੇਜ਼ ਹਨ, ਜਿਨ੍ਹਾਂ ਵਿਚੋਂ ਸਹਿਵਨ ਹੀ ਉਹਦੇ ਦੁਖ, ਪੀੜ ਤੇ ਸਰੀਰਕ ਨਕਾਰਾਪਣ ਪ੍ਰਗਟ ਹੋ ਜਾਂਦਾ ਹੈ। ਖਾਸ ਤੌਰ ਉਤੇ ਉਹਦੇ ਸੈਲਫ ਪੋਟ੍ਰੇਟਸ ਵਿਚ ਅਜਿਹੀਆਂ ਅਨੇਕਾਂ ਤਫਸੀਲਾਂ ਲੱਭੀਆਂ ਜਾ ਸਕਦੀਆਂ ਹਨ। ਇਕ ਵਾਰ ਸਮਝ ਆ ਜਾਣ 'ਤੇ ਇਨ੍ਹਾਂ ਤਫਸੀਲਾਂ ਦੀ ਪ੍ਰਤੀਕਤਾਮਕਤਾ ਵਿਚੋਂ ਹੋ ਕੇ ਫਰੀਦਾ ਦੀ ਅੰਦਰੂਨੀ ਜ਼ਿੰਦਗੀ ਤੇ ਉਹਦੀ ਮਾਨਸਿਕਤਾ ਨੂੰ ਘੋਖਿਆ ਜਾ ਸਕਦਾ ਹੈ। ਕਿਸੇ ਸੈਲਫ ਪੋਟ੍ਰੇਟ ਵਿਚ ਉਹ ਖ਼ੁਦ ਨੂੰ ਤੀਰ ਨਾਲ ਵਿੰਨੀ ਜ਼ਖ਼ਮੀ ਹਿਰਨੀ ਵਾਂਗ ਪੇਸ਼ ਕਰਦੀ ਨਜ਼ਰ ਆਉਂਦੀ ਹੈ ਤੇ ਕਿਸੇ ਵਿਚ ਆਪਣੀ ਦੇਹ ਵਿਚੋਂ ਨਿਕਲੀਆਂ ਜੜ੍ਹਾਂ ਤੇ ਉੱਗੀਆਂ ਪੱਤੀਆਂ ਦੇ ਜਾਲ ਵਿਚ ਧਰਤੀ ਉੱਤੇ ਲੇਟੀ ਨਜ਼ਰ ਆਉਂਦੀ ਹੈ।

'ਟੂਅ ਫਰੀਦਾਜ਼' ਨਾਂ ਦਾ ਉਹਦਾ ਸੈਲਫ ਪੋਟ੍ਰੇਟ ਵਰਣਨਯੋਗ ਹੈ। ਦਿਐਗੋ ਤੋਂ ਲਏ ਤਲਾਕ ਤੋਂ ਕੁਝ ਸਮੇਂ ਬਾਅਦ ਬਣਾਈ ਗਈ ਇਸ ਪੇਂਟਿੰਗ ਵਿਚ ਉਹਨੇ ਦੋ ਵੱਖ ਵੱਖ ਵਿਅਕਤਿਤਵ ਚਿਤਰੇ ਹਨ। ਇਕ ਵਿਚ ਉਹਨੇ ਪਰੰਪਰਕ ਮੈਕਸੀਕਣ ਪੋਸ਼ਾਕ ਪਹਿਣੀ ਹੋਈ ਹੈ ਤੇ ਉਹਦਾ ਦਿਲ ਟੁਟਿਆ ਨਜ਼ਰ ਆਉਂਦਾ ਹੈ। ਉਹਦੇ ਨਾਲ ਹੀ ਬੈਠੀ ਦੂਸਰੀ ਫਰੀਦਾ ਆਜ਼ਾਦ ਤੇ ਆਧੁਨਿਕ ਹੈ ਤੇ ਉਹਨੇ ਯੋਰਪੀਅਨ ਡ੍ਰੈਸ ਪਾਈ ਹੋਈ ਹੈ। ਆਪਣੀ ਡਾਇਰੀ ਵਿਚ ਉਹ ਲਿਖਦੀ ਹੈ ਕਿ–ਇਹ ਪੇਂਟਿੰਗ ਉਹਦੇ ਬਚਪਨ ਦੀ ਇਕ ਕਾਲਪਨਿਕ ਦੋਸਤ ਦੀ ਸਿਮਰਤੀ ਵਿਚੋਂ ਪੈਦਾ ਹੋਈ ਹੈ।' ਪਰ ਬਾਅਦ ਵਿਚ ਉਹਨੇ ਦਸਿਆ ਕਿ ਦਿਐਗੋ ਤੋਂ ਵੱਖ ਹੋ ਜਾਣ ਤੋਂ ਬਾਅਦ ਦੀ ਨਿਰਾਸ਼ਾ ਤੇ ਇਕੱਲੇਪਣ ਨੇ ਉਹਦੀ ਇਹ ਪੇਂਟਿੰਗ ਪੂਰੀ ਕਰਵਾਈ। ਦੋਵੇਂ ਦੋਸਤਾਂ ਨੇ ਇਕ ਦੂਜੇ ਦਾ ਹੱਥ ਫੜਿਆ ਹੋਇਆ ਹੈ ਤੇ ਦੋਹਾਂ ਦੇ ਦਿਲਾਂ ਨੂੰ ਦੇਖਿਆ ਜਾ ਸਕਦਾ ਹੈ। ਪਰੰਪਰਿਕ ਫਰੀਦਾ ਦੇ ਦਿਲ ਵਿਚੋਂ ਨਿਕਲੀ ਇਕ ਨੱਸ ਵਿਚੋਂ ਲਹੂ ਰਿਸ ਰਿਹਾ ਹੈ। ਜਿਸ ਨਾਲ ਉਹਦੀ ਪੋਸ਼ਾਕ 'ਤੇ ਲਹੂ ਦੇ ਦਾਗ਼ ਪੈ ਗਏ ਹਨ। ਪਿੱਠਭੂਮੀ ਵਿਚ ਬੱਦਲਾਂ ਨਾਲ ਭਰਿਆ ਆਸਮਾਨ ਹੈ ਜੋ ਫਰੀਦਾ ਦੀ ਲੀਰੋ ਲੀਰ ਹੋਈ

ਮਾਨਸਿਕਤਾ ਦਾ ਪ੍ਰਤੀਕ ਹੈ।

ਆਪਣੀਆਂ ਪੇਂਟਿੰਗਜ਼ ਵਿਚ ਉਹ ਬਾਰ ਬਾਰ, ਆਪਣੀ ਦੁਖਦਾਈ ਤੇ ਜ਼ਖ਼ਮੀ ਜ਼ਿੰਦਗੀ ਦੀ ਕਹਾਣੀ ਦੁਹਰਾਉਂਦੀ ਹੈ ਜੋ ਹਜ਼ਾਰਾਂ ਜਟਿਲਤਾਵਾਂ ਤੇ ਗੁੰਝਲਾਂ ਵਿਚ ਉਲਝੀ ਅੰਤਰਵਿਰੋਧਾਂ ਦੀ ਕਥਾ ਜਾਪਦੀ ਹੈ। ਹਾਲਾਂਕਿ ਉਹਦੀ ਜ਼ਿੰਦਗੀ ਦਾ ਵੱਡਾ ਹਿੱਸਾ ਇਕੱਲੇਪਣ ਤੇ ਬਿਮਾਰੀ ਨਾਲ ਜੂਝਦਿਆਂ ਬੀਤਿਆ ਪਰ ਉਹਨੇ ਆਪਣੇ ਆਪ ਤੇ ਸਮਕਾਲ ਨੂੰ ਬੜੀ ਇਮਾਨਦਾਰੀ ਤੇ ਨਿੱਸ਼ਠਾ ਨਾਲ ਚਿਤਰਿਆ।

13 ਅਪ੍ਰੈਲ,1953 ਨੂੰ ਮੈਕਸੀਕੋ ਦੀ ਗੈਲਰੀ ਆਫ ਕੰਟੈਂਪਰੇਰੀ ਆਰਟ ਵਿਚ ਉਹਦੀਆਂ ਪੇਂਟਿੰਗਜ਼ ਦੀ ਪਹਿਲੀ ਪ੍ਰਦਰਸ਼ਨੀ ਲੱਗੀ। ਉਨ੍ਹਾਂ ਦਿਨਾਂ ਵਿਚ ਉਹਦੀ ਤਬੀਅਤ ਬਹੁਤ ਖਰਾਬ ਸੀ। ਡਾਕਟਰਾਂ ਨੇ ਉਹਨੂੰ ਚਲਣ ਫਿਰਣ ਦੀ ਮਨਾਹੀ ਕੀਤੀ ਹੋਈ ਸੀ। ਗੈਲਰੀ ਵਿਚ ਲੋਕਾਂ ਦੇ ਜਾਣ ਦੇ ਸਮੇਂ ਤੋਂ ਕੁਝ ਮਿੰਟ ਪਹਿਲਾਂ ਸੜਕ ਉਤੇ ਸਾਇਰਨਾਂ ਦਾ ਸ਼ੋਰ ਸੁਣਾਈ ਦਿੱਤਾ। ਮੋਟਰਸਾਈਕਲ ਐਸਕਾਰਟਸ ਦੀ ਨਿਗਰਾਨੀ ਵਿਚ ਫਰੀਦਾ ਨੂੰ ਇਕ ਐਂਬੂਲੈਂਸ ਵਿਚ ਲਿਆਂਦਾ ਗਿਆ। ਲੋਕਾਂ ਦੀ ਭੀੜ ਵਿਚ ਉਹਨੂੰ ਦੇਖਣ ਦੀ ਬੜੀ ਉਤਸੁਕਤਾ ਸੀ। ਉਹਨੂੰ ਸਟਰੈਚਰ ਉੱਤੇ ਲਿਟਾ ਕੇ ਹਾਲ ਦੇ ਵਿਚਕਾਰ ਲਿਆ ਕੇ ਰਖਿਆ ਗਿਆ, ਜਿਥੇ ਸਾਰਾ ਦਿਨ ਲੋਕ ਉਹਨੂੰ ਮਿਲਦੇ ਰਹੇ। ਫਿਰ ਵਾਈਨ ਦੀਆਂ ਬੋਤਲਾਂ ਖੋਲ੍ਹ ਕੇ ਜਸ਼ਨ ਮਨਾਏ ਗਏ, ਫਰੀਦਾ ਨੇ ਗਾਣੇ ਗਾਏ, ਲਤੀਫ਼ੇ ਸੁਣਾਏ। ਹਰ ਦਰਸ਼ਕ ਨੇ ਉਨ੍ਹਾਂ ਪਲਾਂ ਨੂੰ ਸਾਰੀ ਜ਼ਿੰਦਗੀ ਯਾਦ ਰਖਣ ਵਾਲੇ ਪਲਾਂ ਦੇ ਰੂਪ ਵਿਚ ਸਿਮਰਤੀਆਂ ਵਿਚ ਸਾਂਭ ਲਿਆ। ਆਧੁਨਿਕ ਕਲਾ ਦੇ ਇਤਿਹਾਸ ਵਿਚ ਉਸ ਪ੍ਰਦਰਸ਼ਨੀ ਦਾ ਬੜਾ ਮਹਤਵ ਹੈ।

ਓਸੇ ਸਾਲ ਇਕ ਹੋਰ ਦੁਖਦਾਈ ਘਟਨਾ ਵਾਪਰ ਗਈ। ਗੈਂਗਰੀਨ ਹੋ ਜਾਣ ਕਰਕੇ ਡਾਕਟਰਾਂ ਨੂੰ ਫਰੀਦਾ ਦੀ ਸੱਜੀ ਲੱਤ ਵੱਢਣੀ ਪੈ ਗਈ। ਇਸ ਸਰਜਰੀ ਤੋਂ ਬਾਅਦ ਉਹ ਡਿਪ੍ਰੈਸ਼ਨ ਵਿਚ ਚਲੀ ਗਈ ਤੇ ਉਹਨੇ ਦੋ ਵਾਰ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਅਖੀਰ ਉਹਦੀ ਤੀਸਰੀ ਕੋਸ਼ਿਸ਼ ਕਾਮਯਾਬ ਹੋ ਗਈ ਤੇ ਅਖੀਰ 3 ਜੁਲਾਈ, 1954 ਨੂੰ ਉਹ ਇਸ ਫਾਨੀ ਸੰਸਾਰ ਨੂੰ ਛੱਡ ਗਈ। ਸੰਤਾਲੀ ਵਰ੍ਹਿਆਂ ਦੀ ਹੋਣ ਵਿਚ ਉਹਨੂੰ ਅਜੇ ਦਸ ਦਿਨ ਬਾਕੀ ਸਨ। ਉਹਦੀ ਡਾਇਰੀ ਵਿਚ ਲਿਖੇ ਆਖਰੀ ਸ਼ਬਦ ਹਨ-'ਮੈਂ ਉਮੀਦ ਕਰਦੀ ਹਾਂ ਕਿ ਫਿਰ ਕਦੇ ਪਰਤ ਕੇ ਏਥੇ ਨਹੀਂ ਆਵਾਂਗੀ।'

ਉਹਦੀ ਮੌਤ ਤੋਂ ਕੁਝ ਸਮਾਂ ਬਾਅਦ ਤੱਕ ਵੀ ਕਲਾ ਦੀ ਦੁਨੀਆ ਵਿਚ ਬਹੁਤ ਘੱਟ ਲੋਕ ਉਹਨੂੰ ਜਾਣਦੇ ਸਨ। ਉਹਦੀ ਪਹਿਲੀ ਪੇਂਟਿੰਗ 1977 ਵਿਚ 19000 ਡਾਲਰਾਂ ਵਿਚ ਵਿਕੀ। ਇਹੀ ਪੇਂਟਿੰਗ ਜਦੋਂ ਅਠਾਰਾਂ ਵਰ੍ਹਿਆਂ ਬਾਅਦ ਨਿਲਾਮ ਹੋਈ ਤਾਂ ਉਹਦੀ ਕੀਮਤ ਬੱਤੀ ਲੱਖ ਡਾਲਰ ਮਿਥੀ ਗਈ। ਪਿਛਲੇ ਕੁਝ ਵਰ੍ਹਿਆਂ ਵਿਚ ਉਹਦੀਆਂ ਦੋ ਦਰਜਨ ਜੀਵਨੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਏਨੀਆਂ ਹੀ ਉਹਦੇ ਉਤੇ ਫਿਲਮਾਂ ਬਣ ਚੁੱਕੀਆਂ ਹਨ। ਬ੍ਰਿਟੇਨ ਦੀ ਕਵਿਤਰੀ ਪਾਸਕਲ ਪੇਟੀਟ ਨੇ ਤਾਂ ਉਹਦੀਆਂ ਪੇਂਟਿੰਗਜ਼ ਨੂੰ ਆਧਾਰ ਬਣਾ ਕੇ ਇਕ ਪੂਰਾ ਕਾਵ ਸੰਗ੍ਰਹਿ-'ਵੱਟ ਦ ਵਾਟਰ ਗੇਵ ਮੀ' ਪ੍ਰਕਾਸ਼ਿਤ ਕੀਤਾ ਹੈ।

ਫਰੀਦਾ ਕਦੇ ਬੜੀ ਸੋਹਣੀ, ਆਕਰਸ਼ਕ ਤੇ ਘਰੇਲੂ ਔਰਤ ਨਜ਼ਰ ਆਉਂਦੀ ਹੈ ਤੇ ਕਦੇ ਊਰਜਾ ਨਾਲ ਨੱਕੋ ਨੱਕ ਭਰਿਆ ਜਵਾਲਾਮੁਖੀ। ਉਹਦੀ ਡਾਇਰੀ ਵਿਚ ਲਿਖਿਆ ਇਕ ਵਾਕ ਬੜਾ ਮਾਨੀਖੇਜ਼ ਹੈ - 'ਸਿਰਫ਼ ਇਕ ਪਹਾੜ ਹੀ ਦੂਸਰੇ ਪਹਾੜ ਦੇ ਦਿਲ ਨੂੰ ਜਾਣ ਸਕਦਾ ਹੈ। '

ਉਹਦੀਆਂ ਪੇਂਟਿੰਗਜ਼ ਜਿਸ ਤਰ੍ਹਾਂ ਦੇ ਸੁਨੇਹੇ ਦੇਂਦੀਆਂ ਹਨ। ਉਨ੍ਹਾਂ ਤੋਂ ਮਨੁੱਖੀ ਪੀੜ, ਦੁਖ ਤਕਲੀਫ, ਇਕੱਲਤਾ ਪਛਾਣ ਕੇ ਮਨੁੱਖੀ ਸੰਵੇਦਨਾ ਦੀ ਗਹਿਰਾਈ ਮਾਪੀ ਜਾ ਸਕਦੀ ਹੈ। ਸ਼ਾਇਦ ਏਸੇ ਕਰਕੇ ਆਂਦਰੇ ਬਰੈਤੋਂ ਨੇ ਉਹਨੂੰ 'ਬੰਬ ਦੁਆਲੇ ਲਪੇਟਿਆ ਮੁਲਾਇਮ ਰਿਬਨ' ਕਿਹਾ ਸੀ। (**ਸੰਪਰਕ-9**4173 58120)

ਪਾਕਿਸਤਾਨੀ ਪੰਜਾਬੀ ਕਹਾਣੀ

# ਕਾਮਾ

## ਮੂਲ : ਸ਼ਹਿਜ਼ਾਦ ਅਸਲਮ

## ਲਿਪੀ:ਖ਼ਾਲਿਦ ਫ਼ਰਹਾਦ ਧਾਰੀਵਾਲ




ਜੀਰੇ ਦੀ ਉਮਰ ਪੰਦਰਾਂ ਸਾਲਾਂ ਤੋਂ ਵੱਧ ਤੇ ਵੀਹਾਂ ਤੋਂ ਘੱਟ ਹੋਣੀ ਏ। ਰੰਗ ਕਾਲ਼ਾ, ਨੱਕ ਫੀਨਾ ਤੇ ਸੇਹ ਦੇ ਕੰਡਿਆਂ ਜਿਹੇ ਵਾਲ਼ ਮੱਥੇ ਉੱਤੇ ਛਾਂ ਕੀਤੀ ਰੱਖਦੇ। ਜੂਵਾਂ ਤੇ ਲੀਖਾਂ ਨਾਲ਼ ਭਰੇ ਵਾਲ਼ ਬੂਰ ਨਾਲ਼ ਪਰੋਏ ਬੇਰੀ ਦੇ ਟਾਹਣ ਲਗਦੇ। ਉਹਦੀਆਂ ਮਗਰਮੱਛ ਵਰਗੀਆਂ ਅੱਖਾਂ ਤੇ ਕਾਲੇ ਬੁੱਲ੍ਹਾਂ ਵਿਚ ਫਸਿਆ ਚੁੱਪ ਦਾ ਡਰਾਵਾ ਬੋਲਣ ਵਾਲੇ ਸਹਿੰਦੇ ਫਿਰਦੇ। ਛੱਜ ਜਿਹੇ ਵੱਡੇ ਕਣ ਦੂਰ ਤੋਂ ਈ ਗੱਲਾਂ ਸੁਣ ਲੈਂਦੇ ਤੇ ਜੀਰਾ ਇਨ੍ਹਾਂ ਦੇ ਛੱਟ ਭੜੋਲੇ ਭਰਦਾ ਰਹਿੰਦਾ। ਹੱਥਾਂ ਦੀਆਂ ਮੋਟੀਆਂ ਉਂਗਲਾਂ ਤੋਂ ਰਿੱਛ ਦਾ ਭਰਾ ਜਾਪਦਾ। ਉਹਦੇ ਦੂਜੇ ਭਰਾ ਵੀ ਕੋਈ ਸੋਹਣੇ ਨਹੀਂ ਸਨ ਪਰ ਜਦੋਂ ਜੀਰਾ ਜੰਮਿਆ ਤਾਂ ਉਹਦੀ ਮਾਂ ਦਾ ਤਰਾਹ ਨਿਕਲ ਗਿਆ। ਉਹਦੀ ਮਾਂ ਨੂੰ ਇਕ ਵਾਰੀ ਤਾਂ ਝਾਕਾ ਪਿਆ, ਕੋਈ ਲੁੱਧਰ ਜਮ ਪਿਆ ਏ। ਮਾਂ ਕਿੰਨੇ ਮਹੀਨੇ ਲੁਕਾਉਂਦੀ ਰਹੀ। ਥੋੜ੍ਹਾ ਵੱਡਾ ਹੋਇਆ ਤਾਂ ਰਿੜ੍ਹ ਰਿੜ੍ਹ ਕੇ ਗਲੀ ਵੱਲ ਭੱਜ ਜਾਂਦਾ। ਉਹਨੂੰ ਘਰ ਦੀ ਥੜ੍ਹੀ ਉੱਤੇ ਬੈਠੇ ਨੂੰ ਵੇਖ ਕੇ ਗਲੀ ਦੇ ਵਸਨੀਕਾਂ ਦੇ ਨਿੱਕੇ ਵੱਡੇ ਖ਼ੌਫ਼ ਮੁੱਕ ਗਏ। ਜੀਰਾ ਹੁਣ ਗਲੀ ਦਾ ਨਜ਼ਰ ਵਟੂ ਸੀ।

ਇਹਨੂੰ ਵੇਲੇ ਦੀ ਹੋਣੀ ਸਮਝੋ ਪਈ ਜੀਰੇ ਦੇ ਜੰਮਣ ਵਾਲੇ ਸਾਲ ਈ ਲੋਕਾਂ ਘਰਾਂ ਵਿਚ ਗਟਰ ਬਣਾ ਲਏ। ਗਟਰ ਦਾ ਪਾਣੀ ਮੁਹੱਲੇ ਦੀਆਂ ਗਲੀਆਂ ਵਿਚ ਖਲੋਤਾ ਰਹਿੰਦਾ। ਦੂਜੇ ਮੁਹੱਲਿਆਂ ਦੇ ਗਟਰ ਵੀ ਇਨ੍ਹਾਂ ਗਲੀਆਂ ਵਿਚ ਮੂੰਹ ਖੋਲ੍ਹ ਲੈਂਦੇ। ਉੱਬਲਦੇ ਗਟਰ ਜੀਰੇ ਦੇ ਹਾਣੀ ਸਨ ਤੇ ਉਹ ਇਕ ਦੂਜੇ ਤੋਂ ਓਹਲੇ ਨਾ ਹੁੰਦੇ। ਜੀਰੇ ਦੇ ਹਾਣੀ ਮੁੰਡੇ ਕ੍ਰਿਕਟ ਖੇਡਦੇ ਤੇ ਉਹ ਉਡੀਕਦਾ ਰਹਿੰਦਾ ਕੋਈ ਖੇਡਣ ਲਈ ਵਾਜ ਮਾਰੇ। ਜੇ ਕਿਸੇ ਵਾਜ ਨਾ ਮਾਰੀ ਤਾਂ ਉਹ ਮੁਹੱਲੇ ਵਿਚ ਬਗ਼ੈਰ ਰੱਸੀ ਤੋਂ ਫਿਰਨ ਵਾਲੇ ਕੁੱਤਿਆਂ ਦਾ ਬੇਲੀ ਬਣ ਗਿਆ। ਉਹ ਸੁੱਕੀਆਂ ਤੇ ਬੇਹੀਆਂ ਰੋਟੀਆਂ ਕੱਠੀਆਂ ਕਰ ਕੇ ਕੁੱਤਿਆਂ ਨੂੰ ਖਵਾਉਂਦਾ। ਜੀਰਾ ਕੁੱਤਿਆਂ ਦੀ ਪੂਰੀ ਟੀਮ ਬਣਾ ਕੇ ਦੌੜ ਲਾਉਂਦਾ। ਕੋਈ ਵੀ ਕੁੱਤਾ ਇਸ ਦੌੜ ਦਾ ਜੇਤੂ ਨਾ ਬਣਦਾ ਕਿਉਂ ਜੇ ਸਾਰੇ ਉਹਦੇ ਪਿੱਛੇ ਭੱਜਦੇ ਸਨ। ਕੁੱਤਿਆਂ ਉਹਨੂੰ ਮਾਲਕ ਮੰਨ ਲਿਆ ਸੀ। ਜੀਰਾ ਦੌੜ ਤੋਂ ਥੱਕ ਕੇ ਬੈਠ ਜਾਂਦਾ ਤੇ ਕੁੱਤੇ ਉਹਨੂੰ ਅਪਣਾ ਬੇਲੀ ਜਾਣ ਕੇ ਚੁੰਮਦੇ ਚੱਟਦੇ।

ਜੀਰੇ ਵਿਚ ਇਹ ਵਾਧਾ ਸੀ ਕਿ ਉਹ ਦਿਲ ਦਾ ਸਾਫ਼ ਤੇ ਸਾਊ ਮੁੰਡਾ ਸੀ। ਲੋਕਾਂ ਦੀਆਂ ਅੱਖਾਂ ਵਿਚ ਵਸੇ ਉਹਦੇ ਕੋਝ ਹੀ ਨੇ ਭਾਵੇਂ ਉਹਨੂੰ ਸਾਊ ਬਣਾਇਆ ਹੋਵੇ। ਉਹਦੇ ਕੋਝ ਤੋਂ ਸੁਰਾਂ ਦਾ ਸੋਮਾ ਫੁੱਟਦਾ ਤੇ ਗਾਣੇ ਸੁਣਨ ਲਈ ਲੋਕੀਂ ਉਹਨੂੰ ਸ਼ਾਮ ਵੇਲੇ ਆਪਣੇ ਕੋਲ਼ ਬਿਠਾ ਲੈਂਦੇ। ਹਨੇਰੇ ਵਿਚ ਉਹਦੀ ਅਵਾਜ਼ ਦਾ ਸੁਆਦ ਸਾਰੇ ਲੈਂਦੇ ਤੇ ਕੋਝ ਭੁੱਲ ਜਾਂਦੇ। ਕੋਝ ਹਨੇਰੇ ਨਾਲ਼ ਇੰਜ ਰਲ਼ ਜਾਂਦਾ ਜਿਵੇਂ ਮਿੱਟੀ ਨਾਲ਼ ਮਿੱਟੀ।

"ਜੀਰੇ ! ਇਕ ਸਾਬ ਦੇ ਘਰ ਕੰਮ ਕਰੇਂਗਾ ?" ਅੱਛੂ ਮਸੀਹ ਨੇ ਸੜਕ ਉਤੇ ਆਪਣੀ ਟੋਰ ਮੱਠੀ ਕਰਦੇ ਹੋਏ ਇਕ ਦਿਨ ਪਾਰਕ ਅੰਦਰ ਕੁੱਤਿਆਂ ਨਾਲ਼ ਖੇਡਦੇ ਹੋਏ ਜੀਰੇ ਨੂੰ ਪੁੱਛਿਆ।

ਅੱਛੂ ਦੀ ਗੱਲ ਸੁਣ ਕੇ ਜੀਰਾ ਨੇੜੇ ਆ ਗਿਆ। ਪਾਰਕ ਦੇ ਲੰਮੇ ਘਾਹ ਵਿਚ ਲੁਕਦੇ ਖੇਡਦੇ ਕੁੱਤੇ ਵੀ ਜੀਰੇ ਦੇ ਕੋਲ਼ ਆਨ ਖਲੋਤੇ। ਉਹ ਵੀ ਪੂਛਲਾਂ ਹਿਲਾ-ਹਿਲਾ ਕੇ ਅੱਛੂ ਦੀ ਗੱਲ ਸੁਣਨ ਮਗਰੋਂ ਭੌਂਕਣ ਲੱਗ ਪਏ। ਸ਼ੈਂਤ ਉਨ੍ਹਾਂ ਨੂੰ ਸ਼ੱਕ ਪੈ ਗਿਆ ਸੀ ਕਿ ਅੱਛੂ ਜੀਰੇ ਨੂੰ ਰੱਸੀ ਪਾਉਣ ਲੱਗਾ ਏ।

"ਕਿੱਥੇ ਅਤੇ ਕਿਹੜਾ ਕੰਮ?" ਜੀਰੇ ਨੇ ਅੱਛੂ ਨੂੰ ਪੁੱਛਿਆ।

"ਇੱਥੇ ਨੇੜੇ ਈ, ਤੇਰੀ ਮਰਜ਼ੀ ਦਾ ਕੰਮ ਹੋਵੇਗਾ। ਤਨਖ਼ਾਹ ਵੀ ਚੰਗੀ ਲੱਭੇਗੀ।"

ਜੀਰਾ ਤਨਖ਼ਾਹ ਦਾ ਸੁਣ ਕੇ ਖ਼ੁਸ਼ ਹੋਇਆ।

"ਫਿਰ ਕਦੋਂ ਸਾਬ ਵੱਲ ਚੱਲੀਏ?"

"ਚੱਲ ਹੁਣ ਏਡਾ ਵੀ ਸੌੜਾ ਨਾ ਪੇ, ਕਿਸੇ ਦਿਨ ਚਲੇ ਜਾਵਾਂਗੇ।"

ਅੱਛੂ ਗੱਲ ਕਰ ਕੇ ਅੱਗੇ ਟੁਰ ਪਿਆ ਤੇ ਜੀਰਾ ਕੁੱਤਿਆਂ ਨਾਲ਼ ਪਾਰਕ ਵਿਚ ਮੁੜ ਖੇਡਣ ਲੱਗ ਪਿਆ।

ਅੱਛੂ ਮਸੀਹ ਕੋਲ਼ ਸ਼ਰਾਬ ਦਾ ਪਰਮਿਟ ਸੀ ਅਤੇ ਉਹ ਮੁਹੱਲੇ ਦੀ ਸੜਕ ਤੋਂ ਦੋ ਕਿੱਲੇ ਦੂਰ ਨਵੇਂ ਟਾਊਨ ਦੇ ਸਾਹਿਬਾਂ ਨੂੰ ਸ਼ਰਾਬ ਸਪਲਾਈ ਕਰਦਾ। ਜਿੱਥੇ ਉਹਦੀ ਸ਼ਰਾਬ ਚੋਖੀ ਲਗਦੀ ਓਥੇ ਸਾਹਿਬ ਲੋਕਾਂ ਨਾਲ ਤਅਲੁਕ ਵਜੋਂ ਥਾਣੇ ਵਾਲੇ ਵੀ ਅੱਛੂ ਨੂੰ ਹੱਥ ਨਾ ਪਾਉਂਦੇ।

ਦੋ ਦਿਨ ਲੰਘੇ ਤੇ ਅੱਛੂ ਕਬਰਸਤਾਨ ਵਿਚ ਅੰਬ ਦੇ ਬੂਟੇ ਥੱਲੇ ਖਲੋ ਕੇ ਜੀਰੇ ਨੂੰ ਵਾਜ ਮਾਰੀ। ਜੀਰਾ ਇਕ ਟਾਹਣ ਤੇ ਖਲੋ ਕੇ ਅੰਬੀਆਂ ਲਾਹੁੰਦਾ ਪਿਆ ਸੀ। ਜੀਰਾ ਥੱਲੇ ਲੱਥਾ ਤੇ ਉਹਦੀ ਗੰਢ ਵੱਜੀ ਝੋਲ਼ੀ ਅੰਬੀਆਂ ਨਾਲ਼ ਭਰੀ ਹੋਈ ਸੀ। ਇਕ ਪੱਕੀ ਅੰਬੀ ਕੱਢ ਕੇ ਉਸ ਅੱਛੂ ਨੂੰ ਦਿੱਤੀ। ਹੁਣ ਜੀਰੇ ਦੇ ਨਾਲ਼ ਅੱਛੂ ਦੇ ਦੰਦ ਵੀ ਖੱਟੇ ਹੋ ਗਏ।

ਅੱਛੂ ਤੇ ਜੀਰਾ ਆਪਣੇ ਮੁਹੱਲੇ ਦੀਆਂ ਗਲੀਆਂ ਵਿਚੋਂ ਲੰਘਦੇ ਬਾਲਾਂ ਨੂੰ ਅੰਬੀਆਂ ਦਿੰਦੇ ਵੱਡੀ ਸੜਕ ਉੱਤੇ ਆਨ ਖਲੋਤੇ। ਫਿਰ ਸੜਕ ਟੱਪ ਕੇ ਉਹ ਟਾਊਨ ਨੂੰ ਜਾਣ ਵਾਲੀ ਕੱਚੀ ਸੜਕ ਉੱਤੇ ਟੁਰਨ ਲੱਗ ਪਏ। ਜੀਰਾ ਅੱਜ ਪਹਿਲੀ ਵਾਰੀ ਇਸ ਟਾਊਨ ਦੇ ਅੰਦਰ ਪੈਰ ਰੱਖਣ ਲੱਗਾ ਸੀ। ਗੇਟ ਤੇ ਖਲੋਤੇ ਬੰਦੂਕ ਧਾਰੀ ਗਾਰਡਾਂ ਕੋਲੋਂ ਲੰਘਦੇ ਜੀਰੇ ਦੇ ਪੈਰ ਥਿੜਕੇ। ਗਾਰਡਾਂ ਉਹਨੂੰ ਨਜ਼ੀਰ ਲਾ ਕੇ ਵੇਖਿਆ ਪਰ ਅੱਛੂ ਦੀ ਵਜ੍ਹਾ ਨਾਲ਼ ਖਲ੍ਹਾਰ ਕੇ ਪੁੱਛਣ ਤੋਂ ਬਾਜ਼ ਰਹੇ। ਅੱਛੂ ਨਾਲ਼ ਇਨ੍ਹਾਂ ਗਾਰਡਾਂ ਦੀ ਰੋਜ਼ ਸਲਾਮ ਦੁਆ ਹੁੰਦੀ ਸੀ। ਟਾਊਨ ਦੇ ਅੰਦਰ ਘਾਹ ਦੇ ਲਾਨ, ਲੰਮੀਆਂ-ਚੌੜੀਆਂ ਸੜਕਾਂ ਤੇ ਵੱਡੀਆਂ ਕੋਠਿਆਂ ਤੋਂ ਜੀਰੇ ਨੂੰ ਖ਼ਿਆਲ ਆਇਆ ਕਿ ਇੱਥੇ ਕੋਈ ਨਿਵੇਕਲੀ ਨਸਲ ਰਹਿੰਦੀ ਏ ਸ਼ਾਇਦ !

"ਯਾਰ ਅੱਛੂ ਇੱਥੇ ਤਾਂ ਜਗਨ ਪੁਰ ਪਿੰਡ ਹੁੰਦਾ ਸੀ?" ਜੀਰੇ ਹੈਰਾਨ ਹੋ ਕੇ ਪੁੱਛਿਆ।

"ਤੂੰ ਕਿਹੜੇ ਵੇਲੇ ਦੀਆਂ ਗੱਲਾਂ ਕਰਨਾ ਐਂ, ਸਾਡਾ ਸ਼ਹਿਰ ਹੁਣ ਪਿੰਡ ਖਾਂਦਾ ਏ। ਜਿੱਥੇ ਮੂੰਜੀ-ਕਣਕ ਹੁੰਦੀ ਸੀ ਓਥੇ ਹੁਣ ਪਲਾਜ਼ੇ-ਕੋਠੀਆਂ ਉੱਗਦੇ ਹਨ।" ਅੱਛੂ ਨੇ ਕਿਹਾ।

ਪੰਜ-ਦਸ ਮਿੰਟ ਟੁਰਨ ਤੋਂ ਬਾਅਦ ਉਹ ਇਕ ਵੱਡੀ ਕੋਠੀ ਦੇ ਗੇਟ ਅੱਗੇ ਜਾ ਖਲੋਤੇ । ਅੱਛੂ ਨੇ ਘੰਟੀ ਦੱਬੀ ਤੇ ਇਕ ਗੰਨਮੈਨ ਨੇ, ਜਿਹੜਾ ਅੱਛੂ ਨੂੰ ਪਹਿਲਾਂ ਈ ਉਡੀਕ ਰਿਹਾ ਸੀ, ਨਿੱਕਾ ਗੇਟ ਖੋਲ ਦਿੱਤਾ । ਦੋ ਲੰਮੇ-ਚੌੜੇ ਹਰੇ ਲਾਨਾਂ ਦੇ ਵਿਚਕਾਰ ਪੱਥਰ ਦੇ ਬਣੇ ਰਾਹ ਉੱਤੇ ਚਲਦੇ ਉਹ ਦੋਵੇਂ ਕੋਠੀ ਦੇ ਪਿਛਲੇ ਪਾਸੇ ਕੁਆਟਰ ਵਿਚ ਵੜ ਗਏ। ਇਹ ਕੁਆਟਰ ਵੀ ਕੋਠੀ ਤੋਂ ਘੱਟ ਨਹੀਂ ਸੀ। ਕੁਆਟਰ ਦੇ ਅੰਦਰ ਅਲਸੇਸ਼ਨ, ਸਪੈਨਲ ਤੇ ਗੋਲਡਨ ਰੀਟਰੀਵਰ ਕੁੱਤੇ ਬੱਝੇ ਸਨ। ਇਕ ਵੱਡੇ ਜੰਗਲੇ ਦੇ ਅੰਦਰ ਮੋਰ, ਤਿੱਤਰ, ਹਿਰਨ ਤੇ ਤੋਤੇ ਸਨ ਕੁਆਟਰ ਦੇ ਤਿੰਨ ਚਾਰ ਕਮਰੇ ਵੀ ਸਨ। ਅੱਛੂ ਤੇ ਜੀਰਾ ਜੰਗਲੇ ਨਾਲ਼ ਲੱਗ ਕੇ ਹਿਰਨ ਨੂੰ ਵੇਖ ਰਹੇ ਸਨ ਤੇ ਪਿੱਛੋਂ ਸਾਹਿਬ ਆ ਗਿਆ। ਹਿਰਨ ਵਾਲੇ ਜੰਗਲੇ ਦੇ ਨਾਲ਼ ਲਾਨ ਵਿਚ ਛਾਂ ਲਈ ਬਣੇ ਛੱਜੇ ਹੇਠ ਮੇਜ਼ ਤੇ ਚਾਰ ਕੁਰਸੀਆਂ ਪਈਆਂ ਸਨ। ਸਾਹਿਬ ਇਕ ਕੁਰਸੀ ਉੱਤੇ ਜਾ ਬੈਠਾ। ਅੱਛੂ ਤੇ ਜੀਰਾ ਕੰਧ ਦੀ ਛਾਂ ਵਿਚ ਘਾਹ ਉੱਤੇ ਗੋਠ ਮਾਰ ਕੇ ਬਹਿ ਗਏ।

"ਹਾਂ ਫਿਰ ਅੱਛੂ ! ਇਹ ਕੰਮ ਕਰ ਲਵੇਗਾ।"

"ਕਰ ਲਵੇਗਾ ਸਰਕਾਰ।"

"ਨਾਂ ਕੀ ਏ ਇਹਦਾ ?"

"ਜੀਰਾ।"

ਸਾਹਿਬ ਜੀਰੇ ਨੂੰ ਵੇਖਦੇ ਈ ਸਮਝ ਗਿਆ ਕਿ ਇਹ ਪਸ਼ੂ ਕੁੱਤਿਆਂ ਨਾਲ਼ ਮੌਜਾਂ ਲਾ ਲਵੇਗਾ। ਅੱਛੂ ਵੀ ਜੀਰੇ ਦੇ ਕੰਨ ਵਿਚ ਕੰਮ ਬਾਰੇ ਦੱਸ ਦਿੱਤਾ। ਜੀਰੇ ਸਿਰ ਹਿਲਾ ਕੇ ਖ਼ੁਸ਼ੀ ਨਾਲ਼ ਪੋਲੀ ਜਿਹੀ 'ਹਾਂ' ਕਰ ਦਿੱਤੀ।

"ਕਿੰਨੀ ਤਨਖ਼ਾਹ ਠੀਕ ਏ ?" ਸਾਹਿਬ ਨੇ ਅੱਛੂ ਨੂੰ ਪੁੱਛਿਆ।

"ਵੇਖ ਲਵੋ, ਜਿੰਨੀ ਤੁਹਾਨੂੰ ਠੀਕ ਲੱਗੇ।"

"ਸੱਤ ਹਜ਼ਾਰ ਤਨਖ਼ਾਹ ਮੁਕੀ। ਸਾਹਿਬ ਦੇ ਨਾਲ਼ ਜੀਰਾ ਵੀ ਖ਼ੁਸ਼ ਸੀ। ਪਹਿਲੀ ਵਾਰੀ ਤਨਖ਼ਾਹ ਲੱਭਣ ਦੀ ਚੱਸ ਉਸ ਹੁਣ ਤੋਂ ਈ ਮਹਿਸੂਸ ਕਰਨੀ ਸ਼ੁਰੂ ਕਰ ਦਿੱਤੀ।

ਉਨ੍ਹਾਂ ਦੇ ਬੈਠਿਆਂ ਹੀ ਮਿਉਨਸਿਪਲਟੀ ਦਾ ਇਕ ਨੌਕਰ ਆਨ ਖਲੋਤਾ। ਉਹ ਸਾਹਿਬ ਨੂੰ ਕੁੱਤਿਆਂ ਦੀ ਦਵਾਈ ਦੇਣ ਆਇਆ ਸੀ। ਅੱਛੂ ਤੇ ਜੀਰੇ ਨੇ ਉੱਠ ਕੇ ਸਾਹਿਬ ਨੂੰ ਸਲਾਮ ਕੀਤਾ ਤੇ ਦੂਜੇ ਦਿਨ ਆਉਣ ਦਾ ਕਾਰਾ ਕਰ ਕੇ ਬਾਹਰਲੇ ਗੇਟ ਵੱਲ ਟੁਰ ਪਏ। ਗੇਟ ਤੋਂ ਬਾਹਰ ਨਿਕਲ ਕੇ ਜੀਰਾ ਅੱਛੂ ਨੂੰ ਆਖਣ ਲੱਗਾ :

"ਯਾਰ ਕਿੰਨਾ ਵੱਡਾ ਤੇ ਸੋਹਣਾ ਘਰ ਏ, ਇਹ ਸਾਬ ਕੀ ਕੰਮ ਕਰਦਾ ਹੋਵੇਗਾ?"

"ਇਹ ਫ਼ੌਜ ਵਿਚ ਕਰਨਲ ਸਨ ਤੇ ਹੁਣ ਰਟੈਰ ਹੋ ਕੇ ਮਿਉਨਸਿਪਲਟੀ ਦੇ ਅਫ਼ਸਰ ਨੇ।" ਅੱਛੂ ਦੇ ਇਸ ਜਵਾਬ ਨਾਲ਼ ਜੀਰੇ ਨੇ ਮਸਕੀਨ ਜਿਹਾ ਮੂੰਹ ਬਣਾਇਆ ਤੇ ਆਖਣ ਲੱਗਾ, "ਇਹ ਕਿਹੜੀਆਂ ਮਾਵਾਂ ਕਰਨਲ ਜੰਮਦਿਆਂ ਨੇ?"

"ਇਹ ਮੈਨੂੰ ਵੀ ਨਹੀਂ ਪਤਾ ਪਰ ਇਕ ਗੱਲ ਦਾ ਪੱਕ ਜ਼ਰੂਰ ਏ।"

"ਕਿਹੜੀ ਗੱਲ?" ਜੀਰੇ ਪੁੱਛਿਆ

"ਉਹ ਮਾਵਾਂ ਸਾਡੇ ਮੁਹੱਲੇ ਵਿਚ ਨਹੀਂ ਰਹਿੰਦੀਆਂ।"

ਅੱਛੂ ਤੇ ਜੀਰਾ ਇਹ ਗੱਲਾਂ ਕਰਦੇ ਆਪਣੇ ਮੁਹੱਲੇ ਕੋਲ਼ ਅੱਪੜ ਗਏ ਸਨ। ਜੀਰੇ ਦੇ ਬੇਲੀ ਗਲੀ ਦੀ ਨੁੱਕਰ ਉੱਤੇ ਖਲੋ ਕੇ ਪੂਛਲਾਂ ਹਿਲਾਈ ਜਾਂਦੇ ਤੇ ਚੌਂ-ਚੌਂ ਵੀ ਕਰਦੇ। ਇੰਜ ਲਗਦਾ ਸੀ ਜਿਵੇਂ ਉਹ ਜੀਰੇ ਤੋਂ ਹੁੱਸੜ ਪਏ ਹੋਣ। ਚਾਰੇ ਕੁੱਤੇ ਭੱਜ ਕੇ ਜੀਰੇ ਦੇ ਪੈਰਾਂ ਨਾਲ ਚੰਬੜ ਗਏ ਤੇ ਚੁੰਮਨ-ਚੱਟਣ ਲੱਗ ਪਏ। ਅੱਛੂ ਉਨ੍ਹਾਂ ਨੂੰ ਓਥੇ ਹੀ ਛੱਡ ਕੇ ਅੱਗੇ ਲੰਘ ਗਿਆ। ਜੀਰਾ ਉਨ੍ਹਾਂ ਕੁੱਤਿਆਂ ਦੇ ਸਿਰਾਂ ਤੇ ਕੰਡਾਂ ਉੱਤੇ ਹੱਥ ਫੇਰਦਾ ਪਾਰਕ ਵੱਲ ਟੁਰ ਪਿਆ।

ਜੀਰੇ ਨੇ ਅਗਲੇ ਦਿਨ ਹੀ ਕਰਨਲ ਸਾਹਿਬ ਦੇ ਘਰ ਕੰਮ ਸ਼ੁਰੂ ਕਰ ਦਿੱਤਾ। ਜਨੌਰਾਂ ਤੇ ਪੰਖੇਰੂਆਂ ਦਾ ਖ਼ਿਆਲ ਰੱਖਣਾ, ਕੁੱਤਿਆਂ ਨੂੰ ਨ੍ਹਾਉਣਾ-ਧੋਨਾ ਤੇ ਉਨ੍ਹਾਂ ਨਾਲ਼ ਖੇਡਣਾ ਈ ਦਿਨ ਭਰ ਦਾ ਕੰਮ ਸੀ। ਪੂਰਾ ਹਫ਼ਤਾ ਲੰਘ ਗਿਆ। ਮੁਹੱਲੇ ਦੇ ਕੁੱਤੇ ਨਾ ਉਹਨੂੰ ਮਿਲੇ ਨਾ ਹੀ ਉਸ ਲੱਭਣ ਦੀ ਕੋਸ਼ਿਸ਼ ਕੀਤੀ। ਉਹ ਕਿਥੋਂ ਲੱਭਦਾ? ਸ਼ਾਮ ਵੇਲੇ ਤਾਂ ਉਹ ਘਰ ਪਰਤਦਾ ਸੀ। ਸੱਚੀ ਗੱਲ ਤਾਂ ਇਹ ਸੀ ਪਈ ਉਹਨੂੰ ਕਰਨਲ ਦੇ ਬਾਹਰਲੀ ਨਸਲ ਦੇ ਕੁੱਤਿਆਂ ਨੇ ਮੁਹੱਲੇ ਦੇ ਆਵਾਰਾ ਕੁੱਤੇ ਭੁੱਲਾ ਦਿੱਤੇ ਸਨ।

ਮੁਹੱਲੇ ਦੇ ਕੁੱਤਿਆਂ ਨੂੰ ਜੀਰਾ ਨਾ ਲੱਭਾ ਤਾਂ ਉਹ ਦੂਜੇ ਰਾਹੀਆਂ ਦਾ ਪਿੱਛਾ ਕਰਦੇ। ਉਨ੍ਹਾਂ ਦੇ ਭੌਂਕਣ ਨਾਲ਼ ਰਾਹੀ ਡਰ ਕੇ ਭੱਜਦੇ ਤੇ ਕੁੱਤੇ ਵੀ ਉਨ੍ਹਾਂ ਦੇ ਪਿੱਛੇ ਦੌੜਦੇ। ਕੁੱਤੇ ਚੁੰਮਨ-ਚੱਟਣ ਲਈ ਪੈਰ ਲੱਭਦੇ ਫਿਰਦੇ ਸਨ। ਉਨ੍ਹਾਂ ਨੂੰ ਬੇਹੀਆਂ ਰੋਟੀਆਂ ਪਾਉਣ ਦਾ ਵੀ ਕਿਸੇ ਨੂੰ ਖ਼ਿਆਲ ਨਾ ਆਇਆ।

'ਕੁੱਤੇ ਦੇ ਵੱਢਣ ਦਾ ਇਲਾਜ ਧੁੰਨੀ ਉੱਤੇ ਛੇ ਟੀਕੇ ਹਨ!' ਇਸ ਖ਼ੌਫ਼ ਪਾਰੋਂ ਮੁਹੱਲੇ ਦੇ ਵਸਨੀਕਾਂ ਕਮੇਟੀ ਘਰ ਵਾਲਿਆਂ ਨੂੰ ਸ਼ਿਕਾਇਤ ਪਾ ਦਿੱਤੀ ਕਿ ਕੁੱਤੇ ਹਲਕੇ ਹੋ ਗਏ ਨੇ। ਕਮੇਟੀ ਵਾਲਿਆਂ ਮੌਹਰਾ ਪਾਇਆ ਪਰ ਕੁੱਤੇ ਮਰੇ ਫਿਰ ਵੀ ਨਾ। ਮੁਹੱਲੇ ਵਿਚ ਡਰ ਦਾ ਪਹਿਰਾ ਲੱਗਾ। ਕਮੇਟੀ ਵਾਲੇ ਬੰਦੂਕਾਂ ਕੱਸ ਕੇ ਮੁਹੱਲੇ ਆਨ ਖਲੋਤੇ। ਕੁੱਤੇ ਇਸ ਮੁਹੱਲੇ ਦੇ ਜਮਾਂਦਰੂ ਸਨ, ਉਹ ਨੱਸ ਕੇ ਕਿੱਥੇ ਜਾਂਦੇ। ਨਾਲੇ ਉਨ੍ਹਾਂ ਨੂੰ ਕੀ ਪਤਾ

ਬੰਦੂਕਾਂ ਉਨ੍ਹਾਂ ਉੱਤੇ ਚੱਲਣੀਆਂ ਨੇ। ਕਬਰਸਤਾਨ ਨੇੜੇ ਠਾਹ-ਠਾਹ ਦੀ ਅਵਾਜ਼ ਗੂੰਜੀ ਤੇ ਤਿੰਨ ਕੁੱਤੇ ਕੰਡ ਪਰਨੇ ਭੋਏਂ ਉੱਤੇ ਡਿੱਗ ਪਏ। ਛੱਰੇ ਉਨ੍ਹਾਂ ਦੀ ਖੱਲ ਵਿਚ ਮੋਰੀਆਂ ਕਰ ਕੇ ਅੰਦਰ ਲਹੂ ਵਿਚ ਡੁੱਬ ਕੇ ਠੰਢੇ ਹੋ ਗਏ ਸਨ ਤੇ ਕੁੱਤੇ ਵੀ ਹੌਲੀ-ਹੌਲੀ ਚੌਂ-ਚੌਂ ਕਰ ਕੇ ਸੀਤ ਹੁੰਦੇ ਗਏ। ਚੌਥੇ ਕੁੱਤੇ ਨੂੰ ਛੱਰੇ ਤਾਂ ਲੱਗੇ ਸਨ ਪਰ ਫਿਰ ਵੀ ਉਹ ਕੁਰਲਾਉਂਦਾ ਹੋਇਆ ਭੱਜ ਕੇ ਗਲੀ ਅੰਦਰ ਜਾ ਵੜਿਆ। ਓਥੇ ਬਾਲ ਵੀ ਇਕੱਠੇ ਹੋ ਗਏ ਸਨ। ਕਮੇਟੀ ਵਾਲੇ ਕੁੱਤੇ ਦੇ ਮਗਰ ਦੌੜੇ ਬਾਲ ਵੀ ਰੌਲ਼ਾ ਪਾਉਂਦੇ ਉਨ੍ਹਾਂ ਦੇ ਪਿੱਛੇ ਨੱਸੇ। ਕਮੇਟੀ ਦੇ ਮੁਲਾਜ਼ਮ ਨੇ ਇਕ ਹੋਰ ਫਾਇਰ ਕੀਤਾ ਜਿਹੜਾ ਸਿੱਧਾ ਭੱਜਦੇ ਕੁੱਤੇ ਦੀ ਵੱਖੀ ਵਿਚ ਲੱਗਾ। ਕੁੱਤਾ ਗਲੀ ਵਿਚ ਖਲੋਤੇ ਗਟਰ ਦੇ ਪਾਣੀ ਵਿਚ ਚੀਕ ਮਾਰ ਕੇ ਡਿੱਗ ਪਿਆ। ਉਹਦੀ ਚੀਕ ਸੁਣ ਕੇ ਬਾਲਾਂ ਵੀ ਚੀਕਾਂ ਮਾਰੀਆਂ। ਇਹ ਖ਼ੁਸ਼ੀ ਤੇ ਜਿੱਤ ਦੀਆਂ ਚੀਕਾਂ ਸਨ।

ਜੀਰਾ ਸ਼ਾਮ ਵੇਲੇ ਆਪਣੇ ਮੁਹੱਲੇ ਪਰਤਿਆ ਤਾਂ ਗਲੀ ਵਿਚ ਲੋਕ ਇਕੱਠੇ ਹੋ ਕੇ ਮੋਏ ਕੁੱਤੇ ਬਾਰੇ ਗੱਲਾਂ ਕਰਦੇ ਪਏ ਸਨ। ਕਮੇਟੀ ਵਾਲੇ ਕੁੱਤੇ ਨੂੰ ਮਾਰ ਕੇ ਜੀਰੇ ਦੇ ਘਰ ਕੋਲ਼ ਛੱਡ ਗਏ ਸਨ। ਮੋਏ ਕੁੱਤੇ ਨੂੰ ਚੁੱਕਣ ਲਈ ਕੋਈ ਵੀ ਰਾਜ਼ੀ ਨਹੀਂ ਸੀ। ਇਕ ਪਲੀਤ ਉੱਤੋਂ ਮਰਿਆ ਹੋਇਆ। ਜੀਰੇ ਨੇ ਆਪਣੇ ਬੇਲੀ ਨੂੰ ਪਾਣੀ ਵਿਚ ਬੇ ਹਰਕਤਾ ਵੇਖਿਆ ਤੇ ਉਹਨੂੰ ਆਪਣੇ ਉੱਤੇ ਗ਼ੁੱਸਾ ਆਇਆ। ਜੇ ਕਰ ਉਹ ਨੌਕਰੀ ਨਾ ਕਰਦਾ ਤਾਂ ਅੱਜ ਉਹਨੂੰ ਫੁੱਲੇ ਢਿੱਡ ਨਾਲ਼ ਆਪਣੇ ਯਾਰ ਨਾ ਵੇਖਣਾ ਪੈਂਦੇ।

ਦੂਜੇ ਲੋਕਾਂ ਵਾਂਗ ਜੀਰੇ ਨੂੰ ਵੀ ਪਤਾ ਸੀ ਪਈ ਸਾੜ੍ਹਰੇ ਬੋ ਚਾਰੇ ਪਾਸੇ ਖਿੱਲਰ ਜਾਣੀ ਏ। ਜੀਰੇ ਨੇ ਕੁੱਤਾ ਆਪਣੀਆਂ ਬਾਂਹਾਂ ਵਿਚ ਚੁੱਕਿਆ ਤੇ ਗੁਸਤਾਨ ਵੱਲ ਟੁਰ ਪਿਆ। ਉਹਦਾ ਦਿਲ ਕੀਤਾ ਕਿ ਉਹ ਕੁੱਤਿਆਂ ਨੂੰ ਆਪਣੇ ਵਡਕੀਆਂ ਦੀਆਂ ਕਬਰਾਂ ਨੇੜੇ ਦੱਬੇ ਪਰ ਉਹ ਪਿੱਛੇ ਖਲੋਤੇ ਲੋਕਾਂ ਦੇ ਝੁੰਡ ਤੋਂ ਡਰ ਗਿਆ। ਜੀਰੇ ਨੇ ਇਕ ਉੱਚੇ ਟਿੱਬੇ ਦੇ ਲਾਗੇ ਕੁੱਤਿਆਂ ਨੂੰ ਲਿਟਾ ਦਿੱਤਾ। ਇਹ ਟਿੱਬਾ ਕਦੀ ਪਾਰਸੀਆਂ ਦਾ ਚੁੱਪ ਮੀਨਾਰ ਹੁੰਦਾ ਸੀ। ਜੀਰੇ ਉਤਾਂਹ ਅੰਬਰ ਵੱਲ ਤੱਕਿਆ, ਓਥੇ ਨਿਰੀਆਂ ਇੱਲਾਂ ਦਾਇਰੇ ਵਿਚ ਉੱਡਦੀਆਂ ਪਈਆਂ ਸਨ। ਪਰਤਣ ਵੇਲੇ ਜੀਰੇ ਨੂੰ ਰਾਹ ਤੇ ਗਲੀਆਂ ਸੁੰਞੀਆਂ ਲੱਗ ਰਹੀਆਂ ਸਨ। ਕਮੇਟੀ ਵਾਲਿਆਂ ਅਗਲੇ ਦੋ ਦਿਹਾੜੀਆਂ ਵਿਚ ਸਾਰੇ ਦੇਸੀ ਹਲਕਾਏ ਕੁੱਤੇ ਮਾਰ ਮੁਕਾਏ। ਜੀਰੇ ਨੂੰ ਹੁਣ ਨਵੀਂ ਫ਼ਿਕਰ ਪੈ ਗਈ ਸੀ। ਚਿੱਟਾ ਦਿਨ ਚੜ੍ਹਿਆ ਤੇ ਉਹ ਕਰਨਲ ਦੇ ਘਰ ਵੱਲ ਭੱਜਿਆ। ਉਹਨੂੰ ਉਹ ਕਮੇਟੀ ਵਾਲਾ ਬੰਦਾ ਯਾਦ ਆ ਰਿਹਾ ਸੀ ਜਿਹਨੂੰ ਕਰਨਲ ਦੇ ਘਰ ਵੇਖਿਆ ਸੀ। ਰਾਹ ਚਲਦੇ ਉਸ ਦੂਰੋਂ ਇਕ ਬੰਦੂਕ ਵਾਲੇ ਬੰਦੇ ਨੂੰ ਵੇਖਿਆ। ਜੀਰਾ ਡਰ ਨਾਲ ਤੇਜ਼ ਚੱਲਣ ਲੱਗ ਪਿਆ। ਤੇਜ਼-ਤੇਜ਼ ਟੁਰਦਿਆਂ ਉਹ ਕਰਨਲ ਦੇ ਘਰ ਵੜਿਆ। ਕੁੱਤੇ ਉਹਨੂੰ ਵੇਖ ਕੇ ਖ਼ੁਸ਼ੀ ਨਾਲ਼ ਪੂਛਲਾਂ ਹਿਲਾਉਣ ਲੱਗ ਪਏ। ਜੀਰੇ ਦੇ ਸਾਹ ਸਿੱਧੇ ਆਉਣੇ ਸ਼ੁਰੂ ਹੋਏ। ਜੀਰਾ ਗੋਲਡਨ ਕੁੱਤੇ ਦੇ ਵਾਲ਼ ਬੁਰਸ਼ ਨਾਲ ਸਾਫ਼ ਕਰਨ ਲੱਗ ਪਿਆ। ਕੁਝ ਚਿਰ ਮਗਰੋਂ ਕਮੇਟੀ ਘਰ ਦਾ ਮੁਲਾਜ਼ਮ ਵੀ ਉਹਦੇ ਪਿੱਛੇ ਆਨ ਖਲੋਤਾ। ਉਹਨੂੰ ਵੇਖ ਕੇ ਜੀਰੇ ਦਾ ਸਾਹ ਸੁੱਕ ਗਿਆ। ਜੀਰੇ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਇਹ ਕੁੱਤੇ ਵੀ ਅੱਜ ਨਹੀਂ ਬਚਦੇ। ਕਰਨਲ ਸਾਹਿਬ ਵੀ ਪਤਾ ਨਹੀਂ ਕਿੱਥੇ ਰਹਿ ਗਏ ਸਨ। ਕਮੇਟੀ ਵਾਲੇ ਬੰਦੇ ਆਪਣਾ ਥੈਲਾ ਖੋਲ੍ਹਿਆ ਤੇ ਉਹਦੇ ਵਿਚੋਂ ਸਿਰਿੰਜ ਤੇ ਦਵਾਈ ਦੀ ਸ਼ੀਸ਼ੀ ਕੱਢੀ। ਉਹ ਕੁੱਤਿਆਂ ਨੂੰ ਟੀਕੇ ਲਾਉਂਦਾ ਰਿਹਾ ਤੇ ਜੀਰਾ ਕੋਲ਼ ਖਲੋ ਕੇ ਡਰ ਨਾਲ ਵੇਖਦਾ ਰਿਹਾ। ਜੀਰੇ ਨੂੰ ਹਾਲੇ ਵੀ ਖ਼ੌਫ਼ ਸੀ, ਜੇ ਕਰ ਉਹਨੂੰ ਰੋਕਿਆ ਤਾਂ ਉਹ ਫਾਇਰ ਮਾਰ ਦੇਵੇਗਾ। ਟੀਕੇ ਲਾ ਕੇ ਉਸ ਆਪਣੇ ਥੈਲੇ ਨੂੰ ਗੰਢ ਮਾਰੀ ਤੇ ਜਾਣ ਲੱਗੀਆਂ ਜੀਰੇ ਨੂੰ ਆਖਣ ਲੱਗਾ :

"ਕਰਨਲ ਸਾਹਿਬ ਨੂੰ ਦੱਸ ਦੇਈਂ, ਵੈਕਸੀਨ ਲਾ ਦਿੱਤੀ ਏ, ਹੁਣ ਕੁੱਤੇ ਬਿਮਾਰ ਨਹੀਂ ਹੋਣਗੇ।"

ਜੀਰਾ ਜਾਂਦੇ ਹੋਏ ਨੂੰ ਕੰਡ ਪਿੱਛੋਂ ਵੇਖਦਾ ਸੋਚਣ ਲੱਗਾ:

'ਉਹਦੇ ਮੁਹੱਲੇ ਦੇ ਦੇਸੀ ਕੁੱਤਿਆਂ ਨੂੰ ਵੈਕਸੀਨ ਲਗਾਉਣ ਦੀ ਥਾਂ ਫਾਇਰ ਕਿਉਂ ਮਾਰੇ ?'

**ਸੰਪਰਕ : kahani.kaar@yahoo.com**

ਕਹਾਣੀ

# ਯੁੱਧਵੀਰ

ਲਾਲ ਸਿੰਘ



ਉਹ ਤ੍ਰਬਕ ਕੇ ਉੱਠਿਆ। ਆਸ-ਪਾਸ ਦੇਖਿਆ , ਆਸ ਪਾਸ ਕੁਝ ਵੀ ਨਹੀਂ ਸੀ। ਨਾ ਪੈਰਾਂ ਹੇਠਲਾ ਸਟੂਲ, ਨਾ ਹੱਥ ਵਿਚਲਾ ਰੱਸਾ। ਨਾ ਛੱਤ-ਪੱਖੇ ਦੀ ਹੁੱਕ ਨਾ ਬੱਧੇ ਰੱਸੇ ਨੂੰ ਦਿੱਤੀ ਗੋਲ ਗੰਢ ! ...ਉਹਦੇ ਦੋਨੋਂ ਹੱਥ ਕਦੀ ਗੰਢ ਹੇਠਲੀ ਗੋਲਾਈ ਨੂੰ ਧੌਣ ਵਲ੍ਹ ਨੂੰ ਸਰਕਦਾ ਕਰ ਲੈਂਦੇ ਰਹੇ, ਕਦੀ ਪਰਾਂ ਵਲ੍ਹ ਧੱਕ ਦਿੰਦੇ ਰਹੇ। ਕਿੰਨੀ ਸਾਰੀ ਜੱਕੋ-ਤੱਕੋ ਪਿੱਛੋਂ ਆਖਿਰ ਉਸ ਨੇ ਘੁੰਡ-ਗਲਾਮਾਂ ਆਪਣੇ ਗਲ੍ਹ 'ਚ ਪਾ ਹੀ ਲਿਆ ਸੀ। ਪੈਰਾਂ ਹੇਠਲੇ ਸਟੂਲ ਨੂੰ ਇੱਕ ਪਾਸੇ ਵਲ੍ਹ ਨੂੰ ਰੇੜ੍ਹਨ ਹੀ ਲੱਗਾ ਸੀ ਕਿ ਉਸਦੀ ਜਾਗ ਖੁੱਲ੍ਹ ਗਈ ....। ਉਹ ਅਬੜਬਾਹੇ ਉੱਠ ਬੈਠਾ। ਡਰਿਆ-ਘਾਬਰਿਆ। ਭਰ ਸਿਆਲੂ ਰੁੱਤ 'ਚ ਵੀ ਉਸ ਦੀ ਸਾਰੀ ਦੇਹੀ ਸਲਾਭੀ ਪਈ ਸੀ। ਇਹ ਠੰਡਾ ਪਸੀਨਾ ਸੀ ਜਾਂ ਡਰ-ਭੈਅ ਦੀ ਕੋਈ ਅਲਾਮਤ, ਉਸਨੂੰ ਝੱਟ-ਪੱਟ ਕੋਈ ਸਮਝ ਨਾ ਲੱਗੀ, ਉਸਦੇ ਦੋਨੋਂ ਬਾਲ, ਉਸ ਨਾਲ ਜੁੜੇ ਸੁੱਤੇ ਪਏ ਸਨ। ਇਕ ਦੀ ਥਾਂ ਨੇ , ਦੂਜੇ ਦੀ ਲੱਤ ਨੇ ਜਿਵੇਂ , ਉਸਨੂੰ ਨੱਪ ਕੇ ਰੱਖਿਆ ਹੋਵੇ। ਉਸਨੇ ਸਹਿਜ ਨਾਲ ਦੋਨਾਂ ਬਾਲਾਂ ਦੇ ਅੰਗ-ਪੈਰ , ਉਹਨਾਂ ਵਲ੍ਹ ਸਰਕਾਏ। ਕੰਬਦੇ-ਡੋਲਦੇ ਨੇ ਮੁੜ ਐਧਰ-ਓਧਰ , ਉੱਪਰ-ਹੇਠਾਂ ਨਿਗਾਹ ਘੁਮਾਈ। ਡਿੰਮ-ਲਾਈਟ ਬੱਤੀ ਅੱਧ-ਸੁੱਤੀ ਰੌਂਅ 'ਚ ਜਗ ਰਹੀ ਸੀ। ਕਮਰੇ 'ਚ ਖਿੱਲਰੀ ਮੱਧਮ ਜਿਹੀ ਰੌਸ਼ਨੀ ਰੋਜ਼ ਵਾਂਗ ਚੁੱਪ ਸੀ। ਜੇ ਕੋਈ ਹਲਚਲ ਸੀ ਤਾਂ ਉਸਦੇ ਅੰਦਰ। ਉਸਦੀ ਨਿਗਾਹ ਮੁੜ ਸੁਈਸਾਈਡ ਨੋਟ ਤੇ ਟਿਕ ਗਈ। ਇਸ ਅੰਦਰਲੀ ਇਬਾਰਤ ਬੜੇ ਆਰਾਮ ਨਾਲ ਪੜ੍ਹੀ ਜਾ ਰਹੀ ਸੀ। ਉਸਨੇ ਇਕ-ਦੋ ਵਾਰ ਅੱਖਾਂ ਮੁੰਦੀਆਂ ਵੀ। ਵਲ਼-ਵਲ਼ੇਵੇਂ ਭਰੇ ਕਾਗਜ਼ ਤੇ ਉੱਕਰ ਹੋਏ ਵਾਕਾਂ ਤੋਂ ਆਪਣਾ ਆਪ ਪਰ੍ਹਾਂ ਵੀ ਕੀਤਾ। ਪਰ ਇਬਾਰਤੀ ਸ਼ਬਦ ਤਾਂ ਉਸਦੇ ਜ਼ਿਹਨ 'ਚ ਜਿਵੇਂ ਪੱਕੇ ਉੱਕਰੇ ਗਏ ਹੋਣ...ਪਿਆਰੇ ਗੁਰਮੀਤ ਤੇਰੇ ਪਿੱਛੋਂ ਤਾਂ ਪਿਓ ਤੇਰਾ ਪੂਰੀ ਤਰਾਂ ਬੇ-ਲਗਾਮ ਹੀ ਹੋ ਗਿਆ ।ਉਹ ਨਾ ਮੈਨੂੰ ਦਿਨੇ ਚੈਨ ਕਰਨ ਦਿੰਦਾ, ਨਾ ਰਾਤ, ਚੱਤੇ-ਪੈਹਰ ਗਾਲੀ -ਗਲੋਚ , ਵਿੱਚੇ ਮੈਨੂੰ ਵਿੱਚੇ ਮੇਰੇ ਮਾਤਾ-ਪਿਤਾ ਨੂੰ। ਊਂ ਘੱਟ ਤਾਂ ਤੂੰ ਵੀ ਨਹੀਂ ਸੀ ਕੀਤੀ। ਬਹੁਤੀ ਵਾਰ ਬਿਨਾਂ ਕਾਰਨ ਹੀ ਝਿੜਕ ਦਿਆ ਕਰਦਾ ਸੀ ਮੈਨੂੰ। ਉਹ ਵੀ ਸਭ ਦੇ ਸਾਹਮਣੇ। ਏਦ੍ਹੇ ਨਾਲ ਤੇਰੇ ਪਿਓ ਨੂੰ ਹੋਰ ਵੀ ਖੁੱਲ੍ਹ ਮਿਲਦੀ ਗਈ। ਤੇਰੇ ਡੁੱਬਈ ਜਾਣ ਪਿੱਛੋਂ ਤਾਂ ਉਹਨੇ ਸਿਰਾ ਹੀ ਲਾ ਦਿੱਤਾ। ਹਰ ਟੈਮ ਗੰਦੀਆਂ-ਮੰਦੀਆਂ ਊਝਾ ।ਆਖਿਰ ਕਿੰਨ੍ਹਾਂ ਕੁ ਸਬਰ ਕਰਦੀ। ਆਪਣੇ ਵੱਲੋਂ ਮੈਂ ਪੂਰੇ ਯਤਨ ਕੀਤੇ। ਦੋਨਾਂ ਬੱਚਿਆਂ ਨੂੰ ਨਾਲ ਲੈ ਜਾਣ ਦੀਆਂ ਵਿਉਤਾਂ ਵੀ ਘੜੀਆਂ। ਸੋਚਿਆ , ਪਿੱਛੋਂ ਰੁਲ੍ਹਦੇ ਨਾ ਫਿਰਨ। ਪਰ, ਹਰ ਵਾਰ ਮੇਰੇ ਹੱਥ ਕੰਬ ਜਾਂਦੇ ਰਹੇ। ਅੰਗ-ਪੈਰ ਥਿੜਕ ਜਾਂਦੇ ਰਹੇ , ਜ਼ਹਿਰ ਦੇਣ ਲੱਗਿਆ ... ਇਹਨਾਂ ਦੀ ਸਾਂਭ -ਸੰਭਾਲ ਹੁਣ ਤੇਰੇ ਜੁੰਮੇਂ। ਮੇਰੀ...ਆਖ਼ਰੀ ਸਾ-ਸਰੀ-ਕਾਲ !'

ਇਹ ਗਿਣਵੇ-ਚੁਣਵੇਂ ਸ਼ਬਦ ਉਸਨੂੰ ਮੁੜ ਅੰਦਰ ਤੱਕ ਹਿਲੂਣ ਗਏ ,... ਐਹੋ ਜਿਹੇ ਭਾਵ ਤਾਂ ਰਤਨੀ ਪਹਿਲਾਂ ਵੀ ਪ੍ਰਗਟਾਉਂਦੀ ਰਹੀ ਸੀ। ਉਸਦੇ ਮਾਂ-ਪਿਓ ਸਮੇਤ ਉਸਨੂੰ ਜਿਵੇਂ ਉਲ੍ਹਾਮਾਂ ਦਿੰਦੀ ਰਹੀ ਸੀ, ਉਹ ਬਿਨਾਂ ਝਿਜਕ ਆਖ ਦਿਆ ਕਰਦੀ ਸੀ- 'ਮੈਨੂੰ ਲੱਗਦਾ ਮੇਰੀ ਸ਼ਕਲ-ਸੂਰਤ ਤੈਨੂੰ ਪਸੰਦ ਨਈਂ। ਨਾ ਮੇਰਾ ਰੰਗ-ਰੂਪ ਨਿੱਖਰਵਾਂ, ਨਾ ਨੈਣ-ਨਕਸ਼ ਤਿੱਖੇ। ਜਿਹੋ ਜਿਹਾਂ ਦੀ ਲਾਲਸਾ ਹੁੰਦੀ ਐ ਮਰਦਾਂ ਨੂੰ ।ਮੈਨੂੰ ਪਹਿਲੀ ਵਾਰ ਦੇਖ ਕੇ ਵੀ ਤੈਨੂੰ ਭਾਮੇਂ ਝੱਟਕਾ ਵੀ ਲੱਗਾ ਹੋਵੇ। ਤਾਂ ਵੀ , ਤੂੰ ਕਦੇ ਐਹੋ ਜਿਹੇ ਹਾਵ ਭਾਵ ਚਿਤਾਰ



ਕੇ ਮੈਨੂੰ ਤੰਗ ਪ੍ਰੇਸ਼ਾਨ ਨਹੀਂ ਸੀ ਕੀਤਾ। ਨਾ ਹੀ ਮੇਰੇ ਮਾਤਾ ਪਿਤਾ ਨੂੰ ਨਾ ਭਰਾ ਨੂੰ ਭੈੜਾ-ਚੰਗਾ ਬੋਲਿਆ ਸੀ। ਹਾਂ , ਵਿਚਵਾਰ ਐਨਾ ਕੁ ਜ਼ਰੂਰ ਕਹਿੰਦਾ ਰਿਹਾ ਸੀ - 'ਹੱਡਾਂ-ਪੈਰਾਂ ਤੋਂ ਜਿੰਨੇ ਮੋਕਲ੍ਹੇ ਆ ਦੋਨੋਂ , ਕੰਮਕਾਰ ਨੂੰ ਓਨੇ ਈ ਨਿਪੈਥਰ। ਸਾਰਾ ਦਿਨ ਲੱਤਾਂ ਪਸਾਰ ਕੇ ਬੈਠੇ ਰਹਿੰਦੇ ਆ ਖੋਖੇ ਤੇ। ਸਾਹਮਣਿਓਂ ਲੰਘਦੀਆਂ ਮੋਟਰਾਂ-ਗੱਡੀਆਂ ਦੇਖੀ ਗਿਣੀ ਜਾਂਦੇ ਆ। ਪੈਂਚਰ ਕੇੜਾ ਹਰ ਟੈਅਰ ਨੂੰ ਪੱਕਾ ਚਿੰਮੜਿਆ ਹੁੰਦਾ। ਦਿਨ 'ਚ ਪੰਜ-ਸੱਤ ਆ ਵੀ ਜਾਣ ਤਾਂ ਵੀ ਕੇੜ੍ਹਾ ਹਜ਼ਾਰ ਰੁਪਿਆ ਬਨਣਾ ਹੁੰਦਾ ....।'

ਇਸ ਪੱਖੋਂ ਪੂਰਾ ਸਹੀ ਸੀ ਤੂੰ। ਮੈਂ ਤੇਰੀ ਹਰ ਗੱਲ ਬੜੇ ਧਿਆਨ ਨਾਲ ਸੁਣਦੀ।

.. ਦੋਨਾਂ ਬਾਲਾਂ ਵਿਚਕਾਰ ਬੈਠੇ ਗੁਰਮੀਤ ਨੂੰ ਲੱਗਾ, ਜਿਵੇਂ ਨਾਲ ਦੇ ਮੰਜੇ ਤੇ ਲੇਟੀ ਰਤਨੀ ਉਸਦੀ ਬਾਤ-ਚੀਤ ਦੀ ਭਾਗੀਦਾਰ ਬਣੀ, ਆਪਣੇ ਥੁੜ੍ਹਾਂ ਮਾਰੇ ਘਰ ਬਾਰੇ ਦੱਸਦੀ ਆਖ ਰਹੀ ਹੈ -'ਐਨੇ ਕੁ ਨਾਲ ਤਾਂ ਚੁੱਲ੍ਹਾ-ਚੌਂਕਾ ਵੀ ਮਸਾਂ, ਪੂਰਾ ਹੁੰਦਾ ਸੀ, ਹਰ-ਰੋਜ਼ ਖੋ-ਪੀਏ ਤੱਕ ਅਸੀਂ ਉਹਨਾਂ ਨੂੰ ਕੰਮ ਤੇ ਗਿਆ ਨੂੰ ਉਡੀਕਦੀਆਂ। ਵਿਚ-ਵਾਰ ਸਾਨੂੰ ਕਿਲੋ-ਦੋ-ਕਿਲੋ ਆਟਾ ਤੱਕ ਵੀ ਨਸੀਬ ਨਾ ਹੁੰਦਾ। ਸਭ ਨੂੰ ਭੁੱਖੇ ਢਿੱਡ ਹੀ ਸੋਣਾ ਪੈਂਦਾ। ਉਸ ਦਿਨ ਮਾਤਾ ਸਾਡੀ ਬੇ-ਹੱਦ ਝੂਰਦੀ। ਐਹੋ ਜਿਹੇ 'ਚ ਭਲਾ ਕੀ ਸੋਰਨਾ ਸੀ ਸਾਡਾ ਦੋਨਾਂ ਭੈਣਾਂ ਦਾ ! ਨਾ ਸੀਣ ਪ੍ਰੋਣ ਵਰਗੇ ਘਰੇਲੂ ਕੰਮ 'ਚ ਹੱਥ ਸਿੱਧੇ ਹੋਏ , ਨਾ ਚਾਅ ਨਾਲ ਪੜ੍ਹ ਸਕੀਆਂ। ਸਕੂਲ ਇਕ ਤਰਾਂ ਨਾਲ ਘਰੇ ਈ ਸੀ ਸਾਡੇ। ਛੋਟਾ ਵੀ ਤੇ ਵੱਡਾ ਵੀ। ਕੰਧ-ਜੁੜਵੀਂ ਸਾਂਝ। ਮਾਸਟਰ ਬਥੇਰਾ ਕਹਿੰਦੇ ਰਹੇ , ਮਾਂ-ਪਿਓ ਨੂੰ ਬਥੇਰਾ ਸਮਝਾਉਂਦੇ ਰਹੇ-ਕੁੜੀਆਂ ਤੁਆਡੀਆਂ ਸਮਝਦਾਰ ਐ, ਹੁਸ਼ਿਆਰ ਆ ਸਾਰੇ ਕੰਮੀਂ। ਕਿਤਾਬੀ ਪੜ੍ਹਾਈ ਤੋਂ ਇਲਾਵਾ ਸਕੂਲ ਨੂੰ ਸੁਆਰਨ-ਸਜਾਉਣ 'ਚ ਵੀ ਇਕ ਦੂਜੀ ਤੋਂ ਮੂਹਰੇ ਹੁੰਦੀਆਂ। ਇਹਨਾਂ ਨੂੰ ਹੋਰ ਪੜ੍ਹਾਓ, ਕਿਸੇ ਸਿਰੇ ਲੱਗਣਗੀਆਂ। ਅੜੀ-ਥੁੜੀ ਨੂੰ ਅਸੀਂ ਹਾਜ਼ਰ ਆਂ। ਬਣਦੀ-ਸਰਦੀ ਸਹਾਇਤਾ ਜ਼ਰੂਰ ਕਰਾਂਗੇ। ਪਰ ਜੀਈ ਕਿੱਥੇ ...! ਘਰ ਦੇ ਤਾਂ ਸਾਨੂੰ ਘਰੋਂ ਕੱਢਣ ਲਈ ਕਾਹਲੇ ਪੈ ਗਏ ਸਨ , ਨਿਆਣੀ ਉਮਰ ਹੀ , ਉਹਨਾਂ ਨੂੰ ਜਿਹੋ ਜਿਹੇ ਵੀ ਮੁੰਡੇ ਲੱਭੇ, ਸਾਨੂੰ ਦੋਨਾਂ ਨੂੰ ਅੱਗੜ ਪਿੱਛੜ ਗਲੋਂ ਲਾਹ ਦਿੱਤਾ। ਦੀਪੀ ਲਈ ਰਾਜ-ਮਿਸਤਰੀ ਲੱਭ ਤਾ ਤੇ ਮੈਨੂੰ...ਮੈਨੂੰ ਤੁਆਡੇ ਘਰ ਤੋਰ ਦਿੱਤਾ। ਅੱਗੇ ਤੁਸੀ ! ਤੁਆਡਾ ਟੱਬਰ ...!?

ਰਤਨੀ ਵੱਲੋਂ ਕਈ ਵਾਰ ਪ੍ਰਗਟ ਕੀਤਾ ਗਿਲਾ ਗੁਰਮੀਤ ਨੂੰ ਇਸ ਵਾਰ ਪੂਰੀ ਤਰ੍ਹਾਂ ਝੰਜੋੜ ਗਿਆ। ਉਸ ਨੇ ਮੁੜ ਸੱਜੇ ਹੱਥ ਦੇਖਿਆ -ਓਥੇ ਨਾ ਕੋਈ ਮੰਜਾ ਸੀ , ਨਾ ਬਿਸਤਰਾ। ਨਾ ਰਤਨੀ ਸੀ , ਨਾ ਕੋਈ ਆਵਾਜ਼-ਸੁਰ। ਜਿਹੜੀ ਹੁਣੇ-ਹੁਣੇ ਉਸਦੇ ਕੰਨਾਂ ਵਿੱਚ ਗੂੰਜ ਰਹੀ ਸੀ। ਸਭ ਕੁਝ ਉਸੇ ਤਰਾਂ ਸੀ ਜਿਵੇਂ ਦਾ ਨੀਂਦ ਦੀ ਝੱਪਕੀ ਆਉਣ ਤੋਂ ਪਹਿਲਾਂ। ਉਸ ਸਮੇਤ ਛੱਤਾਂ-ਕੰਧਾਂ ਜਿਵੇਂ ਸੁੰਨ-ਸਮਾਧੀ ਅੰਦਰ ਲਹਿ ਗਈਆਂ ਸਨ। ਡਿੰਮ-ਲਾਈਟ ਬੱਤੀ ਅੱਧ-ਸੁੱਤੀ ਰੌਂਅ 'ਚ ਜੱਗਦੀ ਹਰ-ਰੋਜ਼ ਵਾਂਗ ਚੁੱਪ ਸੀ। ਜੇ ਕੋਈ ਹਲਚਲ ਸੀ ਤਾਂ ਗੁਰਮੀਤ ਦੇ ਅੰਦਰ। ਉਸਦੇ ਚੇਤਨ ਅਵਚੇਤਨ ਨਾਲ ਲਿਪਟੀ-ਉਸ ਨੂੰ ਅਜੇ ਤੱਕ ਦਿੱਸੀ ਜਾਂਦਾ ਛੱਤ-ਪੱਖਾਂ। ਪੱਖੇ ਨਾਲ ਲਟਕਦੇ ਰੱਸੇ ਦਾ ਹੇਠਲਾ ਸਿਰਾ। ਹੇਠਲੇ ਸਿਰੇ ਨੂੰ ਦਿੱਤੀ ਗੋਲ੍ਹ-ਗੰਢ, ਜਿਹੜੀ ਉਸਦੀ ਧੌਣ ਦੁਆਲੇ ...! ਉਸਨੂੰ ਲੱਗਾ-ਰਤਨੀ ਨੂੰ ਸਲਫਾਸ ਨਿਗਲਣ ਤੋਂ ਪਹਿਲਾਂ ਐਹੋ-ਜਿਹਾ ਡਰਾਉਣਾ ਸੁਪਨਾ ਜ਼ਰੂਰ ਆਇਆ ਹੋਵੇਗਾ। ਉਹ ਵੀ ਜੀਣ ਦੇ ਹੱਕ ਤੋਂ ਵਾਂਝਾ ਹੋਣ ਤੋਂ ਪਹਿਲਾਂ ਜ਼ਰੂਰੀ ਡਰੀ-ਘਾਬਰੀ ਹੋਵੇਗੀ। ਪਰ....ਪਰ ਹਾਲਾਤ ਜਿਵੇਂ ਉਸਦੀ ਦਲੇਰੀ ਸਾਹਮਣੇ ਛਿੱਥੇ ਪੈ ਗਏ ਹੋਣ। ਉਹ ਡੋਲੀ-ਥਿੜਕੀ ਨਾ ! ਤੇ...ਤੇ...!!

ਦੋਨਾਂ ਬੱਚਿਆਂ ਨੂੰ ਪਤਲੀ ਜਿਹੀ ਚਾਦਰ ਨਾਲ ਢੱਕ ਕੇ ਉਸਨੇ ਮੰਜੇ ਤੋਂ ਉੱਠ ਲਾਗੇ ਪਈ ਕੁਰਸੀ ਤੇ

ਬੈਠ ਕੇ ਨੀਵੀਂ ਪਾ ਲਈ। ਉਸਦੀ ਸੁਰਤੀ ਮੁੜ ਮੌਤ-ਪੱਤਰੇ ਦੀ ਆਬਾਰਤ ਅੰਦਰ ਸੀ... ਗੰਦੀਆਂ-ਮੰਦੀਆਂ ਊਝਾਂ !? ਗੰਦੇ-ਮੰਦੇ ਸ਼ਬਦ ਤਾਂ ਉਸਦੇ ਪਿਓ ਦੀ ਆਮ ਬਾਤ-ਚੀਤ ਅੰਦਰ ਵੀ ਸ਼ਾਮਿਲ ਰਹੇ ਸਨ। ਉਸਨੂੰ ਸਮਝ ਨਹੀਂ ਸੀ ਪੈਂਦੀ ਕਿ ਉਹ ਘਰ ਬੈਠਾ ਐ ਜਾ ਬਾਹਰ ।ਆਪਣੀ ਸ਼ਾਪ 'ਚ ਬੈਠਾ ਐ , ਜਾਂ ਹੋਰ ਕਿਸੇ ਭੈੜੀ-ਅਵੈੜੀ ਥਾਂ ਤੇ।ਉਸਦੀ ਵੈਲਡਿੰਗ-ਸ਼ਾਪ ਦੇ ਸਾਰੇ ਕਾਮੇਂ ਵੀ ਇਕੋ ਰੱਸੇ ਬੱਝੇ ਰਹਿੰਦੇ ।ਨਾ ਕੋਈ ਛੋਟਾ ਬੱਚਦਾ ਨਾ ਵੱਡਾ। ਨਾ ਕਾਰੀਗਰ ਬਚਦਾ , ਨਾ ਹੈਲਪਰ ।ਉਸਦੇ ਅਵੈੜਪੁਣੇ ਤੋਂ ਤੰਗ ਪਿਆ ਕੋਈ ਵੀ ਸੋਝੀਵਾਨ ਕਾਮਾਂ ਕਦੀ ਬਹੁਤਾ ਸਮਾਂ ਉਸ ਪਾਸ ਨਹੀਂ ਸੀ ਟਿਕਿਆ। ਉਸਦਾ ਸਮਾਂ ਗਤੀ, ਫੜਦਾ ਕੰਮਕਾਰ ਮੁੜ ਲੁੜਕ ਜਾਂਦਾ ਰਿਹਾ।ਐਹੋ ਜਿਹੇ ਕਈ ਸਾਰੇ ਝੱਟਕੇ ਲੱਗਣ ਪਿੱਛੋਂ ਵੀ ਨਾ ਉਸਦੀ ਬੋਲਬਾਣੀ ਸੁੱਧਰੀ , ਨਾ ਆਦਤ ਬਦਲੀ। ਜੇ ਥੋੜਾ ਕੁਝ ਬਦਲਿਆ ਵੀ , ਉਹ ਵੀ ਵਰਕਸ਼ਾਪ ਤੱਕ ਹੀ ਸੀਮਤ ਰਿਹਾ। ਘਰ ਪੁੱਜੇ ਤੇ ਫਿਰ ਉਹੀ ਹਾਲ। ਉਹੀ ਗੰਦੇ -ਮੰਦੇ ਸ਼ਬਦ... ਇਹ ਗੰਦੇ-ਮੰਦੇ ਸ਼ਬਦ ਗੰਦੀਆਂ-ਮੰਦੀਆਂ ਊਂਝਾ 'ਚ ਕਿਉਂ ਤਬਦੀਲ ਹੋ ਗਏ !? ਕੀ ਸੱਚ-ਮੁੱਚ ਕੋਈ ਮਾੜੀ-ਚੰਗੀ ਹਰਕਤ ਦਿਸੀ ਸੀ ਉਸਨੂੰ ਰਤਨੀ ਦੀ !! ... ਨਹੀਂ ਇਹ ਨਹੀਂ ਹੋ ਸਕਦਾ। ਇਵੇਂ ਦੀ ਕੋਈ ਹਰਕਤ ਕਰਨੀ ਤਾਂ ਇਕ ਪਾਸੇ ਰਹੀ, ਉਹ ਤਾਂ ਇਸ ਵੰਨੀ ਤੁਰਨ ਦਾ ਸੋਚ ਵੀ ਨਹੀਂ ਸੀ ਸਕਦੀ।

ਏਨਾਂ ਕੁ ਤਾਂ ਦਾਅਵੇ ਨਾਲ ਕਹਿ ਸਕਦਾ ਸੀ ਉਹ !

ਰਤਨੀ ਨੂੰ ਦੋਸ਼-ਮੁਕਤ ਕਰਕੇ ਉਸਦੀ ਸੁਰਤ ਮੁੜ ਆਪਣੇ ਪਿਓ ਨਾਲ ਜੁੜ ਗਈ... ਇਉਂ ਦੀ ਤੋਹਮਤ-ਬਾਜ਼ੀ ਉਸਦੀ ਤਾਂ ਆਮ ਬੋਲ-ਚਾਲ ਦਾ ਹਿੱਸਾ ਰਹੀ ਸੀ , ਮੁੱਢ-ਸ਼ੁਰੂ ਤੋਂ ।ਨਿੱਕੇ ਹੁੰਦੇ ਤੋਂ ਸੁਣਦਾ -ਸਹਾਰਦਾ ਆਇਆ ਸੀ। ਵਿਚ ਵਾਰ ਸਕੂਲੋਂ ਪਛੜ ਕੇ ਘਰ ਤੇ ਘਰੋਂ ਵਰਕਸ਼ਾਪ ਪੁੱਜੇ ਨੂੰ , ਉਹ ਅਜੀਬ ਜਿਹੀ ਭਾਸ਼ਾ ਬੋਲਦਾ ਰਿਹਾ। ਜਿਸਦੀ ਸਮਝ ਉਸਨੂੰ ਅੱਠਵੀਂ ਜਮਾਤ ਪਾਸ ਕਰਕੇ ਕਿੱਧਰੇ ਲੱਗੀ। ਨੌਵੀਂ ਜਮਾਤ 'ਚ ਦਾਖ਼ਲ ਹੋਇਆ ਉਹ ਥੋੜਾ ਬਣ-ਸੰਵਰ ਕੇ ਸਕੂਲ ਜਾਣ ਲੱਗਾ, ਤਾਂ ਪਿਓ ਨੇ ਨਵਾਂ ਹੀ ਹੁਕਮ ਚਾੜ੍ਹ ਦਿੱਤਾ - 'ਕੱਲ੍ਹ ਤੋਂ ਸੜਾ-ਸਕੂਲ ਬੰਦ, ਬੰਦਾ ਬਣ ਤੇ ਕੰਮ-ਕਾਰ ਸਿੱਖ। ਐਮੇਂ ਕਾਰਟੂਨ ਬਣਿਆ ਰਹਿੰਨਾ ...' ਥੋੜਾ ਕੁ ਸੁਰਤ ਸਿਰ ਹੋਏ ਗੁਰਮੀਤ ਤੇ ਉਸ ਦਿਨ ਜਿਵੇਂ ਇਕੋ ਵਾਰਗੀ ਵੱਡਾ-ਭਾਰਾ ਪਹਾੜ ਡਿੱਗ ਪਿਆ। ਇਕ ਪਾਸੇ ਸਕੂਲ ਹਰਮਜੋਲੀਆਂ ਨਾਲ ਹਾਸਾ -ਠੱਠਾ, ਖੇਲ-ਮਖੌਲ, ਦੂਜੇ ਪਾਸੇ ਵੈਲਡਿੰਗ-ਸ਼ਾਪ ਦੀ ਕੈਦ-ਬੰਦੀ। ਪਿਓ ਦੀ ਹਰ ਵੇਲੇ ਦੀ ਝਾੜ-ਝੰਭ। ਜਿਸ ਤੋਂ ਬਚਣ ਲਈ ਉਸਨੇ ਪੂਰੀ ਲਗਨ ਨਾਲ ਅੱਠ ਜਮਾਤਾਂ ਪਾਸ ਕੀਤੀਆਂ ਸਨ। ਹੋਰ ਵੱਡੀ ਪੜ੍ਹਾਈ ਕਰਕੇ ਪੈਰਾਂ ਸਿਰ ਹੋਣ ਦੀ ਤਰਕੀਬ ਭਾਵੇਂ ਉਸਦੀ ਸਮਝ ਦਾ ਹਿੱਸਾ ਨਹੀਂ ਸੀ ਬਣੀ ਅਜੇ , ਤਾਂ ਵੀ ਸਕੂਲੀ ਹਮਜ਼ੋਲੀਆਂ ਨਾਲ ਨਿੱਤ-ਦਿਨ ਹੁੰਦਾ ਖੁੱਲ੍ਹਾ-ਡੁੱਲ੍ਹਾ ਮੇਲ-ਮਿਲਾਪ ਇਕ ਤਰਾਂ ਨਾਲ ਪਿਓ ਦੇ ਰੁੱਖੇਪਨ ਤੋਂ ਕਿੰਨਾ ਸਾਰਾ ਸਮਾਂ ਬਚੇ ਰਹਿਣ ਦਾ ਵਸੀਲਾ ਜ਼ਰੂਰ ਬਣਦਾ ਰਿਹਾ ਸੀ।

ਪਿਓ ਦੇ ਅਵੈੜੇ ਸੁਭਾ ਨੇ ਇਹ ਵਸੀਲਾ ਵੀ ਉਸ ਤੋਂ ਖੋਹ ਲਿਆ। ਅਗਲੇ ਦਿਨਾਂ 'ਚ ਉਹ ਵੈਲਡਿੰਗ-ਸ਼ਾਪ ਦਾ ਸਿਖਾਂਦਰੂ ਹੈਲਪਰ ਸੀ। ਹੁਕਮ-ਅਦੂਲੀ ਕਰਨ ਦੀ ਹਿੰਮਤ ਨਾ ਉਸ ਵਿੱਚ ਸੀ , ਨਾ ਉਸਦੀ ਮਾਤਾ 'ਚ।

ਵਰ੍ਹੇ-ਦੋ-ਵਰ੍ਹਿਆਂ ਅੰਦਰ ਹੀ ਉਸਦੀ ਕੰਮ ਕਾਜੀ ਲਗਨ, ਉਸਦੀ ਪਿੱਠ ਤੇ ਖੜੋਕੇ , ਉਸਨੂੰ ਇਕ ਹੁਨਰਮੰਦ ਕਾਮੇਂ ਵਜੋਂ ਉੱਭਰਦਾ ਕਰ ਗਈ। ਬਹੁਤੇ ਗਾਹਕ ਹੁਣ ਕੰਮ-ਕਾਰ ਸਬੰਧੀ ਪਿਓ ਨਾਲੋਂ ਵੱਧ ਉਸ ਨਾਲ ਬਾਤ-ਚੀਤ ਕਰਦੇ। ਉਸਨੂੰ ਆਪਣੀ ਮੰਗ ਨੋਟ ਕਰਵਾਉਂਦੇ ਪਰ, ਅੜੀਅਲ ਪਿਓ ਦੀ ਮਿੱਟੀ ਤੋਂ ਇਹ ਕੁਝ ਵੀ ਬਰਦਾਸ਼ਤ ਨਾ ਹੋਇਆ।ਆਨੀ -ਬਹਾਨੀ , ਆਪਣੇ ਪਰਾਏ ਸਾਹਮਣੇ ਉਸਦੀ ਝਾੜ-ਝੰਭ ਕਰਨੋਂ ਵੀ ਗੁਰੇਜ਼ ਨਾ ਕਰਦਾ। ਹਾਰ ਕੇ ਉਸ ਨੇ ਵੀ ਪੈਂਤੜਾ ਬਦਲ ਲਿਆ।ਅੱਕੇ-ਥੱਕੇ ਨੇ ਪਿਓ ਦੀ ਪ੍ਰਵਾਹ ਕਰਨੀ ਬੰਦ ਕਰ ਦਿੱਤੀ। ਉਸਦੇ ਆਖੇ-ਬੋਲੇ ਨੂੰ ਗੌਲਣਾ ਬੰਦਾ ਕਰ ਦਿੱਤਾ। ਇਉਂ ਟਕਰਾਅ ਵਧਣਾ ਸੀ,

ਹੋਰ ਵਧਿਆ। ਉਸ ਨੂੰ ਕਾਬੂ ਹੇਠ ਰੱਖਣ ਲਈ ਪਿਓ ਨੇ ਇਕ ਪੁਰਾਣੇ ਮੇਲੀ-ਗੇਲੀ ਦੀ ਲੜਕੀ ਨਾਲ ਉਸਦੀ ਸ਼ਾਦੀ ਕਰ ਦਿੱਤੀ। ਰਤਨੀ ਉਸਦੇ ਘਰ ਆਈ , ਤਾਂ ਹਾਲਤ ਬਹੁਤੇ ਨਾ ਸੁੱਧਰੇ। ਝੰਜਟ-ਝਮੇਲਾ ਇਕਹਿਰੇ ਦੀ ਥਾਂ ਦੋਹਰਾ ਹੁੰਦਾ ਗਿਆ। ਸਾਰੇ ਜੀਅ ਆਪਣੀ ਆਪਣੀ ਥਾਂ ਦੁਖੀ-ਦੁਖੀ ਵੀ ਤੇ ਔਖੇ ਵੀ। ਇਸ ਔਖ-ਮੁਸ਼ਕਲ ਤੋਂ ਬਚਣ ਲਈ ਉਸਨੇ ਘਰ-ਪਿੰਡ ਰਹਿਣ ਦੀ ਥਾਂ, ਡੁੱਬਈ ਜਾਣ ਦੀ ਤਰਤੀਬ ਸੋਚ ਲਈ। ਤਰਕੀਬ ਪੰਜ-ਸੱਤ ਸਾਲ ਕਾਮਯਾਬ ਹੀ ਰਹੀ। ਪਰ, ਇਸ ਵਾਰ ਉਸਦੀ ਘਰੋਂ ਗੈਰਹਾਜ਼ਰੀ ਨੇ ਉਸਨੂੰ ਜਿਵੇਂ ਬੇਆਬਾਦ ਜੂਹ 'ਚ ਸੁੱਟ ਦਿੱਤਾ ਹੋਵੇ। ਉਸਨੂੰ ਖੜ੍ਹੇ-ਪੈਰ ਕਿਸੇ ਰਾਹ-ਰਸਤੇ ਦੀ ਝਲਕ ਦਿਖਾਈ ਨਾ ਦਿੱਤੀ। ਦਿਨ ਢਲਦਿਆਂ-ਕਰਦਿਆਂ ਰਤਨੀ ਦਾ ਅਫ਼ਸੋਸ ਕਰਨ ਆਈ ਬੁੱਢੀ ਮਾਈ ਧਰਮੀ ਨੇ ਆਉਂਦਿਆਂ ਸਾਰ ਉਸਨੂੰ ਰਹਿੰਦਾ ਵੀ ਨਿਢਾਲ ਕਰ ਦਿੱਤਾ -ਦੇਖ ਲਾਅ ਪੁੱਤ, ਪੇਏ ਤੇਰੇ ਦੀ ਕਰਤੂਰ , ਐਉਂ ਤਾਂ ਕੋਈ ਸੱਤ-ਪਰਾਇਆ ਨੀ ਕਰਦਾ... ਪਤਾ ਲੱਗ ਗਿਆ ਹੋਣਾ ਤੈਨੂੰ..! ਸਵੇਰ ਸਾਰ ਤੋਂ ਗੁਰਮੀਤ ਕੰਨੀ ਪੈਂਦੀ ਰਹੀ ਘੁਸਰ-ਮੁਸਰ, ਧਰਮੀ ਮਾਈ ਨੇ ਬਿਨਾਂ ਕਿਸੇ ਲੱਗ-ਲਿਬੇੜ ਦੇ ਸਾਰੀ ਦੀ ਸਾਰੀ ਉਸ ਤੱਕ ਅੱਪੜਦੀ ਕਰ ਦਿੱਤੀ

.... ਚਾਨਚੱਕ ਆ ਡਿੱਗੇ 'ਕਤਲ-ਕੇਸ' ਤੋਂ ਬਚਣ ਲਈ ਉਸਦੇ ਪਿਓ ਨੇ ਰਤਨੀ ਦੀ ਮਿੱਟੀ ਝੱਟ-ਪੱਟ ਸਮੇਟ ਲਈ ਸੀ। ਦੋਨਾਂ ਬਾਲਾ ਦੀ ਸਕੂਲ-ਵੈਨ ਸ਼ਹਿਰੋਂ-ਮੁੜਨ ਤੋਂ ਪਹਿਲਾਂ ਪਹਿਲਾਂ ।ਅੰਤਮ ਕਿਰਿਆ ਤੋਂ ਬਾਲਾਂ ਨੂੰ ਜਾਣ-ਬੁਝ ਕੇ ਦੂਰ ਰੱਖਿਆ ਗਿਆ। ਮਤੇ , ਗੁਪਤ ਰੱਖੀ ਕਾਰਵਾਈ ਉਹ ਭੋਲੇ-ਭਾਅ ਹੀ ਨਾ ਕਿਸੇ ਸਾਹਮਣੇ ਨੰਗੀ ਕਰ ਦੇਣ। ਤੀਜੇ ਪਹਿਰ ਘਰ ਪੁੱਜੇ ਬੱਚੇ , ਹੋਏ ਵਾਪਰੇ ਤੋਂ ਬੇ-ਖ਼ਬਰ , ਡੌਰ-ਭੌਰ ਹੋਏ ਮੰਮੀ ਨੂੰ ਐਧਰ-ਓਧਰ ਲੱਭਦੇ ਰਹੇ। ਪਰ , ਛੇਤੀ ਹੀ ਉਹਨਾਂ ਨੂੰ 'ਮੱਮੀ ਨਾਨਕੇ ਪਿੰਡ ਗਈ ਐ' ਕਹਿ ਕੇ ਪਤਿਆ ਲਿਆ ਗਿਆ। ਬੱਚੇ ਜਾਣਦੇ ਸਨ ਕਿ ਉਹ ਪਹਿਲਾਂ ਵੀ ਜਾਂਦੀ ਰਹੀ ਸੀ ਮਿਰਜ਼ਾਪੁਰ। ਕਦੀ ਦੱਸ ਕੇ , ਕਦੀ ਬਿਨਾਂ ਦੱਸੇ। ਕਦੀ ਇਕੱਲੀ , ਕਦੀ ਉਹਨਾਂ ਨੂੰ ਨਾਲ ਲੈ ਕੇ। ਉਹ ਇਹ ਵੀ ਜਾਂਦੇ ਸਨ ਕਿ ਘਰ 'ਚ ਆਮ-ਕਮਰੇ ਹੁੰਦੀ ਰਹੀ ਟੋਕਾ -ਟਿਕਾਈ ਤੋਂ ਅੱਕੀ-ਥੱਕੀ ਉਹ ਪੰਦਰੀ-ਵੀਹੀਂ ਦਿਨੀਂ ਮਿਰਜ਼ਾਪੁਰ ਜਾਣ ਲਈ ਤਰਲੋ-ਮੱਛੀ ਹੋਣ ਲੱਗਦੀ ਸੀ। ਪਰ, ਉਹ ਇਹ ਨਹੀਂ ਸੀ ਜਾਣਦੇ ਕਿ ਉਹਨਾਂ ਦੇ ਨਾਨਕੇ -ਘਰ ਪੁੱਜ ਕੇ ਮੰਮੀ ਰੋਂਦੀ ਕਿਉਂ ਐ। ਪਹਿਲਾਂ ਨਾਨੀ ਗਲ੍ਹ ਲੱਗ ਕੇ , ਫਿਰ ਦੀਪੀ ਨਾਲ ਚਿਪਕ ਕੇ। ਹਰ ਵਾਰ ਮਿਰਜ਼ਾਪੁਰ ਗਿਆ ਨੂੰ ਉਹਨਾਂ ਨੂੰ ਦੀਪੀ ਮਾਸੀ ਜ਼ਰੂਰ ਟੱਕਰਦੀ। ਆਸ-ਪਾਸ ਹੁੰਦੀ ਰਹੀ ਬਾਤ-ਚੀਤ ਤੋਂ ਉਹਨਾਂ ਨੂੰ ਛੇਤੀ ਹੀ, ਇਹ ਪਤਾ ਲੱਗ ਗਿਆ ਕਿ ਦੀਪੀ ਮਾਸੀ, ਰਾਜ ਮਿਸਤਰੀ ਪਤੀ ਨੂੰ ਛੱਡ ਆਈ ਐ, ਉਸਦੇ ਅਮਲ-ਵੈਲ ਕਰਕੇ। ਪਰ , ਨਾ ਉਹਨਾਂ ਨੂੰ ਘਰ ਛੱਡਣਾ ਦੀ ਹੁੰਦਾ , ਕੀ ਸਮਝ , ਨਾ ਅਮਲ-ਵੈਲ ਦੀ।

ਰਤਨੀ ਨੂੰ ਸਮਝ ਸੀ ਸਾਰੀ। ਆਪ ਤਾਂ ਭਾਵੇਂ ਉਹ ਬਚੀ ਰਹੀ ਸੀ, ਗੁਰਮੀਤ ਦੇ ਇਸ ਅਲਾਮਤ ਤੋਂ ਦੂਰ ਰਹਿਣ ਕਰਕੇ, ਪਰ ਉਸ ਵਰਗੀ ਅੱਵਲ ਉਸਤੋਂ ਵੀ ਸੂਝਵਾਨ ਵੱਡੀ ਭੈਣ ਦੀਪੀ ਨੂੰ ਬੱਜੇ ਇਸ ਜ਼ਹਿਰੀਲੇ ਡੰਗ ਨੇ ਅੱਧ-ਮੋਇਆ ਕਰ ਛੱਡਿਆ ਸੀ। ਉਸ ਸਮੇਤ ਸਾਰੇ ਟੱਬਰ ਨੂੰ ਸ਼ਰਨ ਆਈ ਧੀ ਨੂੰ ਮਾਂ-ਬਾਪ ਨਾਲ ਜ਼ੋਰ-ਜ਼ਬਰੀ , ਨਾ ਸਮਝਾ ਬੁਝਾ ਕੇ ਵਾਪਿਸ ਸਹੁਰੇ-ਘਰ ਭੇਜਣ ਜੋਗੇ ਸਨ , ਨਾ ਉਸਨੂੰ ਰੱਖਣ-ਸੰਭਾਲਣ ਦਾ ਸਮਰੱਥ ਸੀ, ਉਹਨਾਂ ਪਾਸ। ਉਪਰੋਂ ਪੰਦਰੀਂ-ਵੀਹੀਂ ਦਿਨੀਂ ਕਦੀ ਇਕੱਲੀ ਕਦੀ ਬੱਚਿਆ ਸਮੇਤ ਪੇਕੇ ਘਰ ਪੁੱਜਦੀ ਰਹੀ ਰਤਨੀ ਨੂੰ ਆਪਣਾ ਆਪ, ਆਪਣਾ ਵਜੂਦ ਹੀ ਇਕ ਤਰਾਂ ਨਾਲ ਆਲਤੂ-ਫ਼ਾਲਤੂ ਜਿਹਾ ਲੱਗਣ ਲੱਗਦਾ। ਮਾਂ-ਬਾਪ ਤੇ ਅਣਚਾਹਿਆ ਤਸ਼ੱਦਦ ਕਰਨ ਵਾਲਾ।

ਦੋ-ਚਾਰ ਦਿਨ ਰੁਕ ਕੇ ਉਹ ਮੁੜ ਸੁਹਰੇ-ਘਰ ਪਰਤ ਆਉਣ ਲਈ ਉਤਾਵਲੀ ਹੋ ਜਾਂਦੀ ।ਮਾਸੀ-ਨਾਨੀ ਨਾਲ ਮਸਾਂ ਪਰਚੇ ਬੱਚੇ ਮਜ਼ਬੂਰੀ ਵੱਸ ਆਪਣੇ ਪਿੰਡ ਪਰਤ ਆਉਂਦੇ। ਬਾਲ ਸਨ, ਅੱਲੜ੍ਹ ਸਨ ਜਿਹੋ-ਜਿਹਾ ਦੇਖਦੇ -ਸੁਣਦੇ , ਉਸ ਅਨੁਸਾਰ ਹੀ ਵਿਚਰਦੇ। ਜੋ ਕੁਝ ਵੱਡੇ ਦੱਸਦੇ , ਉਸਨੂੰ ਪੂਰਾ ਸੱਚ ਮੰਨ

ਲੈਂਦੇ। ਉਸ ਦਿਨ ਦਾਦੀ ਆਖੀ 'ਮੰਮੀ ਨਾਨਕੇ ਪਿੰਡ ਗਈ ਐ ' ਨੂੰ ਪੂਰਾ ਸੱਚ ਮੰਨ ਕੇ ਸਵੀਕਾਰ ਕਰ ਲਿਆ। ਪਰ ਰਾਤ ਸਮੇਂ, ਉਸਦੇ ਆਸ-ਪਾਸ ਸੁੱਤਿਆਂ-ਅੱਧ ਸੁੱਤਿਆਂ ਨੂੰ , ਦਾਦੀ ਅੰਦਰੋਂ ਵਾਰ-ਵਾਰ ਨਿਕਲਦੇ ਰਹੇ ਡੂੰਘੇ ਹਓਕਿਆਂ ਦਾ ਸੇਕ , ਉਹਨਾਂ ਨੂੰ ਅਣਕਿਆਸੀ ਉਦਾਸੀ 'ਚ ਘੇਰਦਾ ਰਿਹਾ। ਅਗਲੇ ਦਿਨ ਉਹ ਮੰਮੀ ਨੂੰ ਉਡੀਕਦੇ ਸਕੂਲ ਵੀ ਨਾ ਗਏ। ਸ਼ਾਮ ਕੁ ਵੇਲੇ ਘਰ ਪੁੱਜੇ ਗੁਰਮੀਤ ਨੂੰ ਉਹਨਾਂ ਦੀ ਪਹਿਲੀ ਪੁੱਛ ਮੁੜ ਉਹੀ ਸੀ - 'ਮੰਮੀ ਨਈ ਆਈ ਡੈਡੀ ...?' ਗੁਰਮੀਤ ਅੱਗੇ ਚੁੱਪ। ਕੀ ਦੱਸਦਾ ਬਾਲਾਂ ਨੂੰ ! ਅਜੇ ਤਾਂ ਉਸ ਨੂੰ ਆਪ ਨੂੰ ਵੀ ਪਤਾ ਨਹੀਂ ਸੀ ਲੱਗਾ, ਕਿ ਹੋਇਆ-ਵਾਪਰਿਆ ਕੀ ਐ ! ਰਤਨੀ ਨੇ ਏਨਾ ਡਰਾਉਣਾ ਕਾਰਜ ਕੀਤਾ ਕਿਉਂ ਐ ..!?

ਇਸ ਘਟਨਾ-ਕਰਮ ਦੀ ਸੂਚਨਾ ਉਸਦੇ ਪਿਓ ਨੇ ਨਹੀਂ , ਉਸਦੇ ਜੋਟੀਦਾਰ ਰਹੇ ਵੈਲਡਰ ਨਿੰਮੇਂ ਨੇ ਅੱਪੜਦੀ ਕੀਤੀ ਸੀ ਉਸ ਤੱਕ !

ਅਗਲੀ ਰਾਤ ਬਾਲਾਂ ਨੂੰ ਪਿਆਰਦਾ-ਪਲੋਸਦਾ ਉਹ ਰਤਨੀ ਕਾਰਨ ਪਏ ਖੱਪੇ 'ਚ ਉਲਝਿਆ, ਤਰਲੋ-ਮੱਛੀ ਹੋਇਆ ਰਿਹਾ। ਪਿਓ ਦਾ ਰੰਘੜ-ਪੁਣਾ ਮਾਂ ਦੀ ਬੇ-ਬਸੀ ਉਸਦੇ ਬਾਲਾਂ ਦੀ ਸਾਂਭ-ਸੰਭਾਲ 'ਚ ਵੱਡਾ ਅੜਿੱਕਾ ਬਣੀ, ਉਸ ਦੁਆਲੇ ਲਿਪਟੀ, ਉਸਨੂੰ ਬੀਤੇ ਅਤੀਤ ਨਾਲ ਜੋੜਦੀ ਰਹੀ... ਪੂਰਾ ਯਤਨ ਕਰਨ ਤੇ ਵੀ ਉਹ ਆਪਣਾ ਕੰਮਕਾਰ ਨਾ ਆਪਣੀ ਵੈਲਡਿੰਗ-ਸ਼ਾਪ 'ਚ ਵੱਖਰਾ ਚਲਾ ਸਕਿਆ ਸੀ, ਨਾ ਬੱਸ ਅੱਡੇ ਲਾਗੇ ਨਿੰਮੇਂ ਨਾਲ ਰਲ ਕੇ। ਹਾਰ ਕੇ ਡੁਬਈ ਦੀ ਮੁਸਾਫ਼ਰੀ ਹੀ ਉਸਨੂੰ ਢੁੱਕਵਾਂ ਬਦਲ ਜਾਪੀ। ਪਰ ਹੁਣ ਇਹ ਬਦਲ ਇਕ ਗੰਭੀਰ ਸਮੱਸਿਆ ਵੱਜੋਂ ਉਸ ਦੇ ਸਾਹਮਣੇ ਸੀ। ਬਾਲਾਂ ਨਾਲ ਜੁੜ ਕੇ ਲੇਟੇ ਨੂੰ ਕਦੀ ਉਸਨੂੰ ਨੀਂਦ ਦੀ ਝੱਪਕੀ ਜਿਹੀ ਆਉਂਦੀ ਰਹੀ। ਕਦੀ ਜਾਗੋ -ਮੀਟੀ ਦੀ ਹਾਲਤ 'ਚ ਵਿਚਰਦਾ , ਮੁੜ ਉਸੇ ਵਹਿਣ 'ਚ ਵਹਿੰਦਾ ਰਿਹਾ। ਲਾਚਾਰ ਜਿਹਾ ਹੋਏ ਨੂੰ ਉਸਨੂੰ ਵਿਚ-ਵਾਰ ਲੱਗਦਾ, ਜਿਵੇਂ...' ਹਾਰ-ਥੱਕ ਕੇ ਉਹ ਵੀ ਰਤਨੀ ਦੇ ਪਿੱਛੇ ਜਾਣ ਲਈ ਉੱਠ ਤੁਰਿਆ ਹੈ। ਉਸ ਨੇ ਕੋਈ ਜ਼ਹਿਰੀਲੀ ਸ਼ੈਅ ਪੀਣ-ਨਿਗਲਣ ਦੀ ਬਜਾਏ , ਖਾਸੇ-ਮੋਟੇ ਰੱਸੇ ਦਾ ਇਕ ਸਿਰਾ ਛੱਤ ਪੱਖੇ ਨਾਲ ਬੰਨ ਲਿਆ ਹੈ। ਰੱਸੇ ਦੇ ਦੂਜੇ ਸਿਰੇ ਨੂੰ ਦਿੱਤੀ ਗੋਲ ਗੰਢ ਆਪਣੇ ਗਲ੍ਹ 'ਚ ਪਾਉਣ ਲਈ ਉਹ ਸਟੂਲ ਤੇ ਚੜ੍ਹ ਖਲੋਇਆ ਹੈ , ਸਭ ਕੁਝ ਠੀਕ-ਠਾਕ ਹੋਇਆ ਜਾਂਚ ਕੇ ਉਸ ਨੇ ਪੈਰਾਂ ਹੇਠਲੇ ਸਟੂਲ ਨੂੰ ਠੋਕਰ ਮਾਰ.... ।

ਉਹ ਤ੍ਰਬਕ ਕੇ ਉੱਠਿਆ ਸੀ, ਆਸ-ਪਾਸ ਦੇਖਿਆ ਸੀ। ਆਸ-ਪਾਸ ਸਭ ਕੁਝ ਸਹਿਜ ਸੀ ਜੇ ਕੁਝ ਅਸਹਿਜ ਸੀ ਤਾਂ ਉਸਦਾ ਆਪਣਾ-ਆਪ , ਉਸਦਾ ਅੰਦਰ। ਬਾਲਾਂ ਵਿਚਕਾਰੋਂ ਉੱਠ ਕੇ ਕੁਰਸੀ ਤੇ ਬੈਠੇ ਦੀ ਉਸਦੀ ਹਾਲਤ ਹੋਰ ਵੀ ਵਿਚਿਲਤ ਹੁੰਦੀ ਗਈ। ਮਾਤਾ ਵੱਲੋਂ ਪਰਦੇ ਜਿਹੇ ਨਾਲ ਸੌਂਪੇ ਵਲ੍ਹ-ਵਲੇਮੇਂਦਾਰ ਕਾਗਜ਼ ਦੀ ਸੰਖੇਪ ਇਬਾਰਤ ਉਸਨੂੰ ਰਹਿੰਦਾ ਵੀ ਬੇ-ਜਾਨ ਕਰਦੀ ਰਹੀ, ਇਸ ਬੇ-ਚੈਨੀ 'ਚ ਘਿਰੇ ਨੂੰ ਉਸਨੂੰ ਇਕ ਬੱਚੇ ਦੇ ਅਸਪਸ਼ਟ ਜਿਹੇ ਬੋਲ ਸੁਣੇ। ਇਹ ਵੱਡੀ ਬੱਚੀ ਸੀ। ਹੱਥਾਂ-ਬਾਹਾਂ ਦੀ ਬੇ-ਤਰਤੀਬੀ ਹਿਲਜੁਲ ਕਰਦੀ ਉਹ ਪੁੱਛ ਰਹੀ ਸੀ -ਪਾਪਾ, ਮੰਮੀ ਆਈ ਨੀਂ ਹਜੇ ...? ਉਹ ਚੁੱਪ ਰਿਹਾ। ਕੀ ਦੱਸਦਾ ਉਹਨੂੰ ਕਿ - 'ਮੰਮੀ ਮੁੜ ਆਉਣ ਲਈਂ ਨਈਂ ਗਈ।' ਬੱਚੀ ਦਾ ਮੂੰਹ-ਸਿਰ ਪਲੋਸਦਾ, ਉਹ ਮੁੜ ਰਤਨੀ ਦੇ ਅੰਗ-ਸੰਗ ਸੀ -'ਕਿੰਨਾ ਜ਼ੇਰਾ ਕੀਤਾ ਹੋਵੇਗਾ ਉਸਨੇ ! ਕਿੰਨੀ ਤੰਗ ਪੈ ਗਈ ਹੋਵੇਗੀ ਉਹ ਪਿਓ ਦੀ ਟੋਕਾ-ਟਾਕੀ ਤੋਂ !! ਕੀ ਸੱਚ-ਮੁੱਚ ਹੀ ਉਸਦੀ ਝਾੜ-ਝੰਭ ਵਾਜਵ ਹੁੰਦੀ ਰਹੀ ਸੀ ਜਾਂ...ਜਾਂ ਐਮੇਂ ਈਂ...ਬਿਨਾਂ ਕਾਰਨ ...?'

ਉਸਦਾ ਉੱਤਰ ਉਡੀਕਦੀ ਬੱਚੀ ਪਾਸਾ ਬਦਲ ਦੇ ਫਿਰ ਸੌਂ ਗਈ।

ਆਪਣੇ ਆਪ ਨਾਲ ਉਲਝੇ ਨੂੰ ਪਿੱਠ ਪਿਛਲੇ ਦਰਵਾਜ਼ੇ ਦੇ ਖੁੱਲ੍ਹਣ ਦੀ ਆਹਟ ਹੋਈ। ਉਵੇਂ ਦਾ ਉਵੇਂ ਬੈਠੇ ਨੇ ਉਸਨੇ ਥੋੜ੍ਹਾ ਕੁ ਮੁੜ ਕੇ ਪਿਛਾਂਹ ਵਲ੍ਹ ਨੂੰ ਦੇਖਿਆ। ਅੰਦਰ ਆਉਣ ਵਾਲੀ ਉਸਦੀ ਮਾਤਾ ਸੀ, ਮਾਤਾ ਨਸੀਬ ਕੌਰ। ਜਿਸਨੂੰ ਸ਼ਾਇਦ ਹੀ ਕਦੇ ਪਤੀ ਵੱਲੋਂ ਸੁਖਾਵੇਂ ਬੋਲ ਨਸੀਬ ਹੋਏ ਹੋਣ। ਤਾਂ ਵੀ ਕਦੀ ਉਸਦਾ ਮੂੰਹ ਨਹੀਂ ਸੀ ਖੁੱਲ੍ਹਾ। ਸਭ ਕੁਝ ਚੁੱਪ-ਚਾਪ ਸੁਣਦੀ ਰਹੀ ਸੀ। ਸੁਣਦੀ ਵੀ ਰਹੀ ਤੇ ਸਹਾਰਦੀ ਵੀ।

ਪਰ, ਰਤਨੀ ਵੱਲੋਂ ਲਿਆ ਆਖ਼ਰੀ ਫੈਸਲਾ ਉਸ ਤੋਂ ਸਹਿ-ਸਹਾਰ ਨਹੀਂ ਸੀ ਹੋਇਆ। ਰੋਂਦੀ -ਕਲਪਦੀ ਰਹੀ ਸੀ , ਗੁੰਮ-ਸੁੰਮ ਹੋਈ।

ਉਵੇਂ ਹੀ ਰੋਂਦੀ-ਡੁਸਕਦੀ ਨੇ ਉਸਨੇ ਕਲ੍ਹ ਦੱਸੀ ਵਾਰਤਾ ਮੁੜ ਗੁਰਮੀਤ ਅੱਗੇ ਫੇਰੀ ਕਰ ਦਿੱਤੀ- ਮੈਂ ਤਾਂ ਪੁੱਤ ਬਥੇਰਾ ਰੋਕਦੀ ਰਈ ਉਹਨੂੰ। ਬਿਨਾਂ ਕੰਮੋਂ ਦੂਜੇ-ਚੌਥੇ ਸ਼ੈਹ੍ਰ ਜਾਣੋਂ ਵਰਜਦੀ ਰਈ , ਟੈਂਪੂ 'ਚ ਬਹਿ ਕੇ। ਪਤਾ ਨਈਂ ਕੀ ਝੱਲ ਚੜ੍ਹ ਗਿਆ ਸੀ ਉਹਦੇ ਸਿਰ ਨੂੰ। ਉਹ ਇਕ ਕੰਨੋਂ ਸੁਣਦੀ , ਦੂਜਿਓਂ ਬਾਹਰ ਸੁੱਟ ਦਿੰਦੀ। ਉਹ ਨਿਖ਼ਸਮਾ ਵੀ ਗੇਟ ਤੇ ਰੁਕਣ ਦੀ ਥਾਂ, ਸਿੱਧਾ ਅੰਦਰ ਆ ਵੜ੍ਹਦਾ , ਬਸਤੇ ਚੁੱਕੇ। ਮੈਂ ਕਈ ਵਾਰ ਝਾੜ-ਝੰਬ ਵੀ ਕੀਤੀ ਦੋਨਾਂ ਦੀ ਪਰ, ਕਸੂਰ ਜਦ ਆਪਣਾ ਹੋਵੇ , ਦੂਜੇ ਨੂੰ ਕੀ ਆਖੇ ਬੰਦਾ !

ਗੁਰਮੀਤ ਨੂੰ ਲੱਗਾ ਜਿਵੇਂ ਉਸਦੇ ਆਸ-ਪਾਸ ਢੇਰ ਸਾਰੇ ਆਪ-ਹੁੱਦਰੇ ਜੁੱਟਾਂ ਦੀ ਭੀੜ ਪੱਸਰ ਗਈ ਹੈ। ਉਹਨਾਂ ਵਿੱਚ ਘੁੰਮਦੀ-ਵਿਚਰਦੀ ਰਤਨੀ ਵੀ ਉਹਨਾਂ ਦੇ ਰੰਗ 'ਚ ਰੰਗ ਹੋਈ ਆਵਾਰਾ ਹੋਈ ਫਿਰਦੀ ਹੈ।

ਪਰ , ਅਗਲੇ ਹੀ ਪਲ ਉਹਦੀ ਸੋਚ-ਲੜੀ ਦੂਜੇ ਰੁਖ ਹੋ ਤੁਰੀ ... ਜੇ ਸੱਚ-ਮੁੱਚ ਰਤਨੀ ਟੈਂਪੂ ਚਾਲਕ ਦੇ ਨੇੜੇ ਸੀ, ਤਾਂ ਉਹਨੇ ਆਤਮ-ਹੱਤਿਆ ਕਿਉਂ ਕੀਤੀ ? ਆਪਣਾ ਆਪ ਰਾਖ਼ ਕਿਉਂ ਕੀਤਾ , ਉਸਨੇ ਤਾਂ ਸਗੋਂ ਦੌੜ ਜਾਣਾ ਸੀ ਬਾਲਾਂ ਨੂੰ ਮਾਰ-ਮੁਕਾ ਕੇ  ਜਾਂ ਸੁੱਤੇ ਪਿਆ ਨੂੰ ਛੱਡ ਕੇ। ਹਰ ਰੋਜ਼ ਤਾਂ ਕੋਈ ਨਾ ਕੋਈ ਘਟਨਾ ਵਾਪਰਦੀ-ਛੱਪਦੀ ਐ ਖ਼ਬਰਾਂ 'ਚ-'ਕਿਸੇ ਨੇ ਪ੍ਰੇਮਕਾ ਖਾਤਰ ਬੱਚਿਆਂ ਸਮੇਤ ਪਤਨੀ ਦਾ ਫ਼ਸਤਾ ਵੱਢ ਦਿੱਤਾ ਹੁੰਦਾ, ਕਿਸੇ ਨੇ ਪ੍ਰੇਮੀ ਨਾਲ ਮਿਲ ਕੇ ਪਹਿਲੇ ਬਾਲ ਮਾਰ-ਮੁਕਾ ਦਿੱਤੇ ਹੁੰਦੇ। ਪਰ... ਰਤਨੀ ਨੇ ਤਾਂ ਬੱਚੇ ..!!

ਇਹ ਸਭ ਕੁਝ ਘਰ ਦੇ ਸਾਹ-ਘੁੱਟਵੇਂ ਵਰਤਾਰੇ ਕਾਰਨ ਵਾਪਰਿਆ। ਇਹ ਸਿੱਟਾ ਉਸਨੇ ਬੀਤੇ ਦੀ ਪਰਛਾਈ ਨਾਲ ਜੁੜ ਕੇ ਕੱਢ ਲਿਆ। ਆਪ ਵੀ ਤਾਂ ਉਹ ਇਵੇਂ ਦੇ ਸੇਕ 'ਚ ਤਪਦਾ-ਖ਼ਪਦਾ ਰਿਹਾ ਸੀ ਕਿੰਨੇ ਸਾਰੇ ਵਰ੍ਹੇ। ਸੁੱਖ ਦਾ ਸਾਹ ਲੈਣ ਲਈ ਕੌਣ ਨਈਂ ਚਾਰਾ ਕਰਦਾ ..!?

ਆਪਣੇ ਅੰਦਰ ਨਾਲ ਉਲਝਿਆ ਉਹ ਕਿੰਨਾ ਹੀ ਚਿਰ ਨਾ ਰਤਨੀ ਨੂੰ ਦੋਸ਼ੀ ਗ਼ਰਦਾਨ ਸਕਿਆ , ਨਾ ਉਸਨੂੰ ਦੋਸ਼ ਮੁਕਤ ਕਰ ਸਕਿਆ। ਉਸਦੇ ਲਾਗੇ ਬੈਠੀ ਮਾਤਾ ਉਹਨੂੰ ਆਪਣੇ ਜਿੰਨੀ ਹੀ ਬੇਚੈਨ ਹੋਈ ਜਾਪੀ। ਅਵੱਲ ਆਪ ਤੋਂ ਵੀ ਵੱਧ। ਨਿੱਕੇ-ਨਿੱਕੇ ਬਾਲਾਂ ਦੀ ਦੇਖ-ਰੇਖ, ਉਜੜੇ ਘਰ ਦੀ ਸਾਂਭ-ਸੰਭਾਲ, ਉਸ ਨੂੰ ਸਿਰੇ ਦੀ ਹੱਦ ਤੱਕ ਫਿਕਰਮੰਦ ਕਰ ਰਹੀ ਹੋਵੇਗੀ ਸ਼ਾਇਦ। ਉਸਦਾ ਧਿਆਨ ਮਾਤਾ ਦੀ ਪਕਰੋੜ ਹੋਈ ਦੇਰ ਵਲ੍ਹ ਵੀ ਗਿਆ।

ਹੋਏ ਵਾਪਰੇ ਤੋਂ 'ਡਰੇ-ਘਾਬਰੇ' ਉਸਦੇ ਪਿਓ ਨੇ ਅਜੇ ਤੱਕ ਉਸ ਨਾਲ ਕੋਈ ਬੋਲ ਸਾਂਝਾ ਨਹੀਂ ਸੀ ਕੀਤਾ।

ਇਸ-ਤਰਤੀਬੀ 'ਚ ਉਲਝੇ ਬੈਠੇ ਨੂੰ ਉਸਨੂੰ ਕਿਧਰੇ ਤੜਕਸਾਰ ਫਿਰ ਨੀਂਦ ਦੀ ਝੱਪਕੀ ਆਈ। ਕੁਰਸੀ ਤੋਂ ਉੱਠ ਕੇ ਉਹ ਮੁੜ ਬਾਲਾਂ ਨਾਲ ਲੇਟ ਗਿਆ। ਸਵੇਰ ਤੱਕ ਆਪਣਾ ਆਪ, ਆਪਣਾ ਮੰਨ-ਚਿੱਤ ਥੋੜ੍ਹਾ ਕੁ ਹਲਕਾ ਹੋਇਆ ਜਾਪਿਆ। ਅਗਲੇ ਦਿਨ ਸਾਰੀ ਵਾਰਦਾਤ ਉਹਨੇ ਬਾਲਾਂ ਨੂੰ ਸਹੀ-ਸਹੀ ਦੱਸ ਦਿੱਤੀ, ਉਸ ਨਾਲ ਚਿਪਕੇ ਬੱਚੇ, ਉਸ ਵਲ੍ਹ ਟਿੱਕਟਿਕੀ ਲਾਈ ਦੇਖਦੇ ਰਹੇ। ਉਹ ਨਾ ਰੋਏ ਨਾ ਕੁਰਲਾਏ , ਬੱਸ ਡੌਰ-ਭੌਰ ਹੋਏ ਉਹ ਏਨਾਂ ਜ਼ਰੂਰ ਸਮਝ ਗਏ, ਕਿ ਉਹਨਾਂ ਦੀ ਮੰਮੀ ਹੁਣ ਕਦੇ ਵਾਪਿਸ ਨਹੀਂ ਆਏਗੀ।

ਆਂਢ-ਗੁਆਢ 'ਚੋਂ ਆਏ ਹਰ ਕਿਸੇ ਨੇ ਬਾਲਾਂ ਨੂੰ ਪਿਆਰਿਆ ਦੁਲਾਰਿਆਂ, ਗੁਰਮੀਤ ਨੂੰ ਜੀਅ ਭਰਕੇ ਹੌਸਲਾ ਦਿੱਤਾ। ਇਹ ਸਭ ਕੁਝ ਰਵਾਇਤੀ ਸੀ ਜਾਂ ਸੱਚ-ਮੁੱਚ ਦੀ ਹਮਦਰਦੀ, ਉਸ ਨੂੰ ਠੀਕ ਤਰਾਂ ਸਮਝ ਨਾ ਲੱਗੀ , ਤਾਂ ਵੀ ਢੇਰ ਸਾਰੀ ਰਾਹਤ ਜ਼ਰੂਰ ਮਿਲੀ। ਉਸਦੇ ਕਹਿਣ ਤੇ ਕਿਸੇ ਨੇ ਹੋਏ ਵਾਪਰੇ ਦੀ ਸੂਚਨਾ ਰਤਨੀ ਦੇ ਮਾਂ-ਪਿਓ ਨੂੰ ਅੱਪੜਦੀ ਕਰ ਦਿੱਤੀ। ਪਰ , ਉਧਰੋਂ ਖੜੇ-ਪੈਰ ਕੋਈ ਹੁੰਗਾਰਾ ਨਾ ਮਿਲਿਆ ਤਿੰਨ ਕੁ ਦਿਨ ਮਿਰਜ਼ਾਪੁਰੋਂ ਆਇਆ ਈ ਕੋਈ ਨਾ।

ਚੌਥੇ ਦਿਨ ਪੰਜ-ਛੇ ਜਣੇ ਆਏ ਈ ਆਏ, ਤਾਂ ਸਾਰੇ ਘਰ ਦੇ ਜੀਆ , ਨਾਲ ਸਿਆਣੀ ਉਮਰ ਦਾ ਇਕ ਬੰਦਾ ਹੋਰ। ਉਹ ਵੀ ਉਹਨਾਂ ਵਰਗਾ ਹੀ, ਵਿਚਾਰਾ ਜਿਹਾ, ਲਾਚਾਰ ਜਿਹਾ।

ਉਹਨਾਂ ਨੂੰ ਦੇਖ ਮਿਲ ਕੇ ਗੁਰਮੀਤ ਹੋਰ ਵੀ ਪ੍ਰੇਸ਼ਾਨ ਹੋਰ ਵੀ ਦੁਖੀ। ਨਾ ਕਿਸੇ ਦੇ ਗਲ੍ਹ ਸੁਆਦ ਦਾ ਲੀੜਾ ਕੱਪੜਾ, ਨਾ ਸਿਰ-ਮੂੰਹ ਦੀ ਸੁਰਤ ।ਬੌਰਿਆ ਵਰਗਾ ਹਾਲ ।ਪੀਲੀਆਂ-ਚਿੱਟਿਆਂ ਅੱਖਾਂ , ਇਕ-ਦਮ ਖੁਸ਼ਕ ।ਜਿਹਨਾਂ ਅੰਦਰਲਾ ਪਾਣੀ ਜਿਵੇਂ ਸਾਰੇ ਦਾ ਸਾਰਾ ਹੀ ਰੁੜ੍ਹ ਗਿਆ ਹੋਵੇ।ਸੁੰਨ -ਵੱਟਾ ਹੋਏ ਉਹ ਗੁਰਮੀਤ ਲਾਗੇ ਕਿੰਨ੍ਹਾਂ ਹੀ ਚਿਰ ਬੈਠੇ ਰਹੇ। ਨਾ ਰੋਏ , ਨਾ ਕੂਏ-ਬੋਲੇ। ਆਖਿਰ ਨਾਲ ਆਏ ਬੰਦੇ ਨੇ ਹੀ ਚੁੱਪ ਤੋੜੀ। ਡੂੰਘਾ ਜਿਹਾ ਹਉਕਾ ਭਰਦੇ ਨੇ ਆਖਿਆ - ਗੁਰਮੀਤ ਬੇਟਾ, ਤੇਰੇ ਸਾਰੇ -ਬਾਪ ਨਾਲ ਤੁਰਿਆ ਕੋਈ ਨਈਂ ਪਿੱਛੋਂ। ਏਨੇ ਬੜੀਆਂ ਮਿੰਨਤਾਂ ਕੀਤੀਆਂ, ਬੜੇ ਤਰਲੇ ਲਏ, ਲੰਬੜਾਂ ਸਮੇਤ ਸਾਰੇ ਮੋਹਤਬਰਾਂ ਦੇ। ਕਿਸੇ ਨੇ ਨੰਨਾ ਨੀਂ ਧਰਿਆ ।ਉਲਟਾ ਏਨੂੰ ਈ ਮਾੜਾ-ਭੈੜਾ ਬੋਲਦੇ ਰਹੇ। ਬਹੁਤੇ ਆਖਣ-ਹੋਰ ਵੀ ਧੀਆਂ-ਭੈਣਾਂ ਹੈਗੀਆਂ ।ਸਾਰੀਆਂ ਆਪਣੇ ਆਪਣੇ ਘਰੀਂ ਠੀਕ-ਠਾਕ ਆ। ਕਦੀ ਕਿਸੇ ਦਾ ਕੋਈ ਉਲ੍ਹਾਮਾ ਨਈਂ ਆਇਆ। ਕੋਈ ਕੁਛ ਕਹੇ ਕੋਈ ਕੁੱਛ। ਓ ਵੱਡਾ ਸਰਦਾਰੜਾ ਜਿਹਾ ਸਰਪੰਚ ਆ ਜੇੜ੍ਹਾ ਪਿੰਡ ਦਾ, ਉਨ੍ਹੇ ਤਾਂ ਸਿਰਾ ਈ ਲਾ ਤਾ। ਫਟਾਕ ਕਰਕੇ ਕਹਿੰਦਾ-ਤੇਰੀ ਇਕ ਕੁੜੀ ਪਹਿਲਾਂ ਘਰ ਬੈਠੀ ਆ, ਦੂਜੀ ਨੇ ਹਾਅ ਚੰਦ ਚਾੜ੍ਹਤਾ। ਦੱਸ , ਕੇੜਾ ਮੂੰਹ ਲੈ ਕੇ ਜਾਈਏ ਅਗਲੇ ਪਿੰਡ ...!?

ਇਹ ਸੁਣ ਕੇ ਗੁਰਮੀਤ ਥੋੜਾ ਝੇਂਪ ਜਿਹਾ ਗਿਆ। ਸਰਪੰਚ ਵੱਲੋਂ ਆਈ ਟਕੋਰ ਉਸਨੂੰ ਸੱਚ ਵਰਗੀ ਲੱਗੀ ।ਪਰ, ਝੱਟ ਦੇਣੀ ਚੱਲਦੀ ਵਾਰਤਾ ਦੇ ਅਗਲੇ ਬੋਲ ਉਸਦੇ ਕੰਨੀਂ ਆ ਪਏ - ਤੇਰੇ ਘਰ ਦੇ ਜੀਅ ਤਾਂ ਬੇਟਾ ਊਈਂ ਬੈਠ ਗਏ ਸੀ ਢੇਰੀ ਢਾਅ ਕੇ। ਏਹ ਤਾਂ ਸਾਡੀ ਐਸ ਧੀ ਨੇ ਕੀਤਾ ਪੈਰਾਂ ਸਿਰ ਏਨ੍ਹਾਂ ਨੂੰ। ਏਹ ਕਹਿੰਦੀ-ਚੱਲ ਬਾਪੂ ਮੈਂ ਚੱਲਦੀ ਆਂ ਤੇਰੇ ਨਾਲ, ਦੇਖਦੀ ਆ ਕੀ ਕਹਿੰਦੇ ਐ ਤੈਨੂੰ ...?

ਮਾਂ ਲਾਗੇ ਬੈਠੀ ਦੀਪੀ ਉੱਠ ਕੇ , ਨੀਵੀਂ -ਪਾਈਂ ਗੁਰਮੀਤ ਲਾਗੇ ਆ ਖੜੋਈ। ਥੋੜ੍ਹਾ ਕੁ ਰੁੱਕ ਕੇ ਮਿਰਜ਼ਾਪੁਰੋਂ ਆਏ ਬੰਦੇ ਦੇ ਸਹਿਜ -ਧੀਮੇਂ ਬੋਲ ਫਿਰ ਉੱਭਰੇ - 'ਦੇਖ ਲਓ ਕਿੱਦਾਂ ਕਰਨੀ ਆਂ ।ਪਹਿਲਾਂ ਪਚੈਤ ਕੋਲ ਜਾਣ ਕਿ ਠਾਣੇ ਰਪਟ ਦੇਣੀ।'

ਗੁਰਮੀਤ ਲਈ ਇਹ ਨਵੀਂ ਤਰਾਂ ਦੀ ਉੱਲਝਣ ਸੀ।

ਇਕ ਪਾਸੇ ਬਾਪੂ , ਦੂਜੇ ਪਾਸੇ ਬੱਚੇ , ਵਿਚਕਾਰ ਮਾਂ। ਭਰਵੀਂ ਗਵਾਹੀ ਭਰਦੇ ਉਸਦੇ ਬੋਲ। ਉਸਦੀ ਆਪਣੀ ਜੇਬ 'ਚ ਪਿਆ ਸੂਈਸਾਈਡ ਨੋਟ, ਰਤਨੀ ਦੇ 'ਕਤਲ' ਦਾ ਹੋਰ ਵੀ ਪੱਕਾ ਸਬੂਤ।

ਉਸਨੂੰ ਛਛੋਪੰਜ 'ਚ ਘਿਰੇ ਨੂੰ ਮਿਰਜ਼ਾਪੁਰੀਏ ਬੰਦੇ ਨੇ ਫਿਰ ਕਿਹਾ - ਕਰਨਾ ਤਾਂ ਕੁਛ ਨਾ ਕੁਛ ਪੈਣਾ ਈ ਆਂ ਕਾਕਾ, ਨਈਂ ਐਹੋ ਜਿਹੇ ਬੰਦੇ ਰਸਦੇ -ਵਸਦੇ ਘਰਾਂ ਨੂੰ ਉਜਾੜਨੋਂ ਕਿੱਥੇ ਰੁਕਣੇ ਆਂ...!!

ਉਸਦੀ ਇਹ ਦਲੀਲ ਗੁਰਮੀਤ ਸਮੇਤ ਸਭ ਨੂੰ ਕਾਇਲ ਕਰ ਗਈ। ਉਸ ਨਾਲ ਉੱਠ ਤੁਰਨ ਲਈ ਅਜੇ ਉਹਨਾਂ ਇਕ-ਇਕ ਪੈਰ ਹੀ ਪੁੱਟਿਆ ਸੀ , ਕਿ ਬਾਹਰੋਂ ਗਲੀ-ਗੁਆਂਢ 'ਚੋਂ ਖੇਲਦੇ ਆਏ ਦੋਨੋਂ ਬੱਚੇ, ਬਿਨਾਂ ਕਿਸੇ ਪਾਸ ਰੁਕੇ ਧਾਅ ਕੇ ਦੀਪੀ, ਨਾਲ ਆ ਚਿੱਮੜੇ। ਮਾਸੀ ਦੀਪੀ ਨਾਲ। ਇਕੱਲੇ ਚਿੱਮੜੇ ਹੀ ਨਹੀਂ ਰੋਏ ਵੀ ਰੱਜ ਕੇ , ਉੱਚੀ ਉੱਚੀ। ਬਿਲਕੁਲ ਉਵੇਂ ਜਿਵੇਂ ਉਹਨਾਂ ਦੀ ਮੰਮੀ ਰੋਇਆ ਕਰਦੀ ਸੀ , ਨਾਨੀ ਨਾਲ ਚਿਮੜ ਕੇ, ਮਾਸੀ ਨਾਲ ਜੁੜ ਕੇ।

ਬੱਚਿਆਂ ਦਾ ਰੋਣ -ਧੋਣ ਸਭ ਨੂੰ ਸੁੰਨ ਕਰ ਗਿਆ, ਕਿਸੇ ਦੀਆਂ ਪਲਕਾਂ ਨਮ ਸਨ , ਕਿਸੇ ਦੀਆਂ ਅੱਖਾਂ 'ਚ ਭਰਵੇਂ ਅੱਥਰੂ। ਇਹ ਅੱਥਰੂ ਗ੍ਰਹਿ-ਜੰਗ 'ਚ ਹੋਈ ਪਹਿਲੀ ਹਾਰ ਦੀ ਨਿਮੋਸ਼ੀ ਸਨ ਜਾਂ ਅਗਲਾ ਮੋਰਚਾ ਸਾਂਭਣ ਲਈ ਉੱਠ ਤੁਰਨ ਲੱਗੇ ਯੁੱਧਵੀਰਾਂ ਅੰਦਰਲੇ ਰੋਹ ਦੀ ਨਮੀਂ !?

ਪਲ ਦੀ ਪਲ ਉਹਨਾਂ 'ਚੋਂ ਕਿਸੇ ਨੂੰ ਵੀ ਇਸ ਗੱਲ ਦੀ ਸਮਝ ਨਹੀਂ ਸੀ ਲੱਗੀ।

(**ਸੰਪਰਕ : 9465574866**)

ਕਹਾਣੀ

# ਪਿੰਡ ਜਿਉਂਦਾ ਹੀ ਕਿੱਥੇ ਹੈ !

**ਬਲਬੀਰ ਪਰਵਾਨਾ**



ਜਿਉਂ ਹੀ ਲਿੰਕ-ਰੋਡ ਤੋਂ ਪਿੰਡ ਨੂੰ ਮੁੜਦੀ ਸੜਕ 'ਤੇ ਗੱਡੀ ਮੋੜੀ, ਉਸ ਬਣਦੀ ਤਿੰਨ-ਕੋਨੀ ਕੋਲ ਸਿਵਾ ਬਲਦਾ ਦੇਖਿਆ। ਅੱਠ-ਦਸ ਜਣੇ ਸਿਵੇ ਕੋਲ ਖੜੇ ਸਨ। ਉਹਨਾਂ ਤੋਂ ਕੁਝ ਹਟਵੀਆਂ ਬਾਰਾਂ-ਚੌਦਾਂ ਔਰਤਾਂ ਬੈਠੀਆਂ ਹੋਈਆਂ। ਲਗਦਾ ਸੀ ਅਜੇ ਤਾਜ਼ੀ-ਤਾਜ਼ੀ ਹੀ ਅੱਗ ਦਿੱਤੀ ਗਈ ਹੈ। ਮੈਂ ਇਕ ਪਲ ਖੜੇ ਬੰਦਿਆਂ ਵਲ ਧਿਆਨ ਮਾਰਿਆ, ਪਰ ਕੋਈ ਜਾਣਿਆ-ਪਛਾਣਿਆਂ ਚਿਹਰਾ ਨਾ ਦਿਸਿਆ। ਏਨਾ ਘੱਟ 'ਕੱਠ ਹੋਣ 'ਤੇ ਲੱਗਿਆ, ਕੋਈ 'ਅਣਹੋਇਆ' ਮਰਿਆ ਹੋਣਾ ! ਤੇ ਗੱਡੀ ਦੀ ਜਿਹੜੀ ਚਾਲ ਕੁਝ ਕੁ ਹੌਲੀ ਹੋ ਗਈ ਸੀ, ਮੁੜ ਆਪਣੀ ਰਫ਼ਤਾਰ ਫੜਨ ਲੱਗੀ।

ਘਰ ਆ ਕੇ ਗੱਡੀ ਖੜੀ ਕੀਤੀ ਤਾਂ ਸਬਜ਼ੀ ਗੁੱਡਦਾ ਨੰਜਣ ਆਹੁਲ ਕੇ ਆਇਆ। ਉਸਨੇ ਘਰਦੇ ਬੂਹੇ ਖੋਹਲ ਕੁਰਸੀਆਂ ਬਾਹਰ ਵਿਹੜੇ 'ਚ ਅੰਬ ਦੇ ਬੂਟੇ ਹੇਠ ਡਾਹ ਦਿੱਤੀਆਂ। ਫਿਰ ਪੱਖਾ ਲਿਆ ਕੇ ਉਸਦੀ ਤਾਰ ਅੰਦਰ ਪਲੱਗ 'ਚ ਜਾ ਫਸਾਈ। ਪੱਖਾ ਫਰਾਟੇ ਮਾਰਨ ਲੱਗਾ ਤਾਂ ਉਹ ਮੇਰੇ ਲਾਗੇ ਭੁੰਜੇ ਹੀ ਬਹਿ ਗਿਆ। "ਨੰਜਣਾ, ਤੂੰ ਕੁਰਸੀ 'ਤੇ ਬੈਠ।" ਮੈਂ ਰਸਮੀ ਹੀ ਕਿਹਾ। ਉਂਜ ਮੈਨੂੰ ਪਤਾ ਸੀ ਉਸਨੇ ਕੁਰਸੀ 'ਤੇ ਨਹੀਂ ਬੈਠਣਾ। ਪਿਛਲੇ ਪੰਜ ਸਾਲਾਂ ਤੋਂ, ਜਿਉਂ ਘਰਦੀ ਸਾਂਭ-ਸੰਭਾਲ ਉਸਦੇ ਹਵਾਲੇ ਕੀਤੀ, ਉਸਨੂੰ ਮਿਲਦਿਆਂ ਮੈਂ ਇੰਨਾ ਕੁ ਤਾਂ ਸਮਝ ਹੀ ਗਿਆ ਹੋਇਆ ਸੀ, ਉਸਨੇ ਕੀ ਕਰਨਾ ਹੈ ਤੇ ਕੀ ਨਹੀਂ ! ਘਰਦਾ ਵਿਹੜਾ ਸਾਫ਼-ਸੁਥਰਾ ਸੀ, ਨਾਲਦੀ ਆਬਾਦੀ 'ਚ ਭਰਪੂਰ ਸਬਜ਼ੀ। ਮੂਲੀਆਂ, ਸ਼ਲਗਮ, ਗਾਜਰਾਂ ਤੋਂ ਲੈ ਕੇ ਪਾਲਕ, ਲਸਣ, ਪਿਆਜ਼ ਤੱਕ ਦੀਆਂ ਦੋ-ਦੋ, ਤਿੰਨ-ਤਿੰਨ ਕਿਆਰੀਆਂ। ਭਾਵੇਂ ਅਕਤੂਬਰ ਦਾ ਅਖੀਰ ਆ ਗਿਆ ਹੋਇਆ ਸੀ ਪਰ ਮੀਂਹ ਪਏ ਨੂੰ ਦੇਰ ਹੋ ਗਈ ਹੋਣ ਕਰਕੇ, ਹਵਾ 'ਚ ਅਜੇ ਵੀ ਹੁੰਮਸ ਜਿਹਾ ਲਗਦਾ।

"ਸਿਵਾ ਬਲ ਰਿਹਾ ਸੀ... ਕੀਹਦੀ ਮੌਤ ਹੋਈ ਐ ਪਿੰਡ 'ਚ?" ਨਾਲ ਲਿਆਂਦੀ ਪਾਣੀ ਦੀ ਬੋਤਲ 'ਚੋਂ ਘੁੱਟ ਭਰਦਿਆਂ ਮੈਂ ਪੁੱਛਿਆ।

"ਓਹੀ ਜੱਜੂ...?... ਜਿਹੜਾ ਤੁਹਾਡਾ ਘਰ ਸਾਂਭਦਾ ਰਿਹਾ ਕੁਝ ਚਿਰ?"

"ਉਹ ਤਾਂ ਅਜੇ ਮਸਾਂ ਪੰਜਤਾਲੀਆਂ ਦਾ ਹੋਣਾ...!... ਕੀ ਗਲ ਹੋ ਗਈ?"

"ਗਰੀਬ ਬੰਦੇ ਦੀ ਕਾਹਦੀ ਉਮਰ ! ਨਾਲੇ ਬਿਮਾਰੀਆਂ ਦਾ ਕੀ ਪਤਾ ਲਗਦਾ।"

"ਤੂੰ ਨੀ ਗਿਆ ਦਾਗਾਂ 'ਤੇ !"

"ਮੇਰੇ ਨਾਲ ਉਸਦਾ ਕੋਈ ਕੂਣ-ਸੈਣ ਨਹੀਂ ਸੀ... ਤੁਸੀਂ ਜਾਣਦੇ ਤਾਂ ਹੋ ਕਿੰਨਾ ਕੱਬਾ ਸੀ ਉਹ !" ਦੋ ਚਾਰ ਹੋਰ ਗੱਲਾਂ ਕਰ ਉਹ ਸਬਜ਼ੀਆਂ ਪੁੱਟਣ ਚਲਾ ਗਿਆ, ਮੈਨੂੰ ਦੇਣ ਵਾਸਤੇ। ਜਦੋਂ ਵੀ ਪਿੰਡ ਗੇੜਾ ਮਾਰਨ ਆਇਆ, ਉਹ ਪੰਜ ਚਾਰ ਦਿਨਾਂ ਜੋਗੀਆਂ ਸਬਜ਼ੀਆਂ ਧੋ-ਸੰਵਾਰ ਕੇ ਗੱਡੀ ਦੀ ਡਿੱਗੀ 'ਚ ਰਖ ਦਿੰਦਾ। ਉਸਦਾ ਇਹ 'ਜੀ-ਹਜ਼ੂਰ' ਸਲੀਕਾ ਉਸਦੀਆਂ ਕਈ ਗੱਲਾਂ ਨੂੰ ਅਣਗੌਲਿਆਂ ਕਰਨ ਜਾਂ ਪਰਦਾ ਪਾ ਦੇਣ ਦਾ ਕੰਮ ਕਰਦਾ। ਰਮਨ ਵੀ ਇਸਤੋਂ ਖੁਸ਼ ਸੀ, ਭਾਵੇਂ ਉਹ ਆਇਆਂ ਨੂੰ ਕੋਈ ਨਾ ਕੋਈ ਸਵਾਲ ਪਾਈ ਰਖਦਾ। ਕਦੀ ਪੈਸੇ, ਕਦੀ ਬਾਲਣ, ਕਦੀ ਕੋਈ ਹੋਰ ਛੋਟੀ-ਮੋਟੀ ਗਰਜ਼ः

"ਡੰਗਰਾਂ ਵਾਲੇ ਕੋਠੇ 'ਚ ਦੋ ਮੰਜਿਆਂ ਦੀਆਂ ਪੁਰਾਣੀਆਂ ਚੁਗਾਠਾਂ ਪਈਆਂ ਹੋਈਆਂ... ਦੇ ਦਿਓ ਤਾਂ ਮੈਂ ਬੁਣ ਲਵਾਂਗਾ...ਗਰੀਬ ਬੰਦਾ ਤਾਂ ਨਵੀਂ ਚੁਗਾਠ ਲੈਣ ਜੋਗਾ ਵੀ ਨੀ ਰਿਹਾ... ਏਨੀ ਮਹਿੰਗਾਈ ਹੋ ਗਈ ਐ।"

"ਜਾਮਣ ਦਾ ਅੰਦਰ ਵਲ ਨੂੰ ਆਉਂਦਾ ਡਾਲਾ ਵੱਢ ਲਵਾਂ! ਮੇਰੀ ਛੱਤ ਦੇ ਚਾਰ-ਪੰਜ ਬਾਲੇ ਟੁੱਟੇ ਹੋਏ ਆ... ਨਾਲੇ ਇਧਰ ਸਬਜ਼ੀ ਨੂੰ ਸੌਗਾ ਮੁਕੂ।"

"ਘਰਵਾਲੀ ਦਾ ਮਿਆਦੀ ਬੁਖਾਰ ਟੁੱਟ ਨੀ ਰਿਹਾ... ਜੇ ਦੋ ਚਾਰ ਸੌ ਦੇ ਦਿਓ ਤਾਂ ਕਿਸੇ ਚੱਜ ਦੇ ਡਾਕਟਰ ਤੋਂ ਦਵਾ-ਦਾਰੂ ਲੈ ਲਵਾਂਗਾ!" ਮੰਗਦਾ ਪਰ ਇੰਜ ਵਿਚਾਰਾ ਜਿਹਾ ਬਣਕੇ ਕਿ ਰਮਨ ਸੌ, ਪੰਜਾਹ ਵੱਧ ਹੀ ਦੇਣ 'ਤੇ ਜ਼ੋਰ ਦਿੰਦੀ। ਕੋਈ ਨਾ ਕੋਈ ਵਾਧੂ ਪਈ ਚੀਜ਼ ਵੀ ਉਸਨੂੰ ਫੜਾ ਜਾਂਦੀ ਆਈ ਹੋਈ।

ਉਸਨੂੰ ਸਬਜ਼ੀ ਪੁੱਟਦੇ ਨੂੰ ਦੇਖਦਾ ਮੈਂ ਜੱਜੂ ਦੀਆਂ ਯਾਦਾਂ 'ਚ ਵਹਿ ਤੁਰਿਆ। ਉਸਦਾ ਕਹਿਣਾ, "ਮਾਹਟਰਾ, ਮੇਰੇ ਬਾਰੇ ਵੀ ਕਹਾਣੀ ਲਿਖ ਕੇ 'ਖਬਾਰ 'ਚ ਛਪਾ ਦੇ!" ਉਸਦੇ ਜੀਉਂਦੇ-ਜੀਅ ਲਿਖਣਾ ਤਾਂ ਕੀ, ਮੈਂ ਉਸਨੂੰ ਕੰਮ 'ਤੇ ਵੀ ਨਾ ਰੱਖ ਸਕਿਆ! ਪਰ ਹੁਣ... ਕਿਸੇ ਪ੍ਰੇਤ ਵਾਂਗ ਮੇਰੇ 'ਤੇ ਹਾਵੀ ਹੋਣਾ ਸ਼ੁਰੂ ਹੋ ਗਿਆ ਸੀ।

ਉਂਜ ਮੈਂ ਕਈ ਵਾਰ ਉਸ ਬਾਰੇ ਲਿਖਣ ਦੀ ਕੋਸ਼ਿਸ਼ ਕੀਤੀ ਸੀ, ਪਰ ਹਰ ਵਾਰ ਹੀ ਉਹ ਤਿਲਕਵੀ ਮੱਛੀ ਵਾਂਗ ਮੇਰੇ ਤੋਂ ਛੁੱਟ ਕੇ ਪਰੇ ਖਿਸਕਿਆ ਹੁੰਦਾ, ਮੈਨੂੰ ਵੰਗਾਰਦਾ ਹੋਇਆ, 'ਮਾਹਟਰਾ ਪਿੰਡ ਦੀ ਤਾਂ ਛੱਡ, ਤੂੰ ਵੀ ਮੈਨੂੰ ਜਾਣ ਨਾ ਸਕਿਆ... ਵੱਡਾ ਲੇਖਕ ਬਣਨ ਨੂੰ ਫਿਰਦਾ... ਲਿਖਣਾ ਹੈ ਤਾਂ ਉਵੇਂ ਲਿਖ ਜਿਵੇਂ ਦਾ ਹਾਂ!" ਲਿਖੇ ਹੋਏ ਸ਼ਬਦਾਂ 'ਚ ਉਹ ਗਾਇਬ ਹੁੰਦਾ! ਸਥਿਤੀ ਰੁਮਾਂਸ ਦੇ ਧੁੰਦਲਕੇ 'ਚੋਂ ਪੇਸ਼ ਹੋ ਰਹੀ ਹੁੰਦੀ! ਉਹ ਚਾਹੇ ਇਹ ਪੱਖ ਹੁੰਦਾ ਕਿ ਉਸਦੀਆਂ ਹਾਲਤਾਂ ਨੇ ਉਸਨੂੰ ਇੰਨਾਂ ਅੱਖੜ, ਲਾਪ੍ਰਵਾਹ ਬਣਾ ਦਿੱਤਾ ਤੇ ਜਾਂ ਫਿਰ ਇਹ ਪੱਖ ਕਿ ਤੇਜ਼ੀ ਨਾਲ ਬਦਲ ਰਹੀ ਪੈਸੇ ਦੀ ਦੁਨੀਆਂ 'ਚ ਆਪਣੇ ਆਪ ਨੂੰ ਢਾਲ ਨਾ ਸਕਿਆ। ਦੋਹਾਂ ਹੀ ਸਥਿਤੀਆਂ ਨੂੰ ਚਿਤਰਦਿਆਂ ਮੇਰਾ ਨਿੱਜ-ਦ੍ਰਿਸ਼ਟੀਕੋਣ ਭਾਰੂ ਹੋਇਆ ਹੁੰਦਾ ਤੇ ਉਸ ਅਨੁਸਾਰ ਢਲਦਾ ਹੋਇਆ ਉਹ! ਉਂਜ ਇਹ ਹਰ ਲੇਖਕ ਦੀ ਹੀ ਸਮੱਸਿਆ ਹੁੰਦੀ ਹੈ, ਉਹ ਪਾਤਰ ਨੂੰ ਆਪਣੀਆਂ 'ਐਨਕਾਂ' ਚੋਂ ਦੇਖਦਾ। ਐਨਕਾਂ ਦਾ ਰੰਗ ਕੋਈ ਵੀ ਹੋ ਸਕਦਾ; ਲਾਲ, ਚਿੱਟਾ, ਕਾਲਾ, ਨੀਲਾ ਜਾਂ... ਵਿਧਾ ਦੀਆਂ ਸੀਮਾਵਾਂ ਵੀ ਹੁੰਦੀਆਂ। ਉਸ 'ਚ ਕਿੰਨਾ ਕੁ ਪੇਸ਼ ਕਰਨ ਦੀ ਸੰਭਾਵਨਾ ਹੈ, ਕਲਾਤਮਕ ਸੁਹਜ ਕਿੰਨੀ ਕੁ ਖੁੱਲ੍ਹ ਲੈਣ ਦੀ ਆਗਿਆ ਦਿੰਦਾ। ਇਹਨਾਂ ਦਾਇਰਿਆਂ 'ਚ ਘਿਰਿਆਂ ਜਦੋਂ ਵੀ ਉਸ ਬਾਰੇ ਲਿਖਣ ਬੈਠਾ, ਹਰ ਵਾਰ ਅੱਧਾ-ਅਧੂਰਾ ਤਾਂ ਕੀ, ਇਕ ਚੌਥਾਈ ਵੀ ਫੜਿਆ ਨਾ ਜਾਂਦਾ... ਤੇ ਮੈਂ ਸੋਚਣ ਲਗਦਾ, ਕਿਥੋਂ-ਕਿਥੋਂ, ਕੀ-ਕੀ ਛੁੱਟਦਾ ਗਿਆ। ਉਹ ਕੀ ਸੀ, ਉਸ ਬਾਰੇ ਕੋਈ ਨਿਸ਼ਚਿਤ ਰਾਏ ਵੀ ਨਾ ਬਣਦੀ। ਭਰੋਸੇਯੋਗ ਸੀ, ਕਦੀ ਇਕ ਪੈਸੇ ਦੀ ਚੀਜ਼ ਵੀ ਇਧਰ-ਉਧਰ ਹੋਣ ਦੀ ਗਲ ਉਸ ਨਾਲ ਨਹੀਂ ਸੀ ਜੁੜਦੀ। ਬਚਪਨ ਤੋਂ ਹੀ ਉਹ ਘਰ ਆਉਂਦਾ ਰਿਹਾ ਸੀ। ਪਰ ਲਾਪਰਵਾਹ ਵੀ। ਇਹ ਨਹੀਂ ਕਹਿ ਸਕਦਾ ਕਿ ਉਸਨੂੰ ਪੂਰੀ ਤਰ੍ਹਾਂ ਜਾਣਦਾ ਸਾਂ। ਉਂਜ ਜਾਨਣ ਦੀ ਵੀ ਇਕ ਸੀਮਾ ਹੁੰਦੀ ਹੈ। ਜਾਣਦਾ ਤਾਂ ਬੰਦਾ ਕਈ ਵਾਰ ਆਪਣੇ ਆਪ ਨੂੰ ਵੀ ਨਹੀਂ ਹੁੰਦਾ! ਸਵੈ ਦੇ ਪ੍ਰਤੀਬਿੰਬ ਬਦਲਦੇ ਰਹਿੰਦੇ ਹਨ, ਬਦਲਦੀਆਂ ਪ੍ਰਸਥਿਤੀਆਂ ਅਨੁਸਾਰ। ਉਹੀ ਬੰਦਾ ਹੁੰਦਾ, ਜਦੋਂ ਚੜ੍ਹਦੀ ਕਲਾ 'ਚ ਹੋਵੇ, ਉਸਨੂੰ ਸਾਰੀ ਦੁਨੀਆਂ ਸੁਹਣੀ-ਸੁਹਣੀ ਲਗਦੀ ਹੈ, ਆਪਣੇ ਸੁਪਨਿਆਂ ਵਰਗੀ; ਤੇ ਸੁਪਨੇ ਅੰਬਰਾਂ 'ਤੇ ਉੱਡਦੇ ਹੋਏ। ਕਦੀ ਕਿਸੇ ਕਰੂਰਤਾ ਨਾਲ ਟਕਰਾ ਕੇ ਮਨ ਵਿਖਰਦਾ ਤਾਂ ਦੁਨੀਆਂ ਬੇਰੰਗ ਹੋਣ ਲਗਦੀ, ਆਪਣਾ-ਆਪ ਬੌਣਾ ਹੋਇਆ। ਹੁਣ ਇਸ 'ਚੋਂ ਕਿਹੜੀ ਹੋਂਦ ਸਹੀ ਹੈ ਜਾਂ ਹੋ ਸਕਦੀ ਹੈ? ਜੱਜੂ ਬਾਰੇ ਸੋਚਦਿਆਂ ਮੈਨੂੰ ਉਹ ਕਿਸੇ ਬਾਤ ਦੇ ਨਾਇਕ ਵਰਗਾ ਲਗਦਾ, ਜਿਸਦੀ ਅਗਲੀ ਭੂਮਿਕਾ ਬਾਰੇ ਸਰੋਤਾ ਜਾਣਦਾ ਨਹੀਂ ਹੁੰਦਾ! ਛੋਟੇ ਹੁੰਦਿਆਂ ਜਦੋਂ ਦਾਦੀ

ਬਾਤ ਸੁਣਾਉਣ ਲਗਦੀ, ਉਸਨੂੰ ਹੁੰਗਾਰਾ ਦੇਣਾ ਪੈਂਦਾ। ਹੁੰਗਾਰਾ ਨਾ ਭਰਦੇ ਤਾਂ ਉਹ ਬਾਤ ਰੋਕ ਕੇ ਕਹਿੰਦੀ, "ਚੰਗੀ ਨੀਂ ਲਗਦੀ ਤਾਂ ਬੰਦ ਕਰ ਦਿੰਦੀ ਹਾਂ।" ਹਰ ਵਾਰ ਹੀ ਉਸਦੇ ਸੁਣਾਉਣ ਦਾ ਢੰਗ ਨਿਰਾਲਾ ਹੁੰਦਾ; ਉਸਦੇ ਬੋਲਾਂ ਦੀ ਭੂਲ-ਭੁਲੈਈਆਂ 'ਚ ਇੰਜ ਗੁੰਮ-ਗੁਆਚ ਜਾਂਦੇ ਕਿ ਅਹਿਸਾਸ ਹੀ ਨਾ ਹੁੰਦਾ, ਇਹ ਤਾਂ ਪਹਿਲਾਂ ਵੀ ਸੁਣ ਚੁੱਕੇ ਹਾਂ। ਫਿਰ ਇਹ ਬਾਤਾਂ ਵੱਡੇ ਬੰਦਿਆਂ ਬਾਰੇ ਹੁੰਦੀਆਂ। ਰਾਜਿਆਂ-ਮਹਾਰਾਜਿਆਂ, ਚੋਰਾਂ-ਡਾਕੂਆਂ, ਆਸ਼ਕਾਂ, ਯੋਧਿਆਂ ਦੇ ਬਾਰੇ 'ਚ ਜਾਂ ਫਿਰ ਦਿਓ ਤੇ ਪਰੀਆਂ; ਉਹਨਾਂ ਦੀ ਜ਼ਿੰਦਗੀ ਦੀਆਂ ਘਟਨਾਵਾਂ। ਉਹਨਾਂ ਦੇ ਜੰਮਣ-ਮਰਨ, ਜਵਾਨੀ, ਵਿਆਹ ਨਾਲ ਜੁੜੀਆਂ ਮਿੱਥਾਂ। ਉਹਨਾਂ ਦੀਆਂ ਮਾਰੀਆਂ ਮੱਲਾਂ ਦੀ ਤਾਂ ਗੱਲ ਛੱਡੋ, ਉਹਨਾਂ ਨਾਲ ਜੁੜੇ ਸਕੈਂਡਲ ਵੀ ਯਾਦਗਾਰੀ ਬਣ ਜਾਂਦੇ ਹਨ, ਸਨਮਾਨਯੋਗ। ਮਹਾਰਾਜਾ ਪਟਿਆਲਾ ਦੀ ਮੇਮ ਨੂੰ ਛੇੜਨ ਦੀ ਘਟਨਾ ਸ਼ਿਮਲੇ 'ਚ 'ਸਕੈਂਡਲ ਪੁਆਇੰਟ' ਵਜੋਂ ਸਥਾਪਤ ਹੋ ਗਈ ਸੀ। ਉਹ ਵੀ ਕਿਸੇ ਸ਼ਰਮਨਾਕ ਕਾਰੇ ਵਜੋਂ ਨਹੀਂ, ਇੰਜ ਜਿਵੇਂ ਬਹਾਦਰੀ ਦਾ ਤਗਮਾ ਹੋਵੇ! ਇਹਨਾਂ ਗੱਲਾਂ ਦੀ ਉਦੋਂ ਸਮਝ ਨਹੀਂ ਸੀ, ਜਦੋਂ ਪਹਿਲੀ ਵਾਰ ਜੱਜੂ ਨੂੰ ਜਾਨਣ ਲੱਗਾ। ਉਦੋਂ ਸ਼ਾਇਦ ਉਹ ਦਸ ਗਿਆਰਾਂ ਵਰ੍ਹਿਆਂ ਦਾ ਹੋਵੇਗਾ! ਕਾਲਾ ਕਲੂਟਾ ਜਿਹਾ, ਸਿਰ ਦੇ ਵਾਲ ਉਲਝੀਆਂ ਜਟੂਰੀਆਂ ਵਰਗੇ, ਗਲ ਪਾਟਿਆ ਝੱਗਾ ਤੇ ਤੇੜ ਕੱਛਾ। ਲੱਤਾਂ ਬਾਹਾਂ ਇੰਜ ਜਿਵੇਂ ਹੱਡੀਆਂ 'ਤੇ ਚਮੜੀ ਮੜ ਦਿੱਤੀ ਹੋਵੇ! ਪੈਰੋਂ ਨੰਗਾ ਉਹ ਸਾਰਾ ਦਿਨ ਗਲੀਆਂ 'ਚ ਭਾਓਂਦਾ ਰਹਿੰਦਾ। ਜਿਥੇ ਨਿਆਣੇ ਖੇਡਦੇ ਦੇਖਦਾ, ਉਹਨਾਂ ਨਾਲ ਖੇਡਣ ਲਗ ਪੈਂਦਾ; ਜੇ ਉਹ ਆਪਣੇ ਨਾਲ ਨਾ ਰਲਾਉਂਦੇ ਤਾਂ ਪਾਸੇ ਖੜੋਤਾ ਉਹਨਾਂ ਖੇਡ ਰਿਹਾਂ ਨੂੰ ਦੇਖਦਾ ਰਹਿੰਦਾ, ਚੁਪਚਾਪ। ਇਹਨਾਂ ਹੀ ਦਿਨਾਂ ਦੀ ਗੱਲ ਹੈ। ਮੀਂਹ ਪੈ ਕੇ ਹਟਿਆ ਸੀ। ਮਾਂ ਪਸ਼ੂਆਂ ਦਾ ਗੋਹਾ ਸੁੱਟਣ ਲਈ ਜਾਣ ਲੱਗੀ ਤਾਂ ਉਹ ਗਲੀ 'ਚ ਤੁਰਿਆ ਜਾਂਦਾ ਦਿਸ ਗਿਆ, "ਵੇ ਜੱਜੂ, ਤੂੰ ਕਿਧਰ ਤੁਰਿਆ ਹੋਇਆਂ?"

"ਕਿਤੇ ਨੀ ਤਾਈ।" ਉਹ ਬੂਹੇ ਸਾਹਮਣੇ ਖੜੋ ਗਿਆ।

"ਆ ਮੇਰੇ ਨਾਲ ਗੋਹਾ ਸੁਟਾ ਦੇ।" ਮਾਂ ਨੇ ਜਿਵੇਂ ਆਖਿਆ ਉਹ ਬਿਨਾਂ ਕਿਸੇ ਹੀਲ-ਹੁੱਜਤ ਦੇ ਬੂਹਾ ਲੰਘ ਆਇਆ, "ਪਹਿਲਾਂ ਰੋਟੀ ਖਾ ਲੈ," ਮਾਂ ਨੇ ਨਾਲ ਹੀ ਰਸੋਈ 'ਚ ਰੋਟੀਆਂ ਪਕਾ ਰਹੀ ਚਰਨੋ ਨੂੰ ਆਵਾਜ਼ ਦਿੱਤੀ, "ਕੁੜੀਏ, ਜੱਜੂ ਨੂੰ ਰੋਟੀ ਪਾ ਕੇ ਫੜਾ ਦੇ।"

ਉਹ ਮਾਂ ਵੱਲ ਤੁਰਿਆ ਜਾਂਦਾ ਰੁਕ ਗਿਆ ਜਿਵੇਂ ਕੋਈ ਭੌਂਚਲ ਜਾਂਦਾ, ਅਗਾਂਹ ਕੀ ਕਰੇ? ਰਸੋਈ ਸਾਹਮਣੇ ਖੁੱਲ੍ਹਾ ਵਿਹੜਾ ਸੀ। ਵਿਹੜੇ ਦੇ ਗਲੀ ਵਾਲੇ ਪਾਸੇ ਉੱਚੀ ਕੰਧ। ਉਧਰ ਦੀ ਆਮ ਆਉਣ-ਜਾਣ ਹੁੰਦਾ ਪਿੰਡ ਵਲ ਨੂੰ। ਵਿਹੜਾ ਟੱਪ ਕੇ ਪੱਛਮ ਵਲ ਫਿਰ ਛੋਟੀ-ਛੋਟੀ ਕੰਧ ਸੀ, ਮਸਾਂ ਤਿੰਨ ਕੁ ਫੁੱਟ ਉੱਚੀ, ਜਿਸ ਤੋਂ ਪਾਰ ਪਸ਼ੂਆਂ ਵਾਲੀ ਹਵੇਲੀ। ਉੱਥੇ ਪਸ਼ੂ ਬੰਨ੍ਹੇ ਹੁੰਦੇ, ਬਾਲਣ-ਢੀਂਗਰ ਪਿਆ ਰਹਿੰਦਾ ਤੇ ਤੂੜੀ-ਪਰਾਲੀ ਵੀ। ਇਕ ਲੰਮੇ ਦਾ ਲੰਮਾ ਪੰਜ ਖਾਨਿਆਂ ਦਾ ਪਸ਼ੂਆਂ ਵਾਲਾ ਕੋਠਾ ਸੀ ਫਿਰਨੀ ਨਾਲ ਜਾ ਕੇ। ਪਸ਼ੂਆਂ ਦਾ ਆਉਣ-ਜਾਣ ਇਧਰ ਦੀ ਹੁੰਦਾ, ਫਿਰਨੀ ਥਾਣੀਂ! ਘਰ 'ਚੋਂ ਬੈਠੇ-ਖੜੋਤਿਆਂ ਪਸ਼ੂਆਂ 'ਤੇ ਪੂਰੀ ਨਿਗਾਹ ਰਹਿੰਦੀ। ਉਧਰ ਕੋਈ ਹੁੰਦਾ ਤਾਂ ਘਰ ਵਲ। ਉਹ ਕੁਝ ਚਿਰ ਹਵੇਲੀ ਤੇ ਘਰ ਨੂੰ ਵੱਖ ਕਰਦੀ ਕੰਧ ਕੋਲ ਖੜਾ ਰਿਹਾ ਕਿ ਚਰਨੋ ਨੇ ਇਕ ਥਾਲੀ 'ਚ ਫੁਲਕੇ ਤੇ ਨਾਲ ਦਾਲ ਵਾਲੀ ਕੌਲੀ ਰੱਖ, ਰਸੋਈ ਦੇ ਬਾਹਰ ਬਿੰਨ੍ਹਾਂ ਡਾਹ ਕੇ ਆਵਾਜ਼ ਮਾਰੀ। ਉਹ ਆ ਕੇ ਚੁਪਚਾਪ ਬਹਿ ਰੋਟੀ ਖਾਣ ਲੱਗਾ। ਮੈਂ ਸੋਚਦਾ ਰਿਹਾ, 'ਕੀ ਸਵੇਰੇ ਘਰੋਂ ਰੋਟੀ ਖਾ ਕੇ ਨਹੀਂ ਸੀ ਨਿਕਲਿਆ? ਇਸਦੇ ਮਾਂ-ਬਾਪ ਨੇ ਕਿਵੇਂ ਇਸਨੂੰ ਭੁੱਖਾ ਹੀ ਘਰੋਂ ਤੋਰ ਦਿੱਤਾ?'

ਯੂਨੀਵਰਸਿਟੀ 'ਚ ਛੁੱਟੀਆਂ ਹੋਣ ਕਰਕੇ ਮੈਂ ਪਿੰਡ ਆਇਆ ਹੋਇਆ ਸੀ। ਕੁਝ ਸਾਲਾਂ ਤੋਂ ਹੋਸਟਲ 'ਚ ਰਹਿਣ ਕਰਕੇ ਪਿੰਡ ਦੇ ਬਹੁਤ ਕੁਝ ਦਾ ਪਤਾ ਨਹੀਂ ਸੀ, ਖਾਸ ਕਰਕੇ ਜਿਹੜਾ ਮੇਰੇ ਪਿੰਡੋਂ ਬਾਹਰ ਰਹਿਣ

ਦੌਰਾਨ ਵਾਪਰਿਆ/ਬਦਲਿਆ। ਕਿੰਨਾ ਕੁਝ ਪੁਰਾਣਾ ਹੋ ਗਿਆ ਸੀ ਤੇ ਕਿੰਨਾ ਹੀ ਕੁਝ ਨਵਾਂ ਆਇਆ। ਜੱਜੂ ਇਸ ਨਵੇਂ ਵਰਤਾਰੇ 'ਚ ਸ਼ਾਮਲ ਸੀ, ਜਿਹੜਾ ਮੇਰੇ ਪਿਛੋਂ ਆਪਣੇ ਮਾਯੂਸ ਬਚਪਨ 'ਚੋਂ ਨਿਕਲ ਗਭਰੇਟ ਉਮਰ ਵਲ ਵਧ ਰਿਹਾ ਸੀ। ਅਖ਼ਬਾਰ ਪੜ੍ਹਦਾ ਮੈਂ ਵਿੱਚ-ਵਿੱਚ ਚੋਰ ਅੱਖ ਨਾਲ ਉਸ ਵਲ ਦੇਖ ਲੈਂਦਾ। ਜਿਵੇਂ ਉਹ ਹਾਬੜਿਆਂ ਵਾਂਗ ਰੋਟੀ ਖਾਣ ਲੱਗਾ ਸੀ, ਇਸ ਗਲ ਨੇ ਉਸਨੂੰ ਮੇਰੇ ਲਈ ਦਿਲਚਸਪ ਬਣਾ ਦਿੱਤਾ। ਭੈਣ ਦੇ ਹੱਥ ਦੀਆਂ ਮੋਟੀਆਂ ਮੋਟੀਆਂ ਰੋਟੀਆਂ ਦੀਆਂ ਉਹ ਮਸਾਂ ਚਾਰ-ਪੰਜ ਬੁਰਕੀਆਂ ਕਰਦਾ, ਉਹਨਾਂ ਨੂੰ ਨਿਗਲ ਰਿਹਾ ਵੱਧ ਲਗਦਾ। ਰੋਟੀ ਖਾ ਕੇ ਵੀ ਬੈਠਾ ਰਿਹਾ, ਬਿਲਕੁਲ ਉਵੇਂ ਦੀ ਹਾਲਤ 'ਚ, ਜਿਵੇਂ ਪਸ਼ੂਆਂ ਦੀ ਹਵੇਲੀ ਵਲ ਦੀ ਕੰਧ ਕੋਲ ਦੁਚਿੱਤੀ 'ਚ ਰਿਹਾ ਸੀ, ਜਦੋਂ ਮਾਂ ਨੇ ਉਸਨੂੰ ਪਹਿਲਾਂ ਰੋਟੀ ਖਾਣ ਲਈ ਕਿਹਾ। ਮੈਨੂੰ ਉਸਦੇ ਬੈਠੇ ਰਹਿਣ ਦੀ ਸਮਝ ਨਹੀਂ ਸੀ ਆ ਰਹੀ ! ਕੁਝ ਚਿਰ ਬਾਅਦ ਉੱਠਣ ਲੱਗਾ ਤਾਂ ਉਦੋਂ ਹੀ ਚਰਨੋ ਅੰਦਰੋਂ ਰੋਟੀਆਂ ਲੈ ਕੇ ਨਿਕਲੀ, "ਲੈ, ਮੈਂ ਤਾਂ ਤੈਨੂੰ ਭੁੱਲ ਹੀ ਗਈ ਸੀ... ਰੱਜ ਕੇ ਖਾ ਲੈ !" ਉਸਨੇ ਦੋ ਰੋਟੀਆਂ ਉਸ ਵਲ ਵਧਾਈਆਂ, ਜਿਹੜੀਆਂ ਉਸਨੇ ਹੱਥਾਂ ਦਾ ਬੁੱਕ ਜੋੜ ਕੇ ਲੈ ਲਈਆਂ ਤੇ ਮੁੜ ਸੂਤ ਹੋ ਕੇ ਬਹਿ ਗਿਆ। ਮੈਨੂੰ ਬੜਾ ਅਜੀਬ ਲੱਗਾ। ਉਹ ਤਾਂ ਉੱਠਣ ਲੱਗਾ ਸੀ। ਜੇ ਭੁੱਖਾ ਸੀ ਤਾਂ ਹੋਰ ਰੋਟੀ ਕਿਉਂ ਨਾ ਮੰਗੀ? ਜੇ ਰੱਜ ਗਿਆ ਸੀ ਤਾਂ ਨਾਂਹ ਕਿਉਂ ਨਾ ਕੀਤੀ? ਭਾਵੇਂ ਮੇਰੀਆਂ ਅੱਖਾਂ ਅਖ਼ਬਾਰ 'ਤੇ ਰਹੀਆਂ, ਪਰ ਪੜ੍ਹਨਾ ਭੁੱਲ ਕੇ ਉਸ ਬਾਰੇ ਸੋਚਦਾ ਰਿਹਾ। ਭੈਣ ਨੇ ਦੋ ਰੋਟੀਆਂ ਹੋਰ ਉਸਨੂੰ ਦਿੱਤੀਆਂ। ਉਹ ਵੀ ਉਸਨੇ ਲੈ ਲਈਆਂ ਤੇ ਨਾਲ ਹੀ ਕਿਹਾ, "ਬੱਸ ਹੋਰ ਨੀ।"

ਰੋਟੀ ਖਾ ਕੇ ਮਾਂ ਨਾਲ ਗੋਹਾ ਪਿਛਾਂਹ ਹਟਾਉਣ 'ਚ ਰੁੱਝ ਗਿਆ। ਉਹ ਗੋਹੇ ਦੇ ਫੋਸ ਇਕੱਠੇ ਕਰਦਾ ਗਿਆ ਤੇ ਮਾਂ ਲੁਹਾਂਡੇ 'ਚ ਪਾ ਢੇਰ 'ਤੇ ਸੁੱਟਦੀ ਰਹੀ, ਜਿਹੜਾ ਫਿਰਨੀ ਤੋਂ ਪਾਰ ਦੂਸਰੇ ਪਾਸੇ ਸੀ। ਗੋਹਾ ਹਟਾਉਂਦਿਆਂ ਨਾ ਉਸਨੂੰ ਕੋਈ ਕਚਿਆਣ ਸੀ ਤੇ ਨਾ ਹੀ ਹੱਥ ਪੈਰ ਲਿੱਬੜ ਜਾਣ ਦਾ ਡਰ। ਇੱਟਾਂ ਦੇ ਫਰਸ਼ ਵਿਚਲੀਆਂ ਤਰੇੜਾਂ ਤੇ ਡੂੰਘਾਂ 'ਚੋਂ ਹੱਥ ਨਾਲ ਗੋਹਾ ਕੱਢ, ਉਸਨੇ ਪੂਰੀ ਤਰ੍ਹਾਂ ਸਾਫ਼-ਸਫਾਈ ਕਰ ਦਿੱਤੀ। ਡੇਢ, ਦੋ ਘੰਟੇ, ਮਾਂ ਨਾਲ ਸਫਾਈ ਕਰਾ, ਨਲਕੇ ਤੋਂ ਹੱਥ ਪੈਰ ਧੋਂਦੇ ਨੂੰ ਮਾਂ ਨੇ ਕਿਹਾ, "ਜੱਜੂ, ਦੁਪਹਿਰ ਨੂੰ ਵੀ ਰੋਟੀ ਖਾ ਜਾਈਂ।"

ਹੱਥ ਪੈਰ ਜਿੰਨੇ ਕੁ ਸਾਫ਼ ਕਰ ਸਕਦਾ ਸੀ, ਉਸਨੇ ਕੀਤੇ। ਗਲ ਪਾਇਆ ਝੱਗਾ ਕਈ ਥਾਵਾਂ ਤੋਂ ਗੋਹੇ ਦੇ ਦਾਗਾਂ ਨਾਲ ਭਰ ਗਿਆ ਸੀ, ਪਰ ਉਸਨੇ ਕੋਈ ਪ੍ਰਵਾਹ ਨਾ ਕੀਤੀ ਤੇ ਜਿਵੇਂ ਆਇਆ ਸੀ, ਉਵੇਂ ਹੀ ਸਹਿਜ ਨਾਲ ਬਾਹਰ ਨੂੰ ਲੰਘ ਗਿਆ। ਦੁਪਹਿਰੇ ਉਹ ਨਾ ਆਇਆ ਤਾਂ ਪਤਾ ਨਹੀਂ ਕਿਉਂ ਮੈਨੂੰ ਅੱਚਵੀ ਜਿਹੀ ਲੱਗ ਗਈ। ਮਾਂ ਨੂੰ ਪੁੱਛਿਆ ਤਾਂ ਉਸਨੇ ਕਿਹਾ, "ਇਹ ਇਹੋ ਜਿਹਾ ਈ ਐ... ਕਿਸੇ ਨੇ ਰਾਹ 'ਚ ਕੰਮ ਲਾ ਲਿਆ ਹੋਊ !"

"ਇਸਦੇ ਘਰਦੇ ਨੀ ਰੋਟੀ ਦਿੰਦੇ?"

"ਉਹੀ ਕਾਰੇ ਦਾ ਮੁੰਡਾ, ਜਿਹੜਾ ਖੂਹੀਆਂ ਗਾਲਦਾ ਹੁੰਦਾ ਸੀ... ਸਾਡੀ ਖੂਹੀ ਵੀ ਤਾਂ ਉਸਨੇ ਹੀ ਗਾਲੀ ਸੀ... ਉਹ ਕੰਮ ਰਿਹਾ ਨੀ, ਦਿਹਾੜੀ ਕਦੀ ਮਿਲਦੀ ਐ, ਕਦੀ ਨਈਂ... ਸੱਤ ਨਿਆਣੇ... ਉਸਨੇ ਇਸਨੂੰ ਕਈ ਘਰਾਂ 'ਚ ਛੋਟੇ-ਮੋਟੇ ਕੰਮਾਂ 'ਤੇ ਰਖਾਇਆ ਪਰ ਇਹ ਟਿਕਦਾ ਨੀ ! ਕਦੀ ਘਰ ਵੀ ਚਲਾ ਜਾਂਦਾ, ਕਦੀ ਕਿਸੇ ਦੀ ਖੁਰਲੀ 'ਚ ਸੌਂ ਰਹੂ... ਜਿੱਥੇ ਰੋਟੀ ਮਿਲ ਗਈ, ਖਾ ਲਈ, ਜਿਹੜਾ ਕੰਮ ਕਿਸੇ ਕਿਹਾ ਕਰ ਦਿੱਤਾ... ਕੱਬਾ ਵੀ ਐ। ਜੇ ਕੋਈ ਗਲ ਬੁਰੀ ਲੱਗੇ ਤਾਂ ਥਾਹੜ ਕਰਦਾ ਜਵਾਬ ਮੂੰਹ 'ਤੇ ਮਾਰੂ..." ਮਾਂ ਦੀਆਂ ਗੱਲਾਂ ਨੇ ਮੇਰੀ ਉਤਸੁੱਕਤਾ ਹੋਰ ਵੀ ਵਧਾ ਦਿੱਤੀ। ਮਨ 'ਚ ਕਈ ਸਵਾਲ ਸੁਲਗਣ ਲੱਗੇ। ਕਿਉਂ ਉਸਦਾ ਬਾਪ, ਜਦੋਂ ਪਾਲ ਨਹੀਂ ਸੀ ਸਕਦਾ ਤਾਂ ਇੰਨੇ ਬੱਚੇ ਜੰਮੀਂ ਗਿਆ? ਕਿਉਂ ਉਸਦਾ ਰਤਾ ਵੀ ਫ਼ਿਕਰ ਨਹੀਂ ਘਰ 'ਚ? ਮਾਂ ਦੀਆਂ ਗੱਲਾਂ ਹਥੌੜੇ ਦੀ ਸੱਟ ਵਾਂਗ ਜ਼ਿਹਨ 'ਚ ਗੂੰਜਣ ਲੱਗੀਆਂ। ਮੇਰੇ ਸਾਹਮਣੇ ਪੜ੍ਹੇ

ਹੋਏ ਸਿਧਾਂਤ ਸਨ, ਕਿਤਾਬੀ ਗਿਆਨ ਸੀ ਤੇ ਸੁਪਨਮਈ ਕਲਪਨਾਵਾਂ; ਉਹਨਾਂ 'ਚ ਸਮਝ ਨਾ ਆਉਂਦੀ, ਉਸ ਨੂੰ ਕਿੱਥੇ ਫਿੱਟ ਕੀਤਾ ਜਾ ਸਕਦਾ! ਕਿੰਨਾ ਕਸੂਰ ਉਸਦਾ ਸੀ ਇਸ ਸਥਿਤੀ ਲਈ ਤੇ ਕਿੰਨਾ ਮਾਂ-ਬਾਪ, ਸਮਾਜ ਦਾ। ਕਿੰਨਾ ਹਿੱਸਾ ਸੱਤਾ ਤੇ ਰਾਜਨੀਤੀ ਦਾ, ਜਿਹਨਾਂ ਕੋਲ ਆਪਣੇ ਸਮਾਜ ਤੇ ਭਵਿੱਖ ਦੀ ਕੋਈ ਰੂਪ-ਰੇਖਾ ਹੀ ਨਹੀਂ; ਕੋਈ ਸੁਪਨਾ ਕਿ ਵਿਕਾਸ ਦੀ ਇਸ ਅੰਧਾ-ਧੁੰਦ ਹਨੇਰੀ 'ਚ ਖਿੱਤੇ ਦੀ ਲੋਕਾਈ ਦੀ ਜ਼ਿੰਦਗੀ ਬੇਹਤਰ ਕਰਨ ਲਈ ਕੀ ਕਰਨਾ? ਜਿਵੇਂ ਰਾਜ ਕਰਨਾ, ਸਹੂਲਤਾਂ ਮਾਨਣੀਆਂ ਹੀ ਉਹਨਾਂ ਦੀ ਜ਼ੁੰਮੇਵਾਰੀ ਹੋਵੇ! ਜਾਂ ਫਿਰ ਆਪਣੇ ਤੇ ਆਪਣੇ ਚਹੇਤਿਆਂ ਦੇ ਘਰ ਭਰਨੇ। ਵੋਟਾਂ ਦੀ ਰੁੱਤ ਤੋਂ ਬਿਨਾਂ, ਉਹ ਕਿਉਂ ਲੋਕਾਂ ਕੋਲ ਆਪਣੀਆਂ ਯੋਜਨਾਵਾਂ ਲੈ ਕੇ ਨਹੀਂ ਜਾਂਦੇ? ਇਹਨਾਂ ਸੁਲਗਦੇ ਸਵਾਲਾਂ ਨਾਲ ਕੈਰੀਅਰ ਦੇ ਸਵਾਲ ਵੀ ਪਿਲਚੇ ਰਹਿੰਦੇ। ਪੜ੍ਹਨ ਦੇ ਬਾਵਜੂਦ ਭਵਿੱਖ ਅਨਿਸ਼ਚਿਤ ਹੁੰਦਾ ਜਾ ਰਿਹਾ ਸੀ! ਹਰ ਖੇਤਰ 'ਚ ਭ੍ਰਿਸ਼ਟਾਚਾਰ ਦੀ ਦਲਦਲ ਇੰਨੀ ਘਿਨਾਉਣੀ ਹੁੰਦੀ ਜਾ ਰਹੀ ਸੀ ਕਿ ਉਸ 'ਚ ਲਿਬੜਣ ਤੋਂ ਬਿਨਾਂ ਕੁਝ ਵੀ ਹੁੰਦਾ ਨਾ ਦਿਸਦਾ! ਨੌਕਰੀਆਂ ਅੱਵਲ ਤਾਂ ਹੈਨ ਹੀ ਨਹੀਂ ਸਨ। ਜੇ ਕਿਤੇ ਸੀ ਤਾਂ ਉਹ 'ਸੇਲ' 'ਤੇ ਲੱਗੀਆਂ ਹੋਈਆਂ ਜਾਂ ਫਿਰ ਸੱਤਾ ਦੇ ਗਲਿਆਰਿਆਂ ਨਾਲ ਜੁੜੀਆਂ। ਜਿੰਨੀ ਫਾਇਲ ਨੂੰ 'ਪਹੀਏ' ਲਾ ਸਕਣ ਦੀ ਯੋਗਤਾ; ਤਰੱਕੀ ਦੀਆਂ ਪੌੜੀਆਂ ਚੜ੍ਹਨੀਆਂ ਓਨੀਆਂ ਹੀ ਸੌਖੇਰੀਆਂ। ਯੋਗਤਾ, ਪ੍ਰਤਿਭਾ ਗੌਣ ਹੁੰਦੀਆਂ ਜਾ ਰਹੀਆਂ ਸਨ। ਇਕ ਅਲਿਖਤ ਪਰ ਹਰ ਥਾਂ ਮੌਜੂਦ ਗੁਪਤ ਸਲੀਕੇ ਦਾ ਪਾਠ, ਹਰ ਜ਼ਿਹਨ 'ਚ ਬਿਠਾਇਆ ਜਾਂਦਾ; ਕਿਸੇ ਨਾਲ ਕਿਵੇਂ ਪੇਸ਼ ਆਉਣਾ ਹੈ, ਕਦੋਂ ਕਿਸੇ ਗਲ 'ਤੇ ਪ੍ਰਤੀਕਰਮ ਕਰਨਾ ਤੇ ਕਦੋਂ ਪ੍ਰਤੀਕਰਮ ਨੂੰ ਆਪਣੇ ਅੰਦਰ ਘੁੱਟ ਲੈਣਾ! ਜਿਸ ਗਲ ਦਾ ਫਾਇਦਾ ਹੋ ਰਿਹਾ ਹੋਵੇ, ਉਸ 'ਤੇ ਕੇਂਦਰਿਤ ਕਰੀ ਜਾਣਾ, ਚਾਹੇ ਗਲਤ ਹੀ ਕਿਉਂ ਨਾ ਹੋਵੇ! ਸੰਬੰਧਾਂ ਦਾ ਜਾਲ ਬੁਣਦੇ ਜਾਣਾ, ਜਿਨ੍ਹਾਂ ਦੀ ਕਿਤੇ ਕੰਮ ਆ ਸਕਣ ਦੀ ਸੰਭਾਵਨਾ ਹੋਵੇ! ਪੜ੍ਹਾਈ ਬਿੱਲੀ ਵਾਂਗ ਸ਼ਹਿ ਲਾ ਕੇ ਸ਼ਿਕਾਰ ਕਰਨਾ ਬਹੁਤਾ ਸਿਖਾ ਰਹੀ ਸੀ। ਮੈਂ ਵੀ ਜੁਗਤਾਂ ਦੀਆਂ ਅਜਿਹੀਆਂ ਪੌੜੀਆਂ ਨਾਲੋਂ ਨਾਲ ਚੜ੍ਹਦਾ ਜਾ ਰਿਹਾ ਸੀ। ਵਧਦੀ ਉਮਰ ਨਾਲ, ਜੱਜੂ ਮੂੰਹਫਟ ਮਜ਼ਦੂਰ ਬਣਦਾ ਗਿਆ। ਦਿਹਾੜੀ 'ਤੇ ਜਾਂਦਾ। ਸਰੀਰੋਂ ਭਾਵੇਂ ਮਾੜਾ ਸੀ ਪਰ ਕੰਮ ਜਾਨ ਮਾਰ ਕੇ ਕਰਦਾ। ਸੁਸਤੀ ਜਾਂ ਅਵੇਸਲਾਪਣ ਨਹੀਂ ਸੀ ਵਰਤਦਾ ਜਿਸ ਕਰਕੇ ਬਹੁਤੇ ਉਸਨੂੰ ਲਿਜਾਣਾ ਚਾਹੁੰਦੇ। ਪਰ ਲਾਪਰਵਾਹ ਵੀ ਸੀ। ਹੋ ਸਕਦਾ ਹੈ ਰਾਤ ਨੂੰ ਕਹਿ ਕੇ ਆਓ, 'ਸਵੇਰੇ ਦਿਹਾੜੀ 'ਤੇ ਆ ਜਾਈਂ।' ਪਰ ਸਵੇਰੇ ਉਹ ਕਿਸੇ ਚੋਈ ਜਾਂ ਛੱਪੜ ਕੰਢੇ ਕੁੰਡੀ ਲਾਈ ਬੈਠਾ ਮੱਛੀਆਂ ਫੜਨ 'ਚ ਰੁੱਝਾ ਹੋਵੇ ਜਾਂ ਕੋਈ ਉਸਨੂੰ ਰਾਹ 'ਚੋਂ ਤੁਰੇ ਜਾਂਦੇ ਨੂੰ ਆਪਣੇ ਨਾਲ ਤੋਰ ਲਿਜਾਵੇ। ਮਿਲਣ 'ਤੇ ਅਗਲਾ ਉਲਾਂਭਾ ਦਿੰਦਾ ਤਾਂ ਬੜਾ ਸਹਿਜ ਜਿਹਾ ਜੁਆਬ ਹੁੰਦਾ, "ਮੱਛੀਆਂ ਫੜੀਆਂ ਨੂੰ ਚਿਰ ਹੋ ਗਿਆ ਸੀ... ਸੋਚਿਆ ਕਿਤੇ ਕੁੰਡੀ ਲਾਉਣੀ ਹੀ ਨਾ ਭੁਲ ਜਾਵੇ... ਜਾਂ ਬਚਨੇ ਨੇ ਮੈਨੂੰ ਕਿਹਾ ਤਾਂ ਮੈਥੋਂ ਨਾਂਹ ਨਾ ਕਰ ਹੋਈ... ਮੈਨੂੰ ਫਸਿਆ ਲੱਗਾ ਸੀ।"

"ਪਰ ਸਾਡਾ ਕੰਮ ਤਾਂ ਖੜਾ ਦਿੱਤਾ ਨਾ?"

"ਕੋਈ ਨਾ ਭਲਕੇ ਆ ਜਾਊਂ...।" ਉਹ ਅਰਾਮ ਨਾਲ ਕਹਿੰਦਾ, ਜਿਵੇਂ ਇਹ ਕੋਈ ਗਲ ਹੀ ਨਾ ਹੋਵੇ। ਉਸਨੂੰ ਸੱਚੀਂ ਹੀ ਇਹ ਕੋਈ ਗਲ ਨਾ ਲਗਦੀ! ਪਿੰਡ ਬਦਲ ਰਿਹਾ ਸੀ, ਹਾਲਾਤ ਬਦਲ ਰਹੇ ਸਨ। ਜੇ ਕੁਝ ਨਹੀਂ ਸੀ ਬਦਲ ਰਿਹਾ ਤਾਂ ਉਹ ਜੱਜੂ ਦਾ ਸੁਭਾਅ! ਉਸਦੀਆਂ ਆਦਤਾਂ। ਪੜ੍ਹਾਈ ਤੋਂ ਬਾਅਦ ਮੇਰੀ ਨੌਕਰੀ ਬੈਂਕ 'ਚ ਲਗ ਗਈ ਤਾਂ ਪਿੰਡ ਨਾਲੋਂ ਨਾਤਾ ਹੋਰ ਵੀ ਘੱਟ ਗਿਆ। ਪਹਿਲੇ ਦੋ ਕੁ ਸਾਲ ਨੂਰਮਹਿਲ ਦੀ ਬਰਾਂਚ 'ਚ ਲਾਉਣ ਤੋਂ ਬਾਅਦ; ਕੁਝ ਜਾਣ-ਪਹਿਚਾਣ ਵਰਤ ਤੇ ਕੁਝ ਤਿਕੜਮ ਲਗਾ ਕੇ ਮੁਕੇਰੀਆਂ ਦੀ ਬਦਲੀ ਕਰਵਾ ਲਈ। ਪਿੰਡ ਤੋਂ ਸਕੂਟਰ 'ਤੇ ਜਾਣ 'ਚ ਅੱਧਾ ਕੁ ਘੰਟਾ ਲਗਦਾ। ਸਵੇਰੇ ਨੌਂ ਵਜੇ ਨਿਕਲ ਜਾਂਦਾ, ਪਰ ਮੁੜਦਿਆਂ ਸੱਤ, ਸਾਢੇ ਸੱਤ ਹੋ ਹੀ ਜਾਂਦੇ। ਪਿੰਡ ਵਲ ਜਾਣ ਦਾ ਸਮਾਂ ਹੀ ਨਾ ਬਚਦਾ। ਬਸ,

ਸਵੇਰ ਦੀ ਸੈਰ ਜਾਰੀ ਰਹੀ। ਤੜਕੇ ਉੱਠ ਕੇ ਖੇਤਾਂ ਵਲ ਨਿਕਲ ਜਾਂਦਾ। ਨਾਲੇ ਜੰਗਲ-ਪਾਣੀ ਹੋ ਆਉਂਦਾ ਤੇ ਨਾਲ ਖੇਤ-ਬੰਨਾ ਦੇਖ ਹੋ ਜਾਂਦਾ। ਕੋਈ ਰਾਹ 'ਚ ਮਿਲ ਜਾਂਦਾ ਤਾਂ ਉਸ ਨਾਲ 'ਹੈਲੋ' 'ਹਾਇ' ਹੋ ਜਾਂਦੀ। ਇਹ ਗੱਲ ਇਹਨਾਂ ਹੀ ਦਿਨਾਂ ਦੀ ਹੈ। ਇਕ ਦਿਨ ਸਵੇਰੇ-ਸਵੇਰੇ ਬਾਹਰੋਂ ਆ ਰਿਹਾ ਸੀ ਤਾਂ ਬੋਲ-ਬੁਲਾਰਾ ਸੁਣ ਤੇ ਕੁਝ ਬੰਦੇ 'ਕੱਠੇ ਹੋਏ ਦੇਖ, ਚੜ੍ਹਦੀ ਵਲ ਦੀ ਫਿਰਨੀ ਨੂੰ ਮੁੜ ਗਿਆ। ਨੇੜੇ ਗਿਆ ਤਾਂ ਦੇਖਿਆ ਚੰਨਣ ਹੁਰੀਂ ਆਪਣੀ ਆਬਾਦੀ 'ਚ ਨਵੀਂ ਕੋਠੀ ਪਾਉਣ ਲਈ ਨੀਹਾਂ ਪੁੱਟ ਰਹੇ ਸਨ। ਸਾਧਾਰਨ ਦੇਖਣ ਤੋਂ ਹੀ ਪਤਾ ਲਗ ਜਾਂਦਾ, ਉਹਨਾਂ ਨੇ ਆਪਣਾ ਡਿੰਗ ਸਿੱਧਾ ਕਰਨ ਲਈ, ਲਹਿੰਦੀ ਵੰਨੀ ਦੀ ਗੁੱਠ ਵਲ ਤਿੰਨ, ਸਾਢੇ ਤਿੰਨ ਫੁੱਟ ਨੀਂਹ ਫਿਰਨੀ ਵਲ ਵਧਾ ਲਈ ਸੀ। ਇਸਨੂੰ ਦੇਖ ਲੰਘਦੇ ਜੱਜੂ ਨੇ ਕਹਿ ਦਿੱਤਾ, "ਇਹ ਫਿਰਨੀ ਕਿਉਂ ਦੱਬੀ ਜਾ ਰਹੇ ਹੋ?"

"ਫਿਰਨੀ ਨੀ ਦੱਬ ਰਹੇ, ਸਾਡਾ ਥਾਂ ਇਥੋਂ ਤੱਕ ਐ... ਇਹ ਤਾਂ ਲੰਘਣ ਦਾ ਰੁਝਾਨ ਇਧਰ ਨੂੰ ਬਣਦਾ ਗਿਆ?" ਚੰਨਣ ਨੇ ਘੂਰ ਕੇ ਕਿਹਾ। ਉਸਨੂੰ ਗੁੱਸਾ ਸੀ ਪਿੰਡ 'ਚੋਂ ਕਿਸੇ ਨੇ ਉੱਜ਼ਰ ਵੀ ਕੀਤਾ, ਪਰ ਇਹ ਦੋ ਟਕੇ ਦਾ ਬੰਦਾ...!... ਹਾਂ, 'ਦੋ ਟਕੇ ਦਾ ਬੰਦਾ' ਹੀ ਉਸਨੇ ਕਿਹਾ।

"ਜੇ ਮੁਰੱਬਿਆਂ ਨਾਲ ਰੱਜ ਨੀ ਆਇਆ ਤਾਂ ਇਹ ਮਰਲਾ, ਦੋ ਮਰਲੇ ਦੱਬ ਕੇ ਰੱਜ ਜਾਓਗੇ।" ਉਸਨੇ ਅੱਖੜਤਾ ਨਾਲ ਕਿਹਾ ਤਾਂ ਚੰਨਣ ਨੇ ਜੁੱਤੀ ਲਾਹ ਕੇ ਮਾਰਨ ਲਈ ਉਲਾਰੀ ਜਿਸਨੂੰ ਦੇਖ ਉਹ ਖਿਸਕ ਗਿਆ। ਹੁਣ ਕਾਰਾ ਆ ਕੇ ਮੁਆਫ਼ੀਆਂ ਮੰਗ ਰਿਹਾ ਸੀ, "ਤੁਹਾਨੂੰ ਪਤਾ ਹੀ ਐ ਸਰਦਾਰੋ, ਉਹ ਪਾਗਲ ਐ... ਮੈਂ ਤਾਂ ਆਪ ਉਸ ਤੋਂ ਤੰਗ ਆਂ... ਮੈਨੂੰ ਦੇ ਲਓ ਜਿਹੜੀ ਸਜ਼ਾ ਦੇਣੀ ਐਂ!" ਮੈਨੂੰ ਹੈਰਾਨੀ ਹੋਈ ਕਿ ਜੱਜੂ ਦੇ ਮੂੰਹ-ਫੱਟ ਪੁਣੇ ਨੂੰ ਤਾਂ ਹਰ ਕੋਈ ਨਿੰਦ ਰਿਹਾ ਸੀ ਪਰ ਸਾਹਮਣੇ ਵਧਾ ਕੇ ਪੁੱਟੀ ਨੀਂਹ ਕਿਸੇ ਨੂੰ ਨਹੀਂ ਸੀ ਦਿਸ ਰਹੀ। ਖੁਦ ਮੈਨੂੰ ਵੀ ਨਹੀਂ! ਭੈਣ ਚਰਨੋ ਦਾ ਰਿਸ਼ਤਾ ਚੰਨਣ ਨੇ ਆਪਣੇ ਸਾਂਢੂ ਦੇ ਭਰਾ ਦੇ ਮੁੰਡੇ ਵਲ ਕਰਾਇਆ ਹੋਇਆ ਸੀ। ਮੈਨੂੰ ਉਹ ਤੰਦ ਕੁਝ ਵੀ ਦੇਖਣ ਤੋਂ ਰੋਕ ਰਹੀ ਸੀ। ਹੋਰ ਵੀ ਚੁਪ ਰਹਿ ਕੇ, ਪਤਾ ਨਹੀਂ ਕਿਹੜੀਆਂ ਤੰਦਾਂ 'ਚ ਉਲਝੇ ਹੋਣ ਜਾਂ ਸਰਦੇ-ਪੁੱਜਦੇ ਬੰਦੇ ਨਾਲ ਵਗਾੜ ਪਾਉਣ ਤੋਂ ਡਰ ਰਹੇ ਸਨ। ਸਗੋਂ ਬਣਾ ਕੇ ਰੱਖਣ ਦੀ ਚਾਹਨਾ... ਕਦੋਂ ਕੋਈ ਕੰਮ ਪੈ ਜਾਵੇ! ਹਰ ਕੋਈ ਗਰਜ਼ਾਂ ਦੀਆਂ ਤੰਦਾਂ 'ਚ ਇੰਨੀ ਬੁਰੀ ਤਰ੍ਹਾਂ ਜਕੜਿਆਂ ਹੋਇਆ ਸੀ ਕਿ ਇਸ ਘੇਰੇ ਤੋਂ ਬਾਹਰ ਕੁਝ ਹੋਰ ਦੇਖਣਾ ਅਸੰਭਵ ਜਿਹਾ ਲਗਦਾ। ਸਵਾਰਥਾਂ ਦੀ ਅਮੁੱਕ ਲੜੀ ਤੇ ਇਸ 'ਚ ਵਹਿੰਦੀ ਹੋਈ ਜੀਵਨ-ਜਾਚ।

ਚਰਨੋ ਦੇ ਵਿਆਹ ਵੇਲੇ ਬਾਰਾਤ ਤਾਂ ਭਾਵੇਂ ਪੈਲੇਸ 'ਚ ਢੁੱਕੀ, ਪਰ ਉਸ ਤੋਂ ਪਹਿਲਾਂ ਦੀ ਤਿਆਰੀ, ਪਿੰਡ ਦੀ ਰੋਟੀ ਤੇ ਲਾਗਾਂ-ਸਾਕਾਂ 'ਚ ਜਾਣ ਦਾ ਕੰਮ, ਕਾਰੇ ਦੇ ਟੱਬਰ ਦੇ ਜ਼ੁੰਮੇ ਸੀ। ਇਹਨਾਂ ਕੰਮਾਂ 'ਚ ਉਹ ਸਾਰਾ ਟੱਬਰ ਰੁੱਝਿਆ ਰਿਹਾ ਪਰ ਸਭ ਤੋਂ ਵੱਧ ਕੇ ਜੇ ਕਿਸੇ ਨੇ ਜਾਨ ਮਾਰ ਕੇ ਕੰਮ ਕੀਤਾ ਤਾਂ ਉਹ ਜੱਜੂ ਸੀ। ਕੰਮ 'ਚ ਰੁਝੇ ਨੂੰ ਨਾ ਉਸਨੂੰ ਕੁਝ ਖਾਣ ਦਾ ਖਿਆਲ ਰਹਿੰਦਾ, ਨਾ ਉਸਨੇ ਕੋਈ ਲਾਪਰਵਾਹੀ ਵਰਤੀ, ਸਗੋਂ ਉਸਨੂੰ ਰੋਕ ਕੇ ਕਹਿਣਾ ਪੈਂਦਾ, "ਜੱਜੂ ਕੁਝ ਖਾ ਲੈ।" ਇਕ ਵਾਰ ਖਾਣ ਬਹਿੰਦਾ ਤਾਂ ਫਿਰ ਉਸਦੀ ਖਾਣ ਦੀ ਚਾਲ ਦੇਖਣ ਵਾਲੀ ਹੁੰਦੀ। ਰੋਟੀ ਖਾ ਕੇ ਹਟਿਆ ਹੀ ਹੁੰਦਾ, ਦੋ ਘੰਟਿਆਂ ਬਾਅਦ ਕੋਈ ਹੋਰ ਕਹਿ ਦਿੰਦਾ ਤਾਂ ਮੁੜ ਬਹਿ ਜਾਂਦਾ। ਜੇ ਨਾ ਕਹਿੰਦਾ ਤਾਂ ਭਾਵੇਂ ਸ਼ਾਮ ਤੱਕ ਉਂਜ ਹੀ ਭੱਜਿਆ ਫਿਰੇ। ਆਪਣੇ ਘਰਦਿਆਂ ਨਾਲ ਕੰਮ ਕਰਦਾ, ਪਰ ਉਹਨਾਂ ਤੋਂ ਜਿਵੇਂ ਬੇਲਾਗ ਵੀ ਰਹਿੰਦਾ! ਆਪਣੇ ਭੈਣ-ਭਰਾਵਾਂ ਜਾਂ ਪਿਓ ਨਾਲ ਕੋਈ ਗਲ ਨਾ ਕਰਦਾ। ਸਗੋਂ ਪਿਓ ਜੇ ਕੁਝ ਕਹਿੰਦਾ ਤਾਂ ਉਸ ਵਲ ਘੂਰ ਕੇ ਦੇਖਦਾ! ਮਾਂ ਦੀ ਗੱਲ ਜ਼ਰੂਰ ਮੰਨ ਲੈਂਦਾ ਜਾਂ ਮੰਨੇ ਭਾਵੇਂ ਨਾ, ਪਰ ਉਸ ਵਲ ਘੂਰ ਜਾਂ ਗੁੱਸੇ ਨਾਲ ਨਹੀਂ ਸੀ ਦੇਖਦਾ।

ਚਰਨੋ ਦੇ ਵਿਆਹ ਤੋਂ ਦੋ ਕੁ ਸਾਲ ਬਾਅਦ ਮੇਰੇ ਵਿਆਹ ਦੀ ਗੱਲ ਤੁਰੀ। ਕੁਸਮ ਬੈਂਕ 'ਚ ਮੇਰੀ ਕੁਲੀਗ ਸੀ। ਉਸਦੀ ਛੋਟੀ ਭੈਣ ਰਮਨ ਸਕੂਲ 'ਚ ਹਿਸਾਬ ਦੀ ਲੈਕਚਰਾਰ। ਉਸਨੇ ਗੱਲ ਚਲਾਈ ਤਾਂ ਸਾਨੂੰ

ਦੋਹਾਂ ਨੂੰ ਠੀਕ ਲੱਗਿਆ। ਵਿਆਹ ਤੋਂ ਬਾਅਦ ਰਿਹਾਇਸ਼ ਅਸੀਂ ਮੁਕੇਰੀਆਂ ਰੱਖ ਲਈ। ਦੋ ਕਮਰਿਆਂ ਦਾ ਸੈਟ ਕਿਰਾਏ 'ਤੇ ਲੈ ਲਿਆ, ਜਿਸਦੇ ਉਪਰ ਵੀ ਇਕ ਹਾਲਨੁਮਾ ਕਮਰਾ ਬਣਿਆ ਹੋਇਆ ਸੀ ਤੇ ਅਗਾਂਹ ਖੁੱਲ੍ਹੀ ਛੱਤ। ਰਮਨ ਉਥੇ ਟਿਊਸ਼ਨਾਂ ਪੜ੍ਹਾਉਣ ਲੱਗੀ। ਇਹ ਕੰਮ ਉਸਦਾ ਵਾਹਵਾ ਚੱਲ ਪਿਆ। ਸਕੂਲੋਂ ਆ ਕੇ ਉਹ ਅੱਠ ਵਜੇ ਤੱਕ ਇਹਨਾਂ 'ਚ ਰੁਝੀ ਰਹਿੰਦੀ। ਮੈਨੂੰ ਵੀ ਬੈਂਕ 'ਚੋਂ ਮੁੜਦਿਆਂ ਸੱਤ, ਸਾਢੇ ਸੱਤ ਹੋ ਹੀ ਜਾਂਦੇ। ਮੁਲਾਜ਼ਮ ਘੱਟ ਰਹੇ ਸਨ, ਕੰਮ ਵੱਧ ਰਿਹਾ ਸੀ। ਇਹਨਾਂ ਦਬਾਵਾਂ 'ਚ ਜ਼ਿੰਦਗੀ ਘਰ-ਦਫ਼ਤਰ 'ਚ ਸੀਮਤ ਹੁੰਦੀ ਹੋਈ। ਪਿੰਡ ਹੋਰ ਵੀ ਘੱਟ ਜਾ ਹੁੰਦਾ; ਹਫ਼ਤੇ 'ਚ ਇਕ ਦਿਨ ਦਾ ਰੁਝਾਨ ਹੁਣ ਮਹੀਨੇ 'ਚ ਇਕ ਦਿਨ ਤਕ ਬਦਲਦਾ ਜਾ ਰਿਹਾ ਸੀ। ਜ਼ਮੀਨ ਭਾਵੇਂ ਠੇਕੇ 'ਤੇ ਸੀ ਪਰ ਫਿਰ ਵੀ ਕੋਈ ਨਾ ਕੋਈ ਛੋਟਾ-ਮੋਟਾ ਕੰਮ ਪਿਆ ਰਹਿੰਦਾ। ਬਾਪ ਇਸ ਲਈ ਜੱਜੂ ਨੂੰ ਸੱਦ ਲਿਆਉਂਦਾ। ਉਸਦਾ ਉਸ 'ਤੇ ਵਿਸ਼ਵਾਸ ਸੀ, "ਕੱਬਾ ਜ਼ਰੂਰ ਐ, ਪਰ ਦਿਲ 'ਚ ਕੋਈ ਹੇਰ-ਫੇਰ ਨੀ!" ਇਕ ਵਾਰ ਲਗ ਜਾਂਦਾ ਤਾਂ ਕੰਮ ਪੂਰੀ ਰੀਝ ਨਾਲ ਕਰਦਾ। ਸਾਹਮਣੇ ਭਾਵੇਂ ਲੱਖਾਂ ਦੀ ਚੀਜ਼ ਪਈ ਹੋਵੇ, ਮਜ਼ਾਲ ਐ ਉਸ ਵਲ ਝਾਕ ਵੀ ਜਾਵੇ!

"ਮਾਹਟਰਾ, ਮੇਰੇ ਬਾਰੇ ਵੀ 'ਖਬਾਰ 'ਚ ਕਹਾਣੀ ਲਿਖ ਦੇ।" ਉਸਨੂੰ ਭਾਵੇਂ ਪੜ੍ਹਨਾ ਨਹੀਂ ਸੀ ਆਉਂਦਾ ਪਰ ਇਧਰੋਂ-ਉਧਰੋਂ ਸੁਣ ਰੱਖਿਆ ਹੋਊ, ਮੈਂ ਅਖ਼ਬਾਰਾਂ 'ਚ ਲਿਖਦਾ ਹਾਂ।

"ਜੱਜੂ, ਤੂੰ ਆਪੇ ਹੀ ਦਸ ਤੇਰੇ ਬਾਰੇ ਕੀ ਲਿਖਾਂ।" ਮੈਂ ਹਸ ਪੈਂਦਾ।

"ਜੋ ਤੂੰ ਹੋਰਨਾਂ ਬਾਰੇ ਲਿਖਦਾਂ...।" ਅਜਿਹੇ ਵੇਲੇ ਉਸਦੀਆਂ ਅੱਖਾਂ ਦੀ ਚਮਕ ਦੇਖਣ ਵਾਲੀ ਹੁੰਦੀ। ਉਹ ਮੈਥੋਂ ਘੱਟੋ ਘਟ ਦਸ ਸਾਲ ਛੋਟਾ ਸੀ ਪਰ ਗੱਲਾਂ ਇੰਜ ਕਰਦਾ, ਜਿਵੇਂ ਮੇਰਾ ਯਾਰ ਹੋਵੇ, ਮੇਰੇ ਬਰਾਬਰ ਦਾ। ਰਮਨ ਨਾਲ ਆਈ ਹੁੰਦੀ ਤਾਂ ਉਸਨੂੰ ਉਸਦਾ ਗੱਲ ਕਰਨ ਦਾ ਅੰਦਾਜ਼ ਚੁੱਭਦਾ। ਸਾਹਮਣੇ ਤਾਂ ਕੁਝ ਨਾ ਕਹਿੰਦੀ ਪਰ ਪਿਛੋਂ ਆਪਣੀ ਭੜਾਸ ਕੱਢਦੀ, "ਕਿਹੋ ਜਿਹਾ ਮੂਰਖ ਬੰਦਾ ਐ, ਜਿਸਨੂੰ ਗਲ ਕਰਨ ਦਾ ਵੀ ਸਲੀਕਾ ਨਹੀਂ।"

ਬਾਪ ਨੂੰ ਬੜਾ ਜ਼ੋਰ ਲਾਇਆ, ਉਹ ਸਾਡੇ ਕੋਲ ਆ ਕੇ ਰਹਿਣ ਲਗ ਪਵੇ, ਪਰ ਉਹ ਨਾ ਮੰਨਿਆ। ਕਦੀ ਦੋਵੇਂ ਮਾਂ ਬਾਪ ਆਉਂਦੇ ਤਾਂ ਦੋ ਚਾਰ ਦਿਨ ਤੋਂ ਵੱਧ ਨਾ ਟਿਕਦੇ। "ਇਥੇ ਘਰ ਤੋਂ ਬਾਹਰ ਨਿਕਲਦਿਆਂ ਹੀ ਇੰਜ ਲਗਦਾ, ਜਿਵੇਂ ਕਿਸੇ ਬਿਗਾਨੀ ਦੁਨੀਆਂ 'ਚ ਆ ਗਏ ਹੋਈਏ! ਨਾ ਕੋਈ ਗੱਲ ਕਰਨ ਨੂੰ, ਨਾ ਕਿਤੇ ਬਹਿਣ-ਖਲੋਣ ਨੂੰ... ਅਸੀਂ ਤਾਂ ਉਥੇ ਹੀ ਠੀਕ ਹਾਂ।" ਆਪਣੀ ਮੌਤ ਤੱਕ ਉਹਨਾਂ ਇਹ ਅੜੀ ਜਾਰੀ ਰੱਖੀ। ਸ਼ਹਿਰੀ ਜਾਇਦਾਦਾਂ ਦੇ ਭਾਅ ਤੇਜ਼ੀ ਨਾਲ ਵਧ ਰਹੇ ਸਨ। ਭਾਵੇਂ ਜ਼ਮੀਨ ਦੇ ਭਾਅ ਵੀ ਵਧ ਰਹੇ ਸਨ, ਪਰ ਸ਼ਹਿਰੀ ਜਾਇਦਾਦਾਂ ਉਨ੍ਹਾਂ ਤੋਂ ਕਈ ਗੁਣਾ ਵਧੇਰੇ ਤੇਜ਼ੀ ਨਾਲ ਉੱਚੀਆਂ ਹੋ ਰਹੀਆਂ ਸਨ। ਮਨ 'ਚ ਆਉਂਦਾ ਜ਼ਮੀਨ ਵੇਚ ਕੇ ਇਥੇ ਦੋ ਚਾਰ ਪਲਾਟ ਖਰੀਦ ਲਏ ਜਾਣ ਪਰ ਆਪਣੀ ਮੌਤ ਤੱਕ ਬਾਪ ਜ਼ਮੀਨ ਵੇਚਣ ਲਈ ਨਾ ਮੰਨਿਆ। ਉਸਦੀ ਮੌਤ ਤੱਕ ਜ਼ਮੀਨ ਦਾ ਭਾਅ ਆਪਣੀ ਸਿਖਰ ਹੰਢਾ ਕੇ ਪਿਛਲਖੁਰੀ ਹੋ ਤੁਰਿਆ ਸੀ, ਫਿਰ ਵੀ ਵੇਚ ਦਿੱਤੀ। ਘਰ ਰੱਖ ਲਿਆ, ਘਰ ਦੇ ਨਾਲ ਹਵੇਲੀ ਵਾਲਾ ਥਾਂ ਵੀ। ਉਥੋਂ ਕੀਮਤੀ ਸਾਮਾਨ ਤਾਂ ਚੁੱਕ ਲਿਆ ਪਰ ਬਾਕੀ ਪਿਆ ਰਹਿਣ ਦਿੱਤਾ, 'ਕਦੀ ਪਿੰਡ ਆਏ ਤਾਂ ਬਹਿਣ-ਖੜੋਣ ਵਾਸਤੇ ਆਪਦਾ ਟਿਕਾਣਾ ਹੋਵੇ!' ਨਾਲ ਹੀ ਜੱਜੂ ਨੂੰ ਸੱਦ ਕੇ ਗਲ ਟੁੱਕੀ, "ਇਸਦੀ ਪੰਜੀਂ-ਸੱਤੀਂ ਚੰਗੀ ਤਰ੍ਹਾਂ ਸਾਫ਼ ਸਫਾਈ ਕਰ ਦਿੱਤੀ, ਇਸ ਲਈ ਤੈਨੂੰ ਪੰਜ ਸੌ ਰੁਪਏ ਮਹੀਨੇ ਦੇ ਦੇਈ ਜਾਵਾਂਗੇ... ਹਵੇਲੀ ਵਾਲੇ ਖੁੱਲ੍ਹੇ ਥਾਂ 'ਚ ਸਾਗ-ਸਬਜ਼ੀਆਂ ਜੋ ਮਰਜ਼ੀ ਲਾ... ਨਲਕੇ 'ਤੇ ਮੋਟਰ ਲੱਗੀ ਹੋਈ ਐ। ਖੁੱਲ੍ਹਾ ਪਾਣੀ... ਕਰ ਤੇ ਖਾਹ... ਸਾਡਾ ਘਰ ਸਾਫ਼ ਰਹੂ ਤੇ ਤੇਰੀ ਸਬਜ਼ੀ ਭਾਜੀ ਵੀ ਇਥੋਂ ਚਲੀ ਜਾਊ।" ਰਮਨ ਨੇ ਘਰ ਉਸਨੂੰ ਸੰਭਾਲਣ ਤੋਂ ਆਨਾਕਾਨੀ ਕੀਤੀ, "ਉਂ ਵੀ ਨਾ ਸਾਮਾਨ ਕੱਢ-ਕੱਢ ਕੇ ਲਿਜਾਂਦਾ ਰਹੇ... ਨਿੱਕੀ-ਮੋਟੀ ਚੀਜ਼ ਦਾ ਕੀ ਪਤਾ ਲੱਗਦਾ?"

"ਲਾਪਰਵਾਹ ਜ਼ਰੂਰ ਐ ਪਰ ਚੋਰੀ ਨੀ ਕਰਦਾ! ਇਹੋ ਜਿਹੀ ਕੋਈ ਆਦਤ ਇਸ 'ਚ ਕਦੀ ਨੀ ਦੇਖੀ।"

'ਫਿਰ ਵੀ...!... ਕਿਸੇ ਜੁੰਮੇਵਾਰ ਬੰਦੇ ਦੇ ਹਵਾਲੇ ਕਰੋ।"

"ਮਾਂ ਬਾਪ ਵੇਲੇ ਤੋਂ ਆਉਂਦਾ ਐ।" ਕੁਝ ਉਸਦੀ ਅਣਸੁਣੀ ਕਰ, ਤੇ ਕੁਝ ਉਸਨੂੰ ਸਹਿਮਤ ਕਰ ਘਰ ਜੱਜੂ ਹਵਾਲੇ ਕਰ ਦਿੱਤਾ। ਮਹੀਨੇ, ਡੇਢ ਮਹੀਨੇ ਬਾਅਦ ਗੇੜਾ ਲਗਦਾ ਤਾਂ ਸਾਫ਼-ਸਫ਼ਾਈ ਵੱਲੋਂ ਪੂਰੀ ਤਸੱਲੀ ਭਾਵੇਂ ਨਾ ਹੁੰਦੀ ਜਿਵੇਂ ਦਾ ਸੋਚ ਕੇ ਇਹ ਰਾਹ ਕੱਢਿਆ ਸੀ, ਪਰ ਕੋਈ ਚੀਜ਼ ਖਿਸਕੀ ਵੀ ਨਾ ਲਗਦੀ। ਗੇੜਾ ਜਿਹਾ ਮਾਰ ਕੇ ਮੁੜ ਜਾਂਦੇ। ਕੋਈ ਕਰਨ ਵਾਲਾ ਕੰਮ ਹੁੰਦਾ ਤਾਂ ਦੱਸ ਆਉਂਦੇ। ਅਗਲੀ ਵਾਰ ਤੱਕ ਆਉਂਦਿਆਂ ਕਈ ਵਾਰ ਉਸਨੇ ਕੀਤਾ ਹੁੰਦਾ, ਕਈ ਵਾਰ ਨਹੀਂ ਵੀ। ਪੁੱਛਣ 'ਤੇ ਅਕਸਰ ਉਸਦਾ ਇਹੋ ਜਿਹਾ ਹੀ ਜੁਆਬ ਹੁੰਦਾ, 'ਸਮਾਂ ਨੀ ਲੱਗਿਆ ਮਾਹਟਰ ਸਾਬ...!.. ਅਗਲੀ ਵਾਰ ਜਦੋਂ ਆਏ ਤਾਂ ਹੋਇਆ ਹੋਊ।" ਕਈ ਵਾਰ ਅਗਲੀ ਵਾਰ ਵੀ ਉਹੀ ਹਾਲ ਹੁੰਦਾ! ਉਸਦੀ ਇਸ ਲਾਪਰਵਾਹੀ ਨੂੰ ਨਜ਼ਰ ਅੰਦਾਜ਼ ਕਰ ਛੱਡਦਾ। ਮੈਨੂੰ ਪਤਾ ਸੀ ਜੇ ਤੁਸੀਂ ਸਿਰ 'ਤੇ ਨਾ ਖੜੇ ਹੋਵੇ, ਆਪਣੀ ਮਰਜ਼ੀ ਅਨੁਸਾਰ ਕੰਮ ਨੂੰ ਹੋਇਆਂ ਨਹੀਂ ਦੇਖ ਸਕਦੇ; ਫਿਰ ਜੱਜੂ ਤੋਂ! ਇਸਦੀ ਆਸ ਕਰਨੀ ਤਾਂ ਉੱਕੀ ਹੀ ਫ਼ਜ਼ੂਲ ਸੀ ਪਰ ਉਸਨੂੰ ਹਟਾਉਣ ਨੂੰ ਵੀ ਜੀਅ ਨਾ ਕਰਦਾ! ਵੱਡੀ ਗੱਲ ਸੀ ਭਰੇ-ਭਰਾਏ ਘਰ 'ਚੋਂ ਕਦੀ ਨਾ ਲੱਗਿਆ, ਉਸਨੇ ਕੋਈ ਚੀਜ਼ ਖਿਸਕਾਈ ਹੋਵੇ, ਕੋਈ ਚੀਜ਼ ਲੈ ਕੇ ਗਿਆ ਹੋਵੇ! ਜਾਂ ਹਰ ਵੇਲੇ ਮੰਗ-ਮੰਗਾਈ ਕੀਤੀ ਹੋਵੇ। ਹੋਰ ਤਾਂ ਹੋਰ, ਉਹ ਤਾਂ ਫਿਰਨੀ ਕੰਢੇ ਵਾਲੀ ਜਾਮਣ ਦੀ ਛਾਂਗ ਵੀ ਚੁੱਕ ਕੇ ਨਾ ਲਿਜਾਂਦਾ, ਜਿੰਨਾ ਚਿਰ ਉਸਨੂੰ ਆਪ ਨਾ ਕਹਿ ਦਿੰਦਾ, "ਇਸਨੂੰ ਲਿਜਾ ਕੇ ਚੁੱਲ੍ਹੇ 'ਚ ਬਾਲ... ਕਿਉਂ ਇਥੇ ਗਲਣ ਲਈ ਛੱਡੀ ਹੋਈ ਐ।" ਉਸਦੀ ਇਮਾਨਦਾਰੀ 'ਤੇ ਭਰੋਸਾ ਸੀ ਪਰ ਕੰਮ 'ਚ ਲਾਪਰਵਾਹੀ ਦਿਸਦੀ ਰਹਿੰਦੀ। ਰਮਨ ਨਾਲ ਆਈ ਹੁੰਦੀ ਤਾਂ ਖਿਝਦੀ; ਉਸ 'ਤੇ ਘੱਟ, ਮੇਰੇ 'ਤੇ ਵੱਧ, "ਤੁਸੀਂ ਭੂਹੇ ਚੜਾ ਰੱਖਿਆ ਇਸਨੂੰ। ਸਖਤੀ ਨਾਲ ਕਹਿੰਦੇ ਨੀ... ਇਸ ਨਾਲੋਂ ਚੰਗਾ ਤਾਂ ਕੋਈ ਵੀ ਸਾਂਭ ਲਊ!"

"ਇਮਾਨਦਾਰ ਤੇ ਦਿਲ ਦਾ ਸਾਫ਼ ਬੰਦਾ ਨੀ ਲੱਭਣਾ!"

"ਸੁਆਹ ਦਿਲ ਦਾ ਸਾਫ਼ ਐ... ਸਬਜ਼ੀਆਂ ਬੀਜਣ ਦਾ ਤਾਂ ਚੇਤਾ ਨੀ ਭੁੱਲਦਾ, ਘਰਦੀ ਸਾਫ਼-ਸਫਾਈ ਦਾ ਹੀ ਭੁੱਲਦਾ... ਕਿੰਜ ਛੱਤਾਂ 'ਤੇ ਜਾਲੇ ਭਰਦੇ ਜਾ ਰਹੇ ਐ... ਸਬਜ਼ੀਆਂ ਮੁਫ਼ਤ ਦੀਆਂ ਖਾਂਦਾ। ਵਾਧੂ ਵੇਚਦਾ ਵੀ ਹੋਊ..." ਹਾਂ ਜਾਂ ਨਾਂਹ ਵਿਚਾਲੇ ਅਟਕੀ ਹੋਈ ਮੇਰੀ ਦੁਬਿੱਧਾ...!... ਇਸੇ ਦੁਬਿੱਧਾ 'ਚ ਸੀ ਕਿ ਇਕ ਵਿਆਹ ਤੋਂ ਮੁੜਦਿਆਂ ਘਰ ਚਲੇ ਗਏ। ਪਿੰਡ ਰਾਹ 'ਚ ਆਉਂਦਾ ਸੀ। ਘਰ ਗਏ ਤਾਂ ਵਿਹੜੇ 'ਚ ਪੁੰਗਰਿਆਂ ਘਾਹ, ਘੱਟੇ ਨਾਲ ਭਰੇ ਹੋਏ ਕਮਰੇ; ਇੰਜ ਲਗਦਾ ਸੀ ਸਾਫ਼-ਸਫਾਈ ਤਾਂ ਕੀ; ਡੇਢ ਦੋ ਹਫ਼ਤਿਆਂ ਤੋਂ ਕਿਸੇ ਖੋਹਲਿਆ ਵੀ ਨਾ ਹੋਵੇ! ਬੁਰਾ ਤਾਂ ਮੈਨੂੰ ਵੀ ਲੱਗਾ ਪਰ ਰਮਨ ਨੂੰ ਚਿੜ ਚੜ੍ਹ ਗਈ। ਜੱਜੂ ਨੂੰ ਫੋਨ ਕਰ ਸੱਦਿਆ ਤਾਂ ਉਹ ਬਿਨਾਂ ਕਿਸੇ ਝੇਪ ਜਾਂ ਸ਼ਰਮ ਦੇ ਆਣ ਬੈਠਾ, "ਮਾਹਟਰ ਸਾਬ, ਕਦੋਂ ਆਏ?"


"ਜੱਜੂ, ਆਹ ਹੈ ਤੇਰੀ ਸਾਫ਼-ਸਫ਼ਾਈ?" ਮੈਂ ਵਿਹੜੇ 'ਚ ਪੁੰਗਰਦੇ ਘਾਹ ਵੱਲ ਇਸ਼ਾਰਾ ਕਰਦਿਆਂ ਕਿਹਾ, "ਅੰਦਰਾਂ 'ਚ ਵੀ ਗੋਡੇ-ਗੋਡੇ ਘੱਟਾ ਚੜ੍ਹਿਆ ਹੋਇਆ?"

"ਕੁਝ ਦਿਨ ਆ ਨੀ ਹੋਇਆ, ਇਕ ਵਿਆਹ ਆ ਗਿਆ ਸੀ।"

ਪਹਿਲਾਂ ਹੀ ਚਿੜੀ ਹੋਈ ਰਮਨ ਉਸਦੇ ਕਹਿਣ ਦੇ ਅੰਦਾਜ਼ ਤੋਂ ਹੋਰ ਚਿੜ੍ਹ ਗਈ, "ਸਬਜ਼ੀਆਂ ਨੂੰ ਤਾਂ ਪਾਣੀ ਤਾਜ਼ਾ-ਤਾਜ਼ਾ ਲੱਗਾ ਹੋਇਆ... ਇਹ ਤਾਂ ਚੇਤਾ ਨੀ ਭੁੱਲਿਆ!"

"ਸਫ਼ਾਈ ਹੁਣੇ ਕਰ ਦਿੰਨੇ ਆ।" ਪਾਣੀ ਵਾਲੀ ਗਲ ਵਲ ਧਿਆਨ ਨਾ ਦੇ ਕੇ ਉਹ ਝਾੜੂ ਫੜਨ ਵਲ ਆਹੁਲਿਆ, "ਮੱਪੀ ਕਿਸੇ ਦੇ ਘਰ ਗਈ ਹੋਈ ਸੀ... ਉਹ ਵੀ ਆ ਜਾਂਦੀ ਐ... ਸ਼ਾਮ ਤੱਕ ਘਰ ਟਿਚਨ

ਹੋਇਆ ਲਓ।”



“ਹੁਣ ਕਰਨ ਦਾ ਕੀ ਫ਼ਾਇਦਾ! ਜੇ ਭਲਾ ਸਾਡੇ ਨਾਲ ਕੋਈ ਆ ਜਾਂਦਾ...!... ਕਿਥੇ ਬਹਾਉਂਦੇ ਉਸਨੂੰ?” ਉਸਨੂੰ ਝਾੜੂ ਫੜਦੇ ਨੂੰ ਦੇਖ, ਰਮਨ ਦਾ ਗੁੱਸਾ ਵਿਸਫੋਟ ਵੱਲ ਵਧਣ ਲੱਗਾ, “ਤੇਰੇ ਹਵਾਲੇ ਕਰਕੇ ਗਏ ਸੀ ਪਈ ਆਪਣੇ ਘਰ ਵਾਂਗ ਸਮਝੇਂਗਾ... ਇਹ ਕੀ, ਖਾਣ-ਪੀਣ ਨੂੰ ਅਗਾਂਹ ਤੇ ਕੰਮ ਕਰਨ ਨੂੰ ਪਿਛਾਂਹ...।”... ਮੈਂ ਮਨ ਹੀ ਮਨ ਡਰਨ ਲੱਗਾ, ਕਿਤੇ ਬਹੁਤੀ ਲਾਹ-ਪਾਹ ’ਤੇ ਨਾ ਉਤਰ ਆਏ।

“ਕੋਈ ਇਕ ਪੈਸੇ ਦੀ ਵੀ ਚੀਜ਼ ਇਧਰ-ਉਧਰ ਹੋਈ ਐ ਤਾਂ ਦੱਸੋ?” ਜੱਜੂ ਦੀਆਂ ਅੱਖਾਂ ’ਚ ਕਿਸੇ ਅਹਿਸਾਨ ਦਾ ਭਾਰ ਨਹੀਂ ਸੀ, “ਜੇ ਕੋਈ ਹੋਰ ਸਾਂਭਣ ਵਾਲਾ ਲੱਭਦਾ ਤਾਂ ਰੱਖ ਲਓ... ਮੈਂ ਛੱਡਿਆ...।” ਉਸ ਝਾੜੂ ਉਥੇ ਹੀ ਰੱਖ ਦਿੱਤਾ ਤੇ ਚੁੱਪਚਾਪ ਇੰਜ ਖੜਾ ਹੋ ਗਿਆ, ਜਿਵੇਂ ਫੈਸਲੇ ਦੀ ਉਡੀਕ ਕਰ ਰਿਹਾ ਹੋਵੇ!

“ਕੋਈ ਨਾ, ਅਸੀਂ ਲੱਭ ਲਵਾਂਗੇ... ਸਾਡਾ ਖਹਿੜਾ ਛੱਡ...।” ਰਮਨ ਨੇ ਠਾਹ ਸੋਟਾ ਮਾਰਿਆ। ਮੈਂ ਦਖਲ ਦੇਣਾ ਚਾਹਿਆ ਤਾਂ ਉਸਨੇ ਮੈਨੂੰ ਵੀ ਝਿੜਕ ਦਿੱਤਾ, “ਤੁਸੀਂ ਹੀ ਸਿਰ ਚੜਾਇਆ... ਇਹ ਤਾਂ ਜਿਵੇਂ ਮਾਲਕ ਬਣਕੇ ਬਹਿ ਗਿਆ...।”

“ਸਾਂਭੋ ਆਪਣਾ ਘਰ... ਝਾਕਦਾ ਵੀ ਨੀ ਇਧਰ... ਰੱਬ ਪੈਦਾ ਕਰਦਾ ਤਾਂ ਖਾਣ ਦਾ ਹੀਲਾ ਵੀ ਨਾਲ ਹੀ ਦਿੰਦਾ!” ਕਹਿੰਦਾ ਉਹ ਆਰਾਮ ਨਾਲ ਬਾਹਰਲੇ ਬੂਹੇ ਵਲ ਤੁਰ ਗਿਆ।

“ਸਮਝਦਾ ਪਤਾ ਨਹੀਂ ਕੀ ਐ ਆਪਣੇ ਆਪ ਨੂੰ... ਬੰਦੇ ਨੂੰ ਕੁਝ ਤਾਂ ਅਹਿਸਾਨ ਮੰਨਣਾ ਚਾਹੀਦਾ... ਉਲਟਾ ਘੂਰਦਾ।” ਉਸਦੇ ਜਾਣ ਤੋਂ ਬਾਅਦ ਵੀ ਉਹ ਕਿੰਨਾ ਚਿਰ ਬੁੜਬੁੜ ਕਰਦੀ ਰਹੀ। ਪਰ ਜੱਜੂ ਤੇ ਨਿਵਣਾ....?... ਇਹ ਤਾਂ ਸ਼ਾਇਦ ਉਸਨੂੰ ਆਉਂਦਾ ਹੀ ਨਹੀਂ ਸੀ!

ਇਸ ਤੋਂ ਬਾਅਦ ਕਿਤੇ ਦੋ ਚਾਰ ਵਾਰ ਹੀ ਦੇਖਿਆ ਹੋਊ। ਉਹ ਦੇਖ ਕੇ ਵੀ ਬੇਲਾਗਤਾ ਨਾਲ ਲੰਘ ਜਾਂਦਾ। ਤੇ ਅੱਜ...

...ਨੰਜਣ ਨੂੰ ਸਬਜ਼ੀ ਦੀ ਟੋਕਰੀ ਲਈ ਆਉਂਦਿਆਂ ਦੇਖ ਮੇਰੀਆਂ ਯਾਦਾਂ ਦੀ ਲੜੀ ਟੁੱਟੀ। ਲੱਗਾ, ਜੱਜੂ ਮਰਿਆ ਕਿਥੇ ਹੈ? ਸਗੋਂ ਇਕ ਸਵਾਲ ਬਣਕੇ ਆਣ ਖੜੋਤਾ ਹੈ ਮੇਰੇ ਸਾਹਮਣੇ, ਭਾਈਚਾਰੇ ਦੇ ਸਾਹਮਣੇ, ਪਿੰਡ ਦੇ ਸਾਹਮਣੇ, ‘ਬਸ, ਜੀਅ ਜਿਹਾ ਨੀ ਕੀਤਾ ਹੋਰ ਜੀਣ ਲਈ!’ ਨਾਲ ਹੀ ਜਿਵੇਂ ਵੰਗਾਰ ਰਿਹਾ ਹੋਵੇ, ‘ਊਂ ਤੁਸੀਂ ਵੀ ਜੀਅ ਕਿਥੇ ਰਹੇ ਹੋ... ਜੀਊਂਦੀਆਂ ਲਾਸ਼ਾਂ ਹੋ, ਮਰੀਆਂ ਹੋਈਆਂ ਜ਼ਮੀਰਾਂ ਦੀਆਂ ਤੁਰਦੀਆਂ ਫਿਰਦੀਆਂ ਲਾਸ਼ਾਂ....!... ਲਾਸ਼ਾਂ ਨਾਲ ਭਰਿਆ ਹੋਇਆ ਪਿੰਡ!’

(**ਸੰਪਰਕ : : 95309-44345**)

ਕਹਾਣੀ

# ਨਾਂਗੇਲੀ

## ਸਰੂਪ ਸਿਆਲਵੀ



ਦਲਿਤ ਵਰਕਰ ਦਲੇਰ ਸਿੰਘ ਦੀ ਦਲੇਰੀ ਵੀ ਕੁਝ ਨਹੀਂ ਸੀ ਕਰ ਪਾ ਰਹੀ। ਘਟਨਾ ਹੀ ਅਜੇਹੀ ਵਾਪਰੀ ਸੀ। ਕਥਾਰਸ ਪਿੰਡ ਦੇ ਤੇ ਇਲਾਕੇ ਦੇ ਲੋਕ ਸਾਹ-ਸੱਤ ਹੀਣ ਹੋਏ, ਨਿਰਾਸ਼ ਬੈਠੇ ਸਨ। ਅਣਹੋਣੀ ਘਟਨਾ ਵਾਪਰ ਗਈ ਸੀ।

ਨਿੱਤ ਵਾਂਗ, ਕੀਤੋ ਬੁੜੀ ਆਪਣੀ ਹੁੰਦੜ-ਹੇਲ ਪੋਤੀ ਨਿਮੋ ਨੂੰ ਨਾਲ ਲੈ ਕੇ ਪਿੰਡ ਦੀ ਸ਼ਾਮਲਾਤ ਜ਼ਮੀਨ ਵਿਚੋਂ ਘਾਹ ਖੋਤ ਰਹੀ ਸੀ। ਉਹਨਾਂ ਉਤੇ ਪਿੰਡ ਦੇ ਚਾਰ-ਪੰਜ ਦਬੰਗ ਆਣ ਝਪਟੇ ਸਨ। ਦਾਦੀ, ਪੋਤੀ ਨੇ ਬਥੇਰੇ ਹੱਥ-ਪੈਰ ਚਲਾਏ, ਪਰ ਜਰਵਾਣੇ ਪੋਤੀ ਨੂੰ ਦਾਦੀ ਕੋਲੋਂ ਧੂਹ ਕੇ ਲੈ ਗਏ ਸਨ। ਨਾਲ ਦੇ ਖੇਤ ਵਿਚੋਂ ਕੁੜੀ ਦੀਆਂ ਚੀਕਾਂ ਸੁਣ ਕੇ, ਦਾਦੀ ਨੇ 'ਬਚਾਓ-ਬਚਾਓ' ਦੀ ਬਥੇਰੀ ਚੀਕ-ਪੁਕਾਰ ਕੀਤੀ। ਪਰ ਕੁੜੀ ਦੀਆਂ ਦਿਲ-ਵਿਨ੍ਹਵੀਆਂ ਚੀਕਾਂ ਸੁਣ ਕੇ ਨਾਲ ਦੇ ਖੇਤਾਂ ਵਿਚ ਕੰਮ-ਧੰਦੇ ਲੱਗੇ ਲੋਕਾਂ ਵਿਚੋਂ ਕਿਸੇ ਦਾ ਮਨ ਨਹੀਂ ਪਸੀਜਿਆ ਤੇ ਨਾ ਹੀ ਕਿਸੇ ਦਾ ਖ਼ੂਨ ਖੌਲਿਆ ਸੀ। ਕੁੱਝ ਸਮੇਂ ਬਾਦ ਕੁੜੀ ਦੀਆਂ ਚੀਕਾਂ ਹਉਂਕਿਆਂ ਵਿੱਚ ਤਬਦੀਲ ਹੁੰਦਿਆਂ ਹੁੰਦਿਆਂ ਬੰਦ ਹੋ ਗਈਆਂ ਸਨ।

ਕੀਤੋ ਬੁੜੀ ਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ। ਉਹ ਹਾਲ-ਦੁਹਾਈ ਪਾਉਂਦੀ ਹੋਈ ਭੱਜੀ-ਭੱਜੀ, ਪਿੰਡੋਂ ਆਪਣੇ ਘਰਵਾਲੇ ਘੁੱਦੇ ਤੇ ਪੁੱਤਰ ਪਤਵੰਤੇ ਨੂੰ ਬੁਲਾ ਲਿਆਈ ਸੀ। ਉਨ੍ਹਾਂ ਨੂੰ ਰੋਂਦੇ-ਪਿਟਦੇ ਖੇਤਾਂ ਵੱਲ ਜਾਂਦੇ ਦੇਖ, ਕੁਝ ਮੁਹੱਲੇ ਵਾਲੇ ਵੀ ਉਨ੍ਹਾਂ ਦੇ ਮਗਰ ਹੋ ਲਏ ਸਨ।

ਪਤਵੰਤੇ ਨੇ ਸਿਸਕੀਆਂ ਭਰਦੀ ਭੈਣ ਨੂੰ ਮੋਢੇ ਉੱਤੇ ਚੁੱਕ ਲਿਆ ਸੀ ਤੇ ਉਹ ਵਾਹੋ-ਦਾਹੀ ਹਸਪਤਾਲ ਵੱਲ ਚੱਲ ਪਏ ਸਨ। ਉਨ੍ਹਾਂ ਨੂੰ ਅੱਗੋਂ ਪਿੰਡ ਦੇ ਦਬੰਗਾਂ ਦੁਆਰਾ ਭੇਜੀ ਪੁਲਿਸ ਦੀ ਜੀਪ ਆਉਂਦੀ ਦਿਸੀ। ਪੁਲਿਸ ਵਾਲੇ ਕੁੜੀ ਨੂੰ ਉਹਨਾਂ ਤੋਂ ਖੋਹ ਕੇ ਜੀਪ ਵਿੱਚ ਸੁੱਟ ਕੇ ਭੱਜ ਲਏ ਸਨ। ਉਨ੍ਹਾਂ ਨੇ ਕੁੜੀ ਦੇ ਘਰ ਦੇ ਕਿਸੇ ਜੀਅ ਨੂੰ ਜੀਪ ਵਿੱਚ ਬੈਠਣ ਹੀ ਨਹੀਂ ਸੀ ਦਿੱਤਾ। ਪੁਲਿਸ ਉਨ੍ਹਾਂ ਦੀ ਅਧਮਰੀ ਧੀ ਨੂੰ ਪਤਾ ਨਹੀਂ ਕਿਧਰ ਨੂੰ ਉਡਾ ਕੇ ਲੈ ਗਈ ਸੀ। ਰੋਂਦੇ-ਪਿੱਟਦੇ ਉਹ ਆਪਣੇ ਘਰ ਆਣ ਡਿੱਗੇ ਸਨ। ਉਹ ਪੁਲਿਸ ਕੋਲ ਕੀ ਸ਼ਿਕਾਇਤ ਕਰਦੇ? ਪੁਲਿਸ ਵਾਲੇ ਤਾਂ ਕੁੜੀ ਨੂੰ ਉਨ੍ਹਾਂ ਕੋਲੋਂ ਖੋਹ ਕੇ ਲੈ ਗਏ ਸਨ।

ਰਾਤੋ-ਰਾਤ ਕਥਾਰਸ ਪਿੰਡ ਪੁਲਿਸ ਛਾਉਣੀ ਵਿਚ ਤਬਦੀਲ ਹੋ ਗਿਆ ਸੀ। ਪਿੰਡ ਵਿਚ ਦਫ਼ਾ-144 ਲਾ ਦਿੱਤੀ ਗਈ ਸੀ। ਪਿੰਡ ਵਿਚ ਕਿਸੇ ਨੂੰ ਵੜਨ ਨਹੀਂ ਸੀ ਦਿੱਤਾ ਜਾ ਰਿਹਾ। ਇਥੋਂ ਤੱਕ ਕਿ ਪ੍ਰੈਸ ਰਿਪੋਰਟਰਾਂ ਨੂੰ ਵੀ ਨਹੀਂ। ਕੁੜੀ ਦੇ ਸਾਕ-ਸਬੰਧੀਂ ਵੀ ਪਿੰਡ ਦੇ ਬੰਨੇ ਤੋਂ ਬਾਹਰ ਖੜੇ ਸਨ। ਦਲਿਤ ਵਰਕਰ, ਦਲੇਰ ਸਿੰਘ ਆਪਣੇ ਸਾਥੀਆਂ ਨੂੰ ਲੈ ਕੇ ਅੱਗੇ ਵਧਿਆ। ਪੁਲਿਸ ਨੇ ਰੋਕ ਦਿੱਤਾ। ਉਹਦੀ ਡੀ. ਐਸ. ਪੀ. ਨਾਲ ਝੜਪ ਹੋ ਗਈ। ਉਹ ਨਾਅਰੇ ਲਾ ਰਹੇ ਸਨ, 'ਸਾਨੂੰ ਪੀੜਤ ਪਰਿਵਾਰ ਨੂੰ ਮਿਲਣ ਦਿਉ...ਜਾ ਸਾਨੂੰ ਅਰੈਸਟ ਕਰੋ।' ਦੋ-ਤਿੰਨ ਘੰਟੇ ਦੀ ਜੱਦੋ-ਜਹਿਦ ਤੋਂ ਬਾਦ, ਇਕੱਲੇ ਦਲੇਰ ਸਿੰਘ ਨੂੰ ਕੇਵਲ ਅੱਧੇ ਘੰਟੇ ਲਈ ਪਰਿਵਾਰ ਨੂੰ ਮਿਲਣ ਦਾ ਸਮਾਂ ਮਿਲਿਆ। ਦਲੇਰ ਸਿੰਘ ਨੇ ਪਰਿਵਾਰ ਨੂੰ ਧਰਵਾਸ ਦਿੱਤਾ ਕਿ ਉਹ ਘਬਰਾਉਣ ਨਾ, ਉਹ ਦੋਸ਼ੀਆਂ ਨੂੰ ਜੇਲ੍ਹ ਭਿਜਵਾ ਕੇ ਛੱਡਣਗੇ।

ਇੰਨੇ ਨੂੰ ਉਨ੍ਹਾਂ ਨੂੰ ਪਤਾ ਲੱਗਿਆ ਕਿ ਪੁਲਿਸ ਤੇ ਪ੍ਰਸ਼ਾਸਨ ਨੇ, ਨਿੰਮੋ ਦੀ ਲਾਸ਼ ਦਾ, ਘਰਦਿਆਂ ਨੂੰ ਉਹਦਾ ਮੂੰਹ ਦਿਖਾਏ ਬਿਨਾਂ ਹੀ, ਰਾਤ ਨੂੰ ਦਾਹ-ਸੰਸਕਾਰ ਕਰ ਦਿੱਤਾ ਸੀ। ਪੁਲਿਸ ਨੇ ਘਰਦਿਆਂ ਨੂੰ, ਡਰਾ-ਧਮਕਾ ਕੇ ਚਿਖਾ ਦੇ ਨੇੜੇ ਨਹੀਂ ਸੀ ਢੁੱਕਣ ਦਿੱਤਾ।

ਪੋਸਟ-ਮਾਰਟਮ ਕਰਵਾਏ ਬਿਨਾਂ, ਨਿੰਮੋ ਦੀ ਲਾਸ਼ ਨੂੰ ਘਰਦਿਆਂ ਦੀ ਮਰਜ਼ੀ ਤੋਂ ਬਿਨਾਂ ਰਾਤ ਦੇ ਹਨੇਰੇ ਵਿਚ, ਪੁਲਿਸ ਦੁਆਰਾ, ਅਗਨ-ਭੇਂਟ ਕੀਤੇ ਜਾਣ ਦੀ ਖ਼ਬਰ, ਇਲਾਕੇ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਦਲਿਤ ਤੇ ਦਲਿਤਾਂ ਦੇ ਸਮਰਥਕ ਨਾਲ ਦੇ ਪਿੰਡ ਵਿੱਚ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਦਾ ਮਕਸਦ ਕੇਵਲ ਦੋਸ਼ੀਆਂ ਤੇ ਕਤਲ ਕੇਸ ਦਰਜ ਕਰਵਾ ਕੇ, ਉਨ੍ਹਾਂ ਨੂੰ ਅਰੈਸਟ ਕਰਵਾਉਣਾ ਸੀ। ਦਲਿਤ ਵਰਕਰ ਦਲੇਰ ਸਿੰਘ ਦੀ ਅਗਵਾਈ ਵਿੱਚ ਜਦ ਵੀ ਲੋਕਾਂ ਦਾ ਸਮੂਹ, ਕਥਾਰਸ ਪਿੰਡ ਵਿੱਚ ਡੇਰਾ ਲਾਈ ਬੈਠੇ ਪੁਲਿਸ ਤੇ ਪ੍ਰਸ਼ਾਸ਼ਨ ਦੇ ਅਫਸਰਾਂ ਨੂੰ ਮਿਲਣ ਲਈ ਅੱਗੇ ਵੱਲ ਵੱਧਦਾ, ਪੁਲਿਸ ਲਾਠੀ ਚਾਰਜ ਕਰਕੇ ਉਨ੍ਹਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੰਦੀ।

ਲੋਕ ਬੜੀ ਉਤਸੁਕਤਾ ਪੂਰਵਕ ਦੇਖ ਰਹੇ ਸਨ। ਕਥਾਰਸ ਪਿੰਡ ਦੇ ਉਚ-ਜਾਤੀਏ ਦਬੰਗ, ਠਾਕੁਰ, ਕੁਰਸੀਆਂ ਤੇ ਮੰਜਿਆਂ ਤੇ ਬੈਠੇ ਗੱਲਾਂ ਕਰ ਰਹੇ ਸਨ, ਮੌਜ ਨਾਲ ਹੁੱਕਾ ਪੀ ਰਹੇ ਸਨ। ਦਲਿਤ, ਅਛੂਤ ਵਿਧਾਇਕ ਕਾਕਾ ਦਾਸ ਥੱਲੇ ਮੂੜ੍ਹੇ ਤੇ ਬੈਠਾ ਚਾਹ ਪੀ ਰਿਹਾ ਸੀ। ਇਕ ਲੋਕਲ ਯੂ-ਟਿਊਬ ਚੈਨਲ ਉੱਤੇ ਬਿਆਨ ਦਿੰਦਾ ਦਿਖਾਇਆ ਜਾ ਰਿਹਾ ਸੀ। "ਪਿੰਡ ਦੇ ਚਾਰ-ਪੰਜ ਉਚ ਜਾਤੀ ਦੇ ਮੁੰਡਿਆਂ ਤੇ ਇਕ ਅਛੂਤ ਕੰਨਿਆ ਨੂੰ ਬਲਾਤਕਾਰ ਕਰਕੇ ਕਤਲ ਕਰਨ ਦਾ ਝੂਠਾ ਕੇਸ ਪਾਇਆ ਜਾ ਰਿਹਾ ਹੈ। ਕਿਉਂਕਿ ਉੱਚ-ਜਾਤੀਏ ਅਛੂਤ ਨਰ-ਨਾਰੀਆਂ ਨੂੰ ਭਿੱਟ ਕਰਦੇ ਨੇ, ਉਨ੍ਹਾਂ ਨੂੰ ਛੂੰਹਦੇ ਨਹੀਂ। ਜਦ ਉੱਚ-ਜਾਤੀਏ ਅਛੂਤਾਂ ਨੂੰ ਛੂੰਹਦੇ ਹੀ ਨਹੀਂ, ਫਿਰ ਅਛੂਤ ਕੰਨਿਆ ਨਾਲ ਬਲਾਤਕਾਰ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਕੁੜੀ ਨੂੰ ਕਿਧਰੇ ਖੁਰਦ-ਬੁਰਦ ਕਰਨ ਵਿਚ ਕੁੜੀ ਦੇ ਮਾਪਿਆਂ ਜਾਂ ਰਿਸ਼ਤੇਦਾਰਾਂ ਦੀ ਸਾਜ਼ਿਸ਼ ਨਜ਼ਰ ਆਉਂਦੀ ਏ।"

ਪੀੜਿਤਾਂ ਨੂੰ ਇਨਸਾਫ ਦਿਵਾਉਣ ਲਈ ਇਕੱਤਰ ਹੋਏ ਲੋਕਾਂ ਵਿਚ ਘੁਸਰ-ਮੁਸਰ ਹੋਣ ਲੱਗ ਪਈ ਸੀ ਕਿ ਜਦ ਸੰਵਿਧਾਨ ਅਨੁਸਾਰ ਰੀਜ਼ਰਵ ਕੀਤੀ ਸੀਟ ਤੇ ਜਿੱਤਿਆ ਦਲਿਤ ਵਿਧਾਇਕ ਕਾਕਾ ਦਾਸ ਹੀ ਕਾਤਲਾਂ ਤੇ ਬਲਾਤਕਾਰੀਆਂ ਦੇ ਹੱਕ ਵਿੱਚ ਖੜ੍ਹ ਗਿਆ ਹੈ, ਫਿਰ ਸੰਵਿਧਾਨ ਦੀਆਂ ਧਾਰਾਵਾਂ ਅਨੁਸਾਰ ਬਣਾਏ ਕਾਨੂੰਨ ਬਲਾਤਕਾਰੀਆਂ, ਕਾਤਲਾਂ ਵਿਰੁੱਧ ਕਿਵੇਂ ਲਾਗੂ ਕਰਵਾਏ ਜਾ ਸਕਦੇ ਨੇ ? ਨਿਰਾਸ਼ ਹੋ ਕੇ ਕੁਝ ਲੋਕ ਤਾਂ ਉੱਠਕੇ ਜਾਣ ਵੀ ਲੱਗ ਪਏ ਸਨ।

ਦਲਿਤ ਵਰਕਰ, ਦਲੇਰ ਸਿੰਘ ਉੱਠ ਕੇ ਖੜਾ ਹੋਇਆ ਤੇ ਇੱਕਠ ਵਿਚੋਂ ਉੱਠ ਕੇ ਜਾ ਰਹੇ ਲੋਕਾਂ ਨੂੰ ਬਹਿ ਜਾਣ ਲਈ ਕਹਿਣ ਲੱਗਾ। ਲੋਕਤੰਤਰ, ਲੋਕਸ਼ਾਹੀ ਦੀ ਥਾਂ ਰਾਜ-ਤੰਤਰ, ਰਾਜਾ-ਸ਼ਾਹੀ ਵੇਲੇ ਦੀ ਇਕ ਲਗਭਗ 300 ਸਾਲ ਪੁਰਾਣੀ ਕਹਾਣੀ ਸੁਣਾਉਣ ਲੱਗਿਆ ਕਿ "ਲੋਕਾਂ ਨੇ ਸੰਘਰਸ਼ ਕਰਕੇ ਇਕ ਮਾਰਥੰਡ ਵਰਮਾ ਨਾਂ ਦੇ ਤਾਨਾਸ਼ਾਹ ਰਾਜੇ ਤੋਂ ਆਪਣੇ ਇਨਸਾਨੀ ਹੱਕ ਕਿਵੇਂ ਲਾਗੂ ਕਰਵਾਏ ਸਨ।" ਜਾਣ ਲਈ ਉੱਠ ਕੇ ਖੜੇ ਹੋਏ ਲੋਕ ਵੀ ਬਹਿ ਗਏ ਸਨ ਕਿ ਚਲੋਂ ਦਲੇਰ ਸਿੰਘ ਤੋਂ ਕਹਾਣੀ ਸੁਣ ਕੇ ਚਲਦੇ ਆਂ।

ਸ਼ਾਮੇਲ ਨੇ ਪਸ਼ੂ-ਚਰਾਂਦ ਵਿੱਚੋਂ ਹੱਕ ਕੇ ਲਿਆਂਦੇ ਆਪਣੇ ਪਸ਼ੂ ਪਸ਼ੂਵਾੜੇ ਵਿਚ ਬੰਨ੍ਹ ਦਿੱਤੇ ਸਨ। ਉਸਦਾ ਸ਼ਰੀਰ ਹੁੰਮਸ ਭਰੀ ਗਰਮੀ ਨਾਲ ਤਰ-ਬਤਰ ਹੋਇਆ ਪਿਆ ਸੀ। ਚਿਹਰੇ ਨੂੰ ਤੌਲੀਏ ਨਾਲ ਪੂੰਝਦਾ ਹੋਇਆ ਉਹ ਨਾਗਰ ਕਬੀਲੇ ਦੀ ਝੌਂਪੜ ਪੱਟੀ ਵਿਚ ਨੂੰ ਲੰਘ ਕੇ ਅਪਣੀ ਝੋਂਪੜੀ ਵਿੱਚ ਜਾ

ਵੜਿਆ ਸੀ। ਉਸਦੀ ਮਾਂ ਨਾਂਗੇਲੀ ਪਾਣੀ ਦਾ ਕੌਲ ਲਈ ਖੜੀ ਸੀ। 'ਮੇਰਾ ਪੁੱਤਰ ਜਵਾਨ ਹੋ ਗਿਆ ਏ।' ਮਾਂ ਨੇ ਹੁੱਬ ਕੇ ਮਟਕੇ ਵਿਚੋਂ ਪਾਣੀ ਦਾ ਇਕ ਹੋਰ ਕੌਲ ਭਰ ਕੇ ਦਿੱਤਾ।

"ਪੁੱਤਰ! ਹੁਣ ਚਟਾਈ 'ਤੇ ਬਹਿ ਕੇ ਰੋਟੀ ਖਾ ਲੈ।" ਮਾਂ ਨੇ ਚਟਾਈ ਵਿਛਾਉਂਦਿਆਂ ਤੇ ਉਸਨੂੰ ਪੱਖੀ ਦੀ ਝੱਲ ਮਾਰਦਿਆਂ ਕਿਹਾ, "ਨਹੀਂ ਮਾਂ...ਮੈਨੂੰ ਅਜੇ ਭੁੱਖ ਨਹੀਂ। ਧੁੱਪ ਨਾਲ ਹਾਲੋਂ-ਬੇਹਾਲ ਹੋ ਰਿਹਾਂ। ਮਾਂ...ਆਂ...ਮੈਂ ਅਜੇ ਘੁੰਮ-ਫਿਰ ਕੇ...ਚਸ਼ਮੇ ਵਿਚ ਨਾਹ ਕੇ ਆਉਂਦਾ ਆਂ।"

ਚਸ਼ਮੇ ਵਿੱਚ ਲਾਲ ਰੰਗ ਦੀ ਭਾਅ ਮਾਰਦਾ, ਗੰਧਲਾ ਪਾਣੀ ਚੱਲ ਰਿਹਾ ਸੀ। ਉਹ ਚਸ਼ਮੇ ਦੇ ਨਾਲ-ਨਾਲ ਤੁਰਣ ਲੱਗਿਆ ਕਿ ਜਿਥੇ ਰਤਾ ਸਾਫ਼ ਪਾਣੀ ਚਲਦਾ ਹੋਇਆ, ਨਾਹ ਲਵਾਂਗਾ। ਅੱਗੇ ਸੰਘਣਾ ਜੰਗਲ ਆ ਗਿਆ ਸੀ। ਫੁੱਲਾਂ ਤੇ ਫ਼ਲਾਂ ਨਾਲ ਲੱਦੇ ਰੁੱਖਾਂ ਵਿਚੋਂ ਲੰਘ ਕੇ ਆਉਂਦੀ ਮਧੁਰ ਤੇ ਠੰਡੀ ਹਵਾ ਨਾਲ ਉਸਦਾ ਪਸੀਨਾ ਸੁੱਕ ਗਿਆ ਸੀ, ਉਹ ਤਰੋ-ਤਾਜ਼ਾ ਮਹਿਸੂਸ ਕਰਨ ਲੱਗ ਪਿਆ ਸੀ।

ਅੱਗੇ ਚਸ਼ਮਾ ਨਿੱਕੀ ਜਿਹੀ ਪਹਾੜੀ ਤੋਂ ਡਿੱਗਦਾ ਸੀ ਤੇ ਪਾਣੀ ਪੱਥਰਾਂ ਵਿਚ ਨੂੰ ਲੰਘਦਿਆਂ ਮਧੁਰ ਸੰਗੀਤ ਪੈਦਾ ਕਰ ਰਿਹਾ ਸੀ। ਉਹ ਵਸਤਰ ਉਤਾਰ ਕੇ ਨਿਰਮਲ ਜਲ ਵਿਚ ਨਹਾਉਣ ਲੱਗਿਆ। ਉਹ ਕਦੇ ਤਾਰੀਆਂ ਲਾਉਂਦਾ, ਕਦੇ ਹੱਥ-ਪੈਰ ਮਾਰ ਕੇ ਪਾਣੀ ਵਿਚ ਝੱਗ ਪੈਦਾ ਕਰਦਾ। ਮਦ-ਮਸਤ ਹੋ ਕੇ ਚੁੱਭੀਆਂ ਲਾਉਂਦਾ।

"ਅੱਛਾ ਅ... ਇਸਨੂੰ ਕਿਵੇਂ ਪਤਾ ਲੱਗੂ...ਕਿ ਪਹਾੜੀ ਦੇ ਉਪਰ ਚਸ਼ਮੇ ਵਿਚ...ਯੋਸਾਨਾ ਨਾਂ ਦੀ ਮੁਟਿਆਰ ਵੀ...ਨਹਾ ਰਹੀ ਏ ?" ਯੋਸਾਨਾ ਨੇ ਆਪਣੇ-ਆਪ ਨੂੰ ਕਿਹਾ ਤੇ ਉਹ ਅੱਥਰੀ ਕੁੜੀ...ਪਹਾੜੀ ਉਪਰੋਂ ਚਸ਼ਮੇ ਦੇ ਡਿੱਗਦੇ ਪਾਣੀ ਨਾਲ ਹੀ...ਨਹਾਉਣ ਵਾਲੇ ਉੱਤੇ ਡਿੱਗ ਪਈ। ਸ਼ਾਮੇਲ ਇਕ ਵਾਰ ਤਾਂ ਘਬਰਾ ਗਿਆ...ਐਨੀ ਵੱਡੀ ਮੱਛੀ...ਨਹੀਂ...ਨਹੀਂ ਇਹ ਤਾਂ ਜਲ-ਪਰੀ ਏ। ਤੇ ਉਹਨੇ ਜਲ-ਪਰੀ ਨੂੰ ਘੁੱਟ ਕੇ ਜੱਫਾ ਮਾਰ ਲਿਆ...ਕਿ ਕਿਤੇ ਪਾਣੀ ਦੇ ਤੇਜ਼ ਵਹਾਅ ਨਾਲ ਹੜ੍ਹ ਕੇ ਅੱਗੇ ਨਾ ਲੰਘ ਜਾਵੇ। ...ਤੇ ਉਹ ਕਿੰਨਾ ਚਿਰ ਦੋਵੇਂ ਇਕ ਦੂਜੇ ਨਾਲ ਗੁਥਮ-ਗੁੱਥਾ ਹੁੰਦੇ ਰਹੇ। ਇੱਕ ਦੂਜੇ ਨੂੰ ਆਪਣੇ-ਆਪ ਨਾਲ ਘੁਟੱਦਿਆਂ-ਘੁਟੱਦਿਆਂ...ਜਦ ਉਹ ਰਤਾ ਲਾਂਭੇ ਹੋਏ...ਤਾਂ ਯੋਸਾਨਾ ਨੇ ਕਿਹਾ, "ਹੇ ਅਜਨਬੀ! ਸਾਡੀ ਲੁਕ-ਛਿਪ ਕੇ ਰਹਿਣ ਵਾਲੀ (unseen caste) ਵੱਨਾਰ ਜਾਤੀ ਏ। ਜੇ ਕਿਸੇ ਪਿੰਡ ਵਾਲੇ ਨੇ ਮੈਨੂੰ ਦੇਖ ਲਿਆ, ਮੇਰਾ ਅਪਮਾਨ ਕਰੂਗਾ...ਮਾਰ ਕੁੱਟ ਵੀ ਕਰ ਸਕਦਾ ਏ...ਆਓ ਆਪਾਂ...ਉਸ ਸੰਘਣੇ ਜੰਗਲ ਵਿਚ ਲੁਕ ਕੇ..ਆਪਣੇ ਪਰਿਵਾਰਾਂ ਬਾਰੇ ਖੁੱਲ੍ਹ ਕੇ ਗੱਲਾਂ ਕਰੀਏ...।"

ਘਰ ਆਏ ਸ਼ਾਮੇਲ ਨੂੰ ਮਾਂ ਨੇ ਪੁੱਛਿਆ, "ਪੁੱਤਰ! ਤੂੰ ਦੁਪਹਿਰ ਨੂੰ ਚਸ਼ਮੇ 'ਚ ਨਹਾਉਣ ਗਿਆ ਸੀ। ...ਹੁਣ ਤਾਂ ਸੰਝ ਪੈ ਗਈ ਏ। ਤੂੰ ਏਨੀ ਦੇਰ ਕਿਆ ਕਰਦਾ ਰਿਹਾ ? ...ਕੀ ਚਸ਼ਮੇ ਵਿਚ ਈ ਨ੍ਹਾਉਂਦਾ ਰਿਹਾ??"

"ਤੈਨੂੰ ਕੀ ਦੱਸਾਂ ਮਾਂ ਆਂ...ਚਸ਼ਮੇ 'ਚ ਨਹਾਉਂਦਿਆਂ-ਨਹਾਉਂਦਿਆਂ ...ਚਸ਼ਮੇ ਵਿੱਚ ਇਕ ਜਲ-ਪਰੀ ਨਿਕਲ ਆਈ ਸੀ। ਮੈਂ ਉਹਦੇ ਪਿਆਰ ਵਿੱਚ ਅੰਨਾ ਹੋਇਆ....।"

"ਮੂਰਖਾ! ਇਹ ਪਰੀਆਂ ਤੇ ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਮਨ-ਘੜਤ ਹੁੰਦੀਆਂ ਨੇ...ਤੇਰੇ ਵਰਗੇ ਮੁੰਡੇ-ਖੁੰਡੇ ਸੱਚੀਆਂ ਮੰਨ ਲੈਂਦੇ ਨੇ।" ਸ਼ਾਮੇਲ ਨੇ ਚਸ਼ਮੇ ਵਿਚੋਂ ਜਲਪਰੀ ਨਿਕਲਣ ਦੀ ਕਹਾਣੀ ਸੁਣ ਕੇ...ਉਸਦੀ ਛੋਟੀ ਭੈਣ ਸ਼ਾਮੇਲੀ ਦੀਆਂ ਖਿੜ-ਖਿੜਾ ਕੇ ਹੱਸਦੀ ਦੀਆਂ ਅੱਖਾਂ ਵਿਚੋਂ ਹੰਝੂ ਨਿਕਲ ਆਏ ਸਨ। ਉਸਦੀ ਹੱਸਦੀ ਦੀਆਂ ਗੱਲ੍ਹਾਂ 'ਤੇ ਲਾਲੀ ਦੀ ਭਾਅ ਮਾਰਨ ਲੱਗ ਪਈ ਸੀ। ਉਹਨੇ ਮਸਾਂ ਹਾਸਾ ਰੋਕਦਿਆਂ ਪੁੱਛਿਆ, "ਬੀਰੇ...ਅ...! ਜੇ ਤੈਨੂੰ ਚਸ਼ਮੇ ਵਿੱਚੋਂ ਸਚਮੁਚ ਦੀ ਜਲ-ਪਰੀ ਮਿਲ ਗਈ ਸੀ।

ਫਿਰ ਉਹਨੂੰ ਛੱਡ ਕੇ ਕਾਹਨੂੰ ਆਇਆ ਸੀ? ...ਘਰ ਨੂੰ ਨਾਲ ਈ ਲੈ ਆਉਂਦਾ?"

ਸ਼ਾਮੇਲ ਨੇ ਭੈਣ ਨੂੰ ਡਾਢੇ ਮੋਹ ਨਾਲ, ਕਲਾਵੇ ਵਿਚ ਲੈਂਦਿਆਂ ਕਿਹਾ, "ਭੈਣੇ...ਅ! ਕਿਆ ਤੂੰ ਸਮਝਦੀ ਏ...ਮੈਂ ਝੂਠ ਬੋਲਦਾ ਆਂ। ਭੈਣੇ! ਮੈਂ ਜਲਪਰੀ ਨੂੰ ਇਦਾਂ ਨਹੀਂ...ਉਹਦੇ ਨਾਲ ਵਿਆਹ ਕਰਵਾ ਕੇ ...ਘਰ ਲਿਆਵਾਂਗਾ।" ਉਹ ਸ਼ਾਮੇਲੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਹੱਸਦਿਆਂ ਕਹਿਣ ਲੱਗਿਆ, "ਭੈਣ ਸ਼ਾਮੇਲੀ! ਤੈਨੂੰ ਪਤਾ ਈ ਏ... ਕਿ ਸਾਡੇ ਕਬੀਲਿਆਂ ਵਿਚ... ਭੈਣ-ਭਰਾਵਾਂ ਦੇ ਵੱਟੇ-ਸੱਟੇ ਨਾਲ ਵਿਆਹ ਹੁੰਦੇ ਨੇ। ਸੋ ਤੇਰਾ ਵੀ ਜਲ-ਪਰੀ ਦੇ ਭਰਾ ਨਾਲ ਵਿਆਹ ਕਰਾਂਗੇ..ਦੋਵੇਂ ਵਿਆਹ 'ਕੱਠੇ ਹੋਣਗੇ।

ਆਪਣੇ ਵਿਆਹ ਬਾਰੇ ਸੁਣ ਕੇ...ਸ਼ਾਮੇਲੀ ਨੇ ਤਾਂ ਸ਼ਰਮਾ ਕੇ ਨਜ਼ਰਾਂ ਝੁਕਾ ਕੇ, ਮੂੰਹ ਫੇਰ ਲਿਆ ਸੀ। ਪਰ ਉਹਦੀ ਮਾਂ, ਨਾਂਗੇਲੀ, ਆਪਣੀ ਧੀ ਸ਼ਾਮੇਲੀ ਦੀ ਕੱਚੀ ਉਮਰੇ ...ਵਿਆਹ ਕੀਤੇ ਜਾਣ ਬਾਰੇ ਸੁਣ ਕੇ ਮਨ ਹੀ ਮਨ ਮੁਸਕਰਾ ਰਹੀ ਸੀ। ਕਿਉਂਕਿ ਹੁਣ ਤਾਂ ਉਹਨੇ...ਬਚਪਨ ਤੋਂ ਜਵਾਨੀ ਵੱਲ ਵਧਦੀ ਆਪਣੀ ਸੁਹਣੀ-ਸੁਨੱਖੀ ਧੀ ਸ਼ਾਮੇਲੀ ਨੂੰ... ਪੁਰੋਹਿਤਾਂ, ਸਾਮੰਤਾਂ ਆਦਿ ਦੀਆਂ ਜ਼ਾਲਮ ਨਜ਼ਰਾਂ ਤੋਂ ਕਿਸੇ ਨਾ ਕਿਸੇ ਤਰ੍ਹਾਂ ਲੁਕੋ ਕੇ ਰੱਖਿਆ ਹੋਇਆ ਸੀ। ... ਨਹੀਂ ਤਾਂ...ਉਹਦੀ ਧੀ ਨੇ ਵੀ .... ਹੁਣ ਨੂੰ ਪਿੰਡ ਦੀ ਨੀਵੀਆਂ, ਜਾਤੀਆਂ ਦੀਆਂ ਹੋਰ ਇਸਤਰੀਆਂ ਨਾਲ...ਬਲੌਜ ਖੋਲ ਕੇ... ਛਾਤੀ ਨੰਗੀ ਕਰਕੇ... ਜੋਰਾਵਰਾਂ-ਜਰਵਾਣਿਆਂ ਦੇ ਘਰਾਂ ਤੇ ਖੇਤਾਂ ਵਿਚ ਵਗਾਰ ਕਰਨ ਲਈ ਜਾਂਦੀ ਹੋਣਾ ਸੀ।

ਨਾਂਗੇਲੀ ਦੱਸ ਰਹੀ ਸੀ ਕਿ ਘਰੋਂ ਨੰਗੀਆਂ ਛਾਤੀਆਂ ਕਰਕੇ ਨਿਕਲਣ ਕਰਕੇ ਉਨ੍ਹਾਂ ਇਸਤਰੀਆਂ ਨੂੰ ਘਰਾਂ ਵਿਚ ਵੀ ਨੰਗੀਆਂ ਛਾਤੀਆਂ ਕਰਕੇ ਘੁੰਮਣ ਦੀ ਆਦਤ ਜਿਹੀ ਪੈ ਗਈ ਸੀ ਕਿ 'ਜਦ ਉਹਨਾਂ ਨੂੰ ਜੋਰਾਵਰਾਂ-ਜਰਵਾਣਿਆਂ ਸਾਹਮਣੇ ਨੰਗੇ ਸਤਨ ਕਰਕੇ ਘੁੰਮਣਾ ਪੈਂਦਾ ਹੈ ਜਿਹੜੇ ਉਹਨਾਂ ਦੀ ਸ਼ਰੇਆਮ ਇੱਜ਼ਤ ਅਸਮਤ ਲੁੱਟਣ ਲੱਗੇ ਦੇਰ ਨੀਂ ਲਾਉਂਦੇ...ਫਿਰ ਘਰ ਵਿਚ ਤਾਂ ਆਪਣੇ ਈ ਘਰ ਦੇ ਜੀਅ ਹੁੰਦੇ ਨੇ। ਨਾਲੇ ਉਨ੍ਹਾਂ ਦੇ ਪੂਰਵਜ ਦੱਸਦੇ ਆਏ ਕਿ ਜਦ ਉਹਨਾਂ ਦਾ ਕਬੀਲਾ ਜੰਗਲਾਂ ਵਿਚ ਘੁੰਮਦਾ ਸੀ...ਉਦੋਂ ਉਨ੍ਹਾਂ ਦੇ ਇਸਤਰੀ ਪੁਰਖ ਨੰਗੇ-ਮੁਨੰਗੇ, ਗਲ ਵਿਚ ਕੋਈ ਵਸਤਰ ਪਾਏ ਬਿਨਾਂ ਹੀ ਘੁੰਮਦੇ ਰਹਿੰਦੇ ਸਨ, ਇੱਕ ਦਿਨ ਸ਼ਾਮੇਲ ਨੇ ਆਪਣੀ ਮਾਂ ਨਾਂਗੇਲੀ ਨੂੰ ਘਰ ਵਿਚ ਨੰਗੀਆਂ ਛਾਤੀਆਂ ਕਰਕੇ ਘੁੰਮਦੀ ਨੂੰ ਪੁੱਛਿਆ, "ਹਾਏ ਮਾਂ! ਤੇਰੀ ਛਾਤੀ ਉੱਤੇ ਐਡਾ ਵੱਡਾ ਜ਼ਖ਼ਮ ਦਾ ਨਿਸ਼ਾਨ ਕਿਵੇਂ ਪੈ ਗਿਆ ਏ?"

"ਪੁੱਤਰ ਸ਼ਾਮੇਲ! ਮੇਰੀ ਛਾਤੀ ਉਤੇ ਜ਼ਖ਼ਮ ਦਾ ਨਿਸ਼ਾਨ ਕਿਵੇਂ ਪਿਆ ? ਇਸਦਾ ਪਤਾ ਲਗਾਉਣ ਲਈ...ਤੁਹਾਨੂੰ ਛਾਤੀਆਂ ਨੰਗੀਆਂ ਰੱਖੀਆਂ ਜਾਣ ਦੀ...ਸੁਣੀ-ਸੁਣਾਈ ਕਹਾਣੀ...ਮੁੱਢ ਤੋਂ ਸੁਣਾਉਣੀ ਪੈਣੀ ਏ।"

"ਪੁੱਤਰਾ! ਕਹਿੰਦੇ ਨੇ ਅਠਾਰਵੀਂ ਸਦੀ ਦੇ ਮੱਧ ਵਿੱਚ...ਟ੍ਰਾਵਨਕੋਰ ਕੋਚੀਨ ਦੇ ਸਾਮਰਾਜ 'ਤੇ ਮਾਰਥੰਡ ਵਰਮਾ ਨਾਂ ਦਾ ਰਾਜਾ ਰਾਜ ਕਰਦਾ ਸੀ। ਰਾਜੇ ਦੇ ਸਿਰ 'ਤੇ ਪਤਾ ਨਹੀਂ ਕਿਆ ਭੂਤ ਸਵਾਰ ਹੋਇਆ ਕਿ ਉਹਨੇ ਐਲਾਨ ਕਰ ਦਿੱਤਾ, 'ਨੀਵੀਆਂ ਜਾਤੀਆਂ ਦੀਆਂ ਸ਼ੂਦਰ ਇਸਤਰੀਆਂ...ਘਰੋਂ ਨੰਗੀਆਂ ਛਾਤੀਆਂ ਕਰਕੇ ਨਿਕਲਣਗੀਆਂ ਤੇ ਪੁਰਸ਼ ਨੰਗਾ ਤੇ ਨੀਵਾਂ ਸਿਰ ਕਰਕੇ ਘਰੋਂ ਨਿਕਲਣਗੇ। ਰਾਜ ਦੇ ਅਹਿਲਕਾਰ ਤੇ ਸਿਪਾਹੀ ਸੂਦਰ ਜਾਤੀਆਂ ਦੀਆਂ ਇਸਤਰੀਆਂ ਨੂੰ ਨੰਗੇ ਸਤਨ ਕਰਕੇ ਘਰੋਂ ਨਿਕਲਣ ਲਈ ਮਜਬੂਰ ਕਰਨ ਲੱਗੇ। ਜੇ ਕੋਈ ਇਸਤਰੀ ਸਤਨ ਢਕ ਕੇ ਘਰੋਂ ਨਿਕਲਦੀ ਤਾਂ ਰਾਜੇ ਦੇ ਅਹਿਲਕਾਰ ਤੇ ਸਿਪਾਹੀ, ਇਕ ਡੰਡੇ ਤੇ ਲੱਗੇ ਢਾਂਗੂ ਨੁਮਾ ਚਾਕੂ ਨਾਲ ਉਹਦਾ ਬਲਾਉਜ਼ ਪਾੜ ਕੇ ਰੁੱਖ ਤੇ ਟੰਗ ਦਿੰਦੇ। ਤਾਂ ਜੋ ਹੋਰ ਇਸਤਰੀਆਂ ਨੂੰ ਵੀ ਸਤਨ ਢੱਕ ਕੇ ਘਰੋਂ ਨਿਕਲਣ ਦੀ ਨਸੀਹਤ ਮਿਲ ਜਾਵੇ।"

ਰਾਜੇ ਨੇ ਐਲਾਨ ਕੀਤਾ, "ਜੇ ਕੋਈ ਇਸਤਰੀ ਛਾਤੀ ਢਕ ਕੇ ਰੱਖਣਾ ਚਾਹੁੰਦੀ ਏ, ਉਹਨੂੰ 'ਮੂਲਾ ਕ੍ਰਮ', 'ਸਤਨ ਕਰ' ਦੇਣਾ ਪਵੇਗਾ। ਜਿਸ ਇਸਤਰੀ ਦੇ ਸਤਨ ਛੋਟੇ ਹੋਣ, ਉਹਨੂੰ ਘੱਟ ਤੇ ਜਿਸ ਇਸਤਰੀ ਦੇ ਸਤਨ ਵੱਡੇ ਨੇ ਉਹਨੂੰ ਵੱਧ 'ਸਤਨ ਕਰ' ਦੇਣਾ ਪਵੇਗਾ। ਪੁੱਤਰਾ! ਕਹਿੰਦੇ ਹਨ ਕਿ 'ਸਤਨ-ਕਰ' ਦੀ ਰਕਮ ਇੰਨੀ ਵੱਧ ਹੁੰਦੀ ਸੀ...ਕਿ ਪਛੜੀਆਂ ਸ਼ੂਦਰ ਇਸਤਰੀਆਂ ਤਾਂ ਘਰਾਂ ਤੇ ਖੇਤਾਂ ਵਿਚ ਵਗਾਰ, ਬਧੂੰਆ ਮਜ਼ਦੂਰੀ ਕਰਦੀਆਂ ਸਨ। ਉਹ ਤਾਂ ਸਾਮੰਤਾ, ਜਿੰਮੀਦਾਰਾਂ, ਪੁਰੋਹਿਤਾਂ ਆਦਿ ਦੇ ਘਰਾਂ ਤੋਂ ਮਿਲਦੀ ਰੁੱਖੀ-ਸੁੱਕੀ ਰੋਟੀ ਖਾ ਕੇ, ਅਧ-ਭੁੱਖੇ ਰਹਿ ਕੇ ਗੁਜ਼ਾਰਾ ਕਰਦੀਆਂ ਹਨ। ਉਹਨਾਂ ਦੇ ਦਿੱਤੇ ਪਾਟੇ-ਪੁਰਾਣੇ ਵਸਤਰ ਪਹਿਨਦੀਆਂ ਸਨ। ਉਹ ਇਸਤਰੀਆਂ ਇੰਨਾ ਵੱਧ 'ਸਤਨ ਕਰ' ਕਿਵੇਂ ਦੇ ਸਕਦੀਆਂ ਸਨ?"

"ਪਰ ਪੁੱਤਰਾ! ਰਾਜ ਦੇ ਸਾਮੰਤਾਂ, ਸ਼ਾਹੂਕਾਰਾਂ, ਜਿਮੀਂਦਾਰਾਂ ਆਦਿ ਨੂੰ ਤਾਂ ਮੌਜ ਲੱਗ ਗਈ ਸੀ। ਘਰਾਂ ਤੇ ਖੇਤਾਂ ਵਿੱਚ ਨੰਗੀਆਂ ਛਾਤੀਆਂ ਵਾਲੀਆਂ ਇਸਤਰੀਆਂ ਨਾਲ ਛੇੜ-ਛਾੜ ਤਾਂ ਹੁੰਦੀ ਹੀ ਰਹਿੰਦੀ ਸੀ। ਤੇ ਜਦ ਕੋਈ ਜੋਰਾਵਰ-ਜਰਵਾਣਾ ਕਿਸੇ ਨੰਗੇ ਸਤਨ ਵਾਲੀ ਇਸਤਰੀ ਨਾਲ ਬਲਾਤਕਾਰ ਕਰਨਾ ਚਾਹੁੰਦਾ, ਉਹ ਉਹਨੂੰ ਬੜੀ ਬੇਸ਼ਰਮੀ ਨਾਲ ਖਿਚਕੇ, ਕਿਸੇ ਝਾੜੀ ਓਹਲੇ ਲੈ ਜਾਂਦਾ। ਉਹ ਵਿਚਾਰੀ ਇਸਤਰੀ ਕੋਈ ਉਜਰ, ਨਾਂਹ-ਨੁਕਰ ਤਾਂ ਕਰ ਨਹੀਂ ਸਕਦੀ ਸੀ। ਇਸ ਤਰ੍ਹਾਂ ਇਨ੍ਹਾਂ ਇਸਤਰੀਆਂ ਨਾਲ ਜਬਰ-ਜਨਾਹ ਤੇ ਸਮੂਹਕ ਬਲਾਤਕਾਰ ਆਮ ਹੁੰਦੇ ਰਹਿੰਦੇ ਸਨ। ਜੇ ਕੋਈ ਇਸਤਰੀ ਵਿਰੋਧ ਕਰਦੀ ਵੀ, ਤਾਂ ਉਹਦੀ ਬੜੀ ਬੇਸ਼ਰਮੀ ਨਾਲ ਪਿਟਾਈ ਕੀਤੀ ਜਾਂਦੀ ਸੀ। ... ਕਈ ਵਾਰ ਇਨ੍ਹਾਂ ਬੇਇੱਜ਼ਤ, ਬੇਪੱਤ ਕੀਤੀਆਂ ਜਾਣ ਵਾਲੀਆਂ ਇਸਤਰੀਆਂ ਦੇ ਪਤੀ ਜਾਂ ਸਬੰਧੀ ਵੀ ਉਥੇ ਹੀ ਖੇਤ, ਖਲਵਾੜੇ ਵਿਚ ਕੰਮ ਕਰ ਰਹੇ ਹੁੰਦੇ। ਪਰ ਉਹਨਾਂ ਨੂੰ ਸਿਰ ਨੀਵਾਂ ਕਰਕੇ ਤੁਰਨ ਦਾ ਫੁਰਮਾਨ ਜਾਰੀ ਕੀਤਾ ਹੋਣ ਕਰਕੇ ਆਪਣੀਆਂ ਸਬੰਧੀ ਇਸਤਰੀਆਂ ਤੇ ਹੁੰਦੇ ਜ਼ੁਲਮ-ਤਸ਼ੱਦਦ ਨੂੰ ਦੇਖ ਕੇ ਅੰਦਰੇ-ਅੰਦਰ ਜਲਦੇ-ਕੁੜ੍ਹਦੇ ਗੁੱਸੇ ਹੋਈ ਜਾਂਦੇ ਸਨ...ਪਰ ਉਹ ਆਪਣੇ ਅੰਦਰ ਪੈਦਾ ਹੋਏ ਵਿਰੋਧ ਨੂੰ ਮਨ ਦੇ ਅੰਦਰ ਹੀ ਦਬਾਉਣ ਲਈ ਮਜਬੂਰ ਹੁੰਦੇ।"

"ਪੁੱਤਰਾ! ਤੈਨੂੰ ਕੀ ਦੱਸਾਂ? ... ਮੈਨੂੰ ਦੱਸਦੀ ਨੂੰ ਡਾਢੀ ਲੱਜਾ, ਸ਼ਰਮ ਮਹਿਸੂਸ ਹੁੰਦੀ ਏ। ਪਰ ਹੁਣ ਤੂੰ ਬੱਚਾ ਨਹੀਂ...ਤੈਨੂੰ ਸਚਾਈ ਦੱਸਣੀ ਹੀ ਪਵੇਗੀ। ਪੁੱਤਰ! ਮੈਂ ਹੈਰਥਲਾ ਪਿੰਡ ਦੀਆਂ ਪਛੜੀਆਂ ਜਾਤੀਆਂ ਦੀਆਂ ਇਸਤਰੀਆਂ ਵਿਚੋਂ ਸਭ ਨਾਲੋਂ ਲੰਮੀ-ਝੰਮੀ, ਗੋਰੀ-ਚਿੱਟੀ, ਤਿੱਖੇ ਨੈਣ-ਨਕਸ਼ ਵਾਲੀ, ਸੁਡੌਲ ਤੇ ਗੋਲ-ਮਟੋਲ ਵੱਡੇ ਸਤਨਾਂ ਵਾਲੀ ਸਾਂ।"

"ਹਾਂ ਮਾਂ! ... ਜੇ ਤੂੰ ਸੁਹਣੀ-ਸੁਨੱਖੀ ਏ...ਤਾਂ ਹੀ ਤੇਰੀ ਸੰਤਾਨ ... ਮੈਂ ਮੁੰਡਿਆ ਵਿਚੋਂ ਤੇ ਮੇਰੀ ਭੈਣ ਸ਼ਾਮੇਲੀ ਕੁੜੀਆਂ ਵਿਚੋਂ ਸਭ ਨਾਲੋਂ ਸੁੰਦਰ, ਸੁਡੋਲ ਤੇ ਸੁਸ਼ੀਲ ਹੈ।"

"ਪਰ ਪੁੱਤਰ! ਤੈਨੂੰ ਕੀ ਦੱਸਾਂ? ... ਮੇਰਾ ਰੰਗ-ਰੂਪ, ਚਾਲ-ਢਾਲ ਤੇ ਗੱਲ-ਬਾਤ ਕਰਨ ਦਾ ਸਲੀਕਾ ਈ ਮੇਰੇ ਵੈਰੀ ਬਣ ਗਏ ਸਨ। ਇਸੇ ਕਰਕੇ ਸਾਡੇ ਪਿੰਡ ਦੀਆਂ ਇਸਤਰੀਆਂ ਨੂੰ ਵਗਾਰ 'ਚ ਲਿਜਾਣ ਵਾਲਾ ਅਹਿਲਕਾਰ, ਮੈਨੂੰ ਨਾਲ ਦੀਆਂ ਇਸਤਰੀਆਂ ਦਾ ਮੋਹਰੀ ਬਣਾ ਦਿੰਦਾ ਸੀ। ਕਿ ਮੈਂ ਉਨ੍ਹਾਂ ਤੋਂ ਕੰਮ-ਕਾਰ ਕਰਵਾਵਾਂ। ਪਰ ਮੈਨੂੰ ਇਸਦਾ ਕੋਈ ਫਾਇਦਾ ਨਹੀਂ ਸੀ ਹੁੰਦਾ, ਸਗੋਂ ਨੁਕਸਾਨ ਹੁੰਦਾ ਸੀ। ਕਿਉਂਕਿ ਮੈਂ ਗੋਰੀ-ਚਿੱਟੀ, ਸੋਹਣੀ-ਸੁਨੱਖੀ ਹੋਣ ਕਰਕੇ ਸਾਮੰਤਾਂ, ਜਿਮੀਂਦਾਰਾਂ ਆਦਿ ਰਾਹੀਂ ਕੀਤੇ ਜਾਂਦੇ ਬਲਾਤਕਾਰ ਤੇ ਸਾਮੂਹਿਕ ਜਬਰ-ਜਨਾਹ ਦਾ ਹੋਰਾਂ ਨਾਲੋਂ ਵੱਧ ਸ਼ਿਕਾਰ ਹੁੰਦੀ ਸੀ। ... ਆਪਣੇ-ਆਪ ਨੂੰ ਹੋਰਾਂ ਇਸਤਰੀਆਂ ਦੀ ਮੋਹਰੀ ਸਮਝਦਿਆਂ ਇਕ ਦਿਨ ਮੈਂ ਲਾਪਰਵਾਹ ਜਿਹੀ ਹੁੰਦਿਆਂ ਬਲਾਉਜ਼ ਪਾ ਕੇ, ਛਾਤੀ ਢਕ ਕੇ ਘਰੋਂ ਬਾਹਰ ਨਿਕਲ ਆਈ ਸੀ। ਪੁੱਤਰਾ! ਅਹਿਲਕਾਰ ਨੇ ਮੇਰੀ ਮੋਹਰੀ ਹੋਣ ਦੀ ਕੋਈ ਲਿਹਾਜ ਨਹੀਂ ਸੀ ਕੀਤੀ। ਬਿਨਾਂ ਅੱਗਾ-ਪਿੱਛਾ ਦੇਖਿਆਂ, ਉਹਨੇ ਹੱਥ ਵਿਚ ਫੜੇ-ਡੰਡੇ ਨਾਲ ਲੱਗੇ

ਢਾਂਗੂ ਨੁਮਾ ਚਾਕੂ ਨਾਲ...ਬੜੀ ਬੇਰਹਿਮੀ ਨਾਲ...ਮੇਰਾ ਬਲਾਉਜ਼ ਪਾੜ ਕੇ ਰੁੱਖ 'ਤੇ ਟੰਗ ਦਿੱਤਾ ਸੀ। ਚਾਕੂ ਦੇ ਡੂੰਘੇ ਜ਼ਖ਼ਮ ਨਾਲ ਮੇਰੀ ਛਾਤੀ ਲਹੂ-ਲੁਹਾਣ ਹੋ ਗਈ ਸੀ। ਪਰ ਉਹਨੇ ਫਿਰ ਵੀ ਮੇਰੇ 'ਤੇ ਕੋਈ ਤਰਸ ਨਹੀਂ ਸੀ ਖਾਧਾ। ਮੈਨੂੰ ਧੱਕੇ ਮਾਰਦਿਆਂ ਵਗਾਰ 'ਤੇ ਲੈ ਗਿਆ। ਮੈਂ ਲਹੂ-ਚੋਂਦੀ ਛਾਤੀ ਉੱਤੇ ਪੱਟੀ ਬੰਨ੍ਹ ਕੇ ਸਾਰਾ ਦਿਨ ਕੰਮ ਕਰਦੀ ਰਹੀ। ...ਪੁੱਤਰਾ...ਆ...! ਇਕ ਦਿਨ ਤੂੰ ਪੁੱਛਦਾ ਸੀ ਕਿ ਮੇਰੀ ਛਾਤੀ ਉੱਤੇ ਇਹ ਜ਼ਖ਼ਮ ਕਿਵੇਂ ਪੈ ਗਿਆ? ਸੋ ਪੁੱਤਰਾ! ਮੇਰੀ ਖੱਬੀ ਛਾਤੀ ਉੱਤੇ ਆਹ ਜ਼ਖ਼ਮ ਦਾ ਏਡਾ ਵੱਡਾ ਨਿਸ਼ਾਨ ...ਅਹਿਲਕਾਰ ਦੁਆਰਾ ਖੁੰਡੀ ਨੁਮਾ ਚਾਕੂ ਨਾਲ ਚੀਰੇ ਜਾਣ ਨਾਲ ਪਿਆ ਹੋਇਆ ਏ। ...ਮੇਰੀ ਛਾਤੀ ਤੇ ਹੋਏ ਜ਼ਖ਼ਮ ਵਿਚੋਂ ਮੈਨੂੰ ਹੁਣ ਵੀ ਖ਼ੂਨ ਸਿੰਮਦਾ ਪ੍ਰਤੀਤ ਹੁੰਦਾ ਰਹਿੰਦਾ ਏ।"

ਖੱਬੀ ਛਾਤੀ 'ਤੇ ਹੋਏ ਜ਼ਖ਼ਮ ਨੂੰ ਤਾਂ ਨਾਂਗੇਲੀ ਨੇ ...ਆਪਣੇ ਪੁੱਤਰ ਤੇ ਧੀ ਨੂੰ ਦਿਖਾ ਦਿੱਤਾ ਸੀ ... ਪਰ ਉਹ ਖੱਬੀ ਛਾਤੀ ਤੋਂ ਥੱਲੇ ... ਦਿਲ 'ਤੇ ਹੋਏ ਜ਼ਖਮ ਨੂੰ ਆਪਣੇ ਪੁੱਤਰ ਤੇ ਧੀ ਨੂੰ ਕਿਵੇਂ ਦਿਖਾ ਸਕਦੀ ਸੀ। ...ਜਦਕਿ ਉਹ ਜ਼ਖ਼ਮ ਛਾਤੀ 'ਤੇ ਹੋਏ ਜ਼ਖਮ ਤੋਂ ਵੱਧ ਰਿਸਦਾ ਰਹਿੰਦਾ ਸੀ।

...ਉਦੋਂ ਉਹ ਇੰਨ-ਬਿੰਨ ...ਆਪਣੀ ਕੱਚੀ ਉਮਰ ਦੀ ਧੀ ਸ਼ਾਮੇਲੀ ਵਰਗੀਓ ਖ਼ੂਬਸੂਰਤ ਸੀ। ... ਉਹਨੂੰ ਇਲਾਕੇ ਦੇ ਸਾਮੰਤ ਦੇ ਬੰਦੇ ...ਉਹਦੇ ਪਰਵਾਰ ਦੀ ਝੁੱਗੀ ਵਿਚੋਂ ...ਜ਼ਬਰਦਸਤੀ ਚੁੱਕ ਕੇ ਲੈ ਗਏ ਸਨ। ਉਹਨੂੰ ਅਰਧ-ਬੇਹੋਸ਼ੀ ਦੀ ਹਾਲਤ ਵਿਚ ...ਪਤਾ ਨਹੀਂ ਕਿੰਨੇ ਬੰਦੇ ਨੋਚਦੇ ਰਹੇ ਸਨ। ਉਹਨੂੰ ਦਿਨ-ਰਾਤ ਦਾ ਕੋਈ ਪਤਾ ਨਹੀਂ ਸੀ।

ਉਨ੍ਹਾਂ ਦੇ ਪਿੰਡ ਦੇ ਲੋਕੀਂ ਗੱਲਾਂ ਬਣਾ ਰਹੇ ਸਨ ...ਕਿ ਉਹਨਾਂ ਦੀ ਹੱਥ ਲਾਈ ਮੈਲ਼ੀ ਹੋਣ ਵਾਲੀ ਸੁੰਦਰ ਲੜਕੀ ...ਦਾ ਕੁਆਰ-ਭੰਗ ਕਰਨ ਬਦਲੇ ...ਰਾਜਾ ਉਹਨਾਂ ਦੇ ਪਰਵਾਰ ਨੂੰ ਦੌਲਤ ਦਾ ਅੰਬਾਰ ਜਾਂ ਇਲਾਕੇ ਦੇ ਕਿੰਨੇ ਹੀ ਪਿੰਡਾਂ ਦਾ ਮਾਲੀਆਂ ਇਕੱਠਾ ਕਰਨ ਦਾ ਅਧਿਕਾਰ ਦੇ ਦੇਵੇਗਾ, ਜਿਵੇਂ ਕਿ ਉਦੋਂ ਦੇ ਰਾਜੇ ਆਪਣੀਆਂ ਬਹੁ ਗਿਣਤੀ ਹਰਮ ਵਿੱਚ ਰੱਖੀਆਂ ਗਈਆਂ ਰਾਣੀਆਂ ਤੇ ਰਖੇਲਾਂ ਨੂੰ ਦਿੰਦੇ ਹੁੰਦੇ ਸਨ।

ਪਰ ਉਹਨੂੰ (ਨਾਂਗੇਲੀ ਨੂੰ) ਲਹੂ-ਲੁਹਾਣ ਹੋਈ ਨੂੰ ...ਉਹੀ ਬੰਦੇ ...ਪਤਾ ਨਹੀਂ ਕਿੰਨੇ ਦਿਨ ਬਾਦ ... ਉਹਨਾਂ ਦੀ ਝੁੱਗੀ ਵਿਚ ਸੁੱਟ ਗਏ ਸਨ। ...ਇ..ਹੀ... ਹਾ..ਲ..ਤ... ਕਿ..ਤੇ... ਉ..ਹ..ਦੀ ...ਧੀ... ਸ਼ਾ..ਮੇ..ਲੀ....ਦੀ..., ਸੋਚਦਿਆਂ...ਉਹਦੀਆਂ ਅੱਖਾਂ ਵਿਚੋਂ ...ਪਰਲ-ਪਰਲ...ਹੰਝੂ ਵਗਣ ਲੱਗ ਪਏ ਸਨ। ...

...ਉਹਨੂੰ ਰੋਂਦਿਆਂ ਦੇਖ ਉਹਦੀ ਲਗਰ ਜਿਹੀ ਧੀ ਸ਼ਾਮੇਲੀ ਤਾਂ ਘਬਰਾਈ ਬੈਠੀ ਰਹੀ। ਪਰ ਸ਼ਾਮੇਲ ਨੇ ਹੌਸਲਾ ਕਰਕੇ ਮਾਂ ਨੂੰ ਪੁੱਛਿਆ, "ਮਾਂ ਤੂੰ ਬੈਠੀ-ਬੈਠੀ...ਰੋਣ ਕਿਉਂ ਲੱਗ ਪਏ ਏਂ...?"

ਨਾਂਗੇਲੀ ...ਅੱਖਾਂ ਪੂੰਝਦਿਆਂ ...ਸੰਭਲ ਕੇ ਬੋਲੀ, "ਇਹ ਤਾਂ ਮੇਰੀ ਧੀ ਦੇ ਵਿਆਹ ਦੀ ਖ਼ੁਸ਼ੀ ਵਿਚ ...ਮੇਰੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ...ਪੁੱਤਰ ਸ਼ਾਮੇਲ! ਤੂੰ ਜੋ ਕਹਿੰਦਾ ਏਂ ... ਸ਼ਾਮੇਲੀ ਦਾ ਵਿਆਹ ਕਰ ਦੇਣੈ ...ਉਹ ਜਲਦੀ ਕਰਦੇ।"

"ਹਾਂ ਮਾਂ ...ਤੂੰ ਚਿੰਤਾ ਨਾ ਕਰ ...।" ਸ਼ਾਮੇਲ ਨੇ ਖੁਸ਼ ਹੁੰਦਿਆਂ ਕਿਹਾ, "ਸਾਡੇ ਦੋਹਾਂ ਦੇ ਵਿਆਹ ਤਾਂ ਕੁਝ ਦਿਨਾਂ ਤੱਕ ਹੋਏ ਲੈ... ਸ਼ਾਮੇਲੀ ਦਾ ਵਿਆਹ...ਯੋਸ਼ਾਨਾ ਦੇ ਭਰਾ ਯੋਸ਼ਾਨੂੰ ਨਾਲ ਆ...।"

"ਤੇ ਤੇਰਾ ਵਿਆਹ... ? ਮਾਂ ਨੇ ਚਿਹਰੇ 'ਤੇ ਪ੍ਰਸੰਨਤਾ ਦੇ ਭਾਵ ਲਿਆਉਂਦਿਆਂ ਪੁਛਿਆ।

"ਮਾਂ ਤੈਨੂੰ ਪਤਾ ਈ ਏ ...।" ਸ਼ਾਮੇਲ ਨੇ ਖਿੜ ਖਿੜਾ ਕੇ ਹੱਸਦਿਆਂ ਕਿਹਾ, "ਮੇਰੀ ਪ੍ਰਾਣੋਂ ਪਿਆਰੀ ...ਜ..ਲ..ਪ..ਰੀ... ਯੋ..ਸਾ..ਨਾ... ਨਾਲ...ਅ...।"

ਯੋਸਾਨਾ ਹੁਣ ਬਾਲੜੀ ਨਹੀਂ ਸੀ।

ਉਹਦੀ ਮਾਂ ਸੈਲੂੱਰ ਅੰਨਮ ਉਹਨੂੰ ਸਮਝਾਉਂਦੀ, "ਧੀਏ! ਹੁਣ ਤੂੰ ਵੱਡੀ ਹੋ ਗਈ ਏਂ ... ਬਹੁਤਾ ਬਾਹਰ ਨਾ ਘੁੰਮਿਆ ਕਰ।" ਪਰ ਦਿਨ-ਪ੍ਰਤੀ-ਦਿਨ ਭਰ-ਜਵਾਨ ਹੋ ਰਹੀ ਯੋਸਾਨਾ ਨੂੰ ਸੰਘਣੇ ਜੰਗਲ ਵਿਚਲੀ ਆਪਣੀ ਝੌਂਪੜੀ ਵਿਚ ਲੁਕ ਕੇ ਬਹਿਣਾ ਮੁਹਾਲ ਹੋ ਜਾਂਦਾ। ਉਹ ਘਰਦਿਆਂ ਤੋਂ ਅੱਖ ਬਚਾ ਕੇ, ਹਾਨਣਾਂ ਦੀ ਟੋਲੀ ਵਿਚ ਜਾ ਰਲ਼ਦੀ। ਉਹ ਜੰਗਲ ਵਿਚਲੇ ਰੁੱਖਾਂ ਤੇ ਝਾੜੀਆਂ ਤੋਂ ਫਲ ਤੋੜ ਕੇ ਖਾਂਦੀਆਂ। ਤੇ ਇਕ, ਦੂਸਰੀ ਨਾਲ ਛੇੜ-ਛਾੜ, ਚੋਹਲਬਾਜ਼ੀਆਂ ਕਰਦੀਆਂ, ਜੰਗਲ ਵਿਚ ਕਿੰਨੀ ਦੂਰ ਨਿਕਲ ਜਾਂਦੀਆਂ ਸਨ।

ਯੋਸਾਨਾ ਦਾ ਪਰਵਾਰ ਧੋਬੀ ਜਾਤੀ ਨਾਲ ਸਬੰਧ ਰੱਖਦਾ ਸੀ। ਇਕ ਸ਼ਾਮ, ਉਹ ਆਪਣੀ ਮਾਂ ਨਾਲ ਕੱਪੜਿਆਂ ਦੀ ਗਠੜੀ ਚੁੱਕੀਂ ਘਰ ਨੂੰ ਜਾ ਰਹੀ ਸੀ। ਉਹ ਰਾਹ ਵਿਚ ਖਰਮਸਤੀਆਂ ਕਰਦੀ ਜਾ ਰਹੀ ਸੀ, ਉਹਦੀ ਮਾਂ ਨੇ ਉਹਨੂੰ ਵਰਜਿਆ, "ਧੀਏ! ਤੂੰ ਜਾਣਦੀ ਨੀ ਹੈਗੀ, ਸਾਡੀ ਧੋਬੀਆਂ ਦੀ ਵੱਨਾਰ ਜਾਤੀ...ਲੁਕ-ਛਿਪ ਕੇ ਰਹਿਣ ਵਾਲੀ (unseen caste) ਜਾਤੀ ਹੈ। ਅਜੇ ਨ੍ਹੇਰਾ ਨਹੀਂ ਹੋਇਆ...ਜੇ ਕਿਸੇ ਨੇ ਸਾਨੂੰ ਪਛਾਣ ਲਿਆ—"ਉਹ ਸਾਡੀ ਬੇਇੱਜਤੀ ਕਰੂਗਾ।"

ਇੰਨੇ ਨੂੰ, ਉਨ੍ਹਾਂ ਨੂੰ ਕਿਸੇ ਦੇ ਆਉਣ ਦੀ ਪੈੜ-ਚਾਲ ਸੁਣਾਈ ਦਿੱਤੀ। ਉਹ ਝੱਟ ਗੱਠਰੀ ਉਤਾਰ ਕੇ ਰੁੱਖ ਦੇ ਓਹਲੇ ਲੁਕ ਗਈਆਂ ਸਨ। ਆਉਣ ਵਾਲਾ ਖੜ੍ਹ ਕੇ ਉੱਚੀ ਅਵਾਜ਼ ਵਿਚ ਚੀਕਿਆ, "ਕੌਣ ਓ ਤੁਸੀਂ ?" ਉਹ ਪਿੰਡ ਦਾ ਆਦਮੀ ਸੀ। ਯੋਸਾਨਾ ਦੀ ਮਾਂ ਸੈੱਲੂਰ ਅੰਨਮ, ਨਿਮਰਤਾ ਸਹਿਤ ਬੋਲੀ, "ਮਾਲਿਕ! ਅਸੀਂ ਪੁਥਿਰੈ ਵੱਨਰ ਕਬੀਲੇ ਦੇ ਧੋਬੀ ਆਂ... ਆਹ ਗੰਦੇ ਕੱਪੜਿਆਂ ਦੀ ਗੱਠੜੀ ... ਅਸੀਂ ਧੋਣ ਲਈ ਲਿਜਾ ਰਹੇ ਆ ਜੀ।" ਪਿੰਡ ਦੇ ਆਦਮੀ ਨੇ ਉਹਨੂੰ ਭੈਣ ਦੀ ਗਾਲ੍ਹ ਕੱਢਕੇ ਕਿਹਾ, "ਤੇਰੀ ਓ ਭੈਣ ਦੀ ਐਸੀ-ਤੈਸੀਂ ...ਤੁਸੀਂ ਲੁਕ-ਛਿਪ ਕੇ ਰਹਿਣ ਵਾਲੇ...ਮੇਰੇ ਮੱਥੇ ਕਿਉਂ ਲੱਗੇ ? ਰਾਤ ਦੇ ਹਨੇਰੇ ਵਿਚ ਆਉਣਾ ਸੀ।" ਉਹ ਉਨ੍ਹਾਂ ਨੂੰ ਗਾਲ੍ਹਾਂ ਕੱਢਦਾ ਅੱਗੇ ਲੰਘ ਗਿਆ ਸੀ।

ਯੋਸਾਨਾ ਪਿੰਡ ਦੇ ਬੰਦੇ ਦੇ ਸਾਹਮਣੇ ਹੀ ਗੱਠੜੀ ਚੁੱਕ ਕੇ ਅੱਗੇ ਨਿਕਲ ਗਈ ਸੀ। ਪਿੰਡ ਦੇ ਬੰਦੇ ਦੇ ਲੰਘ ਜਾਣ ਤੋਂ ਬਾਦ, ਉਹਦੀ ਮਾਂ ਡੁੱਡੀ ਲੱਤ ਨੂੰ ਘੁੰਮਾ ਕੇ ਤੁਰਦਿਆਂ, ਮਸਾਂ ਉਹਦੇ ਨਾਲ ਰਲੀ ਸੀ। ਮਾਂ ਨੇ ਉਹਨੂੰ ਬਾਂਹ ਤੋਂ ਫੜ ਕੇ ਝੰਜੋੜਦਿਆਂ ਗੁੱਸਾ ਜਾਹਰ ਕਰਦਿਆਂ ਕਿਹਾ, "ਯੋਸਾਨਾ ਦੀ ਬੱਚੀ! ਜੇ ਉਹ ਆਦਮੀ ਤੈਨੂੰ ਫੜ ਕੇ ਕੁੱਟਦਾ...ਤੇਰੇ ਕੱਪੜੇ ਪਾੜ ਕੇ ... ਤੇਰੇ ਨਾਲ ...।"

"ਸਿੱਧਾ ਕਹਿ ... ਜੇ ਮੇਰੇ ਨਾਲ ਸ਼ਰੇਆਮ ਬਲਾਤਕਾਰ ਕਰਦਾ।" ਮੂੰਹ-ਪਾੜ ਯੋਸਾਨਾ ਨੇ ਮਾਂ ਦੇ ਮੂੰਹੋਂ ਨਿਕਲਿਆ ਵਾਕ ਪੂਰਾ ਕੀਤਾ।

"ਮਾਂ...ਮੈਂ ਤਾਂ ਆਹ ਪੁੱਛਦੀ ਆਂ...ਕਿ ਜਦ ਸਾਡੀ ਅਛੂਤ ਜਾਤੀ ਜੰਗਲ ਵਿਚ ਰਹਿੰਦੀ ਏ...ਫਿਰ ਇਹ ਪਦਾਨੁਕ੍ਰਮ ਪਿੰਡ ਦੇ ਕੁੱਤੇ...ਭੇੜੀਏ...ਸਾਡੀਆਂ ਨਾ-ਛੂਹਣ ਯੋਗ, ਅਛੂਤ ਔਰਤਾਂ ਨੂੰ ਕਿਵੇਂ ਛੂੰਹਦੇ ਨੇ ? ... ਕਿਉਂ ਜਬਰ-ਜਨਾਹ..ਬਲਾਤਕਾਰ ਕਰਦੇ ਨੇ?? ਮਾਂ ... ਮਾਂ... ਜੇ ਇਨ੍ਹਾਂ ਨੂੰ ਪੂਛੇ ਕੋਈ ....ਈ।" ਯੋਸਾਨਾ ਨੇ ਅਤਿਅੰਤ ਦੁਖੀ ਹੁੰਦਿਆ ਕਿਹਾ।

"ਧੀਏ! ਹੁਣ ਕੀਤਾ ਕੀ ਜਾਵੇ? ... ਇਨ੍ਹਾਂ ਨੂੰ ਪੁੱਛਣ ਵਾਲਾ ਈ ਤਾਂ ਕੋਈ ਨਹੀਂ ...??"

"ਯੋਸਾਨਾ! ਰਤਾ ਹੌਲੀ ਤੁਰ... ਮੈਂ ਤੈਨੂੰ 'ਕੱਲੀ ਨੂੰ ਆਪਣੀ ਲੱਤ ਤੋੜੇ ਜਾਣ ਦੀ ਕਹਾਣੀ ਸੁਣਾਉਂਦੀ ਆਂ... ਘਰ ਤਾਂ ਸਾਰਿਆਂ ਦੇ ਸ੍ਹਾਮਣੇ ਇਹ ਭੇਤ ਦੀਆਂ ਗੱਲਾਂ ਕੀਤੀਆਂ ਨੀ ਜਾਂਦੀਆਂ...।" ਉਹ ਅੱਖਾਂ ਵਿਚੋਂ ਆਪ-ਮੁਹਾਰੇ ਵਗ ਤੁਰੇ ਹੰਝੂ ਪੂੰਝਦਿਆਂ ਦੱਸਣ ਲੱਗ ਪਈ, "ਧੀਏ! ਮੈਂ ... ਮੈਂ ... ਜੰਗਲ ਵਿਚ

ਲੁਕ ਕੇ ਰਫਾ ਹਾਜਤ ਹੋਣ ਲਈ ਬੈਠੀ ਸੀ। ਉੱਚੇ ਰੁੱਖ ਤੇ ਚੜ੍ਹ ਕੇ ਲੱਕੜਾਂ ਤੋੜਦੇ, ਪਿੰਡ ਦੇ ਕਿਸੇ ਬੰਦੇ ਦੀ, ਰੁੱਖਾਂ ਦੀਆਂ ਟਹਿਣੀਆਂ ਵਿਚੋਂ ਮੇਰੇ 'ਤੇ ਨਜ਼ਰ ਪੈ ਗਈ ਸੀ। ਮੈਨੂੰ ਪਤਾ ਨਹੀਂ ਲੱਗਿਆ, ਮੈਂ ਸੁਤੇ-ਸਿਧ ਬੈਠੀ ਰਹੀ। ਪੰਜ-ਸੱਤ ਬੰਦੇ ਭੱਜੇ ਆਏ ਤੇ ਮੈਨੂੰ ਉੱਚੀ-ਉੱਚੀ ਚੀਕਦਿਆ ਪੁੱਛਣ ਲੱਗੇ, "ਤੂੰ ਲੁਕ-ਛਿਪ ਕੇ ਰਹਿਣ ਵਾਲੇ ਕਬੀਲੇ ਦੀ ਔਰਤ ... ਸਾਡੀ ਨਜ਼ਰ ਕਿਉਂ ਪਈ?" ਮੈਂ ਸੋਚਿਆ ਉਹ ਮੈਨੂੰ ਗਾਲ੍ਹਾਂ ਕੱਢਕੇ, ਫਿਟ ਲਾਹਨਤਾਂ ਪਾ ਕੇ ਚਲੇ ਜਾਣਗੇ, ਜਿਵੇਂ ਅੱਗੇ ਸਾਡੇ ਨਾਲ ਹੁੰਦਾ ਆ। ਪਰ ਉਹ ਤਾਂ ਮੈਨੂੰ ਮਾਰਨ-ਕੁੱਟਣ, ਮੇਰੇ ਨਾਲ ਸ਼ਰੇਆਮ ਜ਼ਬਰਦਸਤੀ ਕਰਨ ਲੱਗ ਪਏ। ਮੇਰੇ ਕਪੜੇ ਪਾਟ ਗਏ, ਬੁਰੇ ਹਾਲ ਹੋ ਗਏ, ਮੇਰੇ ਪਿੰਡੇ 'ਤੇ ਜ਼ਖ਼ਮ ਈ ਜ਼ਖ਼ਮ ਹੋ ਗਏ ਸਨ। ਮੇਰੀ ਲੱਤ ਟੁੱਟ ਗਈ ਸੀ, ਮੇਰੀਆਂ ਚੀਕਾਂ ਨਿਕਲ ਗਈਆਂ ਸਨ।

"ਮੇਰੀਆਂ ਚੀਕਾਂ ਸੁਣ ਕੇ ਤੇਰਾ ਪਿਓ ਤੇ ਘਰ ਦੇ ਜੀਅ ਉਥੇ ਪਹੁੰਚ ਗਏ ਸਨ। ਪਰ ਮੈਨੂੰ ਉਨ੍ਹਾਂ ਕੋਲੋਂ ਛੁਡਾਉਣ ਦਾ ਹੌਂਸਲਾ ਨਹੀਂ ਸੀ। ਉਹ ਇਸ ਲਈ ਡਰਦੇ ਸਨ ਕਿ ਫਿਰ ਕਲ੍ਹ-ਕਲ੍ਹਾ ਨੂੰ ਉਹ ਪਿੰਡ ਦੇ ਹੋਰ ਬਹੁਤੇ ਬੰਦਿਆਂ ਨੂੰ ਬੁਲਾ ਲਿਆਉਣ ਤੇ ਸਾਡੇ ਘਰ ਦੇ ਜੀਆਂ ਦਾ ਖੁਰਾ-ਖੋਜ ਮਿਟਾ ਦੇਣਗੇ ਤਾਂ ਹੀ ਉਹ ਲਲਕਾਰੇ ਮਾਰ ਰਹੇ ਸਨ। "ਤੇਰੇ ਖ਼ਸਮ ਵਿਚ ਜੇ ਦਮ ਹੈ ਤਾਂ ਸਾਡੇ ਨੇੜੇ ਆਵੇ?"

'ਧੀਏ ! ਉਦੋਂ ਤੋਂ ਹੀ ਮੇਰਾ ਗੋਡਾ ਠੀਕ ਤਰ੍ਹਾਂ ਨਾ ਜੁੜਿਆ, ਮੈਂ ਲੰਗ ਮਾਰ ਕੇ ਤੁਰਦੀ ਆਂ।"

ਮਾਂ ਦੇ ਦੁਖ ਵਿਚ ਦੁੱਖੀ ਹੁੰਦਿਆਂ ਯੋਸਾਨਾ ਦੀਆਂ ਅੱਖਾਂ ਵਿਚ ਆਏ ਹੰਝੂਆਂ ਨੂੰ ਉਸ ਤੋਂ ਛੁਪਾਇਆ ਨਹੀਂ ਸੀ ਜਾ ਰਿਹਾ।

"ਹਾਂ... ਮਾਂ... ਇਹਨਾਂ ਨੂੰ ਪੁਛਣ ਵਾਲਾ ਈ ਕੋਈ ਨਹੀਂ...।" ਯੋਸਾਨਾ ਨੇ ਮਾਂ ਦੀ ਹਾਂ ਵਿਚ ਹਾਂ ਮਿਲਾਈ। ਯੋਸਾਨਾ ਚਸ਼ਮੇ ਤੇ ਪਦਾਨੁਕ੍ਰਮ ਪਿੰਡ ਦੇ ਲੋਕਾਂ ਦੇ ਕੱਪੜੇ ਧੋ ਰਹੀ ਹੁੰਦੀ। ਉਨ੍ਹਾਂ ਕੱਪੜਿਆਂ ਵਿਚ ਇਸਤਰੀਆਂ ਦੇ ਮਾਹਵਾਰੀ ਵਾਲੇ ਖ਼ੂਨ ਨਾਲ ਲਿਬੜੇ ਕਪੜੇ ਵੀ ਹੁੰਦੇ। ਯੋਸਾਨਾ ਨੂੰ ਉਹ ਕਪੜੇ ਧੋਂਦਿਆਂ ਬਹੁਤ ਕਚਿਆਣ ਆਉਂਦੀ। ਉਹ ਉਨ੍ਹਾਂ ਇਸਤਰੀਆਂ ਨੂੰ ਗਾਲ੍ਹਾਂ ਕੱਢਦੀ, ਬਹੁਤ ਬੁਰਾ-ਭਲਾ ਕਹਿੰਦੀ ਕਿ ਉਹ ਆਪਣੇ ਮਾਹਵਾਰੀ ਵਾਲੇ ਕੱਪੜੇ ਵੀ ਆਪ ਨਹੀਂ ਧੋ ਸਕਦੀਆਂ? ਉਹ ਗੁੱਸੇ ਵਿਚ ਕਹਿੰਦੀ, "ਜੇ ਇਨ੍ਹਾਂ ਦਾ ਵਸ ਚੱਲੇ...ਇਹ ਮਾਹਵਾਰੀ ਆਉਣ ਨਾਲ ਲਿਬੜੇ ਅੱਗੇ ਵੀ....ਸਾਤੋਂ ਸਾਫ਼ ਕਰਵਾਉਣ ਲੱਗ ਪੈਣਗੀਆਂ।" ਯੋਸਾਨਾ ਦੀਆਂ ਅਜਿਹੀਆਂ ਗੱਲਾਂ ਸੁਣ ਕੇ, ਚਸ਼ਮੇ 'ਤੇ ਕੱਪੜੇ ਧੋਂਦੀਆਂ ਇਸਤਰੀਆਂ ਹੱਸ-ਹੱਸ ਕੇ ਦੂਹਰੀਆਂ-ਚੌਹਰੀਆਂ ਹੋਈ ਜਾਂਦੀਆਂ ਸਨ।

ਯੋਸਾਨਾ ਦੀਆਂ ਅਜਿਹੀਆਂ ਝੱਲ-ਵਲੱਲੀਆਂ ਗੱਲਾਂ ਕਰਕੇ ਤੇ ਖਾਹ-ਮ-ਖਾਹ ਪੰਗੇ ਲੈਂਦੀ ਰਹਿਣ ਕਰਕੇ ਉਸਦੀ ਮਾਂ ਸੈਲੂੱਰ ਅੰਨਮ ਉਸ ਤੋਂ ਬਹੁਤ ਔਖੀ ਸੀ। ਉਹ ਯੋਸਾਨਾ ਨੂੰ ਨਿੱਤ ਚਸ਼ਮੇ 'ਤੇ ਕਿੰਨਾ ਚਿਰ ਤਾਰੀਆਂ ਲਾਈ ਜਾਣ ਤੋਂ ਬਹੁਤ ਰੋਕਦੀ ਸੀ। ਪਰ ਯੋਸਾਨਾ ਹੱਸ ਕੇ ਆਪਣੀ ਮਾਂ ਨੂੰ ਕਹਿੰਦੀ, "ਮਾਂ...ਮਾਂ...ਚਸ਼ਮੇ ਵਿਚ ਮਲ-ਮਲ ਕੇ ਨਹਾਉਣ ਤੋਂ ਬਿਨਾਂ...ਮੈਨੂੰ ਖਾਣਾ ਚੰਗਾ ਨਹੀਂ ਲੱਗਦਾ। ਉਹਦੀ ਮਾਂ ਸਮਝਾਉਂਦੀ, "ਇਹਨੂੰ ਰਾਜੇ ਦੀ ਧੀ ਨੂੰ...ਨਹਾਏ ਬਿਨਾਂ ਖਾਣਾ ਚੰਗਾ ਨੀ ਲੱਗਦਾ...ਇਹਨੂੰ ਉਸ ਦਿਨ ਪਤਾ ਲਗੂੰਗਾ...ਜਿਸ ਦਿਨ ਵੱਡੇ-ਵੱਡੇ ਮਗਰ-ਮੱਛਾਂ ਦਾ ਆਪ ਖਾਣਾ ਬਣ ਗਈ।"

ਤੇ ਇਕ ਦਿਨ ਚਸ਼ਮੇ ਵਿਚ ਨਹਾਉਂਦੀ ਨਾਲ ਪਿੰਡ ਦਾ ਇਕ ਆਦਮੀ ਆ ਕੇ ਛੇੜ-ਛਾੜ ਕਰਨ ਲੱਗ ਪਿਆ ਸੀ। ਯੋਸਾਨਾ ਨੇ ਗੁੱਸੇ ਵਿਚ ਆ ਕੇ ਨੰਗ-ਮੁਨੰਗੀ ਹੀ ਚਸ਼ਮੇ ਤੋਂ ਬਾਹਰ ਨਿਕਲਕੇ ਉਹਦੀ ਛਿੱਤਰ-ਪਰੇਡ ਕਰ ਦਿੱਤੀ ਸੀ। ਉਹ ਯੋਸਾਨਾ ਨੂੰ ਗਾਲ੍ਹਾਂ ਕੱਢਦਾ ਭੱਜ ਗਿਆ ਸੀ ਕਿ 'ਤੈਨੂੰ ਫੜ ਕੇ ਚੇਧਰਾਂਗੇ...ਯਾਦ ਰੱਖੀਂ...।'

ਇਸ ਤੋਂ ਪਹਿਲਾਂ ਕਿ ਉਹ ਆਦਮੀ ਪਿੰਡ ਤੋਂ ਹੋਰ ਬੰਦੇ ਲਿਆ ਕੇ ਯੋਸਾਨਾ ਉੱਤੇ ਹਮਲਾ ਕਰਨ ..., ਯੋਸਾਨਾ ਦੀ ਮਾਂ ਚਾਹੁੰਦੀ ਸੀ...ਕਿ ਉਹਦਾ ਸ਼ਾਮੇਲ ਨਾਲ ਵਿਆਹ ਕਰ ਦਿੱਤਾ ਜਾਵੇ। ਉਹ ਇੱਥੋਂ ... ਆਪਣੇ ਨਵੇਂ ਘਰ ਚਲੀ ਜਾਵੇ। ... ਉਹ ਇਹ ਵੀ ਚਾਹੁੰਦੀ ਸੀ ਕਿ ਯੋਸਾਨਾ ਦਾ ਵਿਆਹ ਉਹਨਾਂ ਦੇ ਨੇੜੇ ਦੇ ਜੰਗਲ ਤੋਂ ਕਿਤੇ ਦੂਰ ਜਾ ਕੇ ਕੀਤਾ ਜਾਵੇ ਤਾਂ ਜੋ ਪਿੰਡ ਦੇ ਲੋਕਾਂ ਨੂੰ ਯੋਸਾਨਾ ਦੇ ਵਿਆਹ ਦੀ ਸੂਹ ਨਾ ਲੱਗ ਸਕੇ।

ਜਲਪਰੀ ਨਾਲ ਜਲਦੀ ਤੋਂ ਜਲਦੀ ਵਿਆਹ ਕਰਵਾਉਣ ਲਈ ਕਹਿਣ ਵਾਲੇ ਸ਼ਾਮੇਲ ਦੀ ਮਾਂ ਨਾਂਗੇਲੀ ਤੇ ਪਿਉ ਚਿਰ ਕੁੰਡਨ ਨੇ ... ਸ਼ਾਮੇਲ ਤੇ ਸ਼ਾਮੇਲੀ ਦੇ ਵਿਆਹ ਦਾ ਪ੍ਰਬੰਧ ਦੂਰ-ਦੁਰਾਡੇ ਦੀ ਸੁੰਨਸਾਨ ਪਹਾੜੀ ਓਹਲੇ ਕੀਤਾ ਸੀ। ਉਹਨਾਂ ਨੇ ਯੋਸਾਨਾ ਤੇ ਉਹਦੇ ਭਰਾ ਯੋਸਾਨੂੰ ਦੇ ਕਬੀਲੇ ਨੂੰ ਵੀ ਉਥੇ ਸੱਦ ਲਿਆ ਸੀ। ਕਬੀਲਿਆਂ ਦੇ ਵਿਆਹ ਦੀ ਤਾਂ ਕੋਈ ਖਾਸ ਰਸਮ ਨਹੀਂ ਹੁੰਦੀ। ਉਹ ਵਿਆਹ ਦੀ ਖੁਸ਼ੀ ਖੁੱਲ੍ਹਾ ਖਾ-ਪੀ ਕੇ ਤੇ ਖੂਬ ਨੱਚ-ਗਾ ਕੇ ਮਨਾਉਂਦੇ ਨੇ।

ਹੁਣ ਉਹ ਕਬੀਲਿਆਂ ਦੇ ਰਸਮ-ਰਿਵਾਜ ਅਨੁਸਾਰ ਸ਼ੇਰ, ਚੀਤਿਆਂ, ਹਾਥੀਆਂ, ਘੋੜਿਆਂ ਆਦਿ ਦੇ ਵੱਡੇ-ਵੱਡੇ ਮੁਖੌਟੇ ਲਾ ਕੇ, ਢੋਲ, ਨਗਾਰਿਆਂ, ਪੀਪਨੀਆਂ ਆਦਿ ਵੱਖ-ਵੱਖ ਸਾਜ਼ ਵਜਾ ਕੇ ਨੱਚ-ਗਾ ਰਹੇ ਸਨ। ਵਿਆਹ ਦੀਆਂ ਖੁਸ਼ੀਆਂ ਮਨਾ ਰਹੇ ਸਨ।

ਜਿਸਦਾ ਯੋਸਾਨਾ ਦੀ ਮਾਂ ਤੇ ਪਿਉ ਨੂੰ ਡਰ ਸੀ, ਉਹਨਾਂ ਦੇ ਪਦਾਨੁਕ੍ਰਮ ਪਿੰਡ ਦੇ ਆਦਮੀ ਤਾਂ ਉਥੇ ਨਹੀਂ ਪਹੁੰਚੇ ਸਨ। ਪਰ ਟ੍ਰਾਵਨਕੋਰ ਕੋਚੀਨ ਦੇ ਰਾਜੇ ਮਾਰਥੰਡ ਵਰਮਾ ਦੇ ਅਹਿਲਕਾਰ ਤੇ ਸਿਪਾਹੀ ਹੱਥਾਂ ਵਿਚ ਲੰਮੇ-ਲੰਮੇ ਡੰਡਿਆਂ ਨਾਲ ਲੱਗੇ ਖੁੰਡੀ ਨੁਮਾ ਚਾਕੂ ਚੁੱਕੀਂ ਦਨ-ਦਨਾਉਂਦੇ ਹੋਏ ਆਣ ਪਹੁੰਚੇ ਸਨ। ਉਹਨਾਂ ਨੂੰ ਇਹ ਦੇਖਣ ਤੇ ਸਮਝਣ ਦੀ ਭਲਾ ਕੀ ਲੋੜ ਸੀ ਕਿ ਦੋ ਵਿਆਹਾਂ ਦੇ ਜਸ਼ਨ ਮਨਾਏ ਜਾ ਰਹੇ ਨੇ। ਉਹ ਇਸ ਖੁਸੀਆਂ ਭਰੇ ਮਾਹੌਲ ਵਿਚ ... ਔਰਤਾਂ ਦੇ ਗਲਾਂ ਵਿਚ ਪਹਿਨੇ ਹੋਏ ਬਲਾਉਜ਼ ਨਾ ਪਾੜਨ। ਪਰ ਉਹਨਾਂ ਦੇ ਸਿਰ 'ਤੇ ਤਾਂ ਰਾਜਾ-ਸ਼ਾਹੀ ਦਾ ਜ਼ਾਲਮਪੁਣੇ ਦਾ ਭੂਤ ਸਵਾਰ ਹੋਇਆ ਸੀ। ਆਪਣੇ ਗੁਲਾਮਾਂ ਦੀ ਖੁਸ਼ੀ ਨੂੰ ਉਹ ਕੀ ਸਮਝਦੇ ਸਨ।

ਉਹਨਾਂ ਨੇ ਝੱਟ ਆ ਕੇ ਚਾਕੂ ਲੱਗੇ ਡੰਡਿਆਂ ਨਾਲ...ਇਸਤਰੀਆਂ ਦੇ ਬਲਾਉਜ਼ ਬਹੁਤ ਹੀ ਬੇ-ਰਹਿਮੀ ਨਾਲ ਖਿਚ ਕੇ ਪਾੜਨੇ ਸ਼ੁਰੂ ਕਰ ਦਿੱਤੇ ਸਨ। ਰਿਸ਼ਤੇਦਾਰਨੀਆਂ ਦੀਆਂ ਜ਼ਖ਼ਮੀ ਹੁੰਦੀਆਂ ਛਾਤੀਆਂ ਚੋਂ ਵਗਦੇ ਲਹੂ ਦੀ ਤਕਲੀਫ਼ ਸਭ ਤੋਂ ਵੱਧ ਨਾਂਗੇਲੀ ਨੂੰ ਹੋ ਰਹੀ ਸੀ। ਜਿਵੇਂ ਉਹਦੇ ਬਲਾਉਜ਼ ਨੂੰ ਚਾਕੂ ਨਾਲ ਖਿੱਚ ਕੇ ਪਾੜਨ 'ਤੇ ... ਉਹਦੀ ਛਾਤੀ ਤੇ ਹੋਇਆ ਜ਼ਖ਼ਮ...ਮੁੜ ਤਾਜ਼ਾ ਹੋ ਗਿਆ ਸੀ...ਤੇ ਜ਼ਖ਼ਮ ਵਿਚੋਂ ਵੀ ਲਹੂ ਵਗਣ ਲੱਗ ਪਿਆ ਸੀ...ਹੁਣ ਉਹ ਇਸਤਰੀਆਂ ਦੇ ਧੜਾ-ਧੜ ਪਾੜੇ ਜਾਂਦੇ ..... ਨੂੰ ਕਿਵੇਂ ਰੋਕੇ?

ਉਹਨੇ ਦੋਵੇਂ ਬਾਹਾਂ ਖੜੀਆਂ ਕਰਕੇ ਐਲਾਨ ਕੀਤਾ। "ਇਸਤਰੀਆਂ ਦੇ ਬਲਾਉਜ ਪਾੜਨੇ ਬੰਦ ਕਰੋ...ਅਸੀਂ ਛਾਤੀਆਂ ਢਕਣ ਦਾ 'ਸਤਨ-ਕਰ' ਦਵਾਂਗੀਆਂ। ਸਭ ਤੋਂ ਪਹਿਲਾਂ 'ਸਤਨ-ਕਰ' ਮੈਂ ਦਿੰਦੀ ਹਾਂ।" ਉਹਨੇ ਬਲਾਉਜ਼ ਖੋਲ੍ਹ ਕੇ ਕਿਹਾ..."ਮੇਰੀ ਛਾਤੀ ਨਾਪ ਕੇ ਦੱਸੋ...ਕਿੰਨਾ ਸਤਨ-ਕਰ ਦੇਵਾਂ ?" ਇਕ ਅਹਿਲਕਾਰ ਅੱਗੇ ਹੋਇਆ, ਉਹਨੇ ਤੇਜ ਛੁਰੀ ਨਾਲ ਆਪਣੀ ਪਹਿਲਾਂ ਹੀ ਚਾਕੂ ਨਾਲ ਜ਼ਖ਼ਮੀ ਕੀਤੀ ਖੱਬੀ ਛਾਤੀ...ਤੇਜ਼ ਛੁਰੀ ਨਾਲ ਕੱਟ ਕੇ ਅਹਿਲਕਾਰ ਦੇ ਮੂੰਹ 'ਤੇ ਮਾਰੀ।

ਚਾਰੇ ਪਾਸੇ ਰੌਲਾ ਪੈ ਗਿਆ। ਇਸਤਰੀਆਂ ਉੱਚੀ-ਉੱਚੀ ਚੀਕ ਰਹੀਆਂ ਸਨ। "ਸਾਤੋਂ ਵੀ 'ਸਤਨ-ਕਰ' ਲੈ ਕੇ ਜਾਇਓ।" ਉਹ ਭੱਜੇ ਜਾਂਦੇ ਮੁੱਠੀ-ਭਰ ਅਹਿਲਕਾਰਾਂ ਦੇ ਮਗਰ ਡੰਡੇ-ਸੋਟੇ ਚੁੱਕ ਕੇ ਭੱਜ

ਲਈਆਂ ਸਨ।

ਸ਼ਾਮੇਲ ਦੇ ਪਿੰਡ ਹੇਰਥਲਾ ਤੇ ਯੋਸਾਨਾ ਦੇ ਪਿੰਡ ਪਦਾਨੁਕੱਰਮ ਦੇ ਕਬੀਲਿਆਂ ਦੇ ਲੋਕ ਤੇ ਵਿਆਹ ਵਿਚ ਆਏ ਸਾਕ-ਸਬੰਧੀ...ਸ਼ਹੀਦ ਹੋਈ ਨਾਂਗੇਲੀ ਦੀ ਲਾਸ਼ ਨੂੰ ਝੋਟਾ-ਗੱਡੀ ਤੇ ਪਾ ਕੇ...ਰਾਜੇ ਦੇ ਅਹਿਲਕਾਰਾਂ ਮਗਰ ਨਾਅਰੇ ਮਾਰਦੇ ਜਾ ਰਹੇ ਸਨ। ...'ਸਤਨ-ਕਰ...ਬੰਦ ਕਰੋ', 'ਸਿਰ ਚੁਕ ਕੇ ਤੁਰਨ ਦਾ ਅਧਿਕਾਰ ਦਿਉ', 'ਇਸਤਰੀਆਂ ਦੇ ਮਾਹਵਾਰੀ ਦੇ ਵਸਤਰ...ਖ਼ੁਦ ਸਾਫ਼ ਕਰੋ', 'ਸਾਡੇ ਕੰਮਾਂ ਦੀ ਬੱਝਵੀਂ ਦਿਹਾੜੀ ਦਿਉ'।

ਨਾਂਗੇਲੀ ਦੀ ਸ਼ਹੀਦੀ ਦੀ ਖ਼ਬਰ ਟ੍ਰਾਵਨਕੋਰ ਕੋਚੀਨ ਰਾਜ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਦੂਰ-ਨੇੜੇ ਦੀਆਂ ਥਾਵਾਂ ਤੋਂ ਸ਼ੂਦਰਾਂ, ਟੱਪਰੀਵਾਸਾਂ ਦੇ ਕਾਫ਼ਲੇ ਮਾਰਥੰਡ ਵਰਮਾ ਰਾਜੇ ਦੇ ਮਹਿਲਾਂ ਵੱਲ ਆਪਣੇ ਇਨਸਾਨੀ ਹੱਕ ਪ੍ਰਾਪਤ ਕਰਨ ਲਈ ਕੂਚ ਕਰ ਰਹੇ ਸਨ।

ਮਾਰਥੰਡ ਰਾਜੇ ਵਿਰੁੱਧ ਵਿਦਰੋਹ ਦੀਆਂ ਖਬਰਾਂ ਦੇਣ ਲਈ ਰਾਜੇ ਦੇ ਸੂਹੀਏ, ਘੋੜਿਆਂ ਤੇ ਸਵਾਰ ਹੋ ਕੇ ਰਾਜਮਹਿਲਾਂ ਵੱਲ ਭੱਜ ਲਏ ਸਨ। ਚਾਰੇ ਪਾਸਿਆਂ ਤੋਂ ਵਿਦਰੋਹੀਆਂ ਨੂੰ ਬਰਛੇ, ਭਾਲੇ, ਟਾਕੂਏ, ਤਲਵਾਰਾਂ ਆਦਿ ਹਥਿਆਰ ਚੁੱਕੀਂ ਰਾਜ-ਮਹਿਲ ਵੱਲ ਆਉਂਦਿਆਂ ਦੇਖ...ਰਾਜੇ ਦਾ ਸਿੰਘਾਸਨ ਡੋਲ ਗਿਆ ਸੀ। ਕਿਉਂਕਿ ਸੈਨਾਪਤੀ ਨੇ ਰਾਜੇ ਨੂੰ ਆਗਾਹ, ਸੁਚੇਤ ਕਰ ਦਿੱਤਾ ਸੀ ਕਿ 'ਰਾਜ-ਸੱਤਾ ਕੋਲ ਏਨੇ ਵੱਡੇ ਲੋਕਾਂ ਦੇ ਵਿਦਰੋਹ ਨੂੰ ਦਬਾਉਣ ਲਈ ਸੈਨਿਕ-ਸ਼ਕਤੀ ਨਹੀਂ ਹੈ।'

ਇਸ ਲਈ ਲੋਕਾਂ ਦੇ ਵਿਦਰੋਹ ਅੱਗੇ ਗੋਡੇ ਟੇਕਦਿਆਂ, ਰਾਜੇ ਮਾਰਥੰਡ ਵਰਮਾ ਨੇ ਰਾਜ-ਮਹਿਲ ਦੀ ਪ੍ਰਾਚੀਰ, ਫਸੀਲ 'ਤੇ ਖੜ ਕੇ ਐਲਾਨ ਕੀਤਾ, "ਇਸਤਰੀਆਂ ਦਾ 'ਸਤਨ-ਕਰ' ਵਾਪਸ ਲਿਆ ਜਾਂਦਾ ਹੈ। ਰਾਜ ਦੇ ਤਮਾਮ ਸ਼ੂਦਰਾਂ ਨੂੰ ਸਿਰ ਢੱਕਣ ਤੇ ਸਿਰ ਉੱਚਾ ਕਰਕੇ ਤੁਰਨ ਦਾ ਅਧਿਕਾਰ ਹੋਵੇਗਾ। ਧੋਬੀਆਂ ਤੋਂ ਮਾਹਵਾਰੀ ਵਾਲੇ ਤੇ ਗੰਦੇ ਵਸਤਰ ਨਹੀਂ ਧੁਆਏ ਜਾਣਗੇ। ਕਾਮਿਆਂ ਨੂੰ ਕੰਮ ਦੇ ਬਦਲੇ ਵਾਜਬ ਦਿਹਾੜੀ ਦਿੱਤੀ ਜਾਵੇਗੀ।"

ਸ਼ੂਦਰ, ਨੀਵੀਆਂ ਸ਼੍ਰੇਣੀਆਂ ਦੇ ਲੋਕ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ, ਖਾਂਦੇ-ਪੀਂਦੇ, ਮੌਜ-ਮਸਤੀ ਕਰਦੇ ਆਪਣੇ-ਆਪਣੇ ਨਿਵਾਸ ਸਥਾਨਾਂ ਨੂੰ ਵਾਪਸ ਮੁੜਨ ਲੱਗੇ।

ਇਲਾਕੇ ਦੇ ਲੋਕਾਂ ਵੱਲੋਂ ਸ਼ਹੀਦ ਹੋਈ ਨਾਂਗੇਲੀ ਦਾ ਉਹਦੇ ਪਿੰਡ 'ਹੇਰਥਲਾ' ਵਿਚ ਬੁਤ ਲਾਉਣ ਦੀ ਉਸਾਰੀ ਆਰੰਭ ਕਰ ਦਿਤੀ ਗਈ ਸੀ।

ਦਲੇਰ ਸਿੰਘ ਤੋਂ... ਸ਼ਹੀਦ ਨਾਂਗੇਲੀ ਦੀ ਕਹਾਣੀ ਸੁਣ ਕੇ, ਰੋਹ ਵਿਚ ਆਏ ਲੋਕਾਂ ਨੇ ਦਲਿਤ ਆਗੂ ਦਲੇਰ ਸਿੰਘ ਦੀ ਅਗਵਾਈ ਵਿਚ, ਕਥਾਰਸ ਪਿੰਡ ਵੱਲ ਕੂਚ ਕੀਤਾ ਕਿ 'ਜਦ ਤਿੰਨ ਸਦੀਆਂ ਪਹਿਲਾਂ ਝੁੱਗੀ-ਝੋਂਪੜੀ ਵਾਲਿਆਂ, ਕਬੀਲਿਆਂ ਦੇ ਲੋਕਾਂ ਨੇ 'ਕੱਠੇ ਹੋ ਕੇ ਸੰਘਰਸ਼ ਕਰਕੇ, ਇਕ ਤਾਨਾਸ਼ਾਹ ਰਾਜੇ ਦੇ ਜ਼ਾਲਮਾਨਾ ਸ਼ਾਹੀ ਫੁਰਮਾਨਾਂ ਨੂੰ ਰੱਦ ਕਰਵਾ ਦਿੱਤਾ ਸੀ। ....ਫਿਰ ਹੁਣ ਤਾਂ ਲੋਕਤੰਤਰ ਹੈ...ਕਾਨੂੰਨ ਦਾ ਰਾਜ ਹੈ...।'

ਕਾਫ਼ਲੇ ਵਿਚੋਂ ਛਾਲ ਮਾਰ ਕੇ ਅੱਗੇ ਹੁੰਦਿਆਂ ਸ਼ੋਸ਼ਲ ਵਰਕਰ, ਰਣਜੀਤ ਕੌਰ ਨੇ ਚੀਕ ਮਾਰੀ, "ਰੁਕੋ ਓ ਓ" ਅੱਗੇ ਸੜਕ ਦੇ ਵਿਚਕਾਰ, ਇਕ ਨਿਉਲਾ ਫਣ ਫੈਲਾਈਂ ਖੜੇ ਨਾਗ ਨੂੰ ਘੇਰੀਂ ਖੜ੍ਹਾ ਸੀ। ਸੱਪ ਬਰੋਟੇ ਉਤੇ ਪਾਏ ਆਲ੍ਹਣਿਆਂ ਵਿਚੋਂ ਪੰਛੀਆਂ ਦੇ ਆਂਡੇ ਪੀ ਜਾਂਦਾ ਸੀ, ਚੀਂ-ਚੀਂ ਚੀਕਦੇ ਬੋਟਾਂ ਨੂੰ ਖਾ ਜਾਂਦਾ ਸੀ। ਆਲੇ-ਦੁਆਲੇ ਚੀਕ-ਚਿਹਾੜਾ ਪਾਉਂਦੇ ਪੰਛੀ, ਸੱਪ ਤੋਂ ਆਪਣੇ ਬੱਚਿਆ ਨੂੰ ਬਚਾਉਣ ਤੋਂ ਅਸਮਰਥ ਹੁੰਦੇ। ਸੱਪ ਫਣ ਫੈਲਾ ਕੇ ਨਿਓਲੇ ਉੱਤੇ ਝਪਟਦਾ, ਨਿਓਲਾ ਛਾਲ ਮਾਰ ਕੇ ਪਿੱਛੇ ਹਟ ਜਾਂਦਾ ਸੀ। ਸੱਪ ਦੇ

ਆਲੇ-ਦੁਆਲੇ ਚੱਕਰ ਕਟੱਦਾ . . . ਉਹਦੀ ਪੂਛ 'ਤੇ ਦੰਦੀ ਵੱਢ ਦਿੰਦਾ ਸੀ। ਸੱਪ ਸੜਕ ਤੋਂ ਝਾੜੀਆਂ ਵਿਚ ਨੂੰ ਭੱਜਣ ਦੀ ਕੋਸ਼ਿਸ ਕਰਦਾ। ਨਿਊਲਾ ਉਹਦੀ ਪੂਛ ਤੇ ਦੰਦੀ ਵੱਢ ਕੇ ਉਹਨੂੰ ਫਿਰ ਸੜਕ ਵਿਚ ਨੂੰ ਖਿੱਚ ਲੈਂਦਾ ਸੀ।

ਰਣਜੀਤ ਕੌਰ ਫਿਰ ਚੀਕੀ, "ਦੇਖੋ! ਲੋਕੋ!! ਸੱਪ ਬਹਤੁ ਵੱਡਾ ਹੋਣ ਕਰਕੇ ਨਿਓਲੇ ਦੀ ਪਕੜ ਵਿਚ ਨਹੀਂ ਆਉਂਦਾ। ਨਿਓਲਾ ਪਿਛਲੀਆਂ ਟੰਗਾਂ 'ਤੇ ਖੜ੍ਹਾ ਹੋ ਕੇ, ਮੂੰਹ ਅੱਡ ਕੇ ਥੁਆਡੇ ਵੱਲ ਦੇਖਣ ਲੱਗ ਪੈਂਦਾ ਏ। ਲੋਕੋ! ਤਕਿਆ ਥੁਆਨੂੰ ਨਿਓਲੇ ਦੀ ਗੱਲ ਸਮਝ ਨੀ ਆਉਂਦੀ ? . . . ਉਹ ਉਹਦੇ ਨਾਲੋਂ ਕਈ ਗੁਣਾ ਭਾਰੀ-ਭਰਕਮ, ਵਿਵਸਥਾ ਰੂਪੀ ਨਾਗ ਨੂੰ ਮਾਰਨ ਲਈ, ਥੁਆਤੋਂ ਸਹਾਇਤਾ ਦੀ ਮੰਗ ਕਰਦਾ ਏ।" ਤੇ ਰਣਜੀਤ ਕੌਰ ਨੇ ਨਿਉਲੇ ਮਗਰ ਭੱਜੇ ਨਾਗ ਦੀ ਪੂਛ 'ਤੇ . . . ਝੰਡੇ ਵਾਲਾ ਡੰਡਾ ਮਾਰਕੇ ਉਹਨੂੰ ਜ਼ਖ਼ਮੀ ਕਰ ਦਿੱਤਾ ਸੀ। ਤੇ ਕਿਹਾ ਸੀ, "ਨਿਓਲੇ ਬੀਰ! ਮੈਂ ਸੱਪ ਨੂੰ ਮਾਰਨਾ ਨਹੀਂ, ਇਹਨੂੰ ਮਾਰਨ ਦਾ ਸਿਹਰਾ . . . ਇਹਦੇ ਨਾਲ ਏਨੀ ਦੇਰ ਤੋਂ ਲੜਨ ਵਾਲੇ ਦੇ ਸਿਰ ਈ ਸਜਣਾ ਚਾਹੀਦਾ ਏ।"

"ਪ...ਰ...ਅ..." ਸ਼ੋਸਲ ਵਰਕਰ, ਰਣਜੀਤ ਕੌਰ, ਉੱਚੀ ਅਵਾਜ਼ ਵਿਚ ਚੀਕੀ, "ਪਰ ਨਿੰਮੋਂ ਦੇ ਮਾਪਿਆਂ ਨੂੰ ਇਨਸਾਫ਼ ਦਿਵਾਉਣਾ....ਸੱਪ ਨੂੰ ਮਾਰ ਕੇ ਪੰਛੀਆਂ ਦੇ ਬੱਚਿਆਂ ਨੂੰ ਬਚਾਉਣ ਜਿੰਨਾ ਸੌਖਾ ਨਹੀਂ। ਕਿਉਂਕਿ ਹੁਣ ਵੀ ਰਾਜਨੀਤੀਵਨਾਂ ਤੇ ਨੌਕਰਸ਼ਾਹਾਂ ਉੱਤੇ ... ਸਾਮੰਤਾਂ ਤੇ ਪੂੰਜੀਪਤੀਆਂ ਦਾ ਦਬਦਬਾ ਹੈ। ... ਨਿੰਮੋ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਵਾਉਣਾ...ਏਨਾ ਸੌਖਾ ਨਹੀਂ, ਆਸਾਨ ਨਹੀਂ। ਦਲੇਰ ਸਿੰਘ ਦੀ ਸੁਣਾਈ ਕਹਾਣੀ ਦੀ ਨਾਇਕਾ, 'ਨਾਂਗੇਲੀ' ਵਾਂਗ, ਹੱਕ ਮਾਰੇ ਜਾਣ ਵਾਲੇ ਲੋਕਾਂ 'ਤੇ ... ਨਿੱਤ ਗੋਲੀ ਚਲਦੀ ਹੈ। ਨਾਂਗੇਲੀ ਵਾਂਗ...ਕੁ..ਰ..ਬਾ..ਨੀ.. ਦੇ..ਣੀ.. ਪ..ਵੇ..ਗੀ।"

ਸੋਸ਼ਲ ਵਰਕਰ ਰਣਜੀਤ ਕੌਰ ਦੀ ਅਗਵਾਈ ਵਿੱਚ ...ਮੀਲਾਂ ਲੰਬਾ ਕਾਫਲਾ..." ਨਿੰਮੋ ਦੇ ਕਾਤਲਾਂ ਨੂੰ...ਅਰੈਸਟ ਕਰੋ...ਓ...ਓ..." ਦੇ ਨਾਅਰੇ ਮਾਰਦਾ ਹੋਇਆ...ਪੁਲਿਸ ਦੀਆਂ ਲਾਠੀਆਂ ਦੇ ਵਾਰ ...ਸਿਰਾਂ 'ਤੇ ਝੱਲਦਾ ਹੋਇਆ...ਕੁਥਾਰਸ ਪਿੰਡ ਵਿੱਚ ਦਾਖਲ ਹੋ ਗਿਆ ਸੀ। ...ਕੋਈ ਪੇਸ਼ ਨਾ ਚੱਲਦੀ ਦੇਖ...ਪੁਲਿਸ ਨੇ ਗੋਲੀ ਚਲਾ ਦਿੱਤੀ ਸੀ।

ਲੋਕਾਂ ਦੀ ਅਗਵਾਈ ਕਰਦੀ...ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਈ... 'ਰਣਜੀਤ ਕੌਰ'...ਸ਼ਹੀਦ 'ਨਾਂਗੇਲੀ' ਦੇ ਪਦ-ਚਿੰਨਾਂ 'ਤੇ ਚੱਲ ਕੇ ...ਸ਼ਹੀਦ...ਹੋ ਗਈ... ਸੀ।

**ਉਤਰ ਕਥਨ—**

ਕਹਾਣੀ ਡਾ. ਮੋਹਨ ਦਾਸ ਨੈਮਿਸ਼ ਰਾਇ ਅਤੇ ਡਾ. ਕਰਮਸ਼ੀਲ ਭਾਰਤੀ ਦੀਆਂ ਲਿਖਤਾਂ 'ਤੇ ਆਧਾਰਿਤ ਹੈ। ਮੈਂ ਉਨ੍ਹਾਂ ਦਾ ਅਤਿ ਧੰਨਵਾਦੀ ਹਾਂ।

ਮਾਰਥੰਡ ਵਰਮਾ, ਨਾਂ ਦੇ ਰਾਜੇ ਨੇ, ਟ੍ਰਾਵਨਕੋਰ ਦੀ ਰਿਆਸਤ 'ਤੇ ਸੰਨ 1847 ਤੋਂ 1860 ਤੱਕ ਰਾਜ ਕੀਤਾ। ਉਸਦੇ ਰਾਜ ਵਿੱਚ ਸ਼ੂਦਰ ਤੇ ਜੰਗਲੀ-ਕਬੀਲਿਆਂ ਦੀਆਂ ਇਸਤਰੀਆਂ ਆਪਣੇ ਸਤਨ ਨਹੀਂ ਢਕ ਸਕੀਆਂ ਸਨ। ਜੇ ਕੋਈ ਔਰਤ ਆਪਣੇ ਸਤਨ ਢਕਣਾ ਚਾਹੁੰਦੀ...ਉਹਨੂੰ ਭਾਰੀ ਟੈਕਸ ਦੇਣਾ ਪੈਂਦਾ ਸੀ। ਇਤਿਹਾਸ ਇਸਦਾ ਗਵਾਹ ਏ ਕਿ ਜ਼ੁਲਮ-ਤਸ਼ੱਦਦ ਵਿਰੁੱਧ, ਕੋਈ ਨਾ ਕੋਈ ਉਠ ਕੇ ਖੜ੍ਹਾ ਹੁੰਦਾ ਰਿਹਾ ਏ। ਨਾਂਗੇਲੀ ਨਾਂ ਦੀ ਇਸਤਰੀ ਅੱਗੇ ਆਈ, ਉਸਨੇ ਸਤਨ ਕਰ ਵਜੋਂ ਆਪਣੀ ਛਾਤੀ ਕੱਟ ਕੇ, ਰਾਜੇ ਦੇ ਅਹਿਲਕਾਰਾਂ ਨੂੰ ਦੇ ਦਿਤੀ। ਉਹ ਥਾਏਂ ਡਿੱਗ ਕੇ ਮਰ ਗਈ। ਭਾਰੀ ਵਿਰੋਧ ਕਾਰਨ, ਰਾਜੇ ਨੂੰ ਮਿਤੀ 26 ਜੁਲਾਈ, 1859 ਨੂੰ ਸਤਨ ਕਰ ਦਾ ਕਾਨੂੰਨ ਵਾਪਸ ਲੈਣਾ ਪਿਆ।

ਇਸ ਕਹਾਣੀ ਵਿੱਚ, ਧੋਬੀਆਂ ਦੀ 'ਯੋਸਾਨਾ' ਨਾਂ ਦੀ ਲੜਕੀ ਦੇ ਪਰਵਾਰ ਦੀ ਦਰਦ-ਕਹਾਣੀ ਵੀ ਸ਼ਾਮਿਲ ਏ। ਧੋਬੀਆਂ ਦੀ ਇਹ Unseen-caste, ਲੁਕ-ਛਿਪ ਕੇ ਰਹਿਣ ਵਾਲੀ ਜਾਤੀ ਸੀ। ਇਸ ਜਾਤੀ ਦੇ ਲੋਕਾਂ ਨੂੰ ਨਜ਼ਰ ਆਉਣ 'ਤੇ ਹੀ, ਅਪਮਾਨ, ਬਲਾਤਕਾਰ ਤੇ ਕਤਲ ਤੱਕ ਕੀਤਾ ਜਾ ਸਕਦਾ ਸੀ। ਇਸ ਕਬੀਲੇ 'ਤੇ ਤਾਮਿਲ ਭਾਸ਼ਾ ਵਿੱਚ 'ਮਦਾਖੀ : ਦਾ ਅਨ ਫੇਅਰੀ ਟੇਲ' ਫਿਲਮ ਵੀ ਬਣੀ ਹੈ।

ਸਾਮੰਤਵਾਦੀ ਰਾਜ-ਸੱਤਾ ਦੀ ਲੋਕਾਂ ਤੇ ਜ਼ੁਲਮ, ਮੌਜੂਦਾ ਕਾਲ ਵਿੱਚ ਵੀ ਬਾ-ਦਸਤੂਰ ਜਾਰੀ ਹੈ। ਇਸ ਕਹਾਣੀ ਵਿੱਚ, ਹਾਥਰਸ ਦੀ ਸਮੂਹਕ ਬਲਾਤਕਾਰ ਤੇ ਕਤਲ ਕੀਤੇ ਜਾਣ ਵਾਲੀ ਮਨੀਸ਼ਾ ਨਾਂ ਦੀ ਲੜਕੀ ਦੇ ਪੀੜਿਤ ਪਰਿਵਾਰ ਨੂੰ ਜਾਨ 'ਤੇ ਖੇਡ ਕੇ ਨਿਆ ਦਿਵਾਉਣ ਲਈ ਸੰਘਰਸ਼ ਕੀਤੇ ਜਾਣ ਦੀਆਂ ਕੁਝ ਘਟਨਾਵਾਂ ਵੀ ਸ਼ਾਮਿਲ ਨੇ। **(ਮੋਬਾ 8847201454, 9888129977)**

ਕਹਾਣੀ

# ਸ਼ਿਵ ਰਾਜ

**ਭੋਲਾ ਸਿੰਘ ਸੰਘੇੜਾ**



ਇਸ ਘੁੱਗ ਵਸਦੇ ਸ਼ਹਿਰ ਵਿਚ ਅੱਜ ਮੇਰੀ ਵੱਖਰੀ ਪਛਾਣ ਹੈ। ਇਹ ਪਛਾਣ ਬਣਾਉਣ ਵਾਲੇ ਵੀ ਤੁਸੀਂ ਹੀ ਹੋ। ਪਤਾ ਨਹੀਂ ਕਿਉਂ, ਕਦੇ ਕਦੇ ਇਹ ਪਛਾਣ ਮੈਨੂੰ ਪ੍ਰੇਸ਼ਾਨ ਵੀ ਕਰਨ ਲੱਗ ਜਾਂਦੀ ਹੈ। ਇਸ ਤਰ੍ਹਾਂ ਕਿਉਂ ਹੁੰਦਾ ਹੈ ?

ਸਮੇਂ ਦੇ ਵਹਿਣ ਨਾਲ ਮੇਰੇ ਰੰਗ ਰੂਪ ਵਿਚ ਬਦਲਾਅ ਆਉਂਦਾ ਰਿਹਾ ਹੈ। ਇਥੋਂ ਤੱਕ ਕਿ ਮੇਰਾ ਨਾਂ ਵੀ ਬਦਲਦਾ ਰਿਹਾ ਹੈ। ਇਹ ਬਦਲਾਅ ਲਿਆਉਣ ਵਾਲੇ ਵੀ ਤੁਸੀਂ ਲੋਕ ਹੀ ਹੋ। ਸ਼ਾਇਦ ਮੈਨੂੰ ਖੜੋਤ ਨਾ ਭਾਉਂਦੀ ਹੋਵੇ। ਹੋ ਸਕਦੈ ਮੈਂ ਬਦਲਾਅ ਦੀ ਆਦਿ ਹੋ ਗਈ ਹੋਵਾਂ। ਜ਼ਰੂਰ ਦੱਸਣਾ।

ਤੁਹਾਡੇ ਫੈਸਲੇ ਤੋਂ ਪਹਿਲਾਂ ਅੱਜ ਵਾਲੇ ਨਾਂ ਤੀਕ ਅਪੜਨ ਦੀ ਦਾਸਤਾਨ, ਤੁਹਾਡੇ ਅੱਗੇ ਰੱਖਣਾ ਆਪਣਾ ਫ਼ਰਜ਼ ਸਮਝਦੀ ਹਾਂ।

ਮੈਂ ਸ਼ਹਿਰ ਦੀ ਪੌਸ਼ ਕਲੌਨੀ ਦੀ ਇਕ ਗਲੀ ਹਾਂ। ਮੇਰੇ ਨਾਲੋਂ ਵੱਧ ਚੌੜਾਈ ਵਾਲੀ ਗਲੀ ਜਾਂ ਰਸਤਾ ਤੁਹਾਨੂੰ ਇਸ ਸ਼ਹਿਰ ਦੀ ਇਕ- ਅੱਧ ਕਲੌਨੀ ਵਿਚ ਹੀ ਦੇਖਣ ਨੂੰ ਮਿਲੇਗਾ।

ਜਦੋਂ ਵੀ ਕਦੇ ਪਿਛਲਝਾਤ ਮਾਰਦੀ ਹਾਂ ਤਾਂ ਬਹੁਤ ਕੁਝ ਯਾਦ ਆਉਣ ਲੱਗ ਜਾਂਦੈ। ਮੈਨੂੰ ਅੱਖੋਂ-ਪਰੋਖੇ ਕਰਕੇ ਇਸ ਸ਼ਹਿਰ ਦਾ ਇਤਿਹਾਸ ਨਹੀਂ ਲਿਖਿਆ ਜਾ ਸਕੇਗਾ।

ਗੱਲ ਅੱਜ ਤੋਂ ਸੱਠ-ਸੱਤਰ ਸਾਲ ਪਹਿਲਾਂ ਤੋਂ ਸ਼ੁਰੂ ਕਰਦੀ ਹਾਂ। ਓਦੋਂ ਆਜ਼ਾਦੀ ਮਿਲੀ ਨੂੰ ਸੱਤ-ਅੱਠ ਸਾਲ ਹੋਏ ਸਨ। ਉਸ ਵਕਤ ਇਥੇ ਬਰਨਾ ਉਡਦੀ ਹੁੰਦੀ। ਵਸੋਂ ਦੀ ਗੱਲ ਛੱਡੋ, ਲੋਕ ਤਾਂ ਦਿਨੇ ਵੀ ਏਧਰ ਆਉਣ ਤੋਂ ਡਰਦੇ। ਦੂਰ ਦੂਰ ਤੱਕ ਉਜਾੜ ਹੀ ਉਜਾੜ। ਕੋਈ ਕੋਈ ਟਿੱਬਾ ਵੀ ਨਜ਼ਰੀ ਪੈਂਦਾ ਹੁੰਦਾ।

ਓਦੋਂ ਮੈਂ 'ਚੌੜੇ ਪਹੇ' ਦੇ ਨਾਂ ਨਾਲ ਜਾਣੀ ਜਾਂਦੀ ਸੀ। ਛੇ-ਸੱਤ ਕੋਹ ਦਾ, ਇਕ ਪਿੰਡ ਤੋਂ ਦੂਜੇ ਪਿੰਡ ਨੂੰ ਜਾਂਦਾ ਪਹਾ। ਸ਼ਹਿਰ ਤਾਂ ਮੇਰੇ ਤੋਂ ਖਾਸਾ ਹਟਵਾਂ ਸੀ।

ਅੱਜ ਬੜਾ ਯਾਦ ਆਉਂਦੈ ਕਰਮ ਸਿਉਂ। ਮੇਰੇ ਦੋਵੇਂ ਪਾਸੇ ਉਸਦੀ ਪੰਜ ਪੰਜ ਕਿੱਲੇ ਜ਼ਮੀਨ ਲੱਗਦੀ ਸੀ। ਓਦੋਂ ਫਸਲਾਂ ਬਾਰਿਸ਼ 'ਤੇ ਨਿਰਭਰ ਹੁੰਦੀਆਂ। ਬਾਰਿਸ਼ ਹੁੰਦੀ ਤਾਂ ਲੋਕਾਂ ਵਾਂਗ ਕਰਮ ਸਿਉਂ ਦੇ ਚਿਹਰੇ 'ਤੇ ਵੀ ਰੌਣਕ ਖਿਲ ਉਠਦੀ ਨਹੀਂ ਤਾਂ...।

ਫਿਰ ਜਦੋਂ ਖੇਤਾਂ ਵਿਚ ਨਹਿਰ ਦਾ ਪਾਣੀ ਪੈਣ ਲੱਗਿਆ ਤਾਂ ਕਰਮ ਸਿਉਂ ਦੇ ਕਰਮ ਜਾਗ ਉੱਠੇ। ਉਸਨੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਮੇਰੇ ਤੋਂ ਥੋੜੀ ਕੁ ਥਾਂ ਛੱਡ ਕੇ ਉਸਨੇ ਖੇਤ ਵਿਚ ਦਸ ਕੁ ਬੇਰੀਆਂ ਲਗਾ ਦਿੱਤੀਆਂ। ਬੇਰੀਆਂ ਲਾਉਣ ਬਾਰੇ ਪਤਾ ਨਹੀਂ ਉਸਨੂੰ ਕਿਸੇ ਨੇ ਰਾਇ ਦਿੱਤੀ ਸੀ ਜਾਂ ਇਹ ਉਸਦਾ ਆਪਣਾ ਹੀ ਫੈਸਲਾ ਸੀ।

ਬੇਰੀਆਂ ਕੋਲ ਇਕ ਨਲਕਾ ਵੀ ਲਗਾ ਦਿੱਤਾ ਗਿਆ।

ਆਉਂਦੇ ਜਾਂਦੇ ਰਾਹੀ ਥਕੇਵਾਂ ਲਾਹੁਣ ਲਈ, ਇਥੇ ਘੜੀ-ਪਲ ਰੁਕਦੇ। ਪਾਣੀ ਪੀਂਦੇ। ਸਰਦੀਆਂ ਵਿਚ ਬੇਰਾਂ ਦਾ ਸੁਆਦ ਵੀ ਚਖਦੇ। ਕਰਮ ਸਿਉਂ ਨੇ ਕਦੇ ਕਿਸੇ ਨੂੰ ਬੇਰ ਤੋੜਨ ਤੋਂ ਨਹੀਂ ਸੀ ਰੋਕਿਆ।

ਉਹਨਾ ਵੇਲਿਆਂ ਵਿਚ ਐਨੀਆਂ ਬੇਰੀਆਂ ਕਿਸੇ ਜ਼ਿਮੀਂਦਾਰ ਦੇ ਖੇਤ ਵਿਚ ਨਹੀਂ ਸਨ। ਇਨ੍ਹਾਂ

ਬੇਰੀਆਂ ਨੇ ਕਰਮ ਸਿਉਂ ਦੇ ਨਾਂ ਨੂੰ ਜੱਗਰ ਕਰ ਦਿੱਤਾ। ਲੋਕਾਂ ਨੇ ਮੇਰਾ ਨਾਂ 'ਕਰਮ ਸਿਉਂ ਦੀਆਂ ਬੇਰੀਆਂ ਵਾਲਾ ਪਹਾ' ਰੱਖ ਲਿਆ।

ਜਦੋਂ ਵੀ ਹੱਟੀ ਭੱਠੀ 'ਤੇ ਮੇਰੇ ਨਾਂ ਦਾ ਜਿਕਰ ਹੁੰਦਾ, ਸੁਣਨ ਵਾਲੇ ਮੇਰੀ ਝਾਤ ਪਾਉਣ ਲਈ ਉਤਸੁਕ ਹੋ ਜਾਂਦੇ। ਉਹਨਾ ਨੂੰ ਲੱਗਦਾ, ਸ਼ਹਿਰ ਵਿਚ ਰਹਿੰਦਿਆਂ ਜਿਵੇਂ ਕਿਸੇ ਦੁਰਲੱਭ ਥਾਂ ਨੂੰ ਦੇਖਣ ਤੋਂ ਵਾਂਝੇ ਰਹਿ ਗਏ ਹੋਣ। ਉਹ ਆਨੇ-ਬਹਾਨੇ ਇਧਰ ਗੇੜਾ ਮਾਰਦੇ।

ਇਕ ਦਿਨ ਕਰਮ ਸਿਓਂ ਨੇ ਪਾਖਰ ਸਿੰਘ ਨੂੰ ਆਪਣੇ ਘਰ ਗੇੜਾ ਮਾਰਨ ਲਈ ਕਿਹਾ। ਪਾਖਰ ਸਿੰਘ ਕਰਮ ਸਿਓਂ ਦੇ ਪਰਿਵਾਰ ਲਈ ਕੋਈ ਬੇਗਾਨਾ ਨਹੀਂ ਸੀ। ਉਸਨੇ ਤਿੰਨ ਸਾਲ ਕਰਮ ਸਿਓਂ ਨਾਲ ਸੀਰ ਲਾਇਆ ਸੀ। ਹੁਣ ਵੀ ਕਦੇ-ਕਦਾਈਂ ਦਿਹਾੜੀ ਜੋਤਾ ਲਾ ਜਾਂਦਾ। ਜੇ ਕਦੇ ਲੰਘਦਾ ਕਰਦਾ, ਉਨ੍ਹਾ ਦੇ ਘਰ ਪੈਰ ਮਲ਼ਦਾ ਤਾਂ ਕਰਮ ਸਿਓਂ ਦੇ ਘਰ ਵਾਲੀ ਚਾਹ ਪਾਣੀ ਪੀਤੇ ਬਿਨਾ ਨਹੀਂ ਸੀ ਆਉਣ ਦਿੰਦੀ।

ਪਾਖਰ ਦਾ ਆਪਣਾ ਕੋਈ ਘਰ ਨਹੀਂ ਸੀ। ਘਰਵਾਲੀ,ਬੇਟਾ ਤੇ ਉਹ, ਤਿੰਨੇ ਜੀਅ ਇਕ ਕੱਚੇ ਕੋਠੜੇ ਵਿਚ ਨਿਰਵਾਹ ਕਰਦੇ। ਕੋਠੇ ਦੇ ਕਿਰਾਏ ਦੇ ਬਦਲੇ ਵਿਚ, ਉਹ ਮਾਲਕ ਦਾ ਕੰਮ-ਧੰਦਾ ਕਰਦੇ।

ਪਾਖਰ ਨੂੰ ਪਤਾ ਸੀ ਕਿ ਬਿਨਾ ਕਿਸੇ ਕੰਮਕਾਰ ਤੋਂ ਕਰਮ ਸਿਓਂ ਨਹੀਂ ਬੁਲਾਉਂਦਾ। ਸੁਨੇਹਾ ਮਿਲਦਿਆਂ ਹੀ ਉਹ ਕਰਮ ਸਿਓਂ ਦੇ ਘਰ ਵੱਲ ਨੂੰ ਸਿੱਧਾ ਹੋ ਗਿਆ ਸੀ।

ਚਾਹ ਪਾਣੀ ਪੀਂਦਿਆਂ ਉਹ ਕਬੀਲਦਾਰੀ ਦੇ ਨਾਲ ਨਾਲ ਫਸਲਾਂ ਦੇ ਉਜਾੜੇ ਬਾਰੇ ਗੱਲਾਂ ਕਰਦੇ ਰਹੇ। ਆਖ਼ਰ ਕਰਮ ਸਿਓਂ ਨੇ ਆਪਣੇ ਨਾਲ ਸੀਰ ਲਾਉਣ ਬਾਰੇ ਗੱਲ ਤੋਰੀ।

ਗੱਲ ਸੁਣਕੇ ਪਾਖਰ ਸਿੰਘ ਬੋਲਿਆ, "ਕਰਮ ਸਿਆਂ ਜੇ ਥੋਡੇ ਨਾਲ ਸੀਰ ਨਹੀਂ ਲਾਉਂਗਾ ਫੇਰ ਹੋਰ ਕੀਹਦੇ ਨਾਲ ਲਾਊਂ...ਹਾਂਅ ਆਪਣੇ ਖੱਤੇ ਦੀ ਗੱਲ ਹੋਰ ਐ...ਵਸੋਂ ਦੇ ਨੇੜੇ ਹੋਣ ਵਾਲੇ ਖੇਤਾਂ ਦਾ ਏਹੀ ਜੱਭ ਐ...ਇਹ ਖੇਤ ਤਾਂ ਚੱਤੋ ਪਹਿਰ ਰਾਖੀ ਭਾਲਦੇ ਐ ਬਾਈ...ਪਸ਼ੂ ਤਾਂ ਦੇਖ ਕਿਵੇਂ ਹਰਲ ਹਰਲ ਕਰਦੇ ਫਿਰਦੇ ਐ...ਇੱਖ ਬੀਜ ਲੈ...ਚਾਹੇ ਸਰੋਂ ਲੋਕਾਂ ਦਾ ਅੱਡ ਉਜਾੜਾ..."

ਪਾਖਰ ਦੀਆਂ ਦਲੀਲਾਂ ਕਰਮ ਸਿਉਂ ਦੇ ਖਾਨੇ ਬੈਠ ਗਈਆਂ। ਉਹ ਸੀਰ ਦੇ ਨਾਲ ਨਾਲ ਰਾਤ ਦੀ ਰਾਖੀ ਦੀ ਗੱਲ ਵੀ ਨਿਵੇੜਨੀ ਚਾਹੁੰਦਾ ਸੀ। ਇਸ ਬਦਲੇ ਉਸਨੂੰ ਪਾਖਰ ਦੀ ਝੋਲੀ ਵਿਚ ਵੱਧ ਹੱਥ ਝਾੜਨਾ ਪੈਣਾ ਸੀ।

ਕਰਮ ਸਿਉਂ ਨੇ ਹੱਥ ਵੱਧ ਝਾੜਨਾ ਮੰਨ ਲਿਆ। ਆਮ ਚਲਦੇ ਸੀਰ ਦੇ ਹਿੱਸੇ ਨਾਲੋਂ ਵਧਾਅਕੇ ਗੱਲ ਨਿਵੇੜ ਲਈ ਗਈ।

ਪਾਖਰ ਦੇ ਰੈਣ ਬਸੇਰੇ ਲਈ ਖੇਤ ਦੇ ਇਕ ਖੂੰਜੇ ਪਹੇ 'ਤੇ ਕੱਚੀ ਕੋਠੜੀ ਛੱਤ ਦਿੱਤੀ ਗਈ। ਮਹੀਨੇ ਕੁ ਬਾਅਦ, ਪਾਖਰ ਸਿੰਘ ਪਰਿਵਾਰ ਨੂੰ ਵੀ ਇਥੇ ਹੀ ਲੈ ਆਇਆ। ਕੁਝ ਦਿਨਾਂ ਵਿਚ ਹੀ ਉਸਨੇ ਖੇਤ ਦੇ ਆਲੇ-ਦੁਆਲੇ ਮੋੜ੍ਹੀਆਂ ਦੀ ਵਾੜ ਕਰ ਦਿੱਤੀ।

ਇਕ ਦਿਨ ਪਾਖਰ ਨੇ ਕਰਮ ਸਿਉਂ ਨੂੰ ਕਿਹਾ, "ਕਰਮ ਸਿਆਂ ਐਤਕੀਂ ਰੱਬ ਦਾ ਨਾਂ ਲੈ ਕੇ ਸਾਰੇ ਖੇਤ ਵਿਚ ਛੋਲੇ ਤੇ ਸਰੋਂ ਜੇ ਬੀਜ ਦੇਈਓ ?"

ਕਰਮ ਸਿਉਂ ਬੋਲਿਆ, "ਪਾਖਰਾ ਭੁੱਖੇ ਮਰਨ ਦਾ 'ਰਾਦਾ ਲਗਦੈ ... ਇਹ ਤਾਂ ਦੋਵੇਂ ਫਸਲਾਂ ਜੂਆ ਨੇ"

"ਬਾਈ ਕਿਉਂ ਦਿਲ ਛੋਟਾ ਕਰਦੈਂ...ਮੈਂ ਵੀ ਤਾਂ ਤੇਰੇ ਨਾਲ ਆਂ...ਏਸ ਫਸਲ ਵਿਚ ਮੇਰਾ ਵੀ ਤਾਂ ਹਿੱਸਾ ਐ...ਚੱਲ ਤੇਰੇ ਨਾਲ ਵਾਅਦਾ ਰਿਹਾ...ਜੇ ਤੇਰਾ ਨੁਕਸਾਨ ਹੋਇਆ,ਮੈਂ ਦੋ ਸਾਲ ਸੀਰ ਮੁਖਤ ਲਾਊਂ।"

ਪਾਖਰ ਸਿੰਘ ਦੀ ਗੱਲ ਸੁਣਕੇ ਕਿੰਨੀ ਦੇਰ ਉਸ ਦੇ ਚਿਹਰੇ ਵੱਲ ਦੇਖਦਾ ਰਿਹਾ। ਉਸਨੂੰ ਲੱਗਿਆ

ਪਾਖਰ ਨੇ ਆਪਣੇ ਬਲਬੂਤੇ ਤੋਂ ਵੱਡੀ ਛਾਲ ਮਾਰ ਦਿੱਤੀ ਹੈ। ਦੂਜੇ ਹੀ ਪਲ ਉਸਨੇ ਮਹਿਸੂਸ ਕੀਤਾ ਜਿਵੇਂ ਪਾਖਰ ਦੇ ਸਾਹਮਣੇ ਉਸ ਦਾ ਕੱਦ ਨੀਵਾਂ ਹੋ ਗਿਆ ਹੋਵੇ।

ਉਂਜ ਪਾਖਰ ਸਿੰਘ ਦੇ ਇਹਨਾ ਬੋਲਾਂ ਨੇ ਉਸ ਅੰਦਰ ਹੌਸਲਾ ਵੀ ਭਰ ਦਿੱਤਾ ।

ਉਸਨੇ ਅੰਦਰੇ-ਅੰਦਰ ਆਪਣੇ ਆਪ ਨੂੰ ਮਿਹਣਾ ਮਾਰਿਆ, "ਜੇ ਇਕ ਗਰੀਬ ਆਦਮੀ ਐਨਾ ਹੌਸਲਾ ਰੱਖਦੈ...ਫ਼ੇਰ ਫਿਟਲਾਹਨਤ ਹੈ ਤੇਰੇ।"

ਉਹ ਬੋਲਿਆ, "ਲੈ ਬਈ ! ਠੀਕ ਹੈ ਪਾਖਰਾ...ਦੇਖੀ ਜਾਊ ਜਾਂ ਤਾਂ ਫੇਰ ਟਾਂਡਿਆਂ ਵਾਲੀ ਨ੍ਹੀਂ ਜਾਂ ਫੇਰ ਭਾਂਡਿਆਂ ਵਾਲੀ ਨ੍ਹੀ "

"ਟਾਂਡਿਆਂ- ਭਾਂਡਿਆਂ ਆਲੀ ਕਿਹੜੀ ਗੱਲ ਐ...ਜੇ ਇਕ ਸਾਲ ਫਸਲ ਨ੍ਹੀ ਹੋਊ ਫੇਰ ਕੀ ਮਰਨ ਲੱਗੇ ਆਂ...ਬੋਲ ਵਾਹਿਗੁਰੂ...ਆਪੇ ਬੇੜਾ ਪਾਰ ਲੱਗ ਜੂ।"

... ਤੇ ਕਰਮ ਸਿਉਂ ਅਤੇ ਪਾਖਰ ਸਿੰਘ ਦਾ ਬੇੜਾ ਪਾਰ ਲੱਗ ਗਿਆ ਸੀ। ਉਸ ਸਾਲ, ਸਰੋਂ ਅਤੇ ਛੋਲਿਆਂ ਦੀ ਲੋਹੜੇ ਦੀ ਫਸਲ ਹੋਈ। ਇਸ ਫਸਲ ਨਾਲ ਕਰਮ ਸਿਉਂ ਦੀ ਕਬੀਲਦਾਰੀ ਦੇ ਕਿੰਨੇ ਹੀ ਰੋਣੇ-ਧੋਣੇ ਧੋਤੇ ਗਏ।

ਜਦੋਂ ਵੀ ਕੋਈ ਕਰਮ ਸਿਉਂ ਕੋਲ ਫਸਲ ਦੇ ਝਾੜ ਦੀ ਗੱਲ ਛੇੜਦਾ ਤਾਂ ਉਸਦਾ ਅੰਦਰ ਪਾਖਰ ਦੇ ਅਹਿਸਾਨ ਨਾਲ ਭਰ ਜਾਂਦਾ। ਇਹ ਅਹਿਸਾਨ ਕਦੇ-ਕਦੇ ਉਸਦੀ ਅੰਤਰ ਆਤਮਾ ਨੂੰ ਝੰਜੋੜਨ ਲੱਗਦਾ। ਉਹ ਆਪਣੇ ਅੰਦਰੋਂ ਉਠਦੇ ਸਵਾਲਾਂ ਵਿਚ ਘਿਰ ਜਾਂਦਾ।

ਉਹ ਅਕਸਰ ਸੋਚਦਾ - ਪਾਖਰ ਨੇ ਕਿਹਾ ਸੀ ; ਜੇ ਫਸਲ ਵਿਚ ਘਾਟਾ ਪਿਆ ਤਾਂ ਮੈਂ ਦੋ ਸਾਲ ਸੀਰ ਮੁਖਤ ਲਾਉਂ ਪਰ ਉਸਨੇ ਝਾੜ ਵੱਧ ਹੋਣ 'ਤੇ ਮੈਥੋਂ ਤਾਂ ਕੁਝ ਨਹੀਂ ਸੀ ਮੰਗਿਆ।

ਉਸਨੂੰ ਲੱਗਦਾ ਜਿਵੇਂ ਪਾਖਰ ਨਾਲ ਜਿਆਦਤੀ ਹੋ ਗਈ ਹੋਵੇ। ਇਕ ਦਿਨ ਉਸਨੇ ਆਪਣੇ ਮਨ 'ਤੇ ਪੈਂਦੇ ਭਾਰ ਤੋਂ ਮੁਕਤ ਹੋਣ ਦਾ ਫੈਸਲਾ ਕਰ ਲਿਆ। ਉਸਨੇ ਪਾਖਰ ਦੇ ਕੱਚੇ ਅੱਡੇ ਨੂੰ ਪੱਕੇ ਵਿਚ ਬਦਲਣ ਦਾ ਮਨ ਬਣਾ ਲਿਆ।

ਕੋਠੜੇ ਵਾਲੀ ਦੋ ਵਿਸਵੇ ਥਾਂ ਪਾਖਰ ਸਿੰਘ ਦੇ ਨਾਂ ਕਰਵਾ ਦਿੱਤੀ।

ਜਦੋਂ ਪਾਖਰ ਨੂੰ ਇਸਦਾ ਪਤਾ ਲੱਗਿਆ, ਉਸਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

ਉਹ ਬੋਲਿਆ, "ਕਰਮ ਸਿਆਂ ! ਮੈਂ ਤਾਂ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇਸ ਧਰਤੀ ਦੀ ਮਿੱਟੀ ਵਿਚ ਕਦੇ ਮੇਰਾ ਵੀ ਹਿੱਸਾ ਹੋਊ ?"

ਪਾਖਰ ਦਾ ਬੇਟਾ ਬਚਨਾ, ਕਰਮ ਸਿਉਂ ਦੇ ਬੇਟੇ ਦਿਆਲੇ ਨਾਲੋਂ ਚਾਰ ਕੁ ਸਾਲ ਛੋਟਾ ਸੀ। ਦਿਆਲਾ ਸਕੂਲੋਂ ਆ ਕੇ ਖੇਤ ਵੱਲ ਆ ਜਾਂਦਾ। ਦੋਵੇਂ ਆਪਸ ਵਿਚ ਪਰਚੇ ਰਹਿੰਦੇ। ਨਿੱਕੇ ਮੋਟੇ ਕੰਮ ਧੰਦੇ ਵਿਚ ਵੀ ਹੱਥ ਵਟਾ ਦਿੰਦੇ।

ਬਚਨਾ ਦਿਆਲੇ ਨੂੰ ਉਡੀਕਦਾ ਰਹਿੰਦਾ। ਉਸਨੂੰ ਦਿਆਲੇ ਦੀ ਦੁਨੀਆ, ਉਸਦੀ ਦੁਨੀਆ ਤੋਂ ਵੱਖਰੀ ਲੱਗਦੀ। ਕਦੋਂ ਦਿਆਲਾ ਆਵੇ ਤੇ ਉਸ ਨਾਲ ਆਪਣੀ ਵੱਖਰੀ ਦੁਨੀਆ ਦੀਆਂ ਗੱਲਾਂ ਕਰੇ। ਦਿਆਲਾ ਆਪਣੇ ਸਕੂਲ ਦੇ ਸਾਥੀਆਂ ਅਤੇ ਅਧਿਆਪਕਾਂ ਬਾਰੇ ਗੱਲਾਂ ਕਰਦਾ ਰਹਿੰਦਾ। ਕਈ ਵਾਰ ਬਚਨਾ ਉਸਦੀਆਂ ਗੱਲਾਂ ਸੁਣਦਾ ਸੁਣਦਾ ਖੇਡਣਾ ਵੀ ਭੁੱਲ ਜਾਂਦਾ। ਉਹ ਮਨ ਹੀ ਮਨ ਆਪਣੇ ਆਪ ਨੂੰ ਇਸ ਦੁਨੀਆ ਦਾ ਹਿੱਸਾ ਬਣ ਜਾਣ ਦੀ ਕਲਪਨਾ ਕਰਦਾ।

ਇਕ ਦਿਨ ਪਾਖਰ ਸਿੰਘ ਨੇ ਕਰਮ ਸਿਉਂ ਕੋਲ ਬਚਨੇ ਨੂੰ ਕਿਸੇ ਘਰ ਮੱਝਾਂ ਦਾ ਪਾਲ਼ੀ ਰਲਾਉਣ ਬਾਰੇ ਗੱਲ ਕੀਤੀ। ਉਸਨੂੰ ਪਾਖਰ ਦੀ ਗੱਲ ਹਾਜ਼ਮ ਨਾ ਹੋਈ। ਉਹ ਉੱਚੀ ਦੇਣੇ ਬੋਲਿਆ, "ਪਾਖਰਾ ਏਸ ਗੰਦ 'ਚ

ਤਾਂ ਮੁੰਡੇ ਨੂੰ ਜਦੋਂ ਮਰਜ਼ੀ ਵਾੜ ਦੀਂ...ਸਕੂਲ ਈ ਭੇਜ ਕੇ ਦੇਖ ਲੈ...ਆਪ ਤਾਂ ਜਿਹਾ ਸੀ, ਇਹਨੂੰ ਕਿਉਂ ਡੰਗਰ ਬਣਾਉਣ ਲੱਗਿਐਂ।"

ਪਾਖਰ ਨੂੰ ਕਰਮ ਸਿਉਂ ਦੀ ਗੱਲ ਵਿਚ ਵਜ਼ਨ ਲੱਗਿਆ।

ਬਚਨਾ ਸਕੂਲ ਜਾਣ ਲੱਗਿਆ।

ਸਕੂਲ ਦੇ ਮਾਹੌਲ ਨੇ ਉਸਨੂੰ ਘੁੱਟਕੇ ਗਲਵਕੜੀ ਵਿਚ ਲੈ ਲਿਆ। ਸਕੂਲ ਵਿਚ ਕਦਮ ਰੱਖਦਿਆਂ ਹੀ ਉਸਨੂੰ ਇਕ ਸਕੂਨ ਜਿਹਾ ਮਿਲਦਾ। ਇਹ ਸਕੂਨ ਉਸਨੂੰ ਸਕੂਲ ਦੀ ਚਾਰਦਿਵਾਰੀ ਤੋਂ ਬਾਹਰ ਵੀ ਨਸ਼ਿਆਈ ਰੱਖਦਾ। ਇਸਦਾ ਕਾਰਨ ਸ਼ਾਇਦ ਉਸਦਾ ਪੜ੍ਹਾਈ ਵਿਚ ਕਿਸੇ ਤੋਂ ਫਾਡੀ ਨਾ ਰਹਿਣਾ ਸੀ। ਉਹ ਤਾਂ ਬਲਕਿ ਦੋ ਕਦਮ ਅੱਗੇ ਹੀ ਸੀ। ਛੇਤੀ ਹੀ ਬਚਨਾ ਸਕੂਲ ਵਿਚ ਇਕ ਹਰਮਨ ਪਿਆਰਾ ਵਿਦਿਆਰਥੀ ਬਣ ਗਿਆ ।

ਉਹ ਦਿਨ ਬ ਦਿਨ ਨਵੀਆਂ ਉਡਾਰੀਆਂ ਭਰ ਰਿਹਾ ਸੀ। ਉਸਦੀ ਇਕ ਉਡਾਰੀ ਪੜ੍ਹਾਈ ਤੋਂ ਬਾਹਰ ਦੇ ਅੰਬਰ ਵੱਲ ਵੀ ਹੋਣ ਲੱਗੀ। ਉਹ ਸਕੂਲ ਵਿਚ ਲੱਗਦੀਆਂ ਸਭਾਵਾਂ ਵਿਚ ਗੀਤ ਗਾਉਣ ਲੱਗਿਆ। ਵਿਦਿਆਰਥੀਆਂ ਨੂੰ ਜਦੋਂ ਵੀ ਮੌਕਾ ਮਿਲਦਾ ਉਸਦੀ ਮਿੱਠੀ ਤੇ ਟੁਣਕਵੀਂ ਆਵਾਜ਼ ਸੁਣਨ ਲਈ ਉਸ ਦੁਆਲੇ ਜੁੜ ਜਾਂਦੇ। ਸਕੂਲ ਤੋਂ ਬਿਨਾ ਉਹ ਹੁਣ ਛੋਟੀਆਂ- ਮੋਟੀਆਂ ਸਟੇਜਾਂ 'ਤੇ ਵੀ ਚੜ੍ਹਨ ਲੱਗਿਆ ਸੀ।

ਲੋਕਾਂ ਤੋਂ ਆਪਣੀ ਪੁੱਤਰ ਦੀ ਵਡਿਆਈ ਸੁਣਕੇ ਪਾਖਰ ਨੂੰ ਔਖਾਂ- ਸੌਖਾਂ ਭੁੱਲ ਜਾਂਦੀਆਂ। ਇਸੇ ਖ਼ੁਸ਼ੀ ਵਿਚ ਉਸ ਅੰਦਰੋਂ ਨਿੱਤ ਨਵੀਆਂ ਰੀਝਾਂ ਅੰਗੜਾਈ ਭਰਨ ਲੱਗਦੀਆਂ।

ਆਖ਼ਰ ਬਚਨੇ ਨੇ ਮਾਪਿਆਂ ਦੀ ਰੀਝ ਪੂਰੀ ਕਰ ਦਿੱਤੀ। ਉਹ ਚੰਗੇ ਨੰਬਰਾਂ ਵਿਚ ਦਸਵੀਂ ਪਾਸ ਕਰ ਗਿਆ। ਪਾਖਰ ਸਿੰਘ ਨੂੰ ਲੱਗਦਾ ਜਿਵੇਂ ਪੁੱਤਰ ਨੇ ਉਸਨੂੰ ਜਿਉਂਦਿਆਂ ਵਿਚ ਕਰ ਦਿੱਤਾ ਹੋਵੇ।

ਜਦੋਂ ਤੀਕ ਕਰਮ ਸਿਉਂ ਜਿਉਂਦਾ ਰਿਹਾ ਬੇਰੀਆਂ ਵੀ ਖੜ੍ਹੀਆਂ ਰਹੀਆਂ।

ਕਰਮ ਸਿਉਂ ਦੇ ਅੱਖਾਂ ਮੀਟਣ ਦੀ ਦੇਰ ਸੀ ; ਉਸਦੇ ਪੁੱਤਰਾਂ ਨੇ ਬੇਰੀਆਂ ਪੁਟਾਉਣ ਨੂੰ ਦੇਰ ਨਾ ਲਾਈ। ਉਹਨਾ ਨੂੰ ਇਹ ਉਜਾੜੇ ਦਾ ਘਰ ਲੱਗੀਆਂ ਸਨ। ਉਹਨਾ ਦਾ ਕਹਿਣਾ ਸੀ ਕਿ ਇਹਨਾ ਕਰਕੇ ਫਸਲਾਂ ਦਾ ਨੁਕਸਾਨ ਹੋ ਜਾਂਦਾ ਹੈ।

ਕਰਮ ਸਿਉਂ ਦੇ ਜਾਣ ਤੋਂ ਬਾਅਦ ਸਮੇਂ ਨੇ ਆਪਣੀ ਤੋਰ ਬਦਲੀ। ਬਦਲੀ ਹੋਈ ਤੋਰ ਨਵੇਂ ਰਸਤੇ ਲੱਭਣ ਲੱਗੀ। ਇਹਨਾ ਰਸਤਿਆਂ ਵਿਚੋਂ ਅੱਗੇ ਨਵੇਂ ਰਸਤੇ ਨਿਕਲਦੇ ਗਏ।

ਪਾਖਰ ਸਿੰਘ ਨੇ ਸੀਰ ਵਾਲੇ ਕਿੱਤੇ ਨੂੰ ਅਲਵਿਦਾ ਕਹਿ ਦਿੱਤੀ। ਉਹ ਹੁਣ ਸ਼ਹਿਰ ਵਿਚ ਸਬਜ਼ੀ ਵੇਚਣ ਲੱਗ ਗਿਆ ਸੀ।

ਬਚਨਾ ਵੀ ਹੁਣ ਸਿਰਫ ਬਚਨਾ ਨਹੀਂ ਸੀ ਰਿਹਾ ; ਉਹ ਮਾਸਟਰ ਬਚਨ ਸਿੰਘ ਬਣ ਗਿਆ ਸੀ।

ਭਾਵੇਂ ਕੁਝ ਵੀ ਸੀ ਪਰ ਲੋਕਾਂ ਨੇ ਕਰਮ ਸਿਉਂ ਦੇ ਨਾਂ ਨੂੰ ਅਜੇ ਨਹੀਂ ਵਿਸਾਰਿਆ ਸੀ। ਲੋਕ ਅਜੇ ਵੀ ਮੈਨੂੰ 'ਕਰਮ ਸਿਉਂ ਦੀਆਂ ਬੇਰੀਆਂ ਵਾਲਾ ਰਾਹ' ਦੇ ਨਾਂ ਨਾਲ ਪੁਕਾਰਦੇ ਸਨ।

ਸਮਾਂ ਦਾ ਪਹੀਆ ਕਰਮ ਸਿਉਂ ਦੇ ਪਰਿਵਾਰ ਦੇ ਕਰਮ ਪਲਟਣ ਲੱਗਿਆ। ਉਹਨਾ ਦੀ ਜ਼ਮੀਨ ਨਾਲ ਇਕ ਧਾਰਮਿਕ ਸਥਾਨ ਦੀ ਜ਼ਮੀਨ ਲੱਗਦੀ ਸੀ। ਧਾਰਮਿਕ ਸੰਸਥਾ ਦੇ ਪ੍ਰਬੰਧਕਾਂ ਨੇ ਇਸ ਜ਼ਮੀਨ ਵਿਚ ਇਕ ਕਾਲਜ ਬਣਾਉਣ ਦਾ ਫੈਸਲਾ ਲਿਆ ਸੀ।

ਲੋਕ ਕਰਮ ਸਿਉਂ ਦੇ ਪੁੱਤਰਾਂ ਨੂੰ ਵਧਾਈਆਂ ਦੇਣ ਲੱਗੇ, "ਲੈ ਬਈ ਮੁੰਡਿਓ !ਅਸਲ ਵਿਚ ਤਾਂ ਥੋਡੀ ਜ਼ਮੀਨ ਦੀ ਹੁਣ ਕੀਮਤ ਪੈਂਦੀ ਦੇਖਿਓ... ਥੋਡੇ ਪਿਓ ਦੇ ਕੀਤੇ ਪੁੰਨ ਨੂੰ ਹੁਣ ਫਲੀਆਂ ਲੱਗਦੀਆਂ

ਦੇਖਿਓ...ਜੇ ਨਾ ਟਿੱਬਿਆਂ ਵਿਚ ਬਾਜ਼ਾਰ ਸਜ 'ਗੇ।"

ਲੋਕਾਂ ਦੀ ਭਾਖਿਆ ਠੀਕ ਸਿੱਧ ਹੋਣ ਲੱਗੀ। ਕਾਲਜ ਬਣਦਿਆਂ ਹੀ ਸ਼ਹਿਰੀ ਲੋਕਾਂ ਦਾ ਮੁਹਾਣ ਇਸ ਪਾਸੇ ਵੱਲ ਨੂੰ ਹੋਣ ਲੱਗਿਆ। ਲੋਕ ਮਕਾਨ ਬਣਾਉਣ ਲਈ ਇਸ ਪਾਸੇ ਨੂੰ ਤਰਜ਼ੀਹ ਦੇਣ ਲੱਗੇ।

ਮੇਰਾ ਆਲਾ-ਦੁਆਲਾ ਹੁਣ ਸੁੰਨਾ ਨਹੀਂ ਸੀ ਰਿਹਾ। ਚਾਰ-ਚੁਫੇਰੇ ਸੜਕਾਂ ਬਣ ਗਈਆਂ। ਮੇਰੀ ਲੰਬਾਈ ਵੀ ਹੁਣ ਪਹਿਲਾਂ ਨਾਲੋਂ ਘੱਟ ਗਈ ਸੀ ਤੇ ਮੈਂ ਰਸਤੇ ਤੋਂ ਹੁਣ ਗਲੀ ਬਣ ਗਈ ਸਾਂ।

ਮੇਰਾ ਨਾਂ ਲੈਣ ਵਾਲਿਆਂ ਦੀ ਗਿਣਤੀ ਵਿਚ ਵੀ ਵਾਧਾ ਹੋ ਗਿਆ ਸੀ। ਸ਼ਾਇਦ ਉਹਨਾ ਨੂੰ ਮੇਰਾ ਨਾਂ ਲੰਮਾ ਲੱਗਿਆ ਹੋਣੈ। ਏਸੇ ਕਰਕੇ ਤਾਂ ਉਹ ਹੁਣ ਮੈਨੂੰ ' ਬੇਰੀਆਂ ਵਾਲੀ ਗਲੀ' ਹੀ ਕਹਿਣ ਲੱਗੇ ਸਨ।

ਕਰਮ ਸਿਉਂ ਦਾ ਨਾਂ ਹੁਣ ਪਿੱਛੇ ਰਹਿ ਗਿਆ ਸੀ।

ਕਰਮ ਸਿਉਂ ਦੇ ਪਰਿਵਾਰ ਦੀ ਫਸਲ , ਰਾਮ ਨਾਥ ਆੜ੍ਹਤੀਏ ਦੀ ਦੁਕਾਨ 'ਤੇ ਜਾਂਦੀ ਸੀ।

ਆੜ੍ਹਤ ਦੇ ਕਿੱਤੇ ਵਿਚ ਰਾਮ ਨਾਥ ਦੀ ਤੂਤੀ ਬੋਲਦੀ ਸੀ। ਆੜ੍ਹਤ ਦੇ ਕਿੱਤੇ ਨੂੰ ਪੈਰਾਂ ਸਿਰ ਕਰਨ ਵਿਚ ਰਾਮ ਨਾਥ ਨੂੰ ਕੋਈ ਦਿੱਕਤ ਨਹੀਂ ਸੀ ਆਈ। ਉਸਦਾ ਬਾਪ ਇਕ ਨਾਮਵਰ ਜੋਤਸ਼ੀ ਸੀ।ਬਾਪ ਦੇ ਤੁਰ ਜਾਣ ਤੋਂ ਬਾਅਦ ਰਾਮ ਨਾਥ ਨੇ ਆਪਣੇ ਕਿੱਤੇ ਦੀ ਸ਼ੁਰੂਆਤ ਜੋਤਿਸ਼ ਦੇ ਕਿੱਤੇ ਤੋਂ ਕੀਤੀ ਸੀ। ਆਪਣੇ ਬਾਪ ਵਾਂਗ ਉਸਦਾ ਨਾਂ ਵੀ ਦੂਰ ਦੂਰ ਤੱਕ ਫੈਲ ਗਿਆ ਸੀ।

ਇਕ ਦਿਨ ਉਸਦੀ ਪਤਨੀ ਸੰਤੀ ਨੇ ਫਿਕਰ ਜ਼ਾਹਿਰ ਕੀਤਾ, "ਲੋਕਾਂ ਦੇ ਹੱਥਾਂ ਦੀਆਂ ਲਕੀਰਾਂ ਪੜ੍ਹਦੇ ਰਹਿੰਦੇ ਹੋਂ, ਕਦੇ ਆਪਣੇ ਪੁੱਤ ਦੇ ਭਵਿੱਖ ਬਾਰੇ ਵੀ ਨਿਗ੍ਹਾ ਮਾਰ ਲਵੋ।"

"ਭਾਗਵਾਨੇ ! ਤੇਰੇ ਭਾਅਦੀ ਮੈਨੂੰ ਉਸਦੀ ਕੋਈ ਚਿੰਤਾ ਨ੍ਹੀਂ...ਮੈਂ ਤਾਂ ਉਸਦਾ ਨਾਂ ਵੀ ਸ਼ਿਵ ਰੱਖਿਐ...ਚਲੋ ਏਸ ਬਹਾਨੇ ਪ੍ਰਮਾਤਮਾ ਦੇ ਨਾਂ ਦਾ ਰਟਨ ਹੁੰਦਾ ਰਹੂ...ਤੂੰ ਫਿਕਰ ਨਾ ਕਰ ...ਇਹ ਉਮਰ ਹੀ ਇਸ ਤਰ੍ਹਾਂ ਦੀ ਹੁੰਦੀ ਹੈ...ਰਾਮ ਭਲੀ ਕਰੂ।"

ਸੰਤੀ ਦਾ ਫਿਕਰ ਕਰਨਾ ਠੀਕ ਸੀ। ਇਹ ਫਿਕਰ ਤਾਂ ਰਾਮ ਨਾਥ ਨੂੰ ਵੀ ਸੀ। ਸ਼ਿਵ ਰਾਜ ਦੇ ਚਾਲੇ ਤਾਂ ਰਾਮ ਨਾਥ ਨੂੰ ਵੀ ਨੀਂਦ ਨਹੀਂ ਸਨ ਆਉਣ ਦਿੰਦੇ।

ਦੂਜੇ ਚੌਥੇ ਦਿਨ ਕਾਲਜ ਵਿਚ ਕੋਈ ਨਾ ਕੋਈ ਉਧ ਮੂਲ ਖੜ੍ਹਾ ਕਰੀ ਰੱਖਦਾ। ਜਿਹੜੇ ਰਾਮ ਨਾਥ ਦੇ ਪਿਓ ਦਾਦੇ ਨੇ ਕਦੇ ਥਾਣੇ ਦਾ ਨਾਂ ਨਹੀਂ ਸੁਣਿਆ ਸੀ, ਸ਼ਿਵ ਰਾਜ ਨੇ ਉਸਦੇ ਵੀ ਦਰਸ਼ਨ ਕਰਵਾ ਦਿੱਤੇ ਸਨ।

ਕਦੇ ਕਦੇ ਰਾਮ ਨਾਥ ਨੂੰ ਲੱਗਦਾ ਜਿਵੇਂ ਲੋਕ ਉਸਨੂੰ ਸਵਾਲ ਕਰ ਰਹੇ ਹੋਣ – ਰਾਮ ਨਾਥਾ ਤੂੰ ਲੋਕਾਂ ਦੇ ਕੁਰਾਹੇ ਪਏ ਧੀਆਂ ਪੁੱਤਾਂ ਲਈ ਓਹੜ ਪੋਹੜ ਦਸਦੈਂ, ਤੈਥੋਂ ਆਪਣਾ ਛੋਕਰਾ ਤਾਂ ਠੀਕ ਨਹੀਂ ਹੁੰਦਾ?

ਪੁੱਤ ਨੂੰ ਠੀਕ ਰਾਹ 'ਤੇ ਪਾਉਣ ਲਈ ਰਾਮ ਨਾਥ ਕਿੱਤਿਆਂ ਦੇ ਨਫੇ-ਨੁਕਸਾਨ ਦੇ ਅਲਜ਼ਬਰੇ ਵਿਚ ਉਲਝਿਆ ਰਹਿੰਦਾ।

ਰਾਮ ਨਾਥ ਕੋਲ ਪੈਸੇ ਦੀ ਕੋਈ ਕਮੀ ਨਹੀਂ ਸੀ। ਚਿੰਤਾ ਤਾਂ ਪੈਸੇ ਨੂੰ ਸੰਭਾਲਣ ਦੀ ਸੀ। ਉਹ ਚਾਹੁੰਦਾ ਸੀ ਪੈਸਾ ਸੰਭਲਦਾ ਵੀ ਰਹੇ ਤੇ ਜੁੜਦਾ ਵੀ ਰਹੇ।

ਪੈਸੇ ਦੀ ਸਭਾਲ ਲਈ ਉਸਨੂੰ ਆੜ੍ਹਤ ਦੇ ਕਿੱਤੇ ਤੋਂ ਕੋਈ ਹੋਰ ਕਿੱਤਾ ਵਧੀਆ ਨਹੀਂ ਸੀ ਲੱਗਿਆ।

ਆਖ਼ਰ ਜੋਤਿਸ਼ ਦੇ ਨਾਲ-ਨਾਲ ਉਸਨੇ ਆੜ੍ਹਤ ਵਿਚ ਵੀ ਕਦਮ ਰੱਖ ਲਿਆ।

ਹੁਣ ਰਾਮ ਨਾਥ ਸੁਬ੍ਹਾ ਦੋ ਘੰਟੇ ਹੀ ਜੋਤਿਸ਼ ਦਾ ਕੰਮ ਕਰਦਾ ਤੇ ਫਿਰ ਸਾਰਾ ਦਿਨ ਆੜ੍ਹਤ ਵੱਲ ਧਿਆਨ ਦਿੰਦਾ।

ਸ਼ੁਰੂ ਸ਼ੁਰੂ ਵਿਚ ਸ਼ਿਵ ਰਾਜ ਨੇ ਆੜ੍ਹਤ ਦੇ ਕੰਮ ਵੱਲ ਧਿਆਨ ਨਹੀਂ ਸੀ ਦਿੱਤਾ। ਪਰ ਰਾਮ ਨਾਥ ਵੀ

ਕੋਈ ਕੱਚੀਆਂ ਗੋਲੀਆਂ ਨਹੀਂ ਸੀ ਖੇਡਿਆ ਹੋਇਆ। ਉਹ ਜਾਣਦਾ ਸੀ ਕੰਮ ਤਾਂ ਕੰਮ ਹੀ ਹੁੰਦਾ ਹੈ ...ਸਿਰਫ ਬੰਦਾ ਹੀ ਕੰਮ ਨਹੀਂ ਕਰਦਾ, ਕੰਮ ਵੀ ਬੰਦੇ ਨੂੰ ਆਪਣੇ ਵੱਲ ਧਿਆਨ ਦੇਣ ਲਈ ਆਖਣ ਲੱਗ ਜਾਂਦਾ ਹੈ।

ਨਾ ਚਾਹੁੰਦਿਆਂ ਹੋਇਆਂ ਵੀ ਸ਼ਿਵ ਰਾਜ ਦਾ ਧਿਆਨ ਆਪਣੇ ਕੰਮਾਂ ਵੱਲ ਜਾਣ ਲੱਗਿਆ। ਹੌਲੀ ਹੌਲੀ, ਦੁਕਾਨ 'ਤੇ ਆਉਂਦੇ-ਜਾਂਦੇ ਗਾਹਕਾਂ ਨਾਲ ਜਾਣ-ਪਛਾਣ ਹੋਣ ਲੱਗੀ।

ਜ਼ਿਮੀਂਦਾਰਾਂ ਦੇ ਕਈ ਮੁੰਡੇ ਸ਼ਿਵ ਰਾਜ ਦੇ ਜਮਾਤੀ ਹੋਣ ਕਰਕੇ, ਇਸ ਦੁਕਾਨ ਨਾਲ ਜੁੜ ਗਏ। ਦਿਨ ਬ ਦਿਨ ਆੜ੍ਹਤ ਦਾ ਦਾਇਰਾ ਵਧਦਾ ਗਿਆ। ਹੁਣ ਆੜ੍ਹਤ-ਜੋਤਿਸ਼ ਨੂੰ ਉਹ ਨਹੀਂ ਚਲਾਉਂਦੇ ਸਨ, ਬਲਕਿ ਆੜ੍ਹਤ ਜੋਤਿਸ਼ ਪਿਉ ਪੁੱਤ ਨੂੰ ਘੁਮਾਉਣ ਲੱਗ ਗਈ ਸੀ।

ਕਈ ਵਾਰ ਹੱਥਾਂ ਦੀਆਂ ਲੀਕਾਂ ਰਾਹੀ ਆਪਣੀ ਤਕਦੀਰ ਜਾਣਨ ਵਾਲਿਆਂ ਨੂੰ ਰਾਮ ਨਾਥ ਘਰ ਨਾ ਮਿਲਦਾ। ਉਹ ਨਿਰਾਸ਼ ਹੋ ਕੇ ਪਰਤ ਜਾਂਦੇ। ਇਹਨਾ ਵਿਚੋਂ ਕਈ ਤਾਂ ਆੜ੍ਹਤ ਨਾਲ ਹੀ ਜੁੜੇ ਹੁੰਦੇ।

ਸ਼ਿਵ ਰਾਜ ਨੂੰ ਉਹਨਾ ਦਾ ਇਸ ਤਰ੍ਹਾਂ ਮੁੜਨਾ ਚੰਗਾ ਨਾ ਲੱਗਦਾ। ਉਸਦੀ ਨਜ਼ਰ ਵਿਚ ਆਖ਼ਰ ਉਹ ਵੀ ਤਾਂ ਗਾਹਕ ਹੁੰਦੇ ਸਨ। ਕਦੇ ਕਦੇ ਉਹ ਸੋਚਦਾ- ਮੈਂ ਕਿਉਂ ਨ੍ਹੀ ਇਹ ਕਿੱਤਾ ਕਰ ਸਕਦਾ।

...ਤੇ ਇਕ ਦਿਨ ਉਸਨੇ ਇਹ ਕੰਮ ਵੀ ਕਰਨ ਦਾ ਮਨ ਬਣਾ ਲਿਆ।

ਉਹ ਜੋਤਿਸ਼ ਵਿਦਿਆ ਸਿੱਖਣ ਲੱਗਿਆ।

ਭਾਵੇਂ ਬਹੁਤੇ ਲੋਕ ਰਾਮ ਨਾਥ ਦੀ ਜੋਤਿਸ਼ ਵਿਦਿਆ 'ਤੇ ਹੀ ਵਿਸ਼ਵਾਸ ਕਰਦੇ ਸਨ ਪਰ ਜਦੋਂ ਉਹ ਨਾ ਮਿਲਦਾ ਤਾਂ ਆਪਣਾ ਹੱਥ ਸ਼ਿਵ ਰਾਜ ਅੱਗੇ ਵੀ ਕਰ ਦਿੰਦੇ।

ਹੌਲੀ ਹੌਲੀ ਉਹਨਾ ਸ਼ਿਵ ਰਾਜ ਵੱਲ ਮੋੜਾ ਕੱਟਣਾ ਸ਼ੁਰੂ ਕਰ ਦਿੱਤਾ।

ਸ਼ਿਵ ਰਾਜ ਦੇ ਇਸ ਪਾਸੇ ਮੋੜਾ ਕੱਟਣ ਨਾਲ ਰਾਮ ਨਾਥ ਦੀਆਂ ਚਿੰਤਾਵਾਂ ਦੂਰ ਹੋ ਗਈਆਂ।

ਰਾਮ ਨਾਥ ਨੂੰ ਲੋਹਾ ਗਰਮ ਲੱਗਿਆ। ਉਸਨੇ ਸ਼ਿਵ ਰਾਜ ਨੂੰ ਵਿਆਹ ਦੇ ਬੰਧਨਾ ਵਿਚ ਬੰਨਣ ਵਿਚ ਦੇਰ ਨਾ ਲਾਈ।

ਸ਼ਿਵ ਰਾਜ ਕਬੀਲਦਾਰੀ ਦੇ ਰਾਹ ਪੈ ਗਿਆ ਸੀ।

ਜੋਤਿਸ਼ ਦੇ ਨਾਲ ਨਾਲ ਉਸਦਾ ਵਾਹ ਆਪਣੇ ਬਾਪ ਦੀਆਂ ਬਹੀਆਂ ਨਾਲ ਪੈਣ ਲੱਗਿਆ। ਬਹੀਆਂ ਦੀ ਫੋਲਾ ਫਾਲੀ ਕਰਦਿਆਂ ਉਸਨੂੰ ਆਪਣੀਆਂ ਲੈਣਦਾਰੀਆਂ ਤੇ ਦੇਣਦਾਰੀਆਂ ਬਾਰੇ ਜਾਣਕਾਰੀ ਹੋਣ ਲੱਗੀ।

ਉਹਨਾ ਦੇ ਦੇਣਦਾਰਾਂ ਵਿਚ ਕਰਮ ਸਿਉਂ ਦੇ ਮੁੰਡਿਆਂ ਦਾ ਨਾਂ ਸਭ ਤੋਂ ਉਪਰ ਆਉਂਦਾ ਸੀ।

ਭਾਵੇਂ 'ਕਰਮ ਸਿੰਘ ਕੇ ਲਾਣੇ' ਨਾਲ ਉਹਨਾ ਦੀ ਪੁਰਾਣੀ ਸਾਂਝ ਸੀ ਪਰ ਅੱਜ ਕੱਲ੍ਹ ਮੁਕਰਨ-ਮੁਕਰਾਣ ਦੀ ਚੱਲਦੀ ਹਵਾ ਬਾਰੇ ਸੋਚਦਿਆਂ, ਰਾਮ ਨਾਥ ਫਿਕਰਾਂ ਵਿਚ ਪੈ ਜਾਂਦਾ।

ਇਕ ਦਿਨ ਉਸਨੇ ਦੋਹਾਂ ਮੁੰਡਿਆਂ ਨੂੰ ਆਪਣੀ ਦੁਕਾਨ 'ਤੇ ਸੱਦ ਕੇ ਸਮਝਾਇਆ, "ਦੇਖੋ, ਮੈਂ ਤਾਂ ਏਹੀ ਕਹੂੰ ਬਈ ਰੱਬ ਨੇ ਥੋਡੀ ਸੁਣ ਲੀ ਹੈ...ਪਤਾ ਨ੍ਹੀ ਕਰਮ ਸਿਉਂ ਦੇ ਕੀਤੇ ਕਰਮਾਂ ਦਾ ਹੀ ਫਲ ਹੋਵੇ ... ਆਪਣੀ ਪੁਰਾਣੀ ਸਾਂਝ ਹੈ...ਸਮਝਾਉਣਾ ਮੇਰਾ ਫ਼ਰਜ਼ ਹੈ...ਹਾਂ ਕਰਿਓ ਆਪਣੀ ਮਰਜ਼ੀ।"

ਕਹਿਕੇ ਰਾਮ ਨਾਥ ਨੇ ਦੋਹਾਂ ਦੇ ਚਿਹਰਿਆਂ ਨੂੰ ਪੜ੍ਹਨ ਦਾ ਯਤਨ ਕੀਤਾ। ਮੁੰਡੇ ਸਹਿਜ ਤਾਂ ਸਨ ਪਰ ਕੁਝ ਸੁਣਨ ਲਈ ਉਤਾਵਲੇ ਵੀ ਨਜ਼ਰ ਆਏ।

ਉਸਨੇ ਫੇਰ ਗੱਲ ਦੀ ਲੜੀ ਜੋੜੀ, "ਦੇਖੋ ਥੋਡੀ ਜ਼ਮੀਨ ਅੱਜ ਸੋਨਾ ਬਣ ਗੀ...ਇਹਨੂੰ ਕਿਸਮਤਾਂ ਦੇ ਕੜਛੇ ਆਖਦੇ ਨੇ ਸਿਆਣੇ...ਦੇਖੋ ਜੇ ਤਾਂ ਕਰਨੀ ਹੈ ਖੇਤੀ ਫੇਰ ਤਾਂ ਜਿੰਨੀ ਵੱਧ ਜ਼ਮੀਨ ਓਨੀ ਵੱਧ

ਫਸਲ...ਫੇਰ ਤਾਂ ਜ਼ਮੀਨ ਰੱਖੀ ਦਾ ਕੋਈ ਫਾਇਦਾ ਨ੍ਹੀਂ...ਇਹ ਵੇਚਕੇ ਤਾਂ ਚਾਹੇ ਤਿਗਣੀ ਖਰੀਦ ਲਵੋਂ...ਹਾਂ ਜੇ ਕੋਈ ਵਪਾਰ ਤੋਰਨੈ ਤਾਂ ਦੇਖ ਲੋ...ਇਕ ਗੱਲ ਦਾ ਧਿਆਨ ਰੱਖਿਓ... ਸ਼ਹਿਰ ਵਿਚ ਐਨਾ ਵੱਡਾ ਟੱਕ ਕੋਈ ਹੋਰ ਨ੍ਹੀਂ...ਸਰਕਾਰ ਦੀ ਵੀ ਇਹੋ ਜਿਹੀ ਜ਼ਮੀਨ 'ਤੇ ਅੱਖ ਹੁੰਦੀ ਹੈ...ਦੇਖਿਓ ਕਿਤੇ ਇਕਵਾਇਰ ਕਰਵਾਕੇ ਬੈਠ ਜਾਵੋਂ...ਬਾਕੀ ਥੋਡੀ ਚੀਜ਼ ਹੈ, ਕਰਿਓ ਆਪਣੀ ਮਰਜ਼ੀ।"

ਮੁੰਡਿਆਂ ਨੇ ਰਾਮ ਨਾਥ ਦੀ ਮਰਜ਼ੀ ਨਾਲ ਆਪਣੀ ਮਰਜ਼ੀ ਰਲਾ ਦਿੱਤੀ ਸੀ।

ਉਹਨਾ ਦੀ ਜ਼ਮੀਨ ਦਾ ਪਹਿਲਾ ਗਾਹਕ ਰਾਮ ਨਾਥ ਹੀ ਬਣਿਆ। ਉਸਨੇ ਦੋ ਦੋ ਵਿੱਘੇ ਦੇ ਦੋ ਪਲਾਟ ਗਲੀ ਉੱਤੇ ਆਹਮੋ ਸਾਹਮਣੇ ਖਰੀਦ ਲਏ । ਲੱਗਦੇ ਹੱਥ ਚਾਰ ਦਿਵਾਰੀ ਵੀ ਕਰ ਦਿੱਤੀ। ਚਾਰ ਦਿਵਾਰੀ ਦੱਸ ਰਹੀ ਸੀ ਕਿ ਇਹ ਜ਼ਮੀਨ ਵਿਕਾਊ ਹੈ।

ਮੁੰਡੇ ਪਲਾਟਾਂ ਦੇ ਪੈਸਿਆਂ ਦੀ ਪੇਂਡੂ ਜ਼ਮੀਨ ਖਰੀਦਣ ਲੱਗੇ।

ਕੁਝ ਮਹੀਨਿਆਂ ਵਿਚ ਹੀ ਸਾਰੀ ਜ਼ਮੀਨ ਪਲਾਟਾਂ ਵਿਚ ਬਦਲ ਗਈ। ਦੇਖਦਿਆਂ ਹੀ ਦੇਖਦਿਆਂ ਟਾਵੇਂ ਟਾਵੇਂ ਮਕਾਨ ਵੀ ਬਣਨ ਲੱਗ ਗਏ ਸਨ।

ਰਾਮ ਨਾਥ ਦੇ ਅੱਖਾਂ ਮੀਟਣ ਤੋਂ ਬਾਅਦ ਸ਼ਿਵ ਰਾਜ ਦੀ ਨਿਗ੍ਹਾ ਹੋਰ ਵੀ ਤੇਜ਼ ਹੋ ਗਈ ਸੀ। ਉਸਨੇ ਆੜ੍ਹਤ ਦੇ ਕੰਮ ਨੂੰ ਪਹਿਲਾਂ ਨਾਲੋਂ ਹੋਰ ਵਧਾਅ ਲਿਆ। ਕਿਸਾਨਾਂ ਦੀ ਸੁਵਿਧਾ ਲਈ ਆੜ੍ਹਤ ਦੇ ਕੰਮ ਦੇ ਨਾਲ ਨਾਲ ਰੇਅ ਅਤੇ ਸਪਰੇਅ ਦੀਆਂ ਦੁਕਾਨਾਂ ਵੀ ਕਰ ਲਈਆਂ । ਇਸ ਤੋਂ ਬਿਨਾ ਉਹ ਇਕ ਸ਼ੈਲਰ ਦਾ ਵੀ ਮਾਲਕ ਬਣ ਗਿਆ ਸੀ।

ਸ਼ਿਵ ਰਾਜ ਆਪਣੇ ਖੰਭ ਦਿਨ-ਬ-ਦਿਨ ਫੈਲਾਉਂਦਾ ਜਾ ਰਿਹਾ ਸੀ। ਜਿਉਂ ਜਿਉਂ ਨਵੀਂ ਉਡਾਣ ਭਰਦਾ ਉਸਨੂੰ ਆਪਣੇ ਜੱਦੀ ਪੁਸ਼ਤੀ ਘਰ ਵਿਚ ਘੁਟਣ ਜਿਹੀ ਮਹਿਸੂਸ ਹੁੰਦੀ।

ਆਖ਼ਰ ਉਸਨੇ ਬਾਪ ਦੇ ਖਰੀਦੇ ਇਕ ਪਲਾਟ ਵਿਚ ਨਵਾਂ ਮਕਾਨ ਬਣਾਉਣ ਦਾ ਫੈਸਲਾ ਲਿਆ। ਦੇਖਦਿਆਂ ਹੀ ਦੇਖਦਿਆਂ ਦਿਨਾਂ ਵਿਚ ਹੀ ਮਹਿਲਨੁਮਾ ਕੋਠੀ ਉਸਰ ਗਈ। ਕੋਠੀ ਵੱਲ ਝਾਤੀ ਮਾਰਦਿਆਂ ਲੋਕਾਂ ਦੇ ਮੂੰਹ ਅੱਡੇ ਰਹਿ ਜਾਂਦੇ।

ਇਕ ਦਿਨ ਮੈਂ ਮਹਿਸੂਸ ਕੀਤਾ ਕਿ ਸ਼ਿਵ ਰਾਜ ਬਦਲ ਰਿਹਾ ਹੈ। ਉਸਦੀ ਬੋਲ-ਬਾਣੀ ਅਤੇ ਲਹਿਜ਼ਾ ਪਹਿਲਾਂ ਜਿਹਾ ਨਹੀਂ ਸੀ ਰਿਹਾ। ਬੋਲ-ਬਾਣੀ ਤੋਂ ਬਿਨਾ ਉਸਦੇ ਹੋਰ ਤੌਰ ਤਰੀਕੇ ਵੀ ਬਦਲਣ ਲੱਗੇ। ਮੇਰੇ ਵਾਂਗ ਹੋਰ ਲੋਕਾਂ ਦੇ ਜਹਿਨ ਵਿਚ ਕਦੇ-ਕਦੇ ਇਹ ਸਵਾਲ ਜ਼ਰੂਰ ਉਭਰਦਾ ਹੋਵੇਗਾ ਕਿ ਇਹ ਬਦਲਾਅ ਉਸਨੇ ਸੁਚੇਤ ਹੋ ਕੇ ਕੀਤਾ ਸੀ ਜਾਂ ਫਿਰ ਅਚੇਤ ਤੌਰ ਤੇ ਹੀ ਹੋ ਗਿਆ ਸੀ।

ਜਿਉਂ ਜਿਉਂ ਸ਼ਿਵ ਰਾਜ ਦਾ ਕੰਮ ਫੈਲਦਾ ਗਿਆ ; ਉਹ ਆਪਣੇ ਅੰਦਰ ਹਲੀਮੀ ਭਰਦਾ ਗਿਆ।

ਉਸਦੀ ਬੋਲ ਬਾਣੀ ਵਿਚ ਇਕ ਨਵਾਂ ਸ਼ਬਦ 'ਭਗਤ' ਆ ਗਿਆ। ਹੌਲੀ ਹੌਲੀ ਇਹ ਉਸਦਾ ਤਕੀਆ ਕਲਾਮ ਹੀ ਬਣ ਗਿਆ ।

ਨਵੇਂ ਗਾਹਕ ਤੋਂ ਉਹਨਾ ਦਾ ਪਤਾ ਠਿਕਾਣਾ ਪੁੱਛਣ ਲੱਗਿਆ, ਉਹ ਆਪਣੇ ਹੀ ਅੰਦਾਜ਼ ਵਿਚ ਸਵਾਲ ਕਰਦਾ, "ਭਗਤ ਜੀ ਫਿਰ ਕਿਹੜੀ ਥਾਂ ਨੇ ਆਪਣੇ ਦੌਲਤਖਾਨੇ ?"

ਜਦੋਂ ਅਗਲਾ ਆਪਣੇ ਪਿੰਡ ਦਾ ਨਾਂ ਦੱਸਦਾ ਤਾਂ ਅੱਗੇ ਗੱਲ ਵਧਾ ਲੈਂਦਾ, " ਫੇਰ ਤਾਂ ਫਲਾਣੇ ਨੂੰ ਵੀ ਜਾਣਦਾ ਹੋਵੇਂਗਾ ਭਗਤਾ।"

ਉਸਦੇ ਮੂੰਹੋਂ, ਆ ਜਾ ਭਗਤਾ...ਬਹਿ ਜਾ ਭਗਤਾ...ਹੋਰ ਸੁਣਾ ਭਗਤਾ ਜਿਹੇ ਬੋਲ ਅਕਸਰ ਸੁਣਨ ਨੂੰ ਮਿਲਦੇ ਰਹਿੰਦੇ।

ਲੋਕ ਉਸਨੂੰ ਆਪੋ ਆਪਣੇ ਨਾਵਾਂ ਨਾਲ ਬੁਲਾਉਣ ਲੱਗੇ।

ਕੋਈ ਸਿਰਫ ਸ਼ਿਵ ਆਖਦਾ।

ਕਈ ਸ਼ਿਵਜੀ।

ਤੇ ਕਈ ਓਸੇ ਦਾ ਤਕੀਆ ਕਲਾਮ ਨਾਂ ਨਾਲ ਲਾ ਕੇ ਸ਼ਿਵ ਭਗਤ ਵੀ ਆਖ ਦਿੰਦੇ।

ਕਈ ਵਾਰ ਉਹ ਸਮਝਾਉਣ ਦਾ ਯਤਨ ਕਰਦਾ, "ਉਹ ਭਗਤੋ ਕਿਉਂ ਮੇਰੇ ਸਿਰ ਭਾਰ ਚਾੜ੍ਹਦੇ ਹੋਂ...ਆਪਾਂ ਤਾਂ ਸ਼ਿਵ ਦੇ ਪੈਰਾਂ ਦੀ ਧੂੜ ਦੇ ਸਮਾਨ ਵੀ ਨ੍ਹੀ ...ਮੇਰਾ ਨਾਂ ਸ਼ਿਵਜੀ ਨਹੀਂ ਸ਼ਿਵ ਰਾਜ ਹੈ।"

ਪਰ ਉਹ ਕਿਹਨੂੰ ਕਿਹਨੂੰ ਸਮਝਾਉਂਦਾ।ਆਖ਼ਰ ਉਸਨੇ ਮਨ ਹੀ ਮਨ ਸਵੀਕਾਰ ਕਰ ਲਿਆ ਕਿ ਉਸਦੇ ਦੋ ਨਾਂ-ਸ਼ਿਵ ਅਤੇ ਸ਼ਿਵਜੀ ਹੀ ਹਨ। ਹੁਣ ਜਦੋਂ ਵੀ ਕੋਈ ਉਸਨੂੰ ਸ਼ਿਵਜੀ ਕਹਿੰਦਾ ਤਾਂ ਉਹ ਚੁੱਪ-ਚੁਪੀਤਾ ਮੁਸਕਰਾਕੇ ਦੋਵੇਂ ਹੱਥ ਜੋੜ ਦਿੰਦਾ।

ਇਕ ਦਿਨ ਪਤਾ ਲੱਗਿਆ ਕਿ ਪੰਜਾਬ ਦੀ ਚੁੱਪ ਕਰਵਟ ਲੈ ਰਹੀ ਹੈ। ਇਹ ਵੱਖਰੀ ਤਰ੍ਹਾਂ ਦੀ ਕਰਵਟ ਸੀ। ਇਸ ਨੇ ਨੌਜਵਾਨਾਂ ਅੰਦਰ ਨਵੇਂ ਸੁਪਨੇ ਬੀਜ ਦਿੱਤੇ। ਇਹਨਾ ਸੁਪਨਿਆਂ ਦਾ ਰੰਗ ਆਮ ਸੁਪਨਿਆਂ ਵਰਗਾ ਨਹੀਂ ਸੀ। ਸੁਪਨਿਆਂ ਦੇ ਸੁਨਹਿਰੀ ਰੰਗ ਨੇ ਜਵਾਨੀ ਦੇ ਖ਼ੂਨ ਵਿਚ ਉਬਾਲ ਭਰ ਦਿੱਤਾ।

ਇਸ ਉਬਾਲ ਦੇ ਸੇਕ ਤੋਂ ਬਚਨ ਸਿੰਘ ਕਿਵੇਂ ਦੂਰ ਜਾ ਸਕਦਾ ਸੀ ? ਉਹ ਹੁਣ ਸਿਰਫ ਮਾਸਟਰ ਬਚਨ ਸਿੰਘ ਹੀ ਨਹੀਂ ਸੀ ਰਿਹਾ, ਇਕ ਸ਼ਾਇਰ ਵੀ ਬਣ ਗਿਆ ਸੀ—ਸ਼ਾਇਰ ਬਚਨ ਸਿੰਘ ਬਾਗ਼ੀ। ਪੰਜਾਬ ਵਿਚ ਹੁੰਦੇ ਨਾਟਕਾਂ, ਡਰਾਮਿਆਂ, ਜਲਸਿਆਂ ਤੇ ਧਰਨਿਆਂ ਮੁਜ਼ਾਹਰਿਆਂ ਵਿਚ ਉਸਦੇ ਬੋਲ ਗੂੰਜਣ ਲੱਗੇ। ਉਸਦੇ ਗੀਤ ਆਮ ਲੋਕਾਂ ਦੀ ਜ਼ਬਾਨ 'ਤੇ ਚੜ੍ਹਨ ਲੱਗੇ।

ਪੰਜਾਬ ਦੀ ਇਹ ਕਰਵਟ ਤਖ਼ਤ ਦੇ ਮਾਲਕਾਂ ਲਈ ਇਕ ਚੁਣੌਤੀ ਸੀ। ਸਥਾਪਿਤ ਤਖ਼ਤ, ਨਵੇਂ ਤਖ਼ਤ ਨੂੰ ਕਿਵੇਂ ਬਰਦਾਸ਼ਿਤ ਕਰਦਾ। ਇਸ ਤੋਂ ਪਹਿਲਾਂ ਕਿ ਇਸ ਦੀ ਅੱਗ ਕੋਈ ਨਵੀਂ ਮੁਸੀਬਤ ਖੜੀ ਕਰੇ; ਇਸ ਨੂੰ ਦਬਾ ਦਿੱਤਾ ਗਿਆ।

ਇਸ ਦਾ ਸੇਕ ਬਚਨ ਸਿੰਘ ਬਾਗ਼ੀ ਨੂੰ ਵੀ ਲੱਗਿਆ। ਇਸ ਨੇ ਉਸਨੂੰ ਅੰਦਰੋਂ ਬਾਹਰੋਂ ਝੁਲਸ ਦਿੱਤਾ। ਉਸਦੀ ਨੌਕਰੀ ਜਾਂਦੀ ਰਹੀ। ਘਰ ਨੂੰ ਜਿੰਦਾ-ਕੁੰਡਾ ਲੱਗ ਗਿਆ।

ਆਖ਼ਰ ਇਸ ਕਰਵਟ ਦਾ ਸੂਰਜ ਅਸਤ ਹੋਣ ਲੱਗਿਆ। ਇਸ ਵਿਚੋਂ ਕੀ ਖੱਟਿਆ ਤੇ ਕੀ ਗੁਆਇਆ?, ਦੀਆਂ ਚਰਚਾਵਾਂ ਆਰੰਭ ਹੋ ਗਈਆਂ।

ਬਚਨ ਸਿੰਘ ਬਾਗ਼ੀ ਫਿਰ ਮਾਸਟਰ ਬਚਨ ਸਿੰਘ ਬਣ ਗਿਆ। ਉਸਨੂੰ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ।

ਇਸ ਕਰਵਟ ਦੀਆਂ ਯਾਦਾਂ ਬਚਨ ਨੂੰ ਅਕਸਰ ਉਦਾਸ ਕਰ ਦਿੰਦੀਆਂ। ਉਹ ਆਪਣੇ-ਆਪ ਨੂੰ ਇਕੱਲਾ ਮਹਿਸੂਸ ਕਰਦਾ।

ਇਕੱਲਤਾ ਵਿਚ ਸ਼ਰਾਬ ਉਸਦੀ ਸਾਥਣ ਬਣ ਜਾਂਦੀ।

ਜਦ ਕਦੇ ਬੀਤੇ ਦੀਆਂ ਘਟਨਾਵਾਂ ਦੀ ਚਰਚਾ ਹੁੰਦੀ, ਉਹ ਚੁੱਪ- ਚਾਪ ਸੁਣਦਾ ਰਹਿੰਦਾ। ਬਹਿਸ ਤੋਂ ਪਾਸਾ ਵੱਟ ਜਾਂਦਾ।

ਚਰਚਾ ਤਾਂ ਇਹ ਵੀ ਸੀ ਕਿ ਬਾਗ਼ੀ ਦਾ ਖਹਿੜਾ ਛੁਡਾਉਣ ਵਾਲਾ ਸ਼ਿਵ ਰਾਜ ਹੀ ਸੀ।

ਸਮੁੰਦਰ ਵਿਚੋਂ ਉੱਠੀਆਂ ਲਹਿਰਾਂ ਵਾਂਗ, ਸਮਾਜ ਵਿਚ ਉੱਠੀਆਂ ਲਹਿਰਾਂ ਵੀ ਆਪਣੇ ਪੈੜਾਂ ਦੇ ਨਿਸ਼ਾਨ ਪਿੱਛੇ ਛੱਡ ਜਾਂਦੀਆਂ ਹਨ।

ਲੋਕਾਂ ਦੇ ਮਨਾਂ ਤੋਂ ਕਰਮ ਸਿੰਘ ਦਾ ਨਾਂ ਵਿਸਰਨ ਲੱਗਿਆ ।

ਲੋਕ ਮੈਨੂੰ 'ਬਚਨ ਬਾਗ਼ੀ ਵਾਲੀ ਗਲੀ' ਆਖਣ ਲੱਗੇ ।

ਸਿਰਫ ਆਖਣ ਹੀ ਨਹੀਂ ਲੱਗੇ ਸਨ ,ਹੁਣ ਤਾਂ ਇਹ ਨਾਂ ਘਰਾਂ ਦੇ ਪਤਿਆਂ ਵਿਚ ਵੀ ਆਪਣੀ ਥਾਂ ਬਣਾਉਣ ਲੱਗਿਆ ਸੀ।

ਪਰ ਕਈਆਂ ਲਈ ਮੇਰਾ ਨਵਾਂ ਨਾਂ ਹਜ਼ਮ ਕਰਨਾ ਔਖਾ ਸੀ।

ਜਦੋਂ ਸ਼ਿਵ ਰਾਜ ਤੋਂ ਕੋਈ ਉਸਦੀ ਨਵੀਂ ਕੋਠੀ ਦਾ ਪਤਾ ਪੁੱਛਦਾ ਤਾਂ ਉਹ ਗਲੀ ਦਾ ਨੰਬਰ ਦੱਸਣ ਲੱਗ ਜਾਂਦਾ। ਜੇ ਫੇਰ ਵੀ ਸਮਝ ਨਾ ਆਉਂਦਾ ਤਾਂ ਆਲੇ-ਦੁਆਲੇ ਦੀਆਂ ਗਲੀਆਂ ਦਾ ਜਕਿਰ ਕਰਨ ਲੱਗ ਜਾਂਦਾ।

ਆਖ਼ਰ ਪੁੱਛਣ ਵਾਲਾ ਉਸਦੇ ਵਿੰਗ-ਵਲੇਵਿਆਂ ਵਿਚੋਂ ਬਾਹਰ ਆ ਆਖ ਦਿੰਦਾ, "ਅੱਛਿਆ...ਉਹ ਬਚਨ ਬਾਗ਼ੀ ਵਾਲੀ ਗਲੀ ।"

"ਹਾਂ ਹਾਂ ਭਗਤਾ ਓਹੀ ਓਹੀ...ਮੈਂ ਤਾਂ ਸੋਚਿਆ ਇਸ ਗਲੀ ਦਾ ਪਤਾ ਨ੍ਹੀ ਹੋਣਾ ।" ਸ਼ਿਵ ਰਾਜ ਨਿਮੋਝੂਣਾ ਜਿਹਾ ਹੋ ਕੇ ਆਖ ਦਿੰਦਾ।

"ਇਉਂ ਕਹੋ ਨਾ...ਇਸ ਗਲੀ ਨੂੰ ਕੌਣ ਨੀ ਜਾਣਦਾ।"

ਪੁੱਛਣ ਵਾਲਾ ਅਕਸਰ ਕਹਿ ਦਿੰਦਾ।

ਲੋਕ ਬਚਨ ਸਿੰਘ ਦੀ ਚਰਮਰਾਉਂਦੀ ਕਬੀਲਦਾਰੀ ਬਾਰੇ ਗੱਲਾਂ ਕਰਨ ਲੱਗੇ। ਕਬੀਲਦਾਰੀ ਦਾ ਪਹਾੜ ਬਚਨ ਸਿੰਘ ਦਾ ਰਾਹ ਰੋਕਣ ਲੱਗਿਆ। ਐਡੇ ਵੱਡੇ ਪਹਾੜ ਨੂੰ ਟੱਪਣਾ ਬਚਨ ਸਿੰਘ ਦੇ ਵਿਤੋਂ ਬਾਹਰੀ ਗੱਲ ਸੀ - ਇਕੱਲੇ ਦੀ ਕਮਾਈ ਤੇ ਖਾਣ ਵਾਲੇ ਚਾਰ ਜੀਅ।

ਬਚਨ ਸਿੰਘ ਦਾ ਹੱਥ 'ਤੰਗ' ਰਹਿਣ ਲੱਗਿਆ।

ਇਕ ਦਿਨ ਬਚਨ ਸਿੰਘ ਨੇ ਸ਼ਿਵ ਰਾਜ ਅੱਗੇ 'ਤੰਗ ਹੱਥ' ਦੀ ਗੱਲ ਕੀਤੀ ਤਾਂ ਉਹ ਬੋਲਿਆ, "ਭਗਤਾ ! ਕਿਹੜੇ ਤੰਗ ਹੱਥ ਦੀ ਗੱਲ ਕਰਦੈਂ...ਜੋ ਅਮੀਰੀ ਪ੍ਰਮਾਤਮਾ ਨੇ ਤੈਨੂੰ ਬਖ਼ਸ਼ੀ ਹੈ, ਇਹ ਜਣੇ ਖਣੇ ਨੂੰ ਨ੍ਹੀ ਮਿਲਦੀ ਹੁੰਦੀ....ਹੱਥ ਤੰਗ ਤਾਂ ਮੇਰੇ ਵਰਗਿਆਂ ਦੈ ।"

"ਤੈਨੂੰ ਮੁਸ਼ਕੂਲੇ ਆਉਂਦੇ ਐ ਭਗਤਾ...ਜਿਸ ਤਨ ਲਾਗੇ ਸੋਈ ਜਾਣੇ।" ਬਚਨ ਸਿੰਘ ਬੋਲਿਆ।

" ਮੈਂ ਕੀਅ ਨਹੀਂ ਜਾਣਦਾ ਭਗਤਾ...ਔਖ ਸੌਖ ਵਿਚ ਜੇ ਮੈਂ ਕੰਮ ਨਾ ਆਇਆ ਤਾਂ ਹੋਰ ਕੌਣ ਆਊ?"

ਜਦੋਂ ਬਚਨ ਸਿੰਘ ਨੇ ਆਪਣੀ ਸਮੱਸਿਆ ਸ਼ਿਵ ਰਾਜ ਅੱਗੇ ਰੱਖੀ ਤਾਂ ਉਹ ਬੋਲਿਆ," ਇਉਂ ਤਾਂ ਭਗਤਾ ਤੇਰੀ ਸਾਰੀ ਉਮਰ ਕਰਜ਼ਾ ਮੋੜਦੇ ਦੀ ਲੰਘ ਜਾਊ...ਕਰਜ਼ੇ ਨੂੰ ਠੱਲ੍ਹ ਪਾ ਭਗਤਾ ।"

" ਠੱਲ੍ਹ ਪਾਉਣ ਨੂੰ ਮੈਂ ਕਿਹੜਾ ਮਿਲਖ ਜਗੀਰਾਂ ਦਾ ਮਾਲਕ ਹਾਂ ।" ਬਚਨ ਸਿੰਘ ਬੋਲਿਆ।

ਸ਼ਿਵ ਰਾਜ ਝੱਟ ਬੋਲਿਆ, " ਤੂੰ ਕਿਸੇ ਦੀ ਨੂੰਹ ਧੀਅ ਨਾਲੋਂ ਘੱਟ ਨ੍ਹੀ ਭਗਤਾ...ਇਉਂ ਦੱਸ ਤੇਰੇ ਸ਼ਰੀਕੇ ਕਬੀਲੇ ਵਾਲੇ ਕਿਹੜਾ ਇਹੋ ਜਿਹੀਆਂ ਮਹਿੰਗੀਆਂ ਥਾਵਾਂ 'ਚ ਘਰ ਬਣਾਕੇ ਰਹਿੰਦੇ ਨੇ...ਔਖ ਸੌਖ ਵੇਲੇ ਬੰਦੇ ਦੇ ਉਸਦੀ ਜਾਇਦਾਦ ਹੀ ਕੰਮ ਆਉਂਦੀ ਹੁੰਦੀ ਹੈ ਭਗਤਾ...ਤੈਂ ਕੀ ਸੁੱਖਿਐ ਬਈ ਏਸੇ ਘਰ ਵਿਚ ਹੀ ਰਹਿਣੈਂ ...ਆਹੀ ਤਾ ਥੋਡੇ ਤੇ ਸਾਡੇ ਵਿਚ ਫਰਕ ਹੈ...ਮੈਂ ਤਾਂ ਹੁਣ ਨੂੰ ਕਦੋਂ ਦਾ ਇਕ ਪਾਸਾ ਕਰ ਦਿੰਦਾ ਭਗਤਾ...ਸ਼ਹਿਰ ਤੋਂ ਥੋੜ੍ਹਾ ਹੋਰ ਪਾਸੇ ਹੋਜੇਂਗਾ, ਹੋਰ ਕੀਅ...ਇਹਦੇ ਵਿਚ ਕੀ ਮਿਹਣੈ।"

ਤੇ ਬਚਨ ਸਿੰਘ ਨੂੰ ਮਿਹਣਾ ਲੱਗਿਆ ਵੀ ਨਾ।

ਹੁਣ ਉਸਦੇ ਘਰ ਦਾ ਮਾਲਕ, ਸ਼ਿਵ ਰਾਜ ਬਣ ਗਿਆ ਸੀ।

ਬਚਨ ਸਿੰਘ ਸ਼ਹਿਰ ਤੋਂ ਬਾਹਰਵਾਰ ਇਕ ਬਸਤੀ ਵਿਚ ਰਹਿਣ ਲੱਗਿਆ।

ਕੁਝ ਦਿਨਾਂ ਵਿਚ ਹੀ ਸ਼ਿਵ ਰਾਜ ਨੇ ਬਚਨ ਸਿੰਘ ਦੇ ਘਰ ਨੂੰ ਢਾਹਕੇ, ਇਥੇ ਕੁਟੀਆ-ਨੁਮਾ ਕਮਰਾ

ਬਣਾ ਲਿਆ। ਗੋਲਾਈਦਾਰ ਕੰਧਾਂ ਵਾਲੇ ਇਸ ਕਮਰੇ ਦੇ ਉੱਪਰ ਇਕ ਛੋਟਾ ਜਿਹਾ ਗੁੰਬਦ ਬਣਾਕੇ ਗੇਰੂਏ ਰੰਗ ਦਾ ਝੰਡਾ ਟੰਗ ਦਿੱਤਾ ਗਿਆ। ਕਮਰੇ ਦੇ ਆਲੇ-ਦੁਆਲੇ ਬੈਠਣ ਲਈ ਇਕ ਬਰਾਂਡਾ ਵੀ ਬਣਾ ਦਿੱਤਾ ਗਿਆ।

ਹੁਣ ਸ਼ਿਵ ਰਾਜ ਦਾ ਇਹੀ ਦਫ਼ਤਰ ਸੀ ਤੇ ਏਹੀ ਪੁੱਛਣਾ ਦੇਣ ਦਾ ਸਥਾਨ ਤੇ...

ਉਸਨੇ ਇਸ ਕਮਰੇ ਨੂੰ 'ਸ਼ਿਵ ਡੇਰਾ' ਦਾ ਨਾਂ ਦਿੱਤਾ ।

ਵਪਾਰ ਦੇ ਨਾਲ ਨਾਲ ਉਹ ਇਕ ਧਾਰਮਿਕ ਸ਼ਖ਼ਸੀਅਤ ਦੇ ਰੂਪ ਵਿਚ ਵੀ ਉਭਰ ਆਇਆ ਸੀ।

ਸ਼ਿਵ ਉੱਤੇ ਸ਼ਿਵਜੀ ਭਾਰੀ ਪੈਣ ਲੱਗਿਆ। ਜੋ ਲੋਕ ਸ਼ਿਵ ਰਾਜ ਨੂੰ ਸ਼ਿਵ ਕਹਿਕੇ ਬੁਲਾਉਂਦੇ ਸਨ, ਉਹ ਵੀ ਹੁਣ ਸ਼ਿਵਜੀ ਕਹਿਕੇ ਬੁਲਾਉਣ ਲੱਗੇ ਸਨ।

ਸਾਂਝੇ ਇਕੱਠਾਂ 'ਤੇ ਲੋਕ ਜਿੱਥੇ ਮੰਤਰੀਆਂ ਨੂੰ ਬੁਲਾਉਂਦੇ, ਓਥੇ ਸ਼ਿਵਜੀ ਨੂੰ ਵੀ ਬੁਲਾਇਆ ਜਾਂਦਾ। ਜਿੱਥੇ ਮੰਤਰੀ-ਸੰਤਰੀ ਸਰਕਾਰ ਵਲੋਂ ਕੁੱਝ ਦੇਣ ਦਾ ਵਾਅਦਾ ਕਰਦੇ, ਓਥੇ ਉਹ ਤੁਰੰਤ ਆਪਣੀ ਜੇਬ ਵਿਚੋਂ ਸਹਾਇਤਾ ਕਰ ਦਿੰਦਾ ।

ਉਹ ਅਕਸਰ ਆਖ ਦਿੰਦਾ, "ਮੈਂ ਕੋਈ ਮੰਤਰੀ ਤਾਂ ਹੈ ਨ੍ਹੀਂ ,ਬਈ ਐਲਾਨ ਤਾਂ ਲੱਖਾਂ ਦਾ ਕਰ ਦਿਆਂ ਤੇ ਦੇਵਾਂ ਪਿੱਛੋਂ ਦੁਆਨੀ ਵੀ ਨਾ...ਭਗਤੋ ਮੈਥੋਂ ਜੋ ਵੀ ਸਰਦਾ ਹੈ ,ਆਪਣੀ ਜੇਬ ਵਿਚੋਂ ਦਿੰਦਾ ਹਾਂ...ਥ਼ੋਡੇ ਨਾਲ ਵਾਅਦਾ ਰਿਹਾ, ਜੇ ਕਦੇ ਤੁਸੀਂ ਤਾਕਤ ਬਖ਼ਸ਼ੀ ਫੇਰ ਖੁੱਲੇ ਗੱਫੇ ਵੀ ਦੇ ਦਿਆਂਗੇ।"

ਤੇ ਇਕ ਦਿਨ ਲੋਕਾਂ ਨੇ ਸ਼ਿਵਜੀ ਨੂੰ ਤਾਕਤ ਬਖ਼ਸ਼ ਦਿੱਤੀ।

ਪਹਿਲਾਂ ਉਹ ਮਿਉਂਸਪਲਟੀ ਦੀਆਂ ਚੋਣਾਂ ਵਿਚ ਐਮ ਸੀ ਬਣਿਆ ਤੇ ਫੇਰ ਐਮ ਐਲ ਵੀ ਬਣ ਗਿਆ।

ਸ਼ਿਵਜੀ ਦੀ ਕੋਠੀ ਵਿਚ ਰੌਣਕ ਰਹਿਣ ਲੱਗੀ।

ਮੇਰੇ ਵੀ ਭਾਗ ਜਾਗ ਪਏ। ਨਵੀਂ ਸੜਕ ਬਣਨ ਦੇ ਨਾਲ ਨਾਲ ਸੀਵਰੇਜ ਵੀ ਪੈ ਗਿਆ। ਥਾਂ ਥਾਂ ਲਾਈਟਾਂ ਜਗਣ ਲੱਗੀਆਂ। ਲੋਕ ਮੇਰੇ ਵੱਲ ਨੂੰ ਹੋਰ ਵੀ ਖਿੱਚੇ ਆਉਣ ਲੱਗੇ।

ਆਖ਼ਰ ਲੋਕਾਂ ਨੂੰ ਆਪਣੇ ਕੰਮ ਧੰਦਿਆਂ ਲਈ ਐਮ ਐਲ ਦੀ ਕੋਠੀ ਆਉਣਾ ਪੈਂਦਾ।

ਕੋਈ ਪੈਦਲ।

ਕੋਈ ਰਿਕਸ਼ੇ 'ਤੇ ।

ਕੋਈ ਆਪਣੇ ਸਕੂਟਰ ਜਾਂ ਕਾਰ 'ਤੇ।

ਲੋਕਾਂ ਦੀ ਜ਼ਿਹਨ ਵਿਚੋਂ ਬਚਨ ਬਾਗ਼ੀ ਦਾ ਨਾਂ ਵਿਸਰਨ ਲੱਗਿਆ। ਬਾਗ਼ੀ ਦਾ ਨਾਂ ਸ਼ਿਵਜੀ ਦੇ ਨਾਂ ਦੀ ਚਕਾਚੌਂਧ ਵਿਚ ਗੁਆਚ ਗਿਆ ਸੀ।

ਲੋਕ ਆਪਣੇ ਸਿਰਨਾਵੇਂ ਬਦਲਣ ਲੱਗੇ।

ਹੁਣ ਉਹਨਾ ਲਈ ਮੈਂ 'ਸ਼ਿਵਜੀ ਵਾਲੀ ਗਲੀ' ਬਣਕੇ ਰਹਿ ਗਈ ਹਾਂ।

ਤੁਹਾਨੂੰ ਯਾਦ ਹੈ ਨਾ ਮੈਂ ਸ਼ੁਰੂ ਵਿਚ, ਆਪਣੀ ਪ੍ਰੇਸ਼ਾਨੀ ਦਾ ਜ਼ਿਕਰ ਕੀਤਾ ਸੀ। ਦੇਖਿਓ ਕਿਤੇ ਮੇਰੀ ਪ੍ਰੇਸ਼ਾਨੀ ਬਾਰੇ ਭੁੱਲ ਜਾਵੋਂ।

ਤੁਸੀਂ ਬੇਸ਼ੱਕ ਭੁੱਲ ਜਾਵੋਂ ਪਰ ਮੈਨੂੰ ਤਾਂ ਅੱਜ ਵੀ ਕਰਮ ਸਿਉਂ,ਪਾਖਰ ਸਿੰਘ ਤੇ ਬਚਨ ਸਿੰਘ ਬਾਗ਼ੀ ਵਰਗੇ ਯਾਦ ਹਨ।

(**ਸੰਪਰਕ : 98147 87506**)

ਕਹਾਣੀ

# ਤਿੜਕੇ ਸ਼ੀਸ਼ੇ ਦਾ ਬਦਨ

ਬਲਵੀਰ ਕੌਰ ਰੀਹਲ



ਪ੍ਰਸ਼ਾਤ ਸਾਰੀ ਰਾਤ ਉਸਲਵੱਟੇ ਲੈਂਦਾ ਰਿਹਾ, ਨੀਂਦ ਉਹਦੇ ਨੇੜੇ-ਤੇੜੇ ਵੀ ਨਹੀਂ ਸੀ। ਹਰੇਕ ਰਾਤ ਉਸ ਨੂੰ ਦੋ ਵੱਜ ਜਾਂਦੇ ਹਨ। ਕਿਸੇ-ਕਿਸੇ ਦਿਨ ਤਾਂ ਪ੍ਰਸ਼ਾਤ ਨੂੰ ਉਸ ਸਮੇਂ ਨੀਂਦ ਆਉਂਦੀ ਹੈ, ਜਦੋਂ ਲੋਕਾਂ ਦੇ ਉੱਠਣ ਦਾ ਵੇਲਾ ਹੁੰਦਾ ਹੈ। ਜਦੋਂ ਨੀਂਦ ਨਹੀਂ ਆਉਂਦੀ ਤਾਂ ਕਿਸੇ-ਕਿਸੇ ਦਿਨ ਉਹ ਫਿਲਮ ਵੇਖਣ ਲੱਗ ਜਾਂਦਾ ਹੈ, ਜੇ ਕੁੱਝ ਹੋਰ ਨਹੀਂ ਤਾਂ ਕੋਈ ਪੋਰਨ ਮੂਵੀ ਲਈ ਅਲੱਗ-ਅਲੱਗ ਫਿਲਮਾਂ ਦੀ ਚੋਣ ਕਰਦਾ ਹੈ। ਕੁੱਝ ਪਲ ਅਜਿਹੇ ਵੀ ਹੁੰਦੇ ਹਨ ਉਹਨੂੰ ਕੁੱਝ ਵੀ ਪਸੰਦ ਨਹੀਂ ਆਉਂਦਾ। ਤਾਜੀਆਂ ਵੇਖੀਆਂ ਫਿਲਮਾਂ ਉਸ ਦੇ ਦਿਮਾਗ ਦੀ ਫਿਰਕੀ ਹੋਰ ਵੀ ਘੁਮਾ ਦਿੰਦੀਆਂ ਹਨ।

ਸਾਰਾ ਦਿਨ ਉਹ ਥੱਕਿਆ ਟੁੱਟਿਆ ਮਹਿਸੂਸ ਕਰਦਾ ਹੈ, ਸਰੀਰ ਭਾਰਾ-ਭਾਰਾ, ਲੱਤਾਂ ਬਾਹਾਂ ਜੁਆਬ ਦੇ ਦਿੰਦੀਆਂ ਹਨ ਥਕਾਵਟ ਨਾਲ। ਦਫ਼ਤਰ ਬੈਠਾ ਪ੍ਰਸ਼ਾਤ ਵਾਰ-ਵਾਰ ਵੈੱਲ ਉੱਤੇ ਕਈ ਵਾਰੀ ਹੱਥ ਰੱਖਦਾ ਹੈ, ਪੀਅਨ ਨੱਠਾ-ਨੱਠਾ ਆਉਂਦਾ ਹੈ, ਪ੍ਰਸ਼ਾਤ ਅੱਜ ਉਸ ਨੂੰ ਕਈ ਵਾਰੀ ਚਾਹ ਲੈ ਕੇ ਆਉਣ ਦਾ ਹੁਕਮ ਚਾੜ੍ਹ ਚੁੱਕਾ ਹੈ।

"ਆਹ ਤੈਨੂੰ ਕਿੰਨੀ ਵਾਰੀ ਕਿਹਾ, ਘੱਟੋ ਘੱਟ ਇਕ ਵਾਰ ਤਾਂ ਚੱਜ ਦੀ ਚਾਹ ਲੈ ਆਇਆ ਕਰ।"

ਪ੍ਰਸ਼ਾਤ ਦੇ ਟੇਬਲ ਉੱਤੇ ਫਾਈਲਾਂ ਦਾ ਢੇਰ ਲੱਗਿਆ ਹੋਇਆ ਹੈ, ਜਿਹੜੀਆਂ ਉਸ ਨੇ ਅੱਜ ਨਿਪਟਾਉਣੀਆਂ ਹਨ। ਪਰ ਉਸ ਦੇ ਦਿਮਾਗ ਵਿਚ ਖਲਲ ਮੱਚਿਆ ਹੋਇਆ ਹੈ ਉਸ ਦਾ ਦਿਮਾਗ ਕੰਮ ਵੱਲ ਨਹੀਂ ਹੈ। ਇਸੇ ਕਰਕੇ ਉਹ ਵਾਰ-ਵਾਰ ਗਲਤ ਡਾਟਾ ਐਂਟਰ ਕਰੀ ਜਾ ਰਿਹਾ ਹੈ। ਕੰਮ ਦਾ ਓਵਰਲੋਡ ਤੇ ਉੱਪਰੋ ਦਿਮਾਗ...।

ਡੋਰ ਵੈੱਲ ਵੱਜਣ ਤੇ ਪਤਨੀ ਦਰਵਾਜਾ ਖੋਲਦੀ ਹੈ। "ਪਾਣੀ ਲਿਆਵਾਂ" ਆਇਨਾ ਨੇ ਪ੍ਰਸ਼ਾਤ ਨੂੰ ਕਮਰੇ ਵਿੱਚ ਵੜ੍ਹਦੇ ਨੂੰ ਹੀ ਪੁੱਛਿਆ। ਪਰ ਪ੍ਰਸ਼ਾਤ ਨੇ ਕੋਈ ਜੁਆਬ ਨਹੀਂ ਦਿੱਤਾ। ਪ੍ਰਸ਼ਾਤ ਦਾ ਸਿਰ ਫਟ ਰਿਹਾ ਹੈ, ਉਹ ਘੁੱਟ ਕੇ ਦੋਹਾਂ ਹੱਥਾਂ ਨਾਲ ਸਿਰ ਨੂੰ ਫੜ੍ਹ ਰਿਹਾ ਹੈ।

ਪ੍ਰਸ਼ਾਤ ਕੋਲ ਰਾਤ ਦੀ ਉਡੀਕ ਕਰਨ ਤੱਕ ਸਬਰ ਨਹੀਂ ਹੈ। ਆਲਾ-ਦੁਆਲਾ ਝਾਕ ਕੇ ਉਹ ਘਰ ਦਾ ਮੁੱਖ ਦਰਵਾਜਾ ਬੰਦ ਕਰ ਆਉਂਦਾ ਹੈ।

"ਸਾਰਾ ਕੰਮ ਵਿੱਚੇ ਛੱਡ ਕੇ ਜਲਦੀ ਕਮਰੇ ਵਿਚ ਆ।" ਆਇਨਾ ਦਾ ਕੋਈ ਮੂਡ ਨਹੀਂ ਸੀ, ਉਹ ਪ੍ਰਸ਼ਾਤ ਦੇ ਅੱਥਰੇ ਦਿਮਾਗ ਨੂੰ ਭਾਂਪ ਗਈ ਸੀ, ਉਹਦਾ ਸਿਰ ਕਿਉਂ ਫਟ ਰਿਹਾ ਹੈ।

ਪ੍ਰਸ਼ਾਤ ਨੇ ਦਰਵਾਜਾ ਖੋਲਿਆ ਤੇ ਬਾਥਰੂਮ ਵੱਲ ਨੂੰ ਚਲਿਆ ਗਿਆ। ਆਇਨਾ ਵੀ ਕਮਰਿਓ ਬਾਹਰ ਆ ਕੇ ਘਰ ਦੇ ਕੰਮ ਨਿਪਟਾਉਣ ਲੱਗ ਪਈ। ਪ੍ਰਸ਼ਾਤ ਦੇ ਦਿਮਾਗ 'ਤੇ ਸਿਖਰ ਦੁਪਹਿਰੇ ਭੂਤ ਸਵਾਰ ਹੋਇਆ ਸੀ ਉੱਤਰ ਗਿਆ, ਉਹ ਸ਼ਾਤ ਹੋ ਕੇ ਸੌਂਅ ਗਿਆ। ਆਇਨਾ ਦਾ ਜੇ ਕੋਈ ਮੂਡ ਨਾ ਵੀ ਹੁੰਦਾ ਪਰ ਉਹ ਅੱਥਰੇ ਦਿਮਾਗ ਦੇ ਮਾਲਕ ਪ੍ਰਸ਼ਾਤ ਨੂੰ ਜਾਣਦੀ ਸੀ ਹੁਣ ਕਿੰਨੇ ਵਰ੍ਹੇ ਹੋ ਗਏ ਸਨ ਨਾਲ ਰਹਿੰਦਿਆਂ।

ਕੁੱਝ ਦਿਨ ਬੀਤਦੇ, ਫਿਰ ਉਹੀ ਉਬਾਲ ਚੜ੍ਹਦਾ ਸ਼ਾਤ ਹੋ ਜਾਂਦਾ। ਥਾੜ੍ਹ-ਥਾੜ੍ਹ ਭਾਂਡਿਆਂ ਦੇ ਖੜਕਣ

ਦੀ ਅਵਾਜ਼ ਆ ਰਹੀ ਸੀ। ਪ੍ਰਸ਼ਾਤ ਰਸੋਈ ਵਿੱਚੋਂ ਕੁੱਝ ਲੈਣ ਗਿਆ ਸੀ। ਉਹ ਇਕੱਲਾ ਹੀ ਬੋਲੀ ਜਾ ਰਿਹਾ ਸੀ, "ਇਹਨੂੰ ਕੋਈ ਚੀਜ਼ ਢੰਗ ਨਾਲ ਸਾਂਭ ਕੇ ਰੱਖਣੀ ਨਹੀਂ ਆਉਂਦੀ। ਲੋਕਾਂ ਦੀਆਂ ਤੀਮੀਆਂ ਨੂੰ ਸੌਂ-ਸੌਂ ਚੱਜ ਹਨ ਕੰਮ ਕਰਨ ਦੇ, ਇਕ ਚੀਜ਼ ਲੱਭਣ ਲਈ ਸਾਰੀ ਰਸੋਈ ਫਰੋਲਣੀ ਪੈਂਦੀ ਹੈ। ਰਸੋਈ ਫਰੋਲ ਵੀ ਲਵੋ ਫਿਰ ਵੀ ਚੀਜ਼ ਵੇਲੇ ਸਿਰ ਕਦੇ ਮਿਲੂ ਨਾ।"

ਉਹ ਇਕੱਲਾ ਹੀ ਬੋਲੀ ਜਾ ਰਿਹਾ ਸੀ ਤੇ ਜਿਹੜਾ ਵੀ ਭਾਂਡਾ ਮੋਹਰੇ ਆਉਂਦਾ ਉਹ ਥਾਂਏ ਹੀ ਸਿੱਟੀ ਜਾ ਰਿਹਾ ਸੀ। ਆਇਨਾ ਨੇ ਰਸੋਈ ਵਿਚ ਆ ਕੇ ਵੇਖਿਆ ਸਾਰੇ ਭਾਂਡੇ ਖਿੱਲਰੇ ਪਏ ਸਨ।

ਮੂੰਹੋਂ ਤਾਂ ਉਹ ਕੂੰਈ ਨਾ, ਇੱਕ ਇੱਕ ਕਰਕੇ ਉਹ ਸਾਰਾ ਸਮਾਨ ਟਿਕਾਉਣ ਲੱਗ ਪਈ। ਬੇਸ਼ੱਕ ਉਹ ਮੂੰਹੋਂ ਪ੍ਰਸ਼ਾਤ ਨੂੰ ਕੁੱਝ ਵੀ ਬੋਲ ਨਹੀਂ ਸੀ ਰਹੀ ਉਹਦਾ ਮਨ ਅੰਦਰੋਂ ਅੰਦਰੀ ਗਾਲ੍ਹਾਂ ਕੱਢ ਰਿਹਾ ਸੀ। ਆਇਨਾ ਦਾ ਦਿਲ ਕਰ ਰਿਹਾ ਸੀ, ਉਹ ਫਰਿੱਜ ਵਿੱਚੋਂ ਬਰਫ਼ ਦਾ ਡਲਾ ਕੱਢ ਕੇ ਪ੍ਰਸ਼ਾਤ ਦੇ ਸਿਰ ਉੱਤੇ ਲਿਜਾ ਕੇ ਰੱਖ ਦੇਵੇ।

ਆਇਨਾ ਰੋਜ-ਰੋਜ ਤੰਗ ਆਈ ਪਈ ਸੀ, ਪ੍ਰਸ਼ਾਤ ਦਾ ਦਿਮਾਗ ਪੋਰਨ ਮੂਵੀਜ਼ ਨੇ ਖਰਾਬ ਕੀਤਾ ਹੋਇਆ ਸੀ। ਜੋ ਵੇਖਦਾ ਉਸੇ ਦੀ ਉਮੀਦ ਆਇਨਾ ਤੋਂ ਵੀ ਕਰਦਾ। ਆਇਨਾ ਉਹਨੂੰ ਉਹੋ ਜਿਹੀ ਸੰਤੁਸ਼ਟੀ ਨਾ ਦੇ ਸਕਦੀ ਜੋ ਉਸ ਦੀਆਂ ਅੱਖਾਂ ਅਤੇ ਕੰਨਾਂ ਨੇ ਫੋਨ 'ਤੇ ਮਾਣੀ ਹੁੰਦੀ।

ਕਈ ਦਿਨਾਂ ਦਾ ਆਇਨਾ ਦਾ ਚਿਹਰਾ ਬੁਝਿਆ ਪਿਆ ਸੀ, ਆਪਣੀ ਮਾਂ ਨੂੰ ਉਸ ਨੇ ਫੋਨ ਮਿਲਾ ਲਿਆ, "ਮੰਮੀ ਮੈਂ ਕੁੱਝ ਦਿਨਾਂ ਲਈ ਤੇਰੇ ਕੋਲ ਆ ਰਹੀ ਆ।" ਇਹ ਕਹਿ ਕੇ ਉਸ ਨੇ ਫੋਨ ਰੱਖ ਦਿੱਤਾ। ਉਹਨੇ ਪ੍ਰਸ਼ਾਤ ਦੇ ਤੇਵਰ ਵੇਖ ਕੇ ਉਸ ਨੂੰ ਪੁੱਛ ਹੀ ਲਿਆ, "ਮੈਂ ਕੁੱਝ ਦਿਨਾਂ ਲਈ ਮੰਮੀ ਕੋਲ ਜਾਣਾ ਹੈ, ਤੁਸੀਂ ਰੋਟੀ ਕਿਸੇ ਢਾਬੇ ਤੋਂ ਖਾ ਲੈਣੀ।"

"ਤੂੰ ਮੈਨੂੰ ਇਕੱਲਾ ਛੱਡ ਕੇ ਨਹੀਂ ਜਾ ਸਕਦੀ, ਮੈਂ ਤੇਰੇ ਬਗੈਰ ਤਾਂ ਇੱਕ ਦਿਨ ਵੀ ਨਹੀਂ ਕੱਟ ਸਕਦਾ, ਆਹ ਘਰ ਦਾ ਸਾਰਾ ਕੰਜਰਖਾਨਾ ਮੇਰੇ ਕੋਲੋਂ ਨਹੀਂ ਸੰਭਾਲ ਹੋਣਾ ਨਾਲੇ ਤੈਨੂੰ ਪਤਾ ਬਾਹਰ ਦੇ ਖਾਣੇ ਨਾਲ ਮੇਰਾ ਪੇਟ ਖਰਾਬ ਹੋ ਜਾਂਦਾ ਹੈ।"

"ਹਾਂ ਮੈਂ ਜਾਣਦੀ ਹਾਂ, ਜਿੰਨੀ ਦੇਰ ਤੱਕ ਮੇਰੇ ਨਾਲ ਮਤਲਬ ਹੁੰਦਾ ਉੱਨਾ ਸਮਾਂ ਸਭ ਠੀਕ, ਜਦੋਂ ਹੀ ਮਤਲਬ ਨਿਕਲਿਆ...।" ਬਾਕੀ ਗੱਲ ਉਹਨੇ ਮੂੰਹ ਵਿਚ ਹੀ ਚਬਾ ਲਈ "ਫੇਰ ਤੇਰੇ ਤੇਵਰ ਬਦਲ ਜਾਂਦੇ ਆ...।"


"ਕੀ ਮਾਂ ਮਾਂ ਲਾਈ ਹੋਈ ਹੈ, ਅੱਧੀ ਉਮਰ ਉੱਥੇ ਹੀ ਰਹੀ ਏ।"

"ਜੋ ਮਰਜੀ ਹੋ ਜਾਵੇ ਮੈਂ ਆਪਣੀ ਮਾਂ ਨੂੰ ਮਿਲਣ ਜਾਣਾ ਹੀ ਜਾਣਾ ਹੈ।"

ਰਾਤ ਦੋਹਾਂ ਵਿਚ ਬਹੁਤ ਤੂੰ ਤੂੰ ਮੈਂ ਮੈਂ ਹੋਈ। ਕੁੱਝ ਰਮਣੀਕ ਪਲਾਂ ਵਿਚ ਹੀ ਪ੍ਰਸ਼ਾਤ ਠੀਕ ਹੁੰਦਾ ਬਾਕੀ ਸਮਾਂ ਉਹਦੇ ਦਿਮਾਗ਼ ਦਾ ਪਾਰਾ ਸੱਤਵੇਂ ਅਸਮਾਨ 'ਤੇ ਪਹੁੰਚਿਆ ਰਹਿੰਦਾ। ਰੋਜ ਕਿਸੇ ਨਾ ਕਿਸੇ ਗੱਲ ਦਾ ਇੱਟ ਖੜਿੱਕਾ ਲਾਈ ਰੱਖਦਾ।

ਹਫ਼ਤਾ ਹਫ਼ਤਾ ਉਹ ਦਫ਼ਰਤ ਦੇ ਕੰਮਾਂ ਲਈ ਘਰੋਂ ਬਾਹਰ ਚਲਿਆ ਜਾਂਦਾ, ਆਇਨਾ ਦਾ ਦਾਇਰਾ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ। ਸਾਰਾ ਦਿਨ ਕਦੇ ਕਿਸੇ ਕੰਮ ਨੂੰ ਨੱਠਦੀ ਕਦੇ ਕਿਸੇ ਕੰਮ ਨੂੰ। ਉਹ ਡਰਦੀ ਹਰ ਕੰਮ ਨੂੰ ਵਧੀਆ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰਦੀ ਉਹ ਜਾਣਦੀ ਸੀ ਮਾੜਾ ਜਿਹਾ ਵੀ ਗ਼ਲਤ ਕੰਮ ਹੋ ਗਿਆ ਪ੍ਰਸ਼ਾਤ ਨੇ ਘਰ ਦੀਆਂ ਚੀਜ਼ਾਂ ਭੰਨਣ ਲੱਗ ਜਾਣਾ ਹੈ। ਉਹ ਹਰ ਵਖਤ ਘਰ ਵਿਚ ਦੱਬੀ-ਘੁੱਟੀ ਰਹਿੰਦੀ। ਜੇ ਖੁੱਲ੍ਹ ਕੇ ਸਾਹ ਲਿਆ ਸੀ ਤਾਂ ਉਹ ਤਾਂ ਵਿਆਹ ਤੋਂ ਪਹਿਲੀਆਂ ਹੀ ਗੱਲਾਂ ਰਹਿ ਗਈਆਂ ਹਨ। ਵਿਆਹ ਤੋਂ ਪਹਿਲਾਂ ਉਹ ਵੱਡੇ-ਵੱਡੇ ਸੁਪਨੇ ਵੇਖਿਆ

ਕਰਦੀ। ਵੱਡੇ ਸੁਪਨੇ ਤਾਂ ਕੀ ਪੂਰੇ ਹੋਣੇ ਸੀ। ਉਹ ਤਾਂ ਛੋਟੇ ਸੁਪਨੇ ਵੀ ਪੂਰੇ ਨਾ ਕਰ ਸਕੀ। ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋਣ ਦੇ ਸੁਪਨੇ ਵੇਖਦੀ, ਪੂਰੀ ਦੁਨੀਆਂ ਨੂੰ ਘੁੰਮਣ ਦੇ ਸੁਪਨੇ, ਕੱਪੜਿਆਂ ਦੇ ਸਟਾਈਲ ਦੇ ਸੁਪਨੇ, ਵਾਲਾ ਦੀ ਕਟਿੰਗ ਦੇ ਸੁਪਨੇ ਪਤਾ ਨਹੀਂ ਕਿੰਨੇ ਕੁ ਸੁਪਨੇ। ਉਹ ਤਾਂ ਅਸਮਾਨ ਛੂੰਹਣਾ ਚਾਹੁੰਦੀ ਸੀ। ਅਸਮਾਨ ਤਾਂ ਉਸ ਦੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਹੀ ਰਹਿ ਗਿਆ ਸੀ। ਉਹਨੂੰ ਘੁਟਨ ਮਹਿਸੂਸ ਹੁੰਦੀ ਇਹ ਘੁਟਣ ਉਸ ਦਾ ਸਾਹ ਬੰਦ ਕਰ ਦਿੰਦੀ। ਉਹ ਸਾਹ ਲੈ ਰਹੀ ਸੀ ਉਹ ਵੀ ਉਧਾਰੇ। ਇਹ ਸੁਪਨੇ ਖੋਹਣ ਵਿਚ ਉਸ ਦੀ ਰਿਸ਼ਤੇਦਾਰਾਂ ਨੇ ਵੀ ਪੂਰਾ ਰੋਲ ਨਿਭਾਇਆ ਸੀ। ਪਤਾ ਨਹੀਂ ਕਦੋਂ ਉਹਦੇ ਸਾਹਮਣੇ ਉਹ ਸੀਨ ਘੁੰਮਣ ਲੱਗ ਪਿਆ ਜਦੋਂ ਉਹਦੀ ਭੂਆ ਬੜ੍ਹੇ ਚਾਅ ਨਾਲ ਆਖ ਰਹੀ ਸੀ।



"ਭਾਜੀ ਮੁੰਡਾ ਬਹੁਤ ਸੋਹਣਾ ਸੁਨੱਖਾ ਹੈ, ਵੇਖ ਕੇ ਭੁੱਖ ਲਹਿੰਦੀ ਹੈ, ਇਕੱਲਾ ਇਕੱਲਾ ਹੀ ਮੁੰਡਾ ਹੈ, ਹੋਰ ਕੋਈ ਭਰਾ ਨਹੀਂ ਨਾ ਕੋਈ ਵੰਡ ਵੰਡਾਈਦਾ ਫਿਕਰ, ਉੱਪਰੋ ਮੁੰਡਾ ਸਰਕਾਰੀ ਨੌਕਰੀ ਲੱਗਿਆ ਹੋਇਆ।"

"ਭੈਣ ਤੇਰੀ ਗੱਲ ਤਾਂ ਠੀਕ ਹੈ ਪਰ ਅਜੇ ਕੁੜੀ ਦੀ ਉਮਰ ਨਿਆਣੀ ਹੈ, ਆਪਣੇ ਪੈਰਾਂ 'ਤੇ ਹੋ ਜਾਵੇ, ਫਿਰ ਵਿਆਹ ਵੀ ਕਰ ਦਿਆਂਗੇ।"

"ਭਾਜੀ ਅਜਿਹੇ ਮੁੰਡੇ ਵਾਰ-ਵਾਰ ਨਹੀਂ ਮਿਲਦੇ, ਤੁਸੀਂ ਹਾਂ ਕਰ ਦੇਵੋ। ਪ੍ਰਸ਼ਾਤ ਕਹਿੰਦਾ ਆਇਨਾ ਵਿਆਹ ਤੋਂ ਬਾਅਦ ਵੀ ਪੜ੍ਹ ਸਕਦੀ ਹੈ, ਉਹਨੂੰ ਕੋਈ ਇਤਰਾਜ ਨਹੀਂ।"

"ਭੈਣ ਵਿਆਹ ਤੋਂ ਬਾਅਦ ਪੜ੍ਹਨਾ ਤਾਂ ਬਹੁਤ ਮੁਸ਼ਕਿਲ ਹੈ, ਅਜੇ ਨਹੀਂ ਕਰਨਾ ਇਹ ਰਿਸ਼ਤਾ।"

ਅਖੀਰ ਗੱਲ ਇੱਥੇ ਨਿੱਬੜੀ ਆਇਨਾ ਦੇ ਪਾਪਾ ਨੇ ਵਿਆਹ ਲਈ ਹਾਂ ਇਸ ਸਹਿਮਤੀ ਨਾਲ ਕਰ ਹੀ ਦਿੱਤੀ ਕਿ ਕੁੜੀ ਵਿਆਹ ਤੋਂ ਬਾਅਦ ਵੀ ਆਪਣੀ ਪੜ੍ਹਾਈ ਜਾਰੀ ਰੱਖੇਗੀ।

ਦਿਨ ਬੀਤ ਰਹੇ ਸਨ, ਵਿਆਹ ਦੇ ਸਾਰੇ ਕਾਰਜ ਸੁੱਖੀ ਸਾਂਦੀ ਪੂਰੇ ਹੋ ਗਏ। ਨਵਾਂ ਸੈਸ਼ਨ ਆਰੰਭ ਹੋਣ ਵਾਲਾ ਸੀ। ਆਇਨਾ ਨੇ ਪ੍ਰਸ਼ਾਤ ਨਾਲ ਆਪਣੀ ਪੜ੍ਹਾਈ ਦੀ ਗੱਲ ਕੀਤੀ ਪਰ ਪ੍ਰਸ਼ਾਤ ਮੁੱਕਰ ਗਿਆ। ਆਇਨਾ ਨੇ ਬਥੇਰੀ ਕੋਸ਼ਿਸ਼ ਕੀਤੀ ਉਹ ਅਸਫ਼ਲ ਹੋ ਗਈ। ਦਿਨੇ ਘਰ ਦੇ ਕੰਮ ਨਾ ਮੁੱਕਦੇ ਤੇ ਰਾਤ ਨੂੰ ਪ੍ਰਸ਼ਾਤ... ਆਇਨਾ ਪ੍ਰਾਈਵੇਟ ਪੜ੍ਹਨਾ ਚਾਹੁੰਦੀ ਸੀ ਪਰ ਉਹ ਚਾਹ ਕੇ ਵੀ ਨਾ ਪੜ੍ਹ ਸਕੀ...।

ਗਰਮੀ ਦੇ ਦਿਨਾਂ ਵਿਚ ਜਾਨ ਨਿਕਲ ਰਹੀ ਸੀ। ਆਇਨਾ ਦੇ ਖਾਣਾ ਬਣਾਉਂਦੀ ਦੇ ਰਸੋਈ ਵਿਚ ਕੱਪੜੇ ਪਸੀਨੇ ਨਾਲ ਭਿੱਜ ਕੇ ਸਰੀਰ ਨੂੰ ਚਿੰਬੜ ਜਾਂਦੇ। ਉਹਨੂੰ ਲੱਗਦਾ ਇਹ ਰਸੋਈ ਉਸ ਦੀ ਜਾਨ ਲੈ ਲਵੇਗੀ। ਮੂੰਹ 'ਤੇ ਆਇਆ ਪਸੀਨਾ ਉਹਨੇ ਉੱਪਰ ਲਏ ਸੂਤੀ ਦੁਪੱਟੇ ਨਾਲ ਪੂੰਝਿਆ। ਪ੍ਰਸ਼ਾਤ ਲਈ ਖਾਣਾ ਪਰੋਸਣ ਲੱਗ ਪਈ।

ਪ੍ਰਸ਼ਾਤ ਨੇ ਇਕ ਬੁਰਕੀ ਤੋੜਦਿਆ ਸਾਰ ਹੀ ਖਾਣਾ ਵਗਾਹ ਕੇ ਮਾਰਿਆ, "ਆਹ ਕੋਈ ਖਾਣਾ ਨਿਰਾ ਬਕਵਾਸ।" ਪਲੇਟ ਉਹਨੇ ਚੁੱਕ ਕੇ ਮਾਰੀ, ਆਇਨਾ ਮਸੀਂ ਮਸੀਂ ਬਚੀ ਨਹੀਂ ਤਾਂ ਪਲੇਟ ਉਹਦੇ ਮੂੰਹ 'ਤੇ ਵੱਜਣੀ ਸੀ। ਚੁੱਪ-ਚਾਪ ਭਾਂਡੇ ਚੁੱਕ ਕੇ ਉਹਨੀ ਪੈਰੀਂ ਚਲੀ ਗਈ। ਮੁੜ ਆ ਕੇ ਸਬਜੀ ਨਾਲ ਲਿੱਬੜਿਆ ਕਮਰਾ ਸਾਫ਼ ਕਰਨ ਲੱਗ ਪਈ।

ਪ੍ਰਸ਼ਾਤ ਨੇ ਅਲਮਾਰੀ ਵਿਚੋਂ ਰੋਇਲਸਟੈਗ ਦੀ ਬੋਤਲ ਕੱਢੀ, ਗਲਾਸ ਵਿਚ ਕੁੱਝ ਟੁਕੜੇ ਬਰਫ਼ ਦੇ ਪਾਏ ਖਾਰਾ ਸੋਢਾ ਪਾ ਕੇ ਪੈੱਗ ਬਣਾ ਲਿਆ ਤੇ ਗਟਾ ਗੱਟ ਪੀਣ ਲੱਗਾ। ਨਮਕੀਨ ਮੂੰਹ ਵਿਚ ਪਾਉਣ ਨਾਲ ਉਹਦੇ ਮੂੰਹ ਦੀ ਕੁੜੱਤਣ ਖਤਮ ਹੋ ਗਈ। ਉਹ ਦਫ਼ਤਰ ਦਾ ਕੰਮ ਵੀ ਘਰ ਹੀ ਚੁੱਕ ਲਿਆਇਆ ਸੀ, ਉਹਦਾ ਮਨ ਨਹੀਂ ਕਰ ਰਿਹਾ ਸੀ ਕੰਮ ਕਰਨ ਨੂੰ।

ਕੁੱਝ ਮਹੀਨਿਆਂ ਤੋਂ ਪ੍ਰਸ਼ਾਤ ਤੇ ਆਇਨਾ ਨੇ ਆਪਣਾ ਸੌਣ ਦਾ ਕਮਰਾ ਅਲੱਗ ਕਰ ਲਿਆ ਹੋਇਆ ਹੈ। ਆਇਨਾ ਨੇ ਔਨਲਾਈਨ ਘਰ ਬੈਠੇ-ਬੈਠੇ ਹੀ ਛੋਟਾ ਮੋਟਾ ਬਿਜਨਸ ਸ਼ੁਰੂ ਕਰ ਲਿਆ ਨਹੀਂ ਤਾਂ ਉਹਨੂੰ ਹਰ ਕੰਮ ਲਈ ਪ੍ਰਸ਼ਾਤ ਦੇ ਮੋਹਰੇ ਹੱਥ ਅੱਡਣਾ ਪੈਂਦਾ ਸੀ ਜੇ ਉਹ ਮਨ੍ਹਾਂ ਕਰ ਦਿੰਦਾ ਤਾਂ ਉਹਦਾ ਮਨ ਬਹੁਤ ਦੁਖੀ ਹੁੰਦਾ ਸੀ। ਦੋਹਾਂ ਵਿਚ ਆਪਸ ਦੀ ਗੱਲਬਾਤ ਦੀ ਕੜੀ ਦਾ ਕੰਮ ਹੁਣ ਬੱਚੇ ਹੀ ਕਰ ਰਹੇ ਸਨ।

ਆਇਨਾ ਵਿਆਹ ਤੋਂ ਪਹਿਲਾਂ ਆਪਣੀਆਂ ਸਹੇਲੀਆਂ ਨਾਲ ਜਾ ਕੇ ਫਿਲਮ ਜ਼ਰੂਰ ਵੇਖ ਆਉਂਦੀ ਸੀ। ਅੱਜ ਉਹਦਾ ਮਨ ਨਵੀਂ ਲੱਗੀ ਫਿਲਮ ਵੇਖਣ ਜਾਣ ਦਾ ਸੀ। ਫਿਲਮ ਵੇਖਣ ਤੋਂ ਬਾਅਦ ਘਰ ਆ ਕੇ ਵੀ ਫਿਲਮ ਵਿਚਲੇ ਸੰਵਾਦ ਉਹਦੇ ਮਨਮਸਤਕ ਵਿਚ ਗੂੰਜ ਰਹੇ ਸਨ ਤੇ ਫਿਲਮ ਵਿਚ ਫਿਲਮਾਏ ਗਏ ਕੁਦਰਤੀ ਦ੍ਰਿਸ਼ਾਂ ਨੇ ਉਸ ਦਾ ਮਨ ਹਲਕਾ ਫੁੱਲ ਕਰ ਦਿੱਤਾ ਸੀ। ਪ੍ਰਸ਼ਾਤ ਦਾ ਖਾਣਾ ਉਹ ਕਮਰੇ ਵਿਚ ਢੱਕ ਕੇ ਰੱਖ ਆਈ। ਉਹਨੇ ਕਮਰੇ ਵੱਲ ਧਿਆਨ ਹੀ ਨਹੀਂ ਦਿੱਤਾ ਪ੍ਰਸ਼ਾਤ ਨੇ ਕਦੋਂ ਖਾਣਾ ਖਾਧਾ ਤੇ ਕਦੋਂ ਉਸ ਦੇ ਕਮਰੇ ਦੀ ਬੱਤੀ ਬੰਦ ਹੋ ਗਈ।

ਆਇਨਾ ਉੱਠ ਕੇ ਤੜਕੇ ਹੀ ਪ੍ਰਸ਼ਾਤ ਦੇ ਦਫ਼ਤਰ ਜਾਣ ਤੋਂ ਪਹਿਲਾਂ ਉਸਦੇ ਸਵੇਰ ਦੁਪਹਿਰ ਦੇ ਖਾਣੇ ਦੀ ਤਿਆਰੀ ਕਰਨ ਲੱਗ ਪੈਂਦੀ। ਅੱਜ ਆਇਨਾ ਦਾ ਉੱਠਣ ਦਾ ਮਨ ਨਹੀਂ ਸੀ। ਉਹ ਬਹੁਤ ਹੀ ਤਸੱਲੀ ਨਾਲ ਉੱਠੀ , ਉਸ ਨੇ ਟਰੈਕ ਸੂਟ ਪਾਇਆ। ਕੁੱਝ ਹੀ ਦੂਰੀ 'ਤੇ ਪਾਰਕ ਸੀ। ਬੱਚਿਆਂ ਨੂੰ ਨਾਲ ਲੈ ਕੇ ਉਹ ਜੋਗਿੰਗ ਕਰਨ ਚਲੀ ਗਈ।

ਕਿੰਨੇ ਵਰ੍ਹੇ ਬੀਤ ਗਏ ਸਨ ਘਰ ਦੇ ਕੰਮਾਂ ਕਾਰਾਂ ਵਿਚ ਗੁਆਚੀ ਨੇ ਕਦੇ ਚੜ੍ਹਦਾ ਸੂਰਜ ਹੀ ਨਹੀਂ ਵੇਖਿਆ ਸੀ। ਚੜ੍ਹਦਾ ਤੇ ਲਹਿੰਦਾ ਸੂਰਜ ਤਾਂ ਉਹਦੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਹੀ ਰਹਿ ਜਾਂਦਾ ਸੀ। ਉਹਨੇ ਸੂਰਜ ਦੀ ਲਾਲੀ ਵੱਲ ਵੇਖ ਰਾਹਤ ਭਰਿਆ ਲੰਬਾ ਸਾਹ ਲਿਆ।

ਦਿਨ ਬੀਤ ਰਹੇ ਸਨ, ਘਰ ਵਿਚ ਪਸਰੀ ਸ਼ਾਤੀ ਹੇਠਾਂ ਇਕ ਤੂਫ਼ਾਨ ਅੰਗੜਾਈਆਂ ਲੈ ਰਿਹਾ ਸੀ।

ਹੁਣ ਉਹ ਪਹਿਲਾਂ ਵਾਲੀ ਆਇਨਾ ਨਹੀਂ ਸੀ। ਆਇਨਾ ਘਰ ਦੇ ਕੰਮ ਕਾਰ ਕਰਦੀ ਖਾਣਾ ਬਣਾ ਕੇ ਰਸੋਈ ਵਿਚ ਰੱਖ ਦਿੰਦੀ। ਪ੍ਰਸ਼ਾਤ ਦੇ ਦਫ਼ਤਰ ਤੋਂ ਆਉਣ ਤੋਂ ਪਹਿਲਾਂ ਹੀ ਉਹ ਤਿਆਰ ਹੋ ਕੇ ਬੱਚਿਆਂ ਨੂੰ ਨਾਲ ਲੈ ਕੇ ਪਾਰਕ ਦੇ ਬੈਂਚ 'ਤੇ ਜਾ ਬੈਠਦੀ, ਬੱਚਿਆਂ ਨੂੰ ਘੁੰਮਾ ਫਿਰਾ ਕੇ ਘਰ ਪਰਤ ਆਉਂਦੀ।

"ਥੈਂਕਯੂ ਮੰਮਾ!"

ਬੇਟੀ ਨੇ ਆਇਨਾ ਦਾ ਮੂੰਹ ਚੁੰਮਦੇ ਹੋਏ ਕਿਹਾ, "ਤੁਸੀਂ ਸਾਨੂੰ ਪਾਰਕ ਲਿਜਾਣ ਲੱਗ ਪਏ।"

ਆਇਨਾ ਕੋਲ ਨਾ ਆਪਣੇ ਲਈ ਸਮਾਂ ਸੀ ਤੇ ਨਾ ਹੀ ਉਹ ਘਰ ਦੇ ਕੰਮਾਂ ਵਿਚ ਬੱਚਿਆਂ ਨੂੰ ਸਮਾਂ ਦੇ ਸਕਦੀ। ਬੱਸ ਉਹਦੇ ਮਨ ਵਿਚ ਇਹੀ ਡਰ ਰਹਿੰਦਾ, ਪ੍ਰਸ਼ਾਤ ਨੂੰ ਆਹ ਪਸੰਦ ਨਹੀਂ ਪ੍ਰਸ਼ਾਤ ਨੂੰ ਉਹ ਪਸੰਦ ਨਹੀਂ, ਉਹ ਗੁੱਸੇ ਹੀ ਨਾ ਹੋ ਜਾਵੇ। ਕਿਸੇ ਚੀਜ਼ ਦੀ ਭੰਨ ਤੋੜ ਹੀ ਨਾ ਕਰ ਦੇਵੇ। ਉਹ ਸਾਰਾ ਦਿਨ ਭੰਬੀਰੀ ਹੀ ਬਣੀ ਰਹਿੰਦੀ ਸੀ। ਕਿਤੇ ਘਰ ਵਿੱਚ ਡਸਟ ਹੀ ਨਾ ਦਿਸ ਜਾਵੇ ਪ੍ਰਸ਼ਾਤ ਨੂੰ। ਦੇਖਣ ਨੂੰ ਘਰ ਸ਼ਾਤ ਸੀ ਪਰ ਘਰ ਸ਼ਾਤ ਹੋ ਕੇ ਵੀ ਬਹੁਤ ਕੁੱਝ ਲਹਿਰਾਂ ਹੇਠ ਸਮੋਈ ਬੈਠਾ ਸੀ।

ਪ੍ਰਸ਼ਾਤ ਕਮਰੇ ਵਿਚ ਬੈਠਾ ਪੈੱਗ ਖਤਮ ਕਰਦਾ, ਫਿਰ ਫੋਨ ਤੇ ਊਟ-ਪਟਾਂਗ ਵੇਖਣ ਲੱਗਦਾ। ਉਹ ਕਈ ਵਾਰੀ ਕੋਸ਼ਿਸ਼ ਕਰਦਾ ਆਇਨਾ ਦੇ ਕਮਰੇ ਦਾ ਦਰਵਾਜਾ ਖੜਕਾਵੇ ਪਰ ਉਹ ਕਮਰੇ ਦੇ ਬਾਹਰੋਂ ਹੀ ਮੁੜ ਆਉਂਦਾ।

ਅੱਜ ਪ੍ਰਸ਼ਾਤ ਦਾ ਆਪਣੇ ਆਪ 'ਤੇ ਕਾਬੂ ਨਹੀਂ ਸੀ, ਉਹਨੇ ਜਾ ਕੇ ਆਇਨਾ ਦੇ ਕਮਰੇ ਦਾ ਦਰਵਾਜਾ ਖੜਕਾਇਆ, ਆਇਨਾ 'ਦਾ ਸੈਕਿੰਡ ਸੈਕਸ' ਕਿਤਾਬ ਪੜ੍ਹ ਰਹੀ ਸੀ। ਉਹ ਕਿਤਾਬ ਵਿਚ ਗੁਆਚੀ ਹੋਈ ਸੀ। ਪ੍ਰਸ਼ਾਤ ਦੇ ਆਉਣ 'ਤੇ ਉਸ ਨੇ ਕਿਤਾਬ ਉੱਥੇ ਹੀ ਪਈ ਰਹਿਣ ਦਿੱਤੀ।

ਆਇਨਾ ਦੇ ਕਮਰੇ ਵਿੱਚ ਇੱਕ ਅਜੀਬ ਜਿਹੀ ਮਹਿਕ ਫੈਲੀ ਹੋਈ ਸੀ। ਇਹ ਮਹਿਕ ਸੀ ਸਕੂਨ ਦੀ ਮਹਿਕ, ਸ਼ਾਤੀ ਦੀ ਮਹਿਕ...।

ਪ੍ਰਸ਼ਾਤ ਨੇ ਆਇਨਾ ਦਾ ਹੱਥ ਫੜਿਆ, ਅਜੇ ਉਹਨੇ ਹੱਥ ਫੜਿਆ ਹੀ ਸੀ, ਆਪਣਾ ਮੂੰਹ ਆਇਨਾ ਦੇ ਬੁੱਲਾਂ ਕੋਲ ਲਿਜਾਣ ਲਈ ਗਰਦਨ ਅੱਗੇ ਨੂੰ ਕੀਤੀ ਹੀ ਸੀ, ਆਇਨਾ ਝੱਟ ਪਰ੍ਹੇ ਨੂੰ ਹੋ ਗਈ। ਪ੍ਰਸ਼ਾਤ ਨੇ ਮੂੰਹ ਵਿੱਚ ਆਈ ਲਾਰ ਨੂੰ ਗਲੇ ਦੇ ਹੇਠਾਂ ਨੂੰ ਲੰਘਾ ਲਿਆ।

"ਮੈਂ ਕਿਤਾਬ ਪੜ੍ਹ ਰਹੀ ਹਾਂ, ਪਲੀਜ਼ ਮੈਨੂੰ ਆਪਣੇ ਸੁਆਦ ਲਈ ਡਿਸਟਰਬ ਨਾ ਕਰੋ, ਮੈਂ ਕੋਈ ਖਿਡੌਣਾ ਨਹੀਂ ਜਦੋਂ ਚਾਹਿਆ ਖੇਡ ਲਿਆ, ਆਪਣੇ ਕਮਰੇ ਵਿਚ ਚਲੇ ਜਾਵੋ।"

ਦੋਵੇਂ ਪਾਸਿਓ ਯੁੱਧ ਹੋਣ ਹੀ ਵਾਲਾ ਸੀ, ਪ੍ਰਸ਼ਾਤ ਆਪਣੀਆਂ ਮੁੱਠਾਂ ਨੂੰ ਬਹੁਤ ਮਜ਼ਬੂਤੀ ਨਾਲ ਘੁੱਟਦਾ ਹੋਇਆ ਕਮਰਿਓ ਬਾਹਰ ਹੋ ਗਿਆ...।

ਕਮਰੇ ਵਿਚ ਆ ਕੇ ਉਸ ਦੀਆਂ ਉਂਗਲਾਂ ਗੂਗਲ 'ਤੇ ਸਰਚ ਕਰਨ ਲੱਗ ਪਈਆਂ, ਉਸ ਦੀਆਂ ਅੱਖਾਂ ਸਾਹਮਣੇ ਰੰਗੀਨ ਦੁਨੀਆਂ ਦੌੜ ਰਹੀ ਸੀ। ਉਹ ਚਾਹੁੰਦਾ ਸੀ, ਇਹ ਰੰਗੀਨ ਦੁਨੀਆਂ ਫੋਨ ਦੀ ਟੱਚ ਤੋਂ ਬਾਹਰ ਆ ਜਾਵੇ।

ਸੂਰਜ ਚੜ੍ਹ ਆਇਆ ਸੀ ਫੋਨ ਦੇ ਅਲਾਰਮ ਨੇ ਉਸ ਦੀ ਸਮਾਧੀ ਭੰਗ ਕਰ ਦਿੱਤੀ, ਪ੍ਰਸ਼ਾਤ ਦਾ ਸਿਰ ਫਟ ਰਿਹਾ ਸੀ ਤੇ ਪਤਾ ਨਹੀਂ ਕਦੋਂ ਉਹ ਰਾਤੀਂ ਨੀਮ ਬੇਹੋਸ਼ੀ ਵਿੱਚ ਨਿਊਡ ਹੋ ਗਿਆ ਸੀ ਤੇ ਉਹ ਫਟਾਫਟ ਆਪਣੇ ਅੰਦਰੂਨੀ ਕੱਪੜੇ ਲੱਭਣ ਲੱਗਾ...ਉਸ ਨੂੰ ਅਵਾਜ਼ਾਂ ਸੁਣ ਰਹੀਆਂ ਸਨ...'ਹੁਣ ਸਿਰਫ ਤੇਰੀ ਮਰਜੀ ਨਹੀਂ ਚੱਲਣੀ, ਪਤਾ ਨਹੀਂ ਤੂੰ ਕਿੰਨੇ ਸਾਲ ਮੇਰੀ ਮਰਜੀ ਤੋਂ ਬਿਨਾਂ...।'

(**ਸੰਪਰਕ 94643-30803**)

ਕਹਾਣੀ

# ਚਹੁੰ ਕਦਮਾਂ ਦੀ ਵਾਟ


## ਸਿਮਰਨ ਧਾਲੀਵਾਲ




ਅੱਜ ਉਹ ਫੇਰ ਉਦਾਸ ਸਨ।

ਤਾਂ ਹੀ ਮੁੜ ਇਕੱਠੇ ਬੈਠੇ ਸਨ। ਗ਼ਮ ਭੁਲਾਉਣ ਲਈ।

ਉਦਾਸੀ ਵੇਲੇ ਉਹ ਇਕੱਠੇ ਹੁੰਦੇ।

ਉਹਨਾਂ ਦੀ ਗੂੜ੍ਹੀ ਰਿਸ਼ਤੇਦਾਰੀ ਸੀ।

ਉਹਨਾਂ ਦੀ ਗੂੜ੍ਹੀ ਦੋਸਤੀ ਸੀ।

ਦੋਵੇਂ ਇੱਕੋ ਜਿਹੇ ਸਨ। ਦੋ ਗੱਲਾਂ ਕਰਕੇ। ਇੱਕ ਤਾਂ ਉਮਰ ਦੇ ਪੱਖ ਤੋਂ। ਦੂਜਾ ਦੋਵੇਂ ਔਰਤ ਵਿਹੂਣੇ ਸਨ। ਦੋਨਾਂ ਦੀ ਜਵਾਨੀ ਇੱਕਲਿਆਂ ਹੀ ਬੀਤੀ ਸੀ। ਦੋਵਾਂ ਦੀਆਂ ਘਰਵਾਲੀਆਂ ਅੱਧ-ਵਿਚਾਲੇ ਸਾਥ ਛੱਡ ਗਈਆਂ ਸਨ। ਦੋਵਾਂ ਨੇ ਘਰ ਤੋਰਿਆ। ਬੱਚੇ ਪਾਲੇ। ਬੱਚੇ ਹੁਣ ਵੱਡੇ ਸਨ। ਆਪਣੇ ਆਰ-ਪਰਿਵਾਰ ਵਾਲੇ।

ਦੋਨਾਂ ਦੇ ਹੀ ਦੋਹਤੇ-ਪੋਤੇ ਸਨ। ਹੁਣ ਉਹ ਦੋਵੇਂ ਉਮਰ ਦੇ ਪਿਛਲੇ ਢਲਾਨਾਂ 'ਤੇ ਸਨ।

ਇੱਕ ਸਾਂਝ ਹੋਰ ਸੀ ਦੋਨਾਂ ਵਿਚਾਲੇ , ਉਹ ਸੀ ਦਾਰੂ ਦੀ ਸਾਂਝ। ਉਹ ਜਦ ਵੀ ਇੱਕ ਦੂਜੇ ਦੇ ਆਉਂਦੇ-ਜਾਂਦੇ। ਪੀਣ ਬੈਠ ਜਾਂਦੇ। ਦਾਰੂ ਤਾਂ ਉਹਨਾਂ ਲਈ ਬਹਾਨਾ ਸੀ। ਫੇਰ ਉਹ ਗੱਲਾਂ ਕਰਦੇ। ਬੀਤੇ ਤੀਹਾਂ ਸਾਲਾਂ ਦੀਆਂ ਗੱਲਾਂ। ਹੰਢਾਈ ਇੱਕਲ ਦੀਆਂ ਗੱਲਾਂ। ਲੰਘ ਗਏ ਵੇਲਿਆਂ ਦੀਆਂ ਗੱਲਾਂ। ਉਸ ਪਲ ਉਹ ਬੱਸ ਦੋਸਤ ਹੁੰਦੇ।

ਉਂਝ ਉਹ ਰਿਸ਼ਤੇਦਾਰ ਸਨ। ਗੂੜ੍ਹੀ ਰਿਸ਼ਤੇਦਾਰੀ ਸੀ ਉਹਨਾਂ ਦੀ।

ਪੀਣ ਬੈਠਦੇ ਤਾਂ ਦਿਲ ਦੀਆਂ ਪਰਤਾਂ ਖੋਲ੍ਹ ਲੈਂਦੇ। ਇਉਂ ਲੱਗਦਾ ਜਿਵੇਂ ਉਹ ਗੱਲਾਂ ਕਰਨ ਲਈ ਪੀਂਦੇ ਹੋਣ। ਢਿੱਡ ਫੋਲਣ ਲਈ ਪੀਂਦੇ ਹੋਣ। ਉਂਝ ਕੌਣ ਸੁਣਦਾ ਸੀ ਉਹਨਾਂ ਨੂੰ?

"ਭਾਨ ਸਿਆਂ ! ਦਾਰੂ ਕਿੱਥੋਂ ਲਿਆਇਆਂ? ਮਾਂਈ ਵੱਢਦੀ ਜਾਂਦੀ ਯਾਰ।"

"ਜਗੀਰ ਸਿਆਂ ! ਦਾਰੂ ਨੇ ਕੀ ਵੱਢਣਾ ਹੁਣ ਆਪਾਂ ਨੂੰ। ਥੋੜ੍ਹੀ ਪੀਤੀ ਊ ਸਾਰੀ ਉਮਰ?"

"ਗੱਲ ਤੇਰੀ ਸਈ ਆ। ਡਰੰਮਾਂ ਦੇ ਡਰੰਮ ਖਾਲੀ ਕਰਤੇ ਕੇ।" ਜਗੀਰ ਸਿਹੁੰ ਬਹੁਤ ਪਿਛਾਂਹ ਚਲਿਆ ਜਾਂਦਾ। ਗੱਲ ਦੀ ਕੜੀ ਜਵਾਨੀ ਵੇਲੇ ਨਾਲ ਜਾ ਜੋੜਦਾ।

"ਭਾਨ ਸਿਆਂ ! ਭੈਣ ਜਿਊਂਦੀ ਸੀ ਜਦੋਂ ਤੇਰੀ। ਤੇਰੇ ਹਰ ਗੇੜੇ ਮੁਰਗਾ ਬਣਦਾ ਸੀ ਕਿ ਨਹੀਂ? ਉਹ ਵੀ ਵੇਖਲਾ ਵੇਲੇ ਸੀ।"

"ਸੱਚੀ ਗੱਲ ਆ ਤੇਰੀ ਭਾਊ ! ਬਾਪੂ ਵੀ ਮੰਜੇ 'ਤੇ ਪਿਆ ਆਖੀ ਜਾਂਦਾ ਹੁੰਦਾ ਸੀ ਅਖੇ ਬੂੜਚੰਦੀਆ ਪ੍ਰਹੁਣਾ ਆਇਆ। ਸੇਵਾ ਪਾਣੀ ਫੁੱਲ ਕਰਿਓ। ਮੁਰਗੇ ਤਾਂ ਬਹੁਤ ਰਿੰਨੇ ਸਰਦਾਰ ਸਾਬ੍ਹ।" ਗੱਲਾਂ ਤੋਂ ਲੱਗਦਾ, ਦੋਵੇਂ ਸਰੂਰ ਵਿੱਚ ਹੁੰਦੇ। ਕਈ ਵਾਰ ਪਿੱਛੇ ਚਲੇ ਜਾਂਦੇ। ਵਸਦੇ-ਰਸਦੇ ਬਾਗ-ਪਰਿਵਾਰ ਵਿੱਚ। ਵਿਆਹ ਵਰਗੇ ਉਸ ਮਾਹੌਲ ਵਿੱਚ ਜਿਸਨੂੰ ਉਹ ਰੱਜ ਕੇ ਮਾਣਦੇ ਸਨ। ਅੱਧੀ-ਅੱਧੀ ਰਾਤ ਤੀਕ ਗੱਲਾਂ ਦੀ ਲੜੀ ਨਾ ਟੁੱਟਦੀ।

ਉਹ ਗੱਲਾਂ ਕਰਨ ਲਈ ਹੀ ਤਾਂ ਪੀਂਦੇ ਸਨ। ਉਹ ਯਾਰ ਸਨ। ਤੇ ਰਿਸ਼ਤੇ ਵਜੋਂ ਸਾਲਾ ਭਣਵੱਈਆ

ਸਨ। ਪਰ ਹੁਣ ਰਿਸ਼ਤੇਦਾਰੀ ਦੂਜੇ ਨੰਬਰ 'ਤੇ ਹੋ ਗਈ ਸੀ ਯਾਰੀ ਪਹਿਲੇ ਨੰਬਰ 'ਤੇ।

ਕਦੇ-ਕਦੇ ਪੀ ਕੇ ਉਹ ਉਦਾਸ ਹੋ ਜਾਂਦੇ।

ਉਦਾਸੀਆਂ ਵਿੱਚ ਧੀਆਂ-ਪੁੱਤਾਂ ਦੀਆਂ ਗੱਲਾਂ ਹੁੰਦੀਆਂ। ਉਹਨਾਂ ਦੀ ਲਾਪਰਵਾਹੀ ਦੀਆਂ ਗੱਲਾਂ। ਵੱਧ ਰਹੇ ਬੁਢਾਪੇ ਦੀਆਂ ਗੱਲਾਂ।..ਤੇ ਘਰ ਵਿੱਚ ਘੱਟ ਰਹੀ ਵੁੱਕਤ ਦੀਆਂ ਗੱਲਾਂ। ਤੀਹ ਸਾਲ ਪਹਿਲਾਂ ਵਾਲੀਆਂ ਗੱਲਾਂ ਪਿੱਛੇ ਪੈ ਜਾਂਦੀਆਂ। ਬਣਦੇ ਮੁਰਗਿਆਂ ਦੀਆਂ ਗੱਲਾਂ ਉਹਨਾਂ ਨੂੰ ਵਿਸਰ ਜਾਂਦੀਆਂ।



"ਭਾਨ ਸਿਆਂ ਦੋ ਫੁੱਲਕੇ ਖਾਣੇ ਯਾਰ!..ਕੋਈ ਹੱਸ ਕੇ ਫੜ੍ਹਾ ਦਏ ਭਾਵੇ ਛਿੱਤਰ 'ਤੇ ਧਰ ਕੇ ਫੜ੍ਹਾਵੇ।" ਜੰਗੀਰ ਸਿਹੁੰ ਆਖਦਾ। ਉਹਦੀ ਅਵਾਜ਼ ਜਿਵੇਂ ਕਿਤੇ ਡੂੰਘੇ ਥਾਂਓ ਨਿਕਲੀ ਹੋਵੇ।

"ਘਰ-ਘਰ ਇਹੀ ਅੱਗ ਭਾਊ ਜੀ! ਘਰ-ਘਰ!" ਭਾਨ ਸਿਹੁੰ ਜਿਵੇਂ ਹੋਰ ਡੂੰਘੇ ਥਾਂ ਉਤਰ ਜਾਂਦਾ। ਉਸ ਦਿਨ ਉਹ ਪੀਵੀ ਜਾਂਦੇ ਤੇ ਨਾਲ ਦੀ ਨਾਲ ਜਿਵੇਂ ਉਤਰੀ ਜਾਂਦੀ। ਉਸ ਦਿਨ ਉਹ ਕੋਈ ਹੋਰ ਗੱਲ ਹੀ ਨਾ ਕਰਦੇ। ਗੱਲਾਂ ਜਿਵੇਂ ਮੁੱਕ ਗਈਆਂ ਹੋਣ। ਦੋਨਾਂ ਵਿਚਾਲੇ ਤੀਹਾਂ ਸਾਲਾਂ ਜਿੰਨੀ ਲੰਮੀ ਚੁੱਪ ਫੈਲ ਜਾਂਦੀ।

"ਠੇਕੇ ਵਾਲੇ ਪੈਸੇ ਫੇਰ ਕੋਲ ਰੱਖਦੈ?" ਜੰਗੀਰ ਸਿਹੁੰ ਚੁੱਪ ਤੋੜਨ ਦਾ ਬਹਾਨਾ ਲੱਭਦਾ।

"ਉਨ੍ਹੇ ਆਖਿਆ ਰੋਂਦੀ ਕਿਉਂ ਅਖੇ ਥਾਲੀ 'ਚ ਕੱਖ ਨਹੀਂ। ਇਸੇ ਗੱਲ ਦੀ ਤਾਂ ਲੜਾਈ ਸਾਰੀ। ਵੱਡੇ ਰੋਂਦੇ ਫਿਰਦੇ ਏਸ ਗੱਲ ਨੂੰ ਕਿ ਮੈਂ ਨਿੱਕੇ ਨੂੰ ਖਵਾਈ ਜਾਂਦਾ।"

ਭਾਨ ਸਿਹੁੰ ਨੇ ਸੀਤ ਸਾਹ ਛੱਡਿਆ।

"ਖਵਾਉਣਾ ਤੂੰ ਕੀ ਆ। ਨਿਆਣੇ ਪਲ ਜਾਣ ਥੋੜ੍ਹਾ। ਰੱਬ ਤਾਂ ਥੱਲੇ ਆ ਕੇ ਲੜਿਆ ਉਹਨਾਂ ਨਾਲ। ਜੇ ਭਲਾ ਇਹਨਾਂ ਈ ਆਸਰਾ ਕਰਨਾ ਹੋਵੇ ਤਾਂ..।" ਗੱਲ ਉਦਾਸੀ ਵੱਲ ਤੁਰ ਜਾਂਦੀ।

"ਆਸਰਾ ਇਹਨਾਂ ਕੀ ਬਣਨਾ ਭਾਊ। ਮੈਂ ਕਹਿੰਦਾ ਸ਼ਾਵਾਸ਼ੇ ਕੁੜੀ ਦੀ ਗਿਣੂ ਮੈਂ ਜੇ ਬਾਰ ਛੱਡ ਕੇ ਨਾ ਜਾਵੇ। ਬੂਹਾ ਖੁਲ੍ਹਾ ਰਹੇ। ਨਿਆਣੇ ਰੁੱਲ-ਖੁਲ ਕੇ ਪਲ ਜਾਣਗੇ।" ਤੇ ਗੱਲ ਤੁਰਦੀ, ਭਾਨ ਸਿਹੁੰ ਦੇ ਛੋਟੇ ਮੁੰਡੇ ਮੇਲੇ ਦੀ ਮੌਤ..ਉਹਦੀ ਵਹੁੱਟੀ ਤੇ ਨਿਆਣਿਆ 'ਤੇ ਆ ਜਾਂਦੀ। ਉਹ ਦੋਵੇਂ ਉਦਾਸ ਹੋ ਜਾਂਦੇ। ਗਲਾਸ ਭਰਦੇ। ਅੰਦਰ ਸੁੱਟਦੇ ਤੇ ਗ਼ਮ ਬਾਹਰ ਕੱਢਦੇ। ਮੇਲੇ ਦੀਆਂ ਗੱਲਾਂ ਛੇੜ ਲੈਂਦੇ। ਦੋ ਬੱਚੇ ਸੀ ਉਹਦੇ। ਇੱਕ ਢਾਈ ਕੁ ਸਾਲ ਦਾ ਦੂਜਾ ਪੰਜਾਂ ਦਾ ਹੋ ਚੱਲਿਆ ਸੀ। ਕਿਸੇ ਰਾਤ ਦਾਰੂ ਪੀ ਕੇ ਸੁੱਤਾ ਮੇਲਾ ਸਵੇਰੇ ਉਠਿਆ ਨਹੀਂ। ਭਾਨ ਸਿਹੁੰ ਦਾ ਜਿਵੇਂ ਲੱਕ ਟੁੱਟ ਗਿਆ ਹੋਵੇ। ਉਹ ਭੋ-ਭਰ ਜਿੰਨੇ ਜਵਾਕਾਂ ਦੇ ਮੂੰਹ ਵੱਲ ਦੇਖ ਕੇ ਕਈ ਦਿਨ ਰੋਂਦਾ ਰਿਹਾ। ਮਸਾਂ ਦੋ ਕੁ ਮਹੀਨੇ ਹੋਏ ਸੀ ਅਜੇ। ਭਾਨ ਸਿਹੁੰ ਸਿਰ ਹੁਣ ਪੋਤਰਿਆਂ ਦੀ ਜਿੰਮੇਵਾਰੀ ਸੀ। ਬੁੱਢੀ ਉਮਰੇ ਜਿਵੇਂ ਕਿਸੇ ਮੋਢਿਆਂ ਉੱਤੇ ਭਾਰੀ ਪੰਡ ਧਰ ਦਿੱਤੀ ਹੋਵੇ। ਇੱਕ ਵਾਰ ਤਾਂ ਉਹਦੀਆਂ ਲੱਤਾਂ ਕੰਬੀਆਂ। ਪਰ ਮੁੜ ਉਹ ਸੰਭਲ ਗਿਆ। ਥੋੜ੍ਹੀ ਜਿਹੀ ਜ਼ਮੀਨ ਦਾ ਮਾੜਾ ਚੰਗਾ ਠੇਕਾ ਆ ਜਾਂਦਾ।

ਦੁੱਧ ਜੋਗੀ ਇੱਕ ਮੱਝ ਉਹਨੇ ਪਹਿਲਾਂ ਤੋਂ ਰੱਖੀ ਹੋਈ ਸੀ। ਔਖਾ-ਸੌਖਾ ਪੱਠੇ ਵੱਢ ਲਿਆਉਂਦਾ। ਟੋਕਾ ਨੂੰਹ ਕਰ ਦਿੰਦੀ ਤੇ ਧਾਰ ਕੱਢ ਲੈਂਦੀ। ਤੇ ਜਿਵੇਂ ਕਿਵੇਂ ਭਾਨ ਸਿਹੁੰ ਇਸ ਉਖੜੀ ਕਬੀਲਦਾਰੀ ਦੀ ਗੱਡੀ ਨੂੰ ਖਿੱਚੀ ਫਿਰਦਾ ਸੀ। ਵੱਡਾ ਪੁੱਤ ਸੌਖਾ ਸੀ। ਆਪਣੀ ਕਾਰ ਕਰਦਾ। ਨਿਭਾਈ ਜਾਂਦਾ। ਪਰ ਬਾਪ ਨੂੰ ਮਿਲਦੇ ਠੇਕੇ ਦੇ ਪੈਸੇ ਉਹਨੂੰ ਵੀ ਰੜਕਦੇ।

ਭਾਨ ਸਿਹੁੰ ਤੇ ਜਗੀਰ ਸਿਹੁੰ ਕਿਤੇ ਦੂਰ ਪਹੁੰਚ ਗਏ।

ਨਸ਼ਾ ਟੁੱਟ ਗਿਆ। ਮਾਹੌਲ ਉਦਾਸ ਹੋ ਗਿਆ। ਦੋਵੇਂ ਚੁੱਪ ਹੋ ਗਏ। ਜੰਗੀਰ ਸਿਹੁੰ ਨੂੰ ਲੱਗਿਆ ਜਿਵੇਂ ਉਹਨੇ ਐਵੇਂ ਹੀ ਇਹ ਗੱਲ ਛੇੜ ਲਈ ਹੋਵੇ। ਉਹਨੇ ਮੁੜ ਮੋਟਾ ਸਾਰਾ ਪੈੱਗ ਬਣਾਇਆ।

"ਫੌਜੀ ਕੋਲੇ ਨਾ ਜਾ ਕੇ ਆਈਏ। ਕੀ ਕਹਿੰਦਾ?" ਉਹਨੇ ਗੱਲ ਦਾ ਰੁਖ ਬਦਲ ਦਿੱਤਾ।

"ਚੱਲ ਜਦੋਂ ਕਹੇ। ਆਪਾਂ ਕਿਹੜਾ 'ਡੀਕਣਾ ਕਿਸੇ ਨੂੰ। ਦਵਾਂਗੇ ਲੱਤ ਸਕੂਟਰੀ ਨੂੰ ਤੇ ਅਹੁ ਜਾਵਾਂਗੇ। ਪੱਠਿਆ ਦਾ ਕਰ ਜਾਵਾਂਗੇ ਬੰਦੋਬਸਤ ਦਿਹਾੜੀ ਡੰਗ ਦਾ...।" ਭਾਨ ਸਿਹੁੰ ਸਾਰੀ ਵਿਉਂਤ ਸੋਚ ਗਿਆ। ਪਲ ਵਿੱਚ ਮਾਹੌਲ ਹਲਕਾ ਹੋ ਗਿਆ। ਦਾਰੂ ਫੇਰ ਚੜ੍ਹਨ ਲੱਗੀ।

ਸੱਚਮੁਚ ਉਹ ਇਉਂ ਹੀ ਨਿਕਲਦੇ ਘਰ ਤੋਂ। ਦੋਵੇਂ। ਨੇੜੇ ਦੀਆਂ ਰਿਸ਼ਤੇਦਾਰੀਆਂ 'ਚ। ਭਾਨ ਸਿਹੁੰ ਸਕੂਟਰੀ ਚਲਾਉਂਦਾ। ਗੱਲਾਂ ਕਰਦੇ ਉਹ ਪੈਂਡਾ ਤੈਅ ਕਰ ਲੈਂਦੇ। ਕੋਈ ਥਾਂ ਉਹਨਾਂ ਨੂੰ ਕਦੇ ਦੂਰ ਨਹੀਂ ਸੀ ਲੱਗੀ। ਉਹ ਜਿੱਥੇ ਵੀ ਜਾਂਦੇ ਭਾਨ ਸਿਹੁੰ ਬੇਪਰਵਾਹੀ ਨਾਲ ਆਖਦਾ, "ਇੰਨੇ ਪੈਂਡੇ ਕੱਟ ਲਏ। ਇਹ ਤਾਂ ਚਹੁੰ ਕਦਮਾਂ ਦੀ ਵਾਟ ਹੈ।"

ਰਿਸ਼ਤੇਦਾਰੀਆਂ ਵਿੱਚ ਉਹਨਾਂ ਦੀ ਜੋਟੀ ਦੀਆਂ ਗੱਲਾਂ ਹੁੰਦੀਆਂ। ਜਿੱਥੇ ਜਾਂਦੇ ਉਹ ਇਕੱਠੇ ਜਾਂਦੇ। ਆਖਿਰ ਉਹ ਦੋਸਤ ਸਨ। ਉਹਨਾਂ ਦੀ ਦੋਸਤੀ ਦੀਆਂ ਗੱਲਾਂ ਹੁੰਦੀਆਂ। ਕਦੇ-ਕਦੇ ਉਹ ਕਿਤੇ ਜਾਂਦੇ ਤਾਂ ਦੋ-ਦੋ ਦਿਨ ਮੁੜਦੇ ਨਾ। ਜਿੱਥੇ ਜਾਂਦੇ ਉਥੋਂ ਦੇ ਹੋ ਜਾਂਦੇ। ਝੜੀ ਲਗਾ ਲੈਂਦੇ। ਪੀਂਦੇ। ਕਿਸੇ ਥਾਂ ਜਮਾਂ ਨਾ ਪੀਂਦੇ। ਅਖੰਡ ਪਾਠਾਂ ਦੇ ਭੋਗਾਂ 'ਤੇ ਬਾਬੇ ਮੂਹਰੇ ਬੈਠੇ ਰਾਤਾਂ ਕੱਟਦੇ। ਪਾਠੀਆਂ ਨੂੰ ਉਠਾਉਂਦੇ। ਚਾਹ ਬਣਾ ਕੇ ਪਿਆਉਂਦੇ। ਕਿਤੇ ਵੀ ਬੈਠਦੇ ਰੌਣਕ ਲਾ ਦਿੰਦੇ। ਭਾਨ ਸਿਹੁੰ ਨੂੰ ਕਈ ਪ੍ਰੀਤ ਕਿੱਸੇ ਜ਼ੁਬਾਨੀ ਯਾਦ ਸਨ। ਨਵੇਂ ਮੁੰਡਿਆਂ ਨੂੰ ਮਸਾਲੇ ਪਾ-ਪਾ ਐਸੇ ਕਿੱਸੇ ਸੁਣਾਉਂਦਾ। ਕਦੀ ਕੋਈ ਚੁਟਕਲਾ ਛੇੜ ਲੈਂਦਾ। ਉਹ ਕਦੇ ਹੱਸਦੇ ਕਦੇ ਉਦਾਸ ਹੁੰਦੇ। ਪਰ ਲੱਗਦਾ ਉਹ ਦੋਵੇਂ ਰੱਜ ਕੇ ਜਿਊਂਦੇ ਨੇ ਜ਼ਿੰਦਗੀ ਨੂੰ। ਦੋਵੇਂ ਧੁਰ ਅੰਦਰੋਂ ਉਦਾਸ ਸਨ। ਪਰ ਫੇਰ ਵੀ ਉਦਾਸੀ ਨੂੰ ਅੱਗੇ ਲਗਾਈ ਰੱਖਦੇ।

ਭਾਨ ਸਿਹੁੰ ਦਾ ਵਿਆਹ ਤਾਂ ਜਿਵੇਂ ਹੱਥੀਂ ਕੀਤਾ ਸੀ ਜੰਗੀਰ ਸਿਹੁੰ ਨੇ।

ਛੋਟਾ ਸੀ। ਘਰਵਾਲੀ ਦਾ ਇੱਕੋ-ਇੱਕ ਭਰਾ। ਉਹ ਹਫ਼ਤਾ ਭਰ ਸਹੁਰੇ ਬੈਠਾ ਰਿਹਾ। ਕੰਮ-ਧੰਦਾ ਕਰਵਾਇਆ। ਵੱਧ-ਚੜ੍ਹ ਕੇ ਖੁਸ਼ੀਆਂ ਮਨਾਈਆਂ। ਸਾਰੇ ਸ਼ਗਨ ਵਿਹਾਰ ਕੀਤੇ। ਦਿੱਤਾ ਲਿਆ।..ਤੇ ਤੁਰਨ ਵੇਲੇ ਲੱਡੂਆਂ ਦੀ ਭਾਜੀ ਦੇ ਨਾਲ ਸੱਸ ਨੇ ਲੀੜਾ-ਟਾਕੀ ਤੇ ਕੁੱਲ ਲੈਣ-ਦੇਣ ਦੇ ਕੇ ਤੋਰਿਆ ਸੀ।ਉਹਨੇ ਉਸ ਘਰ ਦੇ ਪੁੱਤਾ ਵਾਂਗ ਵਤੀਰਾ ਵਰਤਿਆ ਸੀ ਸਦਾ। ਕਦੇ ਪ੍ਰਹੁਣਿਆਂ ਵਾਂਗ ਕਿਸੇ ਗੱਲੋਂ ਰੁਸਿਆ ਨਹੀਂ ਸੀ। ਕੋਈ ਉਚੇਚ ਕਦੇ ਨਹੀਂ ਸੀ ਭਾਲੀ। ਉਹਦੀ ਘਰਵਾਲੀ ਵਾਲੀ ਚਾਰ ਭੈਣਾਂ ਸਨ। ਜਦੋਂ ਕਦੇ ਚਾਰੇ ਪੇਕੇ ਜਾਂਦੀਆਂ। ਵਿਹੜਾ ਭਰ ਜਾਂਦਾ। ਚਾਰੋ ਜਵਾਈਆਂ ਦੀ ਸੇਵਾ ਹੁੰਦੀ। ਭਾਨ ਸਿਹੁੰ ਅੱਗੇ ਪਿੱਛੇ ਭੱਜਾ ਫਿਰਦਾ। ਬਾਕੀ ਤਿੰਨੋਂ ਪ੍ਰਹੁਣੇ ਵੱਡੇ ਸਨ। ਜੰਗੀਰ ਸਿਹੁੰ ਉਸਦੇ ਹਾਣੀਆਂ ਵਰਗਾ ਸੀ। ਮਸਾਂ ਤਿੰਨ-ਚਾਰ ਸਾਲ ਵੱਡਾ। ਉਹਦਾ ਯਾਰ ਵੱਧ ਸਾਲਾ ਘੱਟ।

*****

ਉਹਨਾਂ ਦੇ ਪਿੰਡਾ ਨੇੜੇ ਬਾਬੇ ਕਪਾਹੀਏ ਸ਼ਾਹ ਦਾ ਮੇਲਾ ਲੱਗਦਾ।

ਸਰਕਸਾ ਆਉਂਦੀਆਂ। ਗਾਇਕ ਜੋੜੀ ਧਮਾਲਾਂ ਪਾਉਂਦੀ। ਉਹ ਮੇਲੇ ਜਾਂਦੇ। ਉਹਨਾਂ ਪਿੰਡਾਂ ਵਿੱਚ ਭਾਨ ਸਿਹੁੰ ਦੀਆਂ ਕਈ ਠਾਹਰਾ ਸਨ। ਰਾਤ ਕਿਤੇ ਨਾ ਕਿਤੇ ਰੁੱਕ ਹੀ ਜਾਂਦੇ। ਦਾਰੂ ਪੀਂਦੇ। ਬੱਕਰੇ ਬੁਲਾਉਂਦੇ। ਪੱਲ੍ਹਿਆਂ ਨਾਲ ਜਵਾਕਾਂ ਲਈ ਮਠਿਆਈ ਬੱਝੀ ਹੁੰਦੀ। ਉਹਨਾਂ ਹੀ ਪਿੰਡਾਂ ਵਿੱਚ ਕਿਸੇ ਪਿੰਡ ਭਾਨ ਸਿਹੁੰ ਦਾ ਯਾਰ ਗੋਪਾਲਾ ਡਾਇਵਰ ਰਹਿੰਦਾ। ਉਹ ਦੂਰੋਂ ਨੇੜਿਓਂ ਤੀਵੀਆਂ ਲਿਆ ਕੇ ਲੋਕਾਂ ਨੂੰ ਵੇਚਦਾ। ਜਦ ਕਿਤੇ ਭਾਨਾ ਉਹਦੇ ਕੋਲ ਰਾਤ ਕੱਟਦਾ। ਉਸਦੀਆਂ ਗੱਲਾਂ ਸੁਣ ਤੀਵੀਂ ਲਈ ਉਸਦੀ ਹਸਰਤ ਵੀ ਜਾਗ ਉਠਦੀ। ਉਹ ਗੋਪਾਲੇ ਦੀਆਂ ਗੱਲਾਂ ਗਹੁੰ ਨਾਲ ਸੁਣਦਾ। ਉਸਦੀ ਕਲਪਨਾ ਵਿੱਚ ਕੋਈ ਤੀਵੀਂ ਮੇਲਣ ਲੱਗਦੀ। ਉਹ ਮਨ ਵਿੱਚ ਕੋਈ ਨਕਸ਼ ਘੜ੍ਹਨ ਲੱਗਦਾ। ਗੋਰੀ ਲੰਮ-ਸਲੰਮੀ ਤੀਵੀਂ। ਉਹਦੇ ਵਿਹੜੇ ਵਿੱਚ ਹੁੰਦੀ। ਕਦੇ ਉਹ ਪਾਣੀ ਮੰਗਦਾ ਕਦੀ ਰੋਟੀ। ਕਦੀ ਆਖਦਾ ਸਾਰੇ ਕੰਮ ਛੱਡ ਕੇ ਆ, ਮੇਰੀਆਂ ਲੱਤਾਂ ਘੁੱਟ। ਉਹ ਔਰਤ ਭਾਨ ਸਿਹੁੰ ਦੀਆਂ ਲੱਤਾਂ ਦਬਾਉਣ ਲੱਗਦੀ। ਪੋਲੇ-ਪੋਲੇ। ਅਰਾਮ ਨਾਲ। ਉਸਦੇ ਹੱਥ ਲੱਗਦਿਆਂ ਜਿਵੇਂ ਭਾਨ ਸਿਹੁੰ ਦੀ ਪੂਰੀ ਥਕਾਨ ਲਹਿ ਜਾਂਦੀ।

"ਰਤਾ ਹੋਰ ਉੱਤੇ ਨੂੰ ਦਬਾ। ਰਤਾ ਹੋਰ..!" ਅੱਖਾਂ ਮੁੰਦ ਕੇ ਉਹ ਕਿਸੇ ਹੋਰ ਅਲਮ ਵਿੱਚ ਪਹੁੰਚ ਜਾਂਦਾ।

...ਤੇ ਸੋਚਦਾ ਕੁਝ ਜੰਗੀਰ ਸਿਹੁੰ ਵੀ ਇਸੇ ਤਰ੍ਹਾਂ ਦਾ। ਪਰ ਸ਼ਾਇਦ ਰਿਸ਼ਤੇ ਦੀ ਮਰਿਆਦਾ ਸੀ। ਦੋਹੇ ਕੁਝ ਕਹਿਣ ਤੋਂ ਝੱਕ ਜਾਂਦੇ। ਫਿਰ ਵੀ ਦੋਵੇਂ ਇੱਕ ਦੂਜੇ ਦੀਆਂ ਅੱਖਾਂ ਪੜ੍ਹ ਲੈਂਦੇ। ਉਹਨਾਂ ਅੱਖਾਂ ਵਿੱਚ ਬਹੁਤ ਕੁਝ ਟੁੱਟਦਾ ਜੁੜਦਾ।

ਘਰ ਮੁੜਦੇ ਤਾਂ ਦਾਰੂ ਵਿੱਚ ਡੁੱਬ ਜਾਂਦੇ।

ਬੋਲ ਕੇ ਕੁਝ ਨਾ ਕਹਿੰਦੇ ਪਰ ਅੱਖਾਂ ਦੱਸਦੀਆਂ। ਕੋਈ ਸਿੱਕ ਅੱਖਾਂ ਵਿੱਚ ਰੜਕ ਰਹੀ ਹੁੰਦੀ। ਦੋਵੇਂ ਗੋਪਾਲੇ ਦੀਆਂ ਗੱਲਾਂ ਕਰਦੇ। ਉਸਦੀਆਂ ਲਿਆਂਦੀਆਂ ਤੇ ਵੇਚੀਆਂ ਤੀਵੀਆਂ ਦੀਆਂ ਗੱਲਾਂ। ਤੀਵੀਂ ਦੀ ਭੁੱਖ ਦੀਆਂ ਗੱਲਾਂ। ਦੋਵੇਂ ਨਾ ਜਾਣੇ ਮਨ ਵਿੱਚ ਕੀ-ਕੀ ਕਲਪ ਜਾਂਦੇ ਹੋਣ।

ਪਰ ਮਰਿਆਦਾ ਦੀ ਵਲਗਣ ਉਲੰਘਣ ਨਾ ਹੁੰਦੀ।

ਤੇ ਹੁਣ ਉਸ ਸਭ ਨੂੰ ਕਿੰਨੇ ਵਰ੍ਹੇ ਬੀਤ ਗਏ ਸਨ। ਕਪਾਹੀਏ ਸ਼ਾਹ ਦਾ ਮੇਲਾ ਹੁਣ ਵੀ ਭਰਦਾ ਸੀ, ਪਰ ਉਹ ਮੁੜ ਕਦੇ ਮੇਲੇ ਨਹੀਂ ਸੀ ਗਏ। ਸ਼ਾਇਦ ਹੁਣ ਉਹ ਰੁੱਤ ਬੀਤ ਚੁੱਕੀ ਸੀ। ਸ਼ਾਇਦ ਹੁਣ ਉਹ ਸਿੱਕ ਮਰ ਚੁੱਕੀ ਸੀ। ਸ਼ਾਇਦ ਹੁਣ।

ਪਰ ਫਿਰ ਵੀ ਕਦੇ ਅੰਦਰ ਕੁਝ ਜਾਗਦਾ। ਕੋਈ ਔਰਤ ਉਹਨਾਂ ਦੇ ਮੱਥੇ ਵਿੱਚ ਕਲਪਨਾ ਬਣ ਕੇ ਬੈਠ ਜਾਂਦੀ। ਉਹ ਆਨੇ-ਬਹਾਨੇ ਔਰਤ ਦੀਆਂ ਗੱਲਾਂ ਕਰਦੇ। ਗੋਪਲੇ ਦੀਆਂ ਗੱਲਾਂ ਕਰਦੇ। ਉਹਦੇ ਕੋਲ ਜਾਂਦੇ ਵੀ ਪਰ ਫੇਰ ਖਾਲੀ ਹੱਥ ਪਰਤ ਆਉਂਦੇ। ਕੋਲ ਹੁੰਦੀ ਤਾਂ ਬੱਸ ਮੱਥੇ ਵਿਚਲੀ ਕਲਪਨਾ।

*****

...ਤੇ ਅੱਜ ਵੀ ਜੰਗੀਰ ਸਿਹੁੰ ਉਦਾਸ ਸੀ।

ਭਾਨ ਸਿਹੁੰ ਭੱਜਾ ਅਇਆ ਸੀ। ਉਹ ਦਿਨ ਰਹਿੰਦਿਆਂ ਦੇ ਪੀਣ ਬੈਠੇ ਸਨ। ਪੀਵੀਂ ਜਾਂਦੇ। ਉਤਰੀ ਜਾਂਦੀ। ਗੱਲਾਂ ਕਰਦੇ। ਗੱਲ ਦੀ ਕੋਈ ਤੰਦ ਹੱਥ ਨਾ ਆਉਂਦੀ। ਉਲਝੇ ਜਿਹੇ। ਗੁਆਚੇ ਜਿਹੇ। ਇੱਕ ਗੱਲ ਛੱਡਦੇ ਦੂਜੀ ਫੜ੍ਹ ਲੈਂਦੇ। ਪਰ ਲੱਗਦਾ ਕੋਈ ਵੀ ਗੱਲ ਉਹਨਾਂ ਕੋਲੋਂ ਹੋ ਨਹੀਂ ਸੀ ਰਹੀ। ਐਵੇਂ ਕਿਸੇ ਗੱਲੋਂ ਧਿਆਨ ਹਟਾਉਣ ਲਈ ਕੋਈ ਆਸਰਾ ਭਾਲਦੇ ਹੋਣ।

"ਵਰੀਨਾ ਕਦੋਂ ਕਰਨਾ ਫੇਰ?"

"ਸਮਝ ਨ੍ਹੀ ਆਉਂਦੀ। ਪੌਣੇ ਤਿੰਨ ਮਹੀਨਿਆਂ 'ਤੇ ਕਰਾ ਦਿੰਦੇ ਆਂ।"

"ਜ਼ੀਰੇ ਵਾਲੇ ਕੀ ਕੂੰਦੇ ਫਿਰ?" ਭਾਨ ਸਿਹੁੰ ਆਪਣੇ ਯਾਰ ਦੀ ਉਦਾਸੀ ਵੰਡਣਾ ਚਾਹੁੰਦਾ ਸੀ।

"ਕਹਿਣਾ ਉਹਨਾਂ ਕੀ ਆ ਭਾਊ। ਵੇਖੋ ਕੀ ਬਣਦਾ।" ਜੰਗੀਰ ਸਿਹੁੰ ਨੂੰ ਕੁਝ ਸੁਝ ਨਹੀਂ ਸੀ ਰਿਹਾ। ਉਹ ਕੁਝ ਪਲ ਚੁੱਪ ਰਿਹਾ ਮੁੜ ਕੁਝ ਮਨ ਵਿੱਚ ਆਇਆ ਭਾਨ ਸਿੰਘ ਨੂੰ ਪੁੱਛਣ ਲੱਗਾ, "ਸ਼ੀਰੇ ਦਾ ਵਿਆਹ ਮੇਲੇ ਤੋਂ ਮਗਰੋਂ ਹੋਇਆ ਸੀ?"

ਉਹਨੇ ਜਿਵੇਂ ਗੱਲ ਬਦਲਣ ਲਈ ਐਵੇਂ ਹੀ ਅਰਥਹੀਣ ਗੱਲ ਛੇੜ ਲਈ ਹੋਵੇ। ਨਹੀਂ ਤਾਂ ਪਹਿਲਾਂ ਕਿਸ ਦਾ ਵਿਆਹ ਪਹਿਲਾਂ ਹੋਇਆ ਕਿਸਦਾ ਮਗਰੋਂ। ਭਲਾ ਕੋਈ ਫ਼ਰਕ ਪੈਂਦਾ ਸੀ ਇਸ ਗੱਲ ਨਾਲ?

ਭਾਨ ਸਿਹੁੰ ਸੋਚਦਾ ਰਿਹਾ। ਮਨ ਵਿੱਚ ਗਿਣਤੀ ਕਰਦਾ ਰਿਹਾ। ਫਿਰ ਬੋਲਿਆ, "ਅੱਗੜ-ਪਿੱਛੜ ਹੀ ਹੋਏ ਸੀ ਕਿ ਮੇਰੇ 'ਸਾਬ ਨਾ।" ਤੇ ਉਹ ਦੋਵੇਂ ਮੇਲੇ ਦੇ ਵਿਆਹ ਵਿੱਚ ਗੁਆਚ ਗਏ।

"ਬੜੀ ਦਾਰੂ ਕੱਢੀ ਯਾਰ ਉਦੋਂ।" ਜੰਗੀਰ ਸਿਹੁੰ ਨੇ ਆਖਿਆ।

"ਕੱਢੀ ਵੀ ਬੜੀ ਤੇ ਪੀਤੀ ਵੀ ਬੜੀ। ਆਹੀ ਗਰਮੀਆਂ ਜਿਹੀਆਂ ਦੇ ਦਿਨ ਸੀ।" ਭਾਨ ਸਿਹੁੰ ਵਿਆਹ ਵਿੱਚ ਪਹੁੰਚ ਗਿਆ। ਮਾਹੌਲ ਰਤਾ ਹਲਕਾ ਹੋਇਆ।

"ਵਿਆਹ ਈ ਬਦਲਗੇ ਭਾਊ! ਮੇਰਾ ਵਿਆਹ ਹੋਇਆ ਸੀ ਨਾ...ਤੂੰ ਵੇਖ ਬਈ ਮੈਂ ਤਾਂ ਸਿੱਕਮ ਫਿਰਦਾ ਸੀ ਉਦੋਂ। ਸਾਡੇ ਬੁੜੀ-ਬੁੜੇ ਨੇ ਆਪੇ ਕਰ 'ਤੀ ਸੀ ਪੱਕ ਠੱਕ। ਹੁਣ ਦੇ ਮੁੰਡੇ ਕੁੜੀਆਂ ਦੇ ਸੌ ਪੰਗੇ। ਤੈਨੂੰ ਹਾਸੇ ਵਾਲੀ ਗੱਲ ਸੁਣਾਉਂਦਾ। ਟੂਬਾ ਵਾਲਾ ਰੇਡੀਓ ਆਇਆ ਸੀ ਸਾਡੇ ਦਾਜ 'ਚ। ਉਹ ਨਾ ਕੇਰਾ ਖਰਾਬ ਹੋ ਗਿਆ। ਮੈਂ ਘੱਲ ਦਿੱਤਾ ਕੋਟ। ਸਾਡੀ ਭੂਆ ਦਾ ਮੁੰਡਾ ਮਕੈਨਕ ਸੀ। ਇੱਥੋ ਕਿਤੇ ਭਾਊ ਬਲਦੇਵ ਸਿਹੁੰ ਕੋਟ ਗਿਆ, ਸ਼ਿਗਾਰੇ ਚਾਚੇ ਦਾ ਮੁੰਡਾ। ਉਹਨੇ ਇਹਨੂੰ ਫੜ੍ਹਾ ਦਿੱਤਾ। ਇਹ ਮੋਹਰਾ ਸਾਈਕਲ ਦੀ ਰੇਲ ਬਣਾ ਦਿੰਦਾ ਸੀ ਜਵਾਨੀ ਪਾਰੇ। ਲੈ ਬਈ ਜਿਉਂ ਤੁਰਿਆ ਉਹ ਕੋਟੋ। ਪਿੰਡ ਆ ਕੇ ਮਾਰੀ ਉਹਨੇ ਬਰੇਕ। ਵਾਜਾ-ਵੂਜਾ ਖਿਲਰਿਆ ਫਿਰਿਆ। ਕਬਾੜ ਕਰਤਾ ਕੇ ਫੜ੍ਹ ਕੇ।"

ਉਹ ਹੱਥਾਂ 'ਤੇ ਹੱਥ ਮਾਰ ਕੇ ਇੰਨੀ ਜ਼ੋਰ ਦੀ ਹੱਸਿਆ ਕਿ ਪਰ੍ਹੇ ਫਿਰਦਾ ਮੇਲੇ ਦਾ ਨਿੱਕਾ ਜਿਹਾ ਮੁੰਡਾ ਵੀ ਉਹਨਾਂ ਵੱਲ ਇਉਂ ਦੇਖਣ ਲੱਗਾ ਜਿਵੇਂ ਹੈਰਾਨ ਹੋਵੇ ਕਿ ਇੱਕ ਪਲ ਪਹਿਲਾਂ ਉਦਾਸ ਬੈਠਾ ਉਹਦਾ ਦਾਦਾ, ਹੁਣ ਅਚਾਨਕ ਇੰਨਾ ਹੱਸ ਕਿਉਂ ਰਿਹਾ ਹੈ। ਉਹ ਹਾਸਿਆ ਪਿੱਛੇ ਜਿਵੇਂ ਕੋਈ ਦੁੱਖ ਲੁਕਾਉਣਾ ਚਾਹੁੰਦਾ ਹੋਵੇ।

"ਸਮਾਂ-ਸਮਾਂ ਸਮਰੱਥ ਆ ਭਾਅ ਮੇਰਿਆ। ਕੀ ਹੋ ਜਾਣਾ। ਕਿੱਧਰ ਤੁਰ ਜਾਣੀ ਗੱਲ ਬੰਦੇ ਨੂੰ ਕੱਖ ਨਹੀਂ ਪਤਾ ਹੁੰਦਾ। ਨਾ ਉਹ ਗੱਲਾਂ ਰਹੀਆਂ ਨਾ ਬੰਦੇ ਰਹੇ। ਸਾਲੇਹਾਰ ਤੇਰੀ, ਤੂੰ ਵੇਂਹਦਾ ਰਿਹਾ ਮਾਂਈ ਧੁੱਪੇ ਰੋਟੀਆਂ ਲਾਹੀ ਜਾਂਦੀ ਹੁੰਦੀ ਸੀ। ਬਾਹਰ ਬੰਦੇ ਵੀ ਲੱਗੇ ਹੋਣੇ। ਵੀਹ-ਵੀਹ ਪ੍ਰਹੁਣੇ ਵੀ ਆਣ ਵੱਜਣੇ। ਗੈਸਾਂ ਕਿੱਥੇ ਹੁੰਦੀਆਂ ਸੀ ਉਦੋਂ। ਹੁਣ ਆਖ ਨਵੀਆਂ ਕੁੜੀਆਂ ਨੂੰ ਦੋ ਜੀਆਂ ਦੀਆਂ ਚਾਰ ਗੁੱਲੀਆਂ ਨਹੀਂ ਪੱਕਦੀਆਂ ਇਹਨਾਂ ਤੋਂ।" ਭਾਨ ਸਿਹੁੰ ਦੇ ਅੰਦਰ ਕੋਈ ਆਪਣੀ ਹੀ ਕਹਾਣੀ ਸੀ।

ਉਹ ਆਪਣੀ-ਆਪਣੀ ਕਹਾਣੀ ਹੀ ਤਾਂ ਜੀ ਰਹੇ ਸਨ।..ਤੇ ਆਪਣੀ-ਆਪਣੀ ਕਹਾਣੀ ਉਦੇੜਦੇ ਜਾਂਦੇ। ਖਿੱਦੋ ਵਾਂਗ। ਵਿੱਚੋਂ ਨਿਕਲਦਾ ਕੁਝ ਨਾ ਸਿਵਾਏ ਲੀਰਾਂ ਦੇ।

"ਨਿਆਣਿਆਂ ਬਦਲੇ ਸਭ ਕੁਝ ਪਿਛੇ ਪਾ ਲਿਆ ਪਰ ਹੁਣ ਅਖੀਰ ਦੀ ਬਾਕੀ ਲੱਗਦਾ ਕੀ ਖੱਟਿਆ ਯਾਰ! ਕਿਸੇ ਝੂਠੇ ਮੂੰਹ ਬਾਤ ਨਹੀਂ ਪੁੱਛੀ।" ਭਾਨ ਸਿਹੁੰ ਦਾ ਗਲਾ ਭਾਰੀ ਹੋ ਗਿਆ। ਭਰੇ ਗਲੇ ਨਾਲ ਉਹਨੇ ਗੱਲ ਦੀ ਤੰਦ ਕਿਸੇ ਹੋਰ ਤੰਦ ਨਾਲ ਜੋੜ ਲਈ।

"ਉਦੋਂ ਕਈ ਹੀਲਾ ਕੀਤਾ ਹੁੰਦਾ ਤਾਂ।" ਸ਼ਾਇਦ ਗੋਪਾਲਾ ਉਹਦੇ ਅਚੇਤ ਵਿੱਚ ਘੁੰਮ ਗਿਆ ਹੋਵੇ।

"ਆਪਾਂ ਨੂੰ ਲੋਕਾ ਚਾਰੀ ਮਾਰੀ ਗਈ। ਰੋਟੀ ਪੱਕਦੀ ਕੀਤੀ ਹੁੰਦੀ ਤਾਂ...! ਕੋਈ ਤੁਰੀ ਫਿਰਦੀ ਦਿਸਦੀ

ਤਾਂ ਵਿਹੜੇ 'ਚ।"

"ਲੈ ਦਿਲ ਕਾਹਨੂੰ ਛੱਡਦਾ ਜੱਟਾਂ। ਫੇਰ ਕਿਹੜੀ ਗੱਲ ਆ। ਨਹੀਂ ਕੋਈ ਪੁੱਛਦਾ ਤਾਂ ਨਹੀਂ ਸੀ। ਭੈਣ ਦੀ...। ਹੁਣ ਮਰ ਥੋੜੀ ਜਾਣਾ ਈ।" ਗਾਹਲ ਕੱਢ ਕੇ ਜੰਗੀਰ ਸਿਹੁੰ ਜਿਵੇਂ ਹੌਲਾ ਹੋ ਗਿਆ ਹੋਵੇ।

"ਦਿਲ ਤਾਂ ਭਾਊ ਕੀ ਛੱਡਣਾ ਹੁਣ। ਹੁਣ ਤਾਂ ਪਤਾ ਨਹੀਂ ਇਹਨੇ ਕਦੋਂ ਫੇਲ ਹੋ ਜਾਣਾ। ਸਰਸਰੀ ਗੱਲ ਕਰਦਾ। ਆਵਦਾ ਚੁੱਲ੍ਹਾ ਬਲਦਾ ਕੀਤਾ ਹੁੰਦਾ ਤਾਂ।" ਭਾਨ ਸਿੰਘ ਦੀਆਂ ਅੱਖਾਂ ਦੇ ਕੋਏ ਨਮ ਹੋ ਗਏ।

ਕਿੰਨੀ ਦੇਰ ਦੋਵੇਂ ਕੁਝ ਨਾ ਬੋਲੇ। ਕੋਈ ਕਹਾਣੀ ਦੋਨਾਂ ਦੇ ਅੰਦਰ ਚੱਲਦੀ ਰਹੀ।

"ਪਾਵਾਂ ਘੁੱਟ ਫੇਰ?" ਜੰਗੀਰ ਸਿਹੁੰ ਨੇ ਗਲਾਸੀ ਵੱਲ ਸੈਨਤ ਮਾਰੀ। ...ਤੇ ਬਿਨਾਂ ਕੋਈ ਜਵਾਬ ਉਡੀਕਿਆਂ ਉਹਨੇ ਪੈੱਗ ਪਾ ਦਿੱਤਾ। ਭਾਨ ਸਿਹੁੰ ਨੇ ਗਲਾਸੀ ਚੁੱਕੀ ਤੇ ਇੱਕੋ ਵਾਰ ਵਿੱਚ ਖਾਲੀ ਕਰ ਦਿੱਤੀ। ਉਹਨੂੰ ਧੁੜਧੁੜੀ ਜਿਹੀ ਆਈ। ਮੂੰਹ ਕੁਸੈਲਾ ਜਿਹਾ ਹੋ ਗਿਆ। ਪਰ ਇਹ ਕੁੜੱਤਣ ਉਹਨੂੰ ਜ਼ਿੰਦਗੀ ਤੋਂ ਵੱਧ ਕੌੜੀ ਨਹੀਂ ਸੀ ਲੱਗੀ। ਨਾ ਹੀ ਉਸ ਇਕੱਲ ਤੋਂ ਵੱਧ ਕੌੜੀ ਸੀ ਜੋ ਉਹਨੇ ਇੰਨੇ ਸਾਲਾਂ ਦੀ ਭੁਗਤੀ ਸੀ।

"ਜ਼ੀਰੇ ਵਾਲੇ ਸੱਚੇ ਨੇ ਆਪਣੇ ਥਾਂ ਭਾਊ !" ਉਹਨੇ ਅੰਦਰ ਡੱਕੀ ਗੱਲ ਬਾਹਰ ਕੱਢ ਦਿੱਤੀ। ਇਹੀ ਗੱਲ ਕਰਨ ਤਾਂ ਉਹ ਅੱਜ ਆਇਆ ਸੀ।

ਜੰਗੀਰ ਸਿਹੁੰ ਗਲਾਸੀ ਹੱਥ ਵਿੱਚ ਫੜ੍ਹੀ ਅਜੇ ਵੀ ਜ਼ਮੀਨ ਵੱਲ ਨਜ਼ਰਾਂ ਗੱਡੀ ਬੈਠਾ ਸੀ। ਭਾਨ ਸਿਹੁੰ ਦੀ ਗੱਲ ਸੁਣ ਕੇ ਉਹ ਤ੍ਰਬਕਿਆ।

"ਯਾਰ ! ਕੀ ਆਂਹਦਾ ਤੂੰ। ਜਵਾਕ ਗਏ ਵਹੁਟੀ ਗਈ। ਘਰ ਈ ਖਤਮ ਹੋਜੂ ਯਾਰ।" ਉਹਨੂੰ ਅੱਚਵੀ ਜਿਹੀ ਮਹਿਸੂਸ ਹੋਈ।

"ਪਰ ਕਾਹਦੇ ਸਿਰ 'ਤੇ ਉਹਨੂੰ ਬਿਠਾ ਛੱਡਗਾ ਇੱਥੇ? ਬੜੀ ਉਮਰ ਪਈ ਭਾਊ ਅਜੇ ਉਹਦੀ। ਮਾਪੇ ਉਹਦੇ ਲਿਜਾਣਾ ਚਾਹੁੰਦੇ ਲਿਜਾਣ ਦੇ। ਕਿਤੇ ਹੋਰ ਬਿਠਾਉਣਾ ਚਾਹੁੰਦੇ ਖੁਸ਼ੀ ਬਿਠਾਉਣ। ਆਪਣੇ ਵੱਲ ਵੇਖ ਲਾ। ਖਾਂਦੇ ਫਿਰਦੇ ਆ ਨਾ ਠੇਡੇ। ਤੂੰ ਅੱਖਾ ਮੀਚ ਗਿਆਂ ਤਾਂ ਫੇਰ ਇਹਨਾਂ ਕੀਹਦੇ ਆਸਰੇ ਕੱਟਣੀ। ਨਾਲੇ ਕਿਸੇ ਦਾ ਮੂੰਹ ਥੋੜ੍ਹੀ ਫੜ੍ਹ ਹੁੰਦਾ , ਲੋਕ ਵੀਹ-ਵੀਹ ਗੱਲਾਂ ਉਡਾਉਂਣਗੇ ਬਈ ਬੁੜਾ ਨੂੰਹ ਰੱਖੀ ਬੈਠਾ ਘਰੇ।" ਭਾਨ ਸਿਹੁੰ ਚੁੱਪ ਹੋ ਗਿਆ। ਜਗੀਰ ਸਿਹੁੰ ਦੇ ਮੂੰਹ ਵੱਲ ਦੇਖਣ ਲੱਗਾ। ਉਹਨੇ ਪੈੱਗ ਅੰਦਰ ਸੁੱਟਿਆ। ਕੌਲੀ ਵਿੱਚੋਂ ਬਚੀ ਹੋਈ ਦਾਲ ਦਾ ਚਮਚਾ ਮੂੰਹ ਵਿੱਚ ਪਾਇਆ।

"ਉਹ ਤਾਂ ਵਰੀਨਾ 'ਡੀਕ ਦੇ ਨੇ ਮੇਲੇ ਦਾ। ਉਦੋਂ ਮਗਰੋਂ ਈ ਕਰਨਗੇ ਕੁਛ।" ਅੰਦਰ ਦੀ ਗੰਢ ਖੁੱਲਣ ਲੱਗੀ ਸੀ।

"ਕਰਾ ਦੇ ਵਰੀਨਾ। ਘੱਲ ਦੇ ਵਹੁੱਟੀ ਨੂੰ। ਕਰਦੇ ਕੋਈ ਬੰਨ੍ਹ-ਸੁਬ ਤਾਂ ਕਰਨ ਦੇ। ਵੱਡਾ ਦਊ ਈ ਤੈਨੂੰ ਟੁੱਕ..ਹੱਸ ਕੇ ਦਏ ਭਾਵੇ ਰੋ ਕੇ। ਉਹ ਜੋ ਕਰਨਗੇ ਸਹੀ ਕਰਨੇ। ਜ਼ਿੰਦਗੀ ਸਾਲੀ ਚਹੁੰ ਕਦਮਾਂ ਦੀ ਵਾਟ ਥੋੜ੍ਹਾ ਭਾਊ। ਇਹ ਪੈਂਡਾ 'ਕੱਲਿਆਂ ਤੋਂ ਥੋੜ੍ਹਾ ਮੁਕਦਾ।"

" ਯਾਰ ਹੁਣ ਤਾਂ ਕੋਈ ਗੋਪਾਲਾ ਵੀ ਹੈਨੀ੍।" ਜੰਗੀਰ ਸਿਹੁੰ ਨੇ ਕਸੀਸ ਜਿਹੀ ਵੱਟੀ।

ਦੋਵਾਂ ਦੀਆਂ ਅੱਖਾਂ ਆਪਸ ਵਿੱਚ ਮਿਲੀਆਂ।

ਕਿੰਨੀ ਹੀ ਦੇਰ ਦੋਵੇਂ ਚੁੱਪ ਬੈਠੇ ਰਹੇ।

"ਚੱਲ ਪਾ ਫੇਰ ਪੈੱਗ। ਸੰਗਰਾਂਦੋਂ ਮਗਰੋਂ ਕਰਾ ਦਿੰਨੇ ਵਰੀਨਾ।"

...ਤੇ ਮੁੜ ਲੰਮੀ ਚੁੱਪ ਦੋਨਾਂ ਵਿਚਾਲੇ ਪਸਰ ਗਈ।

(**ਸੰਪਰਕ- 94632-15168**)

## ਕਹਾਣੀ

# ਲਾਜ

### ਕਮਲ ਸੇਖੋਂ



ਕੁਝ ਦਿਨ ਪਹਿਲਾ ਜਾਗੀ ਆਸ ਦੀ ਕਿਰਨ ਅੱਜ ਫਿਰ ਬੁੱਝ ਗਈ। ਚੁੱਪ ਘਰ ਦੇ ਹਰ ਕੌਨੇ ਵਿਚ ਪਸਰੀ ਪਈ ਆ। ਇਹ ਅੱਜ ਪਹਿਲੀ ਵਾਰ ਨਹੀਂ, ਚੌਥੀ ਵਾਰ ਆ ਜਦੋਂ ਮੇਰੇ ਲਈ ਆਏ ਰਿਸ਼ਤੇ 'ਚੋਂ ਮੁੰਡੇ ਵਾਲਿਆਂ ਨੇ ਨਾ ਕਰ 'ਤੀ।

ਅੱਕੀ ਹੋਈ ਮਾਂ ਨੇ ਰਸੋਈ ਵਿਚ ਰੋਟੀਆਂ ਦੀ ਥਹੀ ਲਾ ਦਿੱਤੀ। ਉਹਨੂੰ ਵੀ ਪਤਾ ਏ ਕਿ ਇਹ ਕਿਸੇ ਨੇ ਨਹੀਂ ਖਾਣੀਆਂ ਪਰ ਫਿਰ ਵੀ ਉਹਨੇ ਰੋਟੀਆਂ ਦਾ ਛਾਬਾ ਭਰ ਦਿੱਤਾ। ਪਾਪਾ ਦੇ ਮੱਥੇ 'ਤੇ ਚਿੰਤਾਂ ਦੀਆਂ ਲਕੀਰਾਂ ਦਿਨੋਂ -ਦਿਨ ਗੂੜੀਆਂ ਹੋਈ ਜਾਂਦੀਆਂ। ਵੀਰਾ ਵੀ ਖਿਝਿਆਂ ਜਿਹਾ ਰਹਿੰਦਾ ਏ ਉਹਨੂੰ ਲੱਗਦਾ ਕਿ ਮੇਰੇ ਪਿੱਛੇ ਉਹਦਾ ਵਿਆਹ ਲੇਟ ਹੋਈ ਜਾਂਦਾ ਏ। ਮਾਂ ਜੋ ਕਹਿ ਦਿੰਦੀ ਹੈ ਕਿ ਧੀ ਤੋਰ ਕੇ ਨੂੰਹ ਲਿਆਉਣੀ ਆ।"

"ਪੰਡਤ ਨੂੰ ਪੁੱਛ ਲਾ ਭੈਣ।"

ਜਦੋਂ ਦੂਜੀ ਵਾਰ ਮੁੰਡੇ ਵਾਲੇ ਨਾਂਹ ਕਰ ਕੇ ਗਏ ਤਾਂ ਮੀਤੋ ਚਾਚੀ ਨੇ ਮਾਂ ਨੂੰ ਪੰਡਤ ਤੋਂ ਪੁੱਛਣ ਦੀ ਸਲਾਹ ਦਿੱਤੀ। ਪੰਡਤ ਨੇ ਟੇਵਾ ਬਣਾ ਦਿੱਤਾ। ਹੁਣ ਤੀਜੇ ਕੁ ਦਿਨ ਮਾਂ ਪੰਡਤ ਕੋਲ ਤੁਰੀ ਰਹਿੰਦੀ। ਉਹਦੇ ਦੱਸੇ ਉਪਾਏ ਕਰਦੀ ਪਰ ਕੋਈ ਫ਼ਰਕ ਨਹੀਂ ਪੈਂਦਾ। ਉਹਨੂੰ ਸਮਝ ਨਹੀਂ ਲੱਗਦੀ ਕਿ ਇਹ ਕੀ ਹੋਈ ਜਾਂਦਾ ਏ? ਪਰ ਮੈਨੂੰ ਪਤਾ ਇਹ ਸਭ ਕਿਉਂ ਹੋ ਰਿਹਾ ਏ।

ਇਹ ਗੱਲ ਮੇਰੇ ਯੂਨੀਵਰਸਿਟੀ ਪੜ੍ਹਨ ਤੋਂ ਸ਼ੁਰੂ ਹੁੰਦੀ ਹੈ। ਮੇਰੇ ਤੋਂ ਸਾਲ ਪਹਿਲਾ ਬਾਹਰਲੇ ਸਰਪੰਚਾਂ ਦੀ ਧੀ ਅਮਰ ਯੂਨੀਵਰਸਿਟੀ ਪੜ੍ਹਨ ਚਲੀ ਗਈ ਸੀ। ਉਹ ਮੇਰੇ ਤੋਂ ਸੀਨੀਅਰ ਸੀ ਪਰ ਸਾਡੀ ਦੋਨਾਂ ਦੀ ਬਣਦੀ ਬਹੁਤ ਸੀ। ਉਹ ਜਦ ਵੀ ਆਉਂਦੀ ਮੈਨੂੰ ਜ਼ਰੂਰ ਮਿਲ ਕੇ ਜਾਂਦੀ। ਉਹਨੂੰ ਵੇਖ ਮੇਰਾ ਵੀ ਜੀਅ ਕਰਿਆ ਕਰੇ ਕਿ ਮੈਂ ਵੀ ਅਗਲੇ ਸਾਲ ਯੂਨੀਵਰਸਿਟੀ ਜਾਊ। ਪਾਪਾ ਨੂੰ ਮੈਂ ਪਹਿਲਾ ਹੀ ਮਨਾ ਲਿਆ ਸੀ। ਪਲੱਸ ਟੂ ਵਿਚ ਚੰਗੇ ਨੰਬਰਾਂ ਨੇ ਮੇਰਾ ਯੂਨੀਵਰਸਿਟੀ ਵਾਲਾ ਰਾਹ ਖੋਲ੍ਹ ਦਿੱਤਾ।

ਯੂਨੀਵਰਸਿਟੀ ਜਾਣ ਦਾ ਚਾਅ ਮੈਥੋਂ ਚੁੱਕਿਆ ਨਾ ਜਾਵੇ। ਸਮਾਨ ਬੰਨ੍ਹਦੀ ਮਾਂ ਨੇ ਢੇਰ ਸਾਰੀਆਂ ਨਸੀਹਤਾਂ ਵੀ ਮੇਰੇ ਪੱਲੇ ਬੰਨ੍ਹ ਦਿੱਤੀਆਂ। ਬਿਸਤਰੇ ਵਿਚ ਜਾਣ ਵੇਲੇ ਤੀਕ ਮਾਂ "ਆਹ ਨਾ ਕਰੀਂ ...ਔਹ ਨਾ ਕਰੀਂ।" ਸਮਝਾਈ ਜਾ ਰਹੀ ਸੀ । ਸਾਡੇ ਪਿੰਡ ਤੋਂ ਬਹੁਤ ਦੂਰ ਸੀ। ਪਾਪਾ ਨੇ ਮੈਨੂੰ ਛੱਡ ਕੇ ਵਾਪਸ ਮੁੜਨਾ ਸੀ ਸੋ ਇਸ ਲਈ ਸਾਰੇ ਜਲਦੀ ਸੌਂ ਗਏ।

ਅਮਰ ਆਪਣੀ ਭੂਆ ਦੀ ਬੇਟੀ ਨਾਲ ਪੀ.ਜੀ ਸ਼ੇਅਰ ਕਰਦੀ ਸੀ। ਉਸਨੇ ਮੈਨੂੰ ਨਾਲ ਵਾਲੀ ਗਲੀ ਵਿਚ ਪੀ. ਜੀ ਲੈ ਦਿੱਤਾ, ਜਿਸ ਵਿਚ ਪਹਿਲਾ ਹੀ ਇੱਕ ਕੁੜੀ ਰਹਿੰਦੀ ਸੀ। ਪਾਪਾ ਸਮਾਨ ਪੀ. ਜੀ. ਵਿਚ ਰਖਾ ਵਾਪਸ ਚਲੇ ਗਏ। ਮੇਰੀ ਰੂਮੇਟ ਕੁੜੀ ਬਹੁਤ ਲੜਾਕੀ ਸੀ। ਮੇਰੀ ਉਹਦੇ ਨਾਲ ਜਵਾ ਨਹੀਂ ਬਣਦੀ ਸੀ। ਸਾਡੇ ਨਾਲ ਵਾਲੇ ਪੀ.ਜੀ ਵਿਚ ਇੱਕ ਖੁਸ਼ੀ ਨਾਂ ਦੀ ਕੁੜੀ ਰਹਿੰਦੀ ਸੀ। ਉਹ ਮੇਰੀ ਕਲਾਸ ਮੇਟ ਸੀ। ਅਸੀਂ 'ਕੱਠੀਆਂ ਹੀ ਯੂਨੀਵਰਸਿਟੀ ਜਾਂਦੀਆ। ਖੁਸ਼ੀ ਵੱਡੇ ਸ਼ਹਿਰ ਦੀ ਬੜੀ ਫੈਸ਼ਨੇਬਲ ਕੁੜੀ ਸੀ। ਮੈਨੂੰ ਉਹ ਚੰਗੀ ਲੱਗਦੀ। ਜਦ ਮੈਂ ਉਸਨੂੰ ਆਪਣੀ ਰੂਮੇਟ ਕੁੜੀ ਬਾਰੇ ਦੱਸਿਆਂ ਤਾਂ ਉਸਨੇ ਆਪਣੇ ਨਾਲ ਰਹਿਣ



ਲਈ ਕਹਿ ਦਿੱਤਾ।'ਅੰਨ੍ਹਾ ਕੀ ਭਾਲੇ ਦੋ ਅੱਖਾਂ ' ...ਮੈਂ ਸਮਾਨ ਚੁੱਕ ਖੁਸ਼ੀ ਵਾਲੇ ਰੂਮ ਵਿਚ ਸ਼ਿਫਟ ਹੋ ਗਈ। ਜਦੋਂ ਅਮਰ ਨੂੰ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ ਹੋਈ।ਉਹ ਖੁਸ਼ੀ ਨੂੰ ਲਾਈਕ ਨਹੀਂ ਕਰਦੀ ਸੀ।

ਖਰਬੂਜਾ, ਖਰਬੂਜੇ ਨੂੰ ਵੇਖ ਕੇ ਰੰਗ ਬਦਲਦਾ ਹੈ।ਮੇਰੇ 'ਤੇ ਵੀ ਖੁਸ਼ੀ ਦਾ ਰੰਗ ਚੜ੍ਹਨ ਲੱਗਾ।ਪਿੰਡ ਮੈਂ ਕਦੇਂ ਪਲਾਜ਼ੋ ਜਾਂ ਪਜਾਮੀ ਪਾ ਕੇ ਨਹੀਂ ਸੀ ਦੇਖੀ ਕਿਉਂਕਿ ਪਾਪਾ ਤੇ ਵੀਰੇ ਨੂੰ ਪਸੰਦ ਨਹੀਂ ਸੀ।ਮੈਂ ਖੁਸ਼ੀ ਦੇ ਜੀਨ -ਟਾਪ ਪਾਉਣ ਲੱਗੀ , ਬਈ ਇਥੇ ਕਿਹੜਾ ਕਿਸੇ ਨੇ ਦੇਖਣਾ ਏ।ਪੜ੍ਹਾਈ ਵੱਲੋਂ ਹੱਟਦਾ ਧਿਆਨ ਫੈਸ਼ਨ ਵੱਲ ਹੋਣ ਲੱਗਾ।ਪੜ੍ਹਾਈ ਪਿੱਛੇ ਪੈਣ ਲੱਗੀ।

ਇੱਕ ਸ਼ਾਮ ਖੁਸ਼ੀ ਇਹ ਕਹਿ ਕੇ ਰੂਮ ਵਿਚ ਨਹੀਂ ਆਈ ਕਿ ਉਸਨੇ ਆਪਣੇ ਬੁਆਏ ਫਰੈਂਡ ਰਾਹੁਲ ਕੋਲ ਰਾਤ ਰਹਿਣਾ ਹੈ।" ਵਿਆਹ ਤੋਂ ਪਹਿਲਾ ਇਹ ਸਭ ਠੀਕ ਨਹੀਂ।" ਮੈਂ ਉਸ ਨੂੰ ਸਮਝਾਉਣਾ ਚਾਹਿਆ।

"ਇੱਕੋ ਲਾਈਫ ਮਿਲਣੀ ਆ ... ਇੰਨਜੁਆਏ ਕਰਨ ਦੇ ਯਾਰ।" ਉਹ ਮੇਰੀ ਗਲ ਥਪਥਪਾਉਂਦੀ ਹੋਈ ਰਾਹੁਲ ਦੀ ਕਾਰ ਵਿਚ ਬਹਿ ਕੇ ਹਵਾ ਹੋ ਗਈ।ਮੇਰੇ ਚੰਗੇ ਸੰਸਕਾਰ ਮੈਨੂੰ ਲਾਹਨਤਾਂ ਪਾਉਣ ਲੱਗੇ।ਮਾਂ ਦੀਆਂ ਨਸੀਹਤਾਂ ਕੰਨਾਂ ਵਿਚ ਗੂੰਜਣ ਲੱਗੀਆਂ।

ਖੁਸ਼ੀ ਨਾਲ ਰਹਿ ਕੇ ਉਹਦੀਆਂ ਬਾਕੀ ਆਦਤਾਂ ਵੀ ਮੇਰੇ ਸਾਹਮਣੇ ਖੁੱਲ੍ਹਣ ਲੱਗੀਆਂ।ਹੁਣ ਉਹ ਮੈਨੂੰ ਚੰਗੀ ਨਾ ਲੱਗਦੀ।ਪਹਿਲੇ ਸੈਮ ਵਿੱਚੋਂ ਆਏ ਘੱਟ ਨੰਬਰਾਂ ਨੇ ਮੈਨੂੰ ਪਾਪਾ ਵੱਲੋਂ ਔਖੀ ਹੋ ਕੇ ਭਰੀ ਫੀਸ ਦਾ ਚੇਤਾ ਕਰਾ ਦਿੱਤਾ।ਮੈਂ ਫਿਰ ਤੋਂ ਪੜ੍ਹਾਈ ਵੱਲ ਧਿਆਨ ਦੇਣ ਲੱਗੀ।ਨਾਲੇ ਅਗਲੇ ਮਹੀਨੇ ਤੋਂ ਖੁਸ਼ੀ ਨਾਲੋਂ ਵੱਖ ਰਹਿਣ ਬਾਰੇ ਸੋਚਣ ਲੱਗੀ ।

ਪੀ. ਜੀ. ਵਾਲੇ ਅੰਕਲ ਆਂਟੀ ਦੋ ਦਿਨਾਂ ਲਈ ਸ਼ਿਮਲੇ ਗਏ ਸੀ। ਪੀ.ਜੀ ਵਿਚ ਮੁੰਡੇ ਅਲਾਊਂਡ ਨਹੀਂ ਸੀ।ਸ਼ਾਮ ਨੂੰ ਜਦੋਂ ਮੈਂ ਲਾਇਬਰੇਰੀ ਤੋਂ ਆਈ ਤਾਂ ਖੁਸ਼ੀ ਰਾਹੁਲ ਤੇ ਰੌਕੀ ਨਾਲ ਬੈਠੀ ਸ਼ਰਾਬ ਪੀ ਰਹੀ ਸੀ।ਸਾਰਾ ਕਮਰਾ ਸ਼ਰਾਬ ਦੀ ਬਦਬੂ ਨਾਲ ਭਰਿਆ ਪਿਆ ਸੀ।ਰੌਕੀ ਨੂੰ ਵੇਖ ਮੇਰਾ ਪਾਰਾ ਹੋਰ ਵੀ ਚੜ੍ਹ ਗਿਆ।ਰੌਕੀ ਅੱਵਲ ਦਰਜੇ ਦਾ ਅਯਾਸ਼ ਤੇ ਨਲਾਇਕ ਹੈ ਕਈ ਵਾਰੀ ਉਹਨੇ ਮੇਰੇ ਨਾਲ ਬਤਮੀਜੀ ਕੀਤੀ

ਹਰ ਵਾਰੀ ਖੁਸ਼ੀ ਵਿਚ ਪੈ ਜਾਂਦੀ। ਉਹਨੂੰ ਵੇਖ ਮੇਰਾ ਸਿਰ ਚੱਕਰਾਉਣ ਲੱਗਾ।

"ਖੁਸ਼ੀ ਇਹ ਸਭ ਕੀ ਆ ?" ਮੈਂ ਗੁੱਸੇ ਨਾਲ ਚੀਕ ਪਈ ।

"ਗੁੱਸੇ ਕਿਉਂ ਹੁੰਨੀਂ ਏ ਮੇਰੀ ਜਾਨ ... ਤੂੰ ਵੀ ਟੇਸਟ ਕਰ ਕੇ ਦੇਖ ... ਸਵਰਗ ਏ ਸਵਰਗ ...।" ਖੁਸ਼ੀ ਨਸ਼ੇ ਵਿਚ ਬੋਲੀਂ ਜਾ ਰਹੀ ਸੀ ।

"ਇਹਨਾਂ ਨੂੰ ਕਹਿ ਛੇਤੀ ਜਾਣ ਇਥੋਂ ।" ਕਹਿ ਕੇ ਮੈਂ ਬਾਹਰ ਬਾਲਕੋਨੀ ਵਿਚ ਆ ਗਈ। ਗੁੱਸੇ ਨਾਲ ਮੇਰਾ ਦਿਮਾਗ ਫੱਟ ਰਿਹਾ ਸੀ। ਨੇੜੇ ਮੀਂਹ ਪਿਆ ਹੋਣ ਕਰਕੇ ਬਾਹਰ ਠੰਢੀ ਹਵਾ ਆ ਰਹੀ ਸੀ। ਠੰਢੀ ਹਵਾ ਵਿਚ ਮੈਂ ਲੰਮੇ-ਲੰਮੇ ਸਾਹ ਲੈਣ ਲੱਗੀ। ਹੁਣ ਤਾਂ ਮੈਂ ਖੁਸ਼ੀ ਨਾਲ ਨਾ ਰਹਿਣ ਦਾ ਪੱਕਾ ਫੈਸਲਾ ਕਰ ਲਿਆ। ਕੱਲ੍ਹ ਹੀ ਅਮਰ ਨਾਲ ਗੱਲ ਕਰੂ।

"ਹਾਏ , ਯਾਰ ਏਦਾਂ ਨਾ ਕਰ ... ਅੰਦਰ ਆ ਜਾ... ਉਹ ਚਲੇ ਈ ਆ।" ਖੁਸ਼ੀ ਮੈਨੂੰ ਮਨਾਉਣ ਲੱਗੀ।

"ਉਹ ਜਾਣ ਫਿਰ ਆਉਂਨੀ ਆ।" ਮੈਂ ਵੀ ਜਿੱਦ 'ਤੇ ਅੜੀ ਰਹੀ ।

ਪੰਜ ਕੁ ਮਿੰਟ ਬਾਅਦ ਕਾਰ ਸਟਾਰਟ ਕਰਨ ਦੀ ਆਵਾਜ਼ ਆਈ ਤੇ ਨਾਲ ਹੀ ਖੁਸ਼ੀ ਬਾਲਕੋਨੀ ਆ ਗਈ। ਮੈਂ ਅੰਦਰ ਆਈ ਤਾਂ ਉਹ ਮੈਨੂੰ ਮਨਾਉਣ ਲਈ ਲਾਡ ਜਿਹੇ ਲਡਾਉਣ ਲੱਗੀ। ਮੈਂ ਬਦਬੂ ਤੋਂ ਪ੍ਰੇਸ਼ਾਨ ਰੂਮ ਸਪਰੇਅ ਕਰਨ ਲੱਗੀ।

"ਇੱਕ ਲਵਲੀ ਜਿਹਾ ਪੈੱਗ ਲਾਉਣਾ ਬਸ , ਤੂੰ ਵੀ ਕੰਪਨੀ ਦੇ।"

ਮੈਂ ਮਨਾ ਕਰ 'ਤਾ ਤਾਂ ਉਹ ਗਲਾਸ ਵਿਚ ਕੋਕ ਪਾ ਕੇ ਲੈ ਆਈ।

"ਏਦਾਂ ਨਈਂ ਯਾਰ, ਕੰਪਨੀ ਤਾਂ ਦੇ।"

ਮੈਨੂੰ ਪਤਾ ਏ ਕਿ ਉਹ ਬਹੁਤ ਜਿੱਦੀ ਆ ਤੇ ਨਸ਼ੇ ਵਿਚ ਵੀ । ਮੈਂ ਕੋਕ ਵਾਲਾ ਗਲਾਸ ਫੜ ਲਿਆ। ਉਹ ਕੋਕ ਵਾਲੇ ਗਲਾਸ ਨਾਲ ਸ਼ਰਾਬ ਵਾਲਾ ਗਲਾਸ ਟਕਰਾ "ਚਿਅਰਜ" ਆਖ ਪੀਣ ਲੱਗੀ। ਮੈਂ ਵੀ ਕੋਕ ਵਾਲੇ ਗਲਾਸ ਨੂੰ ਮੂੰਹ ਲਾਇਆ। ਟੇਸਟ ਥੋੜਾ ਅਜੀਬ ਲੱਗਾ ਪਰ ਫਿਰ ਵੀ ਮੈਂ ਪੀ ਗਈ।

ਜਦੋਂ ਜਾਗ ਆਈ ਤਾਂ ਮੈਂ ਬੈਡ 'ਤੇ ਲੰਮੀ ਪਈ ਸੀ। ਸਿਰ ਬਹੁਤ ਭਾਰੀ-ਭਾਰੀ ਸੀ । ਅੱਖਾਂ ਵੀ ਬੜਾ ਜੋਰ ਲਾ ਕੇ ਖੋਲੀਆਂ। ਉੱਠਣ ਦੀ ਕੋਸ਼ਿਸ਼ ਕੀਤੀ ਤਾਂ ਸਰੀਰ ਨੇ ਸਾਥ ਨਾ ਦਿੱਤਾ। ਪੇਟ ਦਾ ਹੇਠਲੇ ਹਿੱਸੇ ਵਿਚ ਦਰਦ ਹੋਈ ਜਾ ਰਿਹਾ ਸੀ। ਮੈਂ ਕੋਲ ਪਏ ਫੋਨ ਤੋਂ ਟਾਈਮ ਦੇਖਿਆਂ ਤਾਂ ਉਹ ਪੌਣੇ ਨੌਂ ਵਜਾ ਰਿਹਾ ਸੀ। ਮੈਨੂੰ ਲਗਾ ਕਿ ਇਹ ਰਾਤ ਦੇ ਪੌਣੇ ਨੌਂ ਆ ਪਰ ਜਦੋਂ ਪਰਦਿਆ ਵੱਲ ਨਜ਼ਰ ਮਾਰੀ ਤਾਂ ਬਾਹਰ ਚਾਨਣ ਲੱਗਾ। ਸਮਝ ਗਈ ਕਿ ਇਹ ਸਵੇਰ ਦੇ ਨੌਂ ਨੇ। ਮੈਂ ਤਾਂ ਹਮੇਸ਼ਾ ਸਵੇਰੇ ਛੇ ਵਜੇ ਉੱਠ ਜਾਨੀ ਆ ਹੈਰਾਨ ਹਾਂ ਕਿ ਅੱਜ ਮੇਰੀ ਅੱਖ ਏਨੀ ਲੇਟ ਕਿੱਦਾ ਖੁੱਲ੍ਹੀ। ਏਨੇ ਨੂੰ ਖੁਸ਼ੀ ਕਮਰੇ ਵਿਚ ਆਉਂਦੀ ਹੈ ਉਹ ਮੇਰੇ ਵੱਲ ਵੇਖ ਕੇ ਮੁਸਕਰਾਉਂਦੀ ਹੈ।

"ਮੈਂ ਤਾਂ ਦੂਜੇ ਕੱਪੜੇ ਪਾਏ ਸੀ।" ਆਪਣੇ ਨਾਈਟ ਸੂਟ ਪਾਇਆ ਵੇਖ ਮੈਂ ਖੁਸ਼ੀ ਨੂੰ ਪੁੱਛਿਆਂ।

"ਮੈਂ ਚੇਂਜ ਕਰ 'ਤੇ ਸੀ... ਤੂੰ ਤਾਂ ਪਤਾ ਨਈ ਕੀ ਖਾ ਕੇ ਆਈ ਸੀ ਟੱਸ ਤੋਂ ਮੱਸ ਨਾ ਹੋਈ ... ਦਾਰੂ ਤਾਂ ਮੈਂ ਪੀਤੀ ਸੀ ਚੜ੍ਹ ਗੀ ਤੈਨੂੰ ।" ਉਹ ਮਜਾਕੀਆਂ ਅੰਦਾਜ ਵਿਚ ਹੱਸੀ।

ਮੈਂ ਬਿਸਤਰੇ ਵਿੱਚੋਂ ਨਿਕਲ ਕੇ ਵਾਸ਼ਰੂਮ ਵਿਚ ਗਈ ਤਾਂ ਮੈਨੂੰ ਕੁਝ ਵੀ ਸਹੀ ਨਾ ਲੱਗਾ। ਭੱਜ ਕੇ ਵਾਸ਼ਰੂਮ ਵਿਚੋਂ ਬਾਹਰ ਆਈ ।

"ਖੁਸ਼ੀ , ਸੱਚੀ-ਸੱਚੀ ਦੱਸ ਕੀ ਹੋਇਆ ਸੀ ਰਾਤੀ ?" ਅਣਜਾਣੇ ਭੈਅ ਨਾਲ ਮੇਰਾ ਅੰਦਰ ਕੰਬ ਗਿਆ।

"ਦੱਸ ਦੇ ਪਲੀਜ " ਮੈਂ ਰੋਣ ਹਾਕੀ ਹੋਈ ਉਸਦੇ ਤਰਲੇ ਕਰਨ ਲੱਗੀ।

"ਕੁਝ ਨਈਂ ਯਾਰ ।" ਉਹ ਮੇਰੇ ਨੇੜੇ ਹੋਈ ਤਾਂ ਉਹਦੇ ਮੂੰਹ 'ਚੋਂ ਆਉਂਦੀ ਬਦਬੂ ਮੇਰੇ ਸਿਰ ਨੂੰ ਚੜ੍ਹ ਗਈ।

"ਦੱਸ ਦੇ ਪਲੀਜ।" ਆਪ ਮੁਹਾਰੇ ਮੇਰੇ ਦੋਵੇਂ ਹੱਥ ਉਹਦੇ ਅੱਗੇ ਜੁੜ ਗਏ।

"ਤੂੰ ਯਾਰ ਮੰਨਦੀ ਨਈ ਸੀ ... ਰੌਕੀ ਨੇ ਤੇਰੇ ਨਾਲ ਟਾਈਮ ਸਪੈਂਡ ਕਰਨਾ ਸੀ ... ਤੈਨੂੰ ਤਾਂ ਪਤਾ ਏ ਨਾ ਕਿ ਉਹ ਤੈਨੂੰ ਲਾਈਕ ਕਰਦਾ।" ਖੁਸ਼ੀ ਇੱਕੋਂ ਸਾਹ ਹੀ ਬੋਲ ਗਈ ।

"ਰੌਕੀ ਫਿਰ ਆਇਆ ਸੀ ?" ਅਣਜਾਣੇ ਡਰ ਨਾਲ ਮੇਰੀਆਂ ਲੱਤਾਂ ਕੰਬਣ ਲੱਗ ਪਈਆਂ।

"ਯਾਰ ਉਹ ਰਾਤ ਤੇਰੇ ਨਾਲ ਹੀ ਸੀ । ... ਮੈਂ ਤਾਂ ਰਾਹੁਲ ਨਾਲ ਉਹਦੇ ਪੀ. ਜੀ ਚਲੀ ਗਈ ਸੀ।" ਖੁਸ਼ੀ ਦੇ ਬੋਲ ਹਥੌੜੇ ਵਾਂਗੂੰ ਮੇਰੇ ਸਿਰ ਵਿਚ ਵੱਜ ਰਹੇ ਸਨ ।

ਦਿਮਾਗ 'ਤੇ ਜੋਰ ਪਾਉਣ ਨਾਲ ਧੁੰਦਲਾ-ਧੁੰਦਲਾ ਜਿਹਾ ਯਾਦ ਆਉਣ ਲੱਗ ਪਿਆ। ਮੈਂ ਬੇਵੱਸ ਜਿਹੀ ਹੋਕੇ ਸਿਰ ਫੜ੍ਹ ਕੇ ਰੋਣ ਲੱਗੀ। ਭੱਜ ਕੇ ਵਾਸ਼ਰੂਮ ਵਿਚ ਗਈ। ਕੱਪੜੇ ਲਾਹ ਕੇ ਸ਼ਾਵਰ ਨੀਵੇ ਖੜ੍ਹ ਕੇ ਜੋਰ -ਜੋਰ ਦੀ ਸਰੀਰ ਨੂੰ ਮਲਣ ਲੱਗੀ ਜਿਵੇ ਰੌਕੀ ਦੀ ਮੈਲ਼ ਲਾਹ ਰਹੀ ਹੋਵਾ ।ਰੋਂਦੀ -ਰੋਂਦੀ ਕੱਪੜੇ ਪਾ ਕੇ ਬਾਹਰ ਆਈ ਤੇ ਫੋਨ ਚੁੱਕ ਕੇ ਸਿੱਧੀ ਅਮਰ ਕੋਲ ਪਹੁੰਚ ਗਈ। ਸ਼ੁਕਰ ਆ ਅਮਰ ਰੂਮ ਵਿਚ 'ਕੱਲੀ ਹੀ ਸੀ। ਮੇਰੀਆਂ ਸੁੱਜੀਆਂ ਅੱਖਾਂ ਦੇਖ ਅਮਰ ਨੇ ਕਾਰਨ ਪੁੱਛਿਆ।

"ਮੈਨੂੰ ਆਪਣੇ ਰੂਮ ਵਿਚ ਐਡਜਸਟ ਕਰ 'ਲਾ।" ਉਸਦੇ ਸਵਾਲ ਦਾ ਜੁਆਬ ਦਿੱਤੇ ਬਗੈਰ ਮੈਂ ਉਸ ਅੱਗੇ ਆਪਣਾ ਸਵਾਲ ਰੱਖ 'ਤਾ ।

"ਹੋਇਆ ਕੀ ...?" ਅਮਰ ਵਾਰੀ-ਵਾਰੀ ਪੁੱਛੀ ਜਾਵੇ।

"ਖੁਸ਼ੀ ਨਾਲ ਲੜਾਈ ਹੋ ਗੀ , ਮੈਂ ਨਈਂ ਰਹਿਣਾ ਉਹਦੇ ਨਾਲ।" ਮੈਂ ਅਮਰ ਕੋਲੋਂ ਸਾਰੀ ਗੱਲ ਲਕੋ ਲਈ।

"ਮੈਂ ਤਾਂ ਤੈਨੂੰ ਪਹਿਲਾਂ ਹੀ ਸਮਝਾਇਆ ਸੀ ਕਿ ਉਹ ਵਧੀਆ ਕੁੜੀ ਨਈਂ ਆ, ਪਰ ਤੂੰ ... ਚੱਲ ਛੱਡ ... ਆ ਜਾ ...।"

"ਤੂੰ ਚੱਲ ਮੇਰੇ ਨਾਲ ਸਮਾਨ ਚੁੱਕਾਉਣ।" ਮੈਂ 'ਕੱਲੀ ਖੁਸ਼ੀ ਕੋਲ ਜਾਣ ਤੋਂ ਵੀ ਡਰਨ ਲੱਗੀ ।

"ਸਾਰਾ ਸਮਾਨ ਚੁੱਕ ਮੈਂ ਅਮਰ ਵਾਲੇ ਰੂਮ ਵਿਚ ਸ਼ਿਫਟ ਹੋ ਗਈ। ਸਮਾਨ ਸੈਟ ਕਰਦੀ ਦਾ ਵਟਸਐਪ ਦੀ ਟੋਨ ਨੇ ਧਿਆਨ ਖਿੱਚਿਆ। ਫੋਨ ਚੁੱਕ ਕੇ ਦੇਖਿਆ ਤਾਂ ਮੇਰੇ ਉਤਲੇ ਸਾਹ ਉਤੇ ਹੀ ਰਹਿ ਗਏ। ਮੈਂ ਸਿਰ ਫੜ੍ਹ ਕੇ ਰੋਣ ਲੱਗੀ। ਮੈਨੂੰ ਰੋਂਦੀ ਨੂੰ ਵੇਖ ਅਮਰ ਨੇ ਮੇਰੇ ਹੱਥੋਂ ਫੋਨ ਫੜ੍ਹ ਲਿਆ। ਵੇਖ ਕੇ ਉਹ ਵੀ ਪ੍ਰੇਸ਼ਾਨ ਹੋ ਗਈ ।ਫੋਨ ਵਿਚ ਮੇਰੀਆਂ ਤੇ ਰੌਕੀ ਦੀਆਂ ਰਾਤ ਵਾਲੀਆਂ ਫੋਟੋਆ ਸੀ। ਕਾਫੀ ਗੱਲ ਅਮਰ ਬਿਨਾ ਦੱਸੇ ਹੀ ਸਮਝ ਗਈ ਬਾਕੀ ਮੈਂ ਰੋਦਿਆਂ-ਰੋਂਦਿਆਂ ਦੱਸ ਦਿੱਤੀ।

"ਚੱਲ, ਹੁਣ ਰੋ ਨਾ ... ਦੇਖਦੇ ਆ ਕੀ ਕਰਨਾ।" ਉਹਨੇ ਮੈਨੂੰ ਕਲਾਵੇ ਵਿਚ ਲੈ ਕੇ ਹੌਂਸਲਾ ਦਿੱਤਾ।

"ਦੂਜੇ ਦਿਨ ਯੂਨੀਵਰਸਿਟੀ ਗਈ ਤਾਂ ਰੌਕੀ ਰਾਹ ਵਿਚ ਆਪਣੇ ਦੋਸਤਾਂ ਨਾਲ ਖੜ੍ਹਾ ਸੀ। ਮੈਨੂੰ ਵੇਖ ਕੇ ਉੱਚੀ ਸਾਰੀ ਕਹਿੰਦਾ "ਹਾਏ ਸੈਕਸੀ।" ਉਹਦੇ ਲੰਡਰ ਦੋਸਤ ਤਾੜੀਆਂ ਮਾਰ ਕੇ ਹੱਸਣ ਲੱਗੇ।

"ਮੈਨੂੰ ਧਰਤੀ ਵਿਹਲ ਨਾ ਦੇਵੇ ... ਮਰਨ ਹੋ ਗਿਆ ਸੀ ਮੇਰਾ ... ਬਿਨਾ ਕਸੂਰ ਮੈਂ ਗੁਨਾਹਗਾਰ ਹੋ ਗਈ ਸੀ ... ਆਪਣੇ ਆਪ ਤੋਂ ਘਿਣ ਆਈ ਜਾਵੇ। ਉਹਨੀਂ ਪੈਰੀਂ ਮੈਂ ਪਿੱਛੇ ਮੁੜ ਆਈ। ਅਮਰ ਯੂਨੀਵਰਸਿਟੀ ਜਾਣ ਲਈ ਤਿਆਰ ਹੋ ਰਹੀ ਸੀ। ਮੈਂ ਉਹਦੇ ਨਾਲ ਚਿੰਬੜ ਕੇ ਰੋਣ ਲੱਗੀ। ਮੈਂ ਰੋਂਦੀ ਨੇ ਸਾਰੀ ਗੱਲ ਉਹਨੂੰ ਦੱਸ ਦਿੱਤੀ।

ਅਮਰ ਦਾ ਇੱਕ ਭਰਾ ਬਣਿਆ ਹੋਇਆ ਸੀ ਗੁਰਲਾਲ। ਬੜਾ ਬੀਬਾ ਮੁੰਡਾ ਸੀ। ਵਿਦਿਆਰਥੀ

ਯੂਨੀਅਨ ਦਾ ਪ੍ਰਧਾਨ ਹੋਣ ਕਰਕੇ ਯੂਨੀਵਰਸਿਟੀ ਵਿਚ ਉਹਦਾ ਡਰ ਵੀ ਸੀ ਤੇ ਰਿਸਪੈਕਟ ਵੀ। ਅਮਰ ਮੈਨੂੰ ਉਹਦੇ ਕੋਲ ਲੈ ਗਈ। ਮੈਂ ਉਸਨੂੰ ਸਾਰੀ ਗੱਲ ਸੱਚੀ ਸੱਚੀ ਦੱਸ 'ਤੀ। ਮੈਨੂੰ ਨਹੀਂ ਪਤਾ ਗੁਰਲਾਲ ਨੇ ਕੀ ਕੀਤਾ ਉਸ ਤੋਂ ਬਾਅਦ ਮੈਂ ਰੌਕੀ ਦੀ ਸ਼ਕਲ ਤੱਕ ਨਹੀਂ ਦੇਖੀ। ਅਮਰ ਤੋਂ ਪਤਾ ਲੱਗਾ ਕਿ ਗੁਰਲਾਲ ਨੇ ਰੌਕੀ, ਖੁਸ਼ੀ ਤੇ ਰਾਹੁਲ ਹੁਰਾਂ ਦੇ ਫੋਨਾਂ 'ਚੋਂ ਮੇਰੀਆਂ ਫੋਟੋਆਂ ਵੀ ਡਿਲੀਟ ਕਰਾ ਦਿੱਤੀਆ। ਮੈਂ ਸੁੱਖ ਦਾ ਸਾਹ ਲਿਆ। ਹੁਣ ਮੈਂ ਕੁਝ ਨਾਰਮਲ ਰਹਿਣ ਲੱਗੀ। ਜਿਧਰ ਖੁਸ਼ੀ ਹੁੰਦੀ ਉਹ ਰਾਹ ਮੈਂ ਆਪ ਹੀ ਬਦਲ ਲੈਂਦੀ।

ਇੱਕ ਦਿਨ ਖੁਸ਼ੀ ਮੈਨੂੰ ਕੰਟੀਨ ਵਿਚ ਟੱਕਰ ਗਈ। ਮੈਨੂੰ ਵੇਖ ਕੇ ਗਾਹਲਾਂ ਕੱਢਣ ਲੱਗੀ। ਲੱਗਦਾ ਸੀ ਕਿ ਦਿਨੇ ਹੀ ਪੀ ਫਿਰਦੀ ਸੀ। ਮੈਂ ਫੋਨ ਕਰਕੇ ਅਮਰ ਤੇ ਗੁਰਲਾਲ ਨੂੰ ਬੁਲਾ ਲਿਆ। ਗੁਰਲਾਲ ਨੂੰ ਆਉਂਦਾ ਵੇਖ ਖੁਸ਼ੀ ਡਰ ਕੇ ਭੱਜਣ ਲੱਗੀ। ਜਾਂਦੀ-ਜਾਂਦੀ ਕਹੀ ਜਾਵੇ।" ਸਾਲੀਏ ਛੱਡ ਦੀ ਨਈਂ ਤੈਨੂੰ ... ਤੇਰਾ ਉਹ ਹਸ਼ਰ ਕਰੂ ਜੋ ਤੂੰ ਸਾਰੀ ਉਮਰ ਯਾਦ ਰੱਖੇਗੀ।"

"ਸਾਲੀਏ , ਛੱਡਦੀ ਨਈਂ ਤੈਨੂੰ ...।" ਹੁਣ ਤੀਕ ਮੇਰੇ ਕੰਨਾਂ ਵਿਚ ਗੂੰਜਦਾ। ਮੈਨੂੰ ਪਤਾ ਏ ਇਹ ਸਾਰੇ ਕਾਰਨਾਮੇ ਖੁਸ਼ੀ ਤੇ ਰੌਕੀ ਦੇ ਆ ।

ਮਾਂ -ਪਾਪਾ ਦਾ ਦੁੱਖ ਮੈਂ ਸਮਝਦੀ ਹਾਂ। ਕਈ ਵਾਰ ਜੀਅ ਕਰਦਾ ਆ ਕਿ ਮਾਂ ਨੂੰ ਸਾਰੀ ਗੱਲ ਦੱਸ ਦਿਆ ਪਰ ਜੇਰਾ ਕਿੱਥੋਂ ਲਿਆਵਾਂ। ਦੂਜੇ ਦਿਨ ਜਦੋਂ ਅਮਰ ਨੂੰ ਪਤਾ ਲੱਗਾ ਕਿ ਰਿਸ਼ਤੇ ਵਾਲੇ ਨਾਂਹ ਕਰ ਗਏ ਤਾਂ ਉਹ ਭੱਜੀ -ਭੱਜੀ ਘਰ ਆਈ। ਮਾਂ ਕਹਿੰਦੀ।" ਇਹਦੇ ਤਾਂ ਚੰਦਰੀ ਦੇ ਭਾਗ ਹੀ ਠੰਢੇ ਆ।

"ਮੰਨ ਭਾਵੇਂ ਨਾ ਮੰਨ ਇਹ ਸਾਰਾ ਕੀਤਾ ਕਰਾਇਆ ਖੁਸ਼ੀ ਤੇ ਰੌਕੀ ਦਾ ਆ।" ਮੈਂ ਆਪਣਾ ਸ਼ੱਕ ਜਾਹਰ ਕੀਤਾ ।

"ਹੁਣ ਤਾਂ ਮੈਨੂੰ ਵੀ ਏਦਾਂ ਹੀ ਲੱਗਦਾ।" ਅਮਰ ਨੇ ਵੀ ਸਹਿਮਤੀ ਜਤਾਈ ।

"ਕੋਈ ਨਾ ... ਤੂੰ ਟੈਨਸ਼ਨ ਨਾ ਲੈ , ਮੈਂ ਲੱਭਦੀ ਹਾ ਹੱਲ।" ਅਮਰ ਹੌਸਲਾ ਦੇ ਕੇ ਚਲੀ ਗਈ।

ਮਾਂ ਰਸੋਈ ਵਿਚ ਫੋਨ 'ਤੇ ਕਿਸੇ ਨਾਲ ਗੱਲ ਕਰ ਰਹੀ ਸੀ। "ਚਲ , ਮੈਂ ਕਰਦੀ ਆ ਗੱਲ ... ਚੰਗਾ ਫਿਰ।" ਆਖ ਮਾਂ ਨੇ ਫੋਨ ਕੱਟ 'ਤਾ। ਕਈ ਦਿਨਾਂ ਬਾਅਦ ਮਾਂ ਦੇ ਚਿਹਰੇ 'ਤੇ ਖੁਸ਼ੀ ਦੇਖੀ ਸੀ। ਮਾਂ ਰਸੋਈ 'ਚੋਂ ਨਿਕਲ ਕੇ ਆਪਣੇ ਕਮਰੇ ਵੱਲ ਗਈ। ਮੈਂ ਵੀ ਦੱਬੇ ਪੈਰ ਮਾਂ ਦੇ ਪਿੱਛੇ -ਪਿੱਛੇ ਤੁਰ ਪਈ।

"ਸੁਣਦੇ ਹੋ ?" ਮਾਂ ਨੇ ਸੁੱਤੇ ਪਏ ਜਾਂ ਸੋਚੀਂ ਪਏ ਪਾਪਾ ਨੂੰ ਹਲੂਣ ਕੇ ਆਖਿਆ।

"ਹੂੰਅ ...।" ਪਾਪਾ ਨੇ ਮੱਥੇ 'ਤੇ ਰੱਖੀ ਬਾਂਹ ਹਟਾਈ ਬਿਨਾਂ ਹੀ ਕਿਹਾ।

"ਭੈਣ ਦਾ ਫੂਨ ਆਇਆ ਸੀ।" ਮਾਸੀ ਦੇ ਫੋਨ ਬਾਰੇ ਦੱਸਦਿਆਂ ਮਾਂ ਖੁਸ਼ ਨਜ਼ਰ ਆ ਰਹੀ ਸੀ ।

"ਕੀ ਆਂਹਦੀ ?"

"ਬਿੰਦੂ ਲਈ ਮੁੰਡਾ ਦੱਸਦੀ ਸੀ ।"

"ਹੱਛਾ ...।"

"ਆਂਹਦੀ ਮੁੰਡਾ ਜੂਨੀਬਰਸ਼ਟੀ ਪੜ੍ਹਿਆ ਏ ... ਬਿੰਦੂ ਵੇਖੀ ਆ ਉਹਨੇ ... ਉਹਨੂੰ ਕੁੜੀ ਪਸਿੰਦ ਏ। ਮਾਂ ਦੀ ਗੱਲ ਸੁਣ ਕੇ ਪਾਪਾ ਵੀ ਉੱਠ ਕੇ ਬਹਿ ਗਿਆ ।

"ਸਿੱਧਾ ਵਿਆ ਮੰਗਦੇ ਆ ... ਤਾਰੀਖ ਪੁੱਛਦੇ ਸੀ ... ਨਾਲੇ ਉਨਾਂ ਦੀ ਕੋਈ ਮੰਗ ਨੀਂ ... ਘਰ -ਬਾਰ ਭੈਣ ਨੇ ਦੇਖਿਆ... ਭੈਣ ਆਂਹਦੀ ਸੀ , ਬਾਹਲੇ ਦਿਨ ਨਾ ਪਾਇਉ।"

"ਹੱਛਾ , ਕਰਦੇ ਆ ਸਲਾਹ।" ਪਾਪਾ ਦੇ ਮੱਥੇ ਦੀਆਂ ਤਿਊੜੀਆਂ ਵੀ ਘੱਟ ਗਈਆ।

"ਲੈ , ਸਲਾਹ ਕੀ ਕਰਨੀ ਆ ... ਤਿਆਰੀ ਤਾਂ ਆਪਾਂ ਪਹਿਲਾਂ ਦੀ ਕੀਤੀ ਹੋਈ ਆ। ਮੈਂ ਜਾਨੀਂ ਆ ਮੀਤੋਂ ਨਾਲ ਪੰਡਤ ਦੇ, ਅੱਜ ਹੀ ਤਾਰੀਖ ਕਢਾ ਲਿਆਉਂਨੀਆਂ। ਮਾਂ ਅਲਮਾਰੀ 'ਚੋਂ ਕਪੜੇ ਕੱਢ

ਬਾਥਰੂਮ ਵਿਚ ਵੜ ਗਈ ।

ਮਾਂ ਦੀਆਂ ਗੱਲਾਂ ਮੈਨੂੰ ਹੈਰਾਨ ਕਰਨ ਵਾਲੀਆਂ ਸੀ। "ਕੌਣ ਹੋਇਆ ...।" ਮੈਨੂੰ ਕੋਈ ਵੀ ਸਮਝ ਨਾ ਆਵੇ। ਫੋਨ ਚੁੱਕ ਅਮਰ ਨੂੰ ਸਾਰੀ ਗੱਲ ਦੱਸੀ ।

"ਲੈ, ਮਾਸੀ ਕਿਹੜਾ ਤੇਰਾ ਮਾੜਾ ਸੋਚਦੀ ਹੋਊ ? ... ਤੂੰ ਐਵੇਂ ਟੈਂਨਸ਼ਨ ਨਾ ਲੈ ... ਟੈਂਨਸ਼ਨ ਲਵੇਗੀ ਤਾਂ ਫੇਸ 'ਤੇ ਗਲੋ ਨਈਂ ਆਉਣਾ।" ਉਹ ਅੱਗੋ ਹੱਸ ਕੇ ਕਹਿੰਦੀ ।

"ਪੰਦਰਾਂ ਦਸੰਬਰ ਕੱਢੀ ਆ ਪੰਡਤ ਨੇ ...ਸੌਲਾਂ ਨੂੰ ਪੋਹ ਚੜ ਜਾਣਾ ਏ ... ਆਪਾਂ ਪੋਹ 'ਚ ਨਈਂ ਕਰਨਾ।" ਮਾਂ ਪੰਡਤ ਕੋਲੋਂ ਆ ਕੇ ਪਾਪਾ ਤੇ ਵੀਰੇ ਨੂੰ ਦੱਸਣ ਲੱਗੀ ।

"ਤਾਂ ਠੀਕ ਆ ਫਿਰ ...।" ਪਾਪਾ ਨੇ ਹਾਂ ਕੀਤੀ ਤਾਂ "ਠੀਕ ਆ ਪਾਪਾ ...।" ਕਹਿ ਵੀਰੇ ਨੇ ਵੀ ਸਹਿਮਤੀ ਜਤਾ ਦਿੱਤੀ ।

ਪਾਪਾ, ਵੀਰਾ ਤੇ ਚਾਚਾ ਜਾ ਕੇ ਮੁੰਡਾ ਤੇ ਘਰ ਬਾਰ ਵੇਖ ਕੇ 'ਹਾਂ' ਕਰ ਆਏ। ਮੈਤੋਂ ਨਾ ਕੁਝ ਪੁੱਛਿਆ ਗਿਆ ਨਾ ਦਿਖਾਇਆ ਗਿਆ ਤੇ ਨਾ ਹੀ ਮੇਰੇ ਵਿਚ ਕੁਝ ਕਹਿਣ ਦੀ ਹਿੰਮਤ ਆਈ । ਮੈਂ ਤਾਂ ਸਭ ਕੁਝ ਚੁੱਪ ਚਾਪ ਵੇਖੀ ਜਾਨੀਂ ਆ ... ਨਾ ਖੁਸ਼ ਹਾਂ ... ਨਾ ਉਦਾਸ ਹਾਂ ... ਬਸ ਚੁੱਪ ਹਾਂ।

ਮਾਂ-ਪਾਪਾ ਖੁਸ਼ ਹਨ । ਵੀਰਾ ਜਿਹੜਾ ਮੈਨੂੰ ਭੱਜ -ਭੱਜ ਕੇ ਪੈਂਦਾ ਸੀ ਹੁਣ ਭੱਜ- ਭੱਜ ਕੰਮ ਕਰ ਰਿਹਾ ਸੀ। ਅਮਰ ਰੋਜ ਆਉਂਦੀ ਹੈ। ਮੈਨੂੰ ਹਸਾਉਂਦੀ ਹੈ। ਮੇਰੇ ਨਾਲ ਸ਼ਹਿਰ ਲਹਿੰਗਾ ਬੁੱਕ ਕਰਵਾਉਣ ਵੀ ਉਹੀ ਗਈ ।

"ਜਦੋਂ ਭੁਆ ਦੀ ਬੇਟੀ ਗਗਨ ਦਾ ਵਿਆਹ ਸੀ ਥਾਂ ਉਹਦੇ ਘਰ ਵਾਲੇ ਨੇ ਲਹਿੰਗੇ ਨਾਲ ਦੀ ਪੱਗ ਬੰਨੀ ਸੀ ... ਮੇਰੇ ਵਾਲੇ ਨੇ ਤਾਂ ਪੁੱਛਿਆ ਵੀ ਨਈਂ।" ਮੈਂ ਬੁੱਲ ਜਿਹੇ ਟੇਰ ਕੇ ਅਮਰ ਨੂੰ ਕਿਹਾ।

"ਐਵੇਂ ਨਾ ਟੈਂਸ਼ਨ ਲੈ, ਪ੍ਰਹੁਣੇ ਨੇ ਤੇਰੇ ਲਹਿੰਗੇ ਨਾਲ ਦੀ ਪੱਗ ਬੰਨੀ ਆ।" ਵਿਆਹ ਵਾਲੇ ਦਿਨ ਰੀਬਨ ਕਟਾ ਕੇ ਅਮਰ ਮੇਰੇ ਕੋਲ ਭੱਜੀ-ਭੱਜੀ ਆਈ ।

"ਹੈ ਕੌਣ ... ਤੂੰ ਜਾਣਦੀ ਏ ?"

"ਮੈਨੂੰ ਤਾਂ ਮਾਸੀ ਬੁਲਾਉਂਦੀ ਸੀ।" ਮੇਰੇ ਸਵਾਲ ਦਾ ਜੁਆਬ ਦਿੱਤੇ ਬਿਨਾ ਹੀ ਉਹ ਭੱਜ ਗਈ।

ਆਪਣੇ ਪ੍ਰਮਾਤਮਾ 'ਤੇ ਡੋਰੀ ਸੁੱਟ ਧੜਕਦੇ ਮਨ ਨਾਲ ਨੰਦਾਂ 'ਤੇ ਬਹਿ ਗਈ। ਲਾਵਾਂ ਲੈਂਦਿਆ ਮੈਨੂੰ ਆਪਣੇ ਦਿਲ ਦੀ ਧੜਕਣ ਸਾਫ਼ ਸੁਣੀ ਜਾਵੇ। ਆਪਣੇ ਸਾਥੀ ਨੂੰ ਵੇਖਣ ਦੀ ਬੜੀ ਵਾਰ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੀ। ਤੁਰਨ ਵੇਲੇ ਸਭ ਦੇ ਗਲ ਲੱਗ ਕੇ ਬੜਾ ਰੋਈ। ਜਦੋਂ ਅਮਰ ਦੇ ਗਲ ਲੱਗੀ ਤਾ ਉਹ ਮਜ਼ਾਕ ਕਰਨ ਲੱਗੀ।" ਰੋ ਨਾ ਮੇਕਅਪ ਖਰਾਬ ਹੋ ਜਾਣਾ ਏ।"

ਡਰੀ ਸਹਿਮੀ ਜਿਹੀ ਸੁੰਘੜ ਕੇ ਡੋਲੀ ਵਾਲੀ ਕਾਰ ਵਿਚ ਬਹਿ ਗਈ।

"ਠੀਕ ਹੋ ਕੇ ਬਹਿ ਜਾ।" ਨਾਲ ਬੈਠੇ ਸਾਥੀ ਨੇ ਆਖਿਆ ਤਾਂ ਆਵਾਜ਼ ਜਾਣੀ - ਪਹਿਚਾਣੀ ਲੱਗੀ। ਦਿਲ ਦੀ ਧੜਕਣ ਏਨੀ ਤੇਜ ਹੋ ਗਈ, ਦਿਲ ਜਿਵੇ ਸੀਨੇ ਵਿੱਚੋਂ ਬਾਹਰ ਨਿਕਲ ਕੇ ਧੜਕ ਰਿਹਾ ਹੋਵੇ। ਸਾਰੀਆਂ ਸੰਗਾਂ ਸ਼ਰਮਾਂ ਲਾਹ ਕੇ ਮੈਂ ਇਕਦਮ ਉਹਦੇ ਵੱਲ ਵੇਖਦੀ ਹਾਂ।

"ਤੁਸੀਂ।" ਗੁਰਲਾਲ ਨੂੰ ਸਾਥੀ ਦੇ ਰੂਪ ਵਿਚ ਵੇਖ ਕੇ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ।

"ਤੂੰ ਖੁਸ਼ ਆ ?"

"ਹੂੰਅ।" ਆਖ ਮੇਰਾ ਸਿਰ ਗੁਰਲਾਲ ਦੇ ਮੋਢੇ 'ਤੇ ਟਿਕ ਗਿਆ । ...

**ਸੰਪਰਕ**- 78886-85044

ਕਹਾਣੀ

# ਤੀਜਾ ਨਗੌਰੀਆ

**ਹਰਮੇਸ਼ ਮਾਲੜੀ**



ਘਰ ਦੇ ਬਾਰ੍ਹ ਮੂਹਰੇ, ਵੱਡੀ ਨਾਲ਼ੀ ਦੇ ਲਾਗੇ ਡਾਹੀ ਮੰਜੀ 'ਤੇ ਬੈਠੇ ਨਿੰਜੇ ਦੀ ਨਿਗ੍ਹਾ, ਨਾਲ਼ੀ 'ਚ ਵਗਦੇ ਗੰਦੇ ਪਾਣੀ 'ਤੇ ਟਿਕੀ ਹੋਈ ਸੀ। ...ਖ਼ਬਰੇ ! ਓਹ ਕੀ ਵੇਖਦਾ ਸੀ...?....ਲਾਗੋਂ ਦੀ ਲੰਘਦੀਆਂ ਮੋਟਰ ਗੱਡੀਆਂ ਦੇ ਸ਼ੋਰ ਸ਼ਰਾਬੇ ਵੱਲ ਉਹਦਾ ਉੱਕਾ ਹੀ ਧਿਆਨ ਨਹੀਂ ਸੀ।

ਚਾਲ਼ੀ ਪੰਤਾਲੀ ਸਾਲ ਪਹਿਲਾਂ, ਨਿੰਜੇ ਨੇ ਜਦੋਂ ਇੱਥੇ ਕੋਠਾ ਛੱਤਿਆ ਸੀ ਤਾਂ ਘਰ ਦੇ ਦਰਵਾਜੇ ਮੁਹਰਦੀ ਲੰਘਦੀ ਇਹ ਨਾਲ਼ੀ ਉਦੋਂ ਚਾਰ ਪੰਜ ਫੁੱਟ ਚੌੜਾ ਕੱਚਾ ਨਾਲ਼ਾ ਹੁੰਦੀ ਸੀ।... ਪੁਰੇਵਾਲਾਂ ਦੀ ਉੱਚੀ ਪੱਤੀ ਵਾਲੀਆਂ ਸਾਰੀਆਂ ਨਾਲ਼ੀਆਂ ਇਸੇ ਨਾਲ਼ੇ ਵਿੱਚ ਆ ਕੇ 'ਡਿੱਗ ਦੀਆਂ' ਸੀ... ਅੱਗੋਂ, ਨਾਲ਼ਾ ਫਿਰਨੀ ਦੇ ਨਾਲ ਨਾਲ ਦੀ ਹੋ ਕੇ ਲਹਿੰਦੇ ਪਾਸੇ ਵੱਲ ਜਾ ਕੇ ਵੱਡੇ ਛੱਪੜ 'ਚ ਜਾ ਸਮੋਦਾ ਸੀ।... ਕਈ ਸਾਲ, ਨਿੰਜੇ ਹੋਰੀ ਘਰ ਅੰਦਰ ਜਾਣ ਲਈ ਨਾਲੇ 'ਤੇ ਫੱਟੇ ਰੱਖ ਕੇ ਲੰਘਦੇ ਰਹੇ।

ਪਿੰਡ ਦੀ ਬਾਹਰਲੀ ਫਿਰਨੀ ਦੇ ਨਾਲ ਅਤੇ ਵੱਡੇ ਛੱਪੜ ਦੇ ਲਾਗੇ ਹੋਣ ਕਾਰਨ, ਇਧਰਲੇ ਪਾਸੇ ਵਸੋਂ ਘੱਟ ਹੀ ਸੀ...।ਸਭ ਤੋਂ ਪਹਿਲਾਂ, ਇੱਥੇ; ਨਿੰਜੇ ਨੇ ਹੀ ਕੋਠਾ ਛੱਤਿਆ ਸੀ। ਫਿਰ ਹੌਲੀ ਹੌਲੀ ਹੋਰ ਘਰ ਵੀ ਆਣ ਵਸੇ... ਜਦੋਂ ਵਾਹਵਾ 'ਰੌਣਕ' ਹੋ ਗਈ ਤਾਂ ਮਜ਼ਦੂਰਾਂ ਦੀ ਇਸ ਨਵੀਂ ਬਣੀ ਬਸਤੀ ਨੂੰ ਲੋਕੀਂ ਨਿੰਜੇ ਦੀ ਠੱਠੀ ਕਹਿਣ ਲੱਗ ਪਏ। ...ਜਦੋਂ ਕੋਈ ਇਉਂ ਕਹਿੰਦਾ ਤਾਂ ਨਿੰਜੇ ਦੀ ਛਾਤੀ ਗਜ਼ ਚੌੜੀ ਹੋ ਜਾਂਦੀ... ਉਹਨੂੰ ਲੱਗਦਾ ਜਿਵੇਂ ਉਹ ਸਾਰੀ ਠੱਠੀ ਦਾ ਮਾਲਕ ਹੋਵੇ। ...ਜਦੋਂ ਠੱਠੀ ਵਾਲਿਆਂ ਨੇ ਨਿੰਜੇ ਨੂੰ ਪੰਚ ਬਣਾਇਆ ਤਾਂ, ਉਹਨੇ ਸਭ ਤੋਂ ਪਹਿਲਾਂ ਸਰਪੰਚ ਨੂੰ ਕਹਿਕੇ ਇਹੋ ਨਾਲ਼ਾ ਪੱਕਾ ਕਰਾਇਆ ਸੀ। ਜੋ ਹੁਣ ਦੋ ਕੁ ਫੁੱਟ ਚੌੜੀ ਵੱਡੀ ਨਾਲੀ ਬਣ ਗਿਆ ਸੀ। ਨਾਲ਼ਾ ਪੱਕਾ ਹੋਣ ਨਾਲ ਠੱਠੀ ਦੇ ਘਰਾਂ ਅੱਗੇ, ਸੜਕ ਤੋਂ ਉਰ੍ਹਾਂ ਕਰਕੇ ਵਾਹਵਾ ਛੇ ਸੱਤ ਫੁੱਟ ਜਗ੍ਹਾ ਨਿਕਲ ਆਈ ਸੀ... ਜੀਹਨੂੰ ਹਰ ਘਰ ਵਰਤਦਾ ਸੀ... ਇਸੇ ਥਾਂ 'ਤੇ ਡਾਹੀ ਮੰਜੀ 'ਤੇ ਬੈਠਾ ਨਿੰਜਾ... ਨਿਗ੍ਹਾ 'ਗੱਡੀ' ਗੰਦੇ ਪਾਣੀ 'ਚ ਰੀਂਗਦੀਆਂ ਸੁੰਡੀਆਂ ਨੂੰ ਇਕ ਟੱਕ ਵੇਖੀ ਜਾ ਰਿਹਾ ਸੀ...। "ਪਤਾ ਨੀਂ ਇਹ ਸੁੰਡੀਆਂ ਆਉਂਦੀਆਂ ਕਿੱਥੋ...? ... ਹੁਣ ਜਾਣਗੀਆਂ ਕਿੱਥੇ?.. ਛੱਪੜ 'ਚ ਜਾਣਗੀਆਂ ਹੋਰ ਕਿੱਥੇ ਜਾਣਗੀਆਂ" ਉਸ ਆਪੇ ਆਪਣੀ ਜਗਿਆਸਾ ਸ਼ਾਂਤ ਕੀਤੀ।

ਜਿਉਂ ਸਿਆਲ਼ ਚੜ੍ਹਿਆ ਸੀ, ਧੁੱਪ ਨਿਕਲਦਿਆਂ ਹੀ ਘਰ ਦੇ ਨਿੰਜੇ ਦੀ ਮੰਜੀ, ਬੂਹਿਓਂ ਬਾਹਰ ਵੱਡੀ ਨਾਲ਼ੀ ਲਾਗੇ ਡਾਹ ਦਿੰਦੇ। ਚੜ੍ਹਦੇ ਸੂਰਜ ਦਾ ਸਿੱਧਾ ਸੇਕ ਜਿਉਂ ਪੈਂਦਾ ਸੀ... ਬਿਮਾਰ ਬੰਦੇ ਲਈ 'ਨਿਰਾ ਘਿਉ' ਹੁੰਦੀ ਇਹੋ ਜਿਹੀ ਧੁੱਪ...' ਨਾਲੇ ਸੜਕ ਤੋਂ ਲੰਘਦਿਆਂ/ਗੁਜ਼ਰਦਿਆਂ ਉਹਦਾ ਕੋਈ ਯਾਰ ਬੇਲੀ, ਜੇ ਦੋ ਘੜੀਆਂ ਕੋਲ ਖਲੋ ਜਾਂਦਾ ਤਾਂ ਨਿੰਜੇ ਦਾ ਵਾਹਵਾ ਜੀ ਪਰਚਿਆ ਰਹਿੰਦਾ... ਨਈਂ, ਸਾਰੀ ਦਿਹਾੜੀ ਉਹ ਕਦੇ ਬਹਿ ਜਾਂਦਾ ਕਦੇ ਪੈ ਜਾਂਦਾ... 'ਅੰਦਰ' ਜਾਣ ਨੂੰ ਤਾਂ ਉਹਦੀ 'ਵੱਢਿਆਂ ਰੂਹ' ਨੀ ਸੀ ਕਰਦੀ... 'ਹੁਣ ਤਾਂ ਮਾਇਆ ਵੀ ਉਹਨੂੰ 'ਉਹੀ ਗੱਲ' ਕਹਿਣ ਲੱਗ ਪਈ... ਸੀ ਜੋ ਨੂੰਹਆਂ ਪੁੱਤ ਕਹਿੰਦੇ ਸੀ।'

ਕੁਝ ਦਿਨਾਂ ਤੋਂ ਘਰ ਦਾ ਮਾਹੌਲ ਈ ਇੰਝ ਦਾ ਬਣਿਆ ਹੋਇਆ ਸੀ... ਜਿਵੇਂ ਦੋ ਮੁਲਕਾਂ ਦਰਮਿਆਨ

ਠੰਡੀ ਜੰਗ ਚਲ ਰਹੀ ਹੋਵੇ ਤੇ ਇਸ ਜੰਗ ਵਿਚ ਨਿੰਜਾ ਇਕੱਲਾ ਇਕ ਪਾਸੇ ਸੀ। ਓਹਦੀਆਂ ਸਭੇ ਦਲੀਲਾਂ, ਸਲ੍ਹਾਬੇ ਬਾਰੂਦ ਵਾਂਗ ਬੇ ਅਸਰ ਸਨ। ਪਰ ਫਿਰ ਵੀ, ਹਾਰੇ ਹੋਏ ਸਿਪਾਹੀ ਵਾਂਗ ਉਹ ਲੜੀ ਜਾ ਰਿਹਾ ਸੀ। ਇਸ ਜੰਗ ਵਿੱਚ ਉਹਦੀ ਹਾਲਤ ਇਵੇਂ ਸੀ ਜਿਵੇਂ ਕੋਈ ਸਿਪਾਹੀ ਸਾਥੀਆਂ ਨਾਲੋਂ ਵਿਛੜ ਕੇ ਇਕੱਲਾ ਜੰਗਲਾਂ ਵਿੱਚ ਭਟਕ ਗਿਆ... ਤੇ ਉਹਦਾ ਗੋਲੀ ਸਿੱਕਾ ਵੀ ਮੁੱਕ ਗਿਆ। ਅਜਿਹੀ ਬੇਦਿਲੀ ਵਿਚ ਹੀ ਉਹਦੀ ਟਿਕਟਿਕੀ ਨਾਲ਼ੀ 'ਚ ਰੀਂਗਦੀਆਂ ਸੁੰਡੀਆਂ 'ਤੇ ਟਿਕੀ ਹੋਈ ਸੀ... "ਇਹ ਗੰਦੇ ਪਾਣੀ 'ਚ ਜੀਂਦੀਆਂ ਕਿਵੇਂ ਆ? ਮਨ ਵਿਚ ਉਪਜੇ ਨਵੇਂ ਸਵਾਲ ਦਾ ਜਵਾਬ ਲੱਭਣ ਲਈ ਉਸ ਅੱਖਾਂ ਮੁੰਦ ਲਈਆਂ ਤੇ ਚੌਂਕੜਾਂ ਮਾਰ ਕੇ ਉਹ ਮੰਜੀ ਦੇ ਵਿਚਕਾਰ ਇਉਂ ਬਹਿ ਗਿਆ, ਜਿਵੇਂ ਕੋਈ ਤਪੱਸਵੀ ਸਮਾਧੀ ਲਾਈ ਬੈਠਾ ਹੋਵੇ, ...ਪਰ ਮਨ ਉਹਦਾ ਇਕਾਗਰ ਨਹੀਂ ਸੀ ਹੋ ਰਿਹਾ, ਸਗੋਂ ਭਟਕਦੇ ਮਨ ਦੀ ਫਿਰਕੀ ਹੋਰ ਪਾਸੇ ਘੁੰਮ ਗਈ... "ਦੇਖ ਲਾ ਰੱਬ ਦੀ ਲੀਲਾ, ਇਹ ਜੀਵ ਗੰਦ ਵਿੱਚ ਹੀ ਜੂਨ ਗੁਜ਼ਾਰ ਦਿੰਦਾ...। ... ਗੰਦ ਵਿਚ ਹੀ ਜੰਮਦਾ!! ਪਰ ਮਰਦਾ ਕਿੱਦਾ ਹੋਊ?"

ਮਰਨ ਦਾ ਸ਼ਬਦ ਉਹਦੇ ਜ਼ਿਹਨ ਵਿੱਚ ਆਉਂਦਿਆਂ ਹੀ ਉਹਦੀਆਂ ਮੁੰਦ ਅੱਖਾਂ-ਆਪ ਮੁਹਾਰੇ ਸਿੰਮਣ ਲੱਗ ਪਈਆਂ। ਉਹਨੂੰ ਲੱਗਾ, ਜਿਵੇਂ ਉਹ ਵੱਡਾ ਸਾਰਾ ਸੁੰਡ ਹੋਵੇ ਤੇ ਕਿਸੇ ਨੇ ਉਹਨੂੰ ਨਾਲ਼ੀ 'ਚੋਂ ਕੱਢ ਕੇ ਮੰਜੀ 'ਤੇ ਰੱਖ ਦਿੱਤਾ ਹੋਵੇ।

ਦੋਂਹ ਸਾਲਾਂ ਤੋਂ ਉੱਤੇ ਸਮਾਂ ਹੋ ਗਿਆ ਸੀ, ਉਹਦਾ ਚੂਲ਼ਾ ਟੁੱਟੇ ਨੂੰ... ਵਿੰਗਾ ਟੇਡਾ ਜੋੜ ਤਾਂ ਪੈ ਗਿਆ ਸੀ ਪਰ ਉਹ ਮੁੜ ਪਹਿਲਾਂ ਵਾਲੀ ਤੋਰ ਨਾ ਤੁਰ ਸਕਿਆ। ਛੇ ਮਹੀਨੇ ਤਾਂ ਉਹ ਮੰਜੇ ਤੋਂ ਉੱਠ ਈ ਨਹੀਂ ਸੀ ਸਕਿਆ, ਹੁਣ ਵਾਕਰ (ਸਟੈਂਡ) ਦੇ ਸਹਾਰੇ ਉਹ 'ਬਾਹਰ ਅੰਦਰ' ਜਾਣ ਜੋਗਾ ਤਾਂ ਹੋ ਗਿਆ ਸੀ, ਪਰ ਦੋਂਹ ਸਾਲਾਂ ਦੀ ਜਹਿਮਤ ਨੇ ਕਈ ਹੋਰ ਬਿਮਾਰੀਆਂ ਵੀ ਜਾਹਰ ਕਰ ਦਿੱਤੀਆਂ ਸੀ, ਉਹਦਾ ਸਾਹ 'ਫੁੱਲਣ' ਲੱਗ ਪਿਆ ਸੀ... ਘਰੜ ਘਰੜ ਕਰਦੀ ਛਾਤੀ ਕਿਸੇ ਗੰਭੀਰ ਮਰਜ਼ ਦੇ ਸੰਕੇਤ ਦੇ ਰਹੀ ਸੀ... ਉੱਤੋਂ ਘਰ ਦਿਆਂ ਦੀ ਬੇਧਿਆਨੀ ਨੇ ਉਹਦਾ ਮਨ ਪੱਛਿਆ ਹੋਇਆ ਸੀ। ਉਹਦੇ ਮਨ ਵਿਚ ਆਪੇ ਉਬਾਲ ਉੱਠਦਾ "ਇਉਂ ਬੈਠਿਆਂ ਤਾਂ ਮੈਂ ਊਂ ਜੁੜ ਜਾਣਾ... ਬੰਦੇ ਦੀ ਕਦਰ ਅਰੋਗ ਸਰੀਰ ਨਾਲ ਈ ਆ, ਰੋਗੀ ਨੂੰ ਕੌਣ ਪੁੱਛਦਾ।"

ਅੱਜ ਜਿਉਂ ਹੀ ਸੂਰਜ ਨੇ ਲਿਸ਼ਕੋਰ ਮਾਰੀ, ਤਾਂ ਨਿੰਜੇ ਨੇ ਵਾਕਰ ਨੂੰ ਮਜ਼ਬੂਤ ਕਰਕੇ ਹੱਥ ਪਾ ਲਏ... "ਇਉਂ ਢੇਰੀ ਢਾਇਆ ਨੀਂ ਸਰਨਾ ਨਿੰਜਿਆਂ...।" ਉਸਨੇ ਆਪਣੇ ਆਪ ਨੂੰ ਥਾਪੜਾ ਦਿੱਤਾ। ਵਾਕਰ ਦੀ ਟਿੱਕ-ਟਿੱਕ ਟਿੱਪ ਟਿੱਪ ਪਹਿਲਾਂ ਕਈ ਵਾਰ ਅੰਦਰੇਂ ਹੀ ਹੋਈ, ਜਦੋਂ ਟਿੱਕ ਟਿੱਕ ਟਿੱਪ ਟਿੱਪ ਕਮਰਿਓਂ ਬਾਹਰ ਵਿਹੜੇ ਵਿੱਚ ਹੋਣ ਲੱਗੀ ਤਾਂ ਵੱਡੀ ਨੂੰਹ ਨੇ ਵਗਾਤਾ ਬੋਲ ਮਾਰਿਆ "ਕਿੱਥੇ ਚੱਲਿਐ?"

ਨਿੰਜੇ ਨੂੰ ਲੱਗਾ ਜਿਵੇਂ ਕਿਸੇ ਨੇ ਉਹਦੇ ਮੱਥੇ ਵਿੱਚ ਇੱਟ ਮਾਰੀ ਹੋਵੇ। "ਹੁਣ ਅੰਦਰੇ ਪੈ ਕੇ ਜੁੜ ਜਾਵਾਂ... ਕਿਤੇ ਤੁਰਾਂ ਫਿਰਾਂ ਨਾ।" ਨਿੰਜਾ ਵੀ ਖਿਝਕੇ ਬੋਲਿਆ।"

"ਜੇ ਫੇਰ ਡਿੱਗ ਡੁਗ ਪਿਆ ਤਾਂ ਸਾਥੋਂ ਨੀ ਗੂੰਹ ਮੂਤ ਧੋਤਾ ਜਾਣਾ... ਆਹੋ!"

"ਨਾ ਧੋਈਂ ਤੂੰ... ਹੈਂ! ਲੋਹੜਾ ਆ ਗਿਆ ਓਏ... ਮੈਂ ਸਾਰੀ ਉਮਰ ਐਂਵੇ, ਇਹਨਾਂ ਲਈ ਭੱਸੜ ਭਨਾਉਂਦਾ ਰਿਹਾ...।"

"ਕਾਹਦੇ ਭੱਸੜ ਭਣਾਏ ਤੂੰ... ਤੂੰ ਤਾਂ ਸ਼ੌਂਕ ਪੂਰੇ ਕੀਤੇ... ਸਾਰੀ ਉਮਰ ਸ਼ੌਂਕ, ਸਾਡੇ ਲਈ ਤੂੰ ਕੀ ਸੋਚਿਆ? ...ਉਹਦਾ ਮੁੰਡਾ ਬਿੰਦਰ ਵੀ ਕਮਰਿਓਂ ਬਾਹਰ ਆ ਗਿਆ।

"ਅੱਛਾ! ...ਤੁਸੀਂ ਕਿੱਦਾਂ ਪਲ਼ ਗਏ ਫੇਰ? ...ਹੈਂ ਹੱਦ ਹੋਗੀ"।

"ਭਾਪਾ ਐਂਵੇ ਮੂੰਹ ਨਾ ਖ਼ੁਲਾ ਮੇਰਾ... ਕੀ ਸੀ... ਇਥੇ? ਪੁਰਾਣੇ ਖੂਹ ਦੀਆਂ ਇੱਟਾਂ ਦਾ ਇੱਕ ਕੋਠੜਾ!

ਸਾਰੀ ਉਮਰ 'ਚ ਇਹੋ ਛੱਤਿਆ ਸੀ, ਹੋਰ ਕੀ ਕੀਤਾ ਤੂੰ... ਗੱਲਾਂ ਕਰਦੈ...।" ਬਿੰਦਰ ਤਾਂ ਆਪਣੀ ਵਹੁੱਟੀ ਨਾਲੋਂ ਵੀ ਤਪਿਆ ਹੋਇਆ ਸੀ।

ਬਿੰਦਰ ਸਰੀਏ ਦੇ ਜਾਲ ਬੰਨ੍ਹਣ ਦਾ ਕੰਮ ਕਰਦਾ ਸੀ, ਕੰਮ ਉਹਦਾ ਵਾਹਵਾ ਚੱਲ ਪਿਆ ਸੀ। ਤਿੰਨ ਚਾਰ ਸਿਖਾਂਦਰੂ ਮੁੰਡੇ ਉਸ ਨਾਲ ਰੱਖੇ ਹੋਏ ਸੀ। ਆਪ ਵੀ ਉਹ ਕੰਮ ਦਾ ਚੰਗਾ ਕਰਿੰਦਾ ਤੇ ਸੁਭਾਅ ਦਾ ਸੂਮ ਸੀ। ਸੂਮ ਕਰਕੇ ਹੀ ਓਸ ਕੁਝ ਪੈਸੇ ਜੋੜ ਕੇ ਘਰ ਦੇ ਪਿਛਵਾੜ ਹੀ ਇਕ ਚੋਂਹ ਮਰਲਿਆਂ ਦਾ ਪਲਾਟ ਖਰੀਦਿਆ ਸੀ, ਜਿਹੜਾ ਛੋਟੇ ਭਰਾ ਪੰਮੇ ਨੂੰ ਦੇ ਕੇ ਸੜ੍ਹਕ ਵਾਲਾ ਇਹ ਜੱਦੀ ਘਰ ਉਸ ਆਪ ਰੱਖ ਲਿਆ ਸੀ। ਪੁਰਾਣੇ ਘਰ ਦੀ ਸਾਰੀ ਛਤੌਂਤ ਢਾਹ ਕੇ ਬਿੰਦਰ ਨੇ, ਨਵੇਂ ਕਮਰੇ ਪਾ ਲਏ ਸੀ। ਰਿਸ਼ਤੇਦਾਰਾਂ ਤੇ ਆਂਢ-ਗੁਆਂਡ ਵਿਚ ਬਿੰਦਰ ਦੀ ਪ੍ਰਸੰਸਾ ਸੀ।... ਨਿੰਜਾ ਪੂਰੇ ਮਜੇ 'ਚ ਸੀ ਉਹਦੇ 'ਲੈਕ ਪੁੱਤਾਂ ਨੇ ਉਹਦੀ ਕਬੀਲਦਾਰੀ ਚੱਕ ਲਈ ਸੀ... ਉਹਦੀ 'ਫੁਲਵਾੜੀ' ਵੱਧ ਫੁਲ ਰਹੀ ਸੀ।

... ਪਰ ਜਦੋਂ ਦਾ ਬਿੰਦਰ, ਘਰ ਦਾ ਕਾਰ ਮੁਖਤਿਆਰ ਬਣਿਆ ਸੀ। ਘਰ ਵਿਚ ਨਿੰਜੇ ਦੀ ਹੋਂਦ, ਅਣਹੋਂਦ ਵਰਗੀ ਸੀ... ਬਿੰਦਰ ਗੱਲ ਗੱਲ 'ਤੇ ਉਹਨੂੰ 'ਤੂੰ ਕੀਤਾ ਕੀ?..' ਦੇ ਮਿਹਣੇ ਦੇਣ ਲੱਗ ਪਿਆ ਸੀ। ਘਰ ਦੇ ਬਾਕੀ ਜੀਅ ਵੀ ਬਿੰਦਰ ਨਾਲ ਸਹਿਮਤ ਸਨ। ਨਿੰਜੇ ਕੋਲ ਇਹਦਾ ਕੋਈ ਜਵਾਬ ਨਹੀਂ ਸੀ... ਅੱਜ ਤੇ ਉਹ ਰੋਣ ਹੱਕਾ ਹੋ ਗਿਆ ਸੀ... "ਦੱਸ ਮੈਂ ਕਿਥੇ ਦੌੜਾਂ 'ਲੌਣ ਚੱਲਿਆ।"

"ਆਹੋ ਲਾ ਲਾ ਦੌੜਾਂ 'ਬਖ਼ਤ ਸਾਡੇ 'ਭਾਅ ਦਾ...!' ਬਿੰਦਰ ਦੀ ਵਹੁੱਟੀ ਪਹਿਲਾਂ ਤੋਂ ਵੀ ਉੱਚੀ ਬੋਲੀ।

"ਬਿੰਦਰਾ... ਬੰਦਾ ਪੁੱਤਾਂ ਧੀਆਂ ਨੂੰ...।" ਨਿੰਜੇ ਤੋਂ ਗੱਲ ਪੂਰੀ ਨਾ ਹੋਈ ਉਹਦਾ ਗਲ ਭਰ ਆਇਆ।

"ਭਾਪਾ ਫੇ ਤੈਨੂੰ ਵੀ ਸਮਝ ਚਾਹੀਦੀ ਆ... ਅੱਗੇ ਤੂੰ ਸ਼ਰਾਬ ਪੀ ਕੇ ਚੂਲ਼ਾ ਤੁੜਾ ਲਿਆ... ਸਾਹ ਤੇਰਾ ਨਿਕਲਦਾ ਨੀਂ... ਲੋਕਾਂ ਨੇ ਕਹਿਣਾ ਖਨੀਂ ਮੁੰਡੇ ਨੀ ਸਾਂਭਦੇ।"

"ਪਤਾ ਮੈਨੂੰ ਜਿੰਨਾਂ ਕੁ ਸਾਂਭਦੇ ਤੁਸੀਂ ਮੈਨੂੰ...।"

"ਰੋਟੀ ਪਾਣੀ ਤਾਂ ਹੁਣ ਦੇਈ ਜਾਨੇ ਆਂ ਹੋਰ ਕੀ ਕਰੀਏ?" ਬਿੰਦਰ ਦੀ ਵਹੁੱਟੀ ਨਿੰਜੇ ਦੀ ਗੱਲ ਵਿੱਚੋਂ ਟੋਕ ਕੇ ਬੋਲੀ।

"ਕੁੜੇ ਤੂੰ ਕਾਹਤੋਂ ਖਿੱਝਦੀ ਆਂ।" ਮਾਇਆਂ ਨੇ ਨੂੰਹ ਨੂੰ ਚੁੱਪ ਕਰਾ ਕੇ ਆਪ ਮੋਰਚਾ ਸਾਂਭ ਲਿਆ... "ਬਿੰਦਰ ਦੇ ਭਾਪਾ, ਹੁਣ ਤਾਂ ਮਨ ਆਈਆਂ ਕਰਨੋਂ ਹੱਟ ਜਾਹ... ਕਿਉਂ ਸਾਡਾ ਲਹੂ ਪੀਤਾ...।"

ਨਿੰਜੇ ਦੇ ਮਨ ਵਿੱਚ ਆਇਆ ਬਈ, ਵਾਕਰ ਚੁੱਕ ਕੇ, ਮਾਇਆ ਦੇ ਸਿਰ 'ਚ ਮਾਰਾਂ... ਪਰ ਉਹ ਕਚੀਸ ਵੱਟ ਗਿਆ। ਨਿੰਜੇ ਨੂੰ ਚੁੱਪ ਵੇਖ ਕੇ ਮਾਇਆ ਨੇ ਪੈਂਤੜਾ ਬਦਲਿਆ "ਕੁੜੇ ਤੈਨੂੰ ਕਿੰਨੀ ਵਾਰੀ ਕਿਹਾ ਵੀ ਇਸ ਹਾਲਤ ਵਿੱਚ ਖਿਝੀ ਦਾ ਨਹੀਂ ਹੁੰਦਾ... ਅੱਛਾ, ਇਹਦਾ ਕੀ ਆ... ਇਹ ਤਾਂ ਹੁਣ ਪੱਕਾ ਫ਼ਲ ਆ... ਤੇ ਤੂੰ ਸੁਖ ਨਾਲ...।" ਅਗਲੀ ਗੱਲ ਮਾਇਆ ਨਿੰਜੇ ਦੀ ਹਾਜ਼ਰੀ ਕਾਰਨ ਮੂੰਹ 'ਚ ਹੀ ਘੁੱਟ ਗਈ।

ਅਸਲ 'ਚ ਬਿੰਦਰ ਦੇ ਘਰਵਾਲੀ ਨੂੰ 'ਆਖਰੀ ਮਹੀਨਾ' ਲੱਗਾ ਹੋਇਆ ਸੀ। ਪਹਿਲੀ ਕੁੜੀ ਸੱਤਾਂ ਅੱਠਾਂ ਸਾਲਾਂ ਦੀ ਹੋ ਚੱਲੀ ਸੀ... ਮਸੀਂ ਕਿਤੇ ਰੱਬ ਨੇ ਸੁਣੀ ਸੀ। ਸਾਰੇ ਜੀਅ ਅਰਜੋਈਆਂ ਕਰਦੇ ਸੀ ਬਈ ਐਤਕੀ ਜੇ ਕਿਤੇ ਰੱਬ 'ਚੰਗਾ ਜੀਅ' ਦੇ ਦੇਵੇ ਤਾਂ ਸਾਰੀਆਂ ਕਮੀਆਂ ਪੂਰੀਆਂ ਹੋ ਜਾਣ...।

ਨਿੰਜਾ ਵੀ ਸ਼ਾਇਦ ਇਹੋ ਸੋਚ ਕੇ ਚੁੱਪ ਕਰ ਗਿਆ ਸੀ, ਪਰ ਪੱਕੇ ਫ਼ਲ ਵਾਲੀ ਗੱਲ ਮਾਇਆ ਦੇ ਮੂੰਹੋਂ ਸੁਣਕੇ, ਉਹਦਾ ਦਿਲ 'ਚੀਰਿਆ' ਗਿਆ।' ...ਵਿਹੜੇ ਦੇ ਐਨ ਵਿਚਕਾਰ ਵਾਕਰ ਦੇ ਸਹਾਰੇ ਖੜ੍ਹੇ ਨਿੰਜੇ ਨੂੰ ਇਕ ਪਲ ਵੀ ਖੜ੍ਹਨਾ ਔਖਾ ਹੋ ਗਿਆ... ਉਹਨੂੰ ਸਮਝ ਨਹੀਂ ਸੀ ਆ ਰਿਹਾ... ਬਈ ਅੰਦਰ ਚਲਿਆ

ਜਾਵਾਂ ਕਿ ਬਾਹਰ ਨਿਕਲ ਜਾਵਾਂ।"

ਸ਼ਰਾਬ ਪੀਣ ਦੀ ਲਤ ਤਾਂ ਨਿੰਜੇ ਨੂੰ ਜਵਾਨੀ ਵੇਲੇ ਤੋਂ ਲੱਗ ਗਈ ਸੀ... ਵਿਰਸੇ ਲੰਬੜ ਦੇ ਖੂਹ 'ਤੇ ਲੰਬੜਾਂ ਦੀ ਸ਼ਰਾਬ ਕੱਢਦਿਆਂ ਉਹ 'ਮਾਹਰ' ਬਣ ਗਿਆ ਸੀ।... ਦਿਨ ਭਰ ਕੰਮ ਕਰਦਿਆਂ ਉਹ ਊਰੀ ਵਾਂਗ 'ਘੁੰਮਦਾ' ਸੀ ਨਾ ਕੰਮ ਤੋਂ ਅੱਕਦਾ ਸੀ ਨਾ ਥੱਕਦਾ ਸੀ... ਤੇ ਸ਼ਾਮ ਨੂੰ ਦੋ ਹਾੜੇ ਲਾ ਕੇ ਸਰੂਰ ਲੈਣਾ... ਉਹ ਨੂੰ ਭਰਪੂਰਤਾ ਨਾਲ ਜ਼ਿੰਦਗੀ ਜਿਊਣ ਦਾ ਸਲੀਕਾ ਲੱਗਦਾ ਸੀ...।"ਐਂ ਤਾਂ ਜ਼ਿੰਦਗੀ 'ਚ ਨਜ਼ਾਰੇ ਆ ਕਿ...।" ਇਹ ਟੋਟਕਾ ਉਹ ਅਕਸਰ ਬੋਲਦਾ। ਬਸ, ਆਪਣੇ ਇੰਨੇ ਕੁ ਸੰਸਾਰ 'ਚ ਸਿਮਟਿਆ ਉਹ ਖੁਸ਼ ਸੀ... ਅਤੀ ਖੁਸ਼...।... ਪਰ ਹੁਣ ਉਹਦੇ ਜੀਅ ਨੂੰ ਉਹਦੀਆਂ ਇਹੋ ਆਦਤਾਂ ਮਨ ਆਈਆਂ ਲੱਗਦੀਆਂ ਸਨ।

ਵਾਕਰ ਦੇ ਸਹਾਰੇ ਵਿਹੜੇ 'ਚ ਬੁੱਤ ਬਣਿਆ ਖੜ੍ਹਾ ਨਿੰਜਾ ਅਜੇ ਵੀ ਸ਼ਸ਼ੋਪੰਜ ਵਿੱਚ ਸੀ।ਅੰਦਰੋਂ ਮੰਜੀ ਚੱਕੀ ਲਿਆਉਂਦੇ ਬਿੰਦਰ ਨੇ ਉਹਨੂੰ ਸੈਨਤ ਮਾਰੀ, ਜਿਵੇਂ ਕਹਿ ਰਿਹਾ ਹੋਵੇ।"ਆਜਾ ਹੁਣ, ਛੱਡਦੇ ਸਾਡੀ ਜਾਨ।" ...ਤੇ ਨਿੰਜਾ, ਸੰਗਲ ਤੋਂ ਫੜੇ ਪਸ਼ੂ ਵਾਂਗ ਟਿੱਕ-ਟਿੱਕ ਟਿੱਪ-ਟਿੱਪ ਕਰਦਾ ਬਾਹਰਲੇ ਬੂਹੇ ਵੱਲ ਤੁਰ ਪਿਆ...।"ਲੈ ਆਈਥੋਂ ਸਾਰੀ ਦੁਨੀਆਂ ਲੰਘਦੀ ਆ... ਦੇਖੀ ਜਾ... ਸੜਕਾਂ 'ਤੇ ਡਿਸਕੋ ਜ਼ਰੂਰ ਕਰਨੀ ਆ...।" ਬਿੰਦਰ ਕਾਹਲੀ ਨਾਲ ਮੰਜੀ ਡਾਹ ਕੇ ਅੰਦਰ ਚਲਾ ਗਿਆ।ਆਵਾਜ਼ਾਰੀ ਜਿਹੀ ਵਿੱਚ ਨਿੰਜਾ ਕਿੰਨੀ ਦੇਰ ਤਾਈਂ ਗੁੰਮ ਸੁੰਮ ਜਿਹਾ ਬੈਠਾ ਰਿਹਾ ਤੇ... ਫੇਰ ਪਤਾ ਨੀਂ ਕਦੋਂ ਉਹ ਦੀ ਨਿਗ੍ਹਾ ਰੀਂਗਦੀਆਂ ਸੁੰਡੀਆਂ 'ਤੇ ਜਾ ਟਿਕੀ... ਤੇ ਹੁਣ ਉਹ ਅੱਖਾਂ ਮੁੰਦ ਕੇ ਮੰਜੀ 'ਤੇ ਬੈਠਾ ਸੀ... ਜਿਵੇਂ ਰਾਹ ਜਾਂਦੇ ਲੋਕਾਂ ਨੂੰ ਦੇਖਣ ਬੁਲਾਉਣ ਦੀ ਉਹਦੀ ਇੱਛਾ ਹੀ ਮੁੱਕ ਗਈ ਹੋਵੇ।

"ਕਿਵੇਂ ਆ ਨਗੌਰੀਆਂ... ਭਗਤੀ ਕਰਦਾ?" ਕੋਲੋਂ ਦੀ ਲੰਘੇ ਕਿਸੇ ਜਾਣੂੰ ਨੇ ਉਹਦੇ ਵਾਧੂ ਨਾਂਅ ਨਾਲ ਉਹਨੂੰ ਬੁਲਾਇਆ। ਨਿੰਜੇ ਨੇ ਸਹਿਜ ਨਾਲ ਅੱਖਾਂ ਖੋਲ੍ਹੀਆਂ ਜਿਵੇਂ ਸਮਾਧੀ ਤੋਂ ਜਾਗਿਆ ਹੋਵੇ। ਕੋਲੋਂ ਦੀ ਸਾਈਕਲ 'ਤੇ ਲੰਘੇ ਤੇਜੇ ਨੂੰ ਉਸ ਆਵਾਜ਼ ਤੋਂ ਹੀ ਪਛਾਣ ਲਿਆ ਸੀ... ਉਹਦੇ ਮਨ ਵਿਚ ਆਇਆਂ ਬਈ ਉੱਚੀ 'ਵਾਜ ਮਾਰ ਕੇ ਤੇਜੇ ਨੂੰ ਰੋਕਾਂ... ਪਰ ਤੇਜਾ ਕਾਫੀ ਅਗਾਂਹ ਲੰਘ ਗਿਆ ਸੀ।... ਤੇਜਾ, ਅੱਖਾਂ ਤੋਂ ਓਝਲ ਹੋ ਗਿਆ ਸੀ... ਪਰ 'ਨਗੌਰੀਆ' ਸ਼ਬਦ ਨਿੰਜੇ ਦੀ ਸਿਮਰਤੀ 'ਚ ਅਟਕ ਗਿਆ ਸੀ।

ਇਹ ਨਾਂਅ ਉਹਨੂੰ ਵਿਰਸਾ ਸਿਹੁੰ ਲੰਬੜ ਨੇ ਦਿੱਤਾ ਸੀ...।ਵਿਰਸੇ ਲੰਬੜ ਦੀ ਨਗੌਰੀਏ ਬਲਦਾਂ ਦੀ ਜੋੜੀ ਪਿੰਡ 'ਚ ਮਸ਼ਹੂਰ ਸੀ...।'ਆਂਢ੍ਹੇ ਇਕ ਵਾਰੀ ਲੰਬੜਦਾਰਨੀ ਬਸੰਤ ਕੌਰ ਦੀ ਨੱਥ ਖੂਹ 'ਚ ਡਿੱਗ ਪਈ ਸੀ। ਨਗੌਰੀਆ ਜੋਗ ਨੇ ਇੱਕੋ ਜੋਤੇ 'ਚ ਖੂਹ ਦਾ ਸਾਰਾ ਪਾਣੀ ਬਾਹਰ ਕੱਢ ਮਾਰਿਆ, ਗਾਧੀ 'ਤੇ ਬੈਠਾ ਨਿੰਜਾ ਪਰਨਾ ਘੁੰਮਾਉਂਦਾ ਰਿਹਾ "ਓ ਬੱਲੇ ਓ ਬੱਗਿਓ ਸ਼ੇਰੋ... ਅੱਜ ਖੂਹ 'ਚ ਪਾਣੀ ਦੀ ਤਿੱਪ ਨਹੀਂ ਛੱਡਣੀ" ਆਲੇ-ਦੁਆਲੇ ਖੜ੍ਹੇ ਲੋਕੀਂ ਹੈਰਾਨ ਸਨ... ਨਾ ਬਲਦ ਹੰਭੇ ਸਨ ਨਾ ਨਿੰਜਾ...ਜਦ ਟਿੰਡਾਂ ਖ਼ਾਲੀ ਗਿੜ੍ਹਨ ਲੱਗ ਪਈਆਂ ਤਾਂ ਲੋਕਾਂ ਨੇ ਰੌਲ਼ੀ ਚੁੱਕ ਦਿੱਤੀ।"ਬਸ ਓਏ ਨਿੰਜਿਆ... ਬਸ।" ਨਿੰਜੇ ਨੂੰ ਖ਼ਬਰੇ ਭਊਂ ਚੜ ਗਏ ਸੀ, ਉਹ ਜੋਗ ਰੁਕਣ 'ਤੇ ਵੀ ਗਾਧੀ ਤੋਂ ਨਾ ਉਤਰਿਆ।... ਖੂਹ ਦੇ ਹੇਠਲੇ ਤਲ ਦੀ ਚਿੱਟੀ ਰੇਤੋਂ 'ਤੇ ਪਈ ਨੱਥ, ਮੌਣ ਤੋਂ ਦਿੱਸਣ ਲੱਗ ਪਈ ਸੀ। ਲੋਕੀਂ ਵਾਹ ਵਾਹ ਕਰਨ ਲੱਗੇ... ਵਿਰਸੇ ਲੰਬੜ ਨੇ ਆਪ ਅਗਾਂਹ ਹੋ ਕੇ ਜੋਗ ਨੂੰ ਥਾਪੀ ਦਿੱਤੀ ਤੇ ਨਿੰਜੇ ਨੂੰ ਗਾਧੀ ਤੋਂ ਉਤਾਰਿਆ, ਵਿਰਸਾ ਗਦਗਦ ਹੋਇਆ ਪਿਆ ਸੀ... ਲੋਕ ਵਧਾਈਆਂ ਦੇ ਰਹੇ ਸਨ; ਵਿਰਸਾ ਮੁੜ-ਮੁੜ ਆਪਣੀ ਜੋਗ ਤੇ ਨਿੰਜੇ ਨੂੰ ਥਾਪੀਆਂ ਦੇ ਰਿਹਾ ਸੀ... "ਬੱਲੇ ਓ ਸ਼ੇਰਾ... ਲੰਬੜ ਨੇ ਨਿੰਜੇ ਨੂੰ ਗਫ਼ਲੀ ਵਿਚ ਲੈ ਲਿਆ "ਹੈ ਤੇ ਸਹੁਰਾ ਤੀਜਾ ਨਗੌਰੀਆਂ ਈ... ਬਸ ਸਿਰ 'ਤੇ ਸਿੰਗ ਈ ਹੈਨੀ...।" ਕਈ ਹੋਰ ਬਜੁਰਗਾਂ ਨੇ ਵੀ ਅਗਾਂਹ ਹੋ ਕੇ ਨਿੰਜੇ ਦੀ

ਪਿੱਠ ਥਪਥਪਾਈ... "ਬੱਲੇ ਓਏ ਸ਼ੇਰਾ ਕਮਾਲ ਕਰਤੀ ਬਈ...।" ਨਿੰਜਾ ਪਟਕੇ ਦੀ ਕੁਸ਼ਤੀ ਜਿੱਤੇ ਭਲਵਾਨ ਵਾਂਗ ਨਿਮਰਤਾ ਨਾਲ ਸਿਰ ਨੀਵਾਂ ਕਰੀ ਖੜਾ ਸੀ। ...ਨਿੰਜੇ ਦਾ ਪਤਲਾ ਲੰਮਾ ਤੇ ਗੁੰਦਿਆ ਸਰੀਰ, ਨਗੌਰੀਏ ਬਲਦਾਂ ਵਰਗਾ ਹੀ ਸੀ, ਫੁਰਤੀਲਾ ਤਾਂ ਉਹ ਫਨੀਅਰ ਨਾਗ ਵਾਂਗ ਸੀ। ਹਲ਼ ਵਾਉਣ ਦੀ ਤਾਂ ਉਹਨੂੰ ਖਾਸ ਮੁਹਾਰਤ ਸੀ, ਵਿਰਸੇ ਦੀ ਨਗੌਰੀ ਜੋਗ ਹਾਲ਼ੀ ਨੂੰ ਪਿੰਡੇ 'ਤੇ ਪ੍ਰੈਣ ਨਹੀਂ ਸੀ ਸ਼ਹਾਉਣ ਦਿੰਦੀ ਮਾੜਾ ਹਾਲ਼ੀ ਤਾਂ ਉਹਨਾਂ ਦੇ ਮਗਰ ਹਲ਼ ਦੀ ਮੁੰਨੀ ਨਹੀਂ ਫੜਦਾ ਪਰ ਨਿੰਜੇ ਨੂੰ ਇਸ ਜੋਗ ਤੋਂ ਬਿਨਾਂ ਹਲ਼ ਵਾਹੁਣ ਦਾ ਮਜਾ ਹੀ ਨਹੀਂ ਆਉਂਦਾ। ਖੂਹ 'ਚ ਨੱਥ ਡਿੱਗਣ ਵਾਲੀ ਘਟਨਾ ਤੋਂ ਬਾਅਦ ਵਿਰਸੇ ਲੰਬੜ ਦੀ ਨਗੌਰੀਏ ਬਲਦਾਂ ਦੀ ਜੋੜੀ... ਪੂਰੇ ਇਲਾਕੇ 'ਚ ਮਸ਼ਹੂਰ ਹੋ ਗਈ ਸੀ ਤੇ ਨਿੰਜੇ ਨੂੰ... ਇਹ ਨਾਂਅ ਮਿਲ ਗਿਆ 'ਤੀਜਾ ਨਗੌਰੀਆ'।

ਤੀਜੇ ਨਗੌਰੀਏ ਵਾਲਾ ਫ਼ਿਕਰਾ ਵਿਰਸਾ ਸਿਹੁੰ ਨੇ ਪਤਾ ਨੀਂ ਕਿਹੜੀ ਰਮਜ਼ ਵਿਚ ਬੋਲਿਆ ਸੀ। ਪਰ ਨਿੰਜੇ ਨੂੰ ਚੰਗਾ ਲੱਗਦਾ ਸੀ। ਦੋਏ ਬਲਦਾਂ ਨਾਲ ਉਹਨੂੰ ਅੰਤਾਂ ਦਾ ਮੋਹ ਸੀ... ਜਿਵੇਂ ਕਿਤੇ ਉਹਦੇ ਘਰ ਜੀਆ ਹੋਣ...। ਨਿੰਜਾ ਬਲਦਾਂ ਦੇ ਪਿੰਡਿਆਂ 'ਤੇ ਘੋੜਿਆਂ ਵਾਂਗ ਖ਼ਰਖ਼ਰ ਕਰਦਾ। ਸੂਤੀ ਮੁਲਾਇਮ ਕੱਪੜੇ ਨਾਲ ਉਹਨਾਂ ਦਾ ਪਿੰਡਾ ਝਾੜਦਾ ਖਾਸ ਕਰ ਕੱਤੇ 'ਚ ਕਣਕ ਦੀ ਬਿਜਾਈ ਤੋਂ ਪਹਿਲਾਂ ਉਹ ਹੱਥੀਂ ਨਗੌਰੀਆਂ ਨੂੰ ਪੇੜਾ ਚਾਰਦਾ... ਉਹਨਾਂ ਦੀਆਂ ਗੰਨੀਆਂ, ਘੂੰਗਰੂ ਨਵੇਂ ਲਿਔਂਦਾ... ਮੁੜ ਮੁੜ ਉਹਨਾਂ ਦੇ ਪਿੰਡਿਆਂ 'ਤੇ ਥਾਪੀਆਂ ਦਿੰਦਾ ਉਹਨਾਂ ਨਾਲ ਗੱਲਾਂ ਕਰਦਾ...।" ਤਕੜੇ ਹੋ ਜਾਓ... ਬੱਗਿਓ ਸ਼ੇਰੋ... ਆਪਾਂ ਸਾਰਿਆਂ ਤੋਂ ਪਹਿਲਾਂ ਕਣਕ ਬੀਜਣੀ ਆ।"

ਕੱਤੇ ਦੀ ਸ਼ੁਰੂਆਤੀ ਠੰਡ 'ਚ ਜਦੋਂ ਤੜਕਸਾਰ ਉਹ ਹਲ਼ ਜੋਤਦਾ ਤਾਂ ਨਾਲ ਦੇ ਖੇਤਾਂ 'ਚ ਹਲ਼ ਵਾਹੁੰਦੇ ਤੇਜੇ ਨੂੰ 'ਟਕੋਰਾਂ' ਲਾਉਂਦਾ... "ਹੌਲੀ ਚੱਲੋ ਉਏ ਬੱਗਿਓ ਸ਼ੇਰੋ... ਇੰਨੇ ਤੱਤੇ ਨਾ ਵਗੋ... ਸਹੁਰਿਓ ਸੰਗ ਕਰੋ... ਪਿਛਾਂਹ ਭਉਂ ਕੇ ਦੇਖਲੋ ਤੇਜਾ ਤਾਂ ਮੀਲ ਭਰ ਪਿਛਾਂਹ ਫਿਰਦਾ...।"

ਤੜਕਸਾਰ ਦੇ ਸ਼ਾਂਤ ਵਾਤਾਵਰਣ ਵਿੱਚ ਉਹਦੀ ਆਵਾਜ਼ ਦੂਰ ਤਾਂਈਂ ਸਾਫ਼ ਸੁਣਦੀ... ਅੱਗੋਂ ਤੇਜਾ ਵੀ ਮੋੜ ਕਰਦਾ। "ਵਗੇ ਚੱਲੋ ਓਏ ਬੱਗਿਓ ਸ਼ੇਰੋ... ਘਰੇ ਚੂੜੇ ਆਲੀ ਦੁੱਧ ਦੀ ਗੜਬੀ ਲਈ ਉੱਡੀਕਦੀ ਆ ਨਿੰਜਾ ਸਿਹੁੰ ਨੂੰ।"

"ਤੇਰੇ ਨਾਲੋਂ ਚੰਗੀ ਖਾਨਾ...।" ਨਿੰਜਾ ਵੀ ਉਸੇ ਰੌਂਅ 'ਚ ਬੋਲਿਆ।

"ਆਹੋ ਚੰਗੀ ਖਾਣੀ ਆ... ਢੱਗੀ ਨਾ ਵੱਛੀ ਨੀਂਦ ਆਵੇ ਅੱਛੀ...।"

ਨਿੰਜੇ ਦੀ ਚਾਲ ਧੀਮੀ ਹੋ ਗਈ... ਉਹਤੋਂ ਮੁੜ ਤੇਜੇ ਨੂੰ ਜਵਾਬ ਨਾ ਦੇ ਹੋਇਆ।

"ਕਿਉਂ? ਹੁਣ ਨੀਂ ਬੋਲਿਆ... ਨਗੌਰੀਆ... ਲੰਬੜਾਂ ਨੇ ਤਾਂ ਨੀਂ ਪੁੱਤ ਬਣਾ ਕੇ ਵਿਔਣਾ... ਜਿੰਨੀਆਂ ਮਰਜ਼ੀ ਖੁੱਚਾਂ ਤੁੜਾਈ ਜਾਹ...।"

ਭਰ-ਜੁਆਨ ਨਿੰਜੇ ਨੂੰ ਲੱਗਾ ਜਿਵੇਂ ਉਹ ਇਕ ਦਮ ਬੁੱਢਾ ਹੋ ਗਿਆ ਹੋਵੇ। ਉਹਦੀ ਚਾਲ ਅਸਲੋਂ ਹੀ ਧੀਮੀ ਹੋ ਗਈ...। "ਗੱਲ ਤੇ ਠੀਕ ਆ... ਲੰਬੜਾਂ ਨੂੰ ਕੀ?... ਉਹਨਾਂ ਨੂੰ ਮੇਰੇ ਕੰਮ ਨਾਲ ਮਤਲਬ ਐ... ਤੇ ਕੰਮ ਕਿਹੜਾ ਮੈਂ ਮੁਫ਼ਤ ਕਰਦਾ... ਪਰ ਮੇਰਾ ਵਿਆਹ?... ਉਹ ਤੇ ਜੇ ਕੋਈ ਮੇਰਾ ਆਪਣਾ...?? ਉਹਦਾ ਗੱਚ ਭਰ ਆਇਆ...। "ਏਡੇ ਆਰ ਪਰਿਵਾਰ ਦਾ ਹੋਕੇ ਵੀ ਮੈਂ 'ਕੱਲ੍ਹਾ...।" ਉਸ ਹਲ਼ ਦੀ ਮੁੰਨੀ ਤੋਂ ਹੱਥ ਚੁੱਕ ਕੇ ਮੂੰਹ ਅੱਗੇ ਰੱਖ ਲਏ... ਕਿਤੇ ਚੀਕ ਨਾ ਨਿਕਲ ਜਾਵੇ...। ਉਹਦੀ ਪੀੜ ਖ਼ਬਰੈ ਬਲਦਾਂ ਨੇ ਵੀ ਮਹਿਸੂਸ ਕੀਤੀ... ਉਹਨਾਂ ਧੌਣਾਂ ਨੀਵੀਆਂ ਸੁੱਟ ਲਈਆਂ ਤੇ ਚਾਲ ਹੌਲੀ ਕਰ ਦਿੱਤੀ। ਹਟਕੋਰੇ ਭਰਦਾ ਨਿੰਜਾ ਆਪਣੇ-ਆਪ ਨਾਲ ਗੱਲਾਂ ਕਰਨ ਲੱਗ ਪਿਆ।

"ਭਰਾਵਾਂ ਨੇ... ਮੈਨੂੰ ਬਿਲਕੁਲ ਮਰਿਆ ਈ ਸਮਝ ਲਿਆ... ਮੈਨੂੰ ਲੱਭਣ ਦੀ ਕੋਸ਼ਿਸ਼ ਈ ਨੀਂ

ਕੀਤੀ... ਚਲੋ ਮੈਂ ਤਾਂ ਸੀਗਾ ਨਿਆਣਾ... ਉਹ ਤਾਂ ਤਿੰਨੋਂ ਜਣੇ ਤਕੜੇ ਸੀ... ਭਾਊ ਚਰਨਾਂ ਤਾਂ ਵਿਆਹਿਆ ਵਰ੍ਹਿਆ ਸੀ... ਉਦੋਂ...।"

ਨਿੰਜੇ ਦੀਆਂ ਲੱਤਾਂ ਨੇ ਹੋਰ ਤੁਰਨੋ ਜਵਾਬ ਦੇ ਦਿੱਤਾ। ਉਸ ਪੁਚਕਾਰ ਨੇ ਜੋਗ ਖਲਾਰ ਲਈ... ਪੰਜਾਲੀ ਬਲਦਾਂ ਦੇ ਗਲੋਂ ਲਾਹ ਕੇ ਉਸ ਸੱਜੇ ਮੋਢੇ 'ਤੇ ਟੰਗ ਲਈ... ਤੇ ਜੋਗ ਖੂਹ ਵੱਲ ਤੋਰ ਲਈ... ਤੁਰਨ ਲੱਗਿਆ ਉਹਦੇ ਮੂੰਹੋਂ "ਚੱਲੋ ਬੱਗਿਓ ਸ਼ੇਰੋ ਵੀ ਨਾ ਨਿਕਲਿਆ। ਪੰਜਾਲੀ ਲੱਥੇ ਬੌਲਦਾਂ ਦੀ ਖੂਹ ਵੱਲ ਨੂੰ ਤੋਰ ਦਾ ਅੰਦਾਜ਼ਾ ਲਾ ਕੇ ਤੇਜੇ ਨੇ ਪਿੱਛੋਂ ਉੱਚੀ ਦੇਣੇ ਟਕੋਰ ਕੱਸਦਿਆਂ ਕਿਹਾ...।" ਖੜਾ ਹੋ ਕੇ ਗੱਲ ਸੁਣ ਜਾ... ਤੇਰੇ ਮਗਰ ਕਿਸੇ ਨੀ ਆਉਣਾ...।"

ਤੇਜੇ ਨੂੰ ਅੰਦਾਜ਼ਾ ਨਹੀਂ ਸੀ ਬਈ ਨਿੰਜੇ ਦੇ ਦਿਲ 'ਤੇ ਕੀ ਬੀਤੀ ਆ। ਉਹ ਮਖੌਲੀਆ ਰੌਂਅ ਵਿੱਚ ਹੋਰ ਉੱਚੀ ਗਾਉਣ ਲੱਗ ਪਿਆ। "ਨੀ ਖੜੀ ਹੋ ਕੇ ਗੱਲ...।"

ਤੇਜੇ ਦੀ ਪਾਟਵੀਂ ਤੇ ਬੇਸੁਰੀ ਆਵਾਜ਼, ਤੁਰੇ ਜਾਂਦੇ ਨਿੰਜੇ ਨੂੰ ਏਨੀ ਕੁਰਣਾਮਈ ਲੱਗੀ ਜਿਵੇਂ ਕਿਤੇ ਉਹ... ਸਦਾ ਵਾਸਤੇ ਇਹਨਾਂ ਖੇਤਾਂ 'ਚੋਂ ਜਾ ਰਿਹਾ ਹੋਵੇ... ਇਹ ਐਨ... ਉਹੋ ਜਿਹੀ ਕਰੁਣਾਮਈ ਆਵਾਜ਼ ਸੀ... ਜਿਵੇਂ ਦੀ ਆਖ਼ਰੀ ਵਾਰ... ਬਾਰ ਦੇ ਪਿੰਡ ਖੀਰਾਂਵਾਲੀ 'ਚੋਂ ਅੱਧੀ ਰਾਤੀਂ ਤੁਰਨ ਵੇਲੇ ਸੁੰਨੇ ਘਰਾਂ ਦੇ ਕੰਧਾਂ ਕੌਲਿਆਂ ਦੀ... ਸਾਂ ਸਾਂ.. ਦੀ ਆਵਾਜ਼ ਸੀ..। "ਤੇਰੇ ਮਗਰ ਕਿਸੇ ਨੀਂ...।" ਬਸ ਇਹੋ ਉਹ ਕਲਿਹਣੀ ਘੜੀ ਸੀ... ਜਦੋਂ ਉਹ ਲਹਿੰਦੇ ਪੰਜਾਬੋਂ ਤੁਰੇ ਸੀ... ਤੇ ਫਿਰ, ਨਿੰਜੇ ਦੇ ਮਗਰ ਕੋਈ ਨਹੀਂ ਸੀ ਆਇਆ। ਉਹ 'ਕੱਲ੍ਹਾ ਰਹਿ ਗਿਆ ਸੀ... ਮਾਂ ਜਾਏ... ਬੁਰਛਿਆਂ ਵਰਗੇ ਤਿੰਨੋਂ ਭਰਾ ਵਿੱਛੜ ਗਏ ਸੀ।

ਚੜ੍ਹਦੇ ਪੰਜਾਬ ਦੇ ਇਸੇ ਪਿੰਡ, ਦਿਆਲਪੁਰੇ.. ਹੀ ਨਿੰਜੇ ਕਾ... ਸਾਰਾ ਸ਼ਰੀਕਾ ਕਬੀਲਾ... ਆਪਣੇ ਸੇਪੀਏ ਜਿੰਮੀਦਾਰਾਂ ਨਾਲ ਬਾਰ ਦੇ ਪਿੰਡ ਚੂਹੜ ਚੱਕ ਚਲਿਆ ਗਿਆ ਸੀ... ਉਥੇ ਜੱਟਾਂ ਨੂੰ ਖੁੱਲ੍ਹੀਆਂ ਪੈਲੀਆਂ ਮਿਲ ਗਈਆਂ ਸੀ... ਨਿੰਜੇ ਦੇ ਤਿੰਨੋਂ ਭਰਾ, ਚਰਨਾਂ, ਮਿੰਦਰ ਤੇ ਸ਼ਿੰਦਾ ਤਾਂ ਕਈ ਸਾਲ ਪਹਿਲਾਂ ਹੀ ਚਲੇ ਗਏ ਸੀ। ਪਰ ਨਿੰਜਾ ਤੇ ਉਹਦਾ ਬਾਪ ਹਰਨਾਮਾ ਸੰਨ ਸੰਤਾਲੀ ਤੋਂ ਥੋੜਾ ਚਿਰ ਪਹਿਲਾਂ ਹੀ ਚੂਹੜ ਚੱਕ ਅੱਪੜੇ ਸੀ। ਅਸਲ 'ਚ ਚਰਨੇ ਹੋਰੀਂ ਤਿੰਨੋਂ ਭਰਾ ਹਰਨਾਮੇ ਦੇ ਭਰਾ ਸੰਤੇ ਦੀ ਔਲਾਦ ਸੀ। ਜਦੋਂ ਸੰਤਾ ਸੱਪ ਲੜਕੇ ਮਰਿਆ ਤਾਂ ਚਰਨਾ ਵਾਹਵਾ ਗੰਭਰੀਟ ਜਿਹਾ ਸੀ, ਮਿੰਦਰ ਤੇ ਸ਼ਿੰਦਾ ਵੀ ਵਾਹਵਾ ਆਪਣੇ-ਆਪ 'ਚ ਸੀਗੇ, ਹਰਨਾਮਾ ਇਹਨਾਂ ਦਾ ਚਾਚਾ ਸੀ। ਜਿਹੜਾ ਮਸਤ ਮੌਲਾ ਜਿਹਾ ਤੇ ਕੰਮ ਕਾਰ ਵੀ ਘੱਟ ਕਰਦਾ ਸੀ... ਇਸੇ ਕਰਕੇ ਉਹ ਵਿਆਹ ਦੀ ਉਮਰੋਂ ਖੁੰਝਿਆ ਹੋਇਆ ਸੀ। ਸੰਤੇ ਦੀ ਮੌਤ ਤੋਂ ਬਾਅਦ ਸ਼ਰੀਕੇ ਦੀ ਪਰੇ ਨੇ, ਸੰਤੇ ਦੀ ਵਿਧਵਾ, ਪ੍ਰਸੰਨੀ ਨੂੰ ਹਰਨਾਮੇ ਦੇ 'ਬਿਠਾ' ਦਿੱਤਾ। ਗੰਭਰੀਟ ਹੋਣ ਕਾਰਨ, ਚਰਨੇ ਨੇ ਇਸ ਰਿਸ਼ਤੇ ਨੂੰ ਮਾਨਤਾ ਨਹੀਂ ਸੀ ਦਿੱਤੀ। ਪਰ ਵਿਰੋਧ ਕਰਨ ਜੋਗਾ ਵੀ ਉਹ ਹਾਲੇ ਨਹੀਂ ਸੀ... ਬਸ ਉਹ ਚੁੱਪ ਚਪੀਤੇ ਜਿਹੇ ਸ਼ਰੀਕੇ 'ਚੋਂ ਲੱਗਦੇ ਆਪਣੇ ਤਾਏ ਨਾਲ... ਚੂਹੜਚੱਕ ਜਾ ਵੜਿਆ। ਪਿੱਛੋਂ ਉਸ ਮਿੰਦਰ ਤੇ ਸ਼ਿੰਦੇ ਨੂੰ ਵੀ ਸੱਦ ਲਿਆ...। ਪ੍ਰਸੰਨੀ... ਉਦਾਸ ਹੋ ਗਈ... ਪਰ ਇਸ ਨਵੇਂ ਰਿਸ਼ਤੇ ਦਾ ਕੀ ਕਰਦੀ? ਚਹੁੰ ਪੰਜੀਂ ਸਾਲੀਂ ਜਾ ਕੇ ਕਿਤੇ ਨਿੰਜਾ ਹੋਇਆ...। ਪਕਰੋੜ ਉਮਰ 'ਚ ਜਨੇਪੇ ਕਾਰਨ ਪ੍ਰਸੰਨੀ ਕੋਈ ਐਸੀ ਮਰਜ਼ ਹੋਈ ਵੀ ਉਹ ਦੁੱਧ ਚੁੰਘਦੇ ਨਿੰਜੇ ਨੂੰ ਛੱਡ ਕੇ ਮੌਤ ਦੀ ਗੂੜੀ ਨੀਂਦ ਸੌਂ ਗਈ। ਹਰਨਾਮੇ ਨੂੰ ਕਾਈ ਬਾਈ ਭੁੱਲ ਗਈ।... ਦੁੱਧ ਚੁੰਘਦਾ ਬਾਲ ਉਹਦੀ ਝੋਲੀ 'ਚ ਸੀ... ਪਰ ਉਹਨੂੰ ਸਾਂਭਣ ਵਾਲੀ ਔਰਤ ਕੋਈ ਨਹੀਂ ਸੀ... ਤਿੰਨੋਂ ਮੁੰਡੇ ਵੀ ਬਾਰ 'ਚ ਸਨ।

ਹਰਨਾਮੇ ਨੇ ਰੱਬ ਦੀ ਕੀਤੀ ਮੰਨ ਕੇ, ਮਾਂ ਤੇ ਪਿਓ ਦੋਹਾਂ ਵਾਲਾ ਜਿੰਮਾ ਚੱਕ ਲਿਆ... ਖੇਤਾਂ 'ਚ ਕੰਮ ਕਰਦਾ ਕਦੇ ਉਹ ਸਾਫੇ ਦੀ ਝੋਲੀ ਬਣਾਕੇ ਨਿੰਜੇ ਨੂੰ ਪਿੱਛੇ ਬੰਨ੍ਹ ਲੈਂਦਾ ਤੇ ਕਦੇ ਆਡਾਂ ਬੰਨਿਆਂ 'ਤੇ ਪਾਕੇ ਕੰਮ ਕਰਦਾ। ਕੁਦਰਤੀ ਸੀ ਨਿੰਜੇ ਦਾ ਆਪਣੇ ਬਾਪ ਨਾਲ ਬਹੁਤ ਮੋਹ ਸੀ... ਬੱਚੇ ਦੀ ਪਰਵਰਿਸ਼ ਨੇ

ਹਰਨਾਮੇ ਨੂੰ ਸਾਧ ਦਿੱਤਾ ਸੀ।

ਜਦੋਂ ਨਿੰਜਾ ਸੱਤਾਂ ਅੱਠਾਂ ਸਾਲਾਂ ਦਾ ਹੋਇਆ, ਤਾਂ ਹਰਨਾਮੇ ਨੇ ਲੀੜਿਆਂ ਦੀ ਗੱਠੜੀ ਬੰਨ੍ਹੀ ਤੇ ਨਿੰਜੇ ਲੈ ਕੇ ਚੂਹੜ ਚੱਕ ਵਾਲੀ ਗੱਡੀ ਚੜ੍ਹ ਗਿਆ, ਦਰਅਸਲ ਹਰਨਾਮੇ ਨੂੰ ਕੋਈ ਐਸੀ ਲਾਇਲਾਜ ਬਿਮਾਰੀ ਲੱਗ ਗਈ ਸੀ, ਜੀਹਦੀ ਵਜਾ ਤੋਂ ਉਹਦੀ ਸਿਹਤ ਲਗਾਤਾਰ 'ਕਿਰਦੀ' ਜਾਂਦੀ ਸੀ। ਨਿੰਜੇ ਕਰਕੇ ਉਹਨੂੰ ਦਿਹਾੜੀ ਕਰਨ ਤੋਂ ਇਲਾਵਾ ਘਰ 'ਚ ਲੀੜਾ ਕੱਪੜਾ ਵੀ ਧੋਣਾ ਪੈਂਦਾ ਸੀ ਤੇ ਰੋਟੀਆਂ ਵੀ ਥੱਪਣੀਆਂ ਪੈਂਦੀਆਂ ਸੀ। ਹਰਨਾਮੇ ਦੇ ਯਾਰਾਂ ਬੇਲੀਆਂ, ਉਹਨੂੰ ਇਹੋ ਰਾਇ ਦਿੱਤੀ ਸੀ "ਜਾ ਹਰਨਾਮਿਆਂ... ਮੁੰਡਿਆਂ ਕੋਲ ਚਲਾ ਜਾਹ... ਆਖਰ ਤੇਰਾ ਈ ਖ਼ੂਨ ਆ... ਤੈਨੂੰ ਕੱਢਣ ਤਾਂ ਨਹੀਂ ਲੱਗੇ... ਨਾਲੇ ਨਿੰਜਾ... ਭਰਾਵਾਂ ਨਾਲ ਹੇਲਮੇਲ ਹੋਜੂ...।"

ਉਥੇ ਅੱਪੜਿਆਂ ਤੋਂ ਚਰਨੇ ਹੋਰਾਂ, ਦੋਹਾਂ ਪਿਉਂ ਪੁੱਤਾਂ ਨੂੰ ਰੱਖ ਤਾਂ ਲਿਆ ਸੀ... ਪਰ... ਆਪਸੀ 'ਵੱਢ' ਨਹੀਂ ਸੀ ਰਲ਼ਿਆ। ਬਾਲ਼ ਨਿਆਣਾ ਨਿੰਜਾ ਇਸ ਸਭ ਕਾਸੇ ਤੋਂ ਬੇਖ਼ਬਰ ਵੱਡੇ ਟੱਬਰ 'ਚ ਆ ਕੇ ਖ਼ੁਸ਼ ਸੀ... ਉਹਦਾ ਇਕੱਲਾਪਨ... ਦੂਰ ਹੋ ਗਿਆ ਸੀ। ਹਰਨਾਮਾ ਵੈਦ ਹਕੀਮਾਂ ਦੇ ਵਸ ਪੈ ਗਿਆ ਸੀ। ਅਜੇ ਦੋ ਢਾਈ ਸਾਲ ਮਸੀਂ ਬੀਤੇ ਸੀ... ਦੇਸ਼ ਵੰਡ ਦੇ ਰੌਲ਼ੇ ਨਾਲ ਮਜ਼੍ਹਬਾਂ ਦੀਆਂ ਨਫ਼ਰਤੀ ਹਨੇਰੀਆਂ ਵਗਣ ਲੱਗ ਪਈਆਂ... ਰੋਜ ਅਫ਼ਵਾਹਾਂ ਉੱਡਦੀਆਂ... ਦੋ ਮੁਲਕ ਬਣ ਜਾਣੇ ਆਂ... ਪਤਾ ਨਹੀਂ... ਕਿਹੜਾ-ਕਿਹੜਾ ਇਲਾਕਾ ਕਿੱਧਰ ਜਾਉ?... ਪਰ ਆਮ ਲੋਕਾਂ ਨੂੰ ਆਉਣ ਵਾਲੀ ਸਾੜ੍ਹਸਤੀ ਬਾਰੇ ਕੋਈ ਇਲਮ ਨਹੀਂ ਸੀ।... ਹਰਨਾਮਾ ਨਿੰਜੇ ਨੂੰ ਲੈ ਕੇ, ਚੂਹੜ ਚੱਕੋ... ਵੀਹ ਬਾਈ ਮੀਲ ਦੂਰ, ਖੀਰਾਂਵਾਲੀ ਆਪਣੀ ਭੈਣ ਕੋਲ ਗਿਆ ਹੋਇਆ ਸੀ... ਹਰਨਾਮੇ ਦੇ ਤਾਏ ਦੀ ਧੀ ਅੱਕੀ ਇੱਥੇ ਰਹਿੰਦੀ ਸੀ... ਅੱਕੀ ਨੇ ਕਿਸੇ ਹਕੀਮ ਦੀ ਦੱਸ ਪਾਈ ਸੀ, ਜਿਹੜਾ ਪੇਟ ਦੇ ਅਲਸਰ ਦਾ ਇਲਾਜ ਕਰਦਾ ਸੀ। ...ਵੈਦ ਨੇ ਕੁਝ ਦਿਨ ਇਥੇ ਰੁਕ ਕੇ ਦਵਾਈ ਖਾਣ ਲਈ ਆਖਿਆ ਸੀ। ਇਹਨਾਂ ਦਿਨਾਂ ਵਿਚ ਹੀ ਐਸੇ 'ਕਾਲੇ ਵਾਵਰੋਲੇ'... ਆਏ... ਕਿ ਵੱਢ ਵਢਾਂਗਾ ਸ਼ੁਰੂ ਹੋ ਗਿਆ... ਇਹ ਸਾਰਾ ਇਲਾਕਾ ਨਵੇਂ ਬਣੇ ਪਾਕਿਸਤਾਨ ਵਿਚ ਆ ਗਿਆ ਸੀ... ਗੱਠੜੀਆਂ, ਪਰੋਲ਼ਿਆਂ 'ਚ ਮਾੜਾ ਮੋਟਾ ਸਮਾਨ ਬੰਨ੍ਹ ਕੇ ਲੋਕੀਂ ਅੱਧੀ ਰਾਤੋਂ ਪਿੰਡੋਂ ਨਿਕਲ ਤੁਰੇ... ਤਨ ਦੇ ਲੀੜਿਆਂ ਨਾਲ ਹੀ ਹਰਨਾਮਾ ਤੇ ਨਿੰਜਾ ਵੀ ਖੀਰਾਂਵਾਲੀ ਤੋਂ ਲੋਕਾਂ ਦੇ ਨਾਲ ਤੁਰ ਪਏ... ਚਰਨੇ ਹੋਰਾਂ ਦਾ ਕੋਈ ਪਤਾ ਨਹੀਂ ਸੀ। ਉਹ ਕਿਸ ਹਾਲੀਂ ਹੋਣਗੇ?"

ਭੁੱਖੇ ਤਿਆਹੇ ਪਤਾ ਨੀਂ ਕਿੰਨੇ ਦਿਨ ਤੇ ਕਿੰਨੀਆਂ ਰਾਤਾਂ ਨਿੰਜੇ ਹੋਈ ਤੁਰਦੇ ਰਹੇ, ਤੁਰਦੇ ਰਹੇ.... ਮੌਤ ਦਾ ਸਾਇਆ 'ਬਾਜ ਵਾਂਗ ਉਹਨਾਂ ਦੇ ਸਿਰਾਂ 'ਤੇ ਮੰਡਰਾਉਂਦਾ ਰਿਹਾ। ਪਰ ਆਖਿਰ ਉਹ ਬਿਆਸ ਦਰਿਆ ਟੱਪ ਕੇ ਕਪੂਰਥਲੇ ਨੇੜੇ ਬੂਹ ਦੇਸਲਾਂ ਆਣ ਅੱਪੜੇ, ਇਥੇ ਭੂਆ ਅੱਕੀ ਦੇ ਸਹੁਰਿਆਂ ਵੱਲੋਂ ਕੋਈ ਠਾਹਰ ਸੀ।

ਹਰਨਾਮੇ ਨੇ ਭੁੱਖੇ ਪਿਆਸੇ ਸਫ਼ਰ ਤਾਂ ਕਰ ਲਿਆ ਸੀ ਪਰ ਘਰ ਪਹੁੰਚਦਿਆਂ ਹੀ ਉਹ ਦੇ ਪੇਟ ਵਿਚਲਾ ਅਲਸਰ ਫਟ ਗਿਆ। ਉਜਾੜੇ ਦੇ ਹਾਲਾਤ 'ਚ ਕਿਹੜੇ ਵੈਦ ਤੇ ਕਿਹੜੇ ਡਾਕਟਰ ਸੀ। ਕੁਝ ਦਿਨਾਂ 'ਚ ਹੀ ਹਰਨਾਮਾ ਵੀ ਸਦਾ ਲਈ ਅੱਖਾਂ ਮੀਚ ਗਿਆ। ਨਿੰਜਾ ਯਤੀਮ ਹੋ ਗਿਆ ਸੀ।

ਨਿੰਜੇ ਦੀ ਭੁੱਬ ਨਿਕਲ ਗਈ। ਜਿਵੇਂ ਕਿਤੇ ਹੁਣੇ ਉਹਦੀਆਂ ਅੱਖਾਂ ਦੇ ਸਾਹਮਣੇ ਉਹਦੇ ਪਿਓ ਦੀ ਜਾਨ ਨਿਕਲੀ ਹੋਵੇ... ਬਲਦਾਂ ਦੇ ਰੱਸੇ ਉਹਦੇ ਹੱਥਾਂ 'ਚੋਂ ਛੁੱਟ ਗਏ। ਦੋਏ ਬਲਦ ਆਪੋ-ਆਪਣੀ ਖੁਰਲ਼ੀ 'ਤੇ ਜਾ ਖਲੋਏ। ਸਹਿਜ ਨਾਲ ਨਿੰਜੇ ਨੇ ਮੋਢਿਆਂ ਤੋਂ ਪੰਜਾਲੀ ਲਾਹ ਕੇ, ਕੰਧ 'ਚ ਗੱਡੀਆਂ ਕੀਲੀਆਂ 'ਤੇ ਟੰਗੀ ਤੇ ਬਲਦਾਂ ਨੂੰ ਬੰਨ੍ਹਦਿਆਂ ਉਸ ਅਸਮਾਨ ਵੱਲ ਝਾਤੀ ਮਾਰੀ, ਤਾਰਿਆਂ ਦੀਆਂ ਖਿੱਤੀਆਂ 'ਚੋਂ ਉਹਨੂੰ ਕਈ ਤਰ੍ਹਾਂ ਦੇ ਆਕਾਰ ਬਣਦੇ ਟੁੱਟਦੇ ਦਿਸੇ... ਕਿੰਨਾ ਈ ਚਿਰ ਉਹ ਮੂੰਹ ਚੱਕੀ ਤਾਰਿਆਂ ਦੇ ਆਭਾ ਮੰਡਲ

ਵਲ ਵੇਖਦਾ ਰਿਹਾ... ਜਿਵੇਂ ਕਿਤੇ ਵੱਡੇ ਸੰਸਾਰ ਵਿੱਚੋਂ ਭਾਊ ਚਰਨੇ ਹੋਰਾਂ ਨੂੰ ਲੱਭਦਾ ਹੋਵੇ।

"...ਕੀ ਪਤਾ ਭਾਊ ਚਰਨੇ ਹੋਰੀ ਇਹੀ ਸਮਝਦੇ ਹੋਣ... ਵੀ ਅਸੀਂ ਕਿਤੇ ਵੱਢੇ ਮਾਰੇ ਗਏ ਆ... ਕੀ ਪਤਾ! ...ਕੀ ਪਤਾ!! ...ਕੀ ਪਤਾ!!...।" ਤੇ ਉਹਦੀ ਸੂਈ ਇਥੇ ਹੀ ਅਟਕ ਗਈ... ਉਹਨੂੰ ਤਾਰਿਆਂ ਦੇ ਝੁਰਮਟ 'ਚ ਸਭ ਕੁਝ ਦਲੀਮਲੀ ਹੋਇਆ ਲੱਗਾ, ਤਾਰਿਆਂ ਦੇ ਆਭਾ ਮੰਡਲ ਤੋਂ ਉਹਦੀ ਨਿਗ੍ਹਾ ਜਦ ਹਟੀ ਤਾਂ ਉਹਨੂੰ ਆਪਣੇ ਹੱਡ ਦੁਖਦੇ ਪ੍ਰਤੀਤ ਹੋਏ, ਅਲਾਣੀ ਮੰਜੀ 'ਤੇ ਜਿਉਂ ਹੀ ਉਸ ਪਿੱਠ ਲਾਈ... ਤਾਂ ਝੱਟ ਉਹਦੀ ਬਿਰਤੀ ਪਿਛਾਂਹ ਬੂਹ ਦੇਸਲਾਂ ਪਰਤ ਗਈ।

...ਦੋਂਹ ਕੁ ਸਾਲਾਂ ਦੇ ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਭੂਆ ਤੇ ਫੁੱਫੜ ਵੀ 'ਚੱਲ ਵਸੇ'। ਨਿੰਜਾ ਅਸਲੋਂ ਹੀ ਨਿਆਸਰਾ ਤੇ ਅਣਚਾਹਿਆ ਜੀਆ ਬਣ ਗਿਆ ਸੀ।... ਭੂਆ ਅੱਕੀ ਦੇ ਨੂੰਹਆਂ ਪੁੱਤ ਉਹਨੂੰ ਗਊਆਂ ਚਾਰਨ ਭੇਜ ਦਿੰਦੇ... ਨੰਗੇ ਪੈਰੀਂ, ਭੁੱਖਣ ਭਾਣਾ ਨਿੰਜਾ ਗਊਆਂ ਮਗਰ ਭੱਜਾ ਫਿਰਦਾ... ਰਹਿੰਦਾ, ਖੇਤਾਂ ਦੇ ਮਾਲਕ ਜ਼ਿੰਮੀਦਾਰ ਉਹਦੀ ਕੁੱਟਮਾਰ ਕਰਦੇ... ਘਰੇ ਉਲਾਂਭੇ ਦਿੰਦੇ.... ਤੇ ਘਰੋਂ ਵੀ ਨਿੰਜੇ ਨੂੰ ਕੁੱਟ ਪੈਂਦੀ। ...ਨਿੰਜਾ ਵਿਛੜੀ ਕੂੰਜ ਵਾਂਗ ਰੋਂਦਾ ਕੁਰਲਾਉਂਦਾ ਆਪਣੇ ਭਰਾਵਾਂ ਨੂੰ ਯਾਦ ਕਰਦਾ... "ਕਿਥੋਂ ਲੱਭਾਂ... ਭਰਾਵਾਂ ਨੂੰ... ਹਾਇ ਕਿਤੇ... ਉਹਨਾਂ ਨੂੰ ਮੇਰਾ ਪਤਾ ਲੱਗ ਜਾਵੇ...।"

ਨਿੰਜੇ ਨੂੰ ਬੱਸ ਇਹੋ ਯਾਦ ਸੀ... ਉਹਨਾਂ ਦਾ ਪਿੰਡ ਦਿਆਲਪੁਰ ਹੈ... ਜੰਡਿਆਲੇ ਲਾਗੇ। ਹੋਰ ਉਹਨੂੰ ਕੁਝ ਨਹੀਂ ਸੀ ਪਤਾ।

ਬਾਰ੍ਹਾਂ ਸਾਲਾਂ ਦਾ ਹੋਇਆ ਨਿੰਜਾ ਗਊਆਂ ਚਾਰਦਾ, ਰਾਹੀਆਂ ਪਾਂਧੀਆਂ ਨੂੰ ਪੁੱਛਦਾ...। "ਭਲਾ ਦਿਆਲਪੁਰ ਕਿੱਥੇ ਕੁ ਆ...।"

"ਕਿਹੜਾ ਦਿਆਲਪੁਰ?"

ਨਿੰਜੇ ਨੂੰ ਅੱਗੋਂ ਗੱਲ ਨਾ ਔੜਦੀ... "ਹੁਣ ਕਿਹੜਾ ਦੱਸਾਂ? ਤੇ ਉਹ ਉਦਾਸ ਹੋ ਜਾਂਦਾ।

ਹੌਲੀ-ਹੌਲੀ ਉਸ ਨੇ ਪਤਾ ਕਰ ਲਿਆ... ਇਥੋਂ ਸੁਲਤਾਨਪੁਰ ਜਾਣਾ... ਉਥੋਂ ਲੋਹੀਆਂ... ਤੇ ਫਿਰ ਨਕੋਦਰ ਵਾਲੀ ਗੱਡੀ ਫੜਨੀ... ਨਕੋਦਰ ਤੋਂ ਜਮਸ਼ੇਰ ਆਲੀ, ਰਾਹ 'ਚ ਧਾਰੀਵਾਲ ਉੱਤਰ ਜਾਈਂ... ਬਸ ਉਥੋਂ ਨੇੜੇ ਈ ਆਂ ਦਿਆਲਪੁਰਾ। ਨਿੰਜੇ ਨੇ ਚਾਰੇ ਪੰਜੇ ਨਾਂ ਚੇਤੇ ਕਰ ਲਏ... ਇਥੋਂ ਸੁਲਤਾਨਪੁਰ ਫਿਰ ਲੋਹੀਆਂ ਤੇ ਫਿਰ...।... ਤੇ ਫਿਰ ਇਕ ਦਿਨ ਉਹ, ਚਰਦੀਆਂ ਗਊਆਂ ਨੂੰ ਛੱਡ ਕੇ, ਗੱਡੀ ਚੜ੍ਹ ਆਇਆ। ਦਿਆਲਪੁਰੇ ਪਹੁੰਚ ਕੇ ਉਸ ਪਿੰਡ ਦੀਆਂ ਜੂਹਾਂ ਪਛਾਣ ਲਈਆਂ..." ਹਾਂ ਇਹੋ ਆ... ਮੇਰਾ ਪਿੰਡ... ਹਾਂ ਇਹੋ ਆ...!" ਖੁਸ਼ੀ 'ਚ ਉਹਦੀਆਂ ਅੱਖਾਂ 'ਵਗ' ਪਈਆਂ। ਕਾਹਲ਼ੀ-ਕਾਹਲ਼ੀ ਉਸ ਪਿੰਡ ਸਾਰੀਆਂ ਗਲੀਆਂ/ਸੜਕਾਂ ਗਾਹ ਦਿੱਤੀਆਂ... ਘਰਾਂ ਦੇ ਖੁੱਲ੍ਹੇ ਦਰਵਾਜਿਆਂ 'ਚ ਝਾਤੀਆਂ ਮਾਰੀਆਂ... ਭਾਉ ਚਰਨੇ ਹੋਰੀਂ ਕਿਤੇ ਨਹੀਂ ਸਨ... 'ਇਥੇਂ ਤਾਂ ਕੋਈ ਨੀਂ ਪਹੁੰਚਿਆ...।" ਖ਼ਬਰੇ ਸਭ ਕਿੱਥੇ ਚਲੇ ਗਏ ਸੀ? ਕੁਝ ਚਿਰ ਪਹਿਲਾਂ ਉਹਦੀਆਂ ਅੱਖਾਂ 'ਚੋਂ ਛਲਕੇ ਖੁਸ਼ੀ ਦੇ ਹੰਝੂ ਗਹਿਰੇ ਦੁਖ ਤੇ ਉਦਾਸੀ 'ਚ ਬਦਲ ਗਏ ਬਾਲ ਨਿੰਜਾ ਕਮਲ਼ਿਆਂ ਹਾਰ ਗਲੀਆਂ 'ਚ ਦੌੜਨ ਲੱਗ ਪਿਆ!

ਅਲਾਣੀ ਮੰਜੀ 'ਤੇ ਪਿਆ ਨਿੰਜਾ ਅੱਬੜਵਾਹੇ ਉੱਠਿਆ... ਉਹਨੂੰ ਹੌਂਕਣੀ ਚੜ੍ਹੀ ਹੋਈ ਸੀ ਜਿਵੇਂ ਹੁਣੇ ਕਿਤੇ ਉਹ ਦੌੜ ਲਾ ਕੇ ਹਟਿਆ ਹੋਵੇ। ਖੁਰਲ਼ੀ 'ਚ ਬਚੇ ਹੋਏ ਪੱਠੇ ਖਾ ਕੇ ਬੌਲਦ ਵੀ ਬੈਠ ਗਏ ਸਨ। ਸਤਿਨਾਮ... ਵਾਹਿਗੁਰੂ... ਗੁਰਦੁਆਰਿਓ ਭਾਈ ਨੇ ਅੰਮ੍ਰਿਤ ਵੇਲੇ ਦਾ ਐਲਾਨ ਕਰ ਦਿੱਤਾ ਸੀ। ਅੱਖਾਂ ਮਲ਼ਦੇ ਨਿੰਜੇ ਨੇ 'ਤਹਾਂ ਅਸਮਾਨ ਵੱਲ ਵੇਖਿਆ... ਨੀਲੇ ਅੰਬਰ 'ਚੋਂ ਸਾਰੇ ਤਾਰੇ ਗਾਇਬ ਸਨ... ਸਭ ਕੁਝ ਧੁੰਦਲਾ ਘਸਮੈਲਾ ਹੋ ਚੁੱਕਾ ਸੀ... ਪੂਰਬ ਵੱਲੋਂ ਸਰਘੀ ਦੀ ਲੋਅ ਪਾਟ ਰਹੀ ਸੀ। "ਉਠੋ ਸਾਧ ਸੰਗਤ ਜੀ... ਅੰਮ੍ਰਿਤ ਵੇਲਾ ਹੋ ਗਿਆ। ਭਾਈ ਜੀ ਨੇ ਸੁਭਾ ਸਵੇਰ ਹੋਣ ਦਾ ਐਲਾਨ ਕਰ ਦਿੱਤਾ ਸੀ।

ਨਿੰਜੇ ਦੀਆਂ ਅੱਖਾਂ 'ਚ ਖਾਲ਼ੀ ਪਨ ਦੇ ਕੋਏ ਸਨ, ਜਿਵੇਂ... ਬਾਰ੍ਹਾਂ.. ਚੌਂਦਾ ਵਰ੍ਹੇ ਪਹਿਲਾਂ, ਐਨ ਇਸੇ ਵੇਲੇ... ਗੁਰਦੁਆਰੇ ਦੀਆਂ ਪੌੜੀਆਂ 'ਤੇ ਸੁੱਤੇ ਉੱਠੇ ਦੀਆਂ ਅੱਖਾ 'ਚ ਸਨ।... ਪਿੰਡ ਦੀਆਂ ਗਲੀਆਂ ਕੱਛਦਾ, ਘਰਾਂ 'ਚ ਝਾਤੀਆਂ ਮਾਰਦਾ ਨਿੰਜਾ... ਆਖਿਰ ਰਾਤ ਨੂੰ ਗੁਰੂਦੁਆਰੇ ਦੀਆਂ ਪੌੜੀਆਂ 'ਚ ਆ ਪਿਆ ਸੀ... ਇੱਥੇ ਹੀ ਤੜਕਸਾਰ ਮੱਥਾ ਟੇਕਣ ਆਏ ਵਿਰਸਾ ਸਿਹੁੰ ਲੰਬੜ ਨੇ ਉਹਨੂੰ ਆ ਵਰਾਇਆ ਸੀ... "ਕਾਕਾ ਕੀ ਨਾਂਅ ਤੇਰਾ...?"

"ਜੀ... ਮੈਂ... ਮੈਂ...।" ਰੋਂਦੇ ਨਿੰਜੇ ਤੋਂ ਬੋਲਿਆ ਵੀ ਨਾ ਗਿਆ...। ਸਾਰੀ ਵਿਥਿਆ ਸੁਣਕੇ ਵਿਰਸਾ ਉਹਨੂੰ ਘਰ ਲੈ ਆਇਆ ਸੀ ਤੇ ਫਿਰ ਉਹ ਇਥੇ ਦਾ ਹੀ ਹੋ ਕੇ ਰਹਿ ਗਿਆ ਸੀ।

"ਉੱਠ ਉਏ ਨਿੰਜਿਆ... ਚਾਹ ਪੀ... ਲਾ...।" ਵਿਰਸੇ ਲੰਬੜ ਦੇ ਸਾਇਕਲ ਦੀ ਘੰਟੀ ਸੁਣਕੇ ਬਲਦਾਂ ਨੇ ਵੀ ਕੰਨ ਚੱਕ ਲਏ।

ਨਿੰਜੇ ਦਾ ਉੱਤਰਿਆ ਚਿਹਰਾ ਦੇਖ ਕੇ, ਵਿਰਸਾ ਸਮਝ ਗਿਆ; ਅੱਜ ਫਿਰ ਕੋਈ ਗੱਲ ਹੋਈ ਹੋਣੀ ਆਂ। ਉਹਨੂੰ ਪਤਾ ਸੀ ਵੀ ਨਿੰਜਾ ਵਿਛੜੇ ਪਰਿਵਾਰ ਨੂੰ ਯਾਦ ਕਰਕੇ ਹੀ ਏਨਾ ਉਦਾਸ ਹੁੰਦਾ ਹੋਰ ਤੇ ਕੋਈ ਵਜਾ ਨਹੀਂ ਹੋ ਸਕਦੀ। "ਨਿੰਜਿਆਂ ਜੇ ਕਿਤੇ ਪਤਾ ਲੱਗ ਜਾਏ ਤਾਂ ਆਪਾਂ ਮਿੰਟ ਨਾ ਲਾਈਏ... ਪਰ ਲੱਭੀਏ ਕਿੱਥੋਂ ?... ਕੁਝ ਪਤਾ ਤਾਂ ਲੱਗੇ...।" ਲੰਬੜ ਉਹਨੂੰ ਧੀਰਜ ਦੇਣ ਲੱਗ ਪਿਆ। ਵਿਰਸਾ ਹੋਰ ਵੀ ਕਈ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ, ਪਰ ਨਿੰਜਾ ਚੁਪ ਬੈਠਾ ਰਿਹਾ, ਚਾਹ ਵਾਲਾ ਖ਼ਾਲੀ ਗਿਲਾਸ ਪਰਾਂ ਰੱਖਦਿਆਂ ਉਹ ਬੋਲਿਆ, "ਚਾਚਾ, ਮੈਨੂੰ ਕਿਤੇ ਚਾਰ ਮਰਲੇ ਥਾਂ ਲੈ ਦੇ..." ਨਿੰਜੇ ਨੇ ਅਸਲੋਂ ਹੀ ਨਿਵੇਕਲੀ ਗੱਲ ਕੱਢ ਮਾਰੀ।... "ਮੇਰੇ ਕੋਲ ਕੁਝ ਪੈਸੇ ਹੈਗੇ ਆ.. ਬਾਕੀ ਮੈਂ ਸਹਿਜੇ ਸਹਿਜੇ ਲਾਹ ਦਊਂਗਾ...।"

"ਹਾਂ... ਹਾਂ... ਬਾਹਰਲੀ ਫਿਰਨੀ... ਕੋਲੋਂ... ਲੈ ਲਾ... ਮੈਂ ਤਾਂ ਆਪ ਸੋਚਦਾਂ ਕਈ ਦਿਨਾਂ ਤੋਂ, ਬਸ ਤੇਰੇ ਨਾਲ ਗੱਲ ਨੀਂ ਹੋਈ...!" ਵਿਰਸੇ ਨੂੰ ਲੱਗਿਆ ਮੈਂ ਐਵੇਂ ਹੋਰ ਪਾਸੇ ਗੱਲ ਲੈ ਗਿਆ।

ਨਿੰਜੇ ਕੀ ਠੱਠੀ ਵਾਲਾ ਇਹ ਥਾਂ ਵੀ ਸੰਤਾਲੀਓ ਬਾਅਦ ਲੰਬੜਾਂ ਨੂੰ ਅਲਾਟ ਹੋਇਆ ਸੀ ਪਰ ਛੱਪੜ ਦੇ ਲਾਗੇ ਹੋਣ ਕਾਰਨ ਥਾਂ ਉੱਚਾ ਨੀਵਾਂ ਤੇ ਊਬੜ-ਖਾਬੜ ਸੀ ਇਸ ਲਈ ਇਥੇ ਅਜੇ ਫ਼ਸਲ ਬਾੜੀ ਨਹੀਂ ਸੀ ਬੀਜਦੇ। ਉਂਝ ਵੀ ਲੰਬੜਾਂ ਕੋਲ ਪੈਲ਼ੀ ਬਥੇਰੀ ਸੀ। ਲੰਬੜ ਨੇ, ਦੱਖਣੀ ਪਾਸਿਓਂ ਜਿਥੇ ਵੱਡੀ ਵੱਟ ਸੀ... ਉਥੋਂ ਫਿਰਨੀ ਦੇ ਨਾਲ-ਨਾਲ ਪੰਜ ਮਰਲੇ ਮਿਣ ਕੇ ਨਿਸ਼ਾਨੀ ਲਾ ਦਿੱਤੀ... "ਲੈ ਬਈ ਨਿੰਜਿਆਂ... ਥਾਂ ਤੇਰਾ ਪੈਸੇ ਹੌਲੀ-ਹੌਲੀ ਦੇ ਦੇਈਂ...।"

ਲੋਕਾਂ ਨੇ ਲੰਬੜ ਨੂੰ ਸ਼ਬਾਬੇ ਦਿੱਤੀ ਸੀ "ਲੈ ਬਈ ਲੰਬੜ ਨੇ ਮੁੱਲ ਤਾਰ ਦਿੱਤਾ ਈ... ਹੁਣ ਕਿਤੇ ਵਿਚਾਰੇ ਨੂੰ ਸਾਕ ਵੀ ਹੋਜੂ...।"

ਆਪਣਾ ਥਾਂ 'ਜੁੜਨ' ਨਾਲ ਨਿੰਜੇ ਨੂੰ ਵਿਆਹ ਦੀ ਆਸ ਜਾਗ ਪਈ। ਉਸ ਆਪਣੇ ਯਾਰਾਂ ਬੇਲੀਆਂ ਨੂੰ ਨਾਲ ਲੈ ਕੇ ਲੰਬੜਾਂ ਦੀ ਜ਼ਮੀਨ 'ਚ ਇਕ ਪੁਰਾਣੇ ਢੱਠੇ, ਅੱਧ ਪੂਰੇ ਖੂਹ ਦੀਆਂ ਇੱਟਾਂ ਕੱਢ ਲਈਆਂ। ਪੁਰਾਣੇ ਖੂਹ ਦੀਆਂ ਗਜ਼-ਗਜ਼ ਚੌੜੀਆਂ ਕੰਧਾਂ 'ਚੋਂ ਵਾਹਵਾ ਕੋਠੇ ਜੋਗੀਆਂ ਇੱਟਾਂ ਨਿਕਲ ਆਈਆਂ... ਯਾਰਾਂ ਬੇਲੀਆਂ ਨੇ... ਕੁਝ ਹੋਰ ਇੱਟਾਂ ਰੋੜੇ ਲਾ ਕੇ ਨਿੰਜੇ ਨੂੰ ਕੋਠਾ ਛੱਤ ਦਿੱਤਾ। ਜਦੋਂ ਰੋਜ਼ ਕੋਠੇ 'ਚ ਦੀਵਾ ਜਗਣ ਲੱਗ ਪਿਆ ਤਾਂ ਤੇਜੇ ਦੀ ਮਾਂ ਨੇ ਆਪਣੀ ਕਿਸੇ ਦੂਰ ਦੀ ਰਿਸ਼ਤੇਦਾਰੀ 'ਚੋਂ ਮਾਇਆ ਦਾ ਰਿਸ਼ਤਾ ਕਰਾ ਦਿੱਤਾ। ਕੁੜੀ ਮਾਂ ਮਟ੍ਰਿਟਰ ਸੀ... ਬੁੱਢੇ ਪਿਉ ਨੇ ਇਥੇ ਹੀ ਰਹਿਣਾ ਸੀ- ਨਿੰਜੇ ਨੇ ਖੁਸ਼ੀ ਨਾਲ ਪ੍ਰਵਾਨ ਕਰ ਲਿਆ, ਜੀਆਂ ਪੱਖੋਂ ਤਾਂ ਉਹ ਪਹਿਲਾਂ ਹੀ ਥੁੜ੍ਹਿਆ ਹੋਇਆ ਸੀ।

ਮਾਇਆ ਨੇ ਖੂਹ ਦੀਆਂ ਨਾਨਕਸ਼ਾਹੀ ਇੱਟਾਂ 'ਤੇ ਗਾਰੇ ਦਾ ਲੇਪ ਕਰਕੇ... ਕੰਧਾਂ ਚਮਕਣ ਲਾ

ਦਿੱਤੀਆਂ ਹੌਲੀ-ਹੌਲੀ ਘਰ ਗ੍ਰਹਿਸਤੀ ਦੀਆਂ ਸਾਰੀਆਂ ਚੀਜ਼ਾਂ ਕੱਠੀਆਂ ਹੋਣ ਲੱਗ ਪਈਆਂ... ਨਿੰਜੇ ਦਾ ਵੈਰਾਗੀ ਮਨ ਟਹਿਕਣ ਲੱਗ ਪਿਆ। ਉਹ ਬੀਤੇ ਵਰ੍ਹਿਆਂ ਨੂੰ ਭੁੱਲ ਕੇ ਜ਼ਿੰਦਗੀ ਨੂੰ ਭਰਭੂਰਤਾ ਨਾਲ ਮਾਨਣ ਲੱਗ ਪਿਆ... "ਐਂ ਤਾਂ ਨਜ਼ਾਰੇ ਆ ਕਿ" ਇਹ ਉਹਦਾ ਤਕੀਆ ਕਲਾਮ ਬਣ ਗਿਆ। ਘਰ ਦੀ ਕੱਢੀ ਦੇ ਦੋ ਹਾੜੇ ਲਾ ਕੇ ਜਦੋਂ ਉਹ ਆਥਣ ਨੂੰ ਘਰ ਆਉਂਦਾ ਤਾਂ ਉਹਨੂੰ ਦੀਵੇ ਦੇ ਮੱਧਮ ਜਿਹੇ ਚਾਨਣ ਵਿਚ ਮਾਇਆ ਦੇ ਨੱਕ ਦਾ ਕੋਕਾ ਹੀਰਿਆਂ ਜੜਿਆ ਲੱਗਦਾ।

ਹੱਸਦਿਆਂ ਖੇਡਦਿਆਂ ਦਿਨ ਲੰਘ ਰਹੇ ਸਨ... ਪਹਿਲਾਂ, ਕੁੜੀ ਜਿੰਦੀ ਹੋਈ... ਫਿਰ ਬਿੰਦਰ ਤੇ ਫਿਰ ਪੰਮਾ...। ਨਿੰਜੇ ਦੀ ਖੁਸ਼ੀ ਸੱਤਵੇਂ ਅਸਮਾਨ 'ਤੇ ਸੀ... "ਰੱਬ ਨੇ ਦੁਖ ਵੀ ਬੜੇ ਦਿੱਤੇ... ਹੁਣ ਸੁਖ ਵੀ 'ਦਖਾਲੇ ਆ... ਐਂ ਤਾਂ ਨਜ਼ਾਰੇ ਆ ਕਿ...।" ਨਿੰਜੇ ਨੂੰ ਭੂਆ ਅੱਕੀ ਦੇ ਨੁਹੰਆਂ ਪੁੱਤਰਾਂ ਦੀ ਜਿਆਦਤੀ ਭੁੱਲ ਗਈ। ਇਕ ਦਿਨ ਉਹ 'ਪੀਤੀ' ਦੇ ਲੋਰ ਵਿਚ ਬਹੂ ਦੇਸਲਾਂ ਜਾ ਵੜਿਆ... "ਨਿੰਜਿਆਂ ਅਸੀਂ ਤੈਨੂੰ ਲੱਭਣ ਦੀ ਬੜੀ ਕੋਸ਼ਿਸ਼ ਕੀਤੀ... ਉਦੋਂ ਹਲਾਤ ਈ ਏਦਾਂ ਦੇ ਸੀ ਕੀ ਕਰਦੇ?" ਭੂਆ ਦੇ ਜੀਆ ਨੇ ਆਪਣੀ ਸਫ਼ਾਈ ਦਿੱਤੀ ਸੀ। ਪਰ ਨਿੰਜੇ ਨੂੰ ਉਹਨਾਂ 'ਤੇ ਕੋਈ ਗਿਲਾ ਨਹੀਂ ਸੀ ਉਹਦੀ ਮਣਸ਼ਾ ਤਾਂ ਹੋਰ ਸੀ ...ਅਸਲ ਵਿਚ ਨਿੰਜੇ ਦੀ ਆਖਰੀ ਆਸ ਭੂਆ ਦੇ ਮੁੰਡੇ ਹੀ ਸਨ। ਸ਼ਾਇਦ ਇਹਨਾਂ ਕੋਲੋਂ ਹੀ ਕਿਤੇ... ਭਾਊ ਚਰਨੇ ਹੋਰਾਂ ਦਾ ਪਤਾ ਲੱਗ ਜਾਏ।

ਬਸ, ਕਿਸੇ ਮੰਨਤ ਦੇ ਪੂਰੀ ਹੋਣ ਵਾਂਗ ਨਿੰਜੇ ਦੀ ਆਸ-ਮੁਰਾਦ ਵੀ ਪੂਰੀ ਹੋ ਗਈ। ਚੂਹੜ ਚੱਕੋ ਆ ਕੇ ਨਿੰਜੇ ਕਾ ਸਾਰਾ ਸ਼ਰੀਕਾ ਹੁਸ਼ਿਆਰਪੁਰ ਲਾਗੇ ਲੱਧੇਵਾਲੀ ਆ ਬੈਠਿਆ ਸੀ। ਪਰ ਇਥੇ ਕੁਝ ਸਮਾਂ ਠਹਿਰਣ ਤੋਂ ਬਾਅਦ ਭਾਊ ਚਰਨਾ ਭਰਾਵਾਂ ਨੂੰ ਲੈ ਕੇ ਸਰਹੰਦ ਚਲਿਆ ਗਿਆ ਸੀ ਕਿਸੇ ਜਾਣੂੰ ਰਾਹੀਂ ਉਹਨਾਂ ਸੱਦ ਪਈ ਸੀ ਬਈ ਇਥੇ ਉਹਦੇ ਸਹੁਰਿਆਂ ਵੱਲੋਂ ਕੋਈ ਠਾਹਰ ਸੀ ਕਿਉਂ ਜੋ ਇਥੇ ਟਰੱਕਾਂ ਤੋਂ ਸਮਾਨ ਲੌਂਣ ਲੱਦਣ ਦਾ ਕੰਮ ਬੜਾ ਸੀ ਤੇ ਮਜ਼ਦੂਰੀ ਵੀ ਚੰਗੀ ਮਿਲਦੀ ਸੀ ਤਿੰਨੋਂ ਭਰਾ ਆਪੋ-ਆਪਣੇ ਜੀਅ ਜੰਤ ਨਾਲ ਹੁਣ ਇਥੇ ਹੀ ਵਸਦੇ ਰਸਦੇ ਸਨ।

"...'ਵਾ ਓਏ ਰੱਬਾ ਤੇਰੀ ਲੀਲਾ... ਬੇਅੰਤ ਆ...।" ਨਿੰਜੇ ਦੀਆਂ ਅੱਖਾਂ ਪਰਨਾਲਿਆਂ ਵਾਂਗ ਵਗ ਪਈਆਂ ਸੀ।

ਨਿੰਜੇ ਨੂੰ ਲੱਗਾ ਜਿਵੇਂ ਉਹਨੂੰ ਖੁੱਸੀ ਹੋਈ ਬਾਦਸ਼ਾਹੀ ਮਿਲ ਗਈ ਹੋਵੇ। "ਬੰਦੇ ਨੂੰ ਹੋਰ ਕੀ ਚਾਹੀਦਾ?" ਉਸ ਸਰਹੰਦੋਂ ਆ ਕੇ ਬੱਕਰਾ ਵੱਢਿਆ ਸੀ... ਯਾਰਾ ਦੋਸਤਾਂ ਤੇ ਆਂਢ-ਗੁਆਂਢ ਨੂੰ ਦਾਰੂ ਪਿਆਈ ਸੀ।

ਪੰਝਤਰਾਂ ਨੂੰ ਢੁੱਕੇ ਨਿੰਜੇ ਦਾ ਹਜੇ ਵੀ ਉਹੀ ਚਾਲਾ ਸੀ। ਕੰਮ ਉਹ ਹਾਲੇ ਵੀ ਫੁਰਤੀ ਨਾਲ ਕਰਦਾ ਸੀ ਪਰ ਇਸ ਉਮਰ ਵਿਚ ਹੁਣ ਉਹਨੂੰ ਦਿਹਾੜੀ ਕੀਹਨੇ ਲੈ ਕੇ ਜਾਣਾ ਸੀ... ਆਪਣੇ 'ਖਾਣ-ਪੀਣ' ਜੋਗਾ ਉਹ ਅਜੇ ਜ਼ਿੰਮੀਦਾਰਾਂ ਦੇ ਮਾੜੇ ਮੋਟੇ ਕੰਮ ਕਰਕੇ ਆਪਣਾ ਡੰਗ ਟਪਾਈ ਜਾਂਦਾ ਸੀ। ਪਰ ਉਹਦੇ ਘਰ ਦੇ ਜੀਆਂ ਨੂੰ, ਹੁਣ ਜੱਟਾਂ ਨਾਲ ਮੁਫ਼ਤ ਵਾਂਗ ਕੰਮ ਕਰਨਾ ਨਿਰੀ ਬੇਵਕੂਫੀ ਲੱਗਦੀ ਸੀ। ਜਿਹਨੂੰ ਉਹ ਨਿੰਜੇ ਦੀਆਂ ਮਨਆਈਆਂ ਕਹਿੰਦੇ ਸਨ।

ਚੂਲ਼ਾ ਟੁੱਟਣ ਦਾ ਉਹਨੂੰ ਏਨਾ ਦਰੇਗ ਨਹੀਂ ਸੀ। ਬੁਢਾਪੇ ਦੀਆਂ ਬਿਮਾਰੀਆਂ ਵੀ ਉਹਦਾ ਹੌਸਲਾ ਨਹੀਂ ਸੀ ਤੋੜ ਸਕੀਆਂ... ਪਰ "ਤੂੰ ਕੀ ਕੀਤਾ...?" ਦਾ ਉਹਦੇ ਕੋਲ ਕੋਈ ਜਵਾਬ ਨਹੀਂ ਸੀ।

ਸੂਰਜ ਉਹਦੇ ਸਿਰ ਤੋਂ ਗੁਜਰਦੇ ਹੋਏ... ਬਿੰਦਰ ਦੇ ਪਾਏ ਚਬਾਰੇ ਦੇ ਪਿਛਵਾੜੇ ਵੱਲ ਚਲਿਆ ਗਿਆ ਸੀ... ਚੁਬਾਰੇ ਦਾ ਪਰਛਾਵਾਂ ਹੋਣ ਕਾਰਨ ਉਹਨੂੰ ਠੰਡ ਲੱਗ ਰਹੀ ਸੀ ਪਰ ਅੰਦਰ ਜਾਣ ਨੂੰ ਉਹਦੀ 'ਵਢਿਆਂ ਰੂਹ' ਨਹੀਂ ਸੀ ਕਰਦੀ।

"ਕਿਉਂ ਕਰ ਲਈਆਂ ਭਗਤੀਆਂ? ਬੜੀ ਸਮਾਧੀ ਲਾਈ ਸੀ... ਕਿਸੇ ਵੱਲ ਦੇਖਦਾ ਈ ਨਹੀਂ...।"

ਤੇਜਾ ਉਧਰੋਂ ਮੁੜ ਆਇਆ ਸੀ। ਸਹਿਜ ਨਾਲ ਉਸ ਸਾਈਕਲ ਨਿੰਜੇ ਦੀ ਮੰਜੀ ਕੋਲ ਲਿਆ ਖੜਾਇਆ। ...ਹੈ ਤਾਂ ਤੇਜਾ ਵੀ 'ਹੰਭਿਆ' ਹੋਇਆ ਸੀ ਪਰ ਹੱਡੀ ਚੀੜ੍ਹੀ ਹੋਣ ਕਰਕੇ... 'ਹਜੇ ਸਾਇਕਲ ਵੀ ਚਲਾ ਲੈਂਦਾ ਸੀ।

"ਨਿੰਜੇ ਨੂੰ ਕੋਈ ਫੌਰੀ ਜਵਾਬ ਨਹੀਂ ਸੀ ਔੜਿਆ।

"ਊਂ ਨਗੌਰੀਆ... ਚੂਲ਼ਾ ਮਾਰ ਗਿਆ ਤੈਨੂੰ, ਨਹੀਂ ਤਾਂ ਤੂੰ ਹਾਲੇ ਵੀ ਵੱਛਿਆਂ ਨਾਲ ਦੌੜ ਸਕਦਾ ਸੀ... ਹੈ ਕਿ ਨਾ।" ਤੇਜਾ ਸਿੰਘ ਠਹਾਕਾ ਮਾਰ ਕੇ ਹੱਸਿਆ।

"ਇਹਨੂੰ ਸਮਝਾ ਭਰਾਵਾ– ਭਲਾ ਇਹ ਉਮਰਾਂ ਰੁੱਸਣ ਦੀਆਂ।"

ਮਾਇਆ ਗਲਾਸ ਵਿੱਚ ਚਾਹ ਲਈ ਦਰਵਾਜੇ ਵਿੱਚ ਖੜੀ ਸੀ। ਨਿੰਜਾ ਉਵੇਂ ਜਿਵੇਂ ਗੁੰਮ ਸੁੰਮ ਸੀ... ਉਹਦੀ ਹਾਲਤ ਦੇਖ ਕੇ, ਤੇਜਾ ਵੀ ਗੰਭੀਰ ਹੋ ਗਿਆ... "ਕੀ ਗੱਲ ਨਾਗੌਰੀਆ? "

"ਗੱਲ ਤੇ ਭਰਾਵਾਂ ਕੁਝ ਨਹੀਂ...।" ਮਾਇਆ ਨੇ ਤੇਜੇ ਨੂੰ ਅੱਗਿਓਂ ਵਲ਼ ਲਿਆ... ਜਿਵੇਂ ਨਿੰਜੇ ਨੂੰ ਬੋਲਣ ਈ ਨਾ ਦੇਣਾ ਚਾਹੁੰਦੀ ਹੋਵੇ।

"ਭਰਾ ਤੇਜਿਆ... ਲੰਬੜਾ ਨੇ ਉਹ ਖੂਹ ਪੂਰ ਦਿੱਤਾ ਸੀ...?" ਨਿੰਜਾ ਇਕ ਦਮ ਬੋਲਿਆ ਜਿਵੇਂ ਨੀਂਦ 'ਚੋਂ ਜਾਗਿਆ ਹੋਵੇ।



"ਕਿਹੜਾ?"

"ਜੀਹਚੋਂ ਆਪਾਂ ਇੱਟਾਂ ਕੱਢੀਆਂ ਸੀ।"

"ਆਹੋ ਕਦ 'ਦਾ ਈ... ਤੈਨੂੰ ਪਤਾ ਤਾਂ ਹੈ...।" ਤੇਜਾ ਕੁਝ ਡੌਰ ਭੌਰ ਜਿਹਾ ਹੋ ਗਿਆ।

"ਅੱਛਾ... ਉਹਦੀਆਂ ਇੱਟਾਂ ਕਿੱਥੇ ਗਈਆਂ।

"ਲੈ ਦੱਸ...! ਨਿੰਜਿਆਂ ਆਪਾਂ... ਇਥੇ... ਕੋਠਾ ਨਹੀਂ ਸੀ... ਛੱਤਿਆ।"

"ਉਹ ਤਾਂ ਮੈਨੂੰ ਪਤਾ... ਹੁਣ ਕਿੱਥੇ ਆ ਇੱਟਾਂ?"

"ਲੈ ਦੱਸ... ਬਿੰਦਰ ਦੇ ਭਾਪਾ... ਉਹਨਾਂ ਦੀ ਰੋੜੀ ਕੁੱਟ ਕੇ ਹੀ ਕਿ ਨੀਹਾਂ 'ਚ ਪਾਈ ਸੀ... ਬੜੀਆਂ ਪੱਕੀਆਂ ਇੱਟਾਂ ਸੀ।"

"ਅੱਛਾ !... ਨੀਹਾਂ 'ਚ ਉਹੀਂ ਇੱਟਾਂ।...ਹੂੰ...। ਹਾ ਹਾ ਹਾ... ਗੁੰਮ ਸੁੰਮ ਨਿੰਜਾ ਜ਼ੋਰ ਦਾ ਠਹਾਕਾ ਮਾਰ ਕੇ ਹੱਸ ਪਿਆ।"

ਨਿੰਜੇ ਦੇ ਇਸ ਅਜੀਬ ਜਿਹੇ ਹਾਸੇ ਕਾਰਨ... ਤੇਜਾ ਤੇ ਮਾਇਆ ਦੋਵੇਂ... ਡਰ ਗਏ...

"ਮਖ ਨਿੰਜਿਆ...!"

"ਬਿੰਦਰ ਦੇ ਭਾਪਾ... ਤੂੰ ਠੀਕ ਆ...।" ਦੋਹਾਂ ਦੇ ਮੂੰਹੋਂ ਕੱਠਾ ਹੀ ਨਿਕਲਿਆ...

ਨਿੰਜਾ ਕਮਲਿਆ ਹਾਰ ਹੱਸੀ ਜਾ ਰਿਹਾ ਸੀ... ਨੀਹਾਂ 'ਚ ਉਹੀ... ਇੱਟਾਂ ਆ... ਉਹੀ ਇੱਟਾਂ ਨਾ... ਹਾ ਹਾ ਹਾ...?

... ਚੱਲ ਖਾਂ... ਤੇਜਿਆ ਅੱਜ... ਖੂਹ 'ਤੇ ਗੇੜਾ ਮਾਰੀਏ... ਬੈਠਾ ਬੰਦਾ ਤਾਂ ਊਂ ਜੁੜ ਜਾਂਦਾ...।"

ਟਿੱਕ ਟਿਕ... ਟਿੱਪ ਟਿੱਪ ਕਰਦਾ... ਨਿੰਜਾ... ਸੜਕੇ ਸੜਕ... ਵਾਕਰ ਲੈ ਕੇ ਤੁਰ ਪਿਆ... ਮਾਇਆ ਤੇ ਤੇਜਾ ਬਿਟ ਬਿਟ ਦੇਖਦੇ ਹੀ ਰਹਿ ਗਏ।

(**ਸੰਪਰਕ** 98724-53246)

ਕਹਾਣੀ

# ਟੋਆ

ਵਿਪਨ ਕੁਮਾਰ



ਮੈਂ ਜਿੰਨੀ ਤੇਜ਼ ਭੱਜ ਸਕਦਾ ਸਾਂ, ਭੱਜਿਆ ਮੇਰੇ ਦੋਸਤ ਦਾ ਡੈਡੀ ਤੇ ਉਸਦੇ ਤਾਏ ਦਾ ਮੁੰਡਾ ਜ਼ਰੂਰ ਹੈਰਾਨ ਹੁੰਦੇ ਹੋਣਗੇ ਕਿ ਇਕਦਮ ਮੈਨੂੰ ਕੀ ਹੋ ਗਿਆ ? ਭਾਵੇਂ ਐੱਮ.ਫਿਲ. ਕਰਦਿਆਂ ਤੇ ਹੋਸਟਲ 'ਚ ਰਹਿੰਦਿਆਂ ਭਾਰ ਚੁੱਕਣਾ ਜਾਂ ਭਾਰੇ ਕੰਮ ਕਰਨੇ ਲਗਭਗ ਉੱਕਾ ਹੀ ਬੰਦ ਹੋ ਚੁੱਕੇ ਨੇ। ਦੌੜ-ਭਜਾਈ ਵੀ ਬਹੁਤੀ ਨਈਂ ਕਰੀਦੀ। ਪਰ ਫੇਰ ਵੀ ਮੈਂ ਆਪਣੀ ਪੂਰੀ ਤਾਕਤ ਨਾਲ ਜਿੰਨੀ ਤੇਜ਼ ਭੱਜ ਸਕਦਾ ਸਾਂ, ਭੱਜਿਆ। ਭੱਜਿਆ ਗਿਆ। ਭੱਜਿਆ ਗਿਆ। ਮੈਂ ਉਸ ਛੱਪੜ ਕੋਲ ਪਹੁੰਚਣਾ ਸੀ ਜਿਹਦੇ ਨੇੜੇ ਕੁਝ ਦੇਰ ਪਹਿਲਾਂ ਮੈਂ ਤੇ ਮੇਰੇ ਦੋਸਤ ਦੇ ਤਾਏ ਦਾ ਮੁੰਡਾ ਬੋਅ ਮਾਰਦਾ, ਬੁਲਬੁਲੇ ਛੱਡਦਾ ਮੀਟ ਸਿੱਟ ਕੇ ਗਏ ਸਾਂ। ਮੈਨੂੰ ਡਰ ਸੀ ਕਿਤੇ ਉਹ ਮੀਟ ਕੁੱਤੇ ਨਾ ਖਾ ਲੈਣ। ਇਸ ਲਈ ਉਹਨਾਂ ਤੋਂ ਸੜ੍ਹਾਂਦ ਮਾਰਦਾ ਮੀਟ ਬਚਾਉਣ ਲਈ ਮੈਂ ਪੂਰੇ ਜ਼ੋਰ ਨਾਲ ਭੱਜਿਆ। ਮੈਂ ਭੱਜੀ ਜਾ ਰਿਹਾ ਸਾਂ। ਭੱਜੀ ਜਾ ਰਿਹਾ ਸਾਂ। ਜਦ ਮੈਂ ਉਸ ਥਾਂ 'ਤੇ ਪਹੁੰਚਿਆ ਤਾਂ ਦੇਖਿਆ ਮੀਟ ਉਸੇ ਤਰ੍ਹਾਂ ਹੀ ਪਿਆ ਸੀ, ਜਿਵੇਂ ਅਸੀਂ ਸੁੱਟ ਕੇ ਗਏ ਸਾਂ। ਕੁੱਤੇ ਮੀਟ ਕੋਲ ਅਜੇ ਪਹੁੰਚੇ ਨਹੀਂ ਸਨ। ਮੈਂ ਸੁੱਖ ਦਾ ਸਾਹ ਲਿਆ। ਮੈਂ ਆਪਣੇ ਆਲੇ ਦੁਆਲੇ ਦੇਖਿਆ। ਮੈਨੂੰ ਛੱਪੜ ਦੇ ਨੇੜੇ ਇਕ ਡੂੰਘਾ ਟੋਇਆ ਨਜ਼ਰ ਆਇਆ। ਮੈਂ ਆਪਣੇ ਹੱਥਾਂ ਨਾਲ ਬੋ ਮਾਰਦਾ ਮੀਟ ਟੋਏ ਵਿਚ ਸੁੱਟ ਦਿੱਤਾ। ਸਾਰਾ ਮੀਟ ਟੋਏ ਵਿਚ ਸੁੱਟ ਕੇ ਉੱਤੋਂ ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ। ਮਿੱਟੀ ਪਾਈ ਜਾ ਰਿਹਾ ਸਾਂ, ਪਾਈ ਜਾ ਰਿਹਾ ਸਾਂ, ਪਾਈ ਜਾ ਰਿਹਾ ਸਾਂ,

ਮੈਂ ਹੋਸਟਲ ਦੇ ਕਮਰੇ ਵਿਚ ਬੈਠਾ ਆਪਣਾ ਟਰਮ ਪੇਪਰ ਲਿਖ ਰਿਹਾ ਸਾਂ ਜਦੋਂ ਮੈਨੂੰ ਮੇਰੇ ਦੋਸਤ ਦਾ ਫੋਨ ਆਇਆ ਸੀ। ਉਹ ਆਪਣੇ ਘਰ ਗਿਆ ਹੋਇਆ ਸ।

ਕਿਵੇਂ ਆਂ? ਮੇਰੇ ਵੱਲੋਂ ਫੋਨ ਚੁੱਕਦਿਆਂ ਸਾਰ ਮੇਰੇ ਦੋਸਤ ਨੇ ਪੁੱਛਿਆ।

ਸਤਿ ਸ਼੍ਰੀ 'ਕਾਲ ਬਾਈ। ਵਧੀਆ। ਤੁਸੀਂ ਦੱਸੋ? ਮੈਂ ਬੇਧਿਆਨੀ ਜਿਹੀ ਨਾਲ ਜਵਾਬ ਦਿੱਤਾ।

ਸਤਿ ਸ਼੍ਰੀ 'ਕਾਲ। ਮੈਂ ਵੀ ਵਧੀਆ। ਉਹਨੇ ਬਹੁਤ ਹੀ ਉਤਸ਼ਾਹਿਤ ਹੁੰਦਿਆਂ ਕਿਹਾ।

ਘਰੇ ਸਭ ਠੀਕ-ਠਾਕ? ਮੈਂ ਗੱਲ ਕਰਨ ਲਈ ਸਰੋਸਰੀ ਪੁੱਛਿਆ।

ਹਮਮ ਤੂੰ ਦੱਸ? ਘਰੇ ਗੱਲ ਹੋਈ ਤੇਰੀ? ਉਹਨੇ ਪੁੱਛਿਆ। ਉਹਨੂੰ ਪਤਾ ਸੀ ਕਿ ਮੈਂ ਆਪਣੇ ਘਰ ਬਹੁਤੀ ਗੱਲ ਨਹੀਂ ਕਰਦਾ। ਘਰੋਂ ਫੋਨ ਆ ਜਾਵੇ ਤਾਂ ਆ ਜਾਵੇ। ਮੈਂ ਕਦੀ ਛੇਤੀ ਫੋਨ ਨਹੀਂ ਸੀ ਕਰਦਾ।

ਠੀਕ ਈ ਹੁਣੇ ਬਾਈ। ਕਾਫੀ ਦਿਨ ਹੋ ਗਏ, ਮੇਰੀ ਗੱਲ ਨਈਂ ਹੋਈ। ਸਾਲਾ ਟਰਮ ਪੇਪਰ ਈ ਨਹੀਂ ਸੂਤ ਆਉਣ ਦਿਆ। ਚੱਲ ਛੱਡ, ਤੁਸੀਂ ਦੱਸੋ ਕਿੱਦਣ ਆਓਗੇ ? ਮੈਂ ਜਲਦ ਤੋਂ ਜਲਦ ਫੋਨ ਕੱਟਣਾ ਚਾਹੁੰਦਾ ਸਾਂ ਕਿਉਂਕਿ ਮੇਰਾ ਪੂਰਾ ਧਿਆਨ ਟਰਮ ਪੇਪਰ ਲਿਖਣ ਵੱਲ ਸੀ—

ਐੱਮ.ਫਿਲ. ਦੀ ਸ਼ੁਰੂਆਤ ਵਿਚ ਦੋ ਟਰਮ ਪੇਪਰ ਲਿਖਣੇ ਪੈਂਦੇ ਨੇ। ਮੈਂ ਦੂਜਾ ਟਰਮ-ਪੇਪਰ ਲਿਖ ਰਿਹਾ ਸਾਂ ਜੋ ਕਿ ਇਕ ਅੰਗਰੇਜ਼ੀ ਦੀ ਕਿਤਾਬ 'ਤੇ ਸੀ। ਅੰਗਰੇਜ਼ੀ ਮੈਨੂੰ ਘੱਟ ਆਉਂਦੀ ਹੈ। ਅੰਗਰੇਜ਼ੀ ਸ਼ੁਰੂ ਤੋਂ ਹੀ ਮੈਨੂੰ ਹਊਆ ਲੱਗਦੀ ਰਹੀ। ਹੁਣ ਤਾਂ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਪੜ੍ਹਾਉਣ ਲੱਗ ਪਏ ਨੇ। ਮੈਂ ਛੇਵੀਂ ਜਮਾਤ ਵਿਚ ਅੰਗਰੇਜ਼ੀ ਪੜ੍ਹਨੀ ਸ਼ੁਰੂ ਕੀਤੀ ਸੀ। ਉਦੋਂ ਵੀ ਤੇ ਹੁਣ ਵੀ ਪਤਾ ਨਹੀਂ ਕਿਉਂ ਅੰਗਰੇਜ਼ੀ ਤੋਂ

ਇੰਨਾ ਡਰ ਕਿਉਂ ਲੱਗਦਾ ਹੈ। ਛੇਵੀਂ ਤੋਂ ਲੈ ਕੇ ਬੀ.ਏ. ਤੱਕ ਦਾ ਅੰਗਰੇਜ਼ੀ ਦਾ ਪੇਪਰ 'ਰੱਟਾ ਮਾਰ, ਕੰਮ ਸਾਰ' ਦੇ ਫਾਰਮੂਲੇ ਨੂੰ ਅਪਣਾ ਕੇ ਪਾਸ ਕੀਤਾ ਹੈ। ਐੱਮ. ਏ. ਪੰਜਾਬੀ ਕਰਦਿਆਂ ਸੋਚਿਆ ਸੀ ਕਿ ਹੁਣ ਕਦੇ ਅੰਗਰੇਜ਼ੀ ਵੱਲ ਮੂੰਹ ਨਹੀਂ ਕਰਾਂਗਾ। ਪਰ ਜਦੋਂ ਐੱਮ.ਫਿਲ. ਵਿਚ ਪਤਾ ਲੱਗਿਆ ਕਿ ਅੰਗਰੇਜ਼ੀ ਪੜ੍ਹਨੀ ਹੀ ਪੈਣੀ ਹੈ ਤਾਂ ਇਕ ਵਾਰ ਤਾਂ ਹੋਸ਼ ਉੱਡ ਗਏ। ਵਿਦਵਾਨਾਂ ਦਾ ਮੰਨਣਾ ਸੀ ਕਿ ਗਿਆਨ ਦਾ ਅਮੁੱਕ ਭੰਡਾਰ ਤਾਂ ਅੰਗਰੇਜ਼ੀ ਵਿਚ ਹੀ ਪਿਆ ਹੈ। ਹਿੰਦੀ, ਪੰਜਾਬੀ ਵਾਲੇ ਤਾਂ ਝੱਖ ਮਾਰਦੇ ਹਨ। ਇਸ ਲਈ ਜਦੋਂ ਐੱਮ.ਫਿਲ. ਵਿਚ ਦੂਜਾ ਟਰਮ ਪੇਪਰ ਅੰਗਰੇਜ਼ੀ ਦੀ ਕਿਤਾਬ 'ਤੇ ਲਿਖਣ ਨੂੰ ਮਿਲਿਆ ਤਾਂ ਔਖਾ ਤਾਂ ਹੋ ਰਿਹਾ ਸਾਂਪਰ ਪੇਪਰ ਤਾਂ ਲਿਖਣਾ ਹੀ ਸੀ। ਮੇਰਾ ਦੋਸਤ ਆਪਣਾ ਟਰਮ ਪੇਪਰ ਲਿਖ ਕੇ ਆਪਣੇ ਗਾਇਡ ਨੂੰ ਦੇ ਚੁੱਕਾ ਸੀ। ਗਾਇਡ ਨੇ ਕੁਝ ਕੁ ਤਬਦੀਲੀਆਂ ਕਰਨ ਦਾ ਕਹਿ ਕੇ ਪੇਪਰ ਉਸ ਨੂੰ ਵਾਪਸ ਕਰ ਦਿੱਤਾ ਸੀ। ਹੁਣ ਉਹਨੇ ਪੇਪਰ ਪੜ੍ਹਨ ਤੋਂ ਕੁਝ ਕ ਦਿਨ ਪਹਿਲਾ ਜਾ ਕੇ ਬਸ ਦਸਤਖ਼ਤ ਹੀ ਕਰਾਉਣੇ ਸਨ। ਇਸ ਲਈ ਉਹ ਲਗਭਗ ਵਿਹਲਾ ਹੀ ਸੀ।

— ਮੈਂ ਤਾਂ ਨਈਂ ਆਉਂਦਾ। ਤੂੰ ਆਉਣਾ ਮੇਰੇ ਕੋਲ। ਵਿਆਹ ਧਰ 'ਤਾ ਸਾਡੇ ਆਲੇ ਦਾ ਪਹੁੰਚ ਜੀਂ। ਉਹਨੇ 'ਹੱਕ' ਤੇ 'ਰੋਅਬ' ਦੇ ਰਲਵੇ-ਮਿਲਵੇਂ ਭਾਵ ਨਾਲ ਕਿਹਾ। ਭਾਵੇਂ ਉਹ ਹੱਕ ਨਾਲ ਕਹਿ ਰਿਹਾ ਸੀ ਪਰ ਮੈਨੂੰ ਉਹਦਾ 'ਹੱਕ-ਰੋਅਬ' ਜ਼ਿਆਦਾ ਲੱਗ ਰਿਹਾ ਸੀ।

ਓ ਬੱਲੇ ! ਵਧਾਈਆਂ ਫੇ ਤਾਂ ਅੰਟੀ-ਅੰਕਲ ਨੂੰ ਵੀ ਵਧਾਈਆਂ ਦੇਣਾ ਮੇਰੇ ਵੱਲੋਂ। ਕਿਹੜੀ ਤਾਰੀਕ ਨੂੰ ਆ? ਮੈਂ ਵੀ ਖ਼ੁਸ਼ੀ ਜਾਹਰ ਕਰਦਿਆਂ ਕਿਹਾ।

ਫਲਾਣੀ ਤਰੀਕ ਨੂੰ। ਪਹੁੰਚ ਜੀਂ ਨਾਲੇ ਦੋ ਕੁ ਦਿਨ ਪਹਿਲਾ ਪਹੁੰਚੀ। ਘਰੇ ਕੰਮ-ਧੰਦਾ ਈ ਕਰਾ ਦੇਈ ਮੇਰੇ ਨਾਲ। ਠੀਕ ਆ। ਉਹਨੇ ਫੇਰ 'ਹੱਕ' ਤੇ 'ਰੋਅਬ' ਨਾਲ ਕਿਹਾ ਪਰ ਮੈਨੂੰ ਉਸਦਾ ਇਸ ਤਰ੍ਹਾਂ ਕਹਿਣਾ ਥੋੜ੍ਹਾ ਬੁਰਾ ਤਾਂ ਲੱਗਾ ਪਰ ਮੈਂ ਨਜ਼ਰ-ਅੰਦਾਜ਼ ਕਰ ਦਿੱਤਾ—

ਮੈਂ ਉਦੋਂ ਵੀ ਨਜ਼ਰ-ਅੰਦਾਜ਼ ਹੀ ਕਰ ਦਿੱਤਾ ਸੀ ਜਦ ਪਹਿਲੇ ਹੀ ਦਿਨ ਹੋਸਟਲ ਦੇ ਕਮਰੇ ਵਿਚ ਉਹਨੇ ਮੈਨੂੰ ਪੁੱਛਿਆ ਸੀ, 'ਬਾਈ ਆਪਾ ਕੌਣ ਹੁੰਨੇ ਆਂ?'

ਹੈਂ ! ਪਹਿਲਾ ਤਾਂ ਮੈਂ ਬਹੁਤ ਹੈਰਾਨ ਹੋਇਆ ਸਾਂ। ਫੇਰ ਕੁਝ ਸੋਚ ਕੇ ਸਿਰਫ ਮੁਸਕਰਾ ਛੱਡਿਆ ਸੀ- 'ਠੀਕ ਆ ਬੱਸ ਆ ਟਰਮ ਪੇਪਰ ਨਿਬੇੜ ਲਾ, ਫੇ ਪਹੁੰਚ ਜਾਊ' ਮੈਂ ਆਪਣੀ ਮਜ਼ਬੂਰੀ ਜਾਹਰ ਕੀਤੀ। ਉਹਨੂੰ ਵੀ ਪਤਾ ਸੀ ਕਿ ਮੇਰਾ ਕੰਮ ਔਖਾ ਹੈ । ਅੰਗਰੇਜ਼ੀ ਦੀ ਕਿਤਾਬ ਤੇ ਉੱਤੋਂ ਇੰਨੀ ਸਿਧਾਂਤਕ ਸ਼ਬਦਾਵਲੀ। ਮੈਂ ਚਾਰ-ਪੰਜ ਡਿਕਸ਼ਨਰੀਆਂ ਫੋਨ ਵਿਚ ਡਾਊਨਲੋਡ ਕੀਤੀਆਂ ਹੋਈਆਂ ਸਨ। ਕਿਤਾਬ ਵਿਚੋਂ ਪੜ੍ਹਿਆ ਇਕ ਸਿਧਾਂਤਕ ਸ਼ਬਦ ਮੈਂ ਵਾਰੀ-ਵਾਰੀ ਸਾਰੀਆਂ ਡਿਕਸ਼ਨਰੀਆਂ ਵਿਚ ਪਾ ਕੇ ਉਸ ਦੇ ਅਰਥ ਦੇਖਦਾ ਫੇਰ ਜਿਹੜਾ ਅਰਥ ਮੈਨੂੰ ਮੇਰੇ ਵਿਸ਼ੇ ਦੇ ਵਧੇਰੇ ਨੇੜੇ ਲੱਗਦਾ, ਉਹ ਮੈਂ ਵਰਤਦਾ ਇਸ ਲਈ ਸਮਾਂ ਵੀ ਜ਼ਿਆਦਾ ਲੱਗਦਾ ਤੇ ਦਿਮਾਗ਼ ਵੀ ਜ਼ਿਆਦਾ ਖੱਪਦਾ ਪਰ ਸ਼ਾਇਦ ਮੇਰੇ ਦੋਸਤ ਨੂੰ ਇਸ ਨਾਲ ਕੋਈ ਮਤਲਬ ਨਹੀਂ ਸੀ।

ਇਹ ਤਾਂ ਅਜੇ ਲੇਟ ਪੜ੍ਹਨਾ ਆ। ਤੂੰ ਬਾਅਦ 'ਚ ਵੀ ਲਿਖ ਸਕਦੈ। ਫੇਰ ਲਿਖ ਲਈ। ਪਹਿਲਾਂ ਵਿਆਹ 'ਤੇ ਪਹੁੰਚ। ਨਾਲੇ ਪਹਿਲਾ ਪਹੁੰਚੀ। ਇਸ ਬਾਰ ਉਹਨੇ 'ਹੱਕ' ਘੱਟ ਤੇ ਜ਼ਿਆਦਾ 'ਰੋਅਬ' ਨਾਲ ਕਿਹਾ। ਉਹਨੂੰ ਪਤਾ ਸੀ ਕਿ ਮੇਰੇ ਕੋਲੋਂ ਜਵਾਬ ਨਹੀਂ ਦੇ ਦੇਣਾ।

ਠੀਕ ਆ। ਮੈਂ ਇਸ ਤੋਂ ਵੱਧ ਕੁਝ ਨਾ ਬੋਲ ਸਕਿਆ।

ਇੰਨਾ ਸੁਣ ਕੇ ਉਹਨੇ ਫੋਨ ਕੱਟ ਦਿੱਤਾ। ਮੈਂ ਸੋਚੀ ਪੈ ਗਿਆ। ਕੀ ਕਰਾਂ ? ਜਾਣਾ ਵੀ ਪੈਣਾ ਤੇ ਟਰਮ ਪੇਪਰ ਵੀ ਲਿਖਣਾ,

ਮੈਨੂੰ ਕਈ ਵਾਰ ਆਪਣੇ ਆਪ 'ਤੇ ਖਿਝ ਚੜ੍ਹਦੀ। ਮੈਂ ਅਜਿਹਾ ਕਿਉਂ ਹਾਂ। ਕਿਉਂ ਮੈਂ ਆਪਣਾ

ਨੁਕਸਾਨ ਕਰਵਾ ਕੇ ਦੂਸਰਿਆਂ ਦੀ ਮਦਦ ਕਰਨ ਤੱਕ ਜਾਂਦਾ ਹਾਂ। ਮੈਂ ਨਾਂਹ ਕਿਉਂ ਨਹੀਂ ਕਹਿ ਸਕਦਾ । ਮੇਰੇ ਇਕ ਦੋਸਤ ਨੇ ਤਾਂ ਇਕ ਵਾਰ ਮੈਨੂੰ ਕਹਿ ਵੀ ਦਿੱਤਾ ਸੀ।

ਤੂੰ ਪਤਾ ਨਈਂ ਕਿਹੜੀ ਮਿੱਟੀ ਦਾ ਬਣਿਆ ਬਾਈ। ਮੈਂ ਤਾਂ ਕਦੇ ਵੀ ਆਪਣੀ 'ਕੰਫ਼ਟ ਜ਼ੋਨ' ਨਾਲ ਸਮਝੌਤਾ ਨਾ ਕਰਾਂ।

ਵੈਸੇ ਉਹ ਸੱਚ ਹੀ ਕਹਿ ਰਿਹਾ ਸੀ। ਮੈਂ ਬਹੁਤ ਵਾਰ ਆਪਣੀ 'ਕੰਫ਼ਟ ਜ਼ੋਨ' ਨਾਲ ਸਮਝੌਤਾ ਕੀਤਾ ਸੀ। ਜਿਹੜਾ ਕੰਮ ਕਰਨ ਨੂੰ ਮੇਰਾ ਦਿਲ ਨਹੀਂ ਸੀ ਕਰਦਾ, ਉਹ ਵੀ ਮੈਂ ਸਿਰਫ ਇਸ ਕਰਕੇ ਕੀਤਾ ਮਤੇ ਕੋਈ ਮੇਰੇ ਨਾਲ ਗੁੱਸੇ ਨਾ ਹੋ ਜਾਵੇ।

ਇਕ ਵਾਰ ਯੂਨੀਵਰਸਿਟੀ ਵਿਚ ਦਲਿਤਾਂ ਦੇ ਵਿਸ਼ੇ 'ਤੇ ਕਰਵਾਏ ਸੈਮੀਨਾਰ ਵਿਚ ਇਕ ਬੁਲਾਰੇ ਨੇ ਕਿਹਾ ਸੀ ਕਿ ਸਦੀਆਂ ਦੀ ਲਤਾੜਨਾ ਤੇ ਦਮਨ ਕਰਕੇ ਦਲਿਤਾਂ ਦੀ ਕੰਡੀਸ਼ਨਿੰਗ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਨਾ ਚਾਹੁੰਦਿਆਂ ਵੀ 'ਯੈੱਸ ਕਹਿਣਾ' ਉਹਨਾਂ ਦੇ ਅਵਚੇਤਨ ਵਿਚ ਘਰ ਕਰ ਚੁੱਕਾ ਹੈ। ਜਦ ਉਹ ਬੁਲਾਰਾ ਬੋਲ ਰਿਹਾ ਸੀ ਤਾਂ ਮੈਨੂੰ ਉਹ ਗੱਲ ਯਾਦ ਆ ਗਈ ਜਦ ਮੇਰਾ ਡੈਡੀ ਬਿਨਾਂ ਵਜ੍ਹਾ ਦੇ ਹੀ ਸਾਡੇ ਪਿੰਡ ਦੇ ਵੱਡੇ ਸਰਦਾਰ ਨੂੰ ਸਤਿ ਸ਼੍ਰੀ ਅਕਾਲ ਬੁਲਾਉਂਦਾ ਸੀ। ਮੇਰਾ ਡੈਡੀ ਸਰਕਾਰੀ ਨੌਕਰੀ ਕਰਦਾ ਸੀ। ਸਾਡਾ ਘਰ ਪਿੰਡ ਦੇ ਦੂਜੇ ਪਾਸੇ ਸੀ। ਪਸ਼ੂ ਅਸੀਂ ਰੱਖੇ ਹੁੰਦੇ ਸਨ ਤੇ ਪੱਠੇ ਅਸੀਂ ਮੁੱਲ ਖਰੀਦਦੇ ਸਾਂ ਪਰ ਫੇਰ ਵੀ ਜਦ ਕਦੀ ਵੀ ਉਸ ਸਰਦਾਰ ਨੇ ਸਾਹਮਣਿਓਂ ਆਉਂਦਿਆਂ ਸਾਨੂੰ ਟੱਕਰ ਪੈਣਾ ਤਾਂ ਡੈਡੀ ਨੇ ਆਪਣਾ ਸੱਜਾ ਹੱਥ ਆਪਣੇ ਮੱਥੇ ਨਾਲ ਲਗਾ ਕੇ 'ਸਤਿ ਸ਼੍ਰੀ ਅਕਾਲ ਬਾਊ ਜੀ' ਕਹਿਣਾ। ਉਹਨੇ ਕਈ ਵਾਰ ਜਵਾਬ ਦੇ ਦੇਣਾ ਤੇ ਕਈ ਵਾਰ ਬਿਨਾਂ ਬੋਲੇ ਕੋਲੋਂ ਲੰਘ ਜਾਣਾ। ਡੈਡੀ ਦੀ ਰੀਸੋ-ਰੀਸ ਮੈਂ ਵੀ ਇਸੇ ਤਰ੍ਹਾਂ ਕਰਨਾ ਸ਼ੁਰੂ ਕਰ ਦਿੱਤਾ ਪਰ ਜਦ ਥੋੜ੍ਹਾ ਜਿਹਾ ਵੱਡਾ ਹੋਇਆ ਤੇ ਮੈਂ ਸੋਚਿਆ ਕਿ ਨਾ ਤਾਂ ਅਸੀਂ ਕਦੇ ਉਹਨਾਂ ਦੇ ਖੇਤਾਂ 'ਚੋਂ ਪੱਠੇ ਵੱਢ ਕੇ ਲਿਆਈਏ ਤੇ ਨਾ ਸਾਨੂੰ ਉਸ ਸਰਦਾਰ ਤਾਈਂ ਕੋਈ ਲੋੜ ਪਵੇ ਫੇਰ ਡੈਡੀ ਕਿਉਂ ਉਹਨੂੰ 'ਸਤਿ ਸ਼੍ਰੀ ਅਕਾਲ' ਬੁਲਾਉਂਦਾ ਜਦ ਕਿ ਉਹ ਕਦੀ ਚੱਜ ਨਾਲ ਜਵਾਬ ਵੀ ਨਹੀਂ ਦਿੰਦਾ। ਇਹ ਸੋਚ ਇਕ ਦਿਨ ਮੈਂ ਉਹਨੂੰ 'ਸਤਿ ਸ਼੍ਰੀ ਅਕਾਲ' ਨਾ ਬੁਲਾਈ। ਉਹਨੂੰ ਬਹੁਤ ਬੁਰਾ ਲੱਗਾ। ਉਹਨੂੰ ਬੁਰਾ ਲੱਗਣ ਦੀ ਗੱਲ ਮੈਨੂੰ ਉਦੋਂ ਪਤਾ ਲੱਗੀ ਜਦੋਂ ਡੈਡੀ ਨੇ ਮੈਨੂੰ ਹਰ ਵਾਰ ਜਿੱਥੇ ਉਹ ਸਰਦਾਰ ਟੱਕਰੇ 'ਸਤਿ ਸ੍ਰੀ ਅਕਾਲ' ਬੁਲਾਉਣ ਲਈ ਕਿਹਾ। ਉਹਨੇ ਮੇਰੇ ਡੈਡੀ ਨੂੰ ਲਾਬਾਂ ਦਿੱਤਾ ਸੀ। ਮੈਨੂੰ ਬੁਰਾ ਤਾਂ ਲੱਗਾ ਪਰ ਮੈਨੂੰ ਡੈਡੀ ਦੀ ਗੱਲ ਮੰਨਣੀ ਪਈ। ਮੈਨੂੰ ਮੇਰਾ ਦੋਸਤ ਸਾਡੇ ਪਿੰਡ ਦਾ ਸਰਦਾਰ ਤੇ ਮੈਨੂੰ ਆਪਣਾ ਆਪ ਮੇਰਾ ਡੈਡੀ ਪ੍ਰਤੀਤ ਹੋਇਆ

ਆਖਰ ਮੈਂ ਆਪਣਾ ਟਰਮ ਪੇਪਰ ਲਿਖਣਾ ਛੱਡ ਵਿਆਹ 'ਤੇ ਦੋ ਕੁ ਦਿਨ ਪਹਿਲਾ ਪਹੁੰਚ ਗਿਆ। ਮੇਰੇ ਦੋਸਤ ਦੇ ਘਰਵਾਲੇ ਮੈਨੂੰ ਦੇਖ ਕੇ ਬਹੁਤ ਖ਼ੁਸ਼ ਹੋਏ। ਮੈਂ ਵੀ ਉਹਨਾਂ ਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ। ਮੇਰੇ ਦੋਸਤ ਨੇ ਪਤਾ ਨਹੀਂ ਮੇਰੇ ਬਾਰੇ ਆਪਣੇ ਘਰਦਿਆਂ ਨੂੰ ਕੀ ਕਿਹਾ, ਪਹਿਲਾ ਤਾਂ ਸਾਰਿਆਂ ਨੇ ਮੇਰੇ ਵੱਲ ਬਹੁਤ ਹੀ ਅਜੀਬ ਜਿਹੀ ਤੱਕਣੀ ਨਾਲ ਦੇਖਿਆ। ਮੈਂ ਬਹੁਤਾ ਗੌਲਿਆ ਨਾ। ਥੋੜ੍ਹੀ ਜਿਹੀ ਝੱਕ ਤੋਂ ਬਾਅਦ ਮੈਂ ਸਾਰਿਆਂ ਲਈ ਆਮ ਹੋ ਗਿਆ। ਮੈਨੂੰ ਮੇਰੇ ਦੋਸਤ ਦਾ ਘਰ ਆਪਣਾ ਘਰ ਹੀ ਮਹਿਸੂਸ ਹੋਣ ਲੱਗ ਪਿਆ। ਜਿਵੇਂ ਮੈਂ ਆਪਣੇ ਦੋਸਤ ਦੇ ਪਿੰਡ ਦਾ ਜੰਮਪਲ ਹੋਵਾਂ। ਉਹਨਾਂ ਦੇ ਘਰ ਕੰਮ ਕਰਦੀਆਂ ਔਰਤਾਂ ਵੀ ਮੈਨੂੰ ਜਾਣਨ-ਪਛਾਣਨ ਲੱਗ ਪਈਆਂ। ਉਹਨਾਂ ਦੇ ਆਂਢੀ-ਗੁਆਂਢੀ ਵੀ ਮੇਰੇ ਜਾਣੂੰ ਬਣ ਗਏ। ਮੈਨੂੰ ਲੱਗਾ ਮੈਂ ਸਾਰਿਆਂ ਦਾ ਦਿਲ ਜਿੱਤ ਲਿਆ। ਇੱਥੋਂ ਤੱਕ ਕਿ ਮੇਰੇ ਦੋਸਤ ਦੇ ਰਿਸ਼ਤੇਦਾਰ ਵੀ ਮੇਰੇ ਨਾਲ ਇਵੇਂ ਵਿਵਹਾਰ ਕਰਨ ਲੱਗ ਪਏ ਜਿਵੇਂ ਮੈਂ ਉਸ ਘਰ ਦਾ ਇਕ ਜੀਅ ਹੋਵਾਂ। ਮੈਨੂੰ ਇਹ ਦੇਖ ਕੇ ਬਹੁਤ ਖ਼ੁਸ਼ੀ ਹੋਈ। ਇਸੇ ਖ਼ੁਸ਼ੀ ਵਿਚ ਮੈਂ ਸਾਰੇ ਕੰਮ ਭੱਜ-ਭੱਜ ਕੇ ਕਰ ਰਿਹਾ ਸਾਂ। ਮੇਰਾ ਦੋਸਤ ਮੈਨੂੰ ਕੋਈ ਕੰਮ ਕਹਿ ਦਿਆਂ ਕਰੇ, ਮੈਂ ਕਰ ਦਿਆਂ ਕਰਾਂ। ਉਹਦੇ ਘਰਦੇ ਮੈਨੂੰ ਕੋਈ ਕੰਮ ਕਹਿ ਦਿਆਂ ਕਰਨ, ਮੈਂ ਕਰ ਦਿਆਂ ਕਰਾਂ। ਉਹਦੇ

ਰਿਸ਼ਤੇਦਾਰ ਮੈਨੂੰ ਕੋਈ ਕੰਮ ਕਹਿ ਦਿਆਂ ਕਰਨ, ਮੈਂ ਕਰ ਦਿਆਂ ਕਰਾਂ।

ਚੱਲ ਖੇਤ ਚੱਲੀਏ। ਮੇਰੇ ਦੋਸਤ ਨੇ ਇਕਦਮ ਮੈਨੂੰ ਕਿਹਾ।

ਮੈਂ ਮਹਿਮਾਨਾਂ ਨੂੰ ਪਾਣੀ ਵਰਤਾ ਰਿਹਾ ਸਾਂ।

"ਕੀ ਕਰਨ।" ਮੈਂ ਪੁੱਛਿਆ।

"ਸੀਰੀ ਨੂੰ ਰੋਟੀ ਦੇ ਕੇ ਆਉਣੀ ਆਂ।" ਉਹਨੇ ਕਿਹਾ ਤੇ ਮੋਟਰ-ਸਾਈਕਲ ਨੂੰ ਕਿੱਕ ਮਾਰ ਦਿੱਤੀ।

ਮੈਂ ਹੱਥ 'ਚ ਫੜਿਆ ਜੱਗ ਰਸੋਈ ਵਿਚ ਰੱਖਿਆ ਤੇ ਆ ਕੇ ਮੋਟਰ-ਸਾਈਕਲ 'ਤੇ ਬੈਠ ਗਿਆ। ਦੋਸਤ ਦੀ ਮੰਮੀ ਨੇ ਮੈਨੂੰ ਸੀਰੀ ਦੀ ਰੋਟੀ ਤੇ ਚਾਹ ਵਾਲਾ ਡੋਲੂ ਫੜਾ ਦਿੱਤਾ। ਅਸੀਂ ਖੇਤ ਵੱਲ ਚਾਲੇ ਪਾ ਦਿੱਤੇ।

ਖੇਤ ਪਹੁੰਚ ਕੇ ਅਸੀਂ ਸੀਰੀ ਨੂੰ ਮਿਲੇ। ਮੇਰੇ ਦੋਸਤ ਨੇ ਆਪਣੇ ਸੀਰੀ ਨਾਲ ਮੇਰੀ ਜਾਣ-ਪਛਾਣ ਕਰਾਈ। ਸਭ ਕੁਝ ਦੱਸਣ ਤੋਂ ਬਾਅਦ ਉਹ ਬੋਲਿਆ,

ਇਹ ਵੀ ਤੁਹਾਡੇ 'ਚੋਂ ਈ ਆ।

ਇਹ ਗੱਲ ਮੈਨੂੰ ਓਪਰੀ ਲੱਗੀ ਪਰ ਮੈਂ ਫਿਰ ਅਣਸੁਣਿਆ ਕਰ ਦਿੱਤਾ। ਫੇਰ ਅਸੀਂ ਘਰ ਆ ਗਏ।

ਇਕ ਵਾਰ ਉਦੋਂ ਵੀ ਮੈਨੂੰ ਓਪਰਾ ਜਿਹਾ ਮਹਿਸੂਸ ਹੋਇਆ ਸੀ ਜਦੋਂ ਉਹਨਾਂ ਦੇ ਘਰ ਕੰਮ ਕਰਨ ਵਾਲੀਆਂ ਔਰਤਾਂ 'ਚੋਂ ਇਕ ਨੇ ਮੈਨੂੰ ਪੁੱਛਿਆ ਸੀ,

"ਵੇ ਪੁੱਤ, ਤੂੰ ਅਮਕੇ ਨਾਲ ਯੂਨੀਵਰਸਿਟੀ ਪੜ੍ਹਦਾ?"

"ਹਾਂਜੀ।" ਮੈਂ ਸਿਰਫ ਇੰਨਾ ਈ ਕਿਹਾ।

"ਤੈਨੂੰ ਪੜ੍ਹਨ ਦੇ ਪੈਸੇ ਵੀ ਮਿਲਦੇ ਆ।" ਉਹਨੇ ਹੈਰਾਨੀ ਨਾਲ ਪੁੱਛਿਆ।

"ਹਾਂਜੀ।" ਮੇਰੇ ਦੋਸਤ ਨੂੰ ਪਤਾ ਸੀ ਕਿ ਮੇਰਾ ਨੈੱਟ ਜੇਆਰਐੱਫ ਟੈਸਟ ਪਾਸ ਹੈ, ਤੇ ਇਸੇ ਲਈ ਮੈਨੂੰ ਯੂਜੀਸੀ ਵੱਲੋਂ ਹਰ ਮਹੀਨੇ ਫੈਲੋਸ਼ਿਪ ਮਿਲਦੀ ਹੈ।

"ਓ ਲਾਣੇਦਾਰਨੀ ਦੱਸ ਰਹੀ ਸੀ ਕਿ ਇਹ ਮੁੰਡਾ ਵੀ ਤੁਹਾਡੇ 'ਚੋ ਈ ਆ ।ਅਮਕੇ ਨਾਲ ਯੂਨੀਵਰਸਿਟੀ ਪੜ੍ਹਦਾ ਤੇ ਇਹਨੂੰ ਪੜ੍ਹਨ ਦੇ ਪੈਸੇ ਵੀ ਮਿਲਦੇ।" ਉਹ ਇਕੋ ਸਾਹੇ ਸਭ ਕੁਝ ਦੱਸ ਗਈ।

ਮੈਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਮੇਰੇ ਦੋਸਤ ਦੇ ਘਰ ਵਾਲੇ ਮੇਰੇ ਵੱਲ ਪਹਿਲਾ ਅਜੀਬ ਜਿਹੀ ਤੱਕਣੀ ਨਾਲ ਕਿਉਂ ਦੇਖ ਰਹੇ ਸਨ। ਨਾਲ ਹੀ ਮੈਨੂੰ ਉਹਨਾਂ ਦੇ ਮੇਰੇ ਨਾਲ ਅਤੇ ਆਪਣੇ ਸੀਰੀ ਤੇ ਘਰ ਵਿਚ ਕੰਮ ਕਰਨ ਵਾਲੀਆਂ ਔਰਤਾਂ ਨਾਲ ਵਿਵਹਾਰ ਵਿਚਲੇ ਫਰਕ ਦੀ ਵੀ ਸਮਝ ਲੱਗ ਗਈ। ਪਰ ਮੈਂ ਫਿਰ ਨਜ਼ਰ-ਅੰਦਾਜ਼ ਕਰ ਦਿੱਤਾ।

ਹੁਣ ਤੱਕ ਮੈਂ ਨਜ਼ਰ-ਅੰਦਾਜ਼ ਹੀ ਤਾਂ ਕਰਦਾ ਆ ਰਿਹਾ ਸਾਂ ਡੈਡੀ ਦੇ ਦੇਹਾਂਤ ਤੋਂ ਬਾਅਦ ਮੈਂ ਬਾਰ੍ਹਵੀਂ ਪਾਸ ਕਰਕੇ ਪੜ੍ਹਨੋਂ ਹੱਟ ਗਿਆ ਸਾਂ। ਜਦ ਖੇਤ ਵਿਚ ਦਿਹਾੜੀ ਕਰਨ ਗਿਆ ਤਾਂ ਜੱਟ ਮੈਨੂੰ 'ਓਧਰਲੇ ਮੁਹੱਲੇ' ਵਾਲਾ ਕਹਿੰਦੇ। ਮੈਂ ਨਜ਼ਰ-ਅੰਦਾਜ਼ ਕੀਤਾ। ਜਦ ਮੈਂ ਫੈਕਟਰੀ 'ਚ ਕੰਮ ਕਰਨ ਲੱਗਿਆ ਤਾਂ ਉੱਥੇ ਮੈਨੂੰ 'ਬਰਾਦਰੀ 'ਚੋਂ' ਕਿਹਾ ਗਿਆ। ਮੈਂ ਨਜ਼ਰ-ਅੰਦਾਜ਼ ਕੀਤਾ। ਮੇਰੇ ਇਕ ਦੋਸਤ ਨੇ ਬਾਰ੍ਹਵੀਂ ਪੜ੍ਹਿਆ ਜਾਣ ਕੇ ਮੈਨੂੰ ਇਕ ਦਵਾਈਆਂ ਵਾਲੀ ਦੁਕਾਨ 'ਤੇ ਕੰਮ ਲਗਵਾ ਦਿੱਤਾ। ਉਹ ਪੰਡਤਾਂ ਦੀ ਦੁਕਾਨ ਸੀ। ਜਦ ਉਹਨਾਂ ਨੂੰ ਮੇਰੀ ਜਾਤ ਦਾ ਪਤਾ ਲੱਗਾ ਤਾਂ ਉਹ ਮੈਨੂੰ 'ਸੀ'ਕਹਿ ਕੇ ਬੁਲਾਉਂਦੇ ।ਮੈਂ ਨਜ਼ਰ-ਅੰਦਾਜ਼ ਕੀਤਾ। ਫੇਰ ਜਦ ਪੰਜ ਸਾਲ ਦੇ ਵਕਫ਼ੇ ਬਾਅਦ ਦੁਬਾਰਾ ਪੜ੍ਹਨ ਦੀ ਸੋਚੀ ਤਾਂ ਮੈਨੂੰ ਮੇਰੇ ਹੀ ਮੁਹੱਲੇ ਦੇ ਲੋਕ ਤੇ ਮੇਰੇ ਦੋਸਤ ਕਹਿਣ ਲੱਗੇ, "ਆਹ ਕੋਈ ਉਮਰ ਆ ਹੁਣ ਪੜ੍ਹਨ ਦੀ?"

"ਪੜ੍ਹ ਕੇ ਕਿਹੜਾ ਡੀਸੀ ਲੱਗ ਜਾਣਾ, ਕਰਨੀਆਂ ਤਾਂ ਦਿਹਾੜੀਆਂ ਈ ਆ।"

"ਸਾਲਿਆ ਪੜ੍ਹੀ ਜਾਣਾ, ਵਿਆਹ ਨਈਂ ਕਰਾਉਣਾ।" ਵਿਆਹ ਵਾਲੀ ਗੱਲ ਕਹਿ ਕੇ ਉਹ ਹੋਰ ਵੀ ਗੰਦੇ ਫਿਕਰੇ ਕਹਿੰਦੇ ਮੈਂ ਇਹ ਸਭ ਨਜ਼ਰ-ਅੰਦਾਜ਼ ਕੀਤਾ। ਜਿਵੇਂ ਹੁਣ ਉਹਨਾਂ ਔਰਤਾਂ ਵੱਲੋਂ ਪੁੱਛੇ

ਜਾਣ 'ਤੇ ਮੈਂ ਸਭ ਕੁਝ ਜਾਣ-ਸਮਝ ਕੇ ਵੀ ਨਜ਼ਰ-ਅੰਦਾਜ਼ ਕਰ ਦਿੱਤਾ।

ਮੈਂ ਸਾਰੇ ਕੰਮ ਭੱਜ-ਭੱਜ ਕੇ ਕਰ ਰਿਹਾ ਸਾਂ। ਮੇਰਾ ਦੋਸਤ, ਉਸਦੇ ਪਰਿਵਾਰ ਵਾਲੇ ਤੇ ਸਾਰੇ ਰਿਸ਼ਤੇਦਾਰ ਮੇਰੇ ਕੋਲੋਂ ਬਹੁਤ ਖ਼ੁਸ਼ ਸਨ। ਅਸੀਂ ਮੇਲ ਵਾਲੀ ਰਾਤ ਡੀ.ਜੇ. 'ਤੇ ਅੱਧੀ ਰਾਤ ਤੱਕ ਭੰਗੜਾ ਪਾਉਂਦੇ ਰਹੇ। ਅਗਲੇ ਦਿਨ ਬਰਾਤੇ ਗਿਆਂ ਵੀ ਡੀ.ਜੇ. 'ਤੇ ਬਹੁਤ ਭੰਗੜਾ ਪਾਇਆ। ਮੈਨੂੰ ਮੇਰਾ ਟਰਮ ਪੇਪਰ ਲਿਖਣਾ ਚਿੱਤ-ਚੇਤੇ ਵੀ ਨਾ ਰਿਹਾ।

ਵਿਆਹ ਨਿਬੜ ਗਿਆ। ਹੁਣ ਸਮਾਨ ਸੰਭਾਲਣ ਦੀ ਵਾਰੀ ਸੀ। ਜਿਹੜੇ ਭਾਂਡੇ ਗੁਰਦੁਆਰਾ ਸਾਹਿਬ 'ਚੋਂ ਲਿਆਂਦੇ ਸਨ, ਉਹ ਮੋੜੇ। ਟੈਂਟ ਦਾ ਸਮਾਨ ਮੋੜਿਆ। ਅਜੇ ਟੈਂਟ ਵਾਲੇ ਦੀ ਦੁਕਾਨ 'ਤੋਂ ਸਾਮਾਨ ਮੋੜ ਕੇ ਘਰ ਪਹੁੰਚੇ ਹੀ ਸਾਂ ਕਿ ਉਸਦਾ ਫੋਨ ਆ ਗਿਆ ਕਿ ਇਕ ਬਾਲਟੀ ਘੱਟ ਹੈ। ਭਾਲ ਸ਼ੁਰੂ ਹੋਈ ਤਾਂ ਰਸੋਈ ਵਿਚ ਮੀਟ ਨਾਲ ਭਰੀ ਬਾਲਟੀ ਮਿਲ ਗਈ ਪਰ ਮੀਟ ਖਰਾਬ ਹੋ ਚੁੱਕਾ ਸੀ ਬੋ ਮਾਰ ਰਿਹਾ ਸੀ। ਬੁਲਬੁਲੇ ਛੱਡ ਰਿਹਾ ਸੀ।

"ਇਹਨੂੰ ਛੱਪੜ 'ਚ ਸੁੱਟ ਆਓ।" ਮੇਰੇ ਦੋਸਤ ਦੇ ਤਾਏ ਨੇ ਕਿਹਾ।

"ਕੁੱਤਿਆਂ ਨੂੰ ਪਾ ਦਿੰਨੇ ਆਂ ਅੰਕਲ।" ਮੈਂ ਕਿਹਾ।

"ਨਈਂ ਖਰਾਬ ਆ। ਦੋਸਤ ਦੇ ਤਾਏ ਨੇ ਵਰਜਿਆ, "ਐਵੇਂ ਕੁੱਤੇ ਬਿਮਾਰ ਹੋ ਜਾਣਗੇ।"

"ਕੁੱਤਿਆਂ ਨੂੰ ਕੁਝ ਨਈਂ ਹੁੰਦਾ।" ਮੈਂ ਹੱਸਦਿਆਂ ਕਿਹਾ।

ਜਦ ਮੈਂ ਤੇ ਮੇਰੇ ਦੋਸਤ ਦੇ ਤਾਏ ਦਾ ਮੁੰਡਾ ਬੋ ਮਾਰਦਾ ਮੀਟ ਪਿੰਡ ਦੇ ਛੱਪੜ ਕੰਢੇ ਸੁੱਟ ਕੇ ਵਾਪਸ ਆਏ ਤਾਂ ਦਰਵਾਜ਼ੇ ਮੂਹਰੇ ਹੀ ਸਾਨੂੰ ਮੇਰੇ ਦੋਸਤ ਦਾ ਡੈਡੀ ਟੱਕਰ ਪਿਆ। ਉਹ ਖੇਤ ਸੀਰੀ ਨੂੰ ਰੋਟੀ ਦੇ ਕੇ ਆਇਆ ਸੀ। ਉਹਨੇ ਦੇਖਿਆ ਕਿ ਮੇਰੇ ਹੱਥ ਵਿਚ ਖਾਲੀ ਬਾਲਟੀ ਸੀ।

"ਇਹ ਕਿੱਧਰ ਲੈ ਕੇ ਚੱਲੇ?" ਮੇਰੇ ਦੋਸਤ ਦੇ ਡੈਡੀ ਨੇ ਪੁੱਛਿਆ।

"ਚੱਲੇ ਨਈਂ, ਆਏ ਆਂ ਅੰਕਲ।" ਮੈਂ ਜਵਾਬ ਦਿੱਤਾ, "ਮੀਟ ਖਰਾਬ ਹੋ ਗਿਆ ਸੀ। ਉਹ ਛੱਪੜ ਕੰਢੇ ਸੁੱਟ ਕੇ ਆਏ ਆਂ।"

"ਸੁੱਟਿਆ ਕਿਉਂ ?" ਮੇਰੇ ਦੋਸਤ ਦੇ ਡੈਡੀ ਨੇ ਕਿਹਾ, "ਚੂੜ੍ਹਿਆ ਨੂੰ ਦੇ ਆਉਣਾ ਸੀ।

ਇਹ ਸ਼ਬਦ ਸੁਣ ਕੇ ਮੈਂ ਧੁਰ-ਅੰਦਰ ਤੱਕ ਕੰਬ ਗਿਆ।

"ਖਰਾਬ ਹੋ ਗਿਆ ਸੀ ਅੰਕਲ, ਬੋ ਮਾਰਦਾ ਸੀ।" ਮੈਂ ਮਸੋਸੀ ਜਿਹੀ ਆਵਾਜ਼ ਵਿਚ ਕਿਹਾ।

"ਓਏ ! ਉਹਨਾਂ ਨੂੰ ਕੁਝ ਨਈਂ ਹੁੰਦਾ।" ਮੇਰੇ ਦੋਸਤ ਦੇ ਡੈਡੀ ਨੇ ਉੱਚੀ ਦੇਣੇ ਹੱਸਦਿਆਂ ਕਿਹਾ।

ਮੇਰੇ ਹੱਥੋਂ ਬਾਲਟੀ ਛੁੱਟ ਗਈ। ਦੋਸਤ ਦੇ ਡੈਡੀ ਦੀ ਇਹ ਗੱਲ ਸੁਣ ਕੇ ਪਤਾ ਨਹੀਂ ਮੈਨੂੰ ਕੀ ਹੋ ਗਿਆ। ਮੈਂ ਵਾਪਸ ਛੱਪੜ ਵੱਲ ਭੱਜਣਾ ਸ਼ੁਰੂ ਕਰ ਦਿੱਤਾ। ਮੈਂ ਅੰਨ੍ਹੇਵਾਹ ਭੱਜੀ ਜਾ ਰਿਹਾ ਸਾਂ। ਭੱਜੀ ਜਾ ਰਿਹਾ ਸਾਂ।

ਜਦ ਮੈਂ ਛੱਪੜ ਕੋਲ ਪਹੁੰਚਿਆ ਤਾਂ ਦੇਖਿਆ ਮੀਟ ਉਵੇਂ ਈ ਪਿਆ ਸੀ। ਹਨੇਰਾ ਹੋ ਰਿਹਾ ਸੀ। ਮੈਂ ਆਲੇ ਦੁਆਲੇ ਦੇਖਿਆ। ਨੇੜੇ ਹੀ ਇਕ ਟੋਇਆ ਨਜ਼ਰੀ ਪਿਆ। ਮੈਂ ਸਾਰਾ ਮੀਟ ਟੋਏ ਵਿਚ ਸੁੱਟ ਦਿੱਤਾ। ਟੋਏ ਵਿਚ ਮੀਟ ਸੁੱਟ ਕੇ ਉੱਪਰੋਂ ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ। ...ਮੈਂ ਮਿੱਟੀ ਪਾਈ ਜਾ ਰਿਹਾ ਸਾਂ ...ਪਾਈ ਜਾ ਰਿਹਾ ਸਾਂ। ਮੈਂ ਪਸੀਨੇ ਨਾਲ ਘੜੁੱਚ ਹੋ ਗਿਆ। ਮਿੱਟੀ ਪਾਈ ਜਾ ਰਿਹਾ ਸਾਂ। ਗੁਰਦੁਵਾਰਾ ਸਾਹਿਬ ਵਿਚ ਪਾਠੀ ਪਾਠ ਕਰਨ ਲੱਗ ਪਿਆ ਸੀ। —ਮਿੱਟੀ ਪਾਈ ਜਾ ਰਿਹਾ ਸਾਂ। ਗੁਰਦੁਆਰਾ ਸਾਹਿਬ 'ਚੋਂ ਆਵਾਜ਼ ਆਈ, ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ। -ਮੈਂ ਮਿੱਟੀ ਪਾਈ ਜਾ ਰਿਹਾ ਸਾਂ। —ਪਾਈ ਜਾ ਰਿਹਾ ਸਾਂ। ਪਰ ਟੋਆ ਸੀ ਕਿ ਭਰਿਆ ਹੀ ਨਈਂ ਸੀ ਜਾ ਰਿਹਾ।

( **ਸੰਪਰਕ-94636-13986** )

ਮੇਰੀ ਸਿਰਜਣਾ ਦੇ ਸਰੋਤ

# ਇਹ ਪਾਤਰ ਜੀਭ 'ਤੇ ਅੱਗ ਬਾਲਦੇ ਨੇ

ਜਸਵੀਰ ਸਿੰਘ ਰਾਣਾ



ਮੈਂ ਵੱਖਰੀ ਜ਼ਿੰਦਗੀ ਦਾ ਆਸ਼ਕ ਹਾਂ। ਜ਼ਿੰਦਗੀ ਨੂੰ ਵੇਖਣ ਦਾ ਮੇਰਾ ਆਪਣਾ ਇਕ ਤਰੀਕਾ ਹੈ। ਇਹ ਤਰੀਕਾ ਮੇਰੀਆਂ ਕਹਾਣੀਆਂ ਔਰ ਪਾਤਰਾਂ ਉੱਪਰ ਵੀ ਲਾਗੂ ਹੁੰਦਾ ਹੈ। ਜਿਸ ਨੂੰ ਰਵਾਇਤੀ ਪਾਤਰਾਂ ਦੀ ਤਲਾਸ਼ ਹੁੰਦੀ ਹੈ। ਮੇਰੀ ਕਹਾਣੀ ਉਸ ਦੀ ਤਲਾਸ਼ ਪੂਰੀ ਨਹੀਂ ਕਰਦੀ। ਮੈਂ ਬਚਪਨ ਤੋਂ ਹੀ ਉਨ੍ਹਾਂ ਲੋਕਾਂ ਵਿਚ ਰਿਹਾ ਹਾਂ। ਜਿਨ੍ਹਾਂ ਲਈ ਜ਼ਿੰਦਗੀ ਜ਼ਹਿਰ ਬਣ ਜਾਂਦੀ ਹੈ। ਉਹ ਇਸ ਜ਼ਹਿਰ ਨੂੰ ਊਰਜਾ ਵਿਚ ਬਦਲਨ ਲਈ ਯੁੱਧ-ਰਤ ਰਹਿੰਦੇ ਨੇ। ਮੈਂ ਅੱਗ ਫੱਕਣ ਵਾਲੇ ਲੋਕਾਂ ਨੂੰ ਹੱਡੀਂ ਹੰਢਾਇਆ ਹੈ। ਉਨ੍ਹਾਂ ਨੂੰ ਇਕ-ਇਕ ਇੰਚ ਮੱਚਦੇ ਹੋਏ ਮਹਿਸੂਸ ਕੀਤਾ। ਇਹ ਲੋਕ ਔਰ ਇਨ੍ਹਾਂ ਦੀ ਜ਼ਿੰਦਗੀ ਮੇਰੇ ਧੁਰ ਅੰਦਰ ਉੱਤਰੀ ਹੋਈ ਹੈ। ਮੈਂ ਕੁਝ ਵੀ ਕਰ ਰਿਹਾ ਹੋਵਾਂ। ਇਨ੍ਹਾਂ ਲੋਕਾਂ ਦੀ ਇਕ ਲੰਬੀ ਕਤਾਰ ਮੇਰੇ ਨਾਲ-ਨਾਲ ਤੁਰਦੀ ਹੈ। ਮੈਂ ਕਿਤੇ ਪੜ੍ਹਿਆ ਸੀ ਕਿ ਮਹੱਤਵਪੂਰਨ ਇਹ ਨਹੀਂ ਹੁੰਦਾ ਕਿ ਪਾਤਰ ਕੀ ਹੈ ! ਮਹੱਤਵਪੂਰਨ ਇਹ ਹੁੰਦਾ ਕਿ ਪਾਤਰ ਕਰਦਾ ਕੀ ਹੈ ! ਇਸ ਦ੍ਰਿਸ਼ਟੀ ਤੋਂ ਜਦੋਂ ਮੈਂ ਪਾਤਰ ਉਸਾਰੀ ਦੀ ਪ੍ਰਕਿਰਿਆ ਵਿਚੋਂ ਦੀ ਗੁਜ਼ਰਦਾ ਹਾਂ। ਮੈਨੂੰ ਲੇਖਕ ਔਰ ਪਾਤਰ ਦੇ ਰਿਸ਼ਤੇ ਸਬੰਧੀ ਇਕ ਘਟਨਾ ਯਾਦ ਆ ਜਾਂਦੀ ਹੈ। ਉਹ ਘਟਨਾ ਇਹ ਹੈ ਕਿ ਇਕ ਵਾਰ ਟਾਲਸਟਾਏ ਕਿਸੇ ਥਾਂ ਪੌੜੀਆਂ ਚੜ੍ਹ ਰਿਹਾ ਸੀ। ਇਕ ਔਰਤ ਪੌੜੀਆਂ ਤੋਂ ਹੇਠਾਂ ਆ ਰਹੀ ਸੀ। ਉਸ ਔਰਤ ਨੂੰ ਰਸਤਾ ਛੱਡਣ ਲਈ ਟਾਲਸਟਾਏ ਸੁੰਗੜ ਕੇ ਪੌੜੀ ਦੇ ਇਕ ਪਾਸੇ ਖੜ੍ਹਾ ਹੋ ਗਿਆ। ਉਸ ਔਰਤ ਨੇ ਕਿਹਾ, "ਸ਼੍ਰੀ ਮਾਨ ਜੀ !.... ਐਨਾ ਸੁੰਗੜਨ ਵਾਲੀ ਕਿਹੜੀ ਗੱਲ ਹੈ !.... ਆਪਣੇ ਦੋਵਾਂ ਦੇ ਲੰਘਣ ਲਈ ਬਥੇਰੀ ਥਾਂ ਹੈ .....!"

"ਪਰ ਮੇਰੇ ਨਾਲ 'ਐਨਾਂ' ਵੀ ਤਾਂ ਹੈ....!!" ਉਹਦੀ ਗੱਲ ਸੁਣ ਟਾਲਸਟਾਏ ਨੇ ਜਵਾਬ ਦਿੱਤਾ।

ਇਸ ਜਵਾਬ ਦੀ ਤਹਿ ਵਿਚ ਬੜੀ ਡੂੰਘੀ ਰਮਜ਼ ਹੈ। ਇਹ ਰਮਜ਼ ਲੇਖਕ ਔਰ ਪਾਤਰ ਦੇ ਰਿਸ਼ਤੇ ਦੀਆਂ ਅਸੀਮ ਸੰਭਾਵਨਾਵਾਂ ਪ੍ਰਗਟ ਕਰਦੀ ਹੈ। ਜਿਸ ਨੇ ਇਹ ਰਮਜ਼ ਪਛਾਣ ਲਈ। ਉਹ ਖੁਦ ਪਾਤਰ ਬਣ ਕੇ ਵੀ ਪਾਤਰਾਂ ਨੂੰ ਸਾਕਸ਼ੀ-ਭਾਵ ਨਾਲ ਵੇਖਣ ਵਾਲੀ ਅਵਸਥਾ ਵਿਚ ਜਾ ਪਹੁੰਚਦਾ ਹੈ। ਇਸ ਨੁਕਤਾ-ਨਿਗਾਹ ਤੋਂ ਜਦੋਂ ਮੈ ਆਪਣੇ ਪਾਤਰਾਂ ਦੀ ਦੁਨੀਆਂ ਵੱਲ ਨਜ਼ਰ ਮਾਰਦਾ ਹਾਂ। ਮੈਨੂੰ ਸਭ ਤੋਂ ਪਹਿਲਾਂ ਬੱਗਾ ਮਾਮਾ ਨਜ਼ਰ ਆਉਂਦਾ ਹੈ। ਬੱਗਾ ਮੇਰੀਆਂ ਕਹਾਣੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਪਾਤਰ ਹੈ। ਉਸ ਦੀਆਂ ਅਨੇਕ ਪਰਤਾਂ ਹਨ। ਮੈਂ ਜਦੋਂ ਵੀ ਕੋਈ ਕਹਾਣੀ ਲਿਖਦਾ ਹਾਂ। ਉਹ ਕਿਸੇ ਨਾ ਕਿਸੇ ਰੂਪ ਵਿਚ ਕਹਾਣੀ ਦੇ ਮੁੱਖ ਪਾਤਰ ਵਿਚ ਆ ਵੜਦਾ ਹੈ। ਉਹ ਬੜਾ ਮੂੰਹਜ਼ੋਰ ਹੈ। ਉਸ ਤੋਂ ਬਚਣ ਦੀ ਕੋਸ਼ਿਸ਼ ਵਿਚ ਹੀ ਉਸ ਬਾਰੇ ਕਿੰਨਾ ਕੁੱਝ ਲਿਖਿਆ ਜਾਂਦਾ। ਸਭ ਤੋਂ ਪਹਿਲਾਂ ਬਲਜਿੰਦਰ ਨਸਰਾਲੀ ਨੇ ਉਸ ਬਾਰੇ 'ਹਾਰੇ ਦੀ ਅੱਗ' ਨਾਵਲ ਲਿਖਿਆ ਸੀ। ਜਿਸ ਵਕਤ ਮੈਂ ਉਹ ਨਾਵਲ ਪੜ੍ਹਿਆ। ਮੈਨੂੰ ਲੱਗਿਆ ਕਿ ਮੈਂ ਵੀ ਲਿਖ ਸਕਦਾ ਹਾਂ। ਮੇਰੀ ਕਥਾ-ਸ਼ੁਰੂਆਤ 1998 ਦੀ ਹੈ। ਉਸ ਸਾਲ ਮੈਂ ਇਕ ਕਹਾਣੀ ਲਿਖੀ 'ਬੱਗਾ ਬਦਮਾਸ਼'। ਫਿਰ 2005 ਵਿਚ ਇਕ ਕਹਾਣੀ ਲਿਖੀ 'ਚੂੜੇ ਵਾਲੀ ਬਾਂਹ'। ਇਨ੍ਹਾਂ ਦੋਵਾਂ ਕਹਾਣੀਆਂ ਦਾ ਮੁੱਖ ਪਾਤਰ ਬੱਗਾ ਹੈ। ਉਹ ਮੇਰਾ ਤਿੰਨਾਂ ਵਿਚੋਂ ਸਭ ਤੋਂ ਛੋਟਾ ਮਾਮਾ ਸੀ। ਵੱਡਾ ਮਾਮਾ ਕੇਸਰ ਤੇ ਵਿਚਕਾਰਲਾ ਨੇਤਰ। ਕੇਸਰ ਤੇ ਬੱਗਾ ਤਾਂ ਪਹਿਲਾਂ ਮਰ ਗਏ। ਪਰ ਨੇਤਰ ਮਾਮਾ ਕਾਫੀ ਬਾਅਦ ਵਿਚ ਮਰਿਆ। ਉਹ ਕਿਸੇ ਕਹਾਣੀ ਵਿਚ

ਸਿੱਧਾ ਪਾਤਰ ਬਣਕੇ ਤਾਂ ਨਹੀਂ ਆਇਆ। ਪਰ 'ਪਾਤਰ ਅੰਦਰ ਪਾਤਰ' ਬਣਕੇ ਆਇਆ ਹੈ। ਉਹਦੀ ਕਲਪਨਾ-ਸ਼ਕਤੀ ਕਮਾਲ ਦੀ ਸੀ। ਉਹ ਕਹਾਣੀ ਜੋੜਨ ਵਿਚ ਮਾਹਿਰ ਸੀ। ਜਦੋਂ ਉਹ ਅਮਰਗੜ੍ਹ ਆਉਂਦਾ ਜਾਂ ਮੈਂ ਨਸਰਾਲੀ ਜਾਂਦਾ। ਉਹ ਥੋੜਾ




ਜਿਹਾ ਚਿਰ ਰਸਮੀ ਹਾਲ-ਚਾਲ ਪੁੱਛਦਾ। ਫਿਰ ਭੂਤਾਂ-ਪ੍ਰੇਤਾਂ, ਸਾਧਾਂ-ਸੰਤਾਂ, ਗੈਬੀ-ਸ਼ਕਤੀਆਂ ਤੇ ਆਪਣੀ ਕਲਪਨਾ ਨਾਲ ਜੋੜੀਆਂ ਰਹੱਸਮਈ ਗੱਲਾਂ ਛੋਹ ਲੈਂਦਾ। ਮੈਂ ਬੜੇ ਧਿਆਨ ਨਾਲ ਉਸ ਦੀਆਂ ਗੱਲਾਂ ਸੁਣਦਾ। ਜਿਸ ਦਿਨ ਅਸੀਂ ਬੁੱਗੇ ਵਾਲੇ ਰਣ ਸਿਉਂ ਦੀ ਕਾਰ ਵਿਚ ਕੀਰਤਪੁਰ ਬੱਗੇ ਮਾਮੇ ਦੇ ਫੁੱਲ ਪਾਉਣ ਗਏ। ਆਉਂਦੇ-ਜਾਂਦੇ ਸਾਰੇ ਰਾਹ ਨੇਤਰ ਮਾਮਾ ਭੂਤਾਂ-ਪ੍ਰੇਤਾਂ ਤੇ ਸੱਪਾਂ ਦੀਆਂ ਗੱਲਾਂ ਸੁਣਾਉਂਦਾ ਰਿਹਾ। ਉਹਨੇ ਰਾਮ ਆਸਰੇ ਦੀਆਂ ਸੱਪਾਂ ਨਾਲ ਕੀਤੀਆਂ ਕਿੰਨੀਆਂ ਹੀ ਵਾਰਦਾਤਾਂ ਸੁਣਾਈਆਂ। ਬਾਅਦ ਵਿਚ ਭਾਵੇਂ ਉਹ ਵਿਆਹਿਆ ਗਿਆ। ਪਰ ਪਹਿਲਾਂ ਵੱਡੀ ਉਮਰ ਤੱਕ ਉਹ ਵੀ ਛੜਾ ਹੀ ਰਿਹਾ। ਉਨ੍ਹਾਂ ਦਿਨਾਂ ਵਿਚ ਉਹਦੀ ਕਲਪਨਾ-ਸ਼ਕਤੀ ਦਾ ਜਲਵਾ ਵੇਖਣ ਵਾਲਾ ਹੁੰਦਾ ਸੀ। ਉਹ ਅਜੀਬ ਕਿਸਮ ਦੀਆਂ ਗੱਲਾਂ ਸੁਣਾਉਂਦਾ । ਇਕ ਗੱਲ ਉਹ ਅਕਸਰ ਸੁਣਾਉਂਦਾ। ਕਹਿੰਦਾ ਇਕ ਵਾਰੀ ਰਾਤ ਨੂੰ ਉਹ ਲੂਣਿਆਂ ਤੋਂ ਆ ਰਿਹਾ ਸੀ। ਸਾਇਕਲ 'ਤੇ। ਰਾਹ ਵਿਚ ਇਕ ਚੂੜਾ ਪਾਈਂ ਲਾਲ ਸੂਟ ਵਾਲੀ ਕੁੜੀ ਨੇ ਉਸ ਨੂੰ ਰੁਕਣ ਲਈ ਹੱਥ ਦਿੱਤਾ। ਉਹ ਕਹਿੰਦੀ ਮੈਨੂੰ ਉੱਥੇ ਕੁ ਤੱਕ ਲੈ ਚੱਲ। ਪਰ ਉਹ ਬੋਲਿਆ ਨਹੀਂ। ਨਾ ਸਾਇਕਲ ਰੋਕਿਆ। ਜੇ ਰੋਕ ਲੈਂਦਾਂ ਤਾਂ ਮਾਰਿਆ ਜਾਂਦਾ। ਪਰ ਨਹੀਂ। ਉਹ ਮਰਿਆ ਨਹੀਂ। ਉਸ ਦੀਆਂ ਸੁਣਾਈਆਂ ਕਿੰਨੀਆਂ ਹੀ ਗੱਲਾਂ ਨੂੰ ਮੈਂ 'ਚੂੜੇ ਵਾਲੀ ਬਾਂਹ' ਕਹਾਣੀ ਵਿਚ ਵਰਤਿਆ ਹੈ। ਕਹਾਣੀ ਵਿਚ ਇਹ ਗੱਲਾਂ ਨੇਤਰ ਨਾਲ ਨਹੀਂ, ਬੱਗੇ ਮਾਮੇ ਨਾਲ ਵਾਪਰਦੀਆਂ ਹਨ। ਬੱਗਾ ਇਸ ਕਹਾਣੀ ਦਾ ਮੁੱਖ ਪਾਤਰ ਹੈ। ਇਸ ਕਹਾਣੀ ਵਿਚ ਦੋ ਹੋਰ ਪਾਤਰ ਹਨ। ਪਹਿਲਾ ਕੇਸਰ ਮਾਮਾ ਹੈ। ਉਹ ਸਾਰੀ ਉਮਰ ਸਾਡੇ ਨਾਨੇ ਤੋਂ ਬਾਕੀ ਬਚੀ ਇਕ ਵਿੱਘਾ ਜ਼ਮੀਨ ਨੂੰ ਬਚਾਉਂਦਾ ਰਿਹਾ। ਕੋਟ-ਕਚਹਿਰੀ ਉਲਝਿਆ ਰਿਹਾ। ਪਤਾ ਹੀ ਨਾ ਲੱਗਾ ਕਦੋਂ ਵਿਆਹ ਦੀ ਉਮਰ ਲੰਘ ਗਈ। ਉਹ ਛੜਾ ਰਹਿ ਗਿਆ। ਆਪਣੇ ਅੰਦਰ ਬੈਠੇ ਛੜੇ ਨੂੰ ਤ੍ਰਿਪਤ ਕਰਨ ਲਈ ਬਾਅਦ ਵਿਚ ਉਹਨੇ ਇਕ ਕਮਾਲ ਦੀ ਜੁਗਤ ਵਰਤੀ। ਉਹ ਲੋਕਾਂ ਨੂੰ ਰਿਸ਼ਤੇ ਕਰਾਉਣ ਲੱਗ ਪਿਆ। ਆਖਰੀ ਸਾਹ ਤੱਕ ਉਹ ਤਿੰਨ ਸੌ ਤੋਂ ਵੱਧ ਰਿਸ਼ਤੇ ਕੀਤੇ ਹਨ। ਇਸ ਯਾਤਰਾ ਕਾਰਨ ਹੀ ਮੈਂ ਆਪਣੇ ਪਾਤਰਾਂ ਦੀ ਮਨੋਵਿਗਿਆਨਕ ਬਾਰੀਕੀ ਨੂੰ ਪੇਸ਼ ਕਰਨ ਵਿਚ ਸਫਲ ਹੋਇਆ ਹਾਂ। ਜਿਸ ਵਕਤ ਮੈਂ ਕੋਈ ਪਾਤਰ ਫੜਦਾ ਹਾਂ। ਮੇਰੇ ਸਾਹਮਣੇ ਉਸ ਦੀਆਂ ਦੋ ਗੱਲਾਂ ਅਹਿਮ ਹੁੰਦੀਆਂ ਹਨ। ਇਕ ਤਾਂ ਉਹ ਬਾਹਰੀ ਪੱਧਰ 'ਤੇ ਕੀ, ਕਿਉਂ ਤੇ ਕਿਵੇਂ ਜੀਅ ਰਿਹਾ ਹੈ! ਦੂਜਾ ਉਹ ਜੋ ਜੀਅ ਰਿਹਾ ਹੈ ਉਹਦਾ ਉਸ ਦੇ ਅੰਤਰ-ਮਨ 'ਤੇ ਕੀ, ਕਿਉਂ ਤੇ ਕਿਵੇਂ ਦਾ ਪ੍ਰਭਾਵ ਪੈ ਰਿਹਾ ਹੈ! ਤੇ ਫਿਰ ਇਸ ਪ੍ਰਭਾਵ-ਕਬੂਲੀ ਤੋਂ ਬਾਅਦ ਉਸਦੀ ਸੋਚ, ਵਿਵਹਾਰ ਤੇ ਜ਼ਿੰਦਗੀ ਦੀ ਪੁੱਠ-ਸਿੱਧ ਕੀ ਬਣ ਜਾਂਦੀ ਹੈ। ਆਪਣੇ ਪਾਤਰਾਂ ਦੀ ਜੀਵਨ-ਝਾਕੀ ਨੂੰ ਡੂੰਘੇ ਤਲ 'ਤੇ ਜਾ ਕੇ ਪਕੜਨ ਵਿਚ ਮੇਰਾ ਅੰਤਰ-ਮਨ ਵੀ ਇਕ ਪਾਤਰ ਦੇ ਤੌਰ 'ਤੇ ਕੰਮ ਕਰ ਰਿਹਾ ਹੁੰਦਾ ਹੈ। ਜਿੱਥੇ ਇਕ ਪਾਸੇ ਮੇਰੀ ਮਨੋਵਿਗਿਆਨਕ ਪ੍ਰਵਿਰਤੀ ਪਾਤਰ ਬਣਦੀ ਹੈ, ਉੱਥੇ ਦੂਜੇ ਪਾਸੇ ਮੇਰਾ ਦੂਜਾ ਰੂਪ ਵੀ ਅਹਿਮ ਹੈ। ਪਹਿਲਾਂ ਤੋਂ ਹੀ ਮੇਰੇ ਅੰਦਰ ਇਕ ਜਗਿਆਸੂ ਫਕੀਰ ਵਸਦਾ ਹੈ। ਮੈਨੂੰ ਸ਼ੁਰੂ ਤੋਂ ਹੀ ਕੋਈ ਤਲਾਸ਼ ਹੈ। ਮੈਂ ਬਚਪਨ ਤੋਂ ਹੀ ਕਿਸੇ ਖੋਜ ਵਿਚ ਹਾਂ। ਇਸ ਖੋਜ-ਤਲਾਸ਼ੀ ਦਾ ਹੀ ਸਿੱਟਾ ਹੈ ਕਿ ਮੈਂ ਜਾਸੂਸੀ

ਨਾਵਲ, ਓਸ਼ੋ, ਤਰਕਸ਼ੀਲ ਸਾਹਿਤ, ਫਿਲਾਸਫੀ, ਧਰਮ, ਵਿਗਿਆਨ, ਮਨੋਵਿਗਿਆਨ ਤੇ ਪਤਾ ਨਹੀਂ ਕੀ-ਕੀ ਪੜ੍ਹ ਗਿਆ। ਪਰ ਜਿਉਂ-ਜਿਉਂ ਮੈਂ ਪੜ੍ਹਿਆ। ਮੇਰੀ ਤਲਾਸ਼ ਹੋਰ ਵਧੀ ਹੈ! ਖੋਜ ਹੋਰ ਡੂੰਘੀ ਹੋਈ ਹੈ। ਮੈਂ ਮੁੱਦਤਾਂ ਤੋਂ ਚੁੱਪ-ਚਾਪ ਇਕ ਸਫ਼ਰ ’ਤੇ ਹਾਂ। ਆਪਣੇ ਸੁਭਾਅ ਦੀਆਂ ਇਨ੍ਹਾਂ ਰਹੱਸਮਈ ਪਰਤਾਂ ਨੂੰ ਮੈਂ ‘ਦੋ ਸਾਹਾਂ ਵਿਚਲਾ ਠਹਿਰਾਅ’ ਕਹਾਣੀ ਵਿਚ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਤਿੰਨ ਪ੍ਰਮੁੱਖ ਪਾਤਰ ਸੂਰਜ ਦੇਵ, ਤ੍ਰਿਕਾਲ ਦੇਵ ਤੇ ਸੰਦਲਾ ਹਨ। ਮੈਂ ਇਨ੍ਹਾਂ ਪਾਤਰਾਂ ਵਿਚ ਵੱਖ-ਵੱਖ ਰੰਗਾਂ ਔਰ ਰੂਪਾਂ ਵਿਚ ਸ਼ਾਮਿਲ ਹਾਂ। ਕਈ ਹੋਰ ਕਹਾਣੀਆਂ ਨਸਲਘਾਤ, ਡਾਰਕ-ਜ਼ੋਨ, ਸੁਰਜੀਤ ਕਤਲ-ਕਾਂਡ ਤੇ ਖਿੱਤੀਆਂ ਘੁੰਮ ਰਹੀਆਂ ਨੇ ਵਿਚ ਵੀ ਮੈਂ ਟੋਟਿਆਂ ਵਿਚ ਸ਼ਾਮਿਲ ਹਾਂ। ਕਹਾਣੀਆਂ ਦੇ ‘ਮੈਂ’ ਪਾਤਰ ਵਿਚ ਇਹ ਟੋਟੇ ਕਿੱਥੇ-ਕਿੱਥੇ ਪਏ ਹਨ। ਇਹ ਸਿਰਫ ਮੈਨੂੰ ਹੀ ਪਤਾ ਹੈ। ਆਪਣੇ ਆਪ ਨੂੰ ਬੇਪਛਾਣ ਕਰਨ ਲਈ ਮੈਂ ਆਪਣੇ ਆਪ ਨੂੰ ਦੂਰ ਖੜ੍ਹ ਕੇ ਸਾਕਸ਼ੀ-ਭਾਵ ਨਾਲ ਵੇਖਦਾ ਹਾਂ। ਆਪਣੀ ਮੈਂ ਤੋਂ ਇਕ ਵਿੱਥ ਸਿਰਜਦਾ ਹਾਂ। ਲੇਕਿਨ ‘ਮੈਂ ਧਰਮ ਸੰਕਟ ਵਿਚ ਹਾਂ’ ਕਹਾਣੀ ਵਿਚਲਾ ਸਰਵਣ ਮੈਂ ਖੁਦ ਹਾਂ। ਜਿਸ ਵਕਤ ਇਹ ਕਹਾਣੀ ਲਿਖੀ। ਉਨ੍ਹਾਂ ਦਿਨਾਂ ਵਿਚ ਮੈਂ ਬੇਰੁਜ਼ਗਾਰ ਸੀ। ਮੇਰੇ ਕੋਲ ਲੰਬੀ ਬੇਰੁਜ਼ਗਾਰੀ ਦਾ ਅਨੁਭਵ ਸੀ। ਛੋਟੀ ਕਿਸਾਨੀ ਦੇ ਬਹੁ-ਪਰਤੀ ਸੰਕਟ ਉੱਪਰ ਖੜ੍ਹੀ ਇਸ ਕਹਾਣੀ ਵਿਚ ਮਾੜੀ ਆਰਥਿਕਤਾ ਰਿਸ਼ਤਾ-ਪ੍ਰਬੰਧ ਨੂੰ ਕਿਵੇਂ ਤੋੜਦੀ-ਬਦਲਦੀ ਹੈ! ਇਕ ਪੜ੍ਹਿਆ ਲਿਖਿਆ ਪਰ ਸਿਦਕੀ ਬੰਦਾ ਕਿਵੇਂ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਗੁਆ ਲੈਂਦਾ ਹੈ! ਤੇ ਕਿਵੇਂ ਉਹਦਾ ਧਰਮ ਹੀ ਉਹਦਾ ਧਰਮ-ਸੰਕਟ ਬਣ ਜਾਂਦਾ ਹੈ। ਇਨ੍ਹਾਂ ਨੁਕਤਿਆਂ ਨੂੰ ਗਹਿ-ਗੱਚ ਰੂਪ ਵਿਚ ਪੇਸ਼ ਕਰਨ ਲਈ ਮੇਰੇ ਕੋਲ ਸਭ ਤੋਂ ਪ੍ਰਮਾਣਿਕ ਪਾਤਰ ‘ਮੈਂ’ ਹੀ ਸੀ। ਸਿਰਫ ਇਸ ਕਹਾਣੀ ਦੀ ਗੱਲ ਨਹੀਂ। ਜਦੋਂ ਵੀ ਕਿਸੇ ਕਹਾਣੀ ਵਿਚ ਬੇਰੁਜ਼ਗਾਰੀ ਤੇ ਮਾੜੀ ਆਰਥਿਕਤਾ ਦਾ ਸੰਕਟ ਹੰਢਾ ਰਹੇ ਪਾਤਰ ਨੂੰ ਚਿਰਤਨ ਦਾ ਸਵਾਲ ਹੁੰਦਾ। ਉੱਥੇ ਮੇਰਾ ਆਪਾ ਕੰਮ ਆਉਂਦਾ ਹੈ। ਇਸ ਸੰਦਰਭ ਵਿਚ ਜਦੋਂ ‘ਸਿਖਰ ਦੁਪਹਿਰਾ’ ਅਤੇ ‘ਦੌੜ ਸ਼ੁਰੂ ਹੈ’ ਕਹਾਣੀਆਂ ਨੂੰ ਵੇਖਦੇ ਹਾਂ। ਇਨ੍ਹਾਂ ਵਿਚ ਕ੍ਰਮਵਾਰ ਦੋ ਪਾਤਰ ਅਮਰਦੀਪ ਤੇ ਜਿੰਮੀ ਹਨ। ਇਹ ਦੋਵੇਂ ਛੋਟੀ ਕਿਸਾਨੀ, ਬੇਰੁਜ਼ਗਾਰੀ ਤੇ ਮਾੜੀ ਆਰਥਿਕਤਾ ਹੰਢਾ ਰਹੇ ਵਰਗ ਦਾ ਹਿੱਸਾ ਹਨ। ਇਨ੍ਹਾਂ ਪਾਤਰਾਂ ਦੇ ਰੂਪ ਵਿਚ ਵੀ ਮੈਂ ਹੀ ਆਪਣੇ ਆਪ ਨੂੰ ਪੇਸ਼ ਕੀਤਾ ਹੈ। ਸਵੈ ਦੀ ਪੇਸ਼ਕਾਰੀ ਵਿਚ ਐਸਾ ਨਹੀਂ ਕਿ ਸਾਰੇ ਦਾ ਸਾਰਾ ਮੈਂ ਹੁੰਦਾ ਹਾਂ। ਕਹਾਣੀ ਦੀ ਲੋੜ ਅਨੁਸਾਰ ਕਲਪਨਾ ਵੀ ਹੁੰਦੀ ਹੈ।

ਮੇਰੀਆਂ ਕਹਾਣੀਆਂ ਵਿਚ ਇਕ ਬਾਪੂ ਦਾ ਪਾਤਰ ਆਉਂਦਾ ਹੈ। ਇਸ ਪਾਤਰ ਦਾ ਬਹੁਤਾ ਹਿੱਸਾ ਮੇਰਾ ਬਾਜ਼ੀ ਹੈ। ਮੈਂ ਪਿਤਾ ਨੂੰ ਬਾਜ਼ੀ ਕਹਿੰਦਾ ਹਾਂ। ਪਰ ਕਹਾਣੀ ਵਿਚ ਪਿਤਾ ਨਾ ਬਾਜ਼ੀ। ਮੈਨੂੰ ਬਾਪੂ ਲਿਖਣਾ ਚੰਗਾ ਲੱਗਦਾ ਹੈ। ਮੈਂ ਜਿਸ ਬਾਜ਼ੀ ਦੀ ਗੱਲ ਕਰ ਰਿਹਾ ਹਾਂ। ਉਹਨੇ 23 ਸਾਲ ਫੌਜ ਵਿਚ ਨੌਕਰੀ ਕੀਤੀ। ਫਿਰ 20 ਸਾਲ ਰੱਖੜਾ ਸ਼ੂਗਰ ਮਿੱਲ ਵਿਚ ਸਕਿਊਰਟੀ ਅਫਸਰ ਦੀ ਪੋਸਟ ’ਤੇ ਕੰਮ ਕੀਤਾ। ਫੌਜ ਵਿਚੋਂ ਉਹ ਸੂਬੇਦਾਰ ਰਿਟਾਇਰ ਹੋਇਆ ਸੀ। ਰਿਟਾਇਰ ਹੋ ਕੇ ਰੱਖੜਾ ਮਿੱਲ ਵਿਚ ਲੱਗਣ ਤੋਂ ਬਾਅਦ ਉਹਨੇ ਨਾਲ ਪੰਦਰਾ-ਸੋਲਾਂ ਸਾਲ ਖੇਤੀ ਵੀ ਕੀਤੀ। ਮੈਂਸ੍ਹਾਂ ਵੀ ਰੱਖੀਆਂ। ਇਸ ਕੰਮ ਵਿਚ ਮੈਂ ਉਹਦੇ ਨਾਲ ਹੁੰਦਾ ਸੀ। ਉਹਨੇ ਸ਼ੁਰੂ ਤੋਂ ਹੀ ਕੋਈ ਪੈਸਾ ਨਹੀਂ ਜੋੜਿਆ। ਰੱਜ ਕੇ ਸ਼ਰਾਬ ਪੀਤੀ। ਗੱਡ ਕੇ ਕੰਮ ਕੀਤਾ। ਪਰ ਉਹ ਸਾਰੀ ਉਮਰ ਇਕ ਥਾਂ ’ਤੇ ਖੜ੍ਹਾ ਦੌੜਦਾ ਰਿਹਾ। ਆਰਥਿਕ ਤੌਰ ’ਤੇ ਕੋਈ ਤਰੱਕੀ ਨਾ ਹੋਈ। ਅਸੀਂ ਛੋਟੀ ਕਿਸਾਨੀ ਦਾ ਘੋਰ ਸੰਕਟ ਝੱਲਿਆ। ਪੈਸਿਆਂ ਦੀ ਥੁੜ ਹੰਢਾਈ। ਘਰ ਵਿਚ ਕਲੇਸ਼ ਹੁੰਦਾ ਵੇਖਿਆ। ਬਾਜ਼ੀ ਸਾਰੀ ਉਮਰ ਮੇਰੀ ਮਾਂ ਨਾਲ ਲੜਦਾ ਰਿਹਾ। ਇਹ ਲੜਾਈ ਕਰਨ ਵਾਲੇ ਬਾਪੂ ਦਾ ਕਿਰਦਾਰ ‘ਦੌੜ ਸ਼ੁਰੂ ਹੈ’, ਜ਼ਰਾ ਬਚਕੇ ਮੋੜ ਤੋਂ, ਮੈਂ ਧਰਮ ਸੰਕਟ ਵਿਚ ਹਾਂ, ਖਿੱਤੀਆਂ ਘੁੰਮ ਰਹੀਆਂ ਨੇ ਅਤੇ ਪੱਟ ’ਤੇ ਵਾਹੀ ਮੋਰਨੀ ਕਹਾਣੀ ਵਿਚ ਦਰਜ਼ ਹੈ। ਉਪਰਲੀ ਸਤਰ ਵਿਚਲੀਆਂ ਆਖਰੀ ਦੋ ਕਹਾਣੀਆਂ ਵਿਚ ਬਾਪੂ ਦਾ ਪਾਤਰ ਕੁਝ ਵੱਖਰੀ ਤਰ੍ਹਾਂ ਦਾ ਹੈ। ‘ਖਿੱਤੀਆਂ ਘੁੰਮ ਰਹੀਆਂ ਨੇ’ ਕਹਾਣੀ ਵਿਚਲਾ ਬਾਪੂ ਮੇਰਾ ਬਾਜ਼ੀ ਨਹੀਂ। ਇਸ

ਪਾਤਰ ਦਾ ਵੱਡਾ ਹਿੱਸਾ ਮੇਰੇ ਚਾਚੇ ਦਾ ਕਿਰਦਾਰ ਹੈ। ਬਾਕੀ ਪਿੰਡ ਔਰ ਇਲਾਕੇ ਦੇ ਵਿਗੜੇ ਹੋਏ ਬੰਦਿਆਂ ਦਾ ਜੋੜ ਹੈ। 'ਪੱਟ 'ਤੇ ਵਾਹੀ ਮੋਰਨੀ' ਵਿਚ ਪੇਸ਼ ਹੋਇਆ ਬਾਪੂ ਵੀ ਕੁਝ ਮੇਰਾ ਚਾਚਾ ਹੈ। ਇਸ ਕਹਾਣੀ ਵਿਚ ਆਪਣੀ 'ਪ੍ਰੇਮ-ਕਹਾਣੀ' ਸੁਣਾਉਣ ਵਾਲਾ ਪਾਤਰ ਹਰ ਉਹ ਬਾਪ ਹੈ, ਜਿਸ ਦੇ ਸੀਨੇ ਵਿਚ ਉਹਦੀ ਪ੍ਰੇਮਿਕਾ ਦਫ਼ਨ ਹੈ। ਫੌਜੀ ਜੀਵਨ ਨਾਲ ਸਬੰਧਿਤ ਅਨੁਭਵ ਮੇਰੇ ਬਾਜ਼ੀ ਦੀਆਂ ਦੱਸੀਆਂ ਹੋਈਆਂ ਗੱਲਾਂ ਹਨ। ਕੁਝ ਹੋਰ ਜੀਵਨ-ਘਟਨਾਵਾਂ ਵੀ ਉਸ ਦੀਆਂ ਹਨ। ਜਿਵੇਂ ਨਹਿਰ 'ਤੇ ਮਿਲੇ ਬਦਮਾਸ਼ਾਂ ਵਾਲੀ ਘਟਨਾ। ਇਹ ਘਟਨਾ ਮਾਂ ਵੀ ਦੱਸਦੀ ਹੁੰਦੀ ਹੈ। ਪਰ ਇਹ ਇੰਝ ਨਹੀਂ ਵਾਪਰੀ ਸੀ ਜਿਵੇਂ ਕਹਾਣੀ ਵਿਚ ਦਰਜ਼ ਹੈ। ਮੈਂ ਕਹਾਣੀ ਦੀ ਲੋੜ ਅਨੁਸਾਰ ਇਸ ਦਾ ਰੂਪ ਤੇ ਅਰਥ ਬਦਲ ਦਿੱਤਾ ਹੈ। 'ਚੂੜੇ ਵਾਲੀ ਬਾਂਹ' ਕਹਾਣੀ ਵਿਚ ਜਿਹੜਾ ਮੁੱਖ-ਪਾਤਰ ਬੱਗੇ ਦਾ ਬਾਪੂ ਹੈ। ਉਹਦਾ ਨਾਂ ਨੇਕ ਅਮਲੀ ਹੈ। ਉਹ ਮੇਰਾ ਨਾਨਾ ਸੀ। ਜਦੋਂ ਮੈਂ ਕਿਤੇ ਪਹਿਲੀ-ਦੂਜੀ ਵਿਚ ਪੜ੍ਹਦਾ ਸੀ। ਉਹ ਮਰ ਗਿਆ। ਮੈਨੂੰ ਸਕੂਲੋਂ ਬੁਲਾ ਕੇ ਲਿਆਂਦਾ ਗਿਆ। ਮਾਂ ਮੈਨੂੰ ਨਾਲ ਹੀ ਨਸਰਾਲੀ ਲੈ ਗਈ। ਮੈਨੂੰ ਥੋੜੀ-ਥੋੜੀ ਸੁਰਤ ਹੈ। ਬੀਹੀ ਤੇ ਘਰ ਵਿਚ ਲੋਕਾਂ ਦਾ ਇਕੱਠ। ਰੋਣ-ਪਿੱਟਣ। ਮੈਨੂੰ ਪਤਾ ਨਹੀਂ ਸੀ ਕਿ ਕੀ ਹੋ ਗਿਆ। ਕਿਸੇ ਨੇ ਮੈਨੂੰ ਗੁੜ ਖਾਨਿਆਂ ਦੇ ਮੇਲ ਦੀ ਹੱਟੀ ਤੋਂ ਬਿਸਕੁਟਾਂ ਦੀ ਡੱਬੀ ਦਿਵਾ ਦਿੱਤੀ। ਲੋਕਾਂ ਵੱਲ ਵੇਖਦਾ ਮੈਂ ਉਹ ਖਾਂਦਾ ਫਿਰ ਰਿਹਾ ਸੀ। ਮੇਰਾ ਨਾਨਾ ਕਿੱਥੇ ਸੀ! ਪਤਾ ਨਹੀਂ। ਬਾਅਦ ਵਿਚ ਮੈਂ ਜਿੰਨੀ ਵਾਰੀ ਵੀ ਯਾਦ ਕੀਤਾ। ਮੈਨੂੰ ਨਾਨੇ ਦਾ ਇਕੋ ਸੀਨ ਯਾਦ ਆਉਂਦਾ। ਕਾਲਾ ਰੰਗ। ਮਾਵੇ ਵਾਲੀ ਲੜ ਛੱਡਵੀਂ ਚਿੱਟੀ ਪੱਗ। ਚਿੱਟਾ ਕੁੜਤਾ-ਚਾਦਰਾ ਤੇ ਪੈਰੀਂ ਕਾਲੇ ਕੁਰਮ ਦੀ ਜੁੱਤੀ। ਹੱਥ ਦੀਆਂ ਉਂਗਲਾਂ ਵਿਚ ਸਿਗਰਟ ਫਸਾਈਂ ਉਹ ਮੈਸ੍ਹਾਂ ਵਾਲੀ ਖੁਰਲੀ 'ਤੇ ਬੈਠਾ ਹੁੰਦਾ ਸੀ। ਕਈ ਵਾਰ ਖੇਡਦੇ ਨੂੰ ਮੈਨੂੰ ਘਰ ਵਿਚ 'ਰੈੱਡ ਐਂਡ ਲੈਂਪ' ਦੀਆਂ ਖਾਲੀ ਡੱਬੀਆਂ ਵੀ ਮਿਲਦੀਆਂ। ਸਾਰੇ ਆਖਦੇ ਕਿ ਉਹ ਅਮਲੀ ਸੀ। ਕਾਲੀ ਨਾਗਣੀ ਵੀ ਖਾਂਦਾ। ਅਮਲ ਪੂਰਾ ਕਰਨ ਲਈ ਉਹਨੇ ਸੌ ਵਿਚੋਂ ਨੜਿੰਨਵੇਂ ਵਿੱਘੇ ਜ਼ਮੀਨ ਲੂਣਿਆਂ ਵਾਲੇ ਮੀਤੇ ਕੋਲ ਲਿਖਵਾ ਦਿੱਤੀ। ਆਪ ਤਾਂ ਉਹ ਮਰ ਗਿਆ। ਮਾਮਿਆਂ ਨੂੰ ਬੇਜ਼ਮੀਨਾ ਤੇ ਅਣਵਿਆਹਿਆ ਜੱਟ ਬਣਾ ਗਿਆ। ਬੱਗਾ ਬਦਮਾਸ਼ ਤੇ ਚੂੜੇ ਵਾਲੀ ਬਾਂਹ ਕਹਾਣੀਆਂ ਵਿਚ ਉਹ ਮੁੱਖ-ਪਾਤਰਾਂ ਦੀ ਹੋਣੀ ਤੈਅ ਕਰਨ ਵਾਲਾ ਬਾਪੂ ਪਾਤਰ ਹੈ।

ਬਾਪੂ ਵਾਂਗ ਮੇਰੀਆਂ ਕਹਾਣੀਆਂ ਵਿਚ ਮਾਂ ਵੀ ਇਕ ਮਹੱਤਵਪੂਰਨ ਪਾਤਰ ਹੈ। ਮੇਰਾ ਬਾਜ਼ੀ ਫੌਜ ਵਿਚ ਸੀ। ਮੈਂ ਸ਼ੁਰੂ ਤੋਂ ਹੀ ਬਹੁਤਾ ਮਾਂ ਨਾਲ ਰਿਹਾ ਹਾਂ। ਮਾਂ ਦਾ ਮੇਰੀ ਸ਼ਖ਼ਸੀਅਤ 'ਤੇ ਬਹੁਪਰਤੀ ਅਸਰ ਹੈ। ਇਸ ਅਸਰ ਨੇ ਮੇਰੇ ਅੰਦਰਲੇ 'ਵਾਤਸਲ ਭਾਵ' ਨੂੰ ਵਿਸਥਾਰ ਦਿੱਤਾ ਹੈ। ਇਸ ਵਿਸਥਾਰ ਕਾਰਨ ਮੈਨੂੰ ਕਿੰਨੀਆਂ ਹੀ ਔਰਤਾਂ ਵਿਚ ਆਪਣੀ ਮਾਂ ਨਜ਼ਰ ਆਉਂਦੀ ਹੈ। ਜਿਨ੍ਹਾਂ ਵਿਚ ਮਾਂ ਨਜ਼ਰ ਆਉਂਦੀ ਹੈ। ਉਨ੍ਹਾਂ ਵਿਚੋਂ ਸਭ ਤੋਂ ਪਹਿਲਾ ਉਹਦਾ ਜ਼ਿਕਰ ਕਰਾਂਗਾ ਜਿਸ ਨੇ ਮੈਨੂੰ ਜਨਮ ਦਿੱਤਾ। ਮੈਂ ਇਸ ਮਾਂ ਦਾ ਇਕੱਲਾ ਪੁੱਤ ਹਾਂ। ਮੇਰੀ ਭੈਣ ਡਾ. ਗੁਰਮੀਤ ਕੌਰ ਮੈਥੋਂ ਗਿਆਰਾਂ ਸਾਲ ਛੋਟੀ ਹੈ। ਮਾਂ ਨੂੰ ਸ਼ੁਰੂ ਤੋਂ ਹੀ ਮੇਰਾ ਬੇਹੱਦ ਫਿਕਰ ਰਿਹਾ। ਉਹਨੇ ਮੈਨੂੰ ਸਾਂਭ-ਸਾਂਭ ਰੱਖਿਆ। ਉਹ ਵਕਤ-ਵਕਤ 'ਤੇ ਮੇਰੇ ਨਾਲ ਲੜਦੀ, ਝਗੜਦੀ, ਟੋਕਦੀ ਤੇ ਗੁੱਸੇ ਵੀ ਹੁੰਦੀ ਰਹੀ ਹੈ। ਪਰ ਉਹਦੇ ਵਿਵਹਾਰ ਵਿਚੋਂ ਕਦੀ 'ਮਾਂ ਵਾਲਾ ਫਿਕਰ' ਨਹੀਂ ਮੁੱਕਿਆ। ਉਹ ਮੇਰੀ ਨਾਨੀ ਦਾ ਹੀ ਕੋਈ ਰੂਪ ਹੈ। ਨਾਨੀ ਵੀ ਸਾਰੀ ਉਮਰ ਫਿਕਰਾਂ ਵਿਚ ਡੁੱਬੀ ਰਹੀ। ਉਹਨੇ ਮੇਰੇ ਅਮਲੀ ਨਾਨੇ ਦਾ ਜ਼ੁਲਮ ਵੀ ਝੱਲਿਆ। ਇਕ ਵਾਰ ਮੈਂ ਛੋਟਾ ਜਿਹਾ ਸੀ। ਨਾਨਾ ਮੇਰੀ ਨਾਨੀ ਨੂੰ ਔਹ ਸਿਰੇ ਵਾਲੀ ਕੋਠੜੀ ਕੋਲ ਸੰਦੂਕ ਉਹਲੇ ਸਿੱਟੀਂ ਖੜ੍ਹਾ ਸੀ। ਉਹਨੇ ਨਾਨੀ ਦੇ ਢਿੱਡ ਉੱਪਰ ਬਰਛਾ ਰੱਖਿਆ ਹੋਇਆ। ਉਹ ਅਮਲ ਲਈ ਪੈਸੇ ਮੰਗਦਾ ਸੀ। ਜਦੋਂ ਉਹ ਮਰ ਗਿਆ। ਨਾਨੀ ਨੂੰ ਮਾਮਿਆਂ ਦਾ ਫਿਕਰ ਚਿੰਬੜ ਗਿਆ। ਉਹ ਮਾਮਿਆਂ ਵਾਂਗ ਫਿਕਰਾਂ ਮਾਰੀ ਜ਼ਿੰਦਗੀ ਹੰਢਾਉਂਦੀ ਹੋਈ ਮੁੱਕ ਗਈ। ਬੱਗੇ ਤੇ ਕੇਸਰ ਮਾਮੇ ਦਾ ਛੜਾ ਰਹਿ ਜਾਣਾ ਉਹਦਾ ਨਾ ਟੁੱਟਣ ਵਾਲਾ ਦੁੱਖ ਸੀ। ਉਹ 'ਚੂੜੇ ਵਾਲੀ ਬਾਂਹ' ਅਤੇ 'ਬੱਗਾ ਬਦਮਾਸ਼' ਕਹਾਣੀਆਂ ਵਿਚ ਅਸਲੀ ਪਾਤਰ ਹੈ। ਮਾਂ ਦਾ ਇਕ ਹੋਰ ਰੂਪ ਮੈਂ ਅਮਲੋਹ ਵਾਲੀ ਬੀਜੀ ਵਿਚ ਵੇਖਿਆ। ਉਹ ਭਰ

ਜਵਾਨੀ ਵਿਚ ਵਿਧਵਾ ਹੋ ਗਈ। ਇਕੱਲੀ ਨੇ ਦੋ ਪੁੱਤਾਂ ਤੇ ਇਕ ਧੀ ਨੂੰ ਪਾਲਿਆ, ਪਲੋਸਿਆ ਤੇ ਪੜ੍ਹਾਇਆ। ਧੀ ਤਾਂ ਵਿਆਹ ਦਿੱਤੀ। ਵਿਆਹੇ-ਵਰੇ ਪੁੱਤ ਜਦੋਂ ਸਿਖਰ ਜਵਾਨੀ ਵਿਚ ਸਨ। ਦੋਵੇਂ ਮਰ ਗਏ। ਬੀਜੀ ਫਿਰ ਉਨ੍ਹਾਂ ਦੇ ਜੁਆਕ ਪਾਲਣ ਲੱਗ ਪਈ। ਘੋਰ ਸੰਕਟਾਂ ਵਿਚ ਦੀ ਲੰਘਣ ਵਾਲੀ ਉਹ ਔਰਤ ਹਮੇਸ਼ਾਂ ਹੱਸਦੀ ਤੇ ਚੜ੍ਹਦੀ ਕਲਾ ਵਿਚ ਰਹਿੰਦੀ ਹੈ। ਉਹ ਮੈਨੂੰ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੀ ਪਾਤਰ ਸੇਂਟਿਆਗੋ ਜਾਪਦੀ ਹੈ। ਜਿਸ ਨੂੰ ਤਬਾਹ ਤਾਂ ਕੀਤਾ ਜਾ ਸਕਦਾ ਪਰ ਹਰਾਇਆ ਨਹੀਂ ਜਾ ਸਕਦਾ। ਹਾਰੀ ਜ਼ਿੰਦਗੀ ਦੀ ਬਾਜ਼ੀ ਜਿੱਤਣ ਵਾਲੀ ਇਕ ਹੋਰ ਮਾਂ ਮੇਰੀ ਸਿਮਰਤੀ ਦਾ ਹਿੱਸਾ ਹੈ। ਉਹ ਇਕ ਅਧਿਆਪਕ ਸਾਥੀ ਦੀ ਮਾਂ ਹੈ। ਇਕ ਵਾਰ ਮੈਂ ਤੇ ਰਾਜੂ ਉਨ੍ਹਾਂ ਦੇ ਘਰ ਮਿਲਣ ਗਏ। ਉਸ ਮਿਲਣੀ ਵਿਚ ਉਹ ਮਾਂ ਸਾਨੂੰ ਇਸ ਤਰ੍ਹਾਂ ਮਿਲੀ, ਜਿਵੇਂ ਉਸ ਨੂੰ ਆਪਣੇ ਪੁੱਤਰ-ਨੂੰਹ ਮਿਲ ਗਏ ਹੋਣ। ਉਹਦੇ ਦੋ ਬੇਟੀਆਂ ਹੀ ਹਨ। ਕੋਈ ਮੁੰਡਾ ਨਹੀਂ। ਮੈਂ ਇਕ-ਅੱਧੀ ਵਾਰ ਉਸ ਨੂੰ ਪਹਿਲਾਂ ਵੀ ਮਿਲਿਆ ਸੀ। ਪਰ ਉਸ ਮਿਲਣੀ ਵਿਚ ਮੈਂ ਉਹਦੇ ਅੰਦਰ ਪੁੱਤ ਤੋਂ ਖਾਲ਼ੀ ਵਿਹੜੇ ਦਾ ਜਿਹੜਾ ਦਰਦ ਤੈਰਦਾ ਵੇਖਿਆ। ਉਹ ਮੈਨੂੰ ਧੁਰ ਤੱਕ ਹਲੂਣ ਗਿਆ। ਇਨ੍ਹਾਂ ਚਾਰ ਔਰਤਾਂ ਨੂੰ ਜੋੜ ਕੇ ਮੇਰੀਆਂ ਕਹਾਣੀਆਂ ਦੀ 'ਮਾਂ ਪਾਤਰ' ਬਣਦੀ ਹੈ। ਚੂੜੇ ਵਾਲੀ ਬਾਂਹ, ਬੱਗਾ ਬਦਮਾਸ਼, ਜ਼ਰਾ ਬਚਕੇ ਮੋੜ ਤੋਂ, ਦੌੜ ਸ਼ੁਰੂ ਹੈ, ਖਿੱਤੀਆਂ ਘੁੰਮ ਰਹੀਆਂ ਨੇ, ਮੋਏ ਰਿਸ਼ਤਿਆਂ ਦੀ ਕਥਾ, ਪੱਟ 'ਤੇ ਵਾਹੀ ਮੋਰਨੀ, ਪੈੜ-ਚਾਲ, ਸਿਖਰ ਦੁਪਹਿਰਾ, ਨਸਲਘਾਤ ਤੇ ਸੁਰਜੀਤ ਕਤਲ-ਕਾਂਡ ਕਹਾਣੀਆਂ ਵਿਚ ਮਾਂ ਦਾ ਪਾਤਰ ਪੂਰੇ ਜਲੌਅ ਨਾਲ ਪੇਸ਼ ਹੋਇਆ ਹੈ। ਜਿਨ੍ਹਾਂ ਮਾਵਾਂ ਦੀ ਤਾਸੀਰ ਵਿਚੋਂ ਇਹ ਪਾਤਰ ਆਪਣਾ ਰੂਪ ਗ੍ਰਹਿਣ ਕਰਦਾ ਹੈ। ਉਹ ਅਨਪੜ੍ਹ ਪਰ ਜ਼ਿੰਦਗੀ ਦੀ ਡੂੰਘੀ ਸਮਝ ਰੱਖਣ ਵਾਲੀਆਂ ਔਰਤਾਂ ਹਨ। ਲੇਕਿਨ 'ਦੋ ਸਾਹਾਂ ਵਿਚਲਾ ਠਹਿਰਾਅ' ਅਤੇ 'ਡਾਰਕ-ਜ਼ੋਨ' ਕਹਾਣੀਆਂ ਵਿਚ ਇਕ ਪੜ੍ਹੀ-ਲਿਖੀ ਮਾਂ ਦਾ ਕਿਰਦਾਰ ਵੀ ਹੈ। ਖਿੱਤੀਆਂ ਘੁੰਮ ਰਹੀਆਂ ਨੇ ਅਤੇ ਸੁਰਜੀਤ ਕਤਲ-ਕਾਂਡ ਵਿਚ ਜਿਹੜਾ ਨੂੰਹਾਂ ਦਾ ਮਾਂ ਰੂਪੀ ਕਿਰਦਾਰ ਹੈ ਉਹ ਵੀ ਨਵੀਂ ਪੀੜ੍ਹੀ ਵਿਚੋਂ ਹੈ। ਜਦੋਂ ਮੈਂ ਨਵੀਂ ਪੀੜ੍ਹੀ ਵਿਚੋਂ ਕਿਸੇ ਪੜ੍ਹੀ-ਲਿਖੀ ਚੇਤਨ ਕੁੜੀ ਦੀ ਪਾਤਰ-ਉਸਾਰੀ ਕਰਦਾ ਹਾਂ। ਉਸ ਵਕਤ ਮੇਰੇ ਸਾਹਮਣੇ ਰਾਜੂ ਖੜ੍ਹੀ ਹੁੰਦੀ ਹੈ। ਉਹ ਪੜ੍ਹੀ-ਲਿਖੀ ਤੇ ਜ਼ਿੰਦਗੀ ਦੇ ਹਰ ਵਰਤਾਰੇ ਪ੍ਰਤੀ ਬੇਹੱਦ ਚੇਤੰਨ ਹੈ। ਆਪਣੀ ਹਮਸਫ਼ਰ ਹੋਣ ਦੇ ਨਾਤੇ ਇਕ ਪਤਨੀ ਤੋਂ ਇਲਾਵਾ ਮੈਂ ਉਹਦੇ 'ਮਾਂ-ਰੂਪ' ਨੂੰ ਵੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ।

ਮਾਂ ਪਾਤਰ ਦੀਆਂ ਪਰਤਾਂ ਅਧੀਨ ਜੇਕਰ ਮੈਂ ਆਪਣੀ ਦਾਦੀ ਦੀ ਗੱਲ ਨਾ ਕਰੀ। ਗੱਲ ਅਧੂਰੀ ਰਹਿ ਜਾਣੀ ਹੈ। ਇਸ ਨੂੰ ਪੂਰਾ ਕਰਨ ਲਈ ਮੈਂ ਦੋ ਕਹਾਣੀਆਂ 'ਜਦੋਂ ਧਰਤੀ ਡੋਲਦੀ ਹੈ' ਅਤੇ 'ਚਾਦਰ' ਦੀ ਗੱਲ ਕਰਦਾ ਹਾਂ। ਇਨ੍ਹਾਂ ਕਹਾਣੀਆਂ ਵਿਚ 'ਮਾਂ ਦਾ ਮਾੜਾ ਕਿਰਦਾਰ' ਪੇਸ਼ ਹੋਇਆ ਹੈ। ਪਹਿਲੀ ਕਹਾਣੀ ਵਿਚ ਡੈਮਨ ਆਪਣੇ ਅੱਧ-ਵਾਟੇ ਰਹਿ ਗਏ ਇਸ਼ਕ ਵਿਚ ਅੰਨ੍ਹੀ ਹੋਈ ਪੁੱਤ ਤੇ ਪਤੀ ਨੂੰ ਜ਼ਹਿਰ ਦੇ ਕੇ ਨਵੇਂ ਪ੍ਰੇਮੀ ਜੱਜ਼ੀ ਨਾਲ ਦੌੜ ਜਾਂਦੀ ਹੈ। ਦੂਜੀ ਕਹਾਣੀ ਵਿਚ ਪਿੰਦਰ ਆਪਣੇ ਮਾਮੇ ਦੇ ਮੁੰਡੇ ਨਾਲ ਨਜ਼ਾਇਜ਼-ਸਬੰਧ ਬਣਾ ਰਿਸ਼ਤਿਆਂ ਦੀ ਚਾਦਰ ਦਾ ਘਾਤ ਕਰਦੀ ਹੈ। ਮੇਰੇ ਅਨੁਭਵ ਦੀਆਂ ਮਾਵਾਂ ਵਿਚੋਂ ਤਾਂ ਕੋਈ ਐਸੀ ਨਹੀਂ ! ਫਿਰ ਮਾਂ ਦਾ ਇਹ ਰੂਪ ਕਿੱਥੋਂ ਆ ਗਿਆ ? ਜਦੋਂ ਮੈਂ ਸੋਚਣਾ ਸ਼ੁਰੂ ਕੀਤਾ। ਮੇਰੀ ਸੁਰਤੀ ਦਾਦੀ ਉੱਪਰ ਜਾ ਟਿਕੀ। ਉਹਦੀ ਸਾਡੇ ਨਾਲ ਬਹੁਤ ਘੱਟ ਬਣੀ ਹੈ। ਉਹ ਹਮੇਸ਼ਾਂ ਹੀ ਘਰ ਤੋਂ ਆਕੀ ਰਹੀ। ਉਹਦੀ ਜੀਵਨ-ਕਥਾ ਦਿਲਾਂ ਤੇ ਘਰਾਂ ਨੂੰ ਦਹਿਲਾ ਦੇਣ ਵਾਲੀ ਹੈ। ਉਹ ਸਾਰੀ ਜ਼ਿੰਦਗੀ ਰਿਸ਼ਤਿਆਂ ਨੂੰ ਜੁੱਤੀ ਦੀ ਨੋਕ 'ਤੇ ਰੱਖ ਕੇ ਤੁਰੀ। ਮੇਰਾ ਉਸ ਨਾਲ ਬਹੁਤ ਘੱਟ ਵਾਹ ਪਿਆ। ਪਰ ਉਹਦਾ ਮਾੜਾ ਰੂਪ ਮੇਰੇ ਅੰਦਰ ਸ਼ਹਿ ਲਾ ਕੇ ਬੈਠਾ ਹੈ। ਇਸ ਲਈ ਜਦੋਂ ਮੈਂ ਡੈਮਨ ਤੇ ਪਿੰਦਰ ਵਰਗੀ ਮਾਂ ਦਾ ਪਾਤਰ ਸਿਰਜਦਾ ਹਾਂ। ਉਹਦੀ ਪਿੱਠ-ਭੂਮੀ ਵਿਚ ਕਿਤੇ ਮੇਰੀ ਦਾਦੀ ਦਾ ਖਲਨਾਇਕੀ ਰੂਪ ਖੜ੍ਹਾ ਹੁੰਦਾ ਹੈ। ਮੈਂ ਆਪਣੀਆਂ ਕਹਾਣੀਆਂ ਵਿਚ ਜਾਣ-ਬੁੱਝ ਕੇ ਮਾਂ ਦਾ ਪਾਤਰ ਨਹੀਂ ਪਾਉਂਦਾ। ਇਹ ਤਾਂ ਮੇਰੀ ਜ਼ਿੰਦਗੀ ਵਾਂਗ ਮੇਰੀ ਕਹਾਣੀ ਦਾ

ਹਿੱਸਾ ਹੈ।

ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਕਦੀ ਕਹਾਣੀਕਾਰ ਬਣਾਂਗਾ! ਜਿਸ ਵਕਤ ਕਹਾਣੀ ਲਿਖਣੀ ਸ਼ੁਰੂ ਕੀਤੀ। ਮੈਨੂੰ ਸਾਰਾ ਆਲਾ-ਦੁਆਲਾ ਪਾਤਰਾਂ ਨਾਲ ਭਰਿਆ ਹੋਇਆ ਦਿਸਣ ਲੱਗਿਆ। ਜਿਨ੍ਹਾਂ ਲੋਕਾਂ ਵਿਚ ਅਸੀਂ ਹਰ ਰੋਜ਼ ਰਹਿੰਦੇ ਹਾਂ। ਕੰਮ ਕਰਦੇ, ਹੱਸਦੇ-ਖੇਡਦੇ, ਦੁੱਖ-ਸੁੱਖ ਕਰਦੇ ਤੇ ਜ਼ਿੰਦਗੀ ਦੀ ਹਰ ਪੱਧਰ 'ਤੇ ਵਿਚਰਦੇ ਹਾਂ। ਇਕ ਦਿਨ ਉਹੀ ਲੋਕਾਂ ਦਾ ਸਮੂਹ ਪਾਤਰਾਂ ਦਾ ਰੂਪ ਧਾਰ ਲੈਂਦਾ ਹੈ। ਕਈ ਵਾਰੀ ਉਹ ਲੋਕ ਵੀ ਪਾਤਰ ਬਣ ਜਾਂਦੇ ਹਨ। ਜਿਨ੍ਹਾਂ ਬਾਰੇ ਕਦੀ ਸੋਚਿਆ ਤੱਕ ਨਹੀਂ ਹੁੰਦਾ। ਮੈਂ ਇਸ ਦੀਆਂ ਕੁਝ ਉਦਾਹਰਨਾਂ ਦਿੰਨਾ। ਸਾਡੇ ਖੇਤਾਂ ਵੱਲ ਨੂੰ ਜਿਹੜਾ ਮੇਨ ਪਹਾ ਜਾਂਦਾ। ਉਹਦੇ ਇਕ ਪਾਸੇ ਘਰਾਂ ਦੀ ਲੰਬੀ ਕਤਾਰ ਹੈ। ਉਨ੍ਹਾਂ ਘਰਾਂ ਵਿਚ ਇਕ ਘਰ ਸ਼ੇਰੂ ਘੁਮਿਆਰ ਦਾ ਹੈ। ਖੇਤ ਨੂੰ ਆਉਣ-ਜਾਣ ਵਕਤ ਮੈਂ ਉਸ ਨੂੰ ਅਕਸਰ ਦੋ-ਚਾਰ ਕੰਮ ਕਰਦਿਆਂ ਵੇਖਦਾ। ਕਦੇ ਮੈਸ੍ਹਾਂ ਨੁਹਾ ਰਿਹਾ ਹੁੰਦਾ। ਕਦੇ ਵੱਟਾਂ ਤੋਂ ਕੱਖ ਖੋਤ ਰਿਹਾ ਹੁੰਦਾ। ਤੇ ਕਦੀ ਪ੍ਰਕਾਸ਼ ਕੇ ਖੱਤੇ ਵਿਚੋਂ ਚਰ੍ਹੀ-ਬਰਸੀਮ ਵੱਢ ਰਿਹਾ ਹੁੰਦਾ। ਕਈ ਵਾਰ ਉਹਨੇ ਇਕ ਸਕੀਮ ਵਰਤੀ ਹੁੰਦੀ। ਪਹੇ ਦੇ ਕਿਨਾਰੇ ਕੀਲਾ ਗੱਡ ਉਸ ਨਾਲ ਲੰਬਾ ਸਾਰਾ ਰੱਸਾ ਬੰਨ੍ਹ ਦਿੰਦਾ। ਉਸ ਰੱਸੇ ਨੂੰ ਘੋੜੇ ਦੇ ਗਲ ਵਿਚ ਪਾ ਕੇ ਉਸ ਨੂੰ ਦੂਰ ਤੱਕ ਚਰਨ ਜੋਗਾ ਕਰ ਦਿੰਦਾ। ਘੋੜਾ ਚਰਦਾ ਫਿਰੀਂ ਜਾਂਦਾ। ਸ਼ੇਰੂ ਆਪਣਾ ਹੋਰ ਕੰਮ ਕਰੀਂ ਜਾਂਦਾ। ਜਿਸ ਦਿਨ ਉਹ ਘੋੜੇ ਨੂੰ ਢਾਹ ਕੇ ਖੁਰੀਆਂ ਲਵਾ ਰਿਹਾ ਹੁੰਦਾ। ਮੈਂ ਉਸ ਨੂੰ ਧਿਆਨ ਨਾਲ ਵੇਖ ਕੇ ਲੰਘਦਾ। ਜਦੋਂ ਹੱਥ ਵਿਚ ਛਾਂਟਾ ਤੇ ਘੋੜੇ ਦੀ ਲਗਾਮ ਫੜੀਂ ਉਹ ਰੇਹੜੇ 'ਤੇ ਖੜ੍ਹਾ ਲਲਕਾਰੇ ਮਾਰਦਾ ਜਾਂਦਾ। ਮੇਰੇ ਦਿਲ ਵਿਚ ਲਹਿ ਜਾਂਦਾ। ਦਸ-ਪੰਦਰਾਂ ਸਾਲ ਮੈਂ ਉਹਦਾ ਇਹ ਰੂਪ ਵੇਖਦਾ ਰਿਹਾ। ਜਦੋਂ 'ਨਸਲਘਾਤ' ਕਹਾਣੀ ਲਿਖੀ। ਸ਼ੇਰੂ ਤੇ ਉਹਦਾ ਘੋੜਾ ਮੇਰਾ ਪਾਤਰ ਬਣ ਗਿਆ। ਕਹਾਣੀ ਵਿਚ ਸ਼ੇਰੂ ਰੇਹੜੇ ਅੱਗੇ ਜੁੜੇ ਘੋੜੇ ਨੂੰ ਛਾਂਟਿਆਂ ਨਾਲ ਕੁੱਟਦਾ ਜਾ ਰਿਹਾ ਹੈ। ਉਸ ਵੱਲ ਵੇਖ 'ਮੈਂ ਪਾਤਰ' ਕਹਿੰਦਾ ਹੈ ਕਿ ਛਾਂਟਾ ਘੋੜੇ ਦੀ ਨਹੀਂ ਯਾਨੀ ਮੇਰੀ ਪਿੱਠ 'ਤੇ ਵਰ ਰਿਹਾ ਸੀ। 'ਨਸਲਘਾਤ' ਕਹਾਣੀ ਵਿਚ ਸ਼ੇਰੂ ਦਾ ਘੋੜਾ ਇਕ ਸ਼ਾਨਦਾਰ ਪਾਤਰ ਤੇ ਪ੍ਰਤੀਕ ਬਣਕੇ ਪੇਸ਼ ਹੋਇਆ ਹੈ। ਇਸ ਕਹਾਣੀ ਦੇ ਮੁੱਖ ਪਾਤਰ ਦਾ ਨਾਂ ਬਲਕਾਰੀ ਹੈ। ਇਹ ਸਾਡੇ ਪਿੰਡ ਕਿਸੇ ਬਾਹਰੀ ਸਟੇਟ ਤੋਂ ਆ ਕੇ ਵਸੇ ਪਾਲੇ ਦਾ ਮੁੰਡਾ ਹੈ। ਜਦੋਂ ਮੈਂ ਸਕੂਲ ਪੜ੍ਹਦਾ ਸੀ। ਪਾਲਾ ਉਸ ਟਾਇਮ ਤੋਂ ਹੀ ਲੋਕਾਂ ਦੇ ਡੰਗਰਾਂ ਦਾ ਗੋਹਾ-ਕੂੜਾ ਸਿੱਟਦਾ ਤੇ ਨਾਲੀਆਂ ਸਾਫ ਕਰਦਾ ਆ ਰਿਹਾ ਸੀ। ਪਹਿਲਾਂ ਅਸੀਂ ਮੈਸ੍ਹਾਂ ਰੱਖੀਆਂ ਹੁੰਦੀਆਂ ਸਨ। ਪਾਲਾ ਗੋਹਾ-ਕੂੜਾ ਸਿੱਟਣ ਆਉਂਦਾ ਹੁੰਦਾ। ਉਹਦੀ ਘਰਆਲੀ ਰਾਮ ਪਿਆਰੀ ਨਾਲ ਬਲਕਾਰੀ ਵੀ ਆਉਂਦਾ ਹੁੰਦਾ। ਪਾਲਾ ਤੇ ਰਾਮ ਪਿਆਰੀ ਕੰਮ ਕਰੀਂ ਜਾਂਦੇ। ਬਲਕਾਰੀ ਖੇਡਦਾ ਫਿਰੀਂ ਜਾਂਦਾ। ਉਹਦੀ ਸ਼ਕਲ, ਨਾਮ ਤੇ ਜੁੱਸੇ ਵਿਚ ਕੋਈ ਖਿੱਚ ਸੀ। ਉਹ ਉਸ ਟਾਇਮ ਦਾ ਹੀ ਮੇਰੇ ਅੰਦਰ ਵੜਿਆ ਬੈਠਾ ਸੀ। ਕਿਰਤੀ ਵਰਗ ਵਿਚੋਂ ਉਨ੍ਹਾਂ ਦੀ ਹਾਲਤ ਸਭ ਤੋਂ ਮਾੜੀ ਸੀ। ਇਸ ਲਈ ਜਦੋਂ ਮੈਂ 'ਨਸਲਘਾਤ' ਕਹਾਣੀ ਦੇ ਮੁੱਖ ਪਾਤਰ ਬਾਰੇ ਸੋਚਣਾ ਸ਼ੁਰੂ ਕੀਤਾ। ਮੇਰੇ ਅੰਦਰ ਬੈਠਾ ਬਲਕਾਰੀ ਉੱਠ ਖੜ੍ਹਿਆ। ਭਾਵੇਂ ਉਹਨੇ ਲਿੰਗ ਕਟਵਾ ਕੇ ਹਿਜੜਿਆਂ ਵਿਚ ਰਲਣ ਵਰਗਾ ਕੁਝ ਨਹੀਂ ਕੀਤਾ। ਪਰ ਆਰਥਿਕ ਮੰਦਹਾਲੀ ਦੀ ਝੰਬੀ ਜ਼ਿੰਦਗੀ ਨੂੰ ਠੋਸ ਰੂਪ ਵਿਚ ਪੇਸ਼ ਕਰਨ ਲਈ ਮੈਨੂੰ ਸਭ ਤੋਂ ਢੁਕਵਾਂ ਪਾਤਰ ਬਲਕਾਰੀ ਲੱਗਾ ਸੀ। ਪਿਆਰੂ ਢੋਲ ਵਾਲਾ। ਇਹ ਵੀ 'ਨਸਲਘਾਤ' ਵਿਚ ਇਕ ਪਾਤਰ ਹੈ। ਜਦੋਂ ਮੈਂ ਸਕੂਲ ਪੜ੍ਹਦਾ ਸੀ। ਪਿਆਰੂ ਢੋਲ ਵਜਾਉਂਦਾ ਫਿਰਦਾ ਹੁੰਦਾ। ਕਦੇ ਬਸਤੀ ਵਿਚ। ਕਦੇ ਹਾਕੀ ਵਾਲੇ ਗਰਾਊਂਡ ਵਿਚ। ਤੇ ਕਦੀ ਸੜਕ ਕਿਨਾਰੇ ਖੜ੍ਹਾ ਢੋਲ ਵਜਾ ਰਿਹਾ ਹੁੰਦਾ। ਰਾਹੀ ਵੇਖ-ਵੇਖ ਲੰਘਦੇ। ਕੋਈ ਰੁਕ ਵੀ ਜਾਂਦਾ। ਮੈਂ ਉਸ ਨੂੰ ਜਿੱਥੇ ਵੀ ਵੇਖ ਲੈਂਦਾ। ਉੱਥੀ ਰੁਕ ਜਾਂਦਾ। ਕਿੰਨਾ-ਕਿੰਨਾ ਚਿਰ ਖੜ੍ਹਾ ਉਸ ਵੱਲ ਵੇਖਦਾ ਰਹਿੰਦਾ। ਲੋਕ ਕਹਿੰਦੇ ਉਹ ਪਹਿਲਾਂ ਸਿਰੇ ਦਾ ਢੋਲੀ ਹੁੰਦਾ ਸੀ। ਇਲਾਕੇ ਵਿਚ ਦੂਰ-ਦੂਰ ਤੱਕ ਉਹਦੀ ਚੜ੍ਹਾਈ ਹੁੰਦੀ। ਪਰ ਪਿੱਛੋਂ ਜਾ ਕੇ ਆਰਥਿਕ ਮੰਦਹਾਲੀ ਕਾਰਨ ਉਹਦਾ ਦਿਮਾਗ ਹਿੱਲ ਗਿਆ। ਹੱਥੀਂ ਢੋਲ ਵਜਾਉਣ ਵਾਲਾ ਫਨਕਾਰ ਲੋਕਾਂ ਲਈ ਤਮਾਸ਼ਾ ਬਣਕੇ ਰਹਿ ਗਿਆ। ਉਹਦੇ

ਢੋਲ ਦੀ ਅਵਾਜ਼ ਮੇਰੇ ਅੰਦਰ ਲਹਿ ਗਈ ਸੀ। ਮੈਂ ਹੁਣ ਵੀ ਜਦੋਂ ਕਿਸੇ ਨੂੰ ਢੋਲ ਵਜਾਉਂਦਾ ਵੇਖਦਾ ਹਾਂ। ਮੈਨੂੰ ਪਿਆਰੂ ਯਾਦ ਆ ਜਾਂਦਾ। ਗੁੱਗਾ ਨੌਂਵੀਂ ਵਾਲੇ ਦਿਨਾਂ ਵਿਚ ਜਦੋਂ ਢੋਲ ਵਜਾਉਂਦੇ ਢੌਂਸੀ ਬੀਹੀਆਂ ਵਿਚ ਸੀਧਾ-ਪੱਤਾ ਮੰਗਦੇ ਫਿਰਦੇ ਨੇ। ਮੈਂ ਘਰੋਂ ਨਿੱਕਲ ਕੇ ਬਾਹਰ ਆ ਜਾਂਦਾ ਹਾਂ। ਉਨ੍ਹਾਂ ਨੂੰ ਖੜ੍ਹਾ ਲੈਨਾ। ਕਿੰਨਾ-ਕਿੰਨਾ ਚਿਰ ਢੋਲ ਵੱਜਦਾ ਸੁਣਦਾ ਹਾਂ। ਤੁਰਨ ਲੱਗੇ ਉਨ੍ਹਾਂ ਨੂੰ ਸੌ-ਪੰਜਾਹ ਦਾ ਨੋਟ ਫੜਾ ਦਿੰਨਾ। ਉਹ ਖੁਸ਼ ਹੋ ਜਾਂਦੇ ਹਨ। ਉਨ੍ਹਾਂ ਦੀ ਖੁਸ਼ੀ ਵੇਖ ਮੈਨੂੰ ਪਿਆਰੂ ਦਾ ਦੁੱਖ ਯਾਦ ਆ ਜਾਂਦਾ ਹੈ। ਉਹ ਮਰਨੀ ਮਰ ਗਿਆ। ਪਰ ਆਰਥਿਕ ਤੰਗੀ ਦਾ ਦੁੱਖ ਨਹੀਂ ਟੁੱਟਿਆ। ਪਿਆਰੂ ਦਾ ਕੀ। ਕਿਸੇ ਦਾ ਵੀ ਨਹੀਂ ਟੁੱਟਿਆ। ਬਲਕਾਰੀ ਹੁਣ ਵੀ ਪਿਤਾ-ਪੁਰਖੀ ਕਿੱਤਾ ਕਰਦਾ ਹੈ। ਸ਼ੇਰੂ ਮਰਨ ਤੱਕ ਰੇਹੜਾ ਵਾਹੁੰਦਾ ਰਿਹਾ। ਆਪਣੇ ਪਿੰਡ ਦੇ ਇਨ੍ਹਾਂ ਬੰਦਿਆਂ ਨੂੰ ਪਾਤਰ ਬਣਾ ਕੇ ਭਾਵੇਂ ਮੈਂ ਉਨ੍ਹਾਂ ਦੀ ਹੋਣੀ ਨਹੀਂ ਕੱਟ ਸਕਿਆ। ਪਰ ਉਨ੍ਹਾਂ ਦੀ ਹੋਣੀ ਨੂੰ ਚਿਤਰ ਕੇ ਕਿਸੇ ਭਾਵੀ ਅਨਹੋਣੀ ਦੇ ਖਿਲਾਫ ਅਵਾਜ਼ ਬੁਲੰਦ ਕਰਨ ਦਾ ਅਹਿਸਾਸ ਮੈਨੂੰ ਪਾਤਰਾਂ ਦੀ ਤਲਾਸ਼ ਵਿਚ ਤੋਰੀਂ ਰੱਖਦਾ ਹੈ।

ਜਿਸ ਵਕਤ ਮੇਰੇ ਦਿਮਾਗ ਵਿਚ 'ਸਿਖਰ ਦੁਪਹਿਰਾ' ਕਹਾਣੀ ਉੱਸਰ ਰਹੀ ਸੀ। ਉਸ ਵਕਤ ਪਹਿਲਾਂ ਤਾਂ ਮੇਰੇ ਦਿਮਾਗ ਵਿਚ ਛੋਟੀ ਕਿਸਾਨੀ ਦਾ ਸੰਕਟ ਸੀ। ਮੇਰੇ ਕੋਲ ਇਸ ਦਾ ਬੇਪਨਾਹ ਅਨੁਭਵ ਸੀ। ਮੇਰੇ ਦਿਮਾਗ ਵਿਚ ਸੀ ਕਿ ਮੈਂ ਅੰਨਦਾਤਾ ਤੋਂ ਖੁਦਕੁਸ਼ੀ ਤੱਕ ਪਹੁੰਚੀ ਕਿਸਾਨੀ ਦੀ ਕਹਾਣੀ ਲਿਖਾਂ। ਪਰ ਮੇਰੇ ਦਿਮਾਗ ਵਿਚ ਕੁੱਝ ਵੱਖਰਾ ਕਰਨ ਦੀ ਇੱਛਾ ਸੀ। ਇਸ ਲਈ ਮੈਂ ਕਿਸਾਨੀ-ਸੰਕਟ ਨੂੰ ਬਿਆਨ ਕਰਨ ਲਈ 'ਡਬਲ-ਫੋਕਸਿੰਗ' ਦੀ ਜੁਗਤ ਵਰਤੀ। ਇਹ ਕਹਾਣੀ ਦੋ ਭਾਗਾਂ ਵਿਚ ਲਿਖੀ। ਸਿਖਰ ਦੁਪਹਿਰਾ-1 ਮਰਦ ਪਾਤਰ ਦੇਬੀ ਉੱਪਰ ਫੋਕਸ ਹੈ। ਸਿਖਰ ਦੁਪਹਿਰਾ-2 ਔਰਤ ਪਾਤਰ ਰਾਜਵੀਰ ਉੱਪਰ ਫੋਕਸ ਹੈ। ਆਪਣੇ ਆਪ ਤੇ ਆਪਣੇ ਰਿਸ਼ਤੇ ਨੂੰ ਕੇਂਦਰ ਵਿਚ ਰੱਖ ਕੇ ਦੋਵੇਂ ਜਣੇ ਆਪੋ-ਆਪਣੇ ਨੁਕਤੇ ਤੋਂ ਕਹਾਣੀ ਬਿਆਨ ਕਰਦੇ ਹਨ। ਜਦੋਂ ਮੇਰੇ ਦਿਮਾਗ ਵਿਚ ਦੋਵਾਂ ਦੀ ਫਸਵੀਂ ਟੱਕਰ ਚੱਲ ਰਹੀ ਸੀ। ਠੀਕ ਉਹੀ ਸਮਾਂ ਸੀ ਜਦੋਂ ਤੀਜਾ ਤੇ ਫਿਰ ਚੌਥਾ ਪਾਤਰ ਵਿਚ ਆ ਵੜਿਆ। ਤੀਜਾ ਪਾਤਰ ਰਾਜਵੀਰ ਦਾ ਬੇਟਾ ਬੌਬੀ ਤੇ ਚੌਥਾ ਪਾਤਰ ਠੇਕੇਦਾਰ ਦੇਸਰਾਜ ਹੈ। ਬੌਬੀ ਪਬਲਿਕ ਸਕੂਲ ਵਿਚ ਪੜ੍ਹਦਾ ਬੱਚਾ ਹੈ। ਉਹਦਾ ਸੰਕਟ ਬਹੁਪਰਤੀ ਹੈ। ਪਹਿਲਾਂ ਉਹਦਾ ਬਾਪ ਰਛਪਾਲ ਖੁਦਕੁਸ਼ੀ ਕਰ ਗਿਆ। ਫਿਰ ਮਾਮਾ ਅਮਰਦੀਪ ਖੁਦਕੁਸ਼ੀ ਕਰ ਗਿਆ। ਚਾਚਾ ਖੁਦਕੁਸ਼ੀ ਕਰਨੀ ਚਾਹੁੰਦਾ। ਬੌਬੀ ਨਾ ਖੇਤੀ ਕਰਨੀ ਚਾਹੁੰਦਾ। ਨਾ ਪੜ੍ਹਨਾ ਚਾਹੁੰਦਾ। ਉਹ ਕੁੱਝ ਹੋਰ ਸੋਚਦਾ ਹੈ। ਉਸ ਅੱਗੇ ਪ੍ਰਵਾਸੀ ਮਜ਼ਦੂਰ ਤੋਂ ਠੇਕੇਦਾਰ ਬਣੇ ਦੇਸਰਾਜ ਦਾ ਮਾਡਲ ਹੈ। ਦੇਸਰਾਜ ਦਾ ਅਸਲੀ ਨਾ ਗੋਪਾਲ ਹੈ। ਬਿਹਾਰ ਤੋਂ ਆਇਆ ਹੋਇਆ ਪ੍ਰਵਾਸੀ ਭਈਆ। ਉਸ ਵਕਤ ਮੈਂ ਕਾਲਜ ਪੜ੍ਹਦਾ ਸੀ। ਜਦੋਂ ਉਹ ਸਾਡੇ ਨਾਲ ਸੀਰੀ ਰਲਿਆ। ਸਾਨੂੰ ਬੰਦੇ ਦੀ ਲੋੜ ਸੀ। ਕਿਸੇ ਨੇ ਦੱਸ ਪਾਈ। ਮੈਂ ਉਸ ਨੂੰ ਬਸੰਤ ਕੀ ਮੋਟਰ ਤੋਂ ਲੈ ਕੇ ਆਇਆ। ਕਾਲਾ ਰੰਗ। ਪੈਰੋਂ ਨੰਗਾ। ਤੇੜ ਨੀਕਰ। ਤੇ ਟੁੱਟੇ ਹੋਏ ਬਟਨਾਂ ਵਾਲੀ ਲਾਲ ਰੰਗ ਦੀ ਕਮੀਜ਼ ਪਾਈ ਹੋਈ। ਕੱਪੜਿਆਂ ਵਾਲਾ ਛੋਟਾ ਜਿਹਾ ਬੈਗ ਕੈਰੀਅਰ 'ਤੇ ਰੱਖ ਉਹ ਮੇਰੇ ਨਾਲ ਤੁਰ ਪਿਆ। ਉਸ ਨੂੰ ਸਾਇਕਲ ਨਹੀਂ ਚਲਾਉਣਾ ਆਉਂਦਾ ਸੀ। ਮੇਰੇ ਨਾਲ ਮੋਟਰ ਤੱਕ ਸਾਰੇ ਰਾਹ ਰੋੜ੍ਹ ਕੇ ਹੀ ਲਿਆਇਆ। ਸਾਡੀ ਮੋਟਰ 'ਤੇ ਆ ਕੇ ਉਹ ਐਸਾ ਟਿਕਿਆ। ਮੁੜ ਨਹੀਂ ਹਿੱਲਿਆ। ਪਹਿਲੇ ਭਈਏ ਸਾਲ-ਛੇ ਮਹੀਨੇ ਬਾਅਦ ਭੱਜ ਜਾਂਦੇ ਸਨ। ਪਰ ਗੋਪਾਲ ਭੱਜਣ ਨਹੀਂ ਕੁੱਝ ਸਿੱਖਣ ਆਇਆ ਸੀ। ਸਿੱਖ ਕੇ ਕੁੱਝ ਬਣਨ ਆਇਆ ਸੀ। ਉਹ ਸਾਡੇ ਨਾਲ ਅੱਠ-ਦਸ ਸਾਲ ਸੀਰੀ ਰਿਹਾ। ਉਹਦੇ ਕੰਮ ਵਿਚ ਬਰਕਤ ਸੀ। ਉਹ ਮਸ਼ੀਨ ਵਾਂਗ ਫਿਰਦਾ। ਉਹਦਾ ਹੱਥ ਬਿਜਲੀ ਦੀ ਗਤੀ ਨਾਲ ਚੱਲਦਾ। ਮੋਟਰ ਚਲਾਉਣੀ। ਇੰਜਣ ਚਲਾਉਣਾ। ਸਾਇਕਲ। ਮੈਂਸ੍ਹਾਂ ਦਾ ਕੱਖ-ਕੰਡਾ ਕਰਨਾ। ਉਨ੍ਹਾਂ ਨੂੰ ਖੋਲ੍ਹਣਾ-ਬੰਨਣਾਂ। ਫਸਲ-ਬਾੜੀ ਦਾ ਕੰਮ ਕਰਨਾ। ਮੈਂ ਉਸ ਨਾਲ ਸਾਰਾ ਕੰਮ ਕਰਵਾਉਂਦਾ। ਉਹ ਹਰ ਕੰਮ ਸਿੱਖ ਗਿਆ। ਉਹਨੇ ਮੋਟਰ ਵਾਲੇ ਕੋਠੇ ਵਿਚ ਇਕ ਕਾਪੀ-ਪੈਨਸਲ ਲਿਆ ਕੇ ਰੱਖੀ ਹੋਈ ਸੀ। ਵਿਹਲੇ ਸਮੇਂ ਵਿਚ ਉਹ ਮੈਥੋਂ ਪੜ੍ਹਨਾ-ਲਿਖਣਾ ਸਿੱਖਦਾ।

ਮੇਰੇ ਵੇਖਦੇ ਹੀ ਵੇਖਦੇ ਉਹ ਵੱਡਾ ਹੋ ਗਿਆ। ਜਦੋਂ ਬਸੰਤ ਕੀ ਮੋਟਰ ਤੋਂ ਆਇਆ। ਤੇਰਾ-ਚੌਦਾਂ ਕੁ ਸਾਲ ਦਾ ਬੱਚਾ ਸੀ। ਜਿਸ ਸਾਲ ਅਸੀਂ ਖੇਤੀ ਛੱਡੀ। ਗੋਪਾਲ ਨੂੰ ਉਸ ਤੋਂ ਪਹਿਲਾਂ ਹੀ ਅਹਿਸਾਸ ਹੋ ਗਿਆ ਸੀ ਕਿ ਖੇਤੀ ਹੁਣ ਘਾਟੇ ਦਾ ਸੌਦਾ ਹੈ। ਇਸ ਲਈ ਉਹ ਪਹਿਲਾਂ ਹੀ ਸੀਰ ਛੱਡ ਗਿਆ। ਉਹਦਾ ਇਕ ਭਾਈ ਸੀ ਜੋਗਿੰਦਰ। ਉਹ ਉਸ ਨਾਲ ਰਲ ਪਾਪੜ ਬਣਾ ਕੇ ਵੇਚਣ ਲੱਗ ਪਿਆ। ਫਿਰ ਦਿਹਾੜੀ ਕਰਨ ਲੱਗ ਪਿਆ। ਤੇ ਫਿਰ ਅਜਾਇਬ ਮਿਸਤਰੀ ਤੋਂ ਬਾਅਦ ਲਾਂਗੜੀਆਂ ਵਾਲੇ ਸੁਖਵੀਰ ਨਾਲ ਰਲ ਗਿਆ। ਇਕ ਪੜਾਅ ਐਸਾ ਆਇਆ। ਉਹ ਰਾਜ ਮਿਸਤਰੀ ਦਾ ਕੰਮ ਸਿੱਖਣ ਲੱਗ ਪਿਆ। ਜਿਸ ਦਿਨ ਪੂਰਾ ਸਿੱਖ ਗਿਆ। ਉਹ ਵੱਖ ਹੋ ਇਕੱਲਾ ਕੰਮ ਕਰਨ ਲੱਗ ਪਿਆ। ਉਹਦੇ ਕੰਮ ਵਿਚ ਕਮਾਲ ਦੀ ਤੇਜੀ ਔਰ ਸਫਾਈ ਸੀ। ਚਾਰੇ ਪਾਸੇ ਗੋਪਾਲ-ਗੋਪਾਲ ਹੋਣ ਲੱਗੀ। ਉਹ ਕੋਠੀਆਂ ਦੇ ਠੇਕੇ ਲੈਣ ਲੱਗ ਪਿਆ। ਤੇ ਫਿਰ ਪੂਰੇ ਇਲਾਕੇ ਵਿਚ ਗੋਪਾਲ ਠੇਕੇਦਾਰ ਬਣਕੇ ਛਾ ਗਿਆ। ਉਹਦੇ ਵਿਕਾਸ ਦੀ ਕਹਾਣੀ ਮੇਰੇ ਸਾਹਮਣੇ ਵਾਪਰੀ ਸੀ। ਉਹ ਜਿਨ੍ਹਾਂ ਲੋਕਾਂ ਨਾਲ ਸੀਰੀ ਰਲ਼ਿਆ। ਜਿਨ੍ਹਾਂ ਦੇ ਦਿਹਾੜੀ ਗਿਆ। ਉਹ ਅੱਜ ਵੀ ਉੱਥੀ ਖੜ੍ਹੇ ਸਨ। ਇਕ ਹੀ ਖੇਤ ਵਿਚ ਕੰਮ ਕਰਨ ਵਾਲੀਆਂ ਦੋ ਧਿਰਾਂ ਦੀ ਸੋਚ, ਵਿਚਾਰ ਅਤੇ ਜ਼ਿੰਦਗੀ ਪ੍ਰਤੀ ਪਹੁੰਚ ਵਿਚ ਜਿਹੜਾ ਫਰਕ ਸੀ। ਉਸ ਫਰਕ ਨੂੰ ਸਮਝਾਉਣ ਲਈ ਗੋਪਾਲ ਮੇਰੇ ਦਿਮਾਗ ਵਿਚ ਇਕ ਸ਼ਕਤੀਸ਼ਾਲੀ ਪਾਤਰ ਬਣਕੇ ਉਭਰਿਆ। ਮੈਂ ਉਹਦਾ ਨਾਂ ਬਦਲ ਕੇ ਦੇਸਰਾਜ ਰੱਖ ਦਿੱਤਾ। ਪਰ ਲੋਕਾਂ ਨੇ ਫਿਰ ਵੀ ਪਛਾਣ ਲਿਆ। ਪਿੰਡ ਔਰ ਇਲਾਕੇ ਵਿਚ ਜਿਸ ਨੇ ਵੀ 'ਸਿਖਰ ਦੁਪਹਿਰਾ' ਕਹਾਣੀ ਪੜ੍ਹੀ। ਉਹੀ ਮੈਨੂੰ ਆਖਦਾ, "ਇਹ ਦੇਸਰਾਜ ਉਹੀ ਭਈਆ, ਜਿਹੜਾ ਥੋਡੇ ਨਾਲ ਸੀਰੀ ਹੁੰਦਾ ਤੀ ?" ਗੋਪਾਲ ਦੀ ਤਰੱਕੀ ਵੱਲ ਵੇਖ ਮੈਂ ਫਖਰ ਨਾਲ 'ਹਾਂ' ਆਖ ਦਿੰਦਾ। ਪਰ ਗੌਰਤਲਬ ਨੁਕਤਾ ਇਹ ਹੈ ਕਿ ਮੇਰੀ ਕਹਾਣੀ ਵਿਚ ਪੇਸ਼ ਹੋਇਆ ਦੇਸਰਾਜ ਸਾਰੇ ਦਾ ਸਾਰਾ ਗੋਪਾਲ ਨਹੀਂ। ਉਹਦੀ ਪ੍ਰਮਾਣਿਕ ਪਾਤਰ ਉਸਾਰੀ ਲਈ ਉਸ ਵਿਚ ਹੋਰ ਭਈਆਂ ਦਾ ਰਲ੍ਹਾ ਵੀ ਹੈ। ਉਹ ਰਲ਼ਾ ਕਿੱਥੇ-ਕਿੱਥੇ ਹੈ। ਇਹ ਸਿਰਫ ਮੈਂ ਜਾਂ ਗੋਪਾਲ ਜਾਣਦਾ ਹੈ। ਲੇਕਿਨ ਇਹ ਗੱਲ ਕੋਈ ਨਹੀਂ ਜਾਣਦਾ ਕਿ ਪਾਤਰਾਂ ਸਬੰਧੀ ਇਹ ਆਰਟੀਕਲ ਲਿਖਣ ਵਾਲੇ ਦਿਨਾਂ ਵਿਚ ਗੋਪਾਲ ਠੇਕੇ 'ਤੇ ਸਾਡਾ ਘਰ ਪਾ ਰਿਹਾ ਸੀ। ਮੈਂ ਧਰਤੀ 'ਤੇ ਆਪਣੀ ਕਹਾਣੀ ਦੇ ਪਾਤਰ ਦਾ ਸੱਚ ਉੱਸਰਦਾ ਵੇਖ ਰਿਹਾ ਸੀ।

ਪਾਤਰ-ਉਸਾਰੀ ਦੇ ਸੰਦਰਭ ਵਿਚ ਮੈਨੂੰ ਇਕ ਪਾਤਰ 'ਆੜ੍ਹਤੀਆ' ਵੀ ਹਾਂਟ ਕਰਦਾ ਹੈ। ਸਿਖਰ ਦੁਪਹਿਰਾ, ਮੈਂ ਧਰਮ ਸੰਕਟ ਵਿਚ ਹਾਂ, ਦੌੜ ਸ਼ੁਰੂ ਹੈ ਤੇ ਜ਼ਰਾ ਬਚਕੇ ਮੋੜ ਤੋਂ। ਇਨ੍ਹਾਂ ਕਹਾਣੀਆਂ ਵਿਚ 'ਆੜ੍ਹਤੀਆ' ਛੋਟੀ-ਕਿਸਾਨੀ ਦੇ ਸੰਕਟ ਨੂੰ ਗਹਿਰਾ ਕਰਨ ਵਾਲੀ ਧਿਰ ਹੈ। ਹਰ ਕਹਾਣੀ ਵਿਚ ਇਸ ਧਿਰ ਦਾ ਵੱਖਰਾ ਨਾਂ ਹੈ। ਪਰ ਅਸਲ ਜ਼ਿੰਦਗੀ ਵਿਚ ਜਿਸ ਬੰਦੇ ਨੂੰ ਵੇਖਕੇ ਮੇਰੇ ਜ਼ਿਹਨ ਵਿਚ ਇਹ ਪਾਤਰ ਉੱਸਰਿਆ। ਉਹ ਬੰਦਾ ਮੇਰਾ ਤਾਇਆ ਸੀ। ਅਸੀਂ ਘਰਾਂ ਵਿਚੋਂ ਸਕੇ ਹਾਂ। ਉਨ੍ਹਾਂ ਦੀ ਸਾਡੇ ਨਾਲ ਬੜੀ ਗੂੜ੍ਹੀ ਸਾਂਝ ਹੈ। ਕਿਸੇ ਵੀ ਸੰਕਟ ਦੀ ਘੜੀ ਉਨ੍ਹਾਂ ਦਾ ਪਰਿਵਾਰ ਸਾਡੀ ਧਿਰ ਬਣਕੇ ਖੜ੍ਹਦਾ ਹੈ। ਇਸ ਧਿਰ ਦਾ ਮੁੱਖੀ ਤਾਇਆ ਸੀ। ਪਿੰਡ ਔਰ ਇਲਾਕੇ ਦਾ ਕਰੋੜਪਤੀ ਆੜ੍ਹਤੀਆ। ਸੱਤਰ ਸਾਲ ਦੀ ਉਮਰ ਵਿਚ ਵੀ ਉਹ ਮੁੰਡਿਆਂ ਨਾਲੋਂ ਵੱਧ ਮਿਹਨਤੀ, ਹਿੰਮਤੀ, ਕਾਮਾ ਤੇ ਦੂਰਦਰਸ਼ੀ ਸੀ। ਜਦੋਂ ਸਾਰੇ ਸੁੱਤੇ ਪਏ ਹੁੰਦੇ। ਉਹ ਸੀਰੀ ਨਾਲ ਖੇਤਾਂ ਦੀਆਂ ਵੱਟਾਂ 'ਤੇ ਨੱਕੇ ਲਵਾਉਂਦਾ ਫਿਰ ਰਿਹਾ ਹੁੰਦਾ। ਦਿਨ 'ਚ ਮੰਡੀ ਵਿਚ ਆੜ੍ਹਤ ਦੀ ਦੁਕਾਨ 'ਤੇ ਬੈਠਾ ਹੁੰਦਾ। ਦੇਰ ਰਾਤ ਤੱਕ ਸ਼ੈਲਰ ਦਾ ਕੰਮ ਸੰਭਾਲਦਾ। ਉਸ ਬੰਦੇ ਦਾ ਸਿਰੜ ਤੇ ਸਮਰੱਥਾ ਵੇਖ ਮੈਂ ਹੈਰਾਨ ਰਹਿ ਜਾਂਦਾ। ਭਾਵੇਂ ਉਹਦੀ ਅਮੀਰੀ ਤੇ ਚੜ੍ਹਤ ਪਿੱਛੇ ਉਸ ਦੀ ਸਖਤ ਮਿਹਨਤ ਤੇ ਲਾਜਵਾਬ ਦਿਮਾਗ ਕੰਮ ਕਰਦਾ ਸੀ। ਪਰ ਕਿਸੇ ਪਿਛਲੀ ਪੀੜ੍ਹੀ ਵਿਚ ਰਹਿ ਗਿਆ ਫਰਕ ਮੈਨੂੰ ਤੰਗ ਕਰਦਾ ਹੈ। ਕਿਉਂਕਿ ਮੈਂ ਛੋਟੀ ਕਿਸਾਨੀ ਵਿਚੋਂ ਹਾਂ। ਇਸ ਲਈ ਜਦੋਂ ਕੋਈ ਕਰਜ਼ਈ ਕਿਸਾਨ ਖੁਦਕੁਸ਼ੀ ਕਰਦਾ ਹੈ। ਮੈਨੂੰ ਉਸਦੇ ਵੱਖ-ਵੱਖ ਕਾਰਨਾਂ ਵਿਚੋਂ ਇਕ ਕਾਰਨ 'ਆੜ੍ਹਤੀਆ ਵਰਗ' ਵੀ ਲੱਗਦਾ ਹੈ। ਲੋਕਾਂ ਤੋਂ, ਅਖਬਾਰਾਂ ਤੋਂ ਤੇ ਹੋਰ ਸਾਧਨਾਂ ਰਾਹੀਂ। ਮੈਨੂੰ ਅੱਜ ਤੱਕ ਜਿਹੜੀ ਵੀ ਜਾਣਕਾਰੀ ਮਿਲੀ ਹੈ। ਮੈਂ

ਉਸ ਸਮੂਹਿਕ ਜਾਣਕਾਰੀ ਨੂੰ ਤਾਏ ਵਿਚ ਰਲ਼ਾ ਕੇ ਇਕ 'ਪ੍ਰਤੀਨਿੱਧ ਆੜ੍ਹਤੀਆ ਪਾਤਰ' ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਮੇਰੀ ਇਹ ਕੋਸ਼ਿਸ਼ ਯਥਾਰਥ ਔਰ ਗਲਪ ਵਿਚਲਾ ਫਰਕ ਵੀ ਵਿਖਾਉਂਦੀ ਹੈ।

ਪਾਤਰਾਂ ਸਬੰਧੀ ਵੇਖਣ ਵਾਲੀ ਇਕ ਗੱਲ ਇਹ ਹੈ ਕਿ ਇਨ੍ਹਾਂ ਵਿਚ ਬੱਚੇ ਕਿੱਥੇ ਹਨ ! ਅਸਲ ਜ਼ਿੰਦਗੀ ਵਾਂਗ ਨਵੀਂ ਪੰਜਾਬੀ ਕਹਾਣੀ ਵਿਚ ਬੱਚੇ ਹਾਸ਼ੀਏ 'ਤੇ ਹਨ। ਮੀਡੀਆ ਤੇ ਅਖਬਾਰਾਂ ਵਿਚ ਨਿੱਤ ਦਿਨ ਬੱਚਿਆਂ ਨੂੰ ਜ਼ਹਿਰ ਦੇ ਕੇ ਮਾਰਨ, ਕੁੱਖਾਂ ਵਿਚ ਕਤਲ ਕਰਨ ਤੇ ਜ਼ਬਰ-ਜਿਨਾਹ ਦੀਆਂ ਖਬਰਾਂ ਇਸ ਦਾ ਠੋਸ ਪ੍ਰਮਾਣ ਹਨ। ਉਂਝ ਤਾਂ ਮੈਂ ਵੀ ਮੁੱਖ ਪਾਤਰ ਵਜੋਂ ਕਿਸੇ ਬੱਚੇ ਦਾ ਪਾਤਰ ਨਹੀਂ ਸਿਰਜ ਸਕਿਆ। ਪਰ ਮੇਰੀਆਂ ਕੁਝ ਕਹਾਣੀਆਂ ਵਿਚ ਬੱਚੇ ਗੌਲਣਯੋਗ ਪਾਤਰ ਜਰੂਰ ਹਨ। ਜਿਵੇਂ 'ਜਦੋਂ ਧਰਤੀ ਡੋਲਦੀ ਹੈ' ਕਹਾਣੀ ਵਿਚਲਾ ਬੱਚਾ ਲੱਕੀ ਅੰਤ 'ਤੇ ਆਪਣੇ ਪ੍ਰੇਮੀ ਨਾਲ ਭੱਜੀ ਜਾ ਰਹੀ ਮਾਂ ਨੂੰ ਐਸਾ ਸਵਾਲ ਕਰਦਾ ਹੈ ਕਿ ਮਾਂ ਦੇ ਪੈਰਾਂ ਹੇਠਲੀ ਧਰਤੀ ਡੋਲਣ ਲੱਗ ਪੈਂਦੀ ਹੈ। 'ਸਿਖਰ ਦੁਪਹਿਰਾ' ਕਹਾਣੀ ਵਿਚ ਬੌਬੀ ਨਾਂ ਦਾ ਬੱਚਾ ਘਰ ਦੀ ਲੜਾਈ ਤੇ ਪਬਲਿਕ ਸਕੂਲ ਦੇ ਭਾਰ ਤੋਂ ਤੰਗ ਹੈ। ਅੰਤ ਵਿਚ ਉਹ ਆਪਣੀ ਮਾਂ ਨੂੰ ਐਸਾ ਜਵਾਬ ਦਿੰਦਾ ਕਿ ਉਹ ਲਾਜਵਾਬ ਹੋ ਜਾਂਦੀ ਹੈ। ਬੱਚੇ ਦਾ ਜਵਾਬ ਉਹਦੇ ਦਿਮਾਗ ਨੂੰ ਕਈ ਟੋਟਿਆਂ ਵਿਚ ਵੰਡ ਦਿੰਦਾ ਹੈ। 'ਮੈਂ ਧਰਮ ਸੰਕਟ ਵਿਚ ਹਾਂ' ਕਹਾਣੀ ਵਿਚ ਡਿੰਪੀ ਨਾਂ ਦੀ ਬੱਚੀ ਦਾ ਜ਼ਿਕਰ ਸੰਕਟ ਨੂੰ ਹੋਰ ਗਹਿਰਾ ਕਰ ਦਿੰਦਾ ਹੈ। ਤੇ ਜਦੋਂ 'ਮੋਏ ਰਿਸ਼ਤਿਆਂ ਦੀ ਕਥਾ' ਕਹਾਣੀ ਦੇ ਅਖੀਰ ਵਿਚ ਰਿਸ਼ਤਿਆਂ ਲਈ ਬੱਚੇ ਨੂੰ ਖਰੀਦਣ-ਵੇਚਣ ਦਾ ਮਸਲਾ ਸਿਖਰ 'ਤੇ ਪਹੁੰਚਦਾ ਹੈ। ਬੱਚੇ ਨੂੰ ਗੋਦੀ ਚੁੱਕੀਂ ਖੜ੍ਹਾ, 'ਮੈਂ ਪਾਤਰ' ਪੂਰਬ ਦੀ ਗੁੱਠ ਵੱਲ ਨੂੰ ਮੂੰਹ ਘੁੰਮਾ ਲੈਂਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕਿਉਂ ? ਕਿਉਂਕਿ ਸਾਡੇ ਅੰਦਰਲਾ ਬੱਚਾ ਗੁਆਚ ਗਿਆ ਹੈ। ਮੈਂ ਜਦੋਂ ਵੀ ਕਿਸੇ ਬੱਚੇ ਵੱਲ ਵੇਖਦਾ ਹਾਂ। ਮੇਰੇ ਅੰਦਰਲਾ ਬੱਚਾ ਜਾਗ ਉੱਠਦਾ ਹੈ। ਮੈਂ ਸਾਹਮਣੇ ਦਿਸਦੇ ਬੱਚੇ ਨਾਲ ਇਕ-ਮਿਕ ਹੋ ਜਾਂਦਾ ਹਾਂ। ਉਹਦੀ ਕੋਈ ਨਾ ਕੋਈ ਗੱਲ, ਕੋਈ ਹਰਕਤ ਮੇਰੇ ਅੰਦਰ ਲਹਿ ਜਾਂਦੀ ਹੈ। ਕਹਾਣੀ ਲਿਖਣ ਵਕਤ ਜਦੋਂ ਮੈਂ ਬੱਚੇ ਦਾ ਪਾਤਰ ਸਿਰਜਦਾ ਹਾਂ। ਮੇਰੇ ਅੰਦਰ ਸ਼ਹਿ ਲਾ ਕੇ ਬੈਠੇ ਬੱਚਿਆਂ ਵਿਚੋਂ ਕੋਈ ਬੱਚਾ ਉੱਠਦਾ ਹੈ। ਤੇ ਮੇਰੀ ਕਹਾਣੀ ਦਾ ਪਾਤਰ ਬਣ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ 'ਦੋ ਸਾਹਾਂ ਵਿਚਲਾ ਠਹਿਰਾਅ' ਵਰਗੀ ਅੱਤ ਦੀ ਫਿਲਾਸਫੀਕਲ ਤੇ ਰਹੱਸਮਈ ਕਹਾਣੀ ਵਿਚ ਮੈਂ ਸੂਰਜ ਦੇਵ, ਤ੍ਰਿਕਾਲ ਦੇਵ ਤੇ ਸੰਦਲਾ ਦੇਵੀ ਦੇ ਬਾਲ ਰੂਪ ਨੂੰ ਵੀ ਐਨੀ ਬਾਰੀਕੀ ਨਾਲ ਚਿਤਰ ਸਕਿਆ ਹਾਂ। ਔਰ 'ਸੁਰਜੀਤ ਕਤਲ-ਕਾਂਡ' ਕਹਾਣੀ ਵਿਚ ਜਦੋਂ ਸਦੀਆਂ ਪੁਰਾਣੀ ਮਾਨਵੀ ਤੇ ਰਬਾਬੀ ਸੁਰ ਦਾ ਸੰਗੀਤ ਅਖੀਰ ਵਿਚ 'ਮੈਂ ਪਾਤਰ' ਦੇ ਬੇਟੇ ਅਨਹਦ ਦੀ ਰੂਹ ਵਿਚ ਪ੍ਰਵੇਸ਼ ਕਰਦਾ ਹੈ। ਉੱਥੇ ਬੱਚੇ ਅੰਦਰ ਵਸਦੀ ਕੁਦਰਤ ਤੇ ਕਾਦਰ ਦਾ ਜਲਵਾ ਸਿਰ ਚੜ੍ਹ ਬੋਲਦਾ ਹੈ। ਬੱਚਾ ਵੱਡਿਆਂ ਤੋਂ ਵੀ ਵੱਡੀ ਤਾਕਤ ਰੱਖਦਾ ਹੈ। ਇਹ ਗੱਲ 'ਬਿੱਲੀਆਂ ਅੱਖਾਂ ਦਾ ਜਾਦੂ' ਕਹਾਣੀ ਵਿਚ ਸਿੱਧ ਹੋ ਜਾਂਦੀ ਹੈ। ਇਹ ਕਹਾਣੀ ਭੀਖ ਮੰਗਣ ਵਾਲੇ, ਜਾਦੂ ਦਾ ਤਮਾਸ਼ਾ ਕਰਨ ਵਾਲੇ, ਸੜਕਾਂ ਕਿਨਾਰੇ ਕਾਗਜ਼ ਚੁਗਣ ਵਾਲੇ ਤੇ ਮੈਰਿਜ਼ ਪੈਲਸਾਂ ਅੱਗੇ ਜੂਠ ਖਾਣ ਦੀ ਉਡੀਕ ਵਿਚ ਬੈਠੇ ਬੱਚਿਆਂ ਦੀ ਕਹਾਣੀ ਹੈ। ਮੈਂ ਇਹ ਬੱਚੇ ਰੇਲਵੇ ਸਟੇਸ਼ਨਾਂ, ਬਸ ਅੱਡਿਆਂ, ਬਜ਼ਾਰਾਂ, ਢਾਬਿਆਂ-ਦੁਕਾਨਾਂ ਤੇ ਸੜਕਾਂ-ਗਲੀਆਂ ਵਿਚ ਵੱਖ-ਵੱਖ ਮੌਕਿਆਂ ਉਪਰ ਹੱਡੀਂ ਹੰਢਾਉਣ ਵਾਂਗ ਮਹਿਸੂਸ ਕੀਤੇ ਹਨ। ਹਾਸ਼ੀਏ ਤੋਂ ਵੀ ਪਾਰ ਵਿਚਰਦੇ ਇਹ ਬੱਚੇ ਲੰਬੇ ਸਮੇਂ ਤੋਂ ਮੇਰੀ ਰੂਹ ਉਪਰ ਭਾਰ ਸਨ। ਇਨ੍ਹਾਂ ਨੂੰ ਪਾਤਰ ਬਣਾ ਕੇ ਮੈਂ ਆਪਣੀ ਰੂਹ ਨੂੰ ਭਾਰ ਮੁਕਤ ਕੀਤਾ ਹੈ। ਮੈਂ ਇਹ ਸਿੱਧ ਨਹੀਂ ਕਰ ਸਕਦਾ ਕਿ ਮੇਰੀ ਕਿਹੜੀ ਕਹਾਣੀ ਵਿਚ ਕਿਹੜਾ ਬੱਚਾ ਕਿਸ ਪਾਤਰ ਦੇ ਤੌਰ 'ਤੇ ਦਰਜ਼ ਹੈ। ਪਰ ਇਹ ਗੱਲ ਮੈਨੂੰ ਇਕ ਖੁਸ਼ੀ ਭਰਿਆ ਅਹਿਸਾਸ ਦਿੰਦੀ ਹੈ ਕਿ ਮੇਰੀਆਂ ਕਹਾਣੀਆਂ ਵਿਚ ਬੱਚੇ ਹਾਜ਼ਰ ਹਨ।

ਬੱਚਿਆਂ ਤੋਂ ਇਲਾਵਾ ਮੇਰੀ ਤੀਜੀ ਕਥਾ ਪੁਸਤਕ 'ਬਿੱਲੀਆਂ ਅੱਖਾਂ ਦਾ ਜਾਦੂ' ਵਿਚ ਸਿਰਲੇਖ ਵਾਲੀ ਕਹਾਣੀ ਸਮੇਤ ਹਾਸ਼ੀਏ ਤੋਂ ਵੀ ਪਾਰ ਵਿਚਰਦੇ ਪਾਤਰਾਂ ਦੀਆਂ ਤਿੰਨ ਕਹਾਣੀਆਂ ਸ਼ਾਮਿਲ ਹਨ।

ਇਨ੍ਹਾਂ ਕਹਾਣੀਆਂ ਵਿਚੋਂ 'ਘੁੰਗਰੂ-ਕਥਾ' ਹਿਜੜਿਆਂ ਦੀ ਕਰੂਰ ਜ਼ਿੰਦਗੀ ਦੇ ਤਮਾਮ ਤੱਤੇ-ਠੰਡੇ ਅਹਿਸਾਸਾਂ ਦੀ ਕਹਾਣੀ ਹੈ। ਜਿਸ ਵਕਤ ਮੈਂ ਇਹ ਕਹਾਣੀ ਲਿਖਣੀ ਸ਼ੁਰੂ ਕੀਤੀ। ਮੇਰੀ ਸੁਰਤੀ ਵਿਚ ਬਚਪਨ 'ਚ ਵੇਖੀ ਹਿਜੜਿਆਂ ਦੀ ਉਹ ਟੋਲੀ ਘੁੰਮ ਰਹੀ ਸੀ ਜਿਸ ਵਿਚ ਬਾਬੂ ਹਿਜੜਾ ਹੁੰਦਾ। ਉਹ ਆਪਣੀ ਟੋਲੀ ਨਾਲ ਤਾਂਗੇ 'ਤੇ ਸਵਾਰ ਹੋ ਕੇ ਆਉਂਦਾ। ਪਿੱਛੇ ਬਾਜੇ ਢੋਲਕੀਆਂ ਲਈਂ ਉਸਦੇ ਸਾਥੀ ਬੈਠੇ ਹੁੰਦੇ। ਅਗਲੀ ਸੀਟ 'ਤੇ ਘੋੜਾ-ਵਾਹਕ ਨਾਲ ਇਕੱਲਾ ਬਾਬੂ ਬੈਠਾ ਹੁੰਦਾ। ਜਿਸ ਵਕਤ ਮਾਲੇਰ ਕੋਟਲੇ ਤੋਂ ਉਨ੍ਹਾਂ ਦੀ ਸਵਾਰੀ ਨਿੱਕਲਦੀ। ਰਾਹ ਵਿਚ ਦੁਨੀਆਂ ਖੜ੍ਹ-ਖੜ੍ਹ ਵੇਖਦੀ। ਮੈਂ ਬਚਪਨ ਤੋਂ ਵੱਡਾ ਹੋਣ ਤੱਕ ਉਨ੍ਹਾਂ ਦਾ ਤਾਂਗਾ ਵੇਖਿਆ ਹੈ। ਉਂਝ ਤਾਂ ਕਿੰਨਰ ਸਮਾਜ ਦੀ ਦੁਨੀਆਂ ਦੇ ਅੰਤਰੀਵ ਅਹਿਸਾਸਾਂ, ਸੰਕਟਾਂ, ਭੁੱਖਾਂ, ਤੇਹਾਂ, ਵਰਤ-ਵਰਤਾਰਿਆਂ ਤੇ ਮਸਲਿਆਂ ਨੂੰ ਆਪਣੇ ਅਨੁਭਵ ਦਾ ਹਿੱਸਾ ਬਨਾਉਣ ਲਈ ਮੈਂ ਹਿਜੜਿਆਂ ਦੇ ਡੇਰੇ ਉਪਰ ਗਿਆ। ਉਨ੍ਹਾਂ ਦੀ ਬਾਡੀ-ਲੈਂਗੂਏਜ਼, ਭਾਸ਼ਾ, ਮਨੋਵਿਗਿਆਨ, ਬੋਲ-ਚਾਲ ਦਾ ਅੰਦਾਜ਼ ਅਤੇ ਪਹਿਰਾਵੇ ਨੂੰ ਸੰਜ਼ੀਦਗੀ ਨਾਲ ਵੇਖਿਆ-ਸਮਝਿਆ। ਪਰ ਜਿਸ ਦਿਨ ਸਾਲ 2010 ਵਿਚ ਮੇਰੇ ਬੇਟੇ ਸ਼ਾਨਵੀਰ ਦਾ ਜਨਮ ਹੋਇਆ। ਹਿਜੜਿਆਂ ਦੀ ਟੋਲੀ ਸਾਡੇ ਘਰ ਵਧਾਈ ਮੰਗਣ ਆ ਗਈ। ਉਨ੍ਹਾਂ ਦਾ ਵਧਾਈ ਮੰਗਣ ਵਾਲਾ ਪ੍ਰੋਗਰਾਮ ਵੇਖ ਮੇਰੇ ਅੰਦਰ 'ਘੁੰਗਰੂ-ਕਥਾ' ਕਹਾਣੀ ਦਾ ਹਰ ਅਧੂਰਾ ਪਾਤਰ ਪੂਰਾ ਹੋ ਗਿਆ ਸੀ। ਅਧੂਰੇ ਪਾਤਰਾਂ ਨੂੰ ਪੂਰਾ ਕਰਨ ਲਈ ਕਈ ਵਾਰ ਕਾਫੀ ਮੁਸ਼ਕਿਲ ਪੇਸ਼ ਆਉਂਦੀ ਹੈ। ਇਹ ਮੁਸ਼ਕਿਲ ਮੈਨੂੰ 'ਮਜ਼ਾਕ ਦੀ ਹੱਦ ਨਹੀਂ ਹੁੰਦੀ' ਕਹਾਣੀ ਦੇ ਪਾਤਰ ਚਿਤਰਨ ਵਕਤ ਪੇਸ਼ ਆਈ ਸੀ। ਇਹ ਸਮਾਜ ਦੀ ਮੁੱਖ ਧਾਰਾ ਵਿਚੋਂ ਖਾਰਜ ਕੀਤੇ ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜਿਨ੍ਹਾਂ ਨੂੰ 'ਬੌਨੇ' ਕਿਹਾ ਜਾਂਦਾ ਹੈ। ਇਹ ਲੋਕ ਸਰਕਸਾਂ, ਆਰਕੈਸਟਰਾ ਜਾਂ ਹੋਰ ਢੰਗਾਂ ਰਾਹੀਂ ਲੋਕਾਂ ਦਾ ਮਨੋਰੰਜਨ ਕਰਕੇ ਆਪਣਾ ਪੇਟ ਪਾਲਦੇ ਹਨ। ਇਸ ਵਰਗ ਦੇ ਕੁਝ ਲੋਕ ਛੋਟੇ ਕੱਦ ਦੇ ਬਾਵਜੂਦ ਵੀ ਸਮਾਜ ਵਿਚ ਪੂਰੇ ਕੱਦ ਦੇ ਲੋਕਾਂ ਵਾਂਗ ਰਹਿੰਦੇ ਹਨ। ਪਰ ਤ੍ਰਾਸਦੀ ਇਹ ਕਿ ਸਾਰਾ ਸਮਾਜ ਇਨ੍ਹਾਂ ਨੂੰ ਬੌਨੇ, ਜੋਕਰ ਜਾਂ ਗਿਠ-ਮੁਠੀਏ ਆਖ ਕੇ ਮਜ਼ਾਕ ਕਰਦਾ ਹੈ। ਛੋਟੇ ਕੱਦ ਵਾਲੇ ਇਨ੍ਹਾਂ ਲੋਕਾਂ ਦੀ ਵੱਡੀ ਸੋਚ ਤੇ ਕੰਮਾਂ ਨੂੰ ਜ਼ੁਬਾਨ ਦੇਣ ਲਈ ਜਿਸ ਵਕਤ ਮੈਂ ਇਹ ਕਹਾਣੀ ਲਿਖੀ। ਉਸ ਵਕਤ ਮੇਰੇ ਸਾਹਮਣੇ ਗੁਆਂਢੀ ਪਿੰਡ ਲਾਂਗੜੀਆਂ ਤੋਂ ਇਕ ਅਧਿਆਪਕ ਸਾਥੀ ਦਾ ਭਰਾ ਸੀ। ਬੱਦੋਵਾਲ ਨਜ਼ਦੀਕ ਪਿੰਡ ਲਲਤੋਂ ਤੋਂ ਆਰਕੈਸਟਰਾ ਵਿਚ ਕੰਮ ਕਰਦਾ ਇਕ ਮੁੰਡਾ ਸੀ। ਤੇ ਮਾਲੇਰਕੋਟਲਾ ਤੋਂ ਇਕ ਅਧਿਆਪਕ ਸਾਥੀ ਦੀ ਇਕ ਵਿਦਿਆਰਥਣ ਕੁੜੀ ਸੀ। ਮੈਂ ਇਨ੍ਹਾਂ ਤਿੰਨਾਂ ਨਾਲ ਮੁਲਾਕਾਤਾਂ ਕੀਤੀਆਂ। ਬਹੁਤ ਗੱਲਾਂ ਕੀਤੀਆਂ ਤਾਂ ਕਿ ਉਨ੍ਹਾਂ ਦੀ ਬਾਹਰੀ ਜ਼ਿੰਦਗੀ ਨਾਲ ਮਾਨਸਿਕ ਸੰਸਾਰ ਨੂੰ ਵੀ ਚਿਤਰ ਸਕਾਂ। ਪਰ ਉਨ੍ਹਾਂ ਤਿੰਨਾਂ ਦੀ ਇਕ ਸਾਂਝੀ ਸਮੱਸਿਆ ਸੀ ਕਿ ਉਹ ਬਾਹਰੋਂ-ਬਾਹਰੋਂ ਗੱਲਾਂ ਦੱਸਦੇ ਰਹੇ। ਅੰਦਰੋਂ ਪੂਰੀ ਤਰ੍ਹਾਂ ਨਹੀਂ ਖੁਲ੍ਹੇ। ਇਸ ਲਈ ਕਹਾਣੀ ਲਿਖਣ ਵਕਤ ਇਕ ਪ੍ਰਤੀਨਿੱਧ ਪਾਤਰ ਚਿਤਰਨ ਵਿਚ ਕਾਫੀ ਮੁਸ਼ਕਿਲ ਪੇਸ਼ ਆਈ। ਐਪਰ ਮੈਨੂੰ ਖੁਸ਼ੀ ਹੈ ਕਿ ਸਮਾਜ ਜਿਨ੍ਹਾਂ ਲੋਕਾਂ ਨੂੰ 'ਬੌਨੇ' ਕਹਿ ਕੇ ਮੋਇਆਂ ਬਰਾਬਰ ਕਰ ਦਿੰਦਾ ਹੈ, ਮੈਂ ਉਨ੍ਹਾਂ ਦੀ ਜਨਮ-ਕਥਾ ਲਿਖੀ ਹੈ।

ਜਿਸ ਮਿੱਟੀ ਵਿਚ ਮੇਰਾ ਜਨਮ ਹੋਇਆ। ਜਿਸ ਪਿੰਡ ਨੇ ਮੈਨੂੰ ਸਾਂਭਿਆ। ਤੇ ਜਿਹੜੀਆਂ ਬੀਹੀਆਂ ਵਿਚ ਖੇਡ ਕੇ ਮੈਂ ਜਵਾਨ ਹੋਇਆ। ਇਹ ਸਾਰੀਆਂ ਚੀਜ਼ਾਂ ਮੇਰੇ ਅੰਦਰ ਉੱਸਰੀਆਂ ਹੋਈਆਂ ਹਨ। ਇਨ੍ਹਾਂ ਚੀਜ਼ਾਂ ਵਿਚ ਹੋਰ ਵੀ ਬਹੁਤ ਸਾਰੀਆਂ ਸ਼ੈਆਂ ਹਨ। ਜਦੋਂ ਮੈਂ ਇਕ-ਇਕ ਸ਼ੈਅ ਉੱਪਰ ਨਜ਼ਰ ਮਾਰਦਾ ਹਾਂ। ਮੈਨੂੰ ਅਮਰਗੜ੍ਹ ਤੋਂ ਬਾਅਦ ਨਸਰਾਲੀ ਨਜ਼ਰ ਆਉਂਦੀ ਹੈ। ਜਦੋਂ ਮੇਰਾ ਬਾਜ਼ੀ ਫੌਜ ਵਿਚ ਸੀ। ਉਦੋਂ ਮੈਂ ਮਾਂ ਨਾਲ ਪਠਾਣਕੋਟ ਤੇ ਦੇਹਰਾਦੂਨ ਰਿਹਾ ਹਾਂ। ਦਸ ਸਾਲਾਂ ਤੋਂ ਬਨਭੌਰੇ ਪਿੰਡ ਵਿਚ ਅਧਿਆਪਕ ਹਾਂ। ਇਸ ਤੋਂ ਇਲਾਵਾ ਹੋਰ ਜਿੱਥੇ-ਜਿੱਥੇ ਵੀ ਘੁੰਮਿਆ-ਫਿਰਿਆ ਤੇ ਰਿਹਾ ਹਾਂ। ਉੱਥੇ ਦਾ ਇਕ-ਇਕ ਕਤਰਾ ਮੇਰੀ ਸਿਮਰਤੀ ਦਾ ਹਿੱਸਾ ਹੈ। ਮੈਂ ਇਹ ਹਿੱਸਾ ਥੋੜ੍ਹਾ-ਥੋੜ੍ਹਾ ਹਰ ਕਹਾਣੀ ਵਿਚ ਵਰਤਦਾ ਹਾਂ। ਮੇਰੀ ਨਜ਼ਰ ਵਿਚ ਉਹ ਸਾਰੀਆਂ ਰਾਹਵਾਂ, ਥਾਵਾਂ, ਸੜਕਾਂ, ਘਰ, ਮੁਹੱਲੇ, ਮੰਦਰ, ਮਸਜਿਦ, ਗੁਰਦਵਾਰੇ, ਸ਼ਮਸ਼ਾਨਘਾਟ ਤੇ

ਰੁੱਖ-ਮਨੁੱਖ ਪਾਤਰ ਹਨ, ਜਿਨ੍ਹਾਂ ਦੀ ਮੇਰੀ ਕਹਾਣੀ ਵਿਚ ਅਰਥਮਈ ਹਾਜ਼ਰੀ ਲੱਗਦੀ ਹੈ। ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਮੈਂ ਕੁਝ ਕਹਾਣੀਆਂ ਦੀ ਉਦਾਹਰਨ ਦਿੰਦਾ ਹਾਂ। ਮੇਰੀ ਇਕ ਕਹਾਣੀ ਹੈ 'ਨਸਲਘਾਤ'। ਉਸ ਦੀਆਂ ਪਹਿਲੀਆਂ ਦੋ ਸਤਰਾਂ ਹਨ :- ਮੈਂ ਪਿਛਾਹ ਨੂੰ ਝਾਕਿਆ। ਬਸ-ਅੱਡੇ ਵਾਲੇ ਪਿੱਪਲ ਹੇਠਾਂ ਖੜ੍ਹਾ ਤੋਤੀ ਬਾਬਾ ਅਜੇ ਵੀ ਮੈਨੂੰ ਤਾੜ ਰਿਹਾ ਸੀ।" ਇਨ੍ਹਾਂ ਸਤਰਾਂ ਵਿਚ ਆਇਆ 'ਪਿੱਪਲ' ਬਚਪਨ ਤੋਂ ਹੀ ਮੈਨੂੰ ਬਹੁਤ ਵੱਡੇ ਮਨੁੱਖ ਵਾਂਗ ਲੱਗਦਾ ਹੈ। ਮੇਰੀ ਨਜ਼ਰ ਵਿਚ ਉਹ ਰੁੱਖ ਨਹੀਂ। ਸਾਡੇ ਪਿੰਡ ਦਾ ਸਭ ਤੋਂ ਪੁਰਾਣਾ ਤੇ ਸਿਆਣਾ ਮਨੁੱਖ ਹੈ। 'ਮੈਂ ਧਰਮ ਸੰਕਟ ਵਿਚ ਹਾਂ' ਕਹਾਣੀ ਦਾ 'ਮੈਂ ਪਾਤਰ' ਸਾਰੀ ਰਾਤ ਸੜਕਾਂ 'ਤੇ ਤੁਰਦਾ-ਫਿਰਦਾ ਦਿਖਾਈ ਦਿੰਦਾ। ਉਹ ਪਾਤਰ ਮੈਂ ਖੁਦ ਹਾਂ। ਸਕੂਲ ਟਾਇਮ ਤੋਂ ਹੀ ਮੈਨੂੰ ਸਵੇਰੇ-ਸ਼ਾਮ ਲੰਬੀ ਸੈਰ ਕਰਨ ਦੀ ਆਦਤ ਹੈ। ਵੀਹ-ਪੱਚੀ ਸਾਲ ਤੋਂ ਇਹ ਸੜਕਾਂ ਮੇਰੀਆਂ ਸਾਥੀ ਹਨ। ਸੜਕਾਂ ਕਿਨਾਰੇ ਖੜ੍ਹੇ ਰੁੱਖ। ਦੂਰ-ਦੂਰ ਤੱਕ ਦਿਸਦੇ ਖੁੱਲ੍ਹੇ ਖੇਤ। ਜਦੋਂ ਮੈਂ ਤੁਰਦਾ ਹਾਂ। ਆਲਾ-ਦੁਆਲਾ ਮੇਰੇ ਨਾਲ ਗੱਲਾਂ ਕਰਦਾ ਹੈ। ਇਹੀ ਕਾਰਨ ਹੈ ਕਿ ਮੈਂ ਇਨ੍ਹਾਂ ਚੀਜ਼ਾਂ ਨੂੰ ਕਹਾਣੀ ਵਿਚ ਬੰਦਿਆਂ ਵਾਂਗ ਪੇਸ਼ ਕਰਦਾ ਹਾਂ। ਨਿਰਜੀਵ ਚੀਜ਼ਾਂ ਨੂੰ ਸੰਜੀਵ ਚੀਜ਼ਾਂ ਵਾਂਗ ਪੇਸ਼ ਕਰਨ ਦਾ ਆਲਮ ਇਹ ਹੈ ਕਿ ਮੇਰੀਆਂ ਕਹਾਣੀਆਂ ਵਿਚ ਸ਼ਮਸ਼ਾਨਘਾਟ ਵੀ ਇਕ ਰਹੱਸਮਈ ਪਾਤਰ ਬਣਕੇ ਉੱਭਰਦਾ ਹੈ। ਚੂੜੇ ਵਾਲੀ ਬਾਂਹ, ਚਾਦਰ, ਖਿੱਤੀਆਂ ਘੁੰਮ ਰਹੀਆਂ ਨੇ, ਪੈੜ-ਚਾਲ, ਡਾਰਕ-ਜ਼ੋਨ, ਮੋਏ ਰਿਸ਼ਤਿਆਂ ਦੀ ਕਥਾ, ਪੱਟ 'ਤੇ ਵਾਹੀ ਮੋਰਨੀ, ਬਿੱਲੀਆਂ ਅੱਖਾਂ ਦਾ ਜਾਦੂ ਤੇ ਮਜ਼ਾਕ ਦੀ ਹੱਦ ਨਹੀਂ ਹੁੰਦੀ ਕਹਾਣੀਆਂ ਵਿਚ ਸ਼ਮਸ਼ਾਨਘਾਟ ਵਿਚਲੀ ਮੌਤ ਪਾਤਰਾਂ ਦੇ ਸਿਰ ਚੜ੍ਹ ਬੋਲਦੀ ਹੈ। ਉਹ ਮੌਤ ਨੂੰ ਮਖੌਲਾਂ ਕਰਦੇ ਹਨ। ਮੌਤ ਉਨ੍ਹਾਂ ਦੁਆਲੇ ਇਕ ਅਦਿੱਖ ਪਾਤਰ ਵਾਂਗ ਮੰਡਰਾਉਂਦੀ ਹੈ। ਇਸ ਮੌਤ-ਸਥਲ ਨੂੰ ਪੇਸ਼ ਕਰਨ ਵਕਤ ਮੇਰੇ ਦਿਮਾਗ ਵਿਚ ਉਹ ਸਾਰੇ ਸ਼ਮਸ਼ਾਨਘਾਟ ਸਨ, ਜਿਨ੍ਹਾਂ ਵਿਚ ਮੈਂ ਮੋਏ ਬੰਦੇ ਦਾ ਸਿਵਾ ਮੱਚਦਾ ਵੇਖਿਆ। ਮੇਰੇ ਅੰਦਰ ਪਤਾ ਨਹੀਂ ਕੀ ਹੈ! ਮੈਂ ਅਕਸਰ ਹੀ ਸਾਡੇ ਪਿੰਡ ਵਾਲੇ ਸ਼ਮਸ਼ਾਨਘਾਟ ਵਿਚ ਜਾ ਬੈਠਦਾ ਹਾਂ। ਕਈ ਵਾਰੀ ਮੂਹਰਦੀ ਗੇੜਾ ਮਾਰ ਕੇ ਹੀ ਪਰਤ ਆਉਂਦਾ ਹਾਂ। ਜਿਨ੍ਹਾਂ ਦਿਨਾਂ ਵਿਚ ਮੈਂ 'ਚੂੜੇ ਵਾਲੀ ਬਾਂਹ' ਕਹਾਣੀ ਲਿਖੀ। ਝੂੰਦਾਂ ਵਾਲੀ ਸੜਕ 'ਤੇ ਬਣੇ ਸ਼ਮਸ਼ਾਨਘਾਟ ਵਿਚ ਘੰਟਿਆਂ ਬੱਧੀ ਬਹਿ ਕੇ ਆਉਂਦਾ ਰਿਹਾ ਹਾਂ। ਹੈ ਤਾਂ ਅਜੀਬ ਗੱਲ। ਪਰ ਮੈਨੂੰ ਸ਼ਮਸ਼ਾਨਘਾਟ ਚੰਗਾ ਲੱਗਦਾ ਹੈ। ਬਨਭੌਰੇ ਵਾਲੀ ਨਹਿਰ ਵੀ ਚੰਗੀ ਲੱਗਦੀ ਹੈ। 'ਦੋ ਸਾਹਾਂ ਵਿਚਲਾ ਠਹਿਰਾਅ' ਕਹਾਣੀ ਵਿਚ ਪਿੰਡ ਬਨਭੌਰਾ, ਭੁੱਲਰਾਂ ਵਾਲੀ ਪੁਲੀ, ਨਹਿਰ, ਨਹਿਰ ਦੀ ਪਟੜੀ, ਮਾਹੋਰਾਣੇ ਵਾਲਾ ਪੁਲ ਤੇ ਪ੍ਰਾਇਮਰੀ ਸਕੂਲ ਦੇ ਨਾਲ ਲੱਗਦੀ ਸਾਧਾਂ ਦੀ ਕੁਟੀਆ। ਇਕ ਮੁੱਦਤ ਤੋਂ ਇਹ ਸਾਰਾ ਕੁਝ ਮੈਨੂੰ ਦਿਲ ਵਾਂਗ ਧੜਕਦਾ ਮਹਿਸੂਸ ਹੁੰਦਾ ਹੈ। ਕਹਾਣੀ ਵਿਚ ਮੈਂ ਇਸ ਨੂੰ ਜਿਉਂਦੇ-ਜਾਗਦੇ ਬੰਦਿਆਂ ਵਾਂਗ ਪੇਸ਼ ਕੀਤਾ ਹੈ। ਜਦੋਂ ਪੜ੍ਹਨ ਵਾਲਾ ਕਹਾਣੀ ਪੜ੍ਹਦਾ ਹੈ। ਉਸ ਨੂੰ ਹਰ ਸ਼ੈਅ ਦੀ ਅਵਾਜ਼ ਸੁਣਾਈ ਦਿੰਦੀ ਹੈ। ਖਾਮੋਸ਼ ਚੀਜ਼ਾਂ ਵਿਚਲੀ ਖਾਮੋਸ਼ੀ ਨੂੰ ਪਾਤਰਾਂ ਦੀ ਜ਼ੁਬਾਨ ਦੇਣੀ ਕੋਈ ਦੱਸਣ-ਪੁੱਛਣ ਵਾਲੀ ਨਹੀਂ, ਮਹਿਸੂਸ ਕਰਨ ਵਾਲੀ ਗੱਲ ਹੈ।

ਮੈਂ ਜਿਨ੍ਹਾਂ ਵਿਅਕਤੀਆਂ, ਵਸਤੂਆਂ ਤੇ ਵਰਤਾਰਿਆ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਜਿਨ੍ਹਾਂ ਦੀ ਹਸਤੀ ਮੇਰੇ ਨਾਲ ਪਰਛਾਵੇਂ ਵਾਂਗ ਤੁਰਦੀ ਰਹੀ ਹੈ। ਮੈਂ ਉਨ੍ਹਾਂ ਨੂੰ ਪਾਤਰਾਂ ਵਜੋਂ ਦਰਜ਼ ਕੀਤਾ ਹੈ। ਮੈਂ ਜਦੋਂ ਵੀ ਕੋਈ ਪਾਤਰ ਚੁਣਦਾ ਹਾਂ। ਮੇਰੇ ਲਈ ਉਹਦੀ ਜਾਤ, ਗੋਤ, ਮਜ਼ਹਬ ਤੇ ਫਿਰਕਾ-ਬਿਰਾਦਰੀ ਨੰਬਰ ਦੋ ਹੁੰਦੀ ਹੈ। ਇਕ ਨੰਬਰ 'ਤੇ ਉਹਦਾ ਦਰਦ ਹੁੰਦਾ। ਉਹਦਾ ਸੰਕਟ ਹੁੰਦਾ ਹੈ। ਮੇਰੀ ਕਥਾ-ਯਾਤਰਾ ਦਾ ਕੁੱਲ ਮਕਸਦ ਆਪਣੇ ਪਾਤਰਾਂ ਦੀ ਜ਼ਿੰਦਗੀ ਦਾ ਬਹੁਪਰਤੀ ਸੰਕਟ ਬਿਆਨ ਕਰਨਾ ਹੈ। ਇਸ ਸੰਕਟ ਨੂੰ ਤਿੱਖੇ ਔਰ ਪ੍ਰਚੰਡ ਰੂਪ ਵਿਚ ਪ੍ਰਸਤੁਤ ਕਰਨ ਲਈ ਮੈਂ ਉਨ੍ਹਾਂ ਪਾਤਰਾਂ ਦੀ ਚੋਣ ਕਰਦਾ ਹਾਂ। ਜਿਹੜੇ ਆਪਣੀ ਦਸ਼ਾ ਵਿਚੋਂ ਦਿਸ਼ਾ ਕੱਢਣ ਲਈ ਸੰਘਰਸ਼ਰਤ ਹਨ। ਜਿਹੜੇ ਅੱਗ ਵਰਗੀ ਜ਼ਿੰਦਗੀ ਨੂੰ ਜੀਭ 'ਤੇ ਰੱਖ ਕੇ ਬਾਲਣ ਦੀ ਜ਼ੁਅੱਰਤ ਰੱਖਦੇ ਹਨ। ਮੈਂ ਉਨ੍ਹਾਂ ਪਾਤਰਾਂ ਦੀ ਗੈਲਰੀ ਸਿਰਜਦਾ ਹਾਂ। (**ਸੰਪਾਦਕ 98156-59220**)

ਕਹਾਣੀ ਸ਼ਾਸ਼ਤਰ

# ਸੁਖਜੀਤ ਦੀ ਕਥਾਕਾਰੀ ਮਾਣਦਿਆਂ



**ਡਾ. ਮਨਮੋਹਨ**

ਸੁਖਜੀਤ ਪੰਜਾਬੀ ਕਹਾਣੀ ਜਗਤ ਦਾ ਅਜਿਹਾ ਹਸਤਾਖਰ ਹੈ ਜਿਸ ਨੇ ਆਪਣੇ ਤਿੰਨ ਕਹਾਣੀ ਸੰਗ੍ਰਹਿਾਂ 'ਅੰਤਰਾ' (1997), 'ਹੁਣ ਮੈਂ ਇੰਜੁਆਏ ਕਰਦੀ ਹਾਂ' (੨੦੧੦) ਅਤੇ 'ਮੈਂ ਅਨਯਘੋਸ਼ ਨਹੀਂ' (2019) ਨਾਲ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਸੁਖਜੀਤ ਨੂੰ ਪੰਜਾਬੀ ਕਹਾਣੀ ਦੇ ਇਤਿਹਾਸ ਦੇ ਇੱਕਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੇ ਦੌਰ 'ਚੋਂ ਉਪਜਿਆ ਕਹਾਣੀਕਾਰ ਕਹਿ ਸਕਦੇ ਹਾਂ ਜਿਸਨੇ ਆਧੁਨਿਕਤਾ ਦੇ ਯਥਾਰਥਵਾਦ (realism) ਦੇ ਏਜੰਸੀ ਦੇ ਜੂਲੇ ਤੋਂ ਮੁਕਤ ਹੋ ਕੇ ਆਪਣੀ ਕਥਾਕਾਰੀ ਨੂੰ ਉਤਰਆਧੁਨਿਕਤਾ ਦੇ ਪ੍ਰਗਟਾਉਵਾਦ (expressionism), ਅਸਤਿੱਤਵਾਦ (existentialism) ਅਤੇ ਪੜਯਥਾਰਥਵਾਦ (surrealism) ਦੇ ਪ੍ਰੌਜੈਕਟਾਂ ਰਾਹੀਂ ਆਪਣੇ ਨਿੱਜੀ ਅਨੁਭਵਾਂ ਅਤੇ ਭਾਸ਼ਾ ਦੀ ਪ੍ਰਮਾਣਿਕਤਾ ਦੀ ਪੁੱਠ ਚਾੜ੍ਹ ਕੇ ਆਪਣੀਆਂ ਕਹਾਣੀਆਂ ਦੇ ਬਿਰਤਾਂਤ ਸਿਰਜੇ ਹਨ। ਇਨ੍ਹਾਂ ਤਿੰਨਾਂ ਸੰਕਲਪਾਂ ਬਾਰੇ ਇਹ ਸਿਧਾਂਤਕ ਵਿਆਖਿਆ ਮਿਲਦੀ ਹੈ;' Expressionism is a picture of an alienated and lonely man in a hostile world. Existentialism is a picture of an alienated hapless man in an absurd world. Surrealism is a picture of an alienated man in a bewildering, overlapping, mysterious and unknowable world'

ਫਰਹਤ ਇਫ਼ਤਖਾਰੂਦੀਨ ਅਤੇ ਐਫ. ਬੋਇਡਨ ਵੱਲੋਂ ਸੰਪਾਦਿਤ ਕੀਤੀ ਕਿਤਾਬ Postmodern

---

## 'ਮੈਂ ਅਯਨਘੋਸ਼ ਨਹੀਂ' ਲਈ ਸਾਹਿਤ ਅਕਾਦਮੀ ਪੁਰਸਕਾਰ

**ਸੁਖਜੀਤ ਨੂੰ 'ਮੈਂ ਅਯਨਘੋਸ਼ ਨਹੀਂ' ਕਹਾਣੀ ਸੰਗ੍ਰਹਿ ਲਈ ਬੀਤੇ ਵਰ੍ਹੇ ਦਾ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਏ। ਅਸੀਂ 'ਕਹਾਣੀ ਧਾਰਾ' ਵੱਲੋਂ ਉਸ ਨੂੰ ਮੁਬਾਰਕਾਂ ਭੇਜਦੇ ਹਾਂ। ਭਾਵੇਂ ਕਿ ਡਾ. ਮਨਮੋਹਨ ਦਾ ਇਹ ਲੇਖ ਸਾਡੇ ਕੋਲ ਛੇ ਮਹੀਨੇ ਪਹਿਲਾਂ ਪਹੁੰਚ ਗਿਆ ਸੀ ਪਰ ਹੁਣ ਇਸ ਦੀ ਪ੍ਰਸੰਗਕਤਾ ਇਸ ਲਈ ਵੱਧ ਗਈ ਏ ਕਿ ਪਾਠਕ ਸੁਖਜੀਤ ਦੀ ਕਥਾਕਾਰੀ ਨੂੰ ਇਸ ਲੇਖ ਰਾਹੀ ਸਮਝ ਸਕਦੇ ਹਨ।**

**ਸੁਖਜੀਤ ਪੰਜਾਬੀ ਦਾ ਚਰਚਿਤ ਕਹਾਣੀਕਾਰ ਹੈ। 'ਅੰਤਰਾ' ਤੇ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਵਿਚਲੀਆਂ ਕਹਾਣੀਆਂ ਕਰਕੇ ਉਹ ਚਰਚਾ ਦਾ ਕੇਂਦਰ ਰਿਹਾ। ਇਸ ਤੋਂ ਇਲਾਵਾ ਉਸ ਨੇ 'ਰੰਗਾਂ ਦਾ ਮਨੋਵਿਗਿਆਨ' ਕਵਿਤਾ ਅਤੇ 'ਮੈਂ ਜੈਸਾ ਹੂੰ... ਮੈਂ ਵੈਸਾ ਕਿਊ ਹੂੰ... (ਸਵੈ ਕਥਨ) ਲਿਖ ਕੇ ਪਾਠਕਾਂ ਨੂੰ ਆਪਣੇ ਵੱਲ ਖਿੱਚਿਆ।**

**ਇਨਾਮ ਪ੍ਰਾਪਤ ਪੁਸਤਕ 'ਮੈਂ ਅਯਨਘੋਸ਼ ਨਹੀਂ' (2019) ਵਿਚਲੀਆਂ ਕਹਾਣੀਆਂ ਵਿਚ ਸੁਖਜੀਤ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਦਾਅ ਪੇਚਾਂ 'ਚ ਉਲਝੇ ਪਾਤਰਾਂ ਦੀ ਉਲਝੀ ਤਾਣੀ ਨੂੰ ਬਿਆਨ ਕਰਦਾ ਏ। ਇਨ੍ਹਾਂ ਮਸਲਿਆਂ ਵਿਚ ਉਲਝਿਆ ਬੰਦਾ ਕਿਵੇਂ ਸਮਾਜ ਵਿਚ ਵਿਹਾਰ ਕਰਦਾ ਏ। ਸਮਾਜਿਕ ਦਬਾਅ ਕਿਵੇਂ ਉਹਦੀ ਮਨੋ ਚੇਤਨਾ ਨੂੰ ਉਲਝਾ ਦਿੰਦੇ ਹਨ। ਜਿਵੇਂ ਦਾ ਉਹ ਵਿਹਾਰ ਕਰਦੇ ਹਨ ਉਸ ਨੂੰ ਸੁਖਜੀਤ ਨੇ ਬੜੀ ਕੁਸ਼ਲਤਾ ਨਾਲ ਬਿਆਨ ਕੀਤਾ ਹੈ।**

**'ਮੈਂ ਅਯਨਘੋਸ਼ ਨਹੀਂ' 'ਚ ਉਸ ਨੇ ਪਤੀ ਪਤਨੀ ਦੇ ਰਿਸ਼ਤੇ ਦੇ ਤਣਾਓ ਦੀ ਕਹਾਣੀ ਪੇਸ਼ ਕੀਤੀ ਹੈ। 'ਆਟੋ ਨੰਬਰ 420' ਸਮੱਸਿਆ ਮੂਲਕ ਕਹਾਣੀ ਹੈ। ਸੁਖਜੀਤ ਆਪਣੇ ਇਸ ਥੀਸ਼ਿਸ ਨੂੰ ਉਭਾਰਦਾ ਹੈ ਕਿ ਜੰਗਲੀ ਵਾਤਾਵਰਨ ਤੇ ਭੋਜਨ ਕਈ ਕਿਸਮ ਦੀਆਂ ਲਾ ਇਲਾਜ਼ ਬਿਮਾਰੀਆਂ ਤੋਂ ਰੱਖਿਆ ਕਰਦਾ ਹੈ।**

**'ਮੌਨ ਦੀ ਬਾਬਾ ਦਾਰਾ' ਕਹਾਣੀ ਵੀ ਉਖੜੀ ਹੋਈ ਮਾਨਸਿਕਤਾ ਵਾਲੇ ਬੰਦੇ ਦੀ ਕਥਾ ਹੈ। ਜਿਸਦੀ ਮਨੋ ਚੇਤਨਾ 'ਹੱਤਿਆ' ਦੇ ਚਿਹਨ ਨਾਲ ਐਨੀ ਉਖੜ ਜਾਂਦੀ ਹੈ ਕਿ ਉਹਦਾ ਦਿਮਾਗ਼ੀ ਤਵਾਜ਼ਨ ਡੋਲ ਜਾਂਦਾ ਹੈ। ਭਗਤੀ ਤੇ ਧਰਮ ਦੇ ਵਿਕਾਰ ਨੂੰ ਸੁਖਜੀਤ ਨੇ ਲੁਕਵੇ ਢੰਗ ਨਾਲ ਪੇਸ਼ ਕੀਤਾ ਹੈ। ਡੇਰਾ ਕਲਚਰ ਦੀਆਂ ਗੁੰਝਲਾਂ ਵਿਚ ਸੰਵੇਦਹੀਣ ਹੋ ਰਹੇ ਮਨੁੱਖ ਦੀ ਕਥਾ ਵੀ ਬਿਆਨ ਕਰਦੀ ਹੈ। 'ਸਿੰਗਲ ਮਾਲਟ ਸੁਰਖ ਨਹੀਂ ਹੁੰਦੀ' ਫਿਰਕੂ ਨਫ਼ਰਤ 'ਚ ਪਿਸ ਰਹੇ ਜਨ ਸਧਾਰਨ ਦੀ ਕਹਾਣੀ ਹੈ। ਸੁਖਜੀਤ ਫਿਰਕੂ ਨਫ਼ਰਤ ਦੇ ਮਸਲੇ ਤੇ ਆਪਣੇ ਤਰਕ ਨਾਲ ਅਟੈਕ ਕਰਦਾ ਹੈ। 'ਖਜੂਰਾਂ' ਅਤੇ 'ਮੱਥੇ ਦੇ ਵਲ਼' ਉਸ ਦੀਆਂ ਇਕ ਪਰਤੀ ਕਹਾਣੀਆਂ ਹਨ।**

**- ਭਗਵੰਤ ਰਸੂਲਪੁਰੀ**

Approaches to the Short Stories ਵਿਚ ਸਾਹਿਤ ਦੇ ਉਤਰਆਧੁਨਿਕ ਦ੍ਰਿਸ਼ਟੀਕੋਣ ਅਤੇ ਅਧਿਐਨ ਵਿਧੀ ਵਿਚ ਵਿਖੰਡਨਵਾਦ, ਸੰਰਚਨਾਵਾਦ, ਪਾਠਕ-ਪ੍ਰਤੀਕਰਮ ਸਿਧਾਂਤ, ਸਿਮਿਓਟਿਕਸ ਅਧਿਐਨ ਵਿਧੀਆਂ ਦੇ ਨਾਲ ਨਾਲ ਕਹਾਣੀ ਅਧਿਐਨ ਅਧੀਨ ਲਿੰਗਕਤਾ, ਕਾਮੁਕਤਾ, ਸਭਿਆਚਾਰ, ਉਤਰਬਸਤੀਵਾਦ, ਭਾਸ਼ਕ, ਮਨੋਵਿਗਿਆਨਕ ਅਤੇ ਇਤਿਹਾਸਕ ਵਿਸ਼ੈ ਅਤੇ ਅਧਿਐਨ ਦ੍ਰਿਸ਼ਟੀਆਂ ਦੀ ਹਾਜ਼ਰੀ ਅਨੁਭਵ ਕੀਤੀ ਗਈ ਹੈ।

'ਅੰਤਰਾ', 'ਹੁਣ ਮੈਂ ਇੰਜੁਆਏ ਕਰਦੀ ਹਾਂ' ਅਤੇ 'ਮੈਂ ਅਨਯਘੋਸ਼ ਨਹੀਂ' ਦੀਆਂ ਕਹਾਣੀਆਂ ਦੇ ਕਥਾ ਪੈਰਾਡਾਈਮਜ਼ ਨੂੰ ਸਮਝਣ ਵਾਸਤੇ ਇਨ੍ਹਾਂ ਕਹਾਣੀਆਂ ਦੇ ਅਮੂਰਤਨ 'ਚ ਪਈਆਂ ਕਥਾ ਕੈਟਾਗਰੀਜ਼ 'ਤੇ ਧਿਆਨ ਕੇਂਦ੍ਰਿਤ ਕਰਨਾ ਜ਼ਰੂਰੀ ਹੈ। ਗਾਇਤਰੀ ਚੱਕਰਵਰਤੀ ਸਪੀਵਾਕ ਆਪਣੀ ਕਿਤਾਬ Can Subaltren Speaks ? 'ਚ ਲਿਖਦੀ ਹੈ ਕਿ ਕਿਸੇ ਵੀ ਲਿਖਤ ਨੂੰ ਪੂਰੀ ਤਰ੍ਹਾਂ ਸਮਝਣ ਤੇ ਆਤਮਸਾਤ ਕਰਨ ਲਈ Categorical Essentialism ਮਜਬੂਰੀ ਹੈ ਤਾਂ ਕਿ ਪਾਠ ਦੇ ਜਗਤ 'ਚ ਸਹਿਜ ਨਾਲ ਪ੍ਰਵੇਸ਼ ਕੀਤਾ ਜਾ ਸਕੇ।

ਪੰਜਾਬ 'ਚ ਫੈਲਿਆ ਡੇਰਾ ਸਭਿਆਚਾਰ ਇਨ੍ਹਾਂ ਕਹਾਣੀਆਂ ਦੇ ਕਥਾ ਪੈਰਾਡਈਮ ਦੀ ਪਹਿਲੀ ਮੁੱਖ ਕੈਟੇਗਰੀ ਬਣਦੀ ਹੈ। 'ਹੁਣ ਮੈਂ ਇੰਜੁਆਏ ਕਰਦੀ ਆਂ' ਕਹਾਣੀ 'ਚ ਪਿੱਤਰਕੀ ਦੇ ਗ਼ਲਬੇ ਹੇਠ ਚੱਲ ਰਹੇ ਗੁਰੂਡੰਮ-ਡੇਰਾਵਾਦ ਅਧੀਨ ਪੱਲ਼ ਰਹੀ ਧਾਰਮਿਕਤਾ ਦੇ ਆਡੰਬਰ ਅਤੇ ਨਾਰੀਤੱਵ ਦੀ ਨਾਬਰੀ ਦੇ ਟਕਰਾਓ 'ਚ ਕਾਮਮੁਕਤਾ ਤੇ ਮਨੋਵਿਗਿਆਨ ਦੀਆਂ ਪਰਤਾਂ ਅਤੇ ਸਭਿਆਚਰਕ, ਸਮਾਜਕ, ਆਰਥਿਕ ਸੰਦਰਭਾਂ ਨੂੰ ਸਥਾਨਕ ਰਾਜਨੀਤੀ ਤੋਂ ਵਿਸ਼ਵਕ ਪੱਧਰ 'ਤੇ ਭੂ-ਰਾਜਨੀਤੀ ਦੀਆਂ ਧੁਨੀਆਂ ਨਾਲ ਜੋੜ ਕੇ ਬਹੁਤਪਰਤੀ, ਬਹੁਸਰੀ ਅਤੇ ਬਹੁਪਾਸਾਰੀ ਬਿਰਤਾਂਤ ਸਿਰਜਿਆ ਗਿਆ ਹੈ। ਡੇਰਾ ਸਭਿਆਚਾਰ ਨਾਲ ਜੁੜੇ ਸਾਰੇ ਨਾਕਾਰਾਤਮਕ ਅਯਾਮਾਂ ਨੂੰ ਖ਼ਾਸ ਕਰ ਕੇ ਜਿਵੇਂ ਬੁਰੇ ਪਿਛੋਕੜ ਵਾਲੇ ਬੰਦਿਆਂ ਵੱਲੋਂ ਇਨ੍ਹਾਂ 'ਚ ਸ਼ਰਣ ਲੈਣ ਦਾ ਵਰਨਣ ਬੜੇ ਯਥਾਰਥਕ ਢੰਗ ਨਾਲ ਕੀਤਾ ਗਿਆ ਹੈ। ਇਹ ਕਹਾਣੀ ਗੁਰੂ ਘਰ ਦੇ ਸੈਹਬ ਜੀ, ਨਾਇਕਾ, ਕਾਂਤੀ, ਕਾਮਰੇਡ ਅਤੇ ਸੁਮੀਤ ਜਿਹੇ ਪਾਤਰਾਂ ਦੇ ਗਿਰਦ ਬੁਣੇ ਬਿਰਤਾਂਤ 'ਤੇ ਉਸਰਦੀ ਹੈ ਜਿਸਦਾ ਸਾਰ ਇਹ ਹੈ ਕਿ ਬੰਦੇ ਦਾ ਮਨੋਵਿਗਿਆਨ, ਸੁਭਾਅ ਅਤੇ ਸੋਚਣ ਦਾ ਜੀਵਨ ਢੰਗ ਦਰਪੇਸ਼ ਸਥਿਤੀਆਂ-ਪ੍ਰਸਥਿਤੀਆਂ ਅਨੁਸਾਰ ਆਪਣਾ ਆਪ ਬਣਾ ਹੀ ਨਹੀਂ ਲੈਂਦਾ ਹੈ ਸਗੋਂ ਇਸਨੂੰ ਮਾਨਣ (enjoy) ਵੀ ਲਗਦਾ ਹੈ ਅਤੇ ਇਰਦ ਗਿਰਦ ਪਸਰੇ ਸੱਤਾ-ਤੰਤਰ ਦਾ ਸਹਿਵਨ ਹੀ ਅੰਸ਼ ਬਣ ਜਾਂਦਾ ਹੈ। ਕਹਾਣੀ ਦਾ ਇਹ ਸੰਵਾਦ ਜੋ ਸਾਹੇਬ ਜੀ ਅਤੇ ਨਾਇਕਾ ਦਰਮਿਆਨ ਵਾਪਰਦਾ ਹੈ ਇਸ ਕਹਾਣੀ ਦੇ ਬਿਰਤਾਂਤ ਦਾ ਸਿਖਰ Cliff hanger ਬਣ ਜਾਂਦਾ ਹੈ ਜੋ ਕਹਾਣੀ ਦੇ ਬਿਰਤਾਂਤ ਦਾ ਸੰਪੂਰਨ ਅਮੂਰਤਨ ਸਾਂਭੀ ਬੈਠਾ ਹੈ; "ਤੂੰ ਭੈਣ ਚੋ 'ਐਨਜੁਆਏ' ਨਈਂ ਕੀਤਾ੩'। ਮੇਰੇ ਉੱਤੇ ਲਾਸ਼ ਵਾਂਗੂੰ ਵਿਛੇ ਪਏ ਸੂਹਬ ਜੀਆਂ ਨੇ ਹੌਂਕਦੇ ਹੋਏ ਕਿਹਾ ਸੀ। "ਰੇਪ ਨੂੰ ਕੌਣ 'ਇਨਜੂਆਏ ਕਰਦੈ੩?" ਆਖ ਮੈਂ ਉਹਨਾਂ ਨੂੰ ਆਪਣੇ ਉੱਤੋਂ ਵਗਾਹ ਮਾਰਿਆ।

'ਪਾਤਸ਼ਾਹ' ਕਹਾਣੀ ਵੀ ਪੰਜਾਬ ਵਿਚ ਹਰ ਥਾਂ ਫੈਲ ਚੁੱਕੇ ਡੇਰਾ ਸਭਿਆਚਾਰ ਦੀਆਂ ਅੰਦਰੂਨੀ ਨਕਾਰਾਤਮਕਤਾਵਾਂ ਨਾਲ ਪੈਦਾ ਹੋਈਆਂ ਵਿਡੰਬਨਾਵਾਂ ਨੂੰ ਆਪਣੇ ਬਿਰਤਾਂਤ ਦਾ ਮੂਲ ਆਧਾਰ ਬਣਾਉਂਦੀ ਹੈ। ਡੇਰੇ ਦੇ ਗ਼ਲਬੇ, ਧੌਂਸ ਅਤੇ ਲਾਲਚ ਵਾਲੇ ਸੱਤਾਸ਼ਾਲੀ ਤੱਤ ਸਮਾਜ ਦੇ ਸਿੱਧੇ ਸਾਧੇ ਬੰਦੇ ਦਾ ਉਸਦੀ ਅੰਨ੍ਹੀ ਆਸਥਾ ਕਾਰਨ ਹਰ ਪੱਖੋਂ ਕਿਵੇਂ ਸੋਸ਼ਣ ਦਾ ਸ਼ਿਕਾਰ ਬਣਾਉਂਦੇ ਹਨ, ਨੂੰ ਬੜੇ ਪੜਯਥਾਰਥਕ ਢੰਗ ਨਾਲ ਪ੍ਰਗਟਾਇਆ ਹੈ। ਅਜੈਬ ਸਿੰਘ ਨਾਮੀ ਮੁੱਖ ਪਾਤਰ ਦਾ ਪਿਤਾ ਅਮਰ ਸਿੰਘ ਡੇਰੇ ਦੇ ਖੜਯੰਤਰ ਦਾ ਸ਼ਿਕਾਰ ਹੋ ਆਪਣੀ ਸਾਰੀ ਜ਼ਮੀਨ ਡੇਰੇ ਦੇ ਨਾਮ ਲਿਖਾ ਦਿੰਦਾ ਹੈ। ਅਜੈਬ ਡੇਰਾ ਮੁਖੀ ਪਾਤਸ਼ਾਹ ਦਾ ਵਿਰੋਧ




ਕਰਨ ਆਉਂਦਾ ਹੈ ਪਰ ਡੇਰੇ ਦਾ ਤੰਤਰ ਉਸਦੀ ਇਕ ਨਹੀਂ ਚੱਲਣ ਦਿੰਦਾ ਤੇ ਅੰਤ 'ਤੇ ਉਹ ਜੋ ਸੰਵਾਦ ਬੋਲਦਾ ਹੈ ਉਹ ਡੇਰੇ ਵਿਰੁਧ ਸੱਭ ਤੋਂ ਸ਼ਕਤੀਸ਼ਾਲੀ ਨਾਬਰੀ ਦਾ ਸੰਕੇਤ ਹੋ ਨਿਬੜਦਾ ਹੈ; "ਬਅਸਤ਼ਬਅਸਤ਼ਦਿਆ ਸਿੰਘ ਬਅਸਤ਼ਕੌਣ ਪਾਤਸ਼ਾਹ ਓਏ ਉਹ? ਅਜੈਬ ਸਿੰਘ ਨੇ ਮੁੱਠੀ ਮੀਟ ਕੇ ਪਹਿਲੀ ਉਂਗਲੀ ਕੁਟੀਆ ਵੱਲ ਸੇਧੀ ਸੀ, "ਨਹੀਂ ਉਹ ਨਹੀਂ ਮੈਂ "। ਉਸਨੇ ਅੰਗੂਠੇ ਨਾਲ ਹਿੱਕ ਠਕੋਰੀ ਸੀ, "ਪਾਤਸ਼ਾਹ ਮੈਂ ਜੀਹਨੇ ਆਪਣਾ ਸਭ ਕੁਝ ਦੇ ਦਿੱਤੈ ਉਹਨੂੰ। "। "ਕਹਿਦੇ ਉਸ ਨੂੰ ਕਿ ਸਿਰਫ਼ ਰਜਿਸਟਰੀ ਕਰਾਉਣ ਨਾਲ ਜ਼ਮੀਨ ਉਹਦੀ ਨਹੀਂ ਹੋ ਗਈ ਦੇਖੂੰ ਮੈਂ ਉਹਦਾ ਕਿਹੜਾ ਟਰੈਕਟਰ ਐਸ ਪਾਤਸ਼ਾਹ ਦੀ ਹਿੱਕ 'ਤੋਂ ਲੰਘ ਕੇ ਜ਼ਮੀਨ 'ਚ ਜਾਊ"।

'ਬੰਦੇ ਕੌਣ ਖਾਂਦਾ ਹੈ ?' ਕਹਾਣੀ ਦਾ ਬਿਰਤਾਂਤ ਵੀ ਵਰਤਮਾਨ ਸਮਾਜ ਵਿਚ ਫੈਲ ਰਹੇ ਡੇਰਾ ਸਭਿਆਚਾਰ ਦੇ ਪ੍ਰਭਾਵ ਅਤੇ ਇਸ ਨਾਲ ਪੈਦਾ ਹੋਣ ਵਾਲੇ ਮਨੁੱਖਾਂ ਦੇ ਮਨਾਂ ਦੇ ਨਾਲ ਨਾਲ ਪਰਿਵਾਰਕ ਰਿਸ਼ਤਿਆਂ ਅਤੇ ਸਬੰਧਾਂ 'ਤੇ ਪੈਣ ਵਾਲੇ ਕੁਪ੍ਰਭਾਵਾਂ ਗਿਰਦ ਉਸਰਦਾ ਹੈ। ਮੁੱਖ ਪਾਤਰ ਬੀਬੇ ਦੀ ਮਾਂ ਅਤੇ ਭੈਣ ਡੇਰੇ ਦੇ ਸੰਤ ਦੇ ਪ੍ਰਭਾਵ ਹੇਠ ਆਪਣੀ ਜ਼ਮੀਨ ਡੰਗਰ ਵੱਛਾ ਡੇਰੇ ਦੇ ਨਾਮ ਕਰ ਦਿੰਦੀ ਹੈ। ਮਾਂ ਨੂੰ ਇਸ ਬਿਰਤਾਂਤ ਵਿਚ ਬੜਾ ਦੋਹਰੇ ਅਤੇ ਸ਼ੱਕੀ ਕਿਰਦਾਰ ਵਾਲੀ ਦਿਖਾਇਆ ਗਿਆ ਹੈ। ਬੀਬਾ ਆਪਣੇ ਮੈਂਟਰ ਬਾਬੇ ਦੇ ਪ੍ਰਭਾਵ ਹੇਠ ਮਾਂ ਤੇ ਡੇਰੇ ਵਿਰੁਧ ਨਾਬਰ ਹੋ ਜਾਂਦਾ ਹੈ। ਡੇਰੇ ਵਿਚ ਹੋ ਰਹੇ ਸਤਿਸੰਗ ਵਿਚ ਗਾਏ ਸ਼ਬਦ 'ਦੇ ਸੰਤਾਂ ਨੇ ਤੋਤਾ ਗਨਕਾ ਤਾਰ ਦਿੱਤੀ ਐ' ਦੇ ਅਰਥਾਂ ਨਾਲ ਜੁੜੀ ਚਿਹਨਾਤਮਕਤਾ ਇਸ ਬਿਰਤਾਂਤ ਦੇ ਨੂੰ ਬਹੁਅਰਥੀ, ਬਹੁਪਰਤੀ ਅਤੇ ਬਹੁਪਾਸਾਰੀ ਬਣਾ ਦਿੰਦੀ ਹੈ। ਪੜਯਥਾਰਥਕ ਪ੍ਰਗਟਾਓ ਦੀ ਦ੍ਰਿਸ਼ਟੀ ਤੋਂ ਇਸ ਬਿਰਤਾਂਤ ਦਾ ਸਿਖਰਲਾ ਸੰਵਾਦ ਨਾਲ ਇਹ ਕਹਾਣੀ ਅਜਿਹਾ ਪ੍ਰਭਾਵ ਸਿਰਜਦੀ ਹੈ ਜਿਸਨੂੰ ਬਰਾਂਡੇਰ ਮੈਥਿਊ ਆਪਣੀ ਕਿਤਾਬ The Philosophy of the Short Story ਵਿਚ ਇਕਹਿਰਾ ਪ੍ਰਭਾਵ (Single effect) ਕਹਿੰਦਾ ਹੈ; "ਬੀਬੇ ਨੂੰ ਇਕ ਪਲ ਤਰਸ ਆਉਂਦਾ ਹੈ ਕਿ ਮਾਂ ਹੈ ਉਹਦੀ। ਦੂਜੇ ਪਲ, ਨਹੀਂ, ਇਹ ਗਨਕਾ ਹੈ। ਨਹੀਂ, ਬੰਦੇ ਖਾਣੀ ਹੈ, ਬੰਦੇ ਖਾਣੀ। ਉਹ ਚਾਂਗਰਾਂ ਮਾਰਨੀਆਂ ਚਾਹੁੰਦਾ ਹੈ, "ਬੰਦੇ ਖਾਣੀ-ਬੰਦੇ ਖਾਣੀ'। ਬੀਬਾ ਸੰਗਲ ਚੱਬਦਾ ਹੈ ਤੇ ਸਭ ਕੁਝ ਸਾੜ ਸੁੱਟਣ ਵਾਲੇ ਦੁੱਖ ਨਾਲ਼ ਕੂਕਦਾ ਹੈ, "ਬਾਅਬਾ..ਆ। "

'ਕਾਮ-ਬਲੀ' ਕਹਾਣੀ ਨੂੰ ਵੀ ਡੇਰਾ ਜਾਂ ਆਸ਼ਰਮ ਸਭਿਆਚਾਰ ਦੀ ਕਥਾ ਕੈਟੇਗਰੀ ਵਿਚ ਰੱਖਿਆ ਜਾ ਸਕਦਾ ਹੈ। ਇਸ ਕਹਾਣੀ ਦਾ ਬਿਰਤਾਂਤ ਭਾਰਤੀ ਸਨਾਤਨ ਪਰੰਪਰਾ ਵਿਚ ਪਈ ਹੱਠ ਅਤੇ ਸਹਿਜ ਯੋਗ ਪਰੰਪਰਾ ਵਿਚਲੇ ਅਤੇ ਪਿਤਰਕੀ ਦੇ ਦਾਬੇ ਮੂਹਰੇ ਨਾਰੀਤੱਵ ਦੇ ਤਣਾਓ ਨੂੰ ਪੇਸ਼ ਕੀਤਾ ਗਿਆ ਹੈ। ਇਹ ਕਥਾ ਤਿੰਨ ਪਾਤਰਾਂ ਸਾਈਂ, ਭੈਰਵੀ ਅਤੇ ਓਮੀ ਜੀ ਦਰਮਿਆਨ ਕਾਮ ਵਾਸਨਾ ਨਾਲ ਸਿੱਜਣ ਲਈ ਹੱਠ ਯੋਗ ਸਹੀ ਹੈ ਜਾਂ ਸਹਿਜ ਯੋਗ ਭੈਰਵੀ ਅਤੇ ਓਮੀ ਦਰਮਿਆਨ ਕੀਤੇ ਪ੍ਰਯੋਗ ਗਿਰਦ ਆਪਣਾ ਕਥਾ ਸਾਰ ਬੁਣਦੀ ਹੈ। ਹੱਠ ਯੋਗ ਦੀ ਧਾਰਨੀ ਅਤੇ ਮਰਿਆਦਾ ਦਾ ਪਾਲਣ ਕਰਨ ਵਾਲੇ ਸਾਧੂ ਓਮੀ ਜੀ ਦਾ ਪ੍ਰਣ ਹੈ; 'ਔਰਤ, ਦੌਲਤ ਅਤੇ ਸ਼ੌਹਰਤ ਤੋਂ ਦੂਰ ਰਹਾਂਗੇ ਤਿੰਨੇ ਚੀਜ਼ਾਂ ਪਾਪ ਦੀ ਜੜ੍ਹ ਹਨ਼ਜਾਨ ਦੇ ਕੇ ਵੀ ਪ੍ਰਣ ਨਿਭਾਵਾਂਗਾ"। ਓਮੀ ਆਪਣੇ ਹੱਠ ਅਤੇ ਜਤ ਸੱਤ ਨੂੰ ਸਿੱਧ ਕਰਨ ਲਈ ਭੈਰਵੀ ਨਾਲ ਦਰਿਆ ਵਾਲੀ ਝੌਂਪੜੀ ਵਿਚ ਪੰਦਰਾਂ ਦਿਨ ਗੁਜ਼ਾਰ ਕੇ ਨਿਰਲੇਪ ਪਰਤ ਆਉਣ ਦੀ ਪ੍ਰੀਖਿਆ ਦੇਣ ਦਾ ਐਲਾਨ ਕਰਦਾ ਹੈ। ਸਾਈਂ ਉਸਨੂੰ ਕਹਿੰਦਾ ਕਿ ਨਾ ਕਿਸੇ ਦੇ ਨਾ ਆਪਣੇ ਪਰਤਿਆਵੇ ਨਹੀਂ ਲਈਦੇ। ਪਰ ਸਾਈਂ ਭੈਰਵੀ ਦੇ ਗਲ ਰੁਦਰਾਖਸ਼ ਦੀ ਮਾਲਾ ਪਹਿਨਾਅ ਕੇ ਆਸ਼ੀਰਵਾਦ ਦਿੰਦਾ ਕਿ ਜਾ ਰਾਧਾ-ਕ੍ਰਿਸ਼ਨ ਤੇਰੇ ਅੰਗ ਸੰਗ ਰਹਿਣ। ਇਨ੍ਹਾਂ ਦਿਨਾਂ ਦੌਰਾਨ ਭੈਰਵੀ ਅਤੇ ਓਮੀ ਕਈ ਤਰ੍ਹਾਂ ਦੇ ਸਰੀਰਕ, ਭਾਵੁਕ, ਮਨੋਵਿਗਿਆਨਕ ਅਤੇ ਕਾਮੁਕ ਮਰਹਲਿਆਂ ਚੋਂ ਨਿਕਲਦੇ ਹਨ। ਅੰਤਲੇ ਦਿਨ ਓਮੀ ਦੀ ਕਾਮ ਪ੍ਰੀਖਿਆ 'ਚੋਂ ਸਫ਼ਲ ਉਤੀਰਣ ਹੋਣ ਦਾ ਐਲਾਨ ਹੁੰਦਾ ਹੈ। ਭਾਵੇਂ ਕਿ ਭੈਰਵੀ ਨੂੰ ਪਤਾ ਹੈ ਕਿ ਓਮੀ ਦੇ ਹੱਠ ਦੀ ਬਲੀ ਕਾਮ ਰੱਤੀ ਦੇਵੀ ਨੇ ਲੈ ਲਈ ਹੈ ਪਰ ਉਹ ਇਹ ਰਹੱਸ ਬਣਿਆ ਰਹਿਣ ਦੇਣਾ ਚਾਹੁੰਦੀ ਹੈ। ਓਮੀ ਦੇ ਸਨਮਾਨ ਲਈ ਪੰਜ ਕੁਆਰ ਕੰਨਿਆਵਾਂ ਉਸਦੇ ਚਰਨ ਧੋਂਦੀਆਂ ਹਨ ਪਰ ਓਮੀ ਉਨ੍ਹਾਂ ਦੇ ਸਪੱਰਸ਼ ਅਤੇ ਗਲਮੇ 'ਚ ਪਈ ਝਾਤ ਕਾਰਨ ਪੈਦਾ ਹੋਈ ਉਤੇਜਨਾ ਨਾਲ ਆਪਣੇ ਮਨ ਦਾ ਨਿਯੰਤਰਣ ਖੋਹ ਬਹਿੰਦਾ ਹੈ। ਸੁਖਜੀਤ ਇਸ ਕਹਾਣੀ ਦਾ ਕਥਾ ਸਿਖਰ ਬੜੇ ਨਾਟਕੀ ਅਤੇ ਚਿਹਨਕੀ ਢੰਗ ਨਾਲ ਜਿਨ੍ਹਾਂ ਸੰਵਾਦਾਂ ਨਾਲ ਕਰਦਾ ਹੈ ਉਸਦਾ ਸਾਰ ਹੈ ਕਿ 'ਕਾਮ-ਬਲੀ' ਸੰਭਵ ਨਹੀਂ ਹੈ। ਸੁਖਜੀਤ ਕਾਮ ਤੇ ਬਲੀ 'ਚ ਹਾਈਫਨ ਦਾ ਪ੍ਰਯੋਗ ਕਰਦਾ ਹੈ ਭਾਵ ਕਾਮ ਤੇ ਬਲੀ ਦੋ ਵੱਖਰੇ ਵਰਤਾਰੇ ਹਨ ਪਰ ਜੁੜੇ ਹਨ; "ਸਾਈਂ ਬਾਬਾ ਨੇ ਭੈਰਵੀ ਵੱਲ ਤੱਕਿਆ ਹੈ ਅਰਥ ਪੂਰਨ ਤੱਕਣੀ਼ਜਿਵੇਂ ਕਹਿ ਰਹੇ ਹੋਣ, "ਏਹਨਾਂ ਕੰਨਿਆਵਾਂ ਦੀ ਚੋਣ ਤੂੰ ਕਿਉਂ ਕੀਤੀ ਭੈਰਵੀ?" ਭੈਰਵੀ ਝੇਪ ਰਹੀ ਹੈ, ਕਾਹਲੀ ਨਾਲ ਕਹਿ ਰਹੀ ਹੈ, "ਸੂਰਜ ਪ੍ਰੇਸ਼ਾਨ ਕਰ ਰਿਹੈ ਮੁਨੀਵਰ ਨੂੰ ਨੇਤਰਾਂ 'ਚ ਲਿਸ਼ਕੋਰ ਪੈ ਰਹੀ ਹੈ"। ਸਾਈਂ ਬਾਬਾ ਸਿਰ ਹਿਲਾਉਂਦੇ ਆਖ ਰਹੇ ਨੇ, "ਹਾਂ ਹਾਂ ਸੂਰਜ ਓਮੀ ਜੀ ਦੇਖ ਰਹੇ ਨੇ ਕਿ ਸੂਰਜ ਕਦੋਂ ਛਿਪੇਗਾ?" ਇੰਝ ਇਹ ਕਹਾਣੀ ਕਾਮੁਕਤਾ ਦੇ ਈਕੋ ਸਿਸਟਮ ਵਿਚ ਪਿਤਰਕੀ ਅਤੇ ਹੱਠ ਯੋਗ ਤੇ ਦੂਜੇ ਪਾਸੇ ਨਾਰੀਤੱਵ ਅਤੇ ਸਹਿਜ ਯੋਗ ਦੇ ਤਣਾਓ ਤੇ ਟਕਰਾਓ ਨੂੰ ਪੜ਼ਯਥਾਰਥਵਾਦੀ ਪ੍ਰਗਟਾਓ ਦੀ ਭਾਸ਼ਾ ਰਾਹੀਂ ਆਪਣਾ ਬਿਰਤਾਂਤ ਸਿਰਜਦੀ ਹੈ।

ਸੁਖਜੀਤ ਦੀਆਂ ਇਨ੍ਹਾਂ ਕਹਾਣੀਆਂ ਦੇ ਕਥਾ ਪੈਰਾਡਾਈਮ ਦੀ ਦੂਜੀ ਪ੍ਰਬਲ ਕੈਟੇਗਰੀ ਮਨੋਵਿਗਿਆਨਕ ਪਰਿਵੇਸ਼ ਦੇ ਵਿਸ਼ਿਆਂ ਅਤੇ ਮਸਲਿਆਂ ਬਾਰੇ ਬਣਦੀ ਹੈ। 'ਡਮਰੂ' ਕਹਾਣੀ ਨਾਰੀ ਮਨੋਵਿਗਿਆਨ ਦੀਆਂ ਪਰਤਾਂ ਫਰੋਲਦਾ ਬਿਰਤਾਂਤ ਹੈ ਜੋ ਸਿਮਰਨ (ਅੱਕੀ) ਦੇ ਆਪਣੀ ਚਾਹਤ ਪ੍ਰੋ. ਵਿਕਾਸ ਨੂੰ ਪ੍ਰਾਪਤ ਕਰਨਾ ਚਾਹੁੰਦੀ ਹੈ ਪਰ ਵਿਕਾਸ 'ਚ ਰਿਸਕ ਲੈਣ ਦਾ ਬਹੁਤਾ ਦਮ ਨਹੀਂ। ਬੈਂਕ ਮੇਨੈਜਰ ਸਿਮਰਨ ਦੇ ਭਰਾ ਨੂੰ ਲੋਨ ਲੈ ਕੇ ਦਿੰਦਾ ਹੈ ਜਿਸ ਦੇ ਕਾਰਨ ਸਿਮਰਨ ਦੇ ਮਾਪੇ ਉਸਨੂੰ ਬੈਂਕ ਮੈਨੇਜਰ ਬਲਰਾਜ ਨੂੰ ਨਰੜ ਦਿੰਦੇ ਹਨ। ਸਿਮਰਨ ਦੀ ਬਲਰਾਜ ਨਾਲ ਇਸ ਲਈ ਨਹੀਂ ਬਣਦੀ ਕਿਉਂਕਿ ਉਹ ਆਪਣੇ ਆਪ ਨੂੰ ਗਹਿਣੇ ਪਈ ਸ਼ੈਅ ਵਾਂਗ ਮਹਿਸੂਸ ਕਰਦੀ ਹੈ। ਦੋਵਾਂ ਦੇ ਰਿਸ਼ਤੇ ਵਿਚ ਹੌਲ਼ੀ ਹੌਲ਼ੀ ਮਾਰ ਕੁੱਟ ਸ਼ਾਮਿਲ ਹੋ ਜਾਂਦੀ ਹੈ ਜਿਸ ਵਿਚੋਂ ਸਿਮਰਨ ਇਕ ਸਵੈ ਪੀੜਾ (masochism) 'ਚੋਂ ਆਨੰਦ ਲੈਣ ਵਾਲੀ ਮਾਨਸਿਕਤਾ ਵਾਲੀ ਬਣ ਜਾਂਦੀ

ਹੈ। ਜਦੋਂ ਬਲਰਾਜ ਦੁਰਘਟਨਾ 'ਚ ਮਰ ਜਾਂਦਾ ਹੈ ਤਾਂ ਸਿਮਰਨ ਉਸਦੀ ਅਣਹੋਂਦ ਅਨੁਭਵ ਕਰਦੀ ਹੈ। ਉਹ ਆਪਣੇ ਨੇਪਾਲੀ ਨੌਕਰ ਡਮਰੂ ਜੋ ਉਸਦੇ ਹਰ ਹੁਕਮ ਦਾ ਅਨੁਪਾਲਨ ਕਰਦਿਆਂ ਡਮਰੂ ਵਾਂਗ ਵਜਦਾ ਹੈ, 'ਚੋਂ ਪਤੀ ਦਾ ਅਕਸ ਦੇਖਣ ਦਾ ਯਤਨ ਕਰਦੀ ਹੈ ਪਰ ਅੰਤ ਉਸ ਦੀ ਮਨਬਚਨੀ ਬਿਰਤਾਂਤ ਦਾ ਸਿਖਰ ਹੋ ਨਿਬੜਦੀ ਹੈ; "ਡਮਰੂ ਨੇ ਇਹੀ ਸਿੱਖਿਆ ਹੈ ਕਿ ਜਦੋਂ ਮੈਡਮ ਚੁੱਪ ਰਹੇ, ਚੁੱਪ ਰਹਿਣਾ ਹੈ। ਗੱਲਾਂ ਕਰੇ, ਗੱਲਾਂ ਕਰਨੀਆਂ ਹਨ। ਨੱਚੇ ਤਾਂ ਨੱਚਣਾ. ਹੱਸੇ ਤਾਂ ਹੱਸਣਾ, ਰੋਵੇ ਤਾਂ ਰੋਣਾ ਹੈ। ਪਰ ਜਦੋਂ ਰੋਂਦੀ ਹੋਈ ਸਿਮਰਨ ਬਾਰ-ਬਾਰ ਆਖਦੀ ਹੈ, "ਨਹੀਂ, ਨਹੀਂ ਪਤੀ ਡਮਰੂ ਨਹੀਂ ਹੁੰਦਾ ਪਤੀ ਤਾਂ ਪਤੌਂ ਹੁੰਦਾ ਹੈੜ"। ਉਦੋਂ ਡਮਰੂ ਚੁੱਪ ਰਹਿੰਦਾ ਹੈ, ਉਹ ਨਹੀਂ ਜਾਣਦਾ ਕਿ ਮੈਡਮ ਦੀ ਇਸ ਗੱਲ ਦਾ ਕੀ ਜੁਆਬ ਦੇਵੇ"।

'ਮੈਂ ਅਨਯਘੋਸ਼ ਨਹੀਂ' ਕਹਾਣੀ ਦਾ ਬਿਰਤਾਂਤ ਪਤੀ ਪਤਨੀ ਦੇ ਰਿਸ਼ਤੇ ਵਿਚ ਕਿਸੇ ਇਕ ਧਿਰ ਦੇ ਗ਼ਲਬੇ ਵਿਰੁਧ ਵਿਦਰੋਹ ਦੇ ਐਲਾਨ ਪਿਛੇ ਕੰਮ ਕਰਦੇ ਮਨੋਵਿਗਿਆਨ ਗਿਰਦ ਫੈਲਦਾ ਹੈ। ਡਾ. ਰਾਏ ਪਹਿਲਾਂ ਬਚਪਨ ਤੋਂ ਲੈ ਕੇ ਜਵਾਨੀ ਆਪਣੇ ਪਿਉ ਦੇ ਗ਼ਲਬੇ ਹੇਠ ਰਹਿੰਦਾ ਹੈ ਫਿਰ ਸਹੁਰੇ ਦੇ। ਅੰਤ ਜਦ ਪਤਨੀ ਵੀ ਆਪਣੇ ਅਧਿਆਪਕ ਨਾਲ ਗੁਰੂ-ਸ਼ਿਸ਼ ਵਾਲੇ ਅਫਲਾਤੂਨੀ ਪ੍ਰੇਮ 'ਚ ਬੱਝ ਕੇ ਆਪਣੇ ਗੁਰੂ ਨੂੰ ਕ੍ਰਿਸ਼ਨ ਅਤੇ ਆਪਣੇ ਆਪ ਨੂੰ ਰਾਧਾ ਹੋਣ ਦੀ ਕਲਪਨਾ ਕਰਨ ਲਗਦੀ ਹੈ ਤਾਂ ਕਥਾਸਾਰ ਵਿਚ ਬਾਰ ਬਾਰ ਉਦੈ ਹੁੰਦੇ ਵਿਦਵਾਨ (ਜੋ ਕੇ ਲੇਖਕ ਦਾ ਹੀ ਦੂਜਾ ਸਵੈ (Other Self) ਹੈ, ਦੇ ਕਹੇ ਅਨੁਸਾਰ ਕਿ ਇਤਿਹਾਸਕ/ਮਿਥਿਹਾਸਕ ਪ੍ਰਸੰਗ ਮੁਤਾਬਿਕ ਅਯਨਘੋਸ਼ ਰਾਧਾ ਦਾ ਪਤੀ ਸੀ, ਦੇ ਪ੍ਰਸੰਗ ਨੂੰ ਡਾ. ਆਪਣੇ ਸਵੈ ਨਾਲ ਜੋੜ ਕੇ 'ਮੈਂ ਅਯਨਘੋਸ਼ ਨਹੀਂ' ਹੋਣ ਦਾ ਐਲਾਨ ਕਰ ਪਤਨੀ ਦੇ ਦਾਬੇ ਵਿਰੁਧ ਬਗ਼ਾਵਤ ਕਰਦਾ ਹੈ ਅਤੇ ਆਪਣੇ ਪਿੰਡ ਪਰਤ ਜਾਂਦਾ ਹੈ। ਇੰਝ ਇਹ ਐਲਾਨ ਹੀ ਬਿਰਤਾਂਤ ਦੀ ਅੰਤ-ਮਰੋੜੀ (twist in the tale/tail) ਸਾਬਿਤ ਹੁੰਦਾ ਹੋਇਆ ਪਾਠਕ ਨੂੰ ਅਚੰਭਿਤ ਕਰ ਦਿੰਦਾ ਹੈ; "ਤਾਂ ਫਿਰ ਮੇਰੀ ਵੀ ਸੁਣ, ਉਹ ਸਰ ਤੇਰਾ ਹੋਊ ਕ੍ਰਿਸ਼ਨ ਤੇ ਤੂੰ ਹੋਏਂਗੀ ਰਾਧਾ ਪਰ ਮੈਂ ਅਯਨਘੋਸ਼ ਨਹੀਂ"। "ਅਯਨਘੋਸ਼?" ਉਹ ਹੈਰਾਨੀ ਨਾਲ ਬੋਲੀ, "ਇਹ ਅਯਨਘੋਸ਼ ਕੌਣ ਐ ?" "ਇਹੀ ਤਾਂ ਦੁੱਖ ਆ ਕਿ ਰਾਧਾ ਵੀ ਨਹੀਂ ਜਾਣਦੀ ਬਈ ਅਯਨਘੋਸ਼ ਕੌਣ ਆ?" ਅਯਨਘੋਸ਼ ਰਾਧਾ ਦਾ ਪਤੀ, "ਐਨੀ ਵਿਚਾਰਾ"। "ਰਾਧਾ ਦਾ ਪਤੀ ਵੀ ਸੀੜ?" ਉਹ ਹੈਰਾਨੀ ਦੇ ਸਿਖਰ 'ਤੇ ਸੀ। "ਸੀ ਨਹੀਂ ! ਹੁਣ ਵੀ ਨੇ ! ਬਥੇਰੇ ਨੇ ਵਿਚਾਰੇ ਐਨੀ"।

'ਮੌਨ ਦੀ ਬਾਬਾ ਦਾਰਾ' ਕਹਾਣੀ ਦਾ ਬਿਰਤਾਂਤ ਬੰਦੇ ਦੇ ਮਨ ਦੀਆਂ ਪਰਤਾਂ ਅਤੇ ਉਲਝਣਾਂ ਦੇ ਮਨੋਵਿਗਿਆਨਕ ਵਿਸ਼ਲੇਸ਼ਣ ਅਤੇ ਵਿਆਖਿਆ ਕਰਦੇ ਮੁੱਖ ਪਾਤਰ ਸੁਖਰਾਜ ਨਾਲ ਜੁੜੇ ਦੋ ਪ੍ਰਸੰਗਾਂ ਨੂੰ ਆਪਣੇ ਪ੍ਰਗਾਟਵੇ ਦਾ ਆਧਾਰ ਬਣਾਉਂਦਾ ਹੈ। ਇਕ ਪ੍ਰਸੰਗ ਸੁਖਰਾਜ ਦੇ ਪਿਉ ਜਗੀਰ ਸਿੰਘ ਨਾਲ ਜੁੜਿਆ ਹੈ ਜਿਸ ਦਾ ਤਕੀਆ ਕਲਾਮ ਹੈ, 'Misophobia ਅਤੇ ਦੂਜਾ ਪ੍ਰਸੰਗ ਮਨੋਵਿਗਿਆਨਕ ਰੂਪ ਵਿਚ ਹਿੱਲ ਚੁੱਕੇ ਤਾਰੇ ਦਾ ਹੈ ਜਿਸਦਾ ਤਕੀਆ ਕਲਾਮ 'ਮੌਨ ਦੀ ਬਾਬਾ ਦਾਰਾਅ' ਹੈ। ਇਹ ਸਾਰਾ ਬਿਰਤਾਂਤ ਪ੍ਰਗਟਾਓਵਾਦੀ ਪੱਖ ਤੋਂ ਪੜਯਥਾਰਥਵਾਦੀ ਹੈ ਜੋ ਬੰਦੇ ਵਿਅਕਤੀਗਤ ਅਤੇ ਸਮਾਜ ਦੇ ਸਮੂਹਿਕ ਮਨੋਵਿਗਿਆਨ ਦੀਆਂ ਘੁੰਡੀਆਂ ਦੇ ਅੰਦਰ ਵਾਪਰ ਰਹੇ ਕਾਰਜ-ਕਾਰਣਾਂ ਦੀ ਪੜਤਾਲ ਕਰਦਾ ਹੈ ਪਰ ਅੰਤਲੇ ਸਿਖਰ 'ਤੇ ਜਾ ਕੇ ਅੰਤਲੇ ਵੇਰਵੇ ਕਾਰਨ ਜਾਦੂਈ ਯਥਾਰਥ ਦੇ ਮੰਡਲ 'ਚ ਪ੍ਰਵੇਸ਼ ਕਰ ਜਾਂਦਾ ਹੈ; "ਉਸ ਰਾਤ ਮੈਂ ਪਤਾ ਨਹੀਂ ਕਿੱਥੇ-ਕਿੱਥੇ ਘੁੰਮਦਾ ਰਿਹਾ ਸੀ, ਕਿਹੜੇ ਖੰਡਰਾਂ 'ਚ ਉਜਾੜਾਂ 'ਚ ? ਕਦੋਂ ਘਰ ਆਇਆ ਪਤਾ ਨਹੀਂ ? ਪਰ ਸਵੇਰੇ ਮੈਨੂੰ ਨੀਂਦ ਨਹੀਂ ਆਈ। ਬੈੱਡ 'ਤੇ ਲੇਟਿਆਂ, ਮੇਰੀ ਨਿਗ੍ਹਾ ਸੋਹਣੀ ਮਹੀਂਵਾਲ ਦੀ ਪੇਂਟਿੰਗ 'ਤੇ ਜਾ ਪਈ ਸੀ। ਮੈਨੂੰ ਪਾਣੀ ਸ਼ੋਰ, ਡੱਡੂ ਅਤੇ ਬੀਂਡਿਆਂ ਦੀ ਕੁਰਲਾਹਟ 'ਡਿਸਟਰਬ' ਕਰਨ ਲੱਗੀ। ਮੈਂ ਕੰਨਾਂ 'ਤੇ ਹੱਥ ਰੱਖ ਜ਼ੋਰ ਨਾਲ ਅੱਖਾਂ ਮੀਟ ਲਈਆਂ। ਕਹਾਣੀਕਾਰ ਦੇ ਇਸ ਬਿਆਨ 'ਚ ਸੋਹਣੀ ਮਹੀਂਵਾਲ ਦੇ ਮੈਟਾਫਰ ਨਾਲ ਸਾਰੇ ਬਿਰਤਾਂਤ ਦੇ ਚਿਹਨਕੀ ਅਰਥ ਬਹੁਪਰਤੀ ਅਤੇ

ਬਹੁਪਾਸਾਰੀ ਹੋ ਜਾਂਦੇ ਹਨ।

'ਨੌਂ ਯੁੱਗ' ਕਹਾਣੀ ਦਾ ਬਿਰਤਾਂਤ ਮਨੋਵਿਗਿਆਨ ਪਰਿਦ੍ਰਿਸ਼ ਵਿਚ ਅਸੂਲਾਂ ਅਤੇ ਵਹਿਮਾਂ ਭਰਮਾਂ ਦੇ ਅੰਤਰਵਿਰੋਧ ਅਤੇ ਤਣਾਓ ਵਿਚੋਂ ਆਪਣਾ ਸਰੂਪ ਅਖ਼ਤਿਆਰ ਕਰਦਾ ਹੈ ਜਿਸ ਦਾ ਨਿਸਤਾਰਾ ਵਹਿਮਾਂ ਭਰਮਾਂ ਦੀ ਨਿਰਮੂਲਤਾ ਵਿਚ ਹੁੰਦਾ ਹੈ। ਕਹਾਣੀ ਦਾ ਮੁੱਖ ਪਾਤਰ ਅਤੇ ਉਸਦੀ ਪਤਨੀ ਵਹਿਮਾਂ ਭਰਮਾਂ ਦੇ ਵਿਰੁਧ ਹਨ ਪਰ ਬੱਚੇ ਹਨੀ ਦੀ ਬੀਮਾਰੀ ਦੌਰਾਨ ਅਤੇ ਬਾਅਦ ਵਿਚ ਮੌਤ ਮਗਰੋਂ ਪਤਨੀ ਦੇ ਵਿਚਾਰ ਡੋਲਦੇ ਹਨ ਪਰ ਅੰਤ ਵਿਚ ਸਿਖਰਲੀ ਪੜਯਥਾਰਥਕ ਸਥਿਤੀ ਅਸੂਲਪ੍ਰਸਤੀ ਦੇ ਹੱਕ ਵਿਚ ਭੁਗਤਦੀ ਹੈ; "ਅਚਾਨਕ ਅੰਦਰੋਂ ਸੱਭ ਕਾਸੇ ਦੇ ਖ਼ਿਲਾਫ਼ ਇਕ ਰੋਸ ਉਠਿਆ ਸੀ, ਬਗ਼ਾਵਤ ਦਾ ਅਹਿਸਾਸ, ਲੜਨ ਦਾ। ਅੰਦਰੋਂ ਕੋਈ ਆਵਾਜ਼ ਉੱਠੀ ਸੀ, ਮੈਂ ਜਿਉਣਾ ਹੈ, ਲੜਨਾ ਹੈ, ਮੁੱਠੀਆਂ ਕੱਸੀਆਂ ਗਈਆਂ ਸਨੜ। ਰਾਤ ਲੰਘ ਗਈ ਸੀੜ। ਹਾਂ, ਜਿਸ ਰਾਤ ਮੈਂ ਟੁੱਟ ਜਾਣਾ ਸੀ, ਉਹ ਰਾਤ ਟਲ ਗਈ ਸੀ"।

'ਅਹੱਲਿਆ' ਕਹਾਣੀ ਦੇ ਬਿਰਤਾਂਤ ਦੇ ਮਨੋਵਿਗਿਆਨਕ ਈਕੋ ਸਿਸਟਮ ਅਪਾਹਜ ਸਰਿਤਾ ਨੂੰ ਕਿਸੇ ਅਣਜਾਣੇ ਸਰੋਤ ਤੋਂ ਮਿਲੀ ਚਿੱਠੀ ਨਾਲ ਪ੍ਰਾਪਤ ਹੋਏ ਜਿਉਣ ਦੇ ਉਤਸਾਹ ਅਤੇ ਪ੍ਰੇਰਨਾ ਦੇ ਨਿਰੱਸਤ ਹੋਣ 'ਤੇ ਸਾਰੀਆਂ ਉਮੰਗਾਂ ਦੇ ਮਰ ਜਾਣ ਕਾਰਨ ਪੱਥਰ ਹੋਣ ਦੀ ਕਥਾ ਹੈ। ਸਰਿਤਾ ਨੂੰ ਮਿਲੀ ਚਿੱਠੀ ਦੇ ਭੇਤ ਨੂੰ ਜਦੋਂ ਉਸਦੀ ਸਹੇਲੀ ਨੁਮਾ ਟੀਚਰ ਸ਼ਿਖਾ ਉਜਾਗਰ ਕਰਦੀ ਤਾਂ ਸਰਿਤਾ ਦੇ ਸਾਰੇ ਸੁਪਨੇ ਬਜਰਾਅ ਜਾਂਦੇ ਹਨ। ਕਹਾਣੀ ਦੇ ਅੰਤ 'ਤੇ ਸਿਖਰਲੀ ਸਥਿਤੀ ਦਾ ਪੜਯਥਾਰਥਕ ਪ੍ਰਗਟਾਵਾ ਅਹੱਲਿਆ ਨੂੰ ਮਿਲੇ ਸਰਾਪ ਦੀ ਮਿਥਿਹਾਸਕ ਚਿਹਨਾਤਮਕਤਾ ਨਾਲ ਜੁੜ ਜੇ ਬੜਾ ਬਹੁਅਰਥੀ ਅਤੇ ਬਹੁਪਰਤੀ ਹੋ ਨਿਬੜਦਾ ਹੈ; "ਸ਼ਿਖਾ ਆਪਣੇ ਰੌਂਅ ਵਿਚ ਬੋਲਦੀ ਰਹੀ ਉਸਨੇ ਨਹੀਂ ਦੇਖਿਆ ਕਿ ਇਸ ਭਰਮ ਦੇ ਟੁੱਟਣ ਨਾਲ ਸਰਿਤਾ ਦੀ ਕੀ ਹਾਲਤ ਹੋ ਗਈ ਸੀ। ਜਦੋਂ ਉਸਦੀ ਨਿਗ੍ਹਾ ਸਰਿਤਾ 'ਤੇ ਪਈ ਤਾਂ ਸ਼ਿਖਾ ਦੀ ਚੀਖ਼ ਨਿਕਲ ਗਈ। ਸਰਿਤਾ ਪੱਥਰ ਹੋ ਗਈ ਸੀ। ਜਿਵੇਂ ਸ਼ਿਖਾ ਨੇ ਉਸਨੂੰ ਸਰਾਪ ਸੁਣਾ ਦਿੱਤਾ ਹੋਵੇ"।

'ਡੰਗ' ਕਹਾਣੀ ਦਾ ਬਿਰਤਾਂਤ ਵੀ ਮਨੋਵਿਗਿਆਨਕ ਪ੍ਰਵੇਸ਼ 'ਚ ਮਨ ਦੀ ਕਿਸੇ ਅਣਸੁਲਝੀ ਘੁੰਡੀ ਅਤੇ ਕੋਈ ਅਣਚਾਹੀ ਗ਼ਲਤੀ ਕਾਰਨ ਪਛਤਾਵੇ ਦੇ ਗਿਰਦ ਉਸਰਦਾ ਹੈ। ਇਸ ਮਨੋਵਿਗਿਆਨਕ ਗ੍ਰੰਥੀ ਦਾ ਪ੍ਰਗਾਟਓ ਬਾਰ ਬਾਰ ਹੱਥ ਧੋਣ ਦੇ ਕੰਪਲੈਕਸ Magical Realism' ਰਾਹੀਂ ਪ੍ਰਗਟ ਹੁੰਦਾ ਹੈ। ਕੁਲਬੀਰ ਅਤੇ ਦਲਜੀਤ (ਦਿਲਜੀਤ) ਦਰਮਿਆਨ ਪ੍ਰੇਮ ਖਿੱਚ ਦੇ ਗ਼ਲਤ ਫ਼ਹਿਮੀ ਦਾ ਸ਼ਿਕਾਰ ਹੋ ਜਾਣ 'ਤੇ ਜਦੋਂ ਇਸ ਦਾ ਇੰਕਸ਼ਾਫ਼ ਹੁੰਦਾ ਹੈ ਤਾਂ ਉਸ ਸਥਿਤੀ ਨੂੰ ਜਦੋਂ ਕਾਹਣੀਕਾਰ ਬਿੱਛੂ ਦੇ ਡੰਗ ਦੇ ਚਿਹਨ ਨਾਲ ਪ੍ਰਗਟ ਕਰਦਾ ਹੈ ਤਾਂ ਇਹ ਬਿਰਤਾਂਤ ਆਪਣੀ ਕਾਲਿਕਤਾ ਅਤੇ ਸਥਾਨਿਕਤਾ ਨੂੰ ਪਾਰ ਕਰ ਜਾਂਦਾ ਹੈ।

'ਫੋਟੋ ਵਿਚਲੀ ਕੁੜੀ' ਕਹਾਣੀ ਦਾ ਬਿਰਤਾਂਤ ਮਨੋਵਿਗਿਆਨਕ ਪਰਿਵੇਸ਼ ਵਿਚ ਨਿਰੰਤਰ ਉਡੀਕ ਅਤੇ ਮਾਮੂਲ ਦੀ ਸਥਿਤੀ ਕਾਰਨ ਪੈਦਾ ਹੋਈ ਨੀਰਸਤਾ ਤੇ ਉੱਭ ਵਾਲੀ ਜ਼ਿੰਦਗੀ ਜਿਉਣ ਦੇ ਬੰਧਨ 'ਚੋਂ ਉਭਰੇ ਮਾਨਸਿਕ ਤਣਾਓ ਅਤੇ ਉਦਾਸੀ 'ਚੋਂ ਆਪਣਾ ਆਪ ਸਾਕਾਰ ਕਰਦਾ ਹੈ। ਟਰੱਕ ਡਰਾਈਵਰ ਦੇ ਜੀਵਨ 'ਚ ਉਡੀਕ ਦੇ ਯਥਾਰਥ ਨੂੰ 'ਫੋਟੋ ਵਿਚਲੀ ਕੁੜੀ' ਦੇ ਬਿੰਬ ਰਾਹੀਂ ਪੜਯਥਾਰਥਕ ਪ੍ਰਗਟਾਓ ਰਾਹੀਂ ਇਸ ਵਰਨਣ 'ਚ ਪੇਸ਼ ਕੀਤਾ ਗਿਆ ਹੈ; "ਜ਼ਿੰਦਗੀ ਸਾਲੀ ਉਡੀਕ ਬਣ ਕੇ ਰਹਿਗੀ। ਮਾਲ ਭਰਨ ਦੀ ਉਡੀਕ, ਟਿਕਾਣੇ ਪਹੁੰਚਣ ਦੀ ਉਡੀਕ, ਪਿੰਡ ਵਾਲੇ ਪਾਸੇ ਲੱਗਣ ਵਾਲੇ ਚੱਕਰ ਦੀ ਉਡੀਕ, ਬੱਸ ਧੰਦਾ ਹੀ ਐਹੋ ਜਿਹਾ। ਉਹੋ ਜਿਹੀ ਫੋਟੋ ਮਿਲਗੀ, ਬੱਸ ਉਡੀਕੀ ਜਾਓ ਕਦੋਂ ਹੱਸਦੀ ਹੈ"।

'ਜਲ-ਭਰਮ' ਕਹਾਣੀ ਦਾ ਬਿਰਤਾਂਤ ਮਨੋਵਿਗਿਆਨਕ ਪਰਿਵੇਸ਼ 'ਚ ਮਨੁੱਖੀ ਅਕਾਂਖਿਆਵਾਂ ਦੀ ਪੂਰਤੀ ਲਈ ਬੰਦੇ ਵੱਲੋਂ ਕਿਵੇਂ ਦੁਸਾਹਸ ਦੀ ਹੱਦ ਤੋਂ ਪਾਰ ਵੀ ਜਾਇਆ ਜਾ ਸਕਦਾ ਹੈ, ਨੂੰ ਆਪਣੇ ਪ੍ਰਗਟਾਓ ਦਾ ਆਧਾਰ ਬਣਾਉਂਦਾ ਹੈ। ਚਾਰ ਸਾਥੀ ਕਿਹਰ ਜੋ ਕਿਸਾਨ ਹੈ, ਤੇਜੀ ਜੋ ਸੀਰੀ ਹੈ, ਮਾਸਟਰ ਜੋ

ਅਧਿਆਪਕ ਹੈ ਅਤੇ ਰਾਜ ਕੁਮਾਰ ਜੋ ਖਾਂਦੇ ਪੀਂਦੇ ਘਰ ਦਾ ਮੁੰਡਾ ਪਰ ਐਡਵੈਂਚਰ ਵਜੋਂ ਮਾਰੂਥਲ ਦੇ ਰਾਹੀਂ ਸਰਹੱਦ ਪਾਰ ਕਰ ਈਰਾਨ ਪਹੁੰਚਣਾ ਚਾਹੁੰਦੇ ਹਨ ਤਾਂ ਕਿ ਆਪੋ ਆਪਣੀਆਂ ਇੱਛਾਵਾਂ ਦੀਆਂ ਸਾਕਾਰ ਕਰ ਸਕਣ ਪਰ ਰਾਹ ਦੀਆਂ ਸਖ਼ਤ ਦੁਸ਼ਵਾਰੀਆਂ ਉਨ੍ਹਾਂ ਨੂੰ ਅੱਧਵਾਟੇ ਰਾਹ ਵਿਚ ਹੀ ਖ਼ਤਮ ਕਰ ਦਿੰਦੀਆਂ ਹਨ। ਉਨ੍ਹਾਂ ਦੀਆਂ ਇੱਛਾਵਾਂ ਮ੍ਰਿਗ ਤ੍ਰਿਸ਼ਨਾਵਾਂ ਸਾਬਤ ਹੁੰਦੀਆਂ ਹਨ। ਜੋ ਪਾਣੀ ਦਿੱਸ ਰਿਹਾ ਹੈ ਉਹ ਪਾਣੀ ਨਹੀਂ ਬਲਕਿ ਜਲ-ਭਰਮ ਹੈ। ਬਿਰਤਾਂਤ ਦਾ ਸਿਖਰਲਾ ਸੰਵਾਦ ਇਸ ਸਥਿਤੀ ਨੂੰ ਬੜੇ ਪੜਯਥਾਰਥਵਾਦੀ ਪ੍ਰਗਟਾਓ 'ਚ ਪੇਸ਼ ਕਰਦਾ ਹੈ; "ਮਾਸਟਰ ਨੇ ਮੂੰਹ ਫੇਰ ਕੇ ਹਾਉਕਾ ਭਰਿਆ ਤਾਂ ਪਾਣੀ ਦੀ ਲਿਸ਼ਕ ਬੜੀ ਨੇੜੇ ਦਿੱਸੀ ਪਰ ਉਸ ਨੂੰ ਜਾਪਿਆ ਕਿ ਉਸ ਵਿੱਚ ਏਨਾ ਸਾਹ ਸੱਤ ਨਹੀਂ ਕਿ ਸਾਥੀਆਂ ਨੂੰ ਆਖ ਸਕੇ, "ਔਹ ਸਾਹਮਣੇ ਹੀ ਤਾਂ ਪਾਣੀ ਹੈਤ"। ਉਸ ਨੇ ਪਾਣੀ ਦੀ ਲਿਸ਼ਕ ਤੋਂ ਅਗਾਂਹ ਨਿਗ੍ਹਾ ਮਾਰੀ, ਪਰ ਪਤਾ ਨਾ ਲੱਗਾ ਕਿ ਅਜੇ ਈਰਾਨ ਕਿੰਨੀ ਦੂਰ ਸੀ।

'ਦਾਅ' ਕਹਾਣੀ ਦਾ ਬਿਰਤਾਂਤ ਪੰਜਾਬੀ ਸਭਿਆਚਾਰ ਦੇ ਅਭਿੰਨ ਅੰਗ ਛਿੰਝਾਂ, ਕੁਸ਼ਤੀਆਂ ਅਤੇ ਅਖਾੜੇ ਦੇ ਦ੍ਰਿਸ਼ 'ਚ ਬੰਦੇ ਦੇ ਮਨੋਵਿਗਿਆਨ 'ਚ ਬੈਠੇ ਪੁੱਤਰ ਮੋਹ ਅਤੇ ਅਣਖ ਦੇ ਭਾਵਾਂ ਦੇ ਇਰਦ ਗਿਰਦ ਫੈਲਦਾ ਹੈ। ਗਿੰਦਾ ਨਾਮੀ ਭਲਵਾਨ ਹੈ ਜਿਸ ਦੀ ਇਲਾਕੇ 'ਚ ਇੱਜ਼ਤ ਹੈ ਪਰ ਆਪਣੇ ਪੁੱਤਰ ਦੇ ਇਲਾਜ਼ ਲਈ ਸਰਪੰਚ ਤੋਂ ਇਸ ਸ਼ਰਤ 'ਤੇ ਪੈਸਾ ਉਧਾਰ ਫੜ ਲੈਂਦਾ ਕਿ ਉਹ ਭਲਕੇ ਪੈਣ ਵਾਲੀ ਛਿੰਝ 'ਚ ਸਰਪੰਚ ਦੇ ਮੁੰਡੇ ਮਲਕੀਤ ਤੋਂ ਹਾਰੇਗਾ। ਇੰਝ ਇਹ ਬਿਰਤਾਂਤ ਅਣਖ ਅਤੇ ਮੋਹ ਦੇ ਤਣਾਓ ਦੇ ਵਿਰੋਧ ਜੁੱਟ 'ਚੋਂ ਉਸਰਦਾ ਅੰਤ ਸਿਖਰ 'ਤੇ ਪਹੁੰਚਦਾ ਹੈ ਕਿ ਅਨੁਭਵੀ ਭਲਵਾਨਾਂ ਦੇ ਸਹਿਜ ਭਾਵ 'ਚੋਂ ਨਿਕਲੇ ਰਵਾਂ ਦਾਅ ਮੂਹਰੇ ਵੀ ਮਾੜੇ ਢਹਿ ਜਾਂਦੇ ਹਨ। ਬਿਰਤਾਂਤ ਦੀ ਅੰਤਿਮ ਸਥਿਤੀ ਦਾ ਵਰਨਣ ਇਸ ਸਿਖਰ ਨੂੰ ਜਾਦੂਈ ਯਥਾਰਥ ਦੀ ਭਾਸ਼ਾ 'ਚ ਪ੍ਰਗਟਾਓਂਦਾ ਹੈ; "ਉਸਦਾ ਮਨ ਭਰ ਆਇਆ ਤੇ ਗਿੰਦਾ ਭਲਵਾਨ ਨੇ ਆਪਣੀ ਕੰਡ ਲੁਆਉਣ ਲਈ ਹੁੱਝਕਾ ਮਾਰਿਆ। ਪਰ। ਲੋਕਾਂ ਰੌਲਾ ਚੁੱਕ ਦਿੱਤਾ। ਮਲਕੀਤ ਕਿੰਨਾ ਹੀ ਚਿਰ ਧਰਤੀ ਤੋਂ ਨਹੀਂ ਉੱਠ ਸਕਿਆ। ਗਿੰਦਾ ਵੀ ਡੌਰਿਆ ਜਿਹਾ ਖੜ੍ਹਾ ਸੀ। ਅੱਜ ਉਸ ਨੇ ਬਾਹਾਂ ਖਿਲਾਰ ਕੇ 'ਜੈ ਮੇਰੇ ਮੌਲਾ' ਨਹੀਂ ਆਖਿਆ ਸੀ। ਬਸ, ਬੁੜਬੁੜਾਇਆ ਸੀ, "ਰਵਾਂ ਦਾਅ ਦਾ ਬੜਾ ਦੁੱਖ ਹੁੰਦੈ ਭਾਊ"। ਵੈਂਡੀ ਬੀ. ਫੈਰਿਸ 'ਓਰਿਚਿਓਲ ਇਓਲਸਿਮ' 'ਚ ਲਿਖਦੀ ਹੈ; 'ਜਾਦੂਈ ਯਥਾਰਥ 'ਚ ਯਥਾਰਥਵਾਦ ਅਤੇ ਅਦਭੁੱਤ ਨੂੰ ਅਜਿਹੇ ਜਾਦੂਈ ਤੱਤਾਂ ਰਾਹੀਂ ਚਿਤਰਿਆ ਜਾਂਦਾ ਹੈ ਕਿ ਇਸ ਵਿਚੋਂ ਅਸਲ ਜੀਵਨ ਯਥਾਰਥ ਝਲਕਣ ਲਗਦਾ ਹੈ। ਜਾਦੂਈ ਯਥਾਰਥਵਾਦੀ ਬਿਰਤਾਂਤ 'ਚ ਬਿਰਤਾਂਤਕਾਰ ਅਨੇਕਾਂ ਜਾਦੂਈ ਭਾਸ਼ਾ ਵਿਧੀਆਂ ਨਾਲ ਅਦਭੁੱਤ ਦ੍ਰਿਸ਼ਾਂ ਦੀ ਸਿਰਜਣਾ ਕਰਦਾ ਹੈ। ਰਿਚਰਡ ਟੌਡ ਅਨੁਸਾਰ ਇਸਨੂੰ ਬਿਰਤਾਂਤਕਾਰ ਵੱਲੋਂ ਸਵੈਵਿਸ਼ਵਾਸ ਨਾਲ ਪਾਠਕ ਨਾਲ ਖੇਡੇ ਗਏ ਟਰਿੱਕ ਕਹਿੰਦਾ ਹੈ। ਇਨ੍ਹਾਂ ਰਾਹੀਂ ਉਹ ਦਿੱਸਦੇ ਜਗਤ ਦੇ ਸਮਾਂਨਾਂਤਰ ਇਕ ਹੋਰ ਬ੍ਰਹਿਮੰਡਕ ਜਗਤ ਦਾ ਨਿਰਮਾਣ ਕਰਦੈ ਜਿਸ 'ਚ ਪਾਠਕ ਨੂੰ ਆਪਣੇ ਜਗਤ ਦਾ ਪ੍ਰਤੌਅ ਅਨੁਭਵ ਹੁੰਦਾ ਹੈ। ਬਿਰਤਾਂਤਕਾਰ ਪੜਾਯਥਾਰਥੀ ਵਰਤਾਰਿਆਂ ਜਿਵੇਂ ਦੇਵੀ ਦੇਵਤਿਆਂ, ਪਰੀਆਂ ਭੂਤਾਂ ਦੀ ਸਿਰਜਣਾ ਕਰਦਾ ਤਾਂ ਕਿ ਉਹ ਆਪਣੀ ਗੱਲ ਦ੍ਰਿਸ਼ਟਾਂਤਕ ਤੇ ਰੂਪਕੀ ਭਾਸ਼ਾ 'ਚ ਕਰ ਸਕੇ।

ਇਨ੍ਹਾਂ ਕਹਾਣੀਆਂ ਵਿਚ ਤੀਜੀ ਮੁੱਖ ਕਥਾ ਕੈਟੇਗਰੀ ਕਾਮ ਵਾਸਨਾਵਾਂ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਪੇਚੀਦਗੀਆਂ ਨਾਲ ਜੁੜੇ ਵਿਸ਼ੇ ਆਉਂਦੇ ਹਨ। 'ਅੰਤਰਾ' ਕਹਾਣੀ ਦਾ ਬਿਰਤਾਂਤ ਚਾਰ ਪਾਤਰਾਂ ਪੱਤਰਕਾਰ ਅੰਤਰਾ ਭਾਰਦਵਾਜ, ਅਰਥ ਸ਼ਾਸਤਰੀ ਵਿਵੇਕ ਜੋਸ਼ੀ, ਇਤਿਹਸਾਕਰ-ਸ਼ਿਲਾਲੇਖ ਖੋਜੀ ਕੁਮਾਰ ਗੋਸਵਾਮੀ ਅਤੇ ਸ਼ਮਸ਼ਾਨ ਘਾਟ ਦਾ ਚੌਂਕੀਦਾਰ ਚੰਦਰ ਉਰਫ਼ ਹਰੀਸ਼ ਦੰਦਰ ਵਿਚਲੀ ਸਬੰਧਾਂ ਦੀ ਚੁਕੋਣ ਦੇ ਗਿਰਦ ਮੌਤ, ਜੀਵਨ, ਆਤਮਾ, ਸੁਪਨਾ, ਨੀਂਦ, ਦੇਹ, ਅੱਗ ਅਤੇ ਕਾਮ-ਆਕਰਸ਼ਣ ਦੇ ਨਾਲ

ਜੁੜੇ ਭਾਰਤੀ ਸਨਾਤਨੀ ਦਰਸ਼ਨ ਦੇ ਗਿਆਨ / ਵਿਚਾਰ ਦੇ ਪ੍ਰਭਾਮੰਡਲ ਅੰਦਰ ਫੈਲਦਾ ਹੈ। ਥਾਂ ਪੁਰ ਥਾਂ ਇਸ ਦਰਸ਼ਨ ਨਾਲ ਓਤ ਪੋਤ ਸੰਵਾਦ 'ਅੰਤਰਾ' ਦੇ ਬਿਰਤਾਂਤ ਨੂੰ ਦਾਰਸ਼ਨਿਕਤਾ ਦੀ ਪੁੱਠ ਪ੍ਰਦਾਨ ਕਰਦੇ ਹਨ ਜਿਸ ਕਾਰਨ ਪਾਠਕ ਲਈ ਇਹ ਵੱਧ ਪੜ੍ਹਨਯੋਗ ਪਾਠ ਬਣਦਾ ਦਿਖਾਈ ਦਿੰਦਾ ਹੈ। 'ਅੰਤਰਾ' ਦੇ ਬਿਰਤਾਂਤ ਨੂੰ ਇਹ ਵਿਵਰਣ ਸੰਪੂਰਣ ਕਥਾਨਕਤਾ ਪ੍ਰਦਾਨ ਕਰਦਾ ਹੈ; "ਮਨੁੱਖ-ਅੰਤਰਾ ਭਾਰਦਵਾਜ, ਸੁਪਨਿਆਂ ਵਿਚ ਮਨੁੱਖ-ਵਿਵੇਕ ਜੋਸ਼ੀ, ਸੁਪਨਿਆਂ ਰਹਿਤ ਨੀਂਦ-ਚੰਦਰ ਚੌਂਕੀਦਾਰ ਅਤੇ ਮੌਤ- ਕੁਮਾਰ ਗੋਸਵਾਮੀ"।

'ਬਰਫ਼' ਕਹਾਣੀ ਦਾ ਬਿਰਤਾਂਤ ਪੇਸ਼ੇ ਵਜੋਂ ਨੇਵੀ ਅਫ਼ਸਰ ਮਨੀਸ਼ ਅਤੇ ਡਾਕਟਰ ਬਰਖਾ ਦੇ ਦਰਮਿਆਨ ਭੌਤਿਕ ਰੂਪ ਵਿਚ ਦੇਹਿਕ ਖਿੱਚ ਦੇ ਮਾਨਸਿਕ ਉਦਗਾਰ ਦੇ ਤਣਾਓ ਉਪਰ ਮਨੋਵਿਗਿਆਨ ਅਮੂਰਤਨ 'ਤੇ ਉਸਰਿਆ ਹੈ। ਸੰਯੋਗ ਵੱਸ ਦੋਵੇਂ ਬਰਫ਼ਬਾਰੀ ਵਾਲੀ ਰਾਤ 'ਚ ਬਰਫ਼ਾਨੀ ਸੜਕ 'ਤੇ ਜੀਪ ਵਿਚ ਫਸੇ ਬੈਠੈ ਹਨ। ਠੰਢ ਦੂਰ ਕਰਨ ਲਈ ਰੰਮ 'ਚ ਬਰਫ਼ ਪਾ ਕੇ ਪੀ ਲੈਂਦੇ ਹਨ। ਇਸ ਸਥਿਤੀ 'ਚ ਤਣਾਓ ਦਾ ਕਾਰਨ ਹੈ ਕਿ ਭਾਵੇਂ ਕਿ ਉਹ ਦੋਵੇਂ ਭੈਣ ਭਰਾ ਹਨ ਪਰ ਦੋ ਭੌਤਿਕ ਸਰੀਰ ਵੀ ਹਨ ਅਤੇ ਦੋਹਾਂ ਦੇ ਮਨਾਂ ਵਿਚ ਕੋਈ ਤੀਜੀ ਹੋਂਦ ਵੀ ਵੱਸੀ ਹੋਈ ਹੈ ਜਿਵੇਂ ਕਿ ਮਨੀਸ਼ ਦੇ ਮਨ ਵਿਚ ਉਸਦੀ ਜਿਮਨਾਸਟ ਦੋਸਤ ਨੀਨਾ। ਬਚਪਨ ਵਿਚ ਦੋਵੇਂ ਇੱਕਠ ਸੌਂਦੇ ਰਹੇ ਸਨ। ਹੁਣ ਵੀ ਦੋਵੇਂ ਇਕ ਦੂਜੇ ਦਾ ਨੇੜ ਮਹਿਸੂਸ ਕਰਦੇ ਹਨ ਪਰ ਫਿਰ ਬਰਖਾ ਨੂੰ ਮਾਂ ਨੂੰ ਦਾਦੀ ਦੇ ਹਕੇ ਬੋਲ ਯਾਦ ਆ ਜਾਂਦੇ ਹਨ; "ਦੇਖ ਕੁੜੇ ਬਹੂ, ਭਾਈ ਸਿਆਣਿਆ ਦੀ ਕਹੌਤ ਹੈ ਕਿ ਜੁਆਨ ਧੀ-ਪੁੱਤ ਇਕ ਲਟੈਣ ਥੱਲੇ ਪੈਣ ਤਾਂ ਲਟੈਣ ਟੁੱਟ ਜਾਂਦੀ ਐ"। ਇਸੇ ਤਣਾਓ ਦਾ ਸਿਖਰ ਬੜੇ ਵਿਲੱਖਣ ਰੂਪ ਵਿਚ ਹੁੰਦਾ ਹੈ ਜਦੋਂ ਬਰਫ਼ ਦੇ ਰੂਪਕ ਅੱਗ ਨਾਲ ਜੋੜ ਕੇ ਬਿਰਤਾਂਤ 'ਚ ਪ੍ਰਗਟਾਇਆ ਗਿਆ ਹੈ; "ਬਾਹਰ ਠੰਡ ਬਹੁਤ ਵੱਧ ਗਈ ਸੀ। ਪਰ ਬਰਖਾ ਨੂੰ ਠੰਡ ਨਹੀਂ ਸੀਤ੍ਹਜਦੋਂ ਉਹ ਬਰਫ਼ 'ਤੇ ਬੈਠੀ ਤਾਂ ਬਰਫ਼ ਉਸਦੇ ਸਰੀਰ ਨੂੰ ਛੂਹਣ ਲੱਗੀ ਤਾਂ ਉਸਦਾ ਸਰੀਰ ਮੱਚਣ ਲੱਗ ਪਿਆ ਸੀ। ਬਰਫ਼ ਵਿਚ ਕੋਈ ਅੱਗ ਸੀ ਜਿਹੜੀ ਉਸਦੇ ਅੰਦਰ ਭਰਦੀ ਜਾਂਦੀ ਸੀ"। ਪ੍ਰੋ. ਕੈਨਬੇ ਆਪਣੀ ਕਿਤਾਬ The Short Story in English ਪੰਨਾ 233 'ਤੇ ਵਿਚ ਲਿਖਦਾ ਹੈ ਕਿ ਛੋਟੀ ਕਹਾਣੀ ਦਾ ਮੁੱਖ ਕਾਰਜ ਹੀ ਐਸਾ ਅੰਤ (climax) ਸਿਰਜਣਾ ਹੁੰਦਾ ਜਿਸ ਦੇ ਵਿਲੱਖਣ ਪ੍ਰਭਾਵ (Unique effect) ਨੂੰ ਪਾਠਕ ਅੱਖੀਂ ਦੇਖੇ, ਅਨੁਭਵ ਕਰੇ ਅਤੇ ਉਸ ਬਾਰੇ ਸੋਚੇ।

'ਚੰਦਰੀ' ਕਹਾਣੀ ਫੌਜੀ ਦਾ ਸਵੈਕਥਨ ਹੈ ਜਿਸਨੂੰ ਚੰਦਰੀ ਨਾਮੀ ਕੁੜੀ ਸਰਹੱਦ 'ਤੇ ਡਿਊਟੀ ਕਰਦਿਆਂ ਮਿਲੀ। ਅਨਾਥ ਕੁੜੀ ਦੇ ਅੱਥਰੇ ਤੇ ਅੜਬ ਸੁਭਾਅ ਕਾਰਨ ਫੌਜੀ ਉਸ ਨੂੰ ਚੰਦਰੀ ਕਹਿੰਦਾ। ਆਪਣੇ ਅਫ਼ਸਰ ਦੇ ਹੁਕਮ ਅਨੁਸਾਰ ਉਹ ਚੰਦਰੀ ਨੂੰ ਵਿਆਹ ਕੇ ਪਿੰਡ ਲੈ ਆਉਂਦਾ ਹੈ। ਉਹ ਪਿੰਡ ਰਹਿੰਦੇ ਆਪਣੇ ਬਾਪ ਨੂੰ ਸਿੱਧਾ ਸਾਧਾ ਸਾਧ ਬੰਦਾ ਸਮਝਦਾ ਪਰ ਚਾਚੇ ਨੂੰ ਸੱਪ ਸਮਝਦਾ। ਉਸ ਨੂੰ ਸ਼ੱਕ ਹੀ ਨਹੀਂ ਯਕੀਨ ਸੀ ਕਿ ਉਸਦੀ ਮਾਂ ਦੇ ਚਾਚੇ ਨਾਲ ਸਬੰਧ ਹਨ। ਉਹ ਆਪਣੀ ਮਾਂ ਨੂੰ ਮਾਰਨਾ ਚਾਹੁੰਦਾ ਪਰ ਅੰਤ 'ਚ ਭੁਲੇਖੇ ਨਾਲ ਆਪਣੀ ਵਹੁਟੀ ਚੰਦਰੀ ਨੂੰ ਮਾਰ ਦਿੰਦਾ ਕਿਉਂ ਕਿ ਚੰਦਰੀ ਦੇ ਕਮਰੇ 'ਚ ਚਾਚਾ ਤੇ ਮਾਂ ਵੜੇ ਹੁੰਦੇ ਨੇ ਤੇ ਚੰਦਰੀ ਮਾਂ ਦੇ ਕਮਰੇ ਵਿਚ। ਮਾਂ ਚੰਦਰੀ ਦੇ ਕਮਰੇ ਵਿਚ ਇਸ ਲਈ ਸੌਂਦੀ ਹੈ ਕਿ ਉਥੇ ਪੱਖਾ ਹੈ। 'ਚੰਦਰੀ' ਕਹਾਣੀ ਦਾ ਸਾਰਾ ਈਕੋ ਸਿਸਟਮ ਪੜਯਥਾਰਥਵਾਦ ਦੇ ਪ੍ਰਗਟਾਵੇ ਤੋਂ ਜਾਦੂਈ ਯਥਾਰਥ ਦੇ ਮੰਡਲ 'ਚ ਪ੍ਰਵੇਸ਼ ਕਰ ਜਾਂਦੀ ਹੈ। ਕਹਾਣੀ ਦਾ ਸਿਖਰ 'ਤੇ ਪਾਠਕ ਸਥਿਤੀਆਂ-ਪ੍ਰਸਥਿਤੀਆਂ ਅਤੇ ਦ੍ਰਿਸ਼ ਨਿਰੂਪਣ ਦੀ ਅਜਿਹੀ ਜਾਦੂਈ ਯਥਾਰਥ ਦੀ ਭਾਸ਼ਾ 'ਚ ਆਪਣੇ ਆਪਨੂੰ ਕਿਸੇ ਜਾਦੂ ਦੇ ਅਦਭੁੱਤ ਮੂਹਰੇ ਖੜ੍ਹਾ ਪਾਉਂਦਾ ਹੈ।

ਸੁਖਜੀਤ ਦੀਆਂ ਇਨ੍ਹਾਂ ਕਹਾਣੀਆਂ ਦੀ ਕਥਾ ਪੈਰਾਡਾਈਮ 'ਚ ਚੌਥੀ ਪ੍ਰਬਲ ਕੈਟੇਗਰੀ ਸਮਾਜ 'ਚ

ਜਾਤ ਦੀ ਹਉਮੈ ਅਤੇ ਗ਼ਲਬੇ ਨਾਲ ਜੁੜੇ ਮਸਲਿਆਂ ਦੀ ਹੈ। 'ਹਜ਼ਾਰ ਕਹਾਣੀਆਂ ਦਾ ਬਾਪ' ਇਕੱਲੇਕਾਰੇ, ਅਸਹਾਏ ਮਨੁੱਖ ਦੇ ਮਾਰਖੋਰੀ ਹੈਰਾਨ ਪਰੇਸ਼ਾਨ ਕਰ ਦੇਣ ਵਾਲੀ ਦੁਨੀਆ ਵਿਚਲੇ ਜਾਤ ਵਿਸ਼ੇਸ਼ ਕਾਰਨ ਪੈਦਾ ਹੋਏ ਅਸਤਿੱਤਵੀ ਸੰਕਟ ਨੂੰ ਪੜਯਥਾਰਥਕ ਪ੍ਰਗਟਾਓ ਵਿਚ ਬੜੇ ਪ੍ਰਮਾਣਿਕ ਬਿਰਤਾਂਤ 'ਚ ਪੇਸ਼ ਕਰਦੀ ਹੈ ਜਿਸਨੂੰ ਪੜ੍ਹਦਿਆਂ ਪਾਠਕ ਸਹਿਜ ਭਾਵ ਹੀ ਆਪਣੇ ਆਪ ਨਾਲ ਜੋੜ ਕੇ ਦੇਖਣ ਲਗਦਾ ਹੈ। ਮੱਧਵਰਗੀ ਨੌਕਰੀਪੇਸ਼ਾ ਪਿਛੜੀ ਜਾਤ ਨਾਲ ਸਬੰਧਿਤ ਸ਼ਹਿਰੀ ਚਾਰ ਧੀਆਂ ਦੇ ਬਾਪ ਦੇ ਸਮਾਜਿਕ ਮਨੋਵਿਗਿਆਨ ਅਤੇ ਅਸਤਿੱਤਵੀ ਤਣਾਓ ਤੇ ਸੰਕਟ ਨੂੰ ਪੇਸ਼ ਕਰਦੀ ਇਹ ਕਹਾਣੀ ਬਹੁਤ ਸਾਰੀਆਂ ਸੁਦ੍ਰਿੜ ਹੋ ਚੁੱਕੀਆਂ ਸਮਾਜਿਕ ਅਤੇ ਸਧਾਰਣ ਜੀਵਨ ਦੀਆਂ ਮਨੌਤਾਂ ਨੂੰ ਮਲੀਆਮੇਟ (dessimate) ਕਰਦੀ ਹੈ। ਇਸ ਬਿਰਤਾਂਤ ਦਾ ਮੁਖ ਪਾਤਰ ਸੈਣੀ ਜਿਸ ਦੀ ਪਤਨੀ ਮਰ ਚੁੱਕੀ ਹੈ ਆਪਣੇ ਸਹਿਕਰਮੀ ਮਠਾੜੂ ਦਾ ਗਵਾਂਢੀ ਹੈ। ਦੋਵੇਂ ਆਪਣੇ ਨਾਲ ਦਫ਼ਤਰ ਦੇ ਇਕ ਹੋਰ ਸਹਿਕਰਮੀ ਗਿੱਲ ਨਾਮੀ ਪਾਤਰ ਦੀ ਜਾਤੀਗਤ ਹਉਮੈ ਤੇ ਜੱਟ ਹੋਣ ਦੀ ਧੌਂਸ ਤੋਂ ਮਨੋ ਮਨੀਂ ਬੜੇ ਦੁਖੀ ਹਨ। ਇਕ ਹੋਰ ਪਾਤਰ ਧਾਲੀਵਾਲ ਅਨੁਸਾਰ ਗਿੱਲ ਦੀ ਅੱਖਾਂ ਲਾਲ ਰਹਿਣ ਦਾ ਕਾਰਣ ਅਫ਼ੀਮ ਹੈ। ਗਿੱਲ ਉਨ੍ਹਾਂ ਦੋਹਾਂ ਨੂੰ ਦੋਹਾਂ ਦੀਆਂ ਜਾਤਾਂ ਨਾਲ ਜੁੜੀਆਂ ਪ੍ਰਵਾਨਿਤ ਮਨੌਤਾਂ ਦੀ ਸੁਝਾਉਣੀਆਂ ਦੇ ਦੇ ਚੋਭਾਂ ਤੇ ਟਕੋਰਾਂ ਲਾਉਂਦਾ ਰਹਿੰਦਾ। ਮਠਾੜੂ ਨੂੰ ਕਹਿੰਦਾ ਰਹਿੰਦਾ; 'ਜੀਹਦਾ ਯਾਰ ਸੈਣੀ ਉਹ ਅੱਜ ਵੀ ਹੈਨੀ ਤੇ ਕੱਲ੍ਹ ਵੀ ਹੈਨੀ, ਮੈਨੂੰ ਕਹੂ, "ਬਚਕੇ ਸੈਣੀ, ਇਹ ਜਾਤ ਤਾਂ ਸੱਕ ਵੀ ਆਪਣੇ ਪਾਸੇ ਲਾਹੁੰਦੀ ਐਂੜ"। ਸਮਾਜਿਕ ਜਾਤੀਗਤ ਵਿਵਸਥਾ ਦੀ ਜਕੜਬੰਦੀ ਅਤੇ ਜਾਤ ਸੰਰਚਨਾਵਾਂ ਅਤੇ ਜਾਤ ਨਾਲ ਜੁੜੀਆਂ ਸਖਸ਼ੀਅਤਾਂ ਨਾਲ ਆਪਣਾ ਆਪ ਜੋੜ ਕੇ ਆਪਣੀ ਪਛਾਣ ਨੂੰ ਹੋਰ ਸਵੈ-ਆਸ਼ਵਸਤ ਕਰਨ ਦੀ ਮਨੋਵਿਗਿਆਨਕ ਗ੍ਰੰਥੀ ਨੂੰ ਸੁਖਜੀਤ ਨੇ ਸਮਾਜਿਕ ਯਥਾਰਥ ਵਿਚੋਂ ਬੜੇ ਪੜਯਥਾਰਥਕ ਪ੍ਰਗਟਾਵੇ ਨਾਲ ਪੇਸ਼ ਕੀਤਾ ਹੈ; 'ਪਰ ਗਿੱਲ ਤਾਂ ਮੈਨੂੰ ਤੇ ਮਠਾੜੂ ਨੂੰ ਬੰਦੇ ਈ ਨਹੀਂ ਗਿਣਦਾ ਜਦੋਂ ਦੇਖੋ ਜੱਟਾਂ ਦੀ ਵਡਿਆਈ, ਗਿੱਲਾਂ ਦੀ ਮਹਿਮਾ, ਕੇ.ਪੀ.ਐੱਸ ਗਿੱਲ ਦੀ ਕਹਾਣੀਆਂ ਸੁਣਾਊ, ਉਹਦੇ ਸੋਹਲੇ ਗਾਊ। ਸਾਨੂੰ ਉਹਦਾ ਨਾਂ ਲੈ ਲੈ ਕੇ ਜਰਕਊ। ਮੈਨੂੰ ਮਠਾੜੂ ਕਹਿੰਦਾ ਕਿ ਤੁਸੀਂ ਵੀ ਸੈਣੀ ਸਾਹਿਬ ਕਦੇ ਕਦੇ 'ਸੁਮੇਧ ਸੈਣੀ' ਦਾ ਨਾਂ ਲੈ ਦਿਆ ਕਰੋ। ਮੈਂ ਕਹਿੰਨਾ, "ਮੈਂ ਉਹਨੂੰ ਜਾਣਦਾ ਈ ਨਹੀਂੜ" ਤਾਂ ਉਹ ਕਹਿੰਦਾ, "ਇਹ ਕਿਹੜਾ ਕੇ. ਪੀ. ਐੱਸ ਗਿੱਲ ਨੂੰ ਜਾਣਦਾ, ਇਹਨੇ ਵੀ ਤਾਂ ਅਖ਼ਬਾਰਾਂ ਵਿਚ ਹੀ ਪੜ੍ਹਿਆ।" ਮੈਂ ਹੱਸ ਪੈਨਾਂ ਕਿਤ ਤੇਰਾ ਤਾਂ ਰਾਮਗੜ੍ਹੀਆ ਰਾਸ਼ਟਰਪਤੀ ਵੀ ਹੋ ਲਿਆ ਤੂੰ ਨਾਂ ਕਦੇ ਨਾ ਲਿਆ। ਉਹ ਹੱਸ ਪੈਂਦਾ"। ਇਸ ਤਰ੍ਹਾਂ ਪੂਰੀ ਕਹਾਣੀ ਦੇ ਬਿਰਤਾਂਤ ਵਿਚ ਜਾਤ ਨਾਲ ਜੁੜੀ ਹਉਮੈ ਅਤੇ ਹੀਣਤਾ ਭਾਵਾਂ ਨਾਲ ਸਬੰਧਿਤ ਕਈ ਸਥਿਤੀਆਂ ਦਾ ਪ੍ਰਗਟਾਵਾ ਬਿਰਤਾਂਤ ਦਾ ਹਿੱਸਾ ਬਣਦਾ ਹੈ। ਇਸ ਕਹਾਣੀ ਦੇ ਬਿਰਤਾਂਤ ਦਾ ਦੂਜਾ ਮਹੱਤਵਪੂਰਣ ਤਣਾਓ ਪਿਤਰਕੀ ਦਾਬੇ ਵਾਲੇ ਸਮਾਜ ਵਿਚ ਚਾਰ ਮਾਂ ਵਿਹੂਣੀਆਂ ਧੀਆਂ ਦੇ ਬਾਪ ਹੋਣ ਦੀ ਮਨੋ-ਸਮਾਜਿਕ ਅਸੁਰੱਖਿਆ ਭਾਵ ਦਾ ਹੈ। ਗਿੱਲ ਅਕਸਰ ਸੈਣੀ ਦੇ ਘਰ ਸ਼ਰਾਬ ਦਾ ਅਧੀਆ ਕਦੇ ਬੋਤਲ ਲੈ ਕੇ ਜਦ ਆਉਣ ਲਗਦਾ ਹੈ ਤਾਂ ਸੈਣੀ ਨਾਮ ਦਾ ਮੁੱਖ ਪਾਤਰ ਅੰਦਰੋਂ ਅੰਦਰ ਹੋਰ ਅਸੁਰੱਖਿਅਤ ਹੋ ਜਾਂਦਾ ਹੈ ਜਦੋਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਗਿੱਲ ਉਸਦੀਆਂ ਧੀਆਂ ਵੱਲ ਮਾੜੀ ਨਜ਼ਰ ਨਾਲ ਦੇਖਦਾ ਹੈ। ਪਰ ਇਕ ਦਿਨ ਉਹ ਘਰ ਆ ਕੇ ਦੇਖਦਾ ਹੈ ਕਿ ਉਹਦੀਆਂ ਧੀਆਂ ਨੇ ਗਿੱਲ ਨੂੰ ਢਾਇਆ ਹੋਇਆ ਹੈ ਤਾਂ ਇਸ ਕਹਾਣੀ ਦਾ ਅੰਤ ਇਕ ਕਲਾਈਮੈਕਸ ਸਥਿਤੀ ਨਾਲ ਹੁੰਦਾ ਹੈ; 'ਗਿੱਲ ਛੁੱਟਣ ਨੂੰ ਸਾਰਾ ਜ਼ੋਰ ਲਾ ਰਿਹਾ ਹੈ ਪਰ ਮੇਰੀਆਂ ਧੀਆਂ, ਨਾ ਸੱਚ ਮੇਰੇ ਪੁੱਤ ਕਹਿ ਰਹੇ ਸਨ; "ਸਲਿਆ ਵੱਡਿਆ ਜੱਟਾ, ਤੇਰਾ ਕਦੇ ਸੈਣੀਆਂ ਨਾਲ ਵਾਹ ਨਹੀਂ ਪਿਆ"। ਸੁਖਜੀਤ ਇਸ ਬਿਰਤਾਂਤ ਦਾ ਅੰਤ ਸਭਿਆਚਾਰਕ ਪੁੱਠ ਵਾਲੀ ਭਾਸ਼ਾ 'ਚ "ਵਾਹ ਬਾਜਾਂ ਵਾਲਿਆ ਅੱਜ ਚਿੜੀਆਂ ਤੋਂ ਬਾਜ"। ਦੇ ਮਨੋਬਚਨਾਂ ਨਾਲ ਕਰਦਾ ਹੈ।

'ਤੀਲ੍ਹਾ' ਕਹਾਣੀ ਦਾ ਬਿਰਤਾਂਤ ਬੰਦੇ ਦੋ ਰਾਜਨੀਤਕ ਵਿਚਾਰਧਾਰਾਵਾਂ ਦੇ ਟਕਰਾਓ ਦਾ ਨਿੱਜੀ ਰਿਸ਼ਤਿਆਂ ਦੇ ਟਕਰਾਓ ਵਿਚ ਰੂਪਾਂਤਰਣ ਦੇ ਕਥਾਨਕ ਗਿਰਦ ਉਸਰਦਾ ਹੈ ਜਿਸ ਦੇ ਅਮੂਰਤਨ ਵਿਚ ਬੰਦੇ ਦੀ ਜਾਤ ਤੇ ਜ਼ਮੀਨ ਅਤੇ ਰਾਜਨੀਤੀਕ ਵਿਚਾਰਾਂ ਨਾਲ ਜੁੜੀ ਫੋਕੀ ਹਉਮੈ ਅਤੇ ਹੰਕਾਰ ਕਾਰਜੀਸ਼ੀਲ ਹਨ। ਪਰ ਇਸ ਦੇ ਬਰਅਕਸ ਵਿਚਾਰਧਾਰਕ ਪ੍ਰਤੀਬੱਧਤਾ ਕਿਵੇਂ ਰਿਸ਼ਤਿਆਂ ਦੇ ਮੋਹ ਜਾਲ ਤੋਂ ਬੰਦੇ ਨੂੰ ਮੁਕਤ ਕਰਦੀ ਹੈ ਉਸਨੂੰ 'ਤੀਲ੍ਹੇ' ਦੇ ਚਿਹਨ ਨਾਲ ਸਾਕਾਰ ਕੀਤਾ ਗਿਆ ਹੈ; "ਮੈਂ ਭਾਂਬੜ ਵੱਲ ਇਸ਼ਾਰਾ ਕਰ ਰਿਹਾ ਸੀ, "ਵੇਖ ਧਿਆਨ ਨਾਲ ਵੇਖ, ਜਦੋਂ ਲੋਕ ਚਿਖਾ 'ਚ ਤੀਲ੍ਹੇ ਸੁੱਟਦੇ ਨੇ ਤਾਂ ਭਾਂਬੜ ਤੇਜ਼ ਹੋ ਜਾਂਦੈ ਨਾ.."। "ਹਾਂ"। ਭੈਣ ਨੇ ਉਲਝਣ ਨਾਲ ਮੇਰੇ ਵੱਲ ਵੇਖਿਆ ਸੀ। ਮੈਂ ਫਿਰ ਕਿਹਾ ਸੀ, "ਬੱਸ ਭੈਣੇ, ਤੂੰ ਇਓਂ ਹੀ ਸਮਝ ਲੈ ਕਿ ਤੇਰਾ ਵੀਰ ਇਨਕਲਾਬ ਦੇ ਭਾਂਬੜ ਲਈ ਤੀਲ੍ਹਾ ਹੀ ਸਹੀ"।

ਇਨ੍ਹਾਂ ਤਿੰਨਾਂ ਕਿਤਾਬਾਂ ਦੀਆਂ ਕਹਾਣੀਆਂ ਵਿਚਲੇ ਕਥਾ ਪੈਰਾਡਾਈਮ ਦੀ ਪੰਜਵੀਂ ਮੁੱਖ ਕਥਾ ਕੈਟੈਗਰੀ ਵਿਚਾਰਧਾਰਕ ਪ੍ਰਤੀਬੱਧਤਾ ਅਤੇ ਵਿਰੋਧ ਸਥਿਤੀਆਂ ਵਿਰੁਧ ਨਾਬਰੀ ਅਤੇ ਪ੍ਰਤੀਰੋਧ ਦੀ ਹੈ। 'ਖਜੂਰਾਂ' ਕਹਾਣੀ ਦੇ ਬਿਰਤਾਂਤ ਵਿਚ ਦੋ ਐਨ ਵਿਰੋਧੀ ਵਿਚਾਰਧਾਰਾਵਾਂ (ਅਤਿ-ਸੱਜਾ ਅਤੇ ਅਤਿ-ਖੱਬਾ) ਦੇ ਆਪਸੀ ਤਣਾਓ ਤੇ ਸੰਵਾਦ ਵਿਚੋਂ ਸਮਾਜ ਵਿਰੋਧੀ ਤੱਤਾਂ ਵਿਰੁੱਧ ਸਾਂਵੀਆਂ, ਸਾਕਾਰਾਤਮਕ ਅਤੇ ਤੰਦਰੁਸਤ ਮਨੁੱਖੀ ਕਦਰਾਂ ਕੀਮਤਾਂ ਦੇ ਹੱਕ ਵਿਚ ਨਾਬਰੀ ਅਤੇ ਪ੍ਰਤੀਰੋਧ ਦਾ ਸੁਰ ਨੂੰ ਸਭਿਆਚਾਰਕ, ਇਤਿਹਾਸਕ ਪੁੱਠ ਚਾੜ੍ਹ ਘੜਿਆ ਗਿਆ ਹੈ ਜੋ ਕਿ ਕਥਾ ਦੇ ਅੰਤਿਮ ਸੰਵਾਦ 'ਤੇ ਆਪਣੇ ਸਿਖਰ 'ਤੇ ਅਪੜਦਾ ਹੈ; "ਖਾਲਸਾ ਬੋਲਿਆ, "ਅੰਦਰ ਤਾਂ ਮੇਰਾ ਵੀ ਮੱਚਦਾ ਕਾਮਰੇਡ, ਚੱਲ ਪਹਿਲਾਂ ਮੰਤਰੀ ਸੰਤਰੀ ਭਜਾਈਏ"। "ਥੋਡੇ ਵੱਲ ਝੰਡੇ ਹੈਗੇ ਗੋਰਕੀ ?" ਦਲਮੇਘ ਨੇ ਪੁੱਛਿਆ ਤਾਂ ਗੋਰਕੀ ਬੋਲਿਆ, "ਹੈਗੇ, ਪਰ ਸਾਰੇ ਲਾਲ ਰੰਗ ਦੇ ਨੇ"। ਦਲਮੇਘ ਕਹਿੰਦਾ, "ਰੰਗ ਦਾ ਕੋਈ ਨਹੀਂ ਵਿੱਚ ਡਾਂਗ ਤਕੜੀ ਚਾਹੀਦੀ ਆ"।

'ਮੱਥੇ ਦੇ ਵਲ਼' ਕਹਾਣੀ ਦਾ ਬਿਰਤਾਂਤ ਵਿਚਾਰਧਾਰਕ ਪ੍ਰਤੀਬੱਧਤਾ, ਵਿਚਾਰਧਾਰਾ ਨਾਲ ਸੰਵੇਦਨਾ ਅਤੇ ਵਿਚਾਰਧਾਰਾ ਦੀ ਸਮਝ ਵਿਚਾਲੇ ਸੂਖ਼ਮ ਅੰਤਰ ਨੂੰ ਆਪਣੇ ਬਿਰਤਾਂਤ ਦਾ ਆਧਾਰ ਬਣਾਉਂਦੀ ਹੈ। ਦੋ ਦੋਸਤ ਜਿਨ੍ਹਾਂ 'ਚੋਂ ਇਕ ਪੁਰਾਣਾ (ਓਣ) ਕਾਮਰੇਡ ਹੈ, ਥਾਈਲੈਂਡ ਵਿਚ ਕਿਸੇ ਬਾਰ 'ਚ ਬੈਠੇ ਸ਼ਰਾਬ ਪੀ ਰਹੇ ਹਨ। ਕਈ ਦੇਸ਼ਾਂ ਅਤੇ ਨਸਲਾਂ ਦੀਆਂ ਵੇਸ਼ਵਾਵਾਂ ਦਾ ਉਸ ਥਾਂ ਆਉਣਾ ਜਾਣਾ ਹੈ। ਜਦੋਂ ਉਨ੍ਹਾਂ ਕੋਲ਼ ਟੁੱਟ ਚੁੱਕੇ ਪੂਰਵ ਸੋਵੀਅਤ ਯੂਨੀਅਨ ਦੇ ਰੂਸ ਦੀ ਕੋਈ ਵੇਸ਼ਵਾ ਉਨ੍ਹਾਂ ਕੋਲ਼ ਲਾਗੇ ਬੈਠ ਹੁੰਦੀ ਹੈ ਤਾਂ ਪੁਰਾਣਾ ਕਾਮਰੇਡ ਆਪਣੀ ਪੁਰਾਣੀ ਭਾਵੁਕ ਅਤੇ ਵਿਚਾਰਧਾਰਕ ਸਾਂਝ ਕਾਰਣ ਇਹ ਸੰਵਾਦ ਬੋਲਦਾ ਹੈ ਜੋ ਕਿ ਇਸ ਬਿਰਤਾਂਤ ਦੇ ਪੜਯਥਾਰਥਕ ਪ੍ਰਗਟਾਵੇ ਦੀ ਸਿਖਰ (climax) ਹੋ ਨਿਬੜਦਾ ਹੈ; "ਮੈਂ ਉਸ ਕੁੜੀ ਵੱਲ ਘੂਰ ਕੇ ਵੇਖਿਆ ਤੇ ਗੁੱਸੇ ਨਾਲ ਕਿਹਾ , "ਤੂੰ ਜਾ ਕੁੜੀਏ ਇੱਥੋਂ"। ਉਹ ਉੱਠਣ ਲੱਗੀ ਤਾਂ ਦੋਸਤ ਨੇ ਉਸਦੀ ਬਾਂਹ ਫੜ ਲਈ ਤੇ ਬੋਲਿਆ, "ਏਸ ਕਰਕੇ ਬਈ ਏਹ ਰੂਸ ਤੋਂ ਆਂ ?" "ਹਾਂ ਏਸੇ ਕਰਕੇ"। "ਕਿਓਂ?" "ਕਿਉਂਕਿ"। ਪਰ ਅੱਗੋਂ ਮੈਨੂੰ ਕੁਝ ਸੱਝਿਆ ਨਾ ਅਤੇ ਮੈਂ ਖੜ੍ਹਾ ਹੁੰਦਾ ਚੀਖ਼ ਕੇ ਬੋਲਿਆ, "ਤੂੰ ਨਹੀਂ ਸਮਝ ਸਕਦਾ, ਕਿ ਰੂਸ ਮੇਰਾ ਕੀ ਲਗਦਾ"। ਮੇਰੇ ਦੋਸਤ ਨੇ ਕੁੜੀ ਦੀ ਬਾਂਹ ਛੱਡ ਦਿੱਤੀ ਤੇ ਉਠਦਾ ਹੋਇਆ ਬੋਲਿਆ, "ਵਾਕਈ ਯਾਰ, ਕਾਮਰੇਡ ਐਕਸ ਨਹੀਂ ਹੁੰਦੇ"।

ਸੁਖਜੀਤ ਦੀਆਂ ਇਨ੍ਹਾਂ ਕਹਾਣੀਆਂ ਵਿਚਲੇ ਕਥਾ ਪੈਰਾਡਾਈਮ 'ਚ ਛੇਵੀਂ ਪ੍ਰੱਮੁਖ ਕਥਾ ਕੈਟੇਗਰੀ ਸੱਤਾ ਦੇ ਨਾਲ ਜੁੜੇ ਵਰਤਾਰਿਆਂ ਦੀ ਬਣਦੀ ਹੈ ਜਿਸ ਵਿਚ ਸੱਤਾ ਦੀ ਨਾਂਹਮੁੱਖਤਾ ਵਿਰੁਧ ਮਾਨਵੀ ਕਦਰਾਂ ਕੀਮਤਾਂ ਦਾ ਕਾਇਮ ਰਹਿਣਾ ਕੇਂਦਰ 'ਚ ਰਹਿੰਦਾ ਹੈ। 'ਸਿੰਗਲ ਮਾਲਟ ਸੁਰਖ਼ ਨਹੀਂ ਹੁੰਦੀ' ਕਹਾਣੀ ਦੇ ਬਿਰਤਾਂਤ ਦਾ ਈਕੋ ਸਿਸਟਮ ਜੰਮੂ ਕਸ਼ਮੀਰ ਦੇ ਅੰਦਰੂਨੀ ਕਾਨੂੰਨ ਵਿਵਸਥਾ ਅਤੇ ਜਿਹਾਦੀ ਦਹਿਸ਼ਤਗਰਦੀ ਦੇ ਗਿਰਦ ਉਸਰਦਾ ਹੈ ਜੋ ਆਪਣੇ ਅੰਦਰ ਸਾਰੀਆਂ ਰਾਜਨੀਤਕ, ਵਿਚਾਰਧਾਰਕ ਅਤੇ

ਫਿਰਕਾਪ੍ਰਸਤੀ ਭਾਵਨਾਵਾਂ ਦੀਆਂ ਅੰਦਰੂਨੀ ਵਿਡੰਬਨਾਵਾਂ ਤੋਂ ਪਾਰਗਾਮੀ ਹੋ ਕੇ ਮੂਲ ਮਾਨਵੀ ਸੰਵੇਦਨਾਵਾਂ ਅਤੇ ਕਦਰਾਂ ਕੀਮਤਾਂ ਨੂੰ ਸਮਰਪਿਤ ਸੰਦੇਸ਼ ਦਿੰਦੀ ਹੈ ਕਿ ਬੰਦੇ ਦੇ ਅੰਦਰ ਬੈਠੇ ਨੈਤਿਕ-ਮਾਨਵੀ ਮੁੱਲ ਸਾਰੇ ਬੁਨਿਆਦੀ ਇਕਤਲਾਫ਼ਾਤ ਦੇ ਵਿਰੁਧ ਮਨੁੱਖੀ ਜੀਵਨ ਦੀ ਸਲਾਮਤੀ ਦੇ ਹੱਕ ਵਿਚ ਭੁਗਤਦੇ ਹਨ। ਜ਼ੁਬੈਦਾ ਨਾਮ ਦੀ ਜਿਹਾਦੀ ਦਹਿਸ਼ਤ.ਗਰਦ ਆਪਣੀ ਜਾਨ 'ਤੇ ਖੇਲ੍ਹ ਕੇ ਪ੍ਰੋ. ਦੇ ਬੱਚਿਆਂ ਨੂੰ ਦਹਿਸ਼ਤ.ਗਰਦਾਂ ਦੇ ਚੁੰਗਲ਼ ਵਿਚੋਂ ਸੁਰੱਖਿਅਤ ਕੱਢ ਪਰਿਵਾਰ ਦੇ ਹਵਾਲੇ ਕਰਦਿਆਂ ਸਿਰਫ਼ ਉਨ੍ਹਾਂ ਸੱਤ ਬੇਕਸੂਰ ਮੁੰਡਿਆਂ ਦੀ ਜਾਨ ਬਖ਼ਸ਼ੀ ਦੀ ਅਰਜ਼ ਕਰਦੀ ਹੈ ਪਰ ਵੱਡੇ ਅਹੁਦਿਆਂ 'ਤੇ ਬੈਠੈ ਅਫ਼ਸਰ ਆਪਣੀ ਸੱਤਾ ਦੇ ਨਸ਼ੇ 'ਚ ਚੂਰ ਸ਼ਰਾਬ ਪੀਣ 'ਚ ਮਸਤ ਹਨ ਪਰ ਜ਼ਮੀਰ ਵਾਲਾ ਪ੍ਰੋਫੈਸਰ ਨੂੰ ਸਿੰਗਲ ਮਾਲਟ ਦਾ ਰੰਗ ਸੁਰਖ਼ ਪ੍ਰਤੀਤ ਹੋਣ ਲਗਦਾ ਹੈ। ਇਸ ਬਿਰਤਾਂਤ ਦਾ ਅੰਤ ਜਦੋਂ ਇਸ ਮੁਕਲਾਮੇ ਨਾਲ ਹੁੰਦਾ ਹੈ ਤਾਂ ਕਹਾਣੀ ਆਪਣੇ ਸਿਖਰ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ; "ਮੈਂ ਮਾਯੂਸ ਹੋ ਕੇ ਸਿਰ ਫੜਨ ਲੱਗਾ ਤਾਂ ਅਚਾਨਕ ਮੇਰੀ ਨਜ਼ਰ ਪੈੱਗਾਂ ਉਪਰ ਜਾ ਕਈ, ਹੈਰਾਨ ਹੋ ਗਿਆ ਮੈਂ। ਮੇਰੇ ਮੂੰਹੋਂ ਨਿਕਲਿਆ, "ਯਾਰੋ ਸਿੰਗਲ ਮਾਲਟ ਸੁਰਖ ਤਾਂ ਨਹੀਂ ਹੁੰਦੀ"। ਉਨ੍ਹਾਂ ਦੋਹਾਂ ਨੇ ਪੈੱਗਾਂ ਵੱਲ ਦੇਖਿਆ। ਕੁੱਝ ਚਿਰ ਭਿਆਨਕ ਚੁੱਪ ਪਸਰੀ ਰਹੀ, ਆਖ਼ਿਰ ਕਰਨਲ ਬਰਾੜ ਬੇਹੱਦ ਠੰਡੀ ਤੇ ਉਦਾਸ ਸੁਰ ਵਿਚ ਕਹਿਣ ਲੱਗਾ, "ਤੁਸੀਂ ਠੀਕ ਹੋ ਪ੍ਰੋਫ਼ੈਸਰ, ਇਸ ਵਿਚ ਪਤਾ ਨਹੀਂ ਕਿਸ ਕਿਸ ਦਾ ਖ਼ੂਨ ਮਿਲਿਆ ਹੈ"। ਮੈਨੂੰ ਬਰਾੜ ਦਾ ਬੇਟਾ, ਜ਼ੁਬੈਦਾਂ ਦਾ ਅਥਾਹ ਦਰਦ, ਸਾਡੇ ਤੇ ਓਧਰਲੇ ਪਾਸੇ ਦੇ ਕਿੰਨੇ ਹੀ ਪਰਿਵਾਰ ਤੇ ਸੱਤੇ ਮੁੰਡੇ ਯਾਦ ਆਏ। ਰਾਜਿੰਦਰ ਬੋਲਿਆ, "ਪੈੱਗ ਦਿਸ ਪਿਆ ਤੈਨੂੰ ਆਪਾਂ ਨਹੀਂ ਦਿਸੇ ਸਾਰੇ ਦੇ ਸਾਰੇ ਸੁਰਖ਼"। ਮੈਂ ਕਦੇ ਪੈੱਗ ਤੇ ਕਦੇ ਆਪਣੇ ਹੱਥਾਂ ਵੱਲ ਹੈਰਾਨੀ ਨਾਲ ਦੇਖ ਰਿਹਾ ਸਾਂ।

'ਸਤਾਈ ਮੀਲ' ਕਹਾਣੀ ਦਾ ਬਿਰਤਾਂਤ ਵਰਤਮਾਨ ਦੌਰ 'ਚ ਸੱਤਾ ਅਤੇ ਆਮ ਬੰਦੇ ਦੇ ਜੀਵਨ ਦੇ ਸਰੋਕਾਰਾਂ ਵਿਚਲੇ ਅੰਤਰਵਿਰੋਧਾਂ ਨੂੰ ਆਪਣੇ ਪ੍ਰਗਟਾਓ ਦਾ ਆਧਾਰ ਬਣਾਉਂਦਾ ਹੈ। ਇਸ ਬਿਰਤਾਂਤ 'ਚ ਸੱਤਾ ਦੇ ਕਈ ਰੂਪ ਜਿਵੇਂ ਜਾਤ ਦੀ ਹਉਮੈ ਦੀ ਸੱਤਾ, ਰਾਜਨੀਤਕ ਸੱਤਾ, ਪੈਸਾ ਕੀਮਤਾਂ ਦੀ ਸੱਤਾ ਅਤੇ ਬੰਦੇ ਦੇ ਰਿਸ਼ਤਿਆਂ ਅਤੇ ਸਬੰਧਾਂ ਦੀ ਸੱਤਾ ਆਦਿ ਨੂੰ ਬਿਰਤਾਂਤਕਤਾ ਪ੍ਰਦਾਨ ਕਰਦਿਆਂ ਇਹ ਦਰਸਾਇਆ ਗਿਆ ਹੈ ਕਿ ਸੱਤਾ ਕਿਵੇਂ ਆਪਣੇ ਆਪ ਨੂੰ ਕਾਇਮ ਰੱਖਣ ਹਰ ਪ੍ਰਕਾਰ ਦੇ ਅਮਾਨਵੀ, ਗ਼ੈਰਕਾਨੂੰਨੀ ਅਤੇ ਅਸਮਾਜਿਕ ਹੱਥਕੰਡੇ ਅਪਣਾਅ ਸਕਦੀ ਹੈ ਜਿਸ ਨਾਲ ਆਮ ਸਾਧਾਰਣ ਭੋਲ਼ੀ ਭਾਲ਼ੀ ਜਨਤਾ ਬੇਵਕੂਫ਼ ਬਣਾਈ ਜਾ ਸਕਦੀ ਹੈ। ਭਾਈ ਸਾਹਿਬ, ਐਮ.ਪੀ. ਗੁਰਮੁੱਖ ਸਿੰਘ ਜਿਹੇ ਲੋਕ ਸੱਤਾ ਦੇ ਸਰੋਤ ਅਤੇ ਕਰਨੈਲ ਅਤੇ ਬਾਪੂ ਜਿਹੇ ਬੰਦੇ ਸੱਤਾ ਦੇ ਕਾਰਿੰਦੇ/ਹੱਥਠੋਕੇ ਬਣ ਜਨਤਾ (ਸਾਹਮਣੇ ਚੁਬਾਰੇ 'ਚ ਰਹਿਣ ਵਾਲੀ ਔਰਤ) ਦਾ ਸੋਸ਼ਣ ਕਰਦੇ ਹਨ। ਪਰ ਜਿਵੇਂ ਮਿਸ਼ੇਲ ਫੂਕੋ ਆਪਣੀ ਕਿਤਾਬ Discipline and Punish ਵਿਚ ਕਹਿੰਦਾ ਹੈ ਕਿ ਸੱਤਾ ਸਦਾ ਨਾਕਾਰਾਤਮਕ ਹੀ ਨਹੀਂ ਹੁੰਦੀ ਬਲਕਿ ਕਦੇ ਕਦੇ ਸਾਕਾਰਾਤਮਕ ਵੀ ਹੁੰਦੀ ਹੈ। ਮਿਸ਼ੇਲ ਫੂਕੋ ਦੇ ਇਸ ਤਰਕ ਦਾ ਪ੍ਰਮਾਣ ਇਸ ਕਹਾਣੀ ਦੇ ਸਿਖਰਲੇ ਸੰਵਾਦ ਤੋਂ ਮਿਲਦਾ ਹੈ ਜਦੋਂ ਕਰਨੈਲ ਕਹਿੰਦਾ ਹੈ; "ਬਾਪੂ ਉਹ ਰੋਜ਼ ਸਤਾਈ ਮੀਲ ਤੁਰਦੀ ਐ, ਪਤਾ ਨਹੀਂ ਕਿੰਨੇ ਸਾਲਾਂ ਤੋਂ ਇਹ ਐਮ ਪੀ ਸਾਹਿਬ "। ਸ਼ਬਦਾਂ ਨੂੰ ਚੱਬ ਕੇ ਬੋਲਿਆ ਕਰਨੈਲ, "ਇਹ ਸ. ਗੁਰਮੁੱਖ ਸਿੰਘ ਐਮ.ਪੀ.। ਇਹ ਸਾਡੇ ਪਿੰਡ ਦਾ ਮੁੱਖਾ, ਜਿਹਨੂੰ ਕੁਝ ਸਾਲ ਪਹਿਲਾਂ ਰੋਟੀ ਨਹੀਂ ਸੀ ਮਿਲਦੀ ਰੱਜਵੀਂ। ਇਹਦੇ ਕਾਕੇ, ਜਿਹੜੇ 'ਕੱਲੇ 'ਕੱਲੇ ਕਾਰਾਂ ਲਈ ਫਿਰਦੇ ਨੇ, ਜੁੱਤੀ ਨਹੀਂ ਸੀ ਹੁੰਦੀ ਉਨ੍ਹਾਂ ਦੇ ਪੈਰੀਂ, ਤੇ ਉਹ, ਉਹ ਰੋਜ਼ ਸਤਾਈ ਮੀਲ ਤੁਰਦੀ ਐ ਬਾਪੂ, ਪਤਾ ਕੀਹਦੇ ਲਈ? ਬਾਪੂ ਨੇ ਉਹਦੇ ਮੂੰਹ 'ਤੇ ਹੱਥ ਰੱਖਣਾ ਚਾਹਿਆ, ਪਰ ਹੱਥ ਹਟਾਉਂਦਾ ਉਹ ਜੋਸ਼ 'ਚ ਬੋਲੀ ਗਿਆ, "ਪਤਾ ਕੀਹਦੇ ਲਈ, ਆਵਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ, ਐਮ.ਪੀ. ਸਾਹਿਬ ਲਈ ਇਹਦੇ ਕਾਕਿਆਂ ਲਈ ਤੇ ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ ਰੋਜ਼ ਸਤਾਈ ਮੀਲ "। ਕਰਨੈਲ ਦਾ ਇਹ ਸੰਵਾਦ ਇਸ ਤਰਕ ਦੀ ਗਵਾਹੀ ਹੈ ਕਿ ਸੱਤਾ-ਤੰਤਰ 'ਚ ਰਹਿ ਵੀ ਬੰਦੇ ਦੀਆਂ ਦੱਬੀਆਂ

ਹੋਈਆਂ ਮੂਲ ਮਾਨਵੀ ਕਦਰਾਂ ਕੀਮਤਾਂ ਅਤੇ ਸੰਵੇਦਨਾਵਾਂ ਸੱਤਾ ਦੇ ਦੇਬੇ ਵਿਰੁਧ ਨਾਬਰ ਹੋ ਸਕਦੀਆਂ ਹਨ।

ਇਨ੍ਹਾਂ ਕਹਾਣੀਆਂ ਵਿਚਲੇ ਕਥਾ ਪੈਰਾਡਾਈਮ 'ਚ ਸੱਤਵੀਂ ਪ੍ਰੱਮੁਖ ਕਥਾ ਕੈਟੇਗਰੀ ਸਮਾਜ ਵਿਚ ਸਿਹਤ ਨਾਲ ਜੁੜੇ ਕਿੱਤਿਆਂ ਵਿਚ ਪੈਸਾ ਕੀਮਤਾਂ ਦੀ ਪ੍ਰਬਲਤਾ ਕਾਰਨ ਆ ਰਹੇ ਨਿਘਾਰ ਦੇ ਨਾਲ ਜੁੜੇ ਵਰਤਾਰਿਆਂ ਨੂੰ ਕਥਾਨਕਤਾ ਪ੍ਰਦਾਨ ਕੀਤੀ ਗਈ ਹੈ। 'ਆਟੋ ਨੰਬਰ 420' ਕਹਾਣੀ ਦਾ ਬਿਰਤਾਂਤ ਤਥਾਕਥਿਤ ਸ਼ਹਿਰੀ ਸਭਿਅਕ ਸਮਾਜ ਦੇ ਜੀਵਨ ਦੀ ਸੋਚ ਅਤੇ ਸ਼ੈਲੀ ਬਨਾਮ ਪ੍ਰਕਿਰਤੀ ਦੇ ਲਾਗੇ ਰਹਿਣ ਵਾਲੇ ਜੰਗਲੀ ਆਦਿ ਮਾਨਵੀ ਸਮਾਜ ਦੇ ਜੀਵਨ ਦੀ ਸੋਚ ਅਤੇ ਜਿਓਣ ਵਿਧੀ ਦੇ ਵਿਰੋਧ ਜੁੱਟ (binary opposition) ਦੇ ਤਾਣਓ ਅਤੇ ਟਕਰਾਓ ਵਿਚੋਂ ਆਪਣਾ ਬਿਰਤਾਂਤ ਤਲਾਸ਼ਦੀ ਹੈ। ਕੰਕਰੀਟ ਦਾ ਉਸਰਿਆ ਸ਼ਹਿਰੀ ਜੰਗਲ ਕਿਵੇਂ ਜਾਤੀ ਮੁਫ਼ਾਦਾਂ ਅਤੇ ਪੈਸਾ ਕੀਮਤਾਂ ਨਾਲ ਪ੍ਰਦੂਸ਼ਿਤ ਅਤੇ ਭ੍ਰਸ਼ਟ ਹੋ ਚੁੱਕਾ ਹੈ ਅਤੇ ਕੁਦਰਤ ਦੀ ਗੋਦ 'ਚ ਵੱਸਦਾ ਜੰਗਲ ਕਿਵੇਂ ਸ਼ੁੱਧ ਨਿਰਮਲ ਅਤੇ ਤੰਦਰੁਸਤ ਹੈ ਕਿ ਮਨੁੱਖ ਦੀ ਦੇਹ ਅਤੇ ਰੂਹ ਤੰਦਰੁਸਤ ਅਤੇ ਸੰਤੁਲਿਤ ਰਹਿੰਦੀ ਹੈ ਜਦਕਿ ਸ਼ਹਿਰੀ ਸਮਾਜ ਉਪਰੋਂ ਤੇ ਬਾਹਰੋਂ ਤਾਂ ਸਭਿਅਕ ਦਿਖਾਈ ਦਿੰਦੇ ਹਨ ਪਰ ਅੰਦਰੋਂ ਇਹ ਸਾਰਾ ਤੰਤਰ ਆਪਣੇ ਸੱਤਾ ਪ੍ਰਬੰਧ ਕਾਰਨ ਗੱਲ ਸੜ ਚੁਕਿਆ ਹੈ। ਇਸ ਕਾਹਣੀ ਦਾ ਇਹ ਸੰਵਾਦ ਸਾਰੇ ਕਥਾ ਸਾਰ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ; "ਡਾ. ਜਾਵੇਦ ਨੇ ਸਾਰੀ ਕਹਾਣੀ ਸੰਖੇਪ ਵਿਚ ਦੱਸਦਿਆਂ ਕਿਹਾ ਕਿ ਨੀਲ ਦੇ ਬਲੱਡ 'ਚ ਚਮਤਕਾਰ, ਮਹੀਨਾ ਭਰ ਜੰਗਲ 'ਚ ਰਹਿਣ ਕਰਕੇ ਹੋਇਆ ਹੈ। ਹੁਣ ਪਿਛਲੇ ਮਹੀਨੇ ਤੋਂ ਉਸਨੂੰ ਚੰਗਾ 'ਫੂਡ' ਦਿੱਤਾ ਗਿਆ ਸੀ ਪਰ ਉਹ ਜੰਗਲ ਦਾ ਨਹੀਂ, ਸ਼ਹਿਰ ਦਾ ਸੀ। ਇਸ ਲਈ ਮਨ ਚਾਹਿਆ 'ਰਿਜ਼ਲਟ' ਨਹੀਂ ਮਿਲਿਆ। ਕਹਾਣੀਕਾਰ ਨੇ ਇਥੇ ਫੂਡ ਅਤੇ ਰਿਜ਼ਲਟ ਨੂੰ ਪੁੱਠੇ ਕੌਮਿਆ 'ਚ ਲਿਖਿਆ ਹੈ ਜਿਸ ਨਾਲ ਇਨ੍ਹਾਂ ਸ਼ਬਦਾਂ ਦੇ ਅਰਥ ਇਸ ਬਿਰਤਾਂਤ ਦੇ ਸੰਦਰਭ ਵਿਚ ਵਿਸ਼ੇਸ਼ ਚਿਹਨਕੀ ਮਹੱਤਤਾ ਦੇ ਧਾਰਨੀ ਹੋ ਜਾਂਦੇ ਹਨ ਅਤੇ ਪਾਠਕ ਨੂੰ ਸ਼ਬਦਾਂ ਦੇ ਆਰ ਪਾਰ ਦੇਖਣ ਦਾ ਆਵਾਹਣ ਕਰਦੇ ਹਨ।

'ਮਾਰਕੀਟ' ਕਹਾਣੀ ਦਾ ਬਿਰਤਾਂਤ ਸਮਾਜ ਵਿਚ ਸਿਹਤ ਖੇਤਰ ਵਿਚ ਪੈਦਾ ਹੋਏ ਪੈਸਾ ਕੀਮਤਾਂ ਦੇ ਗ਼ਲਬੇ ਅਤੇ ਮਾਨਵੀ ਨੈਤਿਕ ਕਦਰਾਂ ਕੀਮਤਾਂ ਦੇ ਵਿਚਾਲੇ ਤਣਾਓ 'ਚੋਂ ਆਪਣਾ ਸਰੂਪ ਅਖ਼ਤਿਆਰ ਕਰਦਾ ਹੈ। ਇਸ ਤਣਾਓ ਨੂੰ ਕਹਾਣੀਕਾਰ ਨੇ 'ਮਾਰਕੀਟ' ਦੇ ਚਿਹਨ ਨਾਲ ਪੇਸ਼ ਕਰਕੇ ਬਹੁਅਰਥੀ ਅਤੇ ਬਹੁਪਰਤੀ ਬਣਾ ਦਿੱਤਾ ਹੈ। ਕਹਾਣੀ ਦੇ ਮੁੱਖ ਪਾਤਰ ਪ੍ਰੋ. ਸੁਖਵੰਤ ਦਾ ਇਹ ਸੰਵਾਦ ਕਥਾਨਕ ਦੇ ਸਿਖਰ ਨੂੰ ਪੜ੍ਹਯਥਾਰਥਕ ਬਣਾਉਂਦਾ ਹੈ; "ਮੈਂ ਵੀ ਤੁਹਾਡੇ ਵਰਗਾ 'ਦਲਾਲ' ਹਾਂ ਡਾ. ਛੀਨਾ"। ਫਿਰ ਪ੍ਰੋ. ਸੁਖਵੰਤ ਮਿਸੇਜ਼ ਸ਼ਰਮਾ ਵੱਲ ਪਲਟਿਆ ਸੀ, "ਖ਼ਰੀਦਣਾ ਚਾਹੋਗੇ ਮਿਸੇਜ਼ ਸ਼ਰਮਾ? ਪਰ ਮਿਸੇਜ਼ ਸ਼ਰਮਾ ਦੋਵੇਂ ਹੱਥ ਮੂੰਹ 'ਤੇ ਰੱਖੀ ਪਛਤਾਵੇ ਵਿਚ ਸਿਰ ਮਾਰ ਰਹੀ ਸੀ।

ਇੰਝ ਅੰਤ ਵਿਚ ਕਹਿ ਸਕਦੇ ਹਾਂ ਕਿ ਸੁਖਜੀਤ ਨੇ ਆਪਣੇ ਇੰਨ੍ਹਾਂ ਤਿੰਨ ਕਹਾਣੀ ਸੰਗ੍ਰਹਿਾਂ 'ਅੰਤਰਾ', 'ਮੈਂ ਇੰਜੁਆਏ ਕਰਦੀ ਹਾਂ' ਅਤੇ 'ਮੈਂ ਅਯਨਘੋਸ਼ ਨਹੀਂ' ਵਿਚ ਪੇਸ਼ ਕਥਾਕਾਰੀ ਨਾਲ ਪੰਜਾਬੀ ਕਹਾਣੀ ਜਗਤ ਵਿਚ ਵਿਸ਼ੇਸ਼ ਪਹਿਚਾਣ ਬਣਾਈ ਹੈ। ਉਸਨੇ ਨਾ ਸਿਰਫ਼ ਕਥਾ ਵਸਤੂ ਬਲਕਿ ਨਿਵੇਕਲੀਆਂ ਕਥਾ ਜੁਗਤਾਂ, ਨਵੀਂ ਕਥਾ ਭਾਸ਼ਾ ਅਤੇ ਨਰੋਈ ਕਥਾ ਸ਼ੈਲੀ ਨਾਲ ਪੰਜਾਬੀ ਕਹਾਣੀ ਦਾ ਨਵਾਂ ਮੁਹਾਂਦਰਾ ਅਤੇ ਮੁਹਾਵਰਾ ਸਥਾਪਿਤ ਕਰਨ ਵਿਚ ਯੋਗਦਾਨ ਪਾਇਆ ਹੈ। ਸੁਖਜੀਤ ਦੀ ਇਸ ਕਥਾਕਾਰੀ ਤੋਂ ਇਹ ਵੀ ਆਸ ਬੱਝਦੀ ਹੈ ਕਿ ਉਹ ਆਉਣ ਵਾਲੇ ਸਮਿਆਂ ਵਿਚ ਪੰਜਾਬੀ ਕਹਾਣੀ ਜਗਤ ਅੰਦਰ ਆਪਣੀ ਕਥਾਕਾਰੀ ਦੇ ਹੋਰ ਨਵੇਂ ਰੂਪਾਂ ਨਾਲ ਆਪਣੀ ਹਾਜ਼ਰੀ ਦਰਜ ਕਰਵਾਏ ਗਾ।

**(ਸੰਪਰਕ-82839-48811, mmsingh_63@rediff.com)**

ਵਿਸ਼ਵ ਕਲਾਸਿਕ

# ਨਿਕੋਸ ਕਜ਼ਾਨਜ਼ਾਕਿਸ ਦਾ 'ਜ਼ੋਰਬਾ ਦ ਗਰੀਕ'

ਡਾ. ਗੁਰਪ੍ਰੀਤ ਕੌਰ



'ਜ਼ੋਰਬਾ ਦ ਗਰੀਕ' ਪੁਸਤਕ ਮੂਲ ਰੂਪ ਵਿਚ ਯੂਨਾਨੀ ਭਾਸ਼ਾ ਵਿਚ ਲਿਖੀ ਗਈ ਹੈ ਇਸ ਪੁਸਤਕ ਦਾ ਪਹਿਲਾ ਪ੍ਰਕਾਸ਼ਨ 'ਲਾਈਫ਼ ਐਂਡ ਟਾਈਮਜ਼ ਆਫ਼ ਅਲੈਕ ਸਿਸਜ਼ੋਰਬਾ' (1946) ਦੇ ਨਾਂ ਹੇਠ ਹੁੰਦਾ ਹੈ। ਹੁਣ ਤਕ ਇਸ ਪੁਸਤਕ ਦਾ ਅਨੁਵਾਦ ਫ੍ਰੈਂਚ, ਕੋਰੀਅਨ, ਅੰਗ੍ਰੇਜ਼ੀ, ਹਿੰਦੀ, ਪੰਜਾਬੀ ਸਮੇਤ ਹੋਰ ਕਈ ਭਾਸ਼ਾਵਾਂ ਵਿਚ ਹੋ ਚੁੱਕਾ ਹੈ ਇਸਦਾ ਲੇਖਕ ਨਿਕੋਸ ਕਜ਼ਾਨਜ਼ਾਕਿਸ ਹੈ ਜਿਸ ਦੀ ਪਛਾਣ ਵੀਹਵੀਂ ਸਦੀ ਦੇ ਇਕ ਸਫ਼ਲ ਗਰੀਕ ਲੇਖਕ ਵਜੋਂ ਸਥਾਪਿਤ ਹੈ। ਸਾਹਿਤ ਦੇ ਖੇਤਰ ਵਿਚ ਨਿਕੋਸ ਕਜ਼ਾਨਜ਼ਾਕਿਸ ਦੇ ਕਈ ਲੇਖ, ਨਾਵਲ, ਕਹਾਣੀਆਂ ਤੇ ਅਨੁਵਾਦਿਤ ਕ੍ਰਿਤਾਂ ਉਪਲੱਬਧ ਹਨ ਜਿਨ੍ਹਾਂ ਵਿਚ ਉਸਨੇ ਅਜੋਕੇ ਸਮੇਂ ਦੇ ਮਨੁੱਖ ਦੀ ਅਧਿਆਤਮਕ ਤੇ ਬੌਧਿਕ ਪੀੜਾ ਨੂੰ ਵਧੇਰੇ ਪੇਸ਼ ਕੀਤਾ ਹੈ। ਉਸ ਦੀ ਪੁਸਤਕ 'ਜ਼ੋਰਬਾ ਦ ਗਰੀਕ' ਵੀ ਮਨੁੱਖੀ ਮਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਂਦਿਆਂ ਮਾਨਵੀ-ਅਸਤਿਤ੍ਵ ਦੇ ਨਵੇਂ ਪ੍ਰਤੀਮਾਨ ਉਲੀਕਣ ਵੱਲ ਅਗ੍ਰਸਰ ਹੈ। ਵਿਸ਼ਵ ਭਰ ਵਿਚ ਵਿਆਪਕ ਪੱਧਰ 'ਤੇ ਪੜ੍ਹੇ ਜਾਣ ਕਰ ਕੇ ਇਹ ਪੁਸਤਕ ਸਾਹਿਤ ਦੇ ਚੇਤੰਨ ਪਾਠਕਾਂ ਵਿਚ 'ਬੈਸਟ ਸੈੱਲਰ' ਦੇ ਰੂਪ ਵਿਚ ਆਪਣੀ ਪਛਾਣ ਕਾਇਮ ਕਰਦੀ ਹੈ। ਇਸ ਨਾਵਲ ਦੇ ਥੀਮ ਉੱਪਰ 1964ਵਿਚ ਫ਼ਿਲਮ ਵੀ ਬਣ ਚੁੱਕੀ ਹੈ। ਇਹ ਪੁਸਤਕ ਮਾਨਵੀ ਜੀਵਨ ਨੂੰ ਸੇਧ ਦੇਣ ਕਰ ਕੇ ਨਿਕੋਸ ਕਜ਼ਾਨਜ਼ਾਕਿਸ ਲਈ ਨੋਬਲ ਪੁਰਸਕਾਰ ਦਾ ਰਾਹ ਵੀ ਪੱਧਰਾ ਕਰਦੀ ਹੈ। ਪੰਜਾਬੀ ਭਾਸ਼ਾ ਵਿਚ ਇਸ ਪੁਸਤਕ ਦਾ ਅਨੁਵਾਦ ਬਲਰਾਜ ਧਾਰੀਵਾਲ ਨੇ ਕੀਤਾ ਹੈ।

ਨਾਵਲ 'ਜ਼ੋਰਬਾ ਦ ਗਰੀਕ' ਦਾ ਕਥਾਨਕ ਮੂਲ ਰੂਪ ਵਿਚ ਸਵੈ-ਭਾਲ ਤੇ ਸਵੈ-ਪਛਾਣ ਵਰਗੇ ਮੁੱਦਿਆਂ ਨਾਲ ਜੁੜਿਆ ਹੈ। ਨਾਵਲ ਉੱਤਮ-ਪੁਰਖੀ ਰੂਪ ਵਿਚ ਲਿਖਿਆ ਗਿਆ ਹੈ ਅਤੇ ਇਸ ਵਿਚਲੀ ਕਥਾ ਯੂਨਾਨ (ਕਰੀਟ) ਦੀ ਧਰਤੀ 'ਤੇ ਉਸਾਰੀ ਗਈ ਹੈ। ਨਾਵਲ ਇਕ ਯੁਵਾ ਗਰੀਕ ਲੇਖਕ ਦੀ ਬੌਧਿਕ ਯਾਤਰਾ ਤੇ ਵਿਕਾਸ ਦੀ ਕਹਾਣੀ ਨੂੰ ਪੇਸ਼ ਕਰਦਾ ਹੈ। ਲੇਖਕ ਦੇ ਇਸ ਬੌਧਿਕ ਸਫ਼ਰ ਵਿਚ 'ਅਲੈਕਸਿਸਜ਼ੋਰਬਾ' ਨਾਂ ਦਾ ਪਾਤਰ ਇਕ ਸਹਾਇਕ ਪਾਤਰ ਹੋਣ ਦੀ ਭੂਮਿਕਾ ਨਿਭਾਉਂਦਾ ਹੈ। ਨਾਵਲੀ-ਕਥਾ ਵਿਚ ਜਿੱਥੇ ਇਕ ਪਾਸੇ ਨਿਕੋਸ ਕਜ਼ਾਨਜ਼ਾਕਿਸ ਗਰੀਕ ਲੇਖਕ ਦੀ ਆਤਮ-ਪਛਾਣ ਦੀ ਕਹਾਣੀ ਨੂੰ ਸਿਰਜਦਾ ਹੈ ਉੱਥੇ ਹੀ ਦੂਜੇ ਪਾਸੇ ਉਹ ਫ਼ਿਲਾਸਫ਼ੀ ਦੇ ਸਿਧਾਂਤਾ ਨੂੰ ਵੀ ਪਾਠਕਾਂ ਸਾਹਮਣੇ ਲਿਆਉਂਦਾ ਹੈ। ਨਾਵਲਕਾਰ ਨੇ ਅਸਤਿਤ੍ਵਵਾਦ, ਨਾਰੀਵਾਦ, ਮਨੋਵਿਗਿਆਨ ਆਦਿ ਨਾਲ ਸੰਬੰਧਿਤ ਵਿਚਾਰਾਂ ਨੂੰ ਬੜੇ ਹੀ ਸੋਹਣੇ ਢੰਗ ਨਾਲ ਨਾਵਲੀ-ਕਥਾ ਵਿਚ ਵਿਉਂਤਬੱਧ ਕੀਤਾ ਹੈ।

ਨਾਵਲ 'ਜ਼ੋਰਬਾ ਦ ਗਰੀਕ' ਵਿਚ ਮੁੱਖ ਤੌਰ 'ਤੇ ਦੋ ਪਾਤਰਾਂ (ਯੁਵਾ ਗਰੀਕ ਲੇਖਕ ਤੇ ਅਲੈਕਸਿਸ ਜ਼ੋਰਬਾ) ਦੀ ਸਿਰਜਣਾ ਕੀਤੀ ਗਈ ਹੈ। ਨਾਵਲ ਵਿਚਲਾ ਪਹਿਲਾ ਪਾਤਰ ਗਰੀਕ ਲੇਖਕ ਹੈ। ਜਿਸ ਦੀ ਪਛਾਣ ਇਕ 'ਕਿਤਾਬੀ-ਕੀੜਾ' ਹੋਣ ਦੀ ਹੈ। ਇਹ ਪਾਤਰ ਆਪਣੀ ਜ਼ਿੰਦਗੀ ਦੇ ਅਰਥ (ਮੁਕਤੀ ਦਾ ਰਾਹ ਤੇ ਬੁੱਧਤਵ ਦੀ ਪ੍ਰਾਪਤੀ) ਕਿਤਾਬਾਂ ਵਿਚੋਂ ਪ੍ਰਾਪਤ ਫ਼ਿਲਾਸਫ਼ੀ 'ਚੋਂ ਭਾਲਦਾ ਹੈ ਨਾਵਲੀ-ਕਥਾ 'ਚ ਵੀ ਕਈ ਥਾਵੇਂ ਇਹ ਪਾਤਰ ਦਾਂਤੇ, ਬੁੱਧ ਆਦਿ ਬਾਰੇ ਚਿੰਤਨ ਕਰਦਾ ਨਜ਼ਰ ਆਉਂਦਾ ਹੈ। ਨਾਵਲ ਵਿਚਲਾ ਦੂਜਾ ਪਾਤਰ 'ਅਲੈਕਸਿਸ ਜ਼ੋਰਬਾ' ਹੈ ਜੋ ਕਿਤਾਬਾਂ ਤੋਂ ਪਰ੍ਹੇ ਜੀਵਨ ਨੂੰ ਖੁੱਲ੍ਹ ਕੇ ਮਾਣਨ 'ਚ ਵਿਸ਼ਵਾਸ


ਰੱਖਦਾ ਹੈ ਤੇ ਨਾਲ ਹੀ ਜ਼ਿੰਦਗੀ 'ਚ ਪ੍ਰਾਪਤ ਅਨੁਭਵਾਂ ਰਾਹੀਂ ਮੁਕਤੀ ਪਾਉਣ ਦਾ ਰਾਹ ਸੁਝਾਉਂਦਾ ਹੈ। ਜ਼ੋਰਬਾ ਲਈ ਜ਼ਿੰਦਗੀ ਦੇ ਅਰਥ 'ਕਿਤਾਬੀ-ਗਿਆਨ' ਵਿਚੋਂ ਨਹੀਂ ਸਗੋਂ ਇੰਦਰਿਆਵੀ ਸੁੱਖਾਂ ਤੇ ਅਨੁਭਵਾਂ 'ਚੋਂ ਗੁਜ਼ਰਦਿਆਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਗਰੀਕ ਲੇਖਕ ਤੇ ਜ਼ੋਰਬਾ ਦੋਵੇਂ ਹੀ ਵੱਖੋ-ਵੱਖਰੇ ਸੁਭਾਅ ਦੇ ਮਾਲਕ ਹਨ ਨਾਵਲੀ-ਕਥਾ ਵਿਚ ਜਦੋਂ ਇਹ ਦੋਵੇਂ ਪਾਤਰ ਆਪਸ 'ਚ ਮਿਲਦੇ ਹਨ ਉਦੋਂ ਸੰਵਾਦ ਦਾ ਇਕ ਲੰਬਾ ਸਿਲਸਿਲਾ ਆਰੰਭ ਹੁੰਦਾ ਹੈ। ਇਸ ਸੰਵਾਦ-ਪ੍ਰਕ੍ਰਿਆ 'ਚੋਂ ਅਨੇਕਾਂ ਹੀ ਨਵੇਂ ਵਿਚਾਰ ਹੋਂਦ ਗ੍ਰਹਿਣ ਕਰਦੇ ਹਨ ਤੇ ਨਾਲ ਹੀ ਕਈ ਪੁਰਾਣੇ ਵਿਚਾਰ ਪ੍ਰਭਾਵ ਹੀਣ ਵੀ ਹੁੰਦੇ ਹਨ ਨਾਵਲੀ-ਕਥਾ ਦੇ ਅੰਤ ਤੀਕ ਪਹੁੰਚਦਿਆਂ ਇਹ ਸਾਰੇ ਵਿਚਾਰ ਸਮੁੱਚ ਰੂਪ ਵਿਚ ਮਾਨਵੀ-ਅਸਤਿਤ੍ਵ ਨਾਲ ਸੰਬੰਧਿਤ ਫ਼ਿਲਾਸਫ਼ੀ ਨੂੰ ਪੇਸ਼ਕਰਦੀ ਇਕ ਮਹੱਤਵਪੂਰਣ ਪੁਸਤਕ ਦਾ ਰੂਪ ਧਾਰ ਲੈਂਦੇ ਹਨ।

'ਜ਼ੋਰਬਾ ਦ ਗਰੀਕ' ਨਾਵਲ ਵਿਚ ਇਨ੍ਹਾਂ ਦੋਹਾਂ ਪਾਤਰਾਂ (ਗਰੀਕ ਲੇਖਕ ਤੇ ਜ਼ੋਰਬਾ) ਦਾ ਮੇਲ ਉਦੋਂ ਹੁੰਦਾ ਹੈ ਜਦੋਂ ਗਰੀਕ ਲੇਖਕ ਆਪਣੀ ਹੋਂਦ ਤੇ ਪਛਾਣ ਸੰਬੰਧੀ ਮਸਲਿਆਂ ਨਾਲ ਜੂਝ ਰਿਹਾ ਹੁੰਦਾ ਹੈ। ਲੇਖਕ ਦੀ ਜ਼ਿੰਦਗੀ 'ਚ ਇਹ ਸਥਿਤੀ ਉਦੋਂ ਉਤਪੰਨ ਹੁੰਦੀ ਹੈ ਜਦੋਂ ਉਸ ਦਾ ਕਰੀਬੀ ਦੋਸਤ 'ਸਾਰਡਕੀ' ਉਸ 'ਤੇ 'ਕਿਤਾਬੀ-ਕੀੜਾ' ਹੋਣ ਦਾ ਦੋਸ਼ ਲਾਉਂਦਾ ਹੈ। ਉਹ ਲੇਖਕ ਅੱਗੇ ਇਹ ਸਵਾਲ ਪਾਉਂਦਾ ਹੈ ਕਿ ਆਖ਼ਿਰਕਾਰ ਕਿੰਨਾ ਕੁ ਚਿਰ ਉਹ ਕਾਗਜ਼ਾਂ 'ਤੇ ਘਸਾਈ ਕਰੀ ਜਾਏਗਾ ਤੇ ਆਪਣੇ ਆਪ ਨੂੰ ਸਿਆਹੀ ਨਾਲ ਲਬੇੜੀ ਰੱਖੇਗਾ..? ਇਸ ਘਟਨਾ ਉਪਰੰਤ ਲੇਖਕ ਇਸ ਸੋਚ ਵਿਚ ਪੈ ਜਾਂਦਾ ਹੈ ਕਿ ਜ਼ਿੰਦਗੀ ਨੂੰ ਇੰਨੀ ਤੀਬਰਤਾ ਨਾਲ ਪਿਆਰ ਕਰਨ ਵਾਲਾ 'ਉਹ' ਏਨਾ ਸਮਾਂ ਕਿਵੇਂ ਕਿਤਾਬਾਂ ਦੀਆਂ ਨਿਰਾਰਥਕ ਗੱਲਾਂ ਤੇ ਸਿਆਹੀ ਨਾਲ ਲਿਬੜੇ ਕਾਗਜ਼ਾਂ 'ਚ ਫੱਸਿਆ ਰਿਹਾ। ਉਹ ਆਤਮ ਪਛਾਣ ਤੇ ਜ਼ਿੰਦਗੀ ਦੇ ਅਸਲ ਅਰਥਾਂ ਦੀ ਭਾਲ ਵੱਲ ਅਗ੍ਰਸਰ ਹੁੰਦਾ ਹੈ। ਲੇਖਕ ਆਪਣੇ ਜੀਵਨ ਜੀਊਣ ਦੇ ਤਰੀਕੇ 'ਚ ਤਬਦੀਲੀ ਲਿਆਉਣ ਦਾ ਫ਼ੈਸਲਾ ਲੈਂਦਾ ਹੈ। ਇੱਥੋਂ ਹੀ ਨਾਵਲੀ-ਕਥਾ ਦਾ ਆਰੰਭ ਹੁੰਦਾ ਹੈ।

'ਪਿਰਿਆਸ' (ਯੂਨਾਨ ਵਿਚ ਬੰਦਰਗਾਹ ਵਾਲਾ ਇਕ ਸ਼ਹਿਰ) ਤੋਂ ਗਰੀਕ ਲੇਖਕ ਆਪਣੇ ਜੀਵਨ ਤੇ ਇਕ ਨਵੇਂ ਸਫ਼ਰ ਦਾ ਆਗਾਜ਼ ਕਰਦਾ ਹੈ। ਉਹ ਕਰੀਟ (ਯੂਨਾਨ ਦਾ ਇਕ ਵੱਡਾ ਟਾਪੂ) ਵਿਚ ਕੱਚੇ ਕੋਲੇ ਦੀ ਅਣਵਰਤੀ ਖਾਣ ਕਿਰਾਏ 'ਤੇ ਲੈ ਕੇ ਨਵਾਂ ਕੰਮ ਆਰੰਭ ਕਰਨ ਦੀ ਯੋਜਨਾ ਬਣਾਉਂਦਾ ਹੈ ਤਾਂ ਜੋ ਉਹ ਕੁਝ ਸਮਾਂ ਕਿਤਾਬਾਂ ਤੋਂ ਦੂਰ ਰਹਿ ਕੇ ਸਾਧਾਰਣ ਕਾਮਿਆਂ ਨਾਲ ਵਿਚਰਦਿਆਂ ਆਪਣੀ ਪਛਾਣ ਤੇ ਜ਼ਿੰਦਗੀ ਦੇ ਅਸਲ ਅਰਥਾਂ ਦੀ ਭਾਲ ਕਰ ਸਕੇ ਇਸ ਸਫ਼ਰ ਦੇ ਸ਼ੁਰੂਆਤੀ ਸਮੇਂ 'ਚ ਹੀ ਗਰੀਕ ਲੇਖਕ ਦੀ ਮੁਲਾਕਾਤ 'ਜ਼ੋਰਬਾ' ਨਾਲ ਹੁੰਦੀ ਹੈ ਗਰੀਕ ਲੇਖਕ ਆਪਣੀ ਪਹਿਲੀ ਮੁਲਾਕਾਤ ਦੌਰਾਨ ਹੀ 'ਜ਼ੋਰਬਾ' ਦੀ ਬੇਚੈਣ ਤੱਕਣੀ, ਰੁੱਖੇ ਵਤੀਰੇ ਤੇ ਚੁੱਭਵੇਂ ਸ਼ਬਦਾਂ ਤੋਂ ਪ੍ਰਭਾਵਿਤ ਹੋ ਉੱਠਦਾ ਹੈ। ਨਾਵਲਕਾਰ ਨੇ ਅਲੈਕਸਿਸਜ਼ੋਰਬਾ ਨੂੰ ਨਾਵਲ 'ਚ ਪੈਂਹਠ ਸਾਲਾਂ ਦੇ ਇਕ ਪੌੜ੍ਹ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਹੈ ਜੋ ਕਿ ਇਕੋ ਸਮੇਂ ਨਾਵਲੀ-ਕਥਾ 'ਚ ਕਈ ਸਾਰੀਆਂ ਮਾਨਵੀ ਖ਼ੂਬੀਆਂ ਲੈ ਕੇ ਪ੍ਰਗਟ ਹੋਇਆ ਹੈ ਜ਼ੋਰਬਾ ਨੂੰ ਮਿਲ ਕੇ ਗਰੀਕ ਲੇਖਕ ਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਜ਼ੋਰਬਾ ਨੇ ਉਸ ਲਈ ਸ਼ੋਰ-ਸ਼ਰਾਬੇ ਵਾਲੇ ਸੰਸਾਰ ਦਾ ਦਰਵਾਜ਼ਾ ਖੋਲ੍ਹ ਦਿੱਤਾ ਹੋਵੇ... ਗਰੀਕ ਲੇਖਕ ਉਸ ਨੂੰ ਫੋਰਮੈਨ ਦੇ ਰੂਪ ਵਿਚ ਆਪਣੇ ਨਾਲ ਰੱਖ ਲੈਂਦਾ ਹੈ।

ਨਾਵਲੀ-ਕਥਾ ਦੇ ਆਰੰਭ ਵਿਚ ਹੀ 'ਜ਼ੋਰਬਾ' ਦੇ ਕਿਰਦਾਰ ਦੇ ਗੁਣ ਪਾਠਕਾਂ ਸਾਹਮਣੇ ਉਭਰਨ ਲੱਗਦੇ ਹਨ। ਜ਼ੋਰਬਾ ਲਈ ਉਸਦੀ 'ਆਜ਼ਾਦੀ' ਹੀ ਸਭ ਕੁਝ ਹੈ। ਉਸ ਨੂੰ ਕਲਾ ਨਾਲ ਪਿਆਰ ਹੈ। ਉਹ ਨ੍ਰਿਤ ਕਰਦਾ ਹੈ। ਉਹ ਸੰਤੂਰੀ ਵੀ ਵਜਾਉਂਦਾ ਹੈ ਪਰ ਇਹ ਸਭ ਕੇਵਲ ਉਸ ਲਈ ਨਿੱਜ ਦੇ ਪ੍ਰਗਟਾਅ ਦਾ ਮਾਧਿਅਮ ਹਨ। ਜ਼ੋਰਬਾ ਕਰੀਟ ਦੇ ਸਫ਼ਰ 'ਤੇ ਜਾਣ ਤੋਂ ਪਹਿਲਾਂ ਆਪ ਵੀ ਲੇਖਕ ਨੂੰ ਇਹ ਗੱਲ ਸਪੱਸ਼ਟ ਕਰਦਾ ਹੈ ਕਿ ਉਸ ਲਈ ਆਪਣੀ ਇੱਛਾ ਤੇ ਨਿੱਜਤਾ ਸਭ ਤੋਂ ਵੱਧ ਅਹਿਮ ਹਨ ਗਰੀਕ ਲੇਖਕ ਵੀ ਇਹ

ਕਾਰਜ 'ਜ਼ੋਰਬਾ' ਤੋਂ ਜ਼ਬਰਦਸਤੀ ਨਾ ਕਰਵਾਉਣ ਦੀ ਗੱਲ ਨੂੰ ਸਵੀਕਾਰ ਕਰ ਲੈਂਦਾ ਹੈ ਇਸ ਉਪਰੰਤ ਦੋਵੇਂ ਪਾਤਰ ਕਰੀਟ ਦੇ ਸਫ਼ਰ ਲਈ ਅਗਾਂਹ ਤੁਰ ਪੈਂਦੇ ਹਨ।




ਕਰੀਟ ਦੇ ਟਾਪੂ 'ਤੇ ਜ਼ੋਰਬਾ ਦੇ ਸੰਬੰਧ ਮੈਡਮ ਹਾਰੈਂਸ ਨਾਲ ਬਣਦੇ ਹਨ ਮੈਡਮ ਹਾਰੈਂਸ ਕਰੀਟ ਦੇ ਇਕ ਹੋਟਲ ਦੀ ਮਾਲਕਣ ਹੈ। ਇਹ ਇਕ ਫ੍ਰੈਂਚ ਔਰਤ ਹੈ ਤੇ ਇਕ ਕਲਾਕਾਰ ਵੀ ਰਹੀ ਹੈ। ਨਾਵਲਕਾਰ ਨੇ ਮੈਡਮ ਹਾਰੈਂਸ ਦੀ ਪਛਾਣ ਇਕ ਪੌੜ੍ਹ ਉਮਰ ਦੀ ਔਰਤ ਦੇ ਰੂਪ ਵਿਚ ਸਥਾਪਿਤ ਕੀਤੀ ਹੈ ਜਿਸ ਨੇ ਆਪਣੇ ਜੀਵਨ ਦੇ ਹਰ ਰੰਗ ਨੂੰ ਬਾਖ਼ੂਬੀ ਮਾਣਿਆ ਹੈ ਪਰ 'ਅੱਜ' ਦੇ ਸਮੇਂ ਉਸ ਅੰਦਰ ਆਪਣੀ ਢਲਦੀ ਉਮਰ ਤੇ ਫਿੱਕੇ ਪੈਂਦੇ ਸੁਹੱਪਣ ਲਈ ਡਰ ਅਤੇ ਦੁੱਖ ਹੈ ਕਰੀਟ ਦੇ ਟਾਪੂ 'ਤੇ ਮੈਡਮ ਹਾਰੈਂਸ ਆਪਣੇ ਅਤੀਤ ਦੀਆਂ ਖ਼ੂਬਸੂਰਤ ਯਾਦਾਂ ਨਾਲ ਇਕੱਲੀ ਵਿਚਰਦੀ ਨਜ਼ਰ ਆਉਂਦੀ ਹੈ। ਜ਼ੋਰਬਾ ਤੇ ਮੈਡਮ ਹਾਰੈਂਸ ਵਿਚਕਾਰ ਸੰਬੰਧ ਕਾਇਮ ਹੁੰਦੇ ਹਨ ਇਹ ਸੰਬੰਧ ਕੇਵਲ ਸਰੀਰਕ ਪੱਧਰ ਤਕ ਹੀ ਸੀਮਿਤ ਨਹੀਂ ਰਹਿੰਦੇ ਸਗੋਂ ਭਾਵਨਾਤਮਕ ਧਰਾਤਲ 'ਤੇ ਵੀ ਵਾਪਰਦੇ ਹਨ ਇਨ੍ਹਾਂ ਦੋਹਾਂ ਪਾਤਰਾਂ (ਜ਼ੋਰਬਾ ਅਤੇ ਮੈਡਮ ਹਾਰੈਂਸ) ਦੇ ਸੰਬੰਧਾਂ ਰਾਹੀਂ ਨਾਵਲਕਾਰ ਜ਼ੋਰਬਾ ਦੇ ਕਿਰਦਾਰ ਦਾ ਇਕ ਹੋਰ ਮਹੱਤਵਪੂਰਣ ਗੁਣ ਉਸ ਅੰਦਰਲੀ 'ਸੰਵੇਦਨਸ਼ੀਲਤਾ' ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ। ਜ਼ੋਰਬਾ ਇੱਥੇ ਇਕ ਸੰਵੇਦਨਸ਼ੀਲ ਵਿਅਕਤੀ ਦੇ ਰੂਪ ਵਿਚ ਉੱਭਰਦਾ ਹੈ। ਉਹ ਔਰਤਾਂ ਨੂੰ ਸਮਾਜ ਵਿਚਲੀ ਇਕ ਕਮਜ਼ੋਰ ਇਕਾਈ ਦੇ ਰੂਪ 'ਚ ਦੇਖਦਾ ਹੈ। ਜਿਸ ਨੂੰ ਪਿਆਰ ਅਤੇ ਹਮਦਰਦੀ ਦੀ ਲੋੜ ਹੈ ਪਰ ਇੱਥੇ ਵੇਖਣ ਯੋਗ ਗੱਲ ਇਹ ਹੈ ਕਿ ਉਸ ਅੰਦਰਲੀ ਇਹ ਸੰਵੇਦਨਾ ਕਿਸੇ ਇਕ ਔਰਤ-ਵਿਸ਼ੇਸ਼ ਲਈ ਨਹੀਂ ਸਗੋਂ ਸਮੁੱਚੀ ਔਰਤ ਜਾਤੀ ਲਈ ਹੈ। ਉਸ ਨੂੰ ਆਪਣੀ ਜ਼ਿੰਦਗੀ 'ਚ ਆਈ ਹਰ ਔਰਤ ਨਾਲ ਪਿਆਰ ਹੈ। ਔਰਤਾਂ ਨੂੰ ਸਮਾਜ ਵਿਚਲਾ ਇਕ ਕਮਜ਼ੋਰ ਤੇ ਉਪਭਾਵੁਕ ਪ੍ਰਾਣੀ ਮੰਨਣ ਵਾਲੇ ਜ਼ੋਰਬਾ ਲਈ ਔਰਤ ਹੀ ਉਸਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ ਜਿਸ ਲਈ ਉਹ ਸਾਰੀ ਉਮਰ ਭਟਕਦਾ ਵੀ ਰਹਿੰਦਾ ਹੈ। ਨਾਵਲਕਾਰ ਨੇ ਜ਼ੋਰਬਾ ਅੰਦਰਲੀ ਔਰਤਾਂ ਪ੍ਰਤੀ ਸੰਵੇਦਨਸ਼ੀਲਤਾ ਨੂੰ ਨਾਵਲੀ-ਕਥਾ 'ਚ ਇਉਂ ਬਿਆਨਿਆ ਹੈ :

ਜ਼ੋਰਬਾ ਉਤੇਜਿਤ ਹੋਇਆ ਪਿਆ ਸੀ ਖੱਬੇ ਹੱਥ ਨਾਲ ਉਸ ਨੇ ਆਪਣੀ ਮੁੱਛ ਨੂੰ ਤਾਅ ਦਿੱਤਾ ਤੇ ਅਚਨਚੇਤ ਹੀ ਉਸ ਦਾ ਸੱਜਾ ਹੱਥ ਨਸ਼ੇ 'ਚ ਮਦਹੋਸ਼ ਹੋਈ ਗਾਇਕਾ 'ਤੇ ਜਾ ਪਿਆ ਉਹ ਹੌਂਕ ਰਿਹਾ ਸੀ, ਉਸ ਦੀਆਂ ਅੱਖਾਂ ਨਿਢਾਲ ਹੋਈਆਂ ਪਈਆਂ ਸਨ ਜਿਸ ਔਰਤ ਨੂੰ ਉਹ ਆਪਣੇ ਸਾਹਮਣੇ ਦੇਖ ਰਿਹਾ ਸੀ, ਉਹ ਲਾਸ਼ ਵਾਂਗ ਸੁੰਗੜੀ ਤੇ ਸੁੱਕੀ ਹੋਈ ਨਹੀਂ ਸੀ, ਤੇ ਨਾ ਕੋਈ ਫੂਹੜ ਢੰਗ ਨਾਲ ਪੇਂਟ ਕੀਤੀ ਹੋਈ ਕਿਸੇ ਔਰਤ ਦੀ ਤਸਵੀਰ ਸੀ, ਬਲਕਿ ਉਹ ਸਮੁੱਚੀ ਔਰਤ ਜਾਤੀ ਦੀ ਸ਼ਕਲ ਸੂਰਤ ਸੀ; ਕਿਉਂਕਿ ਉਹ ਸਾਰੀਆਂ ਔਰਤਾਂ ਨੂੰ ਇਕੋ ਜਿਹੀਆਂ ਸਮਝਦਾ ਸੀ ਹੁਣ ਨਿੱਜੀ ਹੋਂਦ ਖ਼ਤਮ ਹੋ ਗਈ ਸੀ, ਨੈਣ-ਨਕਸ਼ ਮਿਟ ਗਏ ਸਨ, ਹੁਣ ਇਸ ਚੀਜ਼ ਦੀ ਕੋਈ ਪ੍ਰਵਾਹ ਨਹੀਂ ਸੀ ਕਿ ਉਹ ਜੁਆਨ ਸੀ ਜਾਂ ਬਜ਼ੁਰਗ, ਖ਼ੂਬਸੂਰਤ ਸੀ ਜਾਂ ਬਦਸੂਰਤ-ਇਹ ਭੇਦ ਹੁਣ ਬਿਲਕੁਲ ਮਹੱਤਵਹੀਣ ਹੋ ਗਏ ਸਨ ਹਰ ਔਰਤ ਦੇ ਚਿਹਰੇ ਪਿੱਛੇ ਇਕ ਸਾਦਗੀ ਪਸੰਦ, ਪਵਿੱਤਰ, ਰਹੱਸ ਭਰਿਆ ਤੇ Aphrodite (ਯੂਨਾਨੀ ਮਿੱਥ ਅਨੁਸਾਰ ਪਿਆਰ ਤੇ ਕਾਮ ਦੀ ਦੇਵੀ) ਦਾ ਚਿਹਰਾ ਵੀ ਹੁੰਦਾ ਹੈ।

ਕਰੀਟ ਦੇ ਟਾਪੂ 'ਤੇ ਕੱਚੇ ਕੋਲੇ ਦੀ ਖਾਣ ਦਾ ਕੰਮ ਆਰੰਭ ਹੁੰਦਾ ਹੈ ਸਮਾਜਵਾਦੀ ਵਿਚਾਰਧਾਰਾ ਦਾ ਧਾਰਨੀ ਲੇਖਕ ਕਾਮਿਆਂ 'ਚ ਏਕਤਾ ਤੇ ਬਰਾਬਰੀ ਦੇ ਸੁਪਨੇ ਦੇਖਦਾ ਹੈ। ਉਹ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਲੋਚਦਾ ਹੈ। ਜਿੱਥੇ ਹਰ ਕਿਸੇ ਨੂੰ ਉਸ ਦੇ ਕੰਮ ਦਾ ਹਿੱਸਾ ਮਿਲੇ ਇਸੇ ਕਰਕੇ ਉਹ ਕਾਮਿਆਂ ਨਾਲ ਵੱਧ ਵਿਚਰਦਾ ਹੈ। ਜ਼ੋਰਬਾ ਨੂੰ ਗਰੀਕ ਲੇਖਕ ਦੇ ਅਜਿਹੇ ਵਿਵਹਾਰ ਉੱਤੇ ਖਿੱਝ ਆਉਂਦੀ ਹੈ। ਉਹ ਲੇਖਕ ਨੂੰ ਇਹ ਗੱਲ ਸਮਝਾਉਂਦਾ ਹੈ ਕਿ ਮਨੁੱਖ ਇਕ ਜਾਨਵਰ ਹੈ। ਤੁਸੀਂ ਇਸ ਨਾਲ ਜਿੰਨੀ ਕਠੋਰਤਾ ਵਰਤੋਗੇ, ਇਹ ਓਨਾ ਹੀ ਤੁਹਾਡੀ ਇੱਜ਼ਤ ਕਰੇਗਾ ਜੇ ਕਰ ਤੁਸੀਂ ਇਸ ਪ੍ਰਤੀ ਦਿਆਲੂ ਵਿਵਹਾਰ ਰੱਖੋਗੇ, ਇਹ ਤੁਹਾਡੀਆਂ ਅੱਖਾਂ ਬਾਹਰ ਕੱਢ ਲਵੇਗਾ। ਉਹ ਗਰੀਕ ਲੇਖਕ ਨੂੰ ਕਾਮਿਆਂ ਤੋਂ ਦੂਰੀ ਬਣਾਉਣ ਲਈ ਕਹਿੰਦਾ ਹੈ। ਜ਼ੋਰਬਾ ਦੇ ਵਿਚਾਰਾਂ 'ਚ ਸਪੱਸ਼ਟਤਾ ਹੈ। ਉਸ ਕੋਲ ਸਮਾਜ ਤੇ ਮਨੁੱਖੀ ਵਿਵਹਾਰ ਪ੍ਰਤੀ ਗਹਿਰੀ ਸਮਝ ਹੈ। ਨਾਵਲੀ-ਕਥਾ 'ਚ ਕਈ ਥਾਵੇਂ ਉਹ ਲੇਖਕ ਨੂੰ ਲੋਕਾਂ ਨਾਲ ਵਿਚਰਨ ਸੰਬੰਧੀ ਹਦਾਇਤਾਂ ਦਿੰਦਾ ਵੀ ਨਜ਼ਰ ਆਉਂਦਾ ਹੈ। ਉਹ ਲੇਖਕ ਨੂੰ ਲੋਕਾਂ ਦੀ ਜ਼ਿੰਦਗੀ 'ਚ ਦਖ਼ਲ ਅੰਦਾਜ਼ੀ ਕਰਨ ਤੋਂ ਰੋਕਦਾ ਹੈ। ਗਰੀਕ ਲੇਖਕ ਗੁੱਸੇ 'ਚ ਉਤੇਜਿਤ ਹੋ ਕੇ ਜ਼ੋਰਬਾ ਨੂੰ ਇਹ ਸਵਾਲ ਕਰਦਾ ਹੈ ਕਿ ਆਖ਼ਿਰਕਾਰ ਉਹ ਦੁਨੀਆਂ ਦੀ ਕਿਹੜੀ ਚੀਜ਼ ਉੱਤੇ ਵਿਸ਼ਵਾਸ ਰੱਖਦਾ ਹੈ? ਜ਼ੋਰਬਾ ਦਾ ਜਵਾਬ ਉਸ ਅੰਦਰਲੇ ਆਤਮ-ਵਿਸ਼ਵਾਸ ਨੂੰ ਪ੍ਰਗਟਾਉਂਦਾ ਹੈ। ਉਹ ਕਹਿੰਦਾ ਹੈ ਕਿ 'ਮੈਂ ਕੇਵਲ ਖ਼ੁਦ ਉਤੇ ਹੀ ਵਿਸ਼ਵਾਸ ਰੱਖਦਾ ਹਾਂ' ਇਸ ਲਈ ਨਹੀਂ ਕਿ ਉਹ ਹੋਰ ਲੋਕਾਂ ਤੋਂ ਵੱਧੀਆ ਹੈ ਸਗੋਂ ਇਸ ਕਰ ਕੇ ਕਿ ਇਕ 'ਜ਼ੋਰਬਾ' ਹੀ ਹੈ ਜਿਸ 'ਤੇ ਉਹ ਕਾਬੂ ਰੱਖ ਸਕਦਾ ਹੈ। ਗਰੀਕ ਲੇਖਕ 'ਜ਼ੋਰਬਾ' ਦੇ ਆਤਮ-ਵਿਸ਼ਵਾਸ ਤੇ ਦੁਨੀਆਂ ਬਾਰੇ ਗਹਿਰੀ ਸਮਝ ਤੋਂ ਪ੍ਰਭਾਵਿਤ ਹੋ ਉੱਠਦਾ ਹੈ। ਗਰੀਕ ਲੇਖਕ ਨੂੰ ਪਹਿਲੀ ਵਾਰ ਪੜ੍ਹੇ-ਲਿਖੇ ਲੋਕਾਂ ਦੀ ਸੋਚ ਅਤੇ ਅਨਪੜ੍ਹ ਬੰਦੇ ਦੀ ਮਾਨਸਿਕਤਾ ਵਿਚਲਾ ਅੰਤਰ ਨਜ਼ਰ ਆਉਂਦਾ ਹੈ :

ਮੈਂ ਸੋਚਿਆ ਕਿ ਉਹ ਆਦਮੀ ਕਿਸੇ ਸਕੂਲ ਨਹੀਂ ਗਿਆ,ਪਰ ਉਸ ਦਾ ਦਿਮਾਗ ਕੁਰਾਹੇ ਨਹੀਂ ਪਿਆ। ਉਹ ਹਰ ਤਰ੍ਹਾਂ ਦੇ ਤਜਰਬਿਆਂ ਨਾਲ ਲੈਸ ਹੈ, ਉਸ ਦਾ ਮਨ ਖੁੱਲ੍ਹਾ ਹੈ ਤੇ ਉਹ ਵਿਸ਼ਾਲ ਦਿਲ ਵਾਲਾ ਹੈ, ਉਸ ਨੇ ਪੁਰਾਤਨ ਸਮੇਂ ਦੀ ਬਹਾਦਰੀ ਦਾ ਇਕ ਆਊਂਸ ਵੀ ਅਜਾਈਂ ਨਹੀਂ ਗੁਆਇਆ। ਸਾਰੀਆਂ ਉਹ ਮੁਸ਼ਕਲਾਂ ਜਿਨ੍ਹਾਂ ਨੂੰ ਅਸੀਂ ਏਨੀਆਂ ਜਟਿਲ ਤੇ ਨਾ ਹੱਲ ਹੋਣ ਵਾਲੀਆਂ ਸਮਝਦੇ ਹਾਂ,ਉਹ ਉਹਨਾਂ ਵਿਚੋਂ ਇਸ ਤਰ੍ਹਾਂ ਸੌਖਿਆਂ ਲੰਘ ਜਾਂਦਾ ਹੈ, ਜਿਵੇਂ ਅਲੈਗਜ਼ੈਂਡਰ ਮਹਾਨ ਆਪਣੀ ਤਲਵਾਰ ਨਾਲ ਕੋਈ ਪੀਚਵੀਂ ਗੰਢ ਨੂੰ ਕੱਟ ਕੇ ਖੋਲ੍ਹ ਲੈਂਦਾ ਹੈ। ਆਪਣੇ ਨਿਸ਼ਾਨੇ ਤੋਂ ਖੁੰਝਣਾ ਉਸ ਲਈ ਮੁਸ਼ਕਲ ਕੰਮ ਹੈ। ਕਿਉਂਕਿ ਉਸ ਦੇ ਦੋਨੋਂ ਪੈਰ ਆਪਣੇ ਸਰੀਰ ਦੇ ਭਾਰ ਨਾਲ ਜ਼ਮੀਨ 'ਤੇ ਚੰਗੀ ਤਰ੍ਹਾਂ ਟਿਕੇ ਹੋਏ ਹਨ। ਅਫ਼ਰੀਕਾ ਦੇ ਜਾਂਗਲੀ ਲੋਕ ਸੱਪ ਦੀ ਪੂਜਾ ਕਰਦੇ ਹਨ, ਕਿਉਂਕਿ ਉਸ ਦਾ ਸਾਰਾ ਸਰੀਰ ਹੀ ਧਰਤੀ ਨੂੰ ਛੂੰਹਦਾ ਹੈ ਤੇ ਜਾਪਦਾ ਹੈ ਕਿ ਇਸ ਨੂੰ ਧਰਤੀ ਦੇ ਸਾਰੇ ਭੇਤਾਂ ਬਾਰੇ ਜਾਣਕਾਰੀ ਹੈ। ਇਹ ਅਜਿਹੇ ਭੇਦਾਂ ਨੂੰ ਆਪਣੇ ਪੇਟ, ਪੂਛ ਤੇ ਸਿਰ ਰਾਹੀਂ ਜਾਣਦਾ ਹੈ। ਇਹ ਹਮੇਸ਼ਾਂ ਧਰਤੀ ਮਾਂ ਦੇ ਸੰਬੰਧ ਵਿਚ ਜਾਂ ਉਸ ਨਾਲ ਰਲ ਮਿਲ ਕੇ ਰਹਿੰਦਾ ਹੈ। ਜ਼ੋਰਬਾ ਲਈ ਵੀ ਇਹ ਗੱਲ ਸੱਚ ਹੈ ਸਾਡੇ ਪੜ੍ਹੇ-ਲਿਖੇ ਲੋਕਾਂ ਦੇ ਦਿਮਾਗ਼ ਅਜਿਹੀ ਸੂਝ ਤੋਂ ਸੱਖਣੇ ਹਨ।

ਜ਼ੋਰਬਾ ਦਾ ਕਿਰਦਾਰ ਗਰੀਕ ਲੇਖਕ ਅੱਗੇ ਹੋਰ ਵੀ ਸਪੱਸ਼ਟ ਰੂਪ ਵਿਚ ਉੱਭਰਨ ਲੱਗਦਾ ਹੈ। ਉਹ ਇਕ ਅਜਿਹੇ ਇਨਸਾਨ ਦੇ ਰੂਪ ਵਿਚ ਲੇਖਕ ਸਾਹਮਣੇ ਪ੍ਰਗਟ ਹੁੰਦਾ ਹੈ ਜੋ ਜ਼ਿੰਦਗੀ ਨੂੰ ਖੁੱਲ੍ਹ ਕੇ ਮਾਣਨ 'ਚ ਯਕੀਨ ਰੱਖਦਾ ਹੈ। ਜ਼ੋਰਬਾ ਕੋਲ ਜ਼ਿੰਦਗੀ ਜੀਊਣ ਦਾ ਆਪਣਾ ਹੀ ਇਕ ਨਜ਼ਰੀਆ ਹੈ। ਉਹ ਆਪਣੇ 'ਅੱਜ' ਵਿਚ ਜੀਊਂਦਾ ਹੈ। ਉਸ ਅਨੁਸਾਰ ਆਦਮੀ ਦੀ ਜ਼ਿੰਦਗੀ ਦਾ ਉਦੇਸ਼ 'ਖੁਸ਼ੀ' ਪੈਦਾ ਕਰਨਾ ਹੈ। ਜ਼ੋਰਬਾ ਆਪਣੀ ਜ਼ਿੰਦਗੀ 'ਚ ਖ਼ੁਸ਼ੀ ਪੈਦਾ ਕਰਨ ਲਈ ਨ੍ਰਿਤ ਕਰਦਾ ਹੈ ਅਤੇ ਸੰਤੂਰੀ ਵਜਾਉਂਦਾ ਹੈ। ਉਸ ਨੂੰ ਔਰਤ ਦੀ ਸੰਗਤ ਚੰਗੀ ਲੱਗਦੀ ਹੈ। ਉਹ ਮਾਸ, ਮੱਛੀ ਤੇ ਸ਼ਰਾਬ ਦਾ ਸੇਵਨ ਵੀ ਕਰਦਾ ਹੈ। ਨਾਵਲਕਾਰ

ਨੇ ਜ਼ੋਰਬਾ ਅੰਦਰਲੀ ਇਸ ਖ਼ੂਬੀ ਨੂੰ ਇਉਂ ਬਿਆਨਿਆ ਹੈ :

ਮੈਂ ਬੜੇ ਨਿਰਦਈ ਲਹਿਜ਼ੇ 'ਚ ਜ਼ੋਰਬਾ ਨੂੰ ਕਹਿ ਦਿੱਤਾ, ਜ਼ੋਰਬਾ, ਤੂੰ ਵਿਚਾਰੀ ਬੂਬੋਲੀਨਾ ਨੂੰ ਬੜੀ ਜਲਦੀ ਭੁੱਲ ਗਿਆ ਹੈਂ ' ਜ਼ੋਰਬਾ ਨੂੰ ਖਿੱਝ ਚੜ੍ਹ ਗਈ ਤੇ ਉਹ ਉੱਚੀ ਆਵਾਜ਼ 'ਚ ਬੋਲਣ ਲੱਗਾ।

ਉਹ ਚਿਲਾਇਆ, ਨਵਾਂ ਰਾਹ, ਨਵੇਂ ਵਿਚਾਰ ਮੈਂ ਹਰ ਵੇਲੇ ਇਹ ਸੋਚਣਾ ਬੰਦ ਕਰ ਦਿੱਤਾ ਹੈ ਕਿ ਕੱਲ੍ਹ ਕੀ ਹੋਇਆ ਸੀ ਤੇ ਇਸ ਗੱਲ ਦਾ ਫ਼ਿਕਰ ਕਰਨਾ ਵੀ ਛੱਡ ਦਿੱਤਾ ਹੈ ਕਿ ਕੱਲ੍ਹ ਕੀ ਹੋਣ ਵਾਲਾ ਹੈ। ਇਸ ਵੇਲੇ ਅੱਜ ਕੀ ਹੋ ਰਿਹਾ ਹੈ, ਬਸ ਮੈਨੂੰ ਇਸੇ ਗੱਲ ਦੀ ਪ੍ਰਵਾਹ ਹੈ ਮੈਂ ਕਹਿੰਦਾ ਹਾਂ : 'ਜ਼ੋਰਬਾ, ਤੂੰ ਇਸ ਵੇਲੇ ਕੀ ਕਰ ਰਿਹਾ ਹੈ ? ਮੈਂ ਸੌਂ ਰਿਹਾ ਹਾਂ। ਠੀਕ ਹੈ ਚੰਗੀ ਤਰ੍ਹਾਂ ਸੌਂ। ਜ਼ੋਰਬਾ ਤੂੰ ਇਸ ਵੇਲੇ ਕੀ ਕਰ ਰਿਹਾ ਹੈ ? ਮੈਂ ਕੰਮ ਕਰ ਰਿਹਾ ਹਾਂ। ਠੀਕ ਹੈ, ਚੰਗੀ ਤਰ੍ਹਾਂ ਕੰਮ ਕਰ। ਜ਼ੋਰਬਾ ਤੂੰ ਹੁਣ ਕੀ ਕਰ ਰਿਹਾ ਹੈ? ਮੈਂ ਇਕ ਔਰਤ ਨੂੰ ਚੁੰਮ ਰਿਹਾ ਹਾਂ ਠੀਕ ਹੈ, ਜ਼ੋਰਬਾ ਉਸ ਨੂੰ ਚੰਗੀ ਤਰ੍ਹਾਂ ਚੁੰਮ ਅਤੇ ਜਦੋਂ ਤੂੰ ਇਹ ਕੰਮ ਕਰ ਰਿਹਾ ਹੈਂ, ਬਾਕੀ ਸਾਰੇ ਕੰਮ ਭੁੱਲ ਜਾ: ਇਸ ਧਰਤੀ 'ਤੇ ਬਸ ਤੁਸੀਂ ਦੋਵੇਂ ਹੀ ਹੋ, ਹੋਰ ਕੋਈ ਨਹੀਂ! ਇਵੇਂ ਹੀ ਲੱਗਾ ਰਹਿ।

ਜ਼ੋਰਬਾ ਨੂੰ ਜ਼ਿੰਦਗੀ ਨਾਲ ਪਿਆਰ ਹੈ। ਉਹ ਜ਼ਿੰਦਗੀ ਵਿਚਲੇ ਹਰ ਸੰਘਰਸ਼ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਕਿਸੇ ਵੀ ਕੰਮ ਵਿਚਲੀ ਜਿੱਤ ਜਾਂ ਹਾਰ ਉਸ ਅੰਦਰਲੇ ਉਤਸਾਹ ਨੂੰ ਘੱਟ ਨਹੀਂ ਕਰਦੀ ਸਗੋਂ ਉਹ ਤਾਂ ਹੋਰ ਜੋਸ਼ ਤੇ ਉਤਸ਼ਾਹ ਨਾਲ ਭਰ ਜਾਂਦਾ ਹੈ। ਉਸ ਨੂੰ ਪ੍ਰਕ੍ਰਿਤੀ ਨਾਲ ਪਿਆਰ ਹੈ। ਉਹ ਪ੍ਰਕ੍ਰਿਤੀ ਦੀ ਹਰ ਸ਼ੈਅ ਨੂੰ ਅਚੰਭਿਤ ਹੋ ਕੇ ਇਉਂ ਵਾਚਦਾ ਹੈ। ਜਿਵੇਂ ਕਿ ਪਹਿਲੀ ਵਾਰ ਦੇਖੀ ਹੋਵੇ ਜ਼ੋਰਬਾ ਨੂੰ ਇੰਜ ਮਹਿਸੂਸ ਹੁੰਦਾ ਹੈ। ਜਿਵੇਂ ਕਿ ਸਮੁੰਦਰ, ਧਰਤੀ, ਪੱਥਰ, ਫੁੱਲ, ਬਾਰਿਸ਼ ਆਦਿ ਵੀ ਸੰਵਾਦ ਰਚਾਉਂਦੇ ਹਨ। ਜਿਸ ਨੂੰ ਸਮਝਣ 'ਚ ਮਨੁੱਖ ਅਸਮਰਥ ਹੈ। ਜ਼ੋਰਬਾ ਅੰਦਰਲੀ ਜਿਗਿਆਸੂ ਪ੍ਰਵਿਰਤੀ ਨੂੰ ਨਾਵਲਕਾਰ ਨੇ ਨਾਵਲੀ-ਬਿਰਤਾਂਤ ਵਿਚ ਇਉਂ ਪੇਸ਼ ਕੀਤਾ ਹੈ :

ਹਰ ਸ਼ਾਮ ਮੈਨੂੰ ਜ਼ੋਰਬਾ ਯੂਨਾਨ, ਬੁਲਗਾਰੀਆ ਅਤੇ ਕਾਂਸਟੈਂਟੀਨੋਪੋ ਦੀ ਸੈਰ ਕਰਾ ਦਿੰਦਾ ਹੈ। ਮੈਂ ਅੱਖਾਂ ਬੰਦ ਕਰਕੇ ਦੇਖ ਲੈਂਦਾ ਹਾਂ ਉਸਨੇ ਸਾਰੇ ਬਰਬਾਦ ਹੋਏ ਤੇ ਘੜਮੱਸ ਭਰੇ ਬਾਲਕਨ ਵਾਸੀਆਂ ਦੇ ਇਲਾਕੇ ਗਾਹੇ ਹੋਏ ਹਨ ਤੇ ਆਪਣੀਆਂ ਛੋਟੀਆਂ-ਛੋਟੀਆਂ ਬਾਜ਼ ਵਰਗੀਆਂ ਅੱਖਾਂ ਨਾਲ, ਜੋ ਕਿ ਲਗਾਤਾਰ ਹੈਰਾਨੀ 'ਚ ਖੁੱਲ੍ਹੀਆਂ ਰਹਿੰਦੀਆਂ ਹਨ, ਹਰ ਇਕ ਚੀਜ਼ ਨੂੰ ਧਿਆਨ ਨਾਲ ਦੇਖਿਆ ਹੈ ਅਸੀਂ ਜਿਨ੍ਹਾਂ ਚੀਜ਼ਾਂ ਦੇ ਆਦੀ ਹੋ ਚੁੱਕੇ ਹਾਂ ਤੇ ਜਿਹਨਾਂ ਲਾਗਿਉਂ ਅਸੀਂ ਬੇਲਾਗ ਹੋ ਕੇ ਲੰਘ ਜਾਂਦੇ ਹਾਂ,ਉਹ ਚੀਜ਼ਾ ਜ਼ੋਰਬਾ ਸਾਹਮਣੇ ਡਰਾਉਣੇ ਰਹੱਸ ਵਾਂਗਰ ਉੱਭਰ ਆਉਂਦੀਆਂ ਹਨ ਔਰਤ ਨੂੰ ਲੰਘਦਿਆਂ ਦੇਖਕੇ, ਉਹ ਵਿਆਕੁਲ ਹੋ ਕੇ ਖਲੋ ਜਾਂਦਾ ਹੈ

ਉਹ ਪੁੱਛਦਾ ਹੈ, 'ਇਹ ਕਿਹੋ ਜਿਹੀ ਬੁਝਾਰਤ ਹੈ? ਔਰਤ ਕੀ ਚੀਜ਼ ਹੈ, ਤੇ ਉਸਦੇ ਵੱਲ ਸਾਡੇ ਚਿਹਰੇ ਕਿਉਂ ਮੁੜ ਜਾਂਦੇ ਹਨ? ਮੈਂ ਤੁਹਾਨੂੰ ਪੁੱਛਦਾ ਹਾਂ, ਤੁਸੀਂ ਮੈਨੂੰ ਸਿਰਫ਼ ਇਹ ਦੱਸੋ ਕਿ ਇਸਦਾ ਅਰਥ ਕੀ ਹੈ?

ਉਹ ਇਸੇ ਹੈਰਾਨੀ ਨਾਲ ਹੀ ਇਹ ਪ੍ਰਸ਼ਨ ਆਪਣੇ ਆਪ ਨੂੰ ਉਦੋਂ ਵੀ ਪੁੱਛਦਾ ਹੈ, ਜਦੋਂ ਉਹ ਕਿਸੇ ਆਦਮੀ, ਖਿੜੇ ਹੋਏ ਫੁੱਲਾਂ ਨਾਲ ਲੱਦੇ ਹੋਏ ਦਰਖ਼ਤ ਤੇ ਠੰਢੇ ਪਾਣੀ ਦੇ ਗਲਾਸ ਨੂੰ ਦੇਖਦਾ ਹੈ। ਜ਼ੋਰਬਾ ਹਰ ਰੋਜ਼ ਹਰ ਚੀਜ਼ ਨੂੰ ਏਦਾਂ ਦੇਖਦਾ ਹੈ, ਜਿਵੇਂ ਪਹਿਲੀ ਵਾਰ ਦੇਖ ਰਿਹਾ ਹੋਵੇ।

ਨਾਵਲੀ-ਕਥਾ ਵਿਚ ਪ੍ਰਗਟ ਹੋਈ ਕਿਸੇ ਰੋਮਾਂਚਕ ਸਥਿਤੀ ਦੌਰਾਨ ਜ਼ੋਰਬਾ ਆਪਣੇ ਅੰਦਰਲੀ ਸੰਵੇਦਨਾ ਦੀ ਅਭਿਵਿਅਕਤੀ ਲਈ ਨ੍ਰਿਤ-ਕਲਾ ਅਤੇ ਸੰਤੂਰੀ ਸਾਜ਼ ਦੀ ਵਰਤੋਂ ਕਰਦਾ ਹੈ। ਉਦੋਂ ਉਹ ਸ਼ਬਦਾਂ ਦੀ ਮਹੱਤਤਾ ਨੂੰ ਅਰਥਹੀਣ ਬਣਾ ਦਿੰਦਾ ਹੈ। ਜ਼ੋਰਬਾ ਨਾਵਲੀ -ਕਥਾ ਵਿਚ ਉਦੋਂ ਵੀ ਖੁਸ਼ੀ 'ਚ ਨੱਚ ਉੱਠਦਾ ਹੈ। ਜਦੋਂ ਗਰੀਕ ਲੇਖਕ ਸਹਿਜ ਸੁਭਾਅ ਹੀ ਇਹ ਗੱਲ ਸਪੱਸ਼ਟ ਕਰਦਾ ਹੈ। ਕਿ ਕੋਲਾ ਮਾਤਰ ਇਕ ਬਹਾਨਾ ਹੈ। ਦਰਅਸਲ ਉਹ ਦੋਵੇਂ ਤਾਂ ਇੱਥੇ ਆਪਣੇ ਖ਼ਿਆਲਾਂ ਨੂੰ ਸੱਚਾਈ 'ਚ ਤਬਦੀਲ ਕਰਨ ਲਈ ਆਏ ਹਨ।

ਉਨ੍ਹਾਂ ਦੋਹਾਂ ਦਾ ਕਰੀਟ ਆਉਣ ਦਾ ਮਕਸਦ ਤਾਂ ਵੱਧੀਆ ਸਮਾਂ ਗੁਜ਼ਾਰਨਾ ਹੈ 'ਜ਼ੋਰਬਾ' ਗਰੀਕ ਲੇਖਕ ਨੂੰ ਆਪਣੀ ਪਹਾੜੀ ਚੋਟੀ ਤੋਂ ਸਮੁੰਦਰ ਤਕ ਇਕ ਸਮੁੰਦਰੀ ਤਾਰ ਵਿਛਾਉਣ ਵਾਲੀ ਆਪਣੀ ਅਗਲੀ ਯੋਜਨਾ ਬਾਰੇ ਦੱਸਦਾ ਹੈ ਜਿਸ ਨਾਲ ਉਹ ਵੱਧ ਤੋਂ ਵੱਧ ਪੈਸਾ ਕਮਾ ਕੇ ਆਪਣੇ ਹਰ ਸੁਪਨੇ ਨੂੰ ਪੂਰਾ ਕਰ ਸਕਦੇ ਸਨ ਜ਼ੋਰਬਾ ਆਪਣੇ ਖ਼ਿਆਲਾਂ 'ਚ ਸਫ਼ਰ, ਔਰਤਾਂ ਤੇ ਨਵੇਂ ਕਾਰਨਾਮਿਆਂ ਬਾਰੇ ਸੋਚਣ ਲੱਗਦਾ ਹੈ।

ਗਰੀਕ ਲੇਖਕ ਨੂੰ ਇਉਂ ਜਾਪਣ ਲੱਗਦਾ ਹੈ ਜਿਵੇਂ ਕਿ ਜ਼ੋਰਬਾ ਨੇ ਸਾਰੇ ਸੰਸਾਰ ਤੇ ਮਨੁੱਖੀ ਆਤਮਾ ਨੂੰ ਪੂਰੀ ਤਰ੍ਹਾਂ ਖੋਜ ਲਿਆ ਹੋਵੇ। ਜ਼ੋਰਬਾ ਦਾ ਨਜ਼ਰੀਆ, ਗਰੀਕ ਲੇਖਕ ਸਾਹਮਣੇ ਸੰਸਾਰ ਦਾ ਇਕ ਨਵਾਂ ਰੂਪ ਪੇਸ਼ ਕਰਦਾ ਹੈ। ਲੇਖਕ ਨੂੰ ਸੰਸਾਰ ਆਪਣੀ ਪੁਰਾਤਨ ਤਾਜ਼ਗੀ ਮੁੜ ਹਾਸਿਲ ਕਰਦਾ ਪ੍ਰਤੀਤ ਹੁੰਦਾ ਹੈ। ਰੋਜ਼ਾਨਾ ਦੀਆਂ ਸਭ ਫਿੱਕੀਆਂ ਪਈਆਂ ਹੋਈਆਂ ਚੀਜ਼ਾਂ ਆਪਣੀ ਸ਼ੁਰੂ ਵਾਲੀ ਚਮਕ ਦੁਬਾਰਾ ਹਾਸਿਲ ਕਰ ਰਹੀਆਂ ਹੋਣ। ਇਸੇ ਸਮੇਂ ਦੌਰਾਨ ਹੀ ਗਰੀਕ ਲੇਖਕ ਦਾ ਸਾਹਮਣਾ ਆਪਣੇ ਅੰਦਰਲੇ ਖ਼ਿਲਾਅ ਨਾਲ ਹੁੰਦਾ ਹੈ ਉਸਦਾ ਧਿਆਨ ਆਪਣੀ ਨੀਰਸ ਪਈ ਜ਼ਿੰਦਗੀ ਵੱਲ ਜਾਂਦਾ ਹੈ ਉਹ ਮਹਾਤਮਾ ਬੁੱਧ ਦੇ ਫ਼ਲਸਫ਼ੇ ਬਾਰੇ ਮੁੜ ਸੋਚਣ ਲੱਗਦਾ ਹੈ ਉਹ ਫ਼ਲਸਫ਼ਾ ਜੋ ਕਿ ਇਕ ਲੰਬੇ ਸਮੇਂ ਤੋਂ ਗਰੀਕ ਲੇਖਕ ਦੇ ਮਨ ਦੀਆਂ ਡੂੰਘਾਈਆਂ 'ਚ ਉਤਰਿਆ ਹੋਇਆ ਸੀ, ਜਿਸ ਨੂੰ ਲੇਖਕ ਕਿੰਨੇ ਹੀ ਚਿਰ ਤੋਂ ਕਾਗਜ਼ਾਂ ਉੱਤੇ ਉਤਾਰਨ ਲਈ ਯਤਨਸ਼ੀਲ ਸੀ ਤੇ ਉਹ ਲਗਾਤਾਰ ਅਸਫ਼ਲ ਹੋ ਰਿਹਾ ਸੀ। ਲੇਖਕ ਨੂੰ ਇਸ ਗੱਲ ਦਾ ਪੂਰਾ ਯਕੀਨ ਹੋਣ ਲੱਗਦਾ ਹੈ ਕਿ ਜ਼ੋਰਬਾ, ਉਸ ਨੂੰ 'ਬੁੱਧ' ਸ਼ਬਦ ਦੇ ਅੰਤਿਮ ਖੂਹ 'ਚੋਂ ਬਾਹਰ ਕੱਢ ਲਵੇਗਾ ਤੇ ਉਸ ਨੂੰ ਹਮੇਸ਼ਾਂ ਲਈ ਮੁਕਤੀ ਮਿਲ ਜਾਵੇਗੀ 'ਜ਼ੋਰਬਾ' ਗਰੀਕ ਲੇਖਕ ਦੇ ਅਸਪੱਸ਼ਟ ਖ਼ਿਆਲਾਂ ਨੂੰ ਇਕ ਵਧੀਆ, ਪਿਆਰਾ ਤੇ ਸਪੱਸ਼ਟ ਆਕਾਰ ਦਿੰਦਾ ਹੈ ਗਰੀਕ ਲੇਖਕ 'ਮਹਾਤਮਾ ਬੁੱਧ ਦੇ ਮੁਕਤੀ ਮਾਰਗ' ਵਿਚੋਂ ਹੀ ਆਪਣੀ ਮੁਕਤੀ (ਨਿਰਵਾਣ) ਦਾ ਰਾਹ ਲੱਭ ਲੈਂਦਾ ਹੈ ਲੇਖਕ ਆਪਣੀ ਜ਼ਿੰਦਗੀ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਣਾ ਆਰੰਭ ਕਰਦਾ ਹੈ। ਉਹ ਆਪਣੀ ਹੋਂਦ ਨੂੰ ਇਕਸੁਰਤਾ ਪ੍ਰਦਾਨ ਕਰਨਾ ਲੋਚਦਾ ਹੈ। ਨਾਵਲਕਾਰ ਨੇ ਗਰੀਕ ਲੇਖਕ ਦੇ ਮਨ ਦੀ ਇਸ ਦਵੰਦਾਤਮਕ ਸਥਿਤੀ ਨੂੰ ਇਉਂ ਬਿਆਨਿਆ ਹੈ :

ਮੈਨੂੰ ਕਾਫ਼ੀ ਚਿਰ ਤੱਕ ਨੀਂਦ ਨਹੀਂ ਆਈ ਮੈਂ ਸੋਚਣ ਲੱਗਾ, ਮੇਰੀ ਜ਼ਿੰਦਗੀ ਨੀਰਸ ਹੋ ਗਈ ਹੈ ਕਾਸ਼, ਮੈਂ ਉਸ ਸਭ ਉੱਪਰ ਪੋਚਾ ਮਾਰ ਸਕਦਾ, ਜੋ ਮੈਂ ਸਿੱਖਿਆ ਸੀ, ਜੋ ਮੈਂ ਦੇਖਿਆ ਤੇ ਸੁਣਿਆ ਸੀਤੇ ਜ਼ੋਰਬਾ ਦੇ ਸਕੂਲ 'ਚ ਦਾਖ਼ਲ ਹੋ ਕੇ ਮਹੱਤਵਪੂਰਨ ਤੇ ਅਸਲੀ ਵਰਣਮਾਲਾ ਦੇ ਅੱਖਰ ਸਿੱਖਣੇ ਸ਼ੁਰੂ ਕਰ ਸਕਦਾ! ਮੈਂ ਕਿਹੋ ਜਿਹਾ ਰਾਹ ਚੁਣਾਂ! ਮੈਨੂੰ ਆਪਣੀਆਂ ਪੰਜ ਇੰਦਰੀਆਂ ਨੂੰ ਅਤੇ ਆਪਣੇ ਸਰੀਰ ਨੂੰ ਵੀ ਪੂਰੀ ਤਰ੍ਹਾਂ ਸਿੱਖਿਅਤ ਕਰਨਾ ਚਾਹੀਦਾ ਹੈ ਤਾਂ ਕੀ ਮੇਰਾ ਸਰੀਰ ਵੀ ਖ਼ੁਸ਼ੀ ਮਾਣ ਸਕੇ ਤੇ ਸਮਝ ਸਕੇ ਮੈਨੂੰ ਦੌੜਨਾ, ਕੁਸ਼ਤੀ ਕਰਨਾ, ਤੈਰਨਾ, ਘੋੜ ਸਵਾਰੀ ਕਰਨਾ, ਕਿਸ਼ਤੀ ਚਲਾਉਣੀ, ਕਾਰ ਚਲਾਉਣੀ, ਬੰਦੂਕ ਚਲਾਉਣੀ, ਸਭ ਸਿੱਖਣਾ ਚਾਹੀਦਾ ਹੈ। ਮੈਨੂੰ ਆਪਣੀ ਆਤਮਾ ਨੂੰ ਮਾਸ ਨਾਲ ਭਰਨਾ ਚਾਹੀਦਾ ਹੈ। ਮੈਨੂੰ ਆਪਣਾ ਮਾਸ ਆਤਮਾ ਨਾਲ ਭਰਨਾ ਚਾਹੀਦਾ ਹੈ। ਦਰਅਸਲ, ਮੈਨੂੰ ਆਪਣੇ ਅੰਦਰਲੇ ਦੋ ਸਦੀਵੀਂ ਵਿਰੋਧੀਆਂ ਨਾਲ ਹੁਣ ਨਜਿੱਠ ਹੀ ਲੈਣਾ ਚਾਹੀਦਾ ਹੈ।'

ਆਪਣੇ ਗੱਦੇ 'ਤੇ ਬੈਠਿਆਂ; ਮੈਂ ਆਪਣੀ ਬਿਲਕੁਲ ਵਿਅਰਥ ਜਾ ਰਹੀ ਜ਼ਿੰਦਗੀ ਬਾਰੇ ਸੋਚ ਰਿਹਾ ਸਾਂ। ਖੁੱਲ੍ਹੇ ਦਰਵਾਜ਼ੇ ਵਿਚੋਂ ਮੈਂ ਜ਼ੋਰਬਾ ਨੂੰ, ਤਾਰਿਆਂ ਦੀ ਰੋਸ਼ਨੀ 'ਚ ਪ੍ਰਤੱਖ ਦੇਖ ਰਿਹਾ ਸਾਂ। ਉਹ ਕਿਸੇ ਰਾਤ ਦੇ ਪੰਛੀ ਵਾਂਗ ਚੱਟਾਨ ਤੇ ਝੁੱਕਿਆ ਹੋਇਆ ਸੀ। ਮੈਨੂੰ ਉਸ ਨਾਲ ਈਰਖ਼ਾ ਹੋ ਰਹੀ ਸੀ। ਮੈਂ ਸੋਚਿਆ ਕਿ ਇਹ ਜ਼ੋਰਬਾ ਹੀ ਸੀ, ਜਿਸ ਨੇ ਸੱਚ ਨੂੰ ਲੱਭਿਆ ਸੀ ਉਸਦਾ ਰਾਹ ਹੀ ਠੀਕ ਹੈ।

ਨਾਵਲੀ-ਕਥਾ ਵਿਚ ਇਕ ਸਮੇਂ ਅਜਿਹੀ ਘਟਨਾਵੀ ਵਾਪਰਦੀ ਹੈ ਜਦੋਂ ਕੱਚੇ ਕੋਲੇ ਦੀ ਖਾਣ ਢਹਿ-ਢੇਰੀ ਹੋ ਜਾਂਦੀ ਹੈ। ਮੌਤ ਦਾ ਅਹਿਸਾਸ ਇਕ ਵਾਰ ਫ਼ੇਰ ਲੇਖਕ ਅੰਦਰ ਇਕੱਲਤਾ ਅਤੇ ਅਸੁਰੱਖਿਆ ਦਾ

ਭਾਵ ਜਗ੍ਹਾ ਦਿੰਦਾ ਹੈ। ਇਸੇ ਸਮੇਂ 'ਚੋਂ ਲੰਘਦਿਆਂ ਹੋਇਆਂ ਲੇਖਕ ਦੇ ਸੰਬੰਧ 'ਸੁਰਮੇਲੀਨਾ' ਨਾਂ ਦੀ ਵਿਧਵਾ ਔਰਤ ਨਾਲ ਬਣਦੇ ਹਨ। ਵਿਧਵਾ ਔਰਤ ਨਾਲ ਬਣੇ ਸੰਬੰਧਾਂ ਰਾਹੀਂ ਨਾਵਲਕਾਰ ਗਰੀਕ ਲੇਖਕ ਦੇ ਵਿਅਕਤਿਤ੍ਵ ਦੇ ਵਿਸਥਾਰ ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ ਲੇਖਕ ਨੂੰ ਇਉਂ ਜਾਪਦਾ ਹੈ ਜਿਵੇਂ ਉਸ ਦੇ ਵਜੂਦ ਦਾ ਖੋਲ੍ਹ ਟੁੱਟ ਗਿਆ ਹੋਵੇ ਤੇ ਉਹ ਆਪਣੀਆਂ ਸੀਮਾਵਾਂ ਨੂੰ ਪਾਰ ਲੰਘ ਆਇਆ ਹੋਵੇ ਜੀਵਨ 'ਚ ਪਹਿਲੀ ਵਾਰੀ ਉਹ ਬਿਨਾਂ ਕਿਸੇ ਮਾਨਸਿਕ ਦਬਾਅ ਦੇ ਸਰੀਰਕ ਤ੍ਰਿਪਤੀ ਦਾ ਆਨੰਦ ਮਾਣਦਾ ਨਜ਼ਰ ਆਉਂਦਾ ਹੈ। ਨਾਵਲੀ-ਕਥਾ ਦੇ ਅਗਲੇ ਪੜਾਅ ਸਮੁੰਦਰੀ ਤਾਰ ਵਿਛਾਉਣ ਦੀ ਯੋਜਨਾ ਤੇ ਕਾਰਵਾਈ, ਧਾਰਮਿਕ ਮੱਠਾਂ ਦਾ ਯਥਾਰਥਕ ਚਿਤਰਣ, ਭਿਕਸ਼ੂਆਂ ਦੇ ਦੂਹਰੇ ਚਰਿੱਤਰ ਦੀ ਪੇਸ਼ਕਾਰੀ ਆਦਿ ਨਾਲ ਸੰਬੰਧਿਤ ਹਨ 'ਜੋਸਫ਼/ਜ਼ਹਾਰੀਆ' ਨਾਂ ਦੇ ਭਿਕਸ਼ੂ ਨਾਲ ਜ਼ੋਰਬਾ ਦਾ ਸੰਵਾਦ ਭਿਕਸ਼ੂਆਂ ਦੇ ਚਰਿੱਤਰ ਦੀਆਂ ਤਹਿਆਂ ਖੋਲ੍ਹਦਾ ਹੈ। ਜ਼ੋਰਬਾ ਇਨ੍ਹਾਂ ਭਿਕਸ਼ੂਆਂ ਦੇ ਦੂਹਰੇ ਚਰਿੱਤਰ 'ਤੇ ਕਟਾਖ਼ਸ਼ ਕਰਦਾ ਹੈ। ਉਸ ਅਨੁਸਾਰ ਭਿਕਸ਼ੂਆਂ ਅੰਦਰ ਵੀ ਸ਼ੈਤਾਨ ਦਾ ਹੀ ਵਾਸਾ ਹੈ। ਇਹ ਸਾਰੇ ਹੀ ਦੋਹਰਾ ਜੀਵਨ ਜੀਉਂਦੇ ਹਨ। ਕਿਸੇ ਨੂੰ ਔਰਤ ਚਾਹੀਦੀ ਹੈ, ਕਿਸੇ ਨੂੰ ਨਮਕੀਨ ਕਾਡ ਮੱਛੀ, ਕਿਸੇ ਨੂੰ ਪੈਸਾ ਤੇ ਕਿਸੇ ਨੂੰ ਅਖ਼ਬਾਰ ਆਦਿ। ਜ਼ੋਰਬਾ ਨੂੰ ਇਸ ਗੱਲ ਦਾ ਦੁੱਖ ਹੈ ਕਿ ਇਹੋ ਜਿਹੇ ਸਾਦ-ਮੁਰਾਦੇ ਤੇ ਸਾਊ ਇਨਸਾਨ ਵੀ ਰੂਹਾਂ ਤੋਂ ਖ਼ਾਲੀ ਹਨ।

ਨਾਵਲੀ-ਬਿਰਤਾਂਤ 'ਚ ਅੱਗੇ ਗਰੀਕ ਲੇਖਕ ਤੇ ਜ਼ੋਰਬਾ ਵਿਚਕਾਰ ਦੇਸ਼,ਧਰਮ, ਰੱਬ, ਸ਼ੈਤਾਨ, ਮਨੁੱਖ, ਆਜ਼ਾਦੀ ਆਦਿ ਨਾਲ ਸੰਬੰਧਿਤ ਕੀਤੇ ਸੰਵਾਦ ਦੀ ਪੇਸ਼ਕਾਰੀ ਕੀਤੀ ਗਈ ਹੈ। ਇਹ ਸੰਵਾਦ ਵਿਆਪਕ ਪੱਧਰ 'ਤੇ ਮਨੁੱਖੀ ਜੀਵਨ ਤੇ ਆਜ਼ਾਦੀ ਦੇ ਨਵੇਂ ਅਰਥਾਂ ਦੀ ਪੇਸ਼ਕਾਰੀ ਕਰਦੇ ਹਨ ਤੇ ਇਨਸਾਨ ਨੂੰ ਸਹੀ ਅਰਥਾਂ 'ਚ ਜ਼ਿੰਦਗੀ ਜੀਉਣ ਦਾ ਰਾਹ ਦਿਖਾਉਂਦੇ ਹਨ। 'ਜ਼ੋਰਬਾ' ਗਰੀਕ ਲੇਖਕ ਨਾਲ ਆਪਣੇ ਜੀਵਨ ਦੇ ਪਿਛਲੇ ਕੌੜੇ ਅਨੁਭਵਾਂ ਨੂੰ ਵੀ ਸਾਂਝਾ ਕਰਦਾ ਹੈ। ਉਹ ਦੇਸ਼ ਦੇ ਨਾਂ 'ਤੇ ਹੱਤਿਆਵਾਂ ਤੇ ਬਲਾਤਕਾਰ ਵਰਗੇ ਕਾਰਨਾਮੇ ਕਰਨ ਦੀ ਗੱਲ ਵੀ ਗਰੀਕ ਲੇਖਕ ਅੱਗੇ ਕਬੂਲਦਾ ਹੈ ਪਰ ਜਦੋਂ ਜ਼ੋਰਬਾ ਅਸਲੀ ਅਰਥਾਂ 'ਚ ਇਨਸਾਨ ਹੋਣ ਦੇ ਮਾਇਨੇ ਜਾਣ ਲੈਂਦਾ ਹੈ, ਉਹ ਇਨ੍ਹਾਂ ਸਾਰਿਆਂ ਹੀ ਸੰਕਲਪਾਂ (ਦੇਸ਼,ਧਰਮ, ਰੱਬ, ਮਨੁੱਖ ਆਦਿ) ਤੋਂ ਭੱਜ ਉੱਠਦਾ ਹੈ। ਜ਼ੋਰਬਾ ਲਈ ਇਹ ਸਾਰੇ ਸੰਕਲਪ ਨਿਰਾਧਾਰ ਹੋ ਜਾਂਦੇ ਹਨ। ਉਸ ਨੂੰ ਆਪਣੀ ਮੁਕਤੀ ਦਾ ਮਾਰਗ ਮਿਲ ਜਾਂਦਾ ਹੈ। ਇਸ ਉਪਰੰਤ ਜ਼ੋਰਬਾ ਨੂੰ ਕੇਵਲ ਇਕੋ ਗੱਲ ਨਾਲ ਫ਼ਰਕ ਪੈਣ ਲੱਗਦਾ ਹੈ ਕੀ ਆਦਮੀ ਨੇਕ ਹੈ ਜਾਂ ਕਿ ਭੈੜਾ ਹੈ ਪਰ ਵੱਧਦੀ ਉਮਰ ਨਾਲ ਉਸ ਨੂੰ ਇਹ ਫ਼ਰਕ ਵੀ ਪੈਣੋਂ ਹੱਟ ਜਾਂਦਾ ਹੈ ਕਿਉਂ ਜੋ ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਹਰ ਇਨਸਾਨ ਦਾ ਅੰਤ ਤਾਂ ਇੱਕੋ ਜਿਹਾ ਹੀ ਰਹਿਣਾ ਹੈ- ਜ਼ਮੀਨ ਥੱਲ੍ਹੇ ਕੀੜੇ ਮਕੌੜਿਆਂ ਦਾ ਆਹਾਰ ਬਣਨਾ ਗਰੀਕ ਲੇਖਕ ਨੂੰ ਜ਼ੋਰਬਾ ਤੋਂ ਈਰਖ਼ਾ ਹੁੰਦੀ ਹੈ ਕਿ ਜੋ ਗੱਲਾਂ ਉਹ ਲਿਖਣ-ਕਾਰਜ ਤੋਂ ਸਿੱਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਸਾਰੀਆਂ ਹੀ ਗੱਲਾਂ ਜ਼ੋਰਬਾ ਨੇ ਵਿਹਾਰਕ ਰੂਪ 'ਚ ਹੰਢਾਈਆਂ ਹਨ। ਲੇਖਕ ਲਈ ਰਾਤੋ-ਰਾਤ ਹੀ ਸਾਰਾ ਸੰਸਾਰ ਬਦਲ ਜਾਂਦਾ ਹੈ। ਗਰੀਕ ਲੇਖਕ, ਜ਼ੋਰਬਾ ਨੂੰ ਸੰਸਾਰ ਦੇ ਰਹੱਸਾਂ ਬਾਰੇ ਕਿਤਾਬ ਲਿਖਣ ਲਈ ਕਹਿੰਦਾ ਹੈ। ਜ਼ੋਰਬਾ ਵਿਹਾਰਕ ਪੱਧਰ ਤੇ ਲਿਖਣ-ਕਾਰਜ ਸੰਬੰਧੀ ਆਪਣੇ ਵਿਚਾਰ ਲੇਖਕ ਨੂੰ ਸਪੱਸ਼ਟ ਕਰਦਾ ਹੈ :

'ਜ਼ੋਰਬਾ, ਤੂੰ ਆਪ ਹੀ ਕੋਈ ਕਿਤਾਬ ਕਿਉਂ ਨਹੀਂ ਲਿਖ ਲੈਂਦਾ ? ਅਤੇ ਸਾਰੇ ਸੰਸਾਰ ਦੇ ਰਹੱਸਾਂ ਬਾਰੇ ਸਾਨੂੰ ਖੁੱਲ੍ਹ ਕੇ ਕਿਉਂ ਨਹੀਂ ਦੱਸ ਦਿੰਦਾ?' ਮੈਂ ਤਾਅਨਾ ਮਾਰਿਆ।

'ਕਿਉਂ ਨਹੀਂ ? ਜਿਨ੍ਹਾਂ ਨੂੰ ਤੁਸੀਂ 'ਰਹੱਸ' ਕਹਿੰਦੇ ਹੋ, ਉਹ ਤਾਂ ਮੇਰੀ ਜ਼ਿੰਦਗੀ ਹਨ, ਉਨ੍ਹਾਂ ਨੂੰ ਮੈਂ ਆਪ ਜਿਉਂਦਾ ਹਾਂ ਅਤੇ ਇਨ੍ਹਾਂ ਬਾਰੇ ਲਿਖਣ ਦਾ ਮੇਰੇ ਕੋਲ ਸਮਾਂ ਨਹੀਂ ਕਈ ਵਾਰੀ ਲੜਾਈ ਛਿੜ ਪੈਂਦੀ ਹੈ, ਕਈ ਵਾਰੀ ਔਰਤਾਂ ਦਾ ਮਾਮਲਾ, ਕਈ ਵਾਰੀ ਸ਼ਰਾਬ ਦੇ ਦੌਰ ਤੇ ਕਈ ਵਾਰੀ ਸੰਤੂਰੀ; ਮੈਂ ਇਹ ਕਮੀਨੀ

ਕਲਮ ਘਿਸਾਉਣ ਲਈ ਸਮਾਂ ਕਿੱਥੋਂ ਕੱਢਾਂ? ਇਸੇ ਲਈ ਇਹ ਕੰਮ ਲੇਖਕਾਂ ਦੇ ਹੱਥਾਂ 'ਚ ਪਹੁੰਚ ਗਿਆ ਹੈ। ਸਾਰੇ ਉਹ ਲੋਕ, ਜਿਹੜੇ ਜ਼ਿੰਦਗੀ ਦੇ ਅਸਲੀ ਰਹੱਸਾਂ ਨੂੰ ਹੰਢਾਉਂਦੇ ਹਨ, ਉਹਨਾਂ ਕੋਲ ਲਿਖਣ ਦਾ ਸਮਾਂ ਨਹੀਂ; ਅਤੇ ਜਿਨ੍ਹਾਂ ਕੋਲ ਸਮਾਂ ਹੈ, ਉਹ ਇਨ੍ਹਾਂ ਨੂੰ ਹੰਢਾਉਂਦੇ ਨਹੀਂ! ਕੀ ਸਮਝ ਲੱਗੀ ?'

ਨਾਵਲੀ-ਕਥਾ 'ਚ ਇਸ ਉਪਰੰਤ ਪਿੰਡ ਦੇ ਲੋਕਾਂ ਵੱਲੋ "ਸੁਰਮੇਲੀਨਾ' ਵਰਗੀ ਖ਼ੂਬਸੂਰਤ ਔਰਤ ਦਾ ਕਤਲ ਅਤੇ ਮੈਡਮ ਹਾਰੈਂਸ ਦੀ ਮੌਤ ਆਦਿ ਘਟਨਾਵਾਂ ਵਾਪਰਦੀਆਂ ਹਨ। ਜ਼ੋਰਬਾ ਦਾ ਮਨ ਦੁੱਖ ਤੇ ਸ਼ੋਕ ਵਰਗੇ ਭਾਵਾਂ ਨਾਲ ਭਰ ਜਾਂਦਾ ਹੈ। ਉਹ ਲੇਖਕ ਨੂੰ ਮਨੁੱਖੀ ਜੀਵਨ ਅਤੇ ਮੌਤ ਸੰਬੰਧੀ ਕਈ ਸਵਾਲ ਪੁੱਛਦਾ ਹੈ। ਜਿਨ੍ਹਾਂ ਦਾ ਜਵਾਬ ਲੇਖਕ ਕੋਲ ਵੀ ਨਹੀਂ ਹੁੰਦਾ। ਜ਼ੋਰਬਾ ਖਿੱਝ ਉੱਠਦਾ ਹੈ ਉਹ ਲੇਖਕ ਦੇ ਕਿਤਾਬੀ ਗਿਆਨ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ:

ਇਕ ਪਲ ਬਾਅਦ ਹੀ ਉਸ ਨੇ ਕੁਝ ਬੋਲਣ ਦਾ ਮਨ ਬਣਾ ਲਿਆ ਉਹ ਇਸ ਹੁੱਸੜ ਭਰੀ ਰਾਤ 'ਚ ਬੜਾ ਗਹਿਰ ਗੰਭੀਰ ਹੋ ਕੇ ਕਹਿਣ ਲੱਗਾ, 'ਬੌਸ, ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਇਨ੍ਹਾਂ ਸਭ ਚੀਜ਼ਾਂ ਦਾ ਮਤਲਬ ਕੀ ਹੈ? ਇਹ ਸਭ ਚੀਜ਼ਾਂ ਕਿਸ ਨੇ ਬਣਾਈਆਂ? ਅਤੇ ਕਿਉਂ ਬਣਾਈਆਂ? ਅਤੇ ਸਭ ਤੋਂ ਪਹਿਲੀ ਗੱਲ'- ਇੱਥੇ ਆ ਕੇ ਜ਼ੋਰਬਾ ਦੀ ਆਵਾਜ਼ ਗੁੱਸੇ ਤੇ ਡਰ ਨਾਲ ਕੰਬਣ ਲੱਗੀ - 'ਲੋਕ ਮਰਦੇ ਕਿਉਂ ਨੇ?'

'ਜ਼ੋਰਬਾ, ਮੈਨੂੰ ਇਸ ਗੱਲ ਦਾ ਨਹੀਂ ਪਤਾ', ਮੈਂ ਸ਼ਰਮਿੰਦਾ ਜਿਹਾ ਮਹਿਸੂਸ ਕਰਦਿਆਂ ਇੰਜ ਜੁਆਬ ਦਿੱਤਾ, ਜਿਵੇਂ ਮੈਨੂੰ ਸਭ ਤੋਂ ਸੌਖੀ ਤੇ ਜ਼ਰੂਰੀ ਗੱਲ ਪੁੱਛੀ ਗਈ ਹੋਵੇ, ਅਤੇ ਮੈਂ ਉਸ ਦਾ ਜਵਾਬ ਦੇਣ ਤੋਂ ਅਸਮਰੱਥ ਹੋਵਾਂ।

'ਤੁਹਾਨੂੰ ਨਹੀਂ ਪਤਾ!' ਜ਼ੋਰਬਾ ਦੀਆਂ ਗੋਲ ਆਕਾਰ ਦੀਆਂ ਅੱਖਾਂ 'ਚ ਉਸ ਰਾਤ ਵਰਗੀ ਹੈਰਾਨਗੀ ਸੀ, ਜਿਸ ਰਾਤ, ਮੈਂ ਇਹ ਸਵੀਕਾਰ ਕੀਤਾ ਸੀ ਕਿ ਮੈਨੂੰ ਨਾਚ ਕਰਨਾ ਨਹੀਂ ਆਉਂਦਾ।

ਇਕ ਘੜੀ ਉਹ ਚੁੱਪ ਕੀਤਾ ਰਿਹਾ ਅਤੇ ਫ਼ੇਰ ਅਚਾਨਕ ਸ਼ੁਰੂ ਹੋ ਗਿਆ।

'ਆਹ ਸਾਰੀਆਂ ਜਿਹੜੀਆਂ ਸੜੀਆਂ ਫੂਕੀਆਂ ਕਿਤਾਬਾਂ ਤੁਸੀਂ ਪੜ੍ਹਦੇ ਰਹਿੰਦੇ ਹੋ- ਇਨ੍ਹਾਂ ਦਾ ਫਾਇਦਾ ਕੀ ਹੈ? ਫੇਰ ਤੁਸੀਂ ਇਹ ਕਾਹਦੇ ਵਾਸਤੇ ਪੜ੍ਹਦੇ ਹੋ? ਜੇ ਇਹ ਕਿਤਾਬਾਂ ਤੁਹਾਨੂੰ ਇਹ ਗੱਲ ਨਹੀਂ ਦੱਸ ਸਕਦੀਆਂ ਤਾਂ ਫ਼ਿਰ ਤੁਹਾਨੂੰ ਉਹ ਦੱਸਦੀਆਂ ਕੀ ਹਨ?

'ਜ਼ੋਰਬਾ, ਇਹ ਮੈਨੂੰ ਮਨੁੱਖਤਾ ਦੀ ਉਲਝਣ ਬਾਰੇ ਦੱਸਦੀਆਂ ਹਨ ਇਹ ਤੇਰੇ ਪ੍ਰਸ਼ਨ ਦਾ ਜਵਾਬ ਨਹੀਂ ਦੇ ਸਕਦੀਆਂ। '

'ਰੱਬ ਦੀ ਮਾਰ ਪਏ ਅਜਿਹੀ ਉਲਝਣ ਨੂੰ। ' ਉਹ ਖਿੱਝ ਕੇ ਆਪਣਾ ਪੈਰ ਜ਼ਮੀਨ 'ਤੇ ਪਟਕਦਾ ਹੋਇਆ ਬੋਲਿਆ। ਕੇਬਲ ਰੇਲਵੇ ਦੀ ਯੋਜਨਾ ਵੀ ਕੋਲੇ ਦੀ ਖਾਣ ਵਾਂਗ ਫੇਲ੍ਹ ਹੋ ਜਾਂਦੀ ਹੈ। ਇਕ ਵੱਡੇ ਧਮਾਕੇ ਨਾਲ ਸਭ ਕੁਝ ਢਹਿ ਢੇਰੀ ਹੋ ਜਾਂਦਾ ਹੈ। ਗਰੀਕ ਲੇਖਕ ਪਰੇਸ਼ਾਨ ਹੋਣ ਦੀ ਥਾਵੇਂ ਜ਼ੋਰਬਾ ਨੂੰ ਨਾਚ ਸਿਖਾਉਣ ਲਈ ਕਹਿੰਦਾ ਹੈ ਤਾਂ ਕਿ ਉਹ ਦੋਵੇਂ ਇਸ ਪਲ ਦਾ ਆਨੰਦ ਮਾਣ ਸਕਣ। ਦੋਵੇਂ ਪਾਤਰ ਇਕੱਠੇ ਹੱਸਦੇ ਤੇ ਨੱਚਦੇ ਹਨ। ਲੇਖਕ ਨੇ ਆਪਣਾ ਸਭ ਕੁਝ ਗੁਆ ਲਿਆ ਹੁੰਦਾ ਹੈ- ਆਪਣਾ ਪੈਸਾ, ਸਮਾਂ, ਆਪਣੇ ਬੰਦੇ, ਸਮੁੰਦਰੀ ਰੇਲ ਦਾ ਸੁਪਨਾ ਆਦਿ। ਪਰ ਇਹ ਸਾਰੀਆਂ ਬਾਹਰੀ ਮੁਸੀਬਤਾਂ ਵੀ ਉਸ ਲਈ ਉੱਚਤਮ ਅਤੇ ਸਥਿਰ ਆਨੰਦ ਦਾ ਸਰੋਤ ਬਣ ਜਾਂਦੀਆਂ ਹਨ। ਗਰੀਕ ਲੇਖਕ ਨੂੰ ਵੀ 'ਜ਼ੋਰਬਾ' ਰਾਹੀਂ ਆਪਣੀ ਮੁਕਤੀ ਦਾ ਮਾਰਗ ਮਿਲ ਹੀ ਜਾਂਦਾ ਹੈ। ਇਸ ਉਪਰੰਤ ਦੋਵੇਂ ਪਾਤਰ ਆਪਣੇ-ਆਪਣੇ ਜੀਵਨ ਜੀਊਣ ਢੰਗ ਨਾਲ ਜੀਵਨ ਦੇ ਅਗਲੇ ਸਫ਼ਰ ਵੱਲ ਤੁਰ ਪੈਂਦੇ ਹਨ।

**(ਸੰਪਰਕ-99**535-76800)

ਸਮੀਖਿਆ

# ਸ਼ਬਦਾਂ ਦੀ ਸੰਵੇਦਨਾ 'ਅੰਦਰੇਟੇ ਦਾ ਜੋਗੀ'

**ਡਾ. ਸੁਖਪਾਲ ਕੌਰ ਸਮਰਾਲਾ**



ਰੇਖਾ-ਚਿੱਤਰਕਾਰੀ ਦੀ ਪੰਜਾਬੀ ਸਾਹਿਤ 'ਚ ਅਮੀਰ ਪਰੰਪਰਾ ਰਹੀ ਹੈ। 'ਰੇਖਾ ਚਿੱਤਰ ਦਾ ਉਦੇਸ਼ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿਚ ਉਪਯੋਗੀ ਯੋਗਦਾਨ ਅਦਾ ਕਰਨਾ ਹੈ। ਰੇਖਾਕਾਰ ਆਪਣੇ ਜੀਵਨ ਤਜਰਬੇ ਅਤੇ ਆਪਣੇ ਪਾਤਰਾਂ ਦੇ ਆਦਰਸ਼ਕ ਪੱਖ ਪਾਠਕਾਂ ਨਾਲ ਸਾਂਝੇ ਕਰਦਾ ਹੈ। ਮਾਨਵ ਵਿਹਾਰ ਵਿਚ ਹਮੇਸ਼ਾ ਕੁਝ ਨਾ ਕੁਝ ਗ੍ਰਹਿਣ ਕਰਦਾ ਰਹਿੰਦਾ ਹੈ। ਰੇਖਾ ਚਿੱਤਰ ਦਾ ਮਨੋਰਥ ਸੱਚ ਦੀ ਪੇਸ਼ਕਾਰੀ ਵੀ ਹੈ। ਇਸ ਵਿਚਲੇ ਤੱਥ ਇਸ ਨੂੰ ਦ੍ਰਿੜ ਕਰਾਉਂਦੇ ਹਨ। ਰੇਖਾਕਾਰ ਕੋਲੋਂ ਸੁਹਿਰਦਤਾ ਦੀ ਮੰਗ ਕੀਤੀ ਜਾਂਦੀ ਹੈ ਕਿਉਂਕਿ ਸੁਹਿਰਦਤਾ ਹੀ ਕਿਸੇ ਦੇ ਰੇਖਾ ਚਿੱਤਰ ਰਾਹੀਂ ਉਸਨੂੰ ਬੁਲੰਦੀਆਂ 'ਤੇ ਪਹੁੰਚਾ ਸਕਦੀ ਹੈ।'[1]

ਬਲਵੰਤ ਗਾਰਗੀ ਨੇ ਪੰਜਾਬੀ ਵਿਚ ਕਮਾਲ ਕੇ ਰੇਖਾ ਚਿੱਤਰ ਲਿਖੇ ਹਨ। ਉਸ ਦੀ ਧਾਰਨਾ ਹੈ, 'ਸੱਚ ਕਈ ਵਾਰ ਨੰਗਾ ਹੁੰਦਾ ਹੈ। ਕਈ ਵਾਰ ਲੁਕਿਆ ਹੋਇਆ, ਕਈ ਵਾਰ ਸਾਧ, ਕਈ ਵਾਰ ਚੋਰ। ਮੈਂ ਦੋਵਾਂ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ।"

ਰੇਖਾ ਚਿੱਤਰ ਆਮ ਸਧਾਰਨ ਲੋਕਾਂ ਬਾਰੇ ਲਿਖੇ ਮਿਲਦੇ ਹਨ ਅਤੇ ਲੇਖਕ ਕਲਾਕਾਰਾਂ ਦੇ ਵੀ ਪੜ੍ਹਨ ਨੂੰ ਮਿਲ ਜਾਂਦੇ ਹਨ। ਸੁਹਿਰਦਤਾ ਨਾਲ ਲਿਖਿਆ ਰੇਖਾ ਚਿੱਤਰ ਵਿਚ ਲੇਖਕ ਦੇ ਚੰਗੇ ਮਾੜੇ, ਨਿੱਜੀ-ਲੁਕਵੇਂ ਪੱਖ ਪੇਸ਼ ਕੀਤੇ ਜਾਂਦੇ ਨੇ। ਕਈ ਵਾਰ ਰੇਖਾਕਾਰ ਉਲਾਰ ਵੀ ਹੋ ਜਾਂਦਾ ਹੈ। ਜਿਸ ਸ਼ਖ਼ਸੀਅਤ ਬਾਰੇ ਰੇਖਾ ਚਿੱਤਰ ਲਿਖਿਆ ਜਾਂਦਾ ਹੈ ਉਹ ਨਹੀਂ ਚਾਹੁੰਦਾ ਕਿ ਮੇਰਾ ਕੋਹਜ ਪਾਠਕਾਂ ਸਾਹਮਣੇ ਨੰਗਾ ਹੋਵੇ। ਜਦੋਂ ਜਦੋਂ ਵੀ ਇਸ ਕਿਸਮ ਦੇ ਰੇਖਾ ਚਿੱਤਰ ਛਪੇ ਤਾਂ ਅਨੇਕਾਂ ਝਗੜੇ ਸਾਹਿਤਕ ਜਗਤ ਵਿਚ ਸੁਣਨ-ਵੇਖਣ ਨੂੰ ਮਿਲੇ। 'ਇਕ ਗੱਲ ਜੋ ਰੇਖਾ ਚਿੱਤਰ ਸੰਬੰਧੀ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ, ਉਹ ਇਸਦੀ ਰੌਚਕਤਾ ਹੈ। ਰੇਖਾ ਚਿੱਤਰ ਪਾਠਕ ਦਾ ਮੰਨੋਰੰਜਨ ਕਰਦਾ ਹੈ, ਜਿਵੇਂ ਕਾਰਟੂਨ ਵਿਚ ਹੁੰਦਾ ਹੈ। ਦੋਵਾਂ ਵਿਚ ਰੇਖਾਵਾਂ ਦੀ ਸਾਂਝ ਹੈ। ਇਹ ਪੂਰੀ ਤਸਵੀਰ ਨਹੀਂ ਪੇਸ਼ ਕਰਦੇ, ਕੁਝ ਵਿਸ਼ੇਸ਼ ਤੱਥਾਂ ਨੂੰ ਹਲਕੀਆਂ ਛੋਹਾਂ ਤੇ ਸੂਖ਼ਮਤਾ ਰਾਹੀ ਪਾਠਕ ਦੇ ਦ੍ਰਿਸ਼ਟੀਗੋਚਰ ਕਰ ਦੇਂਦੇ ਹਨ।'[2]

ਇਸੇ ਪ੍ਰਸੰਗ 'ਚ ਪ੍ਰੇਮ ਮਾਨ ਵੱਲੋਂ ਲਿਖੇ ਰੇਖਾ ਚਿੱਤਰ ਦੀ ਪੁਸਤਕ **'ਅੰਦਰੇਟੇ ਦਾ ਜੋਗੀ'** (**ਪ੍ਰਕਾਸ਼ਕ: ਗਰੇਸ਼ੀਅਸ ਬੁੱਕਸ,ਪਟਿਆਲਾ, ਮੁੱਲ: 350 ਰੁਪਏ, ਪੰਨੇ: 162, ਸਾਲ: 2022**) ਵਿਚ ਸ਼ਾਮਿਲ ਰੇਖਾ ਚਿੱਤਰਾ ਦਾ ਅਧਿਐਨ ਕੀਤਾ ਜਾ ਸਕਦਾ ਹੈ। ਪ੍ਰੇਮ ਮਾਨ ਦੁਆਬੇ ਦੇ ਬੰਗਾ ਕਸਬੇ 'ਚੋਂ ਉੱਠ ਕੇ ਅਮਰੀਕਾ ਗਿਆ ਅਜਿਹਾ ਲੇਖਕ ਹੈ, ਜਿਸ ਨੇ ਅਮਰੀਕਾ ਜਾ ਕੇ ਅਰਥ ਸ਼ਾਸ਼ਤਰ ਵਿਚ ਬੁਲੰਦੀਆਂ ਨੂੰ ਛੋਹਿਆ ਹੈ। 'ਪ੍ਰੇਮ ਮਾਨ ਮੁੱਢਲੇ ਰੂਪ ਵਿਚ ਕਥਾਕਾਰ ਏ। ਉਸ ਨੇ 1970 ਵਿੱਚ ਆਪਣਾ ਪਲੇਠਾ ਕਹਾਣੀ ਸੰਗ੍ਰਹਿ 'ਚੁਬਾਰੇ ਦੀ ਇਟੱ' ਪ੍ਰਕਾਸ਼ਤ ਕੀਤਾ ਸੀ। ਫਿਰ ਉਹ ਅਮਰੀਕਾ ਚਲੇ ਗਿਆ ਅਤੇ ਉੱਥੇ ਯੂਨੀਵਰਸਿਟੀ ਵਿੱਚ ਅਰਥ ਸ਼ਾਸ਼ਤਰ ਅਤੇ ਅੰਕੜਾ ਵਿਗਿਆਨ ਪੜ੍ਹਾਉਂਦਾ ਰਿਹਾ। ਇਸ ਵਿਸ਼ੇ ਉੱਤੇ ਉਸ ਦੀਆਂ ਅਨੇਕਾਂ ਪੁਸਤਕਾਂ ਅਮਰੀਕਾ ਵਿਖੇ ਵਿਦਿਆਰਥੀ ਅਤੇ ਅਰਥ ਸ਼ਾਸ਼ਤਰੀ ਪੜ੍ਹਦੇ ਹਨ।'[3]

ਪ੍ਰੇਮ ਦੀ ਇਕ ਕਹਾਣੀ 'ਤੁਰਲ੍ਹੇ ਵਾਲੀ ਪੱਗ' ਆਪਣੇ 'ਸਭਿਆਚਾਰਕ ਇਤਿਹਾਸਕਾਰੀ' ਕਾਰਨ ਪਿਛਲੇ ਦਿਨਾਂ ਵਿੱਚ ਕਾਫੀ ਚਰਚਾ ਦਾ ਕੇਂਦਰ ਬਣੀ ਰਹੀ ਹੈ। ਇਹ ਕਹਾਣੀ ਲੀਕ ਤੋਂ ਹੱਟ ਕੇ ਲਿਖੀ ਗਈ ਹੈ। ਯੂ ਪੀ ਬਿਹਾਰ ਤੋਂ ਹਿਜ਼ਰਤ ਕਰਕੇ ਪੰਜਾਬ 'ਚ ਅਨੇਕਾਂ ਮਜਦੂਰ ਆਏ। ਇਨ੍ਹਾਂ ਪਰਵਾਸੀ ਮਜਦੂਰਾਂ ਨੇ

ਪੰਜਾਬ ਨੂੰ ਜਿੱਥੇ ਨਵੀਂ ਦਿਸ਼ਾ ਦਿੱਤੀ ਉੱਥੇ ਇੱਥੋਂ ਦੇ ਕਲਚਰ ਨੂੰ ਆਤਮਸਾਤ ਵੀ ਕੀਤਾ। 'ਪੱਗ' ਪੰਜਾਬੀ ਕਲਚਰ ਦਾ ਵੱਡਾ ਚਿਹਨ ਹੈ, ਜਿਸ ਉੱਤੇ ਪੂਰਾ ਪੰਜਾਬੀ ਕਲਚਰ ਟਿੱਕਿਆ ਹੋਇਆ ਹੈ, ਜਦੋਂ ਪਰਵਾਸੀ ਮਜਦੂਰ ਦੇ ਸਿਰ ਉੱਤੇ ਪੱਗ ਬੱਝਦੀ ਹੈ ਤਾਂ ਕਹਾਣੀ ਗਹਿਰੇ ਅਰਥ ਸਿਰਜ ਜਾਂਦੀ ਹੈ। ਬਾਹਰਹਾਲ ਅਸੀਂ ਗੱਲ 'ਅੰਦਰੇਟੇ ਦਾ ਜੋਗੀ' ਵਿਚਲੇ ਰੇਖਾ ਚਿੱਤਰਾਂ ਦੀ ਕਰਨੀ ਹੈ।


'ਅੰਦਰੇਟੇ ਦਾ ਜੋਗੀ' ਦਾ ਇਹ ਦੂਜਾ ਐਡੀਸ਼ਨ ਹੈ। ਇਨ੍ਹਾਂ ਰੇਖਾ ਚਿੱਤਰਾਂ ਦੀ ਇਹ ਖੂਬੀ ਹੈ ਕਿ ਉਸ ਨੇ ਜਿਨ੍ਹਾਂ ਵੀ ਲੇਖਕਾਂ, ਕਲਾਕਾਰਾਂ ਦੇ ਰੇਖਾ ਚਿੱਤਰ ਲਿਖੇ ਹਨ ਉਹ ਨੂੰ ਬਹੁਤ ਨੇੜੇ ਤੋਂ ਸਮਝਣ ਦਾ ਯਤਨ ਕੀਤਾ ਹੈ। ਇਨ੍ਹਾਂ ਸ਼ਖ਼ਸੀਅਤਾਂ ਨਾਲ ਉਸ ਨੇ ਸੰਵਾਦ ਰਚਾਇਆ ਤੇ ਉਸ ਸੰਵਾਦ ਵਿੱਚੋਂ ਉਸ ਦੇ ਸੁਭਾਅ ਬਾਰੇ, ਉਸ ਦੇ ਕਾਰਜ ਬਾਰੇ ਅਤੇ ਉਸ ਦੇ ਚੰਗੇ ਮਾੜੇ ਪੱਖਾਂ ਬਾਰੇ ਜਾਣਿਆ। ਹਰ ਰੇਖਾ ਚਿੱਤਰ ਲਿਖਣ ਲੱਗਾ ਪ੍ਰੇਮ ਆਪਣੀ ਲਿਖਤ ਨੂੰ ਸੰਤੁਲਿਤ ਰੱਖਦਾ ਹੈ। ਕਿਤੇ ਵੀ ਉਲਾਰ ਨਹੀਂ ਹੁੰਦਾ। ਲੇਖਕ ਦੀ ਸ਼ਖ਼ਸੀਅਤ ਪਾਠਕ ਅੱਗੇ ਰੱਖ ਦਿੰਦਾ ਹੈ। ਇਸੇ ਪ੍ਰਸੰਗ ਵਿੱਚ ਅਮਰੀਕ ਗਿੱਲ ਦਾ ਰੇਖਾ ਚਿੱਤਰ ਕਾਫੀ ਮਹੱਤਵਪੂਰਨ ਹੈ। ਦੋਵੇਂ ਹੁਸ਼ਿਆਰਪੁਰ ਕਾਲਜ ਇਕੱਠੇ ਪੜ੍ਹੇ ਤੇ ਹੁਣ ਤੱਕ ਮਿਲਦੇ ਆ ਰਹੇ ਹਨ। ਪ੍ਰੇਮ ਉਸ ਨੂੰ ਮਹਾਂ ਫ਼ਰਾਡ ਕਹਿੰਦਾ ਹੈ। ਇਹ ਸ਼ਬਦ ਇਕ ਚਿਹਨ ਹੈ ਜਿਹੜਾ ਅਮਰੀਕ ਗਿੱਲ ਦੀ ਸਮੁੱਚੀ ਸ਼ਖ਼ਸੀਅਤ ਨੂੰ ਉਭਾਰ ਦਿੰਦਾ ਹੈ। ਅਮਰੀਕ ਗਿੱਲ ਫਿਲਮੀ ਦੁਨੀਆਂ ਦਾ ਅਹਿਮ ਨਾਂ ਹੈ। ਵੱਡੀ ਗੱਲ ਕਿ ਉਸ ਦੇ ਕਸਬੇ ਦਾ ਹੈ। ਉਸ ਨੂੰ ਪ੍ਰੇਮ ਪੜ੍ਹਾਈ ਵੇਲੇ ਤੋਂ ਜਾਣਦਾ ਹੈ। ਉਸ ਦੇ ਹਰ ਪੱਖ ਨੂੰ ਨੇੜੇ ਤੋਂ ਵੇਖਦਾ ਹੈ। ਸ਼ੁਰੂ ਵਿੱਚ ਉਹ ਅਜਿਹਾ ਬਿਰਤਾਂਤ ਸਿਰਜਦਾ ਹੈ ਕਿ ਤੁਹਾਡੇ ਮੋਹਰੇ ਅਮਰੀਕ ਗਿੱਲ ਆ ਖੜਦਾ ਹੈ। ਇਸ ਬਿਰਤਾਂਤ ਵਿਚ ਉਹ ਸਾਹਿਤ ਅਕੈਡਮੀ, ਭਾਸ਼ਾ ਵਿਭਾਗ, ਸਰਸਵਤੀ  ਇਨਾਮਾਂ ਦਾ ਮਜ਼ਾਕ ਉਡਾਉਂਦਾ ਹੈ। ਪ੍ਰੇਮ ਲਿਖਦਾ ਹੈ, 'ਅਮਰੀਕ ਜਦੋਂ ਗੱਲਾਂ ਕਰਦਾ ਹੈ ਤਾਂ ਇੰਜ ਲਗਦਾ ਜਿਵੇਂ ਉਸ ਕਿਸੇ ਡਰਾਮੇ ਜਾਂ ਫ਼ਿਲਮ ਵਿਚ ਕਿਸੇ ਪਾਤਰ ਦਾ ਰੋਲ ਨਿਭਾ ਰਿਹਾ ਹੋਵੇ।' ਰੇਖਾ ਚਿੱਤਰ ਵਿਚ ਪ੍ਰੇਮ ਵਾਰ ਵਾਰ 'ਮਜ਼ਾਕ' ਸ਼ਬਦ ਵਰਤਦਾ ਹੈ। ਇਸ ਸ਼ਬਦ ਦੇ ਵੱਖ ਵੱਖ ਅਰਥ ਹੁੰਦੇ ਹਨ। ਇਹ ਸ਼ਬਦ ਵਰਤਦਿਆਂ ਉਹ ਸਿਸਟਮ ਉੱਤੇ ਟਕੋਰ ਕਰਦਾ ਹੈ। ਇਸ ਲੰਮੇ ਰੇਖਾ ਚਿੱਤਰ ਵਿੱਚ ਅਮਰੀਕ ਦੀ ਅਨੇਕਾਂ ਪਰਤਾਂ ਸਾਡੇ ਸਾਹਮਣੇ ਆ ਜਾਂਦੀਆਂ ਹਨ। ਪ੍ਰੇਮ ਮਾਨ ਨੇ 'ਅੰਦਰੇਟੇ ਦਾ ਜੋਗੀ' ਚਿੱਤਰਕਾਰ ਸੋਭਾ ਸਿੰਘ ਨੂੰ ਕਿਹਾ ਹੈ। ਰੇਖਾ ਚਿੱਤਰ ਵਿਚ 1971 ਦੀ ਪਾਲਮਪੁਰ ਮਿਲਣੀ ਦੇ ਪ੍ਰਸੰਗ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਹੈ। ਉੱਥੇ ਉਹ ਮੁਨਸ਼ੀ ਪ੍ਰੇਮ ਚੰਦ ਤੇ ਨਾਨਕ ਸਿੰਘ ਨੂੰ ਯਾਦ ਕਰਦੇ ਹਨ। ਇਸ ਮਿਲਣੀ ਵਿਚ ਉਹ ਪੇਟਿੰਗ ਬਾਰੇ ਵੀ ਗੱਲਾਂ ਕਰਦੇ ਹਨ। ਬਲਬੀਰ ਮੋਮੀ ਕਿਸੇ ਸਮੇਂ ਚਰਚਿਤ ਲੇਖਕ ਸੀ। ਇਹ 60ਵਿਆਂ ਦਾ ਦੌਰ ਸੀ। ਇਸ ਕਰਕੇ ਉਸ ਨੂੰ ਵੱਖਰਾ ਅਤੇ ਅੱਥਰਾ ਬਲਬੀਰ ਮੋਮੀ ਕਿਹਾ ਹੈ। ਮੋਮੀ ਦੀ ਸ਼ਖ਼ਸੀਅਤ ਸਾਡੇ ਮੋਹਰੇ ਆ ਖੜਦੀ ਹੈ।

ਹਰਕੀਰਤ ਕੌਰ ਚਹਿਲ ਦੇ ਸਾਹਿਤ ਤੇ ਸੁਭਾਅ ਦੇ ਅਨੇਕਾਂ ਪੱਖਾਂ ਨੂੰ ਸਾਡੇ ਸਾਹਮਣੇ ਰੱਖਿਆ ਹੈ। ਉਸ ਨੂੰ ਪ੍ਰੇਮ ਵਿਲੱਖਣ ਤੇ ਰੌਚਿਕ ਸੈਲੀਕਾਰ ਵੱਜੋਂ ਨਿਵਾਜਦਾ ਹੈ। ਹਰਕੀਰਤ ਦੀ ਪ੍ਰਤਿਭਾ ਨੂੰ ਫੜਨ ਲਈ ਉਹ ਉਹਦੇ ਨਾਲ ਸੰਵਾਦ ਰਚਾਉਂਦਾ ਹੈ। ਜਿਸ ਵਿੱਚ ਉਹਦੇ ਕਈ ਪੱਖ ਸਾਡੇ ਸਾਹਮਣੇ ਆ ਜਾਂਦੇ ਹਨ।

ਡਾ. ਜਗਤਾਰ ਸਾਡੇ ਸਮਿਆ ਦਾ ਵੱਡਾ ਸ਼ਾਇਰ ਹੈ। ਉਸ ਦੀ ਬੇਬਾਕੀ ਅਤੇ ਅੜਬ ਸੁਭਾ ਦੀ ਥਾਹ ਉਸ ਦੇ ਰੇਖਾ ਚਿੱਤਰ ਵਿਚ ਮਿਲ ਜਾਂਦੀ ਹੈ। ਡਾ ਜਗਤਾਰ ਨੂੰ ਉਹ ਜੁਗਾੜ ਬੰਦੀਆਂ ਤੋਂ ਉੱਪਰ ਉੱਠ ਕੇ ਲਿਖਣ ਵਾਲਾ ਲੇਖਕ ਕਹਿੰਦਾ ਹੈ। ਰੇਖਾ ਚਿੱਤਰ ਵਿਚ ਉਸ ਨਾਲ ਮਿਲਣੀਆਂ ਦੇ ਕੁਝ ਪ੍ਰਸੰਗ ਸਾਂਝੇ ਕੀਤੇ ਹਨ। ਇਸ ਰੇਖਾ ਚਿੱਤਰ 'ਚ ਜਗਤਾਰ ਦੇ ਸੁਭਾ ਤੇ ਉਹਦੇ ਕਾਰਜ ਨੂੰ ਜਾਣਿਆ ਜਾ ਸਕਦਾ ਹੈ। ਜਗਤਾਰ ਦੇ ਬੋਲ 'ਮੈਂ ਕਿਸੇ ਬਾਹਰਲੇ ਤੋਂ ਮੈਗਜ਼ੀਨ ਲਈ ਪੈਸਾ ਨਹੀਂ ਮੰਗਿਆ ਜਾਂ ਲਿਆ।

ਪ੍ਰੇਮ ਪ੍ਰਕਾਸ਼ ਨੂੰ ਸਮਝਣਾ ਬਹੁਤ ਮੁਸ਼ਕਲ ਹੈ। ਪਰ ਪ੍ਰੇਮ ਮਾਨ ਨੇ ਕੁਝ ਮੁਲਾਕਾਤਾਂ ਨਾਲ ਪ੍ਰੇਮ ਪ੍ਰਕਾਸ਼ ਨੂੰ ਵੀ ਕਾਫੀ ਹੱਦ ਤੱਕ ਸਮਝ ਲਿਆ ਹੈ। ਇਸੇ ਕਰਕੇ ਉਸਨੂੰ ਰੌਚਿਕ ਸੁਭਾਅ ਵਾਲਾ ਤੇ ਗਿਆਨ ਦਾ ਭੰਡਾਰ

ਕਿਹਾ ਹੈ। ਇਸ ਰੇਖਾ ਚਿੱਤਰ 'ਚ ਪ੍ਰੇਮ ਲੱਛੇਦਾਰ ਤੇ ਮਸ਼ਾਲੇਦਾਰ ਫ਼ਿਕਰੇ ਕਹਿਣ ਵਾਲਾ ਉਭਰਦਾ ਹੈ। ਇਕ ਥਾਂ ਉਹ ਕਹਿੰਦਾ ਹੈ, "ਲਕੀਰ ਦੇ ਵੇਚਣ ਦਾ ਹੋਰ ਤਾਂ ਕੋਈ ਫ਼ਰਕ ਨਹੀਂ ਪੈਣਾ, ਬੱਸ ਹੁਣ ਜ਼ਨਾਨੀਆਂ ਨੇ ਨਹੀਂ ਮਿਲਣ ਆਇਆ ਕਰਨਾ। ਪਹਿਲਾਂ ਜ਼ਨਾਨੀਆਂ ਮਿਲਣ ਆਈਆਂ ਰਹਿੰਦੀਆਂ ਸਨ।"




ਲੋਕ ਕਵੀ ਚਰਨ ਸਿੰਘ ਸਫ਼ਰੀ ਨੂੰ ਗੜ੍ਹਕਦੀ ਆਵਾਜ਼ ਵਾਲਾ ਸ਼ਾਇਰ ਕਹਿੰਦਾ ਹੈ। ਸਫ਼ਰੀ ਦਾ ਸਟੇਜੀ ਕਵੀਆਂ ਵਿਚ ਵਿਲੱਖਣ ਨਾਂ ਹੈ। ਪ੍ਰੇਮ ਕਹਿੰਦਾ ਹੈ 'ਸਫ਼ਰੀ ਹੁਰਾਂ ਨੂੰ ਦਾਰੂ ਪੀਣ ਦਾ ਬਹੁਤ ਸ਼ੌਕ ਸੀ।' ਅਜਿਹੇ ਫ਼ਿਕਰਿਆਂ ਨਾਲ ਲੇਖਕ ਦੇ ਗੁਣ ਅਵਗੁਣ ਉਭਾਰ ਜਾਂਦਾ ਹੈ। ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਚਾਨਣ ਗੋਬਿੰਦਪੁਰੀ ਤੇ ਦੀਪਕ ਜੈਤੋਈ ਦੀ ਸ਼ਖ਼ਸੀਅਤ ਨੂੰ ਪ੍ਰੇਮ ਸੁਹਿਰਦਾ ਨਾਲ ਉਭਾਰ ਜਾਂਦਾ ਹੈ।

ਅਜੇ ਤਨਵੀਰ ਪੰਜਾਬੀ ਗ਼ਜ਼ਲ ਦਾ ਨਿਵੇਕਲੀ ਸੁਰ ਦਾ ਹਸ਼ਤਾਖ਼ਰ ਹੈ। ਉਹ ਬੜੀ ਕੁਸ਼ਲਤਾ ਨਾਲ ਮਿੱਥ ਨੂੰ ਡੀਕੋਡ ਕਰਕੇ ਨਵੇਂ ਅਰਥ ਸੰਚਾਰ ਕਰ ਜਾਂਦਾ ਹੈ। ਉਹਦੀਆਂ ਗ਼ਜ਼ਲਾਂ ਪੰਜਾਬੀ ਪਰੰਪਰਾ ਵਿਚ ਨਿਵੇਕਲੀਆਂ ਖੜੀਆਂ ਦਿਸਦੀਆਂ ਹਨ। ਅਜੇ ਨਾਲ ਪ੍ਰੇਮ ਮਾਨ ਦੀ ਬਹੁਤ ਨੇੜਤਾ ਹੈ। ਅਜਿਹਾ ਉਸ ਦਾ ਰੇਖਾ ਚਿੱਤਰ ਪੜ੍ਹਦਿਆਂ ਲੱਗਦਾ ਹੈ। ਉਸ ਦੇ ਅਨੇਕਾਂ ਸੁਭਾ ਤੇ ਪੱਖਾ ਨੂੰ ਪ੍ਰੇਮ ਮਾਨ ਨੇ ਫੜਨ ਦਾ ਕੁਸ਼ਲਤਾ ਨਾਲ ਯਤਨ ਕੀਤਾ ਹੈ। ਰੇਖਾ ਚਿੱਤਰ ਵਿਚ ਜਿੱਥੇ ਅਜੇ ਚੰਗਾ ਫੁੱਟਬਾਲ ਖਿਡਾਰੀ ਉਭਰਦਾ ਹੈ ਉੱਥੇ ਵੱਡਾ ਬਿਜਨਸ਼ਮੈਨ ਤੇ ਪਰਿਵਾਰ ਅਤੇ ਆਪਣੇ ਦੋਸਤਾਂ ਪ੍ਰਤੀ ਸੁਹਿਰਦ ਵੀ ਦਿਸ ਪੈਂਦਾ ਹੈ। ਪ੍ਰੇਮ ਨਾਲ ਉਸ ਦਾ ਸੰਵਾਦ ਫੋਨ ਰਾਹੀਂ ਹੁੰਦਾ ਹੈ। ਫ਼ੋਨ ਵਿੱਚੋਂ ਹੀ ਅਜੇ ਨੂੰ ਸਮੁੱਚਤਾ ਵਿਚ ਫੜ ਲੈਂਦਾ ਹੈ।

ਦਲਜੀਤ ਮੋਖਾ ਜਿਸ ਦੀ ਪਛਾਣ ਇਕ ਕਵੀ ਵਜੋਂ ਹੈ, ਜਿਸ ਨਾਲ ਪ੍ਰੇਮ ਦੀ ਸਾਂਝ ਸੰਤਾਲੀ ਸਾਲ ਦੀ ਰਹੀ ਹੈ। ਮੋਖਾ ਦੀਆਂ ਕਈ ਪਰਤਾ ਰੇਖਾ ਚਿੱਤਰ ਵਿਚ ਉਭਰ ਕੇ ਆਉਂਦੀਆਂ ਹਨ। ਗੁਰਬਖ਼ਸ਼ ਸਿੰਘ ਭੰਡਾਲ ਪੰਜਾਬੀ ਦਾ ਹੰਢਿਆ ਹੋਇਆ ਵਾਰਤਕਕਾਰ ਹੈ। ਭੰਡਾਲ ਭੌਤਿਕ ਵਿਗਿਆਨ 'ਚ ਵਿੱਦਿਆ ਪ੍ਰਾਪਤ ਕਰਦਾ ਹੈ, ਕਵਿਤੀ ਲਿਖਦਾ ਹੈ ਤੇ ਪੰਜਾਬੀ ਵਿਚ ਬੜੀ ਸੰਘਣੀ ਵਾਰਤਕ ਲਿਖਦਾ ਹੈ। ਇਸੇ ਕਰਕੇ ਉਹ ਉਸਦਾ ਸੁਭਾਅ ਠੰਢਾ ਤੇ ਸਹਿਜ ਹੈ। 'ਕਾਇਆ ਦੀ ਕੈਨਵਸ' ਦਾ ਪ੍ਰੇਮ ਵਿਸ਼ੇਸ਼ ਜਿਕਰ ਕਰਦਾ ਹੈ। ਜਿਸ ਵਿਚ ਸਰੀਰ ਦੇ ਅੰਗਾਂ ਨਾਲ ਸੰਬੰਧਤ 29 ਲੇਖ ਹਨ। ਕਿਤਾਬ ਦੇ ਅੰਤ ਵਿਚ ਪ੍ਰੇਮ ਨੇ ਲੇਖਕਾਂ ਨਾਲ ਗੁਜਾਰੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ ਹਨ। ਇਹ ਵੀ ਲੇਖਕਾਂ ਦੇ ਨਿੱਕੇ ਨਿੱਕੇ ਰੇਖਾ ਚਿੱਤਰ ਹਨ। 'ਅੰਦਰੇਟੇ ਦਾ ਜੋਗੀ' 'ਚ ਸ਼ਾਮਿਲ ਰੇਖਾ ਚਿੱਤਰ ਪ੍ਰੇਮ ਨੇ ਬੜੀ ਦਿਆਨਦਾਰੀ ਤੇ ਸਹਿਜ ਰਹਿ ਕੇ ਲਿਖੇ ਹਨ। ਉਹ ਕਿਤੇ ਵੀ ਉਲਾਰ ਨਹੀਂ ਹੋਇਆ। ਨਾ ਹੀ ਮਾੜੀ ਭਾਵਨਾ ਨਾਲ ਜਾਂ ਕਿੜ ਕੱਢਣ ਲਈ ਕਿਸੇ ਲੇਖਕ 'ਤੇ ਚਿੱਕੜ ਸੁੱਟਿਆ ਹੈ। ਕਿਤਾਬ ਪੜ੍ਹਦਿਆਂ ਤੁਸੀਂ ਸਾਹਿਤ ਕੇ ਕਲਾ ਦੇ ਬਾਬਾ ਬੋਹੜ ਦੀ ਛਾਂ ਮਾਣਦੇ ਲੱਗਦੇ ਹੋ ਜਿਨ੍ਹਾਂ ਦੀਆਂ ਲਿਖਤਾਂ ਤੁਹਾਡੇ ਮਨਾਂ ਅੰਦਰ ਵਸੀਆਂ ਹੋਈਆਂ ਹਨ।

**ਹਵਾਲੇ**


1. ਪ੍ਰੋ. ਪਰਮਜੀਤ ਸਿੰਘ ਢੀਂਗਰਾ, ਸ਼ਬਦ-45-46
2. ਡਾ. ਅਬਿਨਾਸ਼ ਕੌਰ , ਪੰਜਾਬੀ ਰੇਖਾ-ਚਿੱਤਰ-ਸਰੂਪ ਤੇ ਸਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ
3. ਭਗਵੰਤ ਰਸੂਲਪੁਰੀ, ਕਹਾਣੀ ਧਾਰਾ-67, ਬੈਕ ਪੇਜ਼


(**ਸੰਪਰਕ 97797-18007**)

*ਚਿੰਤਨ*



# *ਵਰਤਮਾਨ ਪੰਜਾਬੀ ਕਹਾਣੀ ਦੇ ਮੂਲ ਰੁਝਾਨ*

*(ਸਾਲ 2022 ਦੀਆਂ ਚੋਣਵੀਆਂ 14 ਕਹਾਣੀਆਂ ਦੇ ਆਧਾਰ 'ਤੇ)*

**ਡਾ. ਜੇ ਬੀ ਸੇਖੋਂ**

ਆਧੁਨਿਕ ਪੰਜਾਬੀ ਕਹਾਣੀ ਪੂੰਜੀਵਾਦੀ ਸਮਾਜ ਦੀ ਅਹਿਮ ਬਿਰਤਾਂਤਕ ਵਿਧਾ ਹੈ। ਲੋਕ ਕਹਾਣੀ ਤੋਂ ਆਧੁਨਿਕ ਕਹਾਣੀ ਤੱਕ ਦੇ ਬਿਰਤਾਂਤਕ ਸਫ਼ਰ ਵਿੱਚ ਪੰਜਾਬੀ ਕਥਾ ਪਰੰਪਰਾ ਨੇ ਅਨੇਕਾਂ ਮਰਹੱਲੇ ਕਾਇਮ ਕੀਤੇ ਹਨ। ਲੋਕ ਕਹਾਣੀ ਵਿੱਚ ਮਨੁੱਖ ਵੱਲੋਂ ਸਭਿਆਚਾਰਕ ਮਰਿਆਦਾ ਦੀ ਰਾਮਕਾਰ ਤੋਂ ਪੈਦਾ ਉਲੰਘਣਾ ਨਾਲ ਉਪਜੇ ਵਿਸ਼ਾਦ ਨੂੰ ਖਤਮ ਕਰਕੇ ਹਮੇਸ਼ਾਂ ਸੁੱਖ ਭਰੇ ਅੰਤ ਤੱਕ ਪੁੱਜਣ ਲਈ ਇਕ ਬਿਹਬਲਤਾ ਭਾਰੂ ਰਹਿੰਦੀ ਹੈ। ਪਰ ਆਧੁਨਿਕ ਨਿੱਕੀ ਕਹਾਣੀ ਸਮੱਸਿਆ ਨੂੰ ਹੱਲ ਕਰਨ ਦੀ ਥਾਂ ਇਸ ਨੂੰ ਸਮਝਣ-ਸਮਝਾਉਣ ਅਤੇ ਦੱਸਣ-ਦਿਖਾਉਣ ਦੇ ਆਹਰ ਪੈਂਦੀ ਹੈ। ਇਸ ਨਾਲ ਪੰਜਾਬ ਦੀ ਬਿਰਤਾਂਤ ਪਰੰਪਰਾ ਵਿੱਚ ਮਹੱਤਵਪੂਰਨ ਮਨੁੱਖ ਦੀ ਥਾਂ ਸਧਾਰਨ ਮਨੁੱਖ ਦੀ ਸਧਾਰਣਤਾ ਦੇ ਪਾਸਾਰ ਉੱਘੜਦੇ ਹਨ ਜਿਸਦੀ ਪਿੱਠਭੂਮੀ ਵਿੱਚ ਆਧੁਨਿਕ ਚੇਤਨਾ ਤੇ ਵਿਅਕਤੀਵਾਦ ਦੀਆਂ ਧੁਨਾਂ ਵਿਦਯਮਾਨ ਰਹਿੰਦੀਆਂ ਹਨ। ਆਧੁਨਿਕ ਕਹਾਣੀ ਨੇ ਜਿੱਥੇ ਪੰਜਾਬ ਦੇ ਲੰਮੇਰੇ ਕਾਲ ਖੰਡ ਵਿੱਚ ਫੈਲੀ ਬਿਰਤਾਂਤ ਪਰੰਪਰਾ ਤੋਂ ਅਸੰਖ ਪ੍ਰਭਾਵ ਗ੍ਰਹਿਣ ਕੀਤੇ ਹਨ, ਉੱਥੇ ਹੀ ਬਰਤਾਨਵੀ ਬਸਤੀਵਾਦੀ ਦੌਰ ਵਿੱਚ ਪੱਛਮ ਦੇ ਸ਼ਾਰਟ ਸਟੋਰੀ ਵਾਲੇ ਵਿਧਾਗਤ ਚੌਖਟਿਆਂ ਦਾ ਅਸਰ ਵੀ ਖੁੱਲ੍ਹੇ ਰੂਪ ਵਿੱਚ ਕਬੂਲਿਆ ਹੈ। ਪੂੰਜੀਵਾਦੀ ਸਮਾਜ ਵਿੱਚ ਲੋਕਰਾਜੀ ਕਦਰਾਂ ਕੀਮਤਾਂ, ਵਿਗਿਆਨਕ ਉੱਨਤੀ ਅਤੇ ਮੱਧਵਰਗੀ ਜੀਵਨ ਵਿਚਲੀ ਵਿਅਕਤੀਵਾਦੀ ਚੇਤਨਾ ਨਾਲ ਮੱਧਕਾਲੀ ਭ੍ਰਾਂਤੀਆਂ ਦੀ ਟੁੱਟ ਭੱਜ ਹੁੰਦੀ ਹੈ। ਇਸ ਟੁੱਟ ਭੱਜ ਨੂੰ ਕਹਾਣੀ ਤੇ ਨਾਵਲ ਵਰਗੇ ਰੂਪਾਕਾਰ ਆਪਣੀਆਂ ਸਿਰਜਣਾਤਮਿਕ ਸੰਭਾਵਨਾਵਾਂ ਦੁਆਰਾ ਰਜਿਸਟਰ ਕਰਦੇ ਹਨ। ਇਹ ਨਵੇਂ ਰੂਪਾਕਾਰ ਸਧਾਰਨ ਮਨੁੱਖ ਦੇ ਨਵੇਂ ਅਨੁਭਵਾਂ ਦੇ ਪ੍ਰਗਟਾਵੇ ਲਈ ਬਿਰਤਾਂਤ ਦੇ ਰਵਾਇਤੀ ਰੂਪਾਕਾਰਾਂ ਦਾ ਸਥਾਨ ਮੱਲ ਲੈਂਦੇ ਹਨ। ਪੂੰਜੀਵਾਦੀ ਸਮਾਜ ਦੀਆਂ ਵਿਸੰਗਤੀਆਂ ਵਿੱਚ ਘਿਸਰਦੇ ਸਧਾਰਨ ਮਨੁੱਖ ਦੀ ਸਥਿਤੀ, ਸੰਵੇਦਨਾ, ਸੰਘਰਸ਼ ਅਤੇ ਸੰਭਾਵਨਾਵਾਂ ਦੇ ਅਨੇਕਾਂ ਪਾਸਾਰ ਇਨ੍ਹਾਂ ਰੂਪਾਕਾਰਾਂ ਦੀ ਕੇਂਦਰੀ ਵਸਤੂ ਬਣਦੇ ਹਨ।

ਪੰਜਾਬੀ ਨਿੱਕੀ ਕਹਾਣੀ ਨੇ ਆਪਣੀ ਕਥਾ ਯਾਤਰਾ ਦੇ ਮੁੱਢਲੇ ਆਦਰਸ਼ਵਾਦੀ ਸੁਧਾਰਵਾਦੀ ਦੌਰ ਤੋਂ ਵਰਤਮਾਨ ਤੱਕ ਦੇ ਉੱਤਰ ਸਥਿਤੀਆਂ ਵਾਲੇ ਉਪਭੋਗਤਾ ਮੁੱਖੀ ਦੌਰ ਤੱਕ ਬਿਰਤਾਂਤ ਪਰੰਪਰਾ ਦੇ ਅਨੇਕਾਂ ਮਰਹੱਲੇ ਕਾਇਮ ਕੀਤੇ ਹਨ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੇ ਸਮਾਜਿਕ, ਸਭਿਆਚਾਰਕ, ਰਾਜਸੀ ਅਤੇ ਆਰਥਿਕ ਸਰੋਕਾਰਾਂ ਦੀ ਪੇਸ਼ਕਾਰੀ ਕਰਦਿਆਂ ਪੰਜਾਬੀ ਕਹਾਣੀ ਨੇ ਹਮੇਸ਼ਾਂ ਉੱਦਾਤ ਕਦਰਾਂ ਕੀਮਤਾਂ ਦੀ ਪੈਰਵਾਈ ਕੀਤੀ ਹੈ। ਹੁਣ ਤੱਕ ਪੰਜਾਬੀ ਕਹਾਣੀ ਆਪਣੀ ਬਿਰਤਾਂਤ ਯਾਤਰਾ ਦੇ ਚਾਰ ਮਹੱਤਵਪੂਰਨ ਪੜਾਅ ਪਾਰ ਕਰ ਚੁੱਕੀ ਹੈ। 1990 ਤੋਂ ਬਾਅਦ ਦੀ ਕਹਾਣੀ ਚੌਥੇ ਦੌਰ ਦੀ ਕਹਾਣੀ ਹੈ ਜਿਸਨੇ ਵਿਸ਼ਵੀਕਰਨ ਦੇ ਕਾਊਂਟਰ ਪ੍ਰਵਚਨ ਸਿਰਜ ਕੇ ਆਪਣੇ ਬਹੁਪਾਸਾਰੇ ਕਥਾ ਅਨੁਭਵ ਪਾਠਕਾਂ ਤੱਕ ਨਸ਼ਰ ਕੀਤੇ ਹਨ। ਇਹ ਕਥਾ ਪੜਾਅ ਕਰੀਬ ਪੰਝੀ ਤੀਹ ਸਾਲਾਂ ਦੀ ਅਉਧ ਹੰਢਾ ਕੇ ਪੰਜਾਬੀ ਕਹਾਣੀ ਦੇ ਅਗਲੇ ਦੌਰ ਲਈ ਧਰਾਤਲ ਤਿਆਰ ਕਰ ਰਿਹਾ ਹੈ। ਵਰਤਮਾਨ ਸਮਾਂ ਇਸਦਾ

ਗਵਾਹ ਬਣ ਰਿਹਾ ਹੈ। ਕਿਸਾਨ ਅੰਦੋਲਨ ਅਤੇ ਕਰੋਨਾ ਕਾਲ ਤੋਂ ਬਾਅਦ ਦੀ ਕਹਾਣੀ ਇਸ ਪਰੰਪਰਾ ਵਿੱਚ ਨਵਾਂ ਅਧਿਆਇ ਛੇੜਨ ਵੱਲ ਵੱਧ ਰਹੀ ਹੈ। ਇਹ ਕਹਾਣੀ ਆਪਣੀ ਪੂਰਵਲੀ ਕਥਾ ਪਰੰਪਰਾ ਤੋਂ ਵੱਖਰੇ ਪਛਾਣ ਚਿੰਨ੍ਹ ਲੈ ਕੇ ਹਾਜ਼ਰ ਹੈ। ਕਹਾਣੀ ਦੇ ਇਸ ਵੱਖਰੇ ਪੋਚ ਤੋਂ ਅਰਥ ਪੂਰਵਲੀ ਕਹਾਣੀ ਤੋਂ ਉੱਤਮ ਹੋਣ, ਬਿਲਕੁਲ ਨਿਵੇਕਲੀ ਹੋਣ ਜਾਂ ਨਵੇਂ ਕਹਾਣੀਕਾਰਾਂ ਦੇ ਸ਼ਾਮਿਲ ਹੋਣ ਵਾਲੀਆਂ ਤਰਦੀਆਂ ਤਰਦੀਆਂ ਧਾਰਨਾਵਾਂ ਤੋਂ ਨਹੀਂ ਸਗੋਂ ਕਹਾਣੀ ਦੀ ਵਸਤੂ, ਰੂਪ ਤੇ ਦ੍ਰਿਸ਼ਟੀ ਵਿੱਚ ਆ ਰਹੇ ਨਵੇਂ ਜ਼ਾਇਕੇ ਤੋਂ ਹੈ। ਚੌਥੇ ਪੜਾਅ ਦੀ ਕਹਾਣੀ ਹਾਸ਼ੀਅਤ ਧਿਰਾਂ ਦੇ ਅਣਗਾਹੇ, ਅਣਪਛਾਤੇ ਅਤੇ ਗੁੰਮਨਾਮ ਯਥਾਰਥ ਦੀ ਪੇਸ਼ਕਾਰੀ ਕਰਦਿਆਂ ਆਪਣੀ ਜਟਿਲ ਸੰਰਚਨਾ ਨਾਲ ਬੌਧਿਕ ਤੇ ਚਿੰਤਨ ਕੇਂਦਰਿਤ ਬਿਰਤਾਂਤਕਾਰੀ 'ਤੇ ਮੁਨੱਸਰ ਰਹਿੰਦੀ ਆਈ ਹੈ ਪਰ ਪਿਛਲੇ ਸਾਲਾਂ ਤੋਂ ਪੰਜਾਬੀ ਕਹਾਣੀ ਨੇ ਆਪਣੀ ਇਸ ਕੁੰਜ ਨੂੰ ਸਹਿਜੇ ਸਹਿਜੇ ਉਤਾਰ ਦਿੱਤਾ ਹੈ। ਇਹ ਕਹਾਣੀ ਔਰਤ ਮਰਦ ਸਬੰਧਾਂ ਦੀਆਂ ਵਿਰੋਧੀ ਗ੍ਰਹਿਾਂ ਤੋਂ ਉੱਠਦੀਆਂ ਧੁਨੀਆਂ ਦੀ ਥਾਂ ਇਨ੍ਹਾਂ ਦੇ ਸਮਨਵੈ, ਪਰਵਾਸੀ ਜੀਵਨ ਦੇ ਦਵੰਦਮਈ ਜੀਵਨ ਪ੍ਰਤੀ ਰੁਦਨ ਦੀ ਥਾਂ ਨਵੀਆਂ ਚੁਣੌਤੀਆਂ ਨਾਲ ਸਹਿਹੋਂਦ , ਦਲਿਤ ਜੀਵਨ ਯਥਾਰਥ ਦੀ ਕਰੂਰਤਾ ਦੇ ਪ੍ਰਗਟਾਵੇ ਦੀ ਥਾਂ ਇਸ ਪ੍ਰਤੀ ਸੰਵਾਦੀ ਸੁਰ, ਮੱਧਵਰਗੀ ਜੀਵਨ ਦੇ ਕੋਝੇ ਕਿਰਦਾਰ ਦੀ ਥਾਂ ਇਸਦੇ ਉਤਸ਼ਾਹੀ ਤੇ ਉਮੰਗ ਭਰੇ ਜੀਵਨ ਬਿੰਬਾਂ ਦੀ ਪੇਸ਼ਕਾਰੀ ਵੱਲ ਅਹੁਲ ਰਹੀ ਹੈ। ਚੌਥੇ ਪੜਾਅ ਦੀ ਕਹਾਣੀ ਨੇ ਜਿਸ ਤਰ੍ਹਾਂ ਸਥਿਤੀ ਸਾਪੇਖ ਸੱਚ ਦੀ ਪੇਸ਼ਕਾਰੀ ਲਈ ਨੈਗਟਿਵ ਯਥਾਰਥ ਨੂੰ  ਸਿਰਜਣਾ ਦਾ ਵੱਡਾ ਕੇਂਦਰ ਮੰਨਿਆ ਹੈ, ਵਰਤਮਾਨ ਦੀ ਕਹਾਣੀ ਵਿੱਚ ਉਹ ਕੇਂਦਰ ਹਿੱਲ ਰਿਹਾ ਹੈ। ਇਸ ਤੋਂ ਇਲਾਵਾ ਇਹ ਕਹਾਣੀ ਬਿਰਤਾਂਤ ਦੀਆਂ ਪੇਚੀਦਾ ਜੁਗਤਾਂ ਦੀ ਥਾਂ ਸਹਿਜ, ਸੌਖੇ ਤੇ ਸਪੱਸ਼ਟ ਕਥਾ ਵੇਰਵਿਆਂ ਵੱਲ ਮੁੜ ਰਹੀ ਹੈ। ਪੰਜਾਬ ਦੀ ਨਸਲ ਤੇ ਫਸਲ 'ਤੇ ਪਸਰੇ ਸੰਕਟਾਂ ਦੇ ਸਨਮੁੱਖ ਪੰਜਾਬੀ ਕਹਾਣੀ ਨੇ ਉਪਭੋਗਤਾਵਾਦ ਦੇ ਵਹਿਣ ਵਿੱਚ ਰੁੜ੍ਹੇ ਜਾਂਦੇ ਪੰਜਾਬੀ ਬੰਦੇ ਦੇ ਅਨੇਕਾਂ ਪਾਸਾਰ ਚੌਥੇ ਦੌਰ ਦੀ ਕਹਾਣੀ ਵਿੱਚ ਪੇਸ਼ ਕੀਤੇ ਹਨ ਪਰ ਪਿਛਲੇ ਸਾਲਾਂ ਦੀ ਕਹਾਣੀ ਵਿਕਾਸ ਮਾਡਲ ਦੀ ਕਰੂਰਤਾ ਭਰੇ ਕਾਰਪੋਰੇਟੀ ਢਾਂਚੇ ਦੇ ਸਮਵਿੱਥ ਕੁਦਰਤਮੁੱਖੀ ਜੀਵਨ ਦ੍ਰਿਸ਼ਟੀ ਦੀ ਤਲਾਸ਼ ਕਰ ਰਹੀ ਹੈ।

ਇਨ੍ਹਾਂ ਵਿਚਾਰਾਂ ਦੇ ਪ੍ਰਸੰਗ ਵਿੱਚ ਸਾਲ 2022 ਦੀ ਪੰਜਾਬੀ ਕਹਾਣੀ ਵਿਸ਼ੇਸ਼ ਧਿਆਨ ਦੀ ਤਵੱਕੋ ਰੱਖਦੀ ਹੈ। ਇਸ ਸਾਲ ਵੱਖ ਵੱਖ ਸਾਹਿਤਕ ਮੈਗਜ਼ੀਨਾਂ ਵਿੱਚ ਕਹਾਣੀਕਾਰਾਂ ਨੇ ਆਪਣੀਆਂ ਮੌਲਿਕ ਰਚਨਾਵਾਂ ਨਾਲ ਭਰਵੀਂ ਹਾਜ਼ਰੀ ਲਗਵਾਈ ਹੈ। ਇਸ ਲੇਖ ਵਿੱਚ ਇਨ੍ਹਾਂ ਰਚਨਾਵਾਂ ਵਿੱਚੋਂ ਚੌਦਾਂ ਕਹਾਣੀਆਂ ਦੇ ਆਧਾਰ 'ਤੇ ਭਾਰਤੀ ਪੰਜਾਬ, ਪਰਵਾਸੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਰਚੀ ਜਾ ਰਹੀ ਕਹਾਣੀ ਦੇ ਮੌਜੂਦਾ ਰੁਝਾਨ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ। ਬੇਸ਼ੱਕ ਇਹ ਚੌਦਾਂ ਕਹਾਣੀਆਂ ਪੰਜਾਬੀ ਦੀ ਕਥਾ ਪਰੰਪਰਾ ਵਿੱਚ ਅਸਲੋਂ ਕੋਈ ਨਵਾਂ ਚਮਤਕਾਰੀ ਵਾਧਾ ਨਹੀਂ ਕਰ ਰਹੀਆਂ ਪਰ ਸਾਲ ਦੀਆਂ ਮੁਕਾਬਲਤਨ ਬਿਹਤਰੀਨ ਕਹਾਣੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਇਨ੍ਹਾਂ ਕਹਾਣੀਆਂ ਦੀ ਰਚਨਾ ਵਸਤੂ, ਰਚਨਾ ਸਰੋਕਾਰ ਤੇ ਰਚਨਾ ਦ੍ਰਿਸ਼ਟੀ ਦਾ ਮੁਤਾਲਿਆ ਕਰਕੇ ਵਰਤਮਾਨ ਕਹਾਣੀ ਦੀ ਤਾਜ਼ਗੀ ਤੇ ਨਵੇਂਪਨ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਕਹਾਣੀਆਂ ਦੇ ਹਵਾਲੇ ਨਾਲ ਮੌਜੂਦਾ ਦੌਰ ਦੀ ਪੰਜਾਬੀ ਕਹਾਣੀ ਦੇ ਵੱਖੋ ਵੱਖਰੇ ਬਿਰਤਾਂਤਕ ਲੋਕੇਲ 'ਤੇ ਬਦਲਦੇ ਸਰੋਕਾਰਾਂ ਨੂੰ ਵੀ ਸਮਝਣ ਦਾ ਉੱਦਮ ਕੀਤਾ ਜਾ ਰਿਹਾ ਹੈ। ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਸੰਗ ਵਿੱਚ **ਹਰਪ੍ਰੀਤ ਸੇਖਾ** ਦੀ ਕਹਾਣੀ ਪਿਛਲੇ ਕਈ ਸਾਲਾਂ ਤੋਂ ਪਰਵਾਸ ਦੇ ਪੰਜਾਬੀ ਦੰਪਤੀ ਜੀਵਨ ਦੀਆਂ ਵਿਸੰਗਤੀਆਂ ਨੂੰ ਬਹੁਤ ਸਸ਼ੱਕਤ ਲਹਿਜ਼ੇ ਵਿੱਚ ਪ੍ਰਸਤੁਤ ਕਰ ਰਹੀ ਹੈ। ਆਵਾਸ ਤੇ ਪਰਵਾਸ ਦਾ ਦਵੰਦਮਈ ਕਿਰਦਾਰ ਪੰਜਾਬੀ ਪਰਵਾਸੀ ਸਾਹਿਤ ਦਾ ਧੁਰਾ ਹੈ ਪਰ ਹਰਪ੍ਰੀਤ ਸੇਖਾ ਸਮੇਤ ਕਈ ਲੇਖਕ

ਪਰਵਾਸ ਨੂੰ ਮਜ਼ਬੂਰੀ ਜਾਂ ਮਰਜੀ ਦੇ ਤਰਦੇ ਤਰਦੇ ਪ੍ਰਤਿਮਾਨਾਂ ਵਿੱਚ ਪੇਸ਼ ਕਰਨ ਤੋਂ ਅੱਗੇ ਨਿਕਲ ਗਏ ਹਨ। ਇਹ ਲੇਖਕ ਪਰਵਾਸ ਨੂੰ ਪਰੰਪਰਕ ਰੁਦਨ ਤੋਂ ਮੁਕਤ ਕਰਕੇ ਇਸ ਅੰਦਰ ਜੀਉਣ ਥੀਣ ਦੀਆਂ ਸਹਿਹੋਂਦੀ ਤੇ ਉਤਸ਼ਾਹੀ ਸੰਭਾਵਨਾਵਾਂ ਰਜਿਸਟਰ ਕਰ ਰਹੇ ਹਨ। ਹਰਪ੍ਰੀਤ ਸੇਖਾ ਦੀ ਕਹਾਣੀ ਵੀ ਪਰਵਾਸ, ਘਰ, ਸਮਾਜ ਤੇ ਹੋਰ ਸਭਿਆਚਾਰਕ ਇਕਾਈਆਂ ਵਿੱਚ ਸਮਨਵੈ ਤੇ ਸਹਿਹੋਂਦ ਦੇ ਨਵੇਂ ਪ੍ਰਤਿਮਾਨ ਸਿਰਜ ਰਹੀ ਹੈ। ਇਹ ਪ੍ਰਤਿਮਾਨ ਕੈਨੇਡਾ ਵਰਗੇ ਬਹੁ ਸਭਿਆਚਾਰਕ ਮੁਲਕ ਅੰਦਰ ਨਿਰੋਲ ਆਵਾਸ ਤੇ ਪਰਵਾਸ ਦੇ ਸਮਨਵੈ ਤੱਕ ਸੀਮਤ ਨਹੀਂ ਸਗੋਂ ਉਹ ਔਰਤ ਮਰਦ ਦੇ ਦੰਪਤੀ ਜੀਵਨ ਅੰਦਰ ਇਸ ਸਮਨਵੈ ਦੇ ਨਵੇਂ ਪਾਸਾਰ ਪੇਸ਼ ਕਰਦਾ ਆ ਰਿਹਾ ਹੈ। ਇਸਦੇ ਨਾਲ ਨਾਲ ਪਰਵਾਸੀ ਜੀਵਨ ਯਥਾਰਥ ਵਿੱਚ ਪੰਜਾਬੀ ਸੰਸਕ੍ਰਿਤੀ ਦੇ ਉੱਦਾਤ ਜੀਵਨ ਮੁੱਲਾਂ ਦੀ ਰਾਖੀ, ਪੀੜ੍ਹੀ ਪਾੜੇ ਦੀ ਥਾਂ ਪੀੜ੍ਹੀ ਸਾਂਝ ਅਤੇ ਰਿਸ਼ਤਿਆਂ ਦੇ ਮੁਰਦਾ ਵਿਹਾਰ ਦੇ ਸਮਾਂਨਅੰਤਰ ਜੀਉਂਦੇ ਜਾਗਦੇ ਬੰਦਿਆਂ ਵਾਲਾ ਵਿਹਾਰ ਉਸਦੀ ਕਹਾਣੀ ਦਾ ਕੇਂਦਰ ਬਣ ਕੇ ਉੱਭਰ ਰਿਹਾ ਹੈ। ਕਹਾਣੀ **'ਮੋਹ ਜਾਲ'** ( ਸਿਰਜਣਾ, ਅਕਤੂਬਰ-ਦਸੰਬਰ, 2022) ਵਿੱਚ ਕੈਨੇਡਾ ਦੇ ਨਵ ਪੂੰਜੀਵਾਦੀ ਸਮਾਜ ਵਿੱਚ ਡਾਲਰਾਂ ਦੀ ਘਨ੍ਹੇੜੀ ਚੜ੍ਹੇ ਇਕ ਪੰਜਾਬੀ ਪਰਿਵਾਰ ਲਈ ਕੌਮਾ ਵਿੱਚ ਜੀਵਨ ਮੌਤ ਦੀ ਲੜਾਈ ਲੜਦਾ ਬਾਪੂ ਪੰਜਾਬ ਤੋਂ ਰਿਸ਼ਤੇਦਾਰਾਂ ਦੀ ਧਾੜ ਕੈਨੇਡਾ ਪੁਜਾਉਣ ਦੀ ਪੌੜੀ ਬਣਾ ਦਿੱਤਾ ਜਾਂਦਾ ਹੈ। ਕੇਅਰ ਹੋਮ ਵਿੱਚ ਨਿੱਸਲ ਤੇ ਬੇਸੁੱਧ ਪਿਆ ਬਾਪੂ ਲਾਈਫ ਸਪੋਰਟ 'ਤੇ ਹੈ ਪਰ ਪੁੱਤਰ ਤੇ ਨੂੰਹ 'ਛੇ ਮਹੀਨੇ ਹੋਰ ਕੱਢ ਜਾਵੇ ਬਾਪੂ ਤਾਂ ਚੰਗੈ' ਦੀ ਉਦੇਸ਼ ਭਾਵਨਾ ਨਾਲ ਇੰਡੀਆ ਰਹਿੰਦੇ ਆਪਣੇ ਸਬੰਧੀਆਂ ਨੂੰ ਬਾਪੂ ਦੀ 'ਤੀਮਾਰਦਾਰੀ' ਦੀ ਆੜ ਵਿੱਚ ਪਰਵਾਸੀ ਧਰਤੀ 'ਤੇ ਪੁੱਜਦੇ ਕਰਨ ਵਿੱਚ ਮਸ਼ਰੂਫ ਹਨ। ਇਹ ਵਰਤਾਰਾ ਪਰਵਾਸੀ ਜੀਵਨ ਅੰਦਰ ਰਿਸ਼ਤਿਆਂ ਦੇ ਖੁਦਗਰਜ਼ ਤੇ ਪੂੰਜੀ ਕੇਂਦਰਿਤ ਵਿਹਾਰ ਵਾਲਾ ਹੈ ਪਰ ਇਸ ਵਰਤਾਰੇ ਨੂੰ ਬਾਪੂ ਦੀ ਪੋਤੀ ਰਮਨੀਕ ਚਲਾ ਕੇ ਮਾਰਦੀ ਹੈ। ਉਹ ਪਰਵਾਸ ਵਿੱਚ ਜੰਮੀ ਪਲੀ ਪੀੜੀ ਦਾ ਪੰਜਾਬੀ ਗਲਪ ਵਿਚਲਾ ਖਚਿਤ ਤੇ ਸਵੈ ਕੇਂਦਰਿਤ ਬਿੰਬ ਤੋੜਦੀ ਹੈ। ਇਸਦੀ ਥਾਂ ਉਹ ਨਵੀਂ ਪੀੜੀ ਦੇ ਬੌਧਿਕ ਅਤੇ ਭਾਵੁਕ ਤੌਰ 'ਤੇ ਚੇਤੰਨ ਤੇ ਸਜੱਗ ਰੂਪ ਨੂੰ ਪੇਸ਼ ਕਰਦੀ ਹੈ । ਕਹਾਣੀ ਵਿੱਚ ਰਮਨੀਕ ਪਾਤਰ ਦਾ ਨਾਮਕਰਨ, ਬਾਪੂ ਵੱਲੋਂ ਲਗਾਈ ਬਗੀਚੀ ਦਾ ਖਿਆਲ ਰੱਖਣਾ, ਉਸਦੀਆਂ ਪੱਗਾਂ ਦੇ ਬੱਝੇ ਬਝਾਏ ਰੂਪਾਂ ਨੂੰ ਹੂ-ਬ-ਹੂ ਸਾਂਭਣਾ ਆਦਿ ਦੇ ਚਿਹਨਕੀ ਪਾਠ ਕਹਾਣੀਕਾਰ ਦੀ ਕਲਾ ਕੌਸ਼ਲਤਾ ਦੇ ਉੱਤਮ ਪ੍ਰਮਾਣ ਹਨ। ਰਮਨੀਕ ਪਾਤਰ ਪਰਵਾਸੀ ਕਹਾਣੀ ਪਰੰਪਰਾ ਦਾ ਵਿਲੱਖਣ ਪਾਤਰ ਹੈ ਜਿਸ ਦੇ ਲਰਜ਼ਦੇ, ਡੋਲਦੇ ਤੇ ਅੰਤ ਵਿੱਚ ਦ੍ਰਿੜਤਾ ਹਾਸਿਲ ਕਰਦੇ ਮਨੋ ਵੇਰਵਿਆਂ ਦੀ ਪੇਸ਼ਕਾਰੀ ਕਰਦਿਆਂ ਲੇਖਕ ਨੇ ਪਿੱਛਲਝਾਤ ਕਥਾ ਜੁਗਤਾਂ ਅਤੇ ਪਲਟਵੇਂ ਅੰਤ ਨਾਲ ਕਹਾਣੀ ਦਾ ਸੁਹਜ ਬਰਕਰਾਰ ਰੱਖਿਆ ਹੈ। **ਜਿੰਦਰ** ਦੀ ਕਹਾਣੀ **'ਸੇਫਟੀ ਕਿੱਟ'** (ਕਹਾਣੀ ਧਾਰਾ, ਅਕਤੂਬਰ-ਦਸੰਬਰ, 2022) ਪੂਰਬੀ ਤੇ ਪੱਛਮੀ ਸੰਸਕ੍ਰਿਤੀ ਦੇ ਤੁਲਨਾਮੁਖੀ ਵਿਹਾਰ ਵਿੱਚ ਔਰਤ ਦੀ ਦੇਹ ਨਾਲ ਜੁੜੀਆਂ ਮਿੱਥਾਂ ਨੂੰ ਮੁਲਾਂਕਣੀ ਲਹਿਜ਼ੇ ਵਿਚ ਪੇਸ਼ ਕਰਦੀ ਹੈ। ਜਿੰਦਰ ਔਰਤ ਮਰਦ ਸਬੰਧਾਂ ਦਾ ਪ੍ਰਯੋਗ ਧਰਮੀ ਕਥਾਕਾਰ ਹੈ ਜਿਸਨੇ ਇਨ੍ਹਾਂ ਸਬੰਧਾਂ ਵਿੱਚੋਂ ਸਨਸਨੀਖੇਜ਼ਤਾ ਥੋਪਣ/ਲੱਭਣ ਦੀ ਥਾਂ ਇਨ੍ਹਾਂ ਦੇ ਸਹਿਜ ਵਰਤਾਰੇ ਪਿਛਲੀ ਅਸਹਿਜਤਾ ਦੀ ਤਲਾਸ਼ ਕੀਤੀ ਹੈ। ਉਸਦੀ ਕਹਾਣੀ **'ਸੇਫਟੀ ਕਿੱਟ'** ਇੰਗਲੈਂਡ ਵਰਗੇ ਅਤਿ ਵਿਕਸਤ ਦੇਸ਼ ਵਿੱਚ ਪੜ੍ਹਾਈ ਦੇ ਆਧਾਰ 'ਤੇ ਵੀਜ਼ਾ ਹਾਸਿਲ ਕਰਕੇ ਪੁੱਜੀ ਪੰਜਾਬੀ ਲੜਕੀ ਅੰਦਰ ਪਏ ਪਿੱਤਰੀ ਸੱਤਾ ਦੀ ਅਧੀਨਗੀ ਵਾਲੇ ਜਗੀਰੂ ਪ੍ਰਤਿਮਾਨਾਂ ਦਾ ਪੱਛਮੀ ਸੰਸਕ੍ਰਿਤਕ ਮੁੱਲਾਂ ਨਾਲ ਦਵੰਦ ਪੇਸ਼ ਹੋਇਆ ਹੈ। ਪੰਜਾਬੀ ਸਭਿਆਚਾਰ ਦੇ ਜਗੀਰੂ ਤੇ ਮਰਦਾਵੇਂ ਪ੍ਰਬੰਧ ਵਿੱਚੋਂ ਨਿਕਲ ਕੇ ਪੱਛਮੀ ਸੰਸਕ੍ਰਿਤੀ ਦੇ ਸੁਤੰਤਰ ਤੇ ਖੁੱਲ੍ਹੇ ਜਨ ਜੀਵਨ ਵਿੱਚ ਗਈ ਕਹਾਣੀ ਦੀ ਉੱਤਮ ਪੁਰਖੀ ਪਾਤਰ ਦਬੇਲ ਮਾਨਸਿਕਤਾ ਵਿੱਚੋਂ ਗੁਜ਼ਰਦੀ ਪੇਸ਼ ਹੁੰਦੀ ਹੈ।

ਉਸਨੂੰ ਆਪਣੀ ਸੰਸਕ੍ਰਿਤੀ ਵਿੱਚ ਮਰਦ ਦਾ ਬਿੰਬ ਇਕ ਖਤਰਨਾਕ ਕਾਮੁਕ 'ਜਾਨਵਰ' ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ ਜਿਸਦੇ ਲਈ ਹਰ ਨਾਰੀ ਨੂੰ ਦੇਖਣ ਪਰਖਣ ਦਾ ਝਰੋਖਾ ਉਸਦੀ ਦੇਹ ਹੈ। ਉੱਤਮ ਪੁਰਖੀ ਪਾਤਰ ਦੀ ਸੋਚ ਨੂੰ ਉਦੋਂ ਜਰਬ ਆ ਜਾਂਦਾ ਹੈ ਜਦੋਂ ਉਹ ਸਮਾਂਥਾ ਵਰਗੀ ਪੱਛਮੀ ਸਮਾਜ ਵਿੱਚ ਜੰਮੀ ਪਲੀ ਪਾਤਰ ਨੂੰ ਮਿਲਦੀ ਹੈ। ਸਮਾਂਥਾ ਘੁਮੱਕੜ ਬਿਰਤੀ ਵਾਲੀ ਲੜਕੀ ਹੈ ਤੇ ਅਫਗਾਨਿਸਤਾਨ ਵਿੱਚ ਜਬਰ ਜਨਾਹ ਦੀ ਸ਼ਿਕਾਰ ਵੀ ਹੋ ਚੁੱਕੀ ਹੈ ਪਰ ਉਸਦੀ ਜਿੰਦਾਦਿਲੀ ਤੇ ਦਬੰਗ ਜੀਵਨ ਸ਼ੈਲੀ ਮਨੁੱਖ ਨੂੰ ਹਰ ਤਰ੍ਹਾਂ ਦੇ ਸਮਾਜਿਕ ਦਾਬੇ ਵਿੱਚ ਵੀ ਉੱਚੀ ਸੁਰ ਨਾਲ ਜੀਉਣ ਥੀਣ ਦੀ ਪ੍ਰੇਰਨਾ ਦੇਣ ਵਾਲੀ ਹੈ। ਮਰਦਾਵੇਂ ਪ੍ਰਬੰਧ ਦੇ ਦਾਬੂ ਚਰਿੱਤਰ ਅੱਗੇ ਅਧੀਨਗੀ ਵਾਲਾ ਜੀਵਨ ਬਸਰ ਕਰਨ ਦੀ ਥਾਂ ਸਮਾਂਥਾ ਜਬਰ ਜਨਾਹ ਤੋਂ ਬਾਅਦ ਆਪਣੇ ਜੀਵਨ ਨੂੰ ਨਰਕ ਮੰਨਣ ਤੇ ਸਮਾਜਿਕ ਮਿਹਣਿਆਂ ਅੱਗੇ ਹਾਰਨ ਹੁੱਸਣ ਵਾਲੀ ਦ੍ਰਿਸ਼ਟੀ ਦਾ ਵਿਖੰਡਨ ਕਰ ਦਿੰਦੀ ਹੈ। ਜ਼ਿੰਦਗੀ ਨੂੰ ਅਡਵੈਂਚਰਿਸਟ ਮਾਨਸਿਕਤਾ ਵਿੱਚ ਜੀਉਣ ਵਾਲੀ ਸਮਾਂਥਾ ਕਹਾਣੀ ਦੇ ਅੰਤ ਵਿੱਚ ਅਫਗਾਨਿਸਤਾਨ ਤੋਂ ਬਾਅਦ ਦੁਨੀਆ ਦੇ ਹੋਰ 'ਖਤਰਨਾਕ' ਦੇਸ਼ਾਂ ਦੀ ਭ੍ਰਮਣਕਾਰੀ ਦੇ ਕਿੱਸੇ ਵੀ ਸਾਂਝੇ ਕਰਦੀ ਹੈ। ਸਮਾਂਥਾ ਦੇ ਮਾਧਿਅਮ ਨਾਲ ਜਿੰਦਰ ਔਰਤ ਦੀ ਦਬੇਲ ਧਿਰ ਨੂੰ ਇਕ ਉਗਰ ਤੇ ਬੋਲਡ ਦ੍ਰਿਸ਼ਟੀ ਦਿੰਦਾ ਹੈ। ਇਹ ਕਥਾ ਦ੍ਰਿਸ਼ਟੀ ਔਰਤ ਨੂੰ ਆਪਣੀ ਦੇਹ ਨੂੰ ਨਿਰੋਲ ਜਸ਼ਨਾਵੀਂ ਆਭਾ ਮੰਡਲ ਵਿੱਚੋਂ ਦੇਖਣ/ਰੱਖਣ ਦੀ ਥਾਂ ਸਮਾਜ ਵਿੱਚ ਸਹਿਹੋਂਦ ਤੇ ਸੁਤੰਤਰਤਾ ਨਾਲ ਵਿਚਰਨ ਦੇ ਦਿਸਹੱਦੇ ਤੈਅ ਕਰਦੀ ਹੈ। ਲੇਖਕ ਦੀਆਂ ਕਹਾਣੀਆਂ ਪਿਛਲੇ ਕਾਫੀ ਸਮੇਂ ਤੋਂ ਜਿੱਥੇ ਰਿਸ਼ਤਿਆਂ ਦੇ ਦਮ ਘੋਟੂ ਮਾਹੌਲ, ਸੰਸਕ੍ਰਿਤਕ ਦਾਬੇ ਅਤੇ ਦਮਿਤ ਜੀਵਨ ਯਥਾਰਥ ਦੀਆਂ ਗੁੰਝਲਾਂ ਨੂੰ ਭੇਦਣ ਵਾਲੇ ਕਥਾ ਬਿੰਬ ਉਸਾਰ ਰਹੀਆਂ ਹਨ ਉੱਥੇ ਹੀ ਰਿਸ਼ਤਿਆਂ ਦੀਆਂ ਸਥਾਪਿਤ ਤੈਹਾਂ ਦੇ ਸਮਾਂਨਅੰਤਰ ਨਵੇਂ ਸਮਾਜੀ ਸਬੰਧਾਂ ਦੇ ਸੁਹਜ ਦਾ ਉਦਘਾਟਨ ਵੀ ਕਰ ਰਹੀਆਂ ਹਨ। ਇਸੇ ਸੁਰ ਵਿੱਚ **ਭਗਵੰਤ ਰਸੂਲਪੁਰੀ** ਆਪਣੀ ਕਹਾਣੀ **'ਤ੍ਰੇੜ'** (ਤਾਸਮਨ, ਜੁਲਾਈ-ਸਤੰਬਰ, 2022) ਦੁਆਰਾ ਰਿਸ਼ਤਿਆਂ ਦੇ ਭਿਆਨਕ ਤਹਿਕੇ ਵਿੱਚ ਕਤਰਾ ਕਤਰਾ ਜੀਵਨ ਬਤੀਤ ਕਰਨ ਵਾਲੀ ਮੱਧਵਰਗੀ ਔਰਤ ਦੀ ਸੰਵੇਦਨਾ ਦੇ ਨਵੇਂ ਪਾਸਾਰ ਪੇਸ਼ ਕਰਦਾ ਹੈ। ਆਪਣੇ ਪਤੀ ਮੰਗੇ ਦੀਆਂ ਨਸ਼ੇੜੀ ਆਦਤਾਂ ਤੇ ਸਹੁਰਾ ਪਰਿਵਾਰ ਦੇ ਦਮਨ ਵਿੱਚ ਪਿਸਦੀ ਅਧਿਆਪਕਾ ਮੋਨਿਕਾ ਲਈ ਮੂੰਹੋਂ ਮੰਗਿਆ ਤਲਾਕ ਵੀ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ। ਉਹ ਵਿਆਹ ਸੰਸਥਾ ਦੇ ਰਿਸ਼ਤਿਆਂ ਦੇ ਦਮਨ ਤੋਂ ਇੰਨੀ ਭੈਅਭੀਤ ਹੋ ਜਾਂਦੀ ਹੈ ਕਿ ਆਪਣੇ ਮਦਦਗਾਰ ਦੋਸਤ ਅਵਤਾਰ ਨੂਰਪੁਰੀਆ ਨਾਲ ਵਿਆਹ ਦੀ ਥਾਂ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਦੀ ਇੱਛਾ ਰੱਖਦੀ ਹੈ। ਕਹਾਣੀ ਵਿੱਚ ਲੇਖਕ ਮੋਨਿਕਾ ਦੇ ਘਰ ਉੱਗੇ ਪਿੱਪਲ ਦੇ ਮੈਟਾਫਰ ਨਾਲ ਮਰਦ ਨਾਲ ਜੁੜਨ ਵਾਲੇ ਔਰਤ ਦੇ ਰਿਸ਼ਤਿਆਂ ਨੂੰ ਨਵੇਂ ਪ੍ਰਸੰਗਾਂ ਵਿੱਚ ਪਰਿਭਾਸ਼ਿਤ ਕਰਦਾ ਹੈ। ਘਰ ਵਿੱਚ ਉੱਗਿਆ 'ਪਿੱਪਲ' ਰਿਸ਼ਤਿਆਂ ਦੀਆਂ ਕੰਧਾਂ ਵਿੱਚ ਤ੍ਰੇੜਾਂ ਦੇਣ ਦੀ ਥਾਂ ਜੇਕਰ 'ਆਕਸੀਜਨ' ਦੇ ਕੇ ਇਨ੍ਹਾਂ ਰਿਸ਼ਤਿਆਂ ਦੀ ਸਜੀਵਤਾ ਨੂੰ ਬਰਕਰਾਰ ਰੱਖੇ ਤਾਂ ਔਰਤ ਮਰਦ ਦੀ ਸਹਿਹੋਂਦ ਅਤੇ ਸਮਰਪਣ ਭਾਵਨਾ ਰਿਸ਼ਤੇ ਨੂੰ ਖੁਸ਼ਨੁਮਾ ਬਣਾ ਦਿੰਦੀ ਹੈ। ਔਰਤ ਨੂੰ ਉਸਦੀ ਇਕੱਲਤਾ ਤੇ ਸੁੰਨ ਸਥਿਤੀ ਦੇ ਰੁਮਾਂਸ ਵਿੱਚ ਪਾਉਣ ਦੀ ਥਾਂ ਭਗਵੰਤ ਰਸੂਲਪੁਰੀ ਔਰਤ ਮਰਦ ਦੇ ਸਹਿਚਾਰ ਤੇ ਸਮਨਵੈ ਦੀ ਕਥਾ ਦ੍ਰਿਸ਼ਟੀ ਨੂੰ ਖੂਬਸੂਰਤ ਕਥਾ ਵੇਰਵਿਆਂ ਵਿੱਚ ਪੇਸ਼ ਕਰਦਾ ਹੈ। ਰਸੂਲਪੁਰੀ ਦੀ ਕਹਾਣੀ ਦਾ ਅਹਿਮ ਲੱਛਣ ਇਸਦੀ ਸੰਵਾਦੀ ਪ੍ਰਵਚਕਾਰੀ ਵਿੱਚ ਨਿਹਤ ਹੁੰਦਾ ਹੈ। ਪਿਛਲੇ ਕੁੱਝ ਸਾਲਾਂ ਤੋਂ ਉਸਦੀ ਕਹਾਣੀ ਨੇ ਬਿਰਤਾਂਤਕ ਭਾਸ਼ਾ ਦੀ ਤਾਜ਼ਗੀ ਅਤੇ ਮੈਟਾਫਰਾਂ ਦੁਆਰਾ ਕਹਾਣੀ ਸਿਰਜਣ ਪੱਖੋਂ ਨਵੇਂ ਸਫਲ ਤਜਰਬੇ ਕੀਤੇ ਹਨ। ਪੁਰਸ਼ ਪ੍ਰਧਾਨ ਸਮਾਜ ਵਿੱਚ ਪਿੱਤਰ ਸੱਤਾ ਦੇ ਦਾਬੇ ਅਧੀਨ ਔਰਤ ਦੇ ਹਾਸ਼ੀਅਤ ਰੂਪ ਨੂੰ **ਦੀਪਤੀ ਬਬੂਟਾ** ਦੀ ਕਹਾਣੀ **'ਪੰਜਵਾਂ ਮੋੜਾ'**( ਕਹਾਣੀ ਧਾਰਾ, ਅਕਤੂਬਰ-ਦਸੰਬਰ,2022) ਪੇਸ਼ ਕਰਦੀ ਹੈ। ਕਹਾਣੀ ਦੀ

ਮੁੱਖ ਪਾਤਰ ਗੁਰਦੇਵ ਕੌਰ ਸੰਤਾਲੀ ਦੇ ਉਜਾੜੇ ਉਪਰੰਤ ਚੜ੍ਹਦੇ ਪੰਜਾਬ ਵਿੱਚ ਹਿਜਰਤ ਕਰਕੇ ਪਰਿਵਾਰ ਨੂੰ ਮੁੜ ਸਥਾਪਿਤ ਕਰਦੀ ਹੈ। ਪਤੀ ਦੀ ਮੌਤ ਉਪਰੰਤ ਪੁੱਤਰਾਂ ਦੀ ਜ਼ਮੀਨ ਪ੍ਰਾਪਤੀ ਦੀ ਖਿੱਚ ਧੂਹ ਵਿੱਚ ਗੁਰਦੇਵ ਕੌਰ ਦਾ ਬੁਢਾਪਾ ਰੁਲਣ ਲੱਗਦਾ ਹੈ। ਗੁਰਦੇਵ ਕੌਰ ਆਪਣੇ ਖ਼ੂਨ ਨਾਲ ਸਿੰਜੇ ਚਾਰ ਪੁੱਤਰਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ 'ਸਵਰਗ' ਜਾਣ ਦੀ ਥਾਂ ਹਰ ਮਹੀਨੇ ਹਰ ਪੁੱਤਰ ਦੇ ਘਰ ਦਰਬਦਰ ਹੋਣ ਦਾ ਸੰਤਾਪ ਭੋਗਦੀ ਹੈ। ਕਹਾਣੀ ਵਿੱਚ ਗੁਰਦੇਵ ਕੌਰ ਦੀ ਧੀ ਵੀਰਪਾਲ ਕੌਰ ਆਪਣੀ ਅਧਰੰਗ ਮਾਰੀ ਮਾਂ ਨੂੰ ਪੰਜਵੇਂ ਤੇ ਇਕਲੌਤੇ ਮੋਢੇ ਦੇ ਰੂਪ ਵਿੱਚ ਸਾਂਭਦੀ ਪੁੱਤਰਾਂ ਦੀ ਜ਼ਮੀਨ ਲਈ ਲਲਕ ਦੇ ਸਮਾਂਨਅੰਤਰ ਧੀਆਂ ਦੀ ਆਪਣੇ ਮਾਪਿਆਂ ਵਿੱਚ ਤੜਫ ਨੂੰ ਦ੍ਰਿੜ ਕਰਦੀ ਹੈ। ਉਕਤ ਕਹਾਣੀਆਂ ਵਿੱਚ **'ਪੰਜਵਾਂ ਮੋਢਾ'** ਦੀ ਵੀਰਪਾਲ ਕੌਰ, **'ਡ੍ਰੇਡ'** ਦੀ ਮੋਨਿਕਾ, **'ਸੇਫਟੀ ਕਿੱਟ'** ਦੀ ਸਮਾਂਥਾ ਅਤੇ **'ਮੋਹ ਜਾਲ'** ਦੀ ਰਮਣੀਕ ਆਪਣੇ ਚਿੰਤਨੀ ਤੇ ਬੌਧਿਕ ਖਾਸੇ ਕਰਕੇ ਪਿੱਤਰੀ ਸੱਤਾ ਨੂੰ ਚੁਣੌਤੀਆਂ ਦੇਣ ਦੇ ਨਾਲ ਨਾਲ ਇਸਦੇ ਸਮਾਂਨਅੰਤਰ ਆਪਣੀ ਸਾਲਮ ਹੋਂਦ ਲਈ ਜੂਝਦੀਆਂ ਨਾਰੀ ਪਾਤਰ ਹਨ। ਇਹ ਪਾਤਰ ਵੱਖੋ ਵੱਖਰੇ ਵਰਗੀ ਸਮਾਜਾਂ ਦੀਆਂ ਸਥਾਪਿਤ ਮਾਨਤਾਵਾਂ ਵਿੱਚ ਉੱਠਦੀਆਂ ਨਾਰੀ ਸੁਰਾਂ ਦੇ ਮਾਧਿਅਮ ਨਾਲ ਪੰਜਾਬੀ ਕਹਾਣੀ ਦੀ ਵੱਖਰੀ ਸੁਰ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਸੁਰ ਉਸ ਤੱਤੀ ਤੱਤੀ ਨਾਰੀਵਾਦੀ ਪ੍ਰਵਚਨਕਾਰੀ ਤੋਂ ਰਹਿਤ ਹੈ ਜਿਸ ਵਿੱਚ ਹਰ ਮਰਦ ਨੂੰ ਔਰਤ ਜਾਤ ਦਾ ਮੁੱਢ ਕਦੀਮੀ ਦੁਸ਼ਮਣ ਤਸਲੀਮ ਕਰ ਲਿਆ ਜਾਂਦਾ ਹੈ।

ਪਿਛਲੇ ਕੁੱਝ ਸਾਲਾਂ ਤੋਂ ਦਲਿਤ ਚੇਤਨਾ ਦੀ ਕਹਾਣੀ ਆਪਣੇ ਜਾਣੇ ਪਛਾਣੇ ਪ੍ਰਤਿਮਾਨਾਂ ਨੂੰ ਤਿਲਾਂਜਲੀ ਦੇ ਰਹੀ ਹੈ। ਇਸ ਕਹਾਣੀ ਵਿੱਚ ਆਰਥਿਕ ਸੰਪੰਨਤਾ ਦੇ ਬਾਵਜੂਦ ਦਲਿਤ ਕਹਾਣੀ ਦਾ ਕੇਂਦਰੀ ਪਾਤਰ ਆਪਣੇ ਆਪ ਨੂੰ ਸਮਾਜਿਕ ਮਾਣ ਤਾਣ ਤੋਂ ਹੀਣਾ ਸਮਝਦਾ ਅੰਤਰਮੁੱਖੀ ਘੋਲ ਘੁਲਦਾ ਪੇਸ਼ ਹੁੰਦਾ ਆਇਆ ਹੈ। ਦਲਿਤ ਸਮਾਜ ਦਾ ਅਖੌਤੀ ਸਵਰਨ ਜਾਤੀਆਂ ਨਾਲ ਸਿੱਧ ਪੱਧਰੇ ਵਿਰੋਧ ਅਤੇ ਤਰਦੇ ਤਰਦੇ ਸਮਾਜਿਕ ਵਿਤਕਰਿਆਂ ਦੇ ਲਕੀਰੀ ਪ੍ਰਗਟਾਵੇ ਵੀ ਲੰਮਾਂ ਸਮਾਂ ਇਸ ਕਥਾ ਚੇਤਨਾ ਦਾ ਹਿੱਸਾ ਬਣਦੇ ਰਹੇ ਹਨ। ਸਿਆਸੀ ਗਲਿਆਰਿਆਂ ਵਿੱਚ ਦਲਿਤ ਧਿਰਾਂ ਨੂੰ ਵਰਤਣ ਦੇ ਪੈਂਤੜੇ ਵੀ ਬਦਲਵੇਂ ਰੂਪ ਵਿੱਚ ਦਲਿਤ ਸਾਹਿਤ ਚੇਤਨਾ ਦੀ ਆੜ ਹੇਠਾਂ ਦਲਿਤ ਰਾਜਨੀਤੀ ਵਾਲੇ ਰੰਗ ਪ੍ਰਗਟ ਕਰਦੇ ਰਹੇ ਹਨ। ਇਸਦੇ ਬਾਵਜੂਦ ਦਲਿਤ ਹੋਂਦ ਦੇ ਸਵਾਲਾਂ ਨੂੰ ਅਨੇਕਾਂ ਕਥਾਕਾਰਾਂ ਨੇ ਦਰਸ਼ਨ, ਇਤਿਹਾਸ, ਮਿਥਿਹਾਸ ਅਤੇ ਰਾਜਨੀਤੀ ਦੇ ਭੱਖਦੇ ਸਵਾਲਾਂ ਦੇ ਪ੍ਰਸੰਗ ਵਿੱਚ ਸੰਵਾਦੀ ਲਹਿਜ਼ੇ ਤੋਂ ਪ੍ਰਸਤੁਤ ਕੀਤਾ ਹੈ। ਸਾਲ 2022 ਵਿੱਚ **ਨਵਚੇਤਨ** ਦੀ ਕਹਾਣੀ **'ਦਾਗ'** ( ਸਿਰਜਣਾ, ਅਕਤੂਬਰ-ਦਸੰਬਰ, 2022) ਮੀਰ ਸੰਧੂ ਪਾਤਰ ਦੇ ਮਾਧਿਅਮ ਦੁਆਰਾ ਹਰ ਸਮਾਜਿਕ ਪ੍ਰਬੰਧ ਵਿੱਚ ਜਾਤ, ਧਰਮ ਤੇ ਨਸਲ ਦੀਆਂ ਰਵਾਇਤਾਂ ਮਿੱਥਾਂ 'ਤੇ ਸਵਾਲੀਆ ਚਿੰਨ ਖੜ੍ਹੇ ਕਰਦੀ ਹੈ। ਮੀਰ ਸੰਧੂ ਯੂਨੀਵਰਸਿਟੀ ਦਾ ਸਕਾਲਰ ਪਾਤਰ ਹੈ ਜੋ ਕਿ ਅਖੌਤੀ ਸਵਰਨ ਜਾਤੀ ਲੜਕੀ ਨਾਲ ਮੁਹੱਬਤ ਦੇ ਬਾਵਜੂਦ ਜਾਤੀ ਅੜਿੱਕੇ ਕਰਕੇ ਵਿਆਹ ਨਹੀਂ ਕਰਾ ਪਾਉਂਦਾ। ਅਖੌਤੀ ਸਵਰਨ ਜਾਤਾਂ ਦੇ ਅੰਤਰ ਵਿਰੋਧਾਂ ਵਿੱਚ ਪਿਸਦਾ ਮੀਰ ਸੰਧੂ ਇੰਗਲੈਂਡ ਚਲਾ ਜਾਂਦਾ ਹੈ ਜਿੱਥੇ ਉਹ ਏਸ਼ੀਅਨ ਭਾਈਚਾਰੇ ਦਾ ਟੈਗ ਲਈ ਫਿਰਦਾ ਹੈ। ਉੱਥੇ ਦੀ ਵਸਨੀਕ ਜੈਸਿਕਾ ਨਾਲ ਵਿਆਹ ਕਰਵਾ ਲੈਂਦਾ ਹੈ ਪਰ ਜਿੱਥੇ ਜੈਸਿਕਾ ਦਾ ਪਿਤਾ ਆਪਣੀ ਧੀ ਦੇ ਏਸ਼ੀਅਨ ਬੰਦੇ ਨਾਲ ਵਿਆਹ ਤੋਂ ਖਫਾ ਹੈ ਉੱਥੇ ਹੀ ਮੀਰ ਸੰਧੂ ਦਾ ਪਿਤਾ ਆਪਣੇ ਪੁੱਤਰ ਵੱਲੋਂ ਦਹਾਜੂ ਲੜਕੀ ਜੈਸਿਕਾ ਨਾਲ ਕੀਤੇ ਵਿਆਹ ਤੋਂ ਵੱਖਰਾ ਪ੍ਰੇਸ਼ਾਨ ਹੈ। ਇੰਝ ਕਹਾਣੀਕਾਰ ਦਾਗ ਦੇ ਮੈਟਾਫਰ ਦੁਆਰਾ ਵੱਖ ਵੱਖ ਸਮਾਜਕ ਬਣਤਰਾਂ ਦੀਆਂ ਸੰਸਥਾਗਤ ਪ੍ਰਣਾਲੀਆਂ ਵਿੱਚ ਕੁੱਲ, ਨਸਲ, ਜਾਤ, ਖੇਤਰ ਦੀਆਂ ਕੰਧਾਂ ਵਿੱਚ ਚਿਣੀ ਜਾਂਦੀ ਮਾਨਵੀ ਸੰਵੇਦਨਾ ਨੂੰ ਸਪਲੀਮੈਂਟ ਕਰਦਾ ਹੈ। ਕਹਾਣੀ ਵਿੱਚ ਤਿੰਨੋਂ ਲੜਕੀਆਂ ਦਾ ਪਿਤਾ ਵੱਖੋ

ਵੱਖਰੇ ਸਮਾਜਿਕ ਪ੍ਰਬੰਧ ਵਿੱਚਲੇ ਜਗੀਰੂ ਅਵਚੇਤਨ ਦੀ ਰਹਿੰਦੀ ਖੂੰਹਦੀ ਸਾਂਝ ਕਰਕੇ ਪਿਤਾ ਨਾਲੋਂ ਵੱਧ ਇਕ ਮਾਰੂ ਸੰਸਥਾ ਦਾ ਰੂਪ ਧਾਰਦਾ ਪੇਸ਼ ਹੋਇਆ ਹੈ। **ਸਵਾਮੀ ਸਰਬਜੀਤ** ਦੀ ਕਹਾਣੀ **'ਹਾੱਰਸ ਪਾਵਰ'** (ਤਾਸਮਨ, ਜਨਵਰੀ-ਮਾਰਚ, 2022) ਵੀ **ਨਵਚੇਤਨ** ਦੀ ਕਹਾਣੀ ਵਾਂਗ ਵਿਸ਼ਵ ਵਿਦਿਅਲਾਯ ਦੇ ਯੁਵਾ ਪਾਤਰਾਂ ਦੇ ਮੁਹੱਬਤੀ ਸਰੋਕਾਰਾਂ ਦੀ ਦਾਸਤਾਨ ਹੈ। ਕਹਾਣੀ ਦੇ ਆਰੰਭ ਵਿੱਚ ਕਲਾਕਾਰ ਪਰਮਾਰਥ ਦੁਆਰਾ ਘੋੜੇ ਦੀ ਬਣਾਈ ਪੇਂਟਿੰਗ ਮਰਦ ਦੀ ਔਰਤ ਪ੍ਰਤੀ ਕਾਮੁਕ ਖਿੱਚ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦੀ ਕਹਾਣੀ ਦੇ ਸਮੁੱਚੇ ਬਿਰਤਾਂਤਕ ਰਹੱਸ ਦਾ ਉਦਘਾਟਨ ਕਰ ਜਾਂਦੀ ਹੈ। ਸੁਤੰਤਰ ਖਿਆਲਾਂ ਵਾਲੇ ਚਿੰਤਨੀ ਸਕਾਲਰ ਰਿਸ਼ੀ ਤੇ ਕਾਮਨੀ ਇਕ ਦੂਜੇ ਦੀ ਚਾਹਤ ਹਨ ਪਰ ਕਾਮਨੀ ਦੇ ਗਰਭਵਤੀ ਹੋਣ ਉਪਰੰਤ ਰਿਸ਼ੀ ਵਿਆਹ ਦੀ ਸੰਸਥਾ ਵਿੱਚ ਪ੍ਰਵੇਸ਼ ਕਰਨ ਤੋਂ ਕਿਨਾਰਾ ਕਰ ਲੈਂਦਾ ਹੈ। ਕਾਮਨੀ ਰਿਸ਼ੀ ਦੀ ਜਾਤ ਪੁੱਛਦੀ ਹੈ, ਉਹ ਆਪਣੀ ਜਾਤ ਹੀ ਨਹੀਂ ਲੁਕਾਂਉਂਦਾ ਸਗੋਂ ਆਪਣੀ ਭਰਜਾਈ ਨਾਲ ਪਿੰਡ ਚਾਦਰ ਪਾ ਕੇ ਕੀਤੇ ਵਿਆਹ ਨੂੰ ਵੀ ਲੁਕਾਈ ਰੱਖਦਾ ਹੈ। ਕਾਮਨੀ ਨੂੰ ਪਤਾ ਲੱਗਣ 'ਤੇ ਉਹ ਜ਼ਿੰਦਗੀ ਤੋਂ ਉਪਰਾਮ ਹੋ ਜਾਂਦੀ ਹੈ ਪਰ ਰਿਸ਼ੀ ਅੰਦਰਲਾ ਮਰਦ ਔਰਤ ਨੂੰ ਲੁਭਾਉਣ, ਜਿੱਤਣ ਤੇ ਕਾਬੂ ਰੱਖਣ ਵਾਲੀ ਮਾਨਸਿਕਤਾ ਦੇ ਘੋੜੇ 'ਤੇ ਸਵਾਰ ਅਗਲੀ ਮੰਜ਼ਿਲ ਵੱਲ ਤੁਰ ਪੈਂਦਾ ਹੈ। ਔਰਤ ਮਰਦ ਸਬੰਧਾਂ ਦੀ ਸੂਖਮਤਾ ਨੂੰ ਪ੍ਰਗਟਾਉਣ ਵਾਲੀ ਭਾਸ਼ਾ ਅਤੇ ਨਿਵੇਕਲੇ ਕਥਾ ਮੈਟਾਫਰ ਕਹਾਣੀ ਨੂੰ ਵੱਖਰਾ ਬਿਰਤਾਂਤਕ ਲਹਿਜ਼ਾ ਦੇਣ ਵਾਲੇ ਪਹਿਲੂ ਹਨ। ਇੰਝ ਇਹ ਦੋਵੇਂ ਕਹਾਣੀਆਂ ਪੁਰਸ਼ ਨਾਰੀ ਸਬੰਧਾਂ ਨੂੰ ਕਿਸੇ ਧਿਰ ਦੇ ਹੱਕ ਜਾਂ ਵਿਰੋਧ ਵਾਲੀ ਰਵਾਇਤੀ ਇਕਹਿਰੀ ਕਿਸਮ ਦੀ ਦ੍ਰਿਸ਼ਟੀ ਤੋਂ ਰਹਿਤ ਰੱਖਦੀਆਂ ਹਨ। **ਸਿਮਰਨ ਧਾਲੀਵਾਲ** ਆਪਣੀ ਕਹਾਣੀ **'ਰੋਜ਼ ਡੇਅ'** ( ਸ਼ਬਦ, ਅਪ੍ਰੈਲ-ਸਤੰਬਰ, 2022) ਵਿੱਚ ਔਰਤ ਮਰਦ ਰਿਸ਼ਤਿਆਂ ਦੀ ਤਰਲਤਾ ਦਾ ਸੂਖ਼ਮ ਬਿਰਤਾਂਤ ਪੇਸ਼ ਕਰਦਾ ਹੈ। ਕਾਲਜ ਵਿੱਚ ਸਹਿਕਰਮੀ ਅਧਿਆਪਕਾ ਰੋਜ਼ੀ ਦਾ ਖੁੱਲ੍ਹਾ ਡੁੱਲਾ ਸੁਭਾਅ ਅਤੇ ਚਿੰਤਨੀ ਸ਼ਖ਼ਸੀਅਤ ਕਹਾਣੀ ਦੇ ਉੱਤਮ ਪੁਰਖੀ ਪਾਤਰ ਦੇ ਮਨ ਵਿੱਚ ਪਿਆਰ ਦੀਆਂ ਤਰੰਗਾਂ ਪੈਦਾ ਕਰ ਦਿੰਦੀ ਹੈ। ਕਾਲਜ ਵਿੱਚ ਇਕੱਠੇ ਬਿਤਾਏ ਪਲ ਅਤੇ ਨਿੱਕੀਆਂ ਨਿੱਕੀਆਂ ਗਰਜ਼ਾਂ ਦੀ ਸਾਂਝ 'ਮੈਂ' ਪਾਤਰ ਅੰਦਰ ਇਕ ਤਰਫੀ ਮੁਹੱਬਤ ਦਾ ਆਧਾਰ ਬਣਦੀਆਂ ਹਨ। ਉੱਤਮ ਪੁਰਖੀ ਪਾਤਰ ਰੋਜ਼ ਡੇਅ ਵਾਲੇ ਦਿਨ ਆਪਣੀ ਗੁੰਮਨਾਮ ਮੁਹੱਬਤ ਦਾ ਇਜਹਾਰ ਕਰਨ ਲਈ ਸ਼ਬਦਾਂ ਦੀ ਤਲਾਸ਼ ਕਰਦਾ ਹੈ ਪਰ ਰੋਜ਼ੀ ਕਿਸੇ ਹੋਰ ਨਾਲ ਮੁਹੱਬਤੀ ਸਾਂਝ ਰੱਖਦੀ ਖੁਦ ਅਜਿਹੀ ਭਟਕਣ ਵਿੱਚ ਹੁੰਦੀ ਹੈ। ਇਹ ਵਰਤਾਰਾ ਕਹਾਣੀ ਨੂੰ ਚੁਸਤੀ ਭਰਿਆ ਅੰਤ ਦਿੰਦਾ ਹੈ ਤੇ ਮੈਂ ਪਾਤਰ ਦੀਆਂ ਸੋਚਾਂ ਨੂੰ ਨਵੀਆਂ ਜਰਬਾਂ ਦੇ ਜਾਂਦਾ ਹੈ। ਧਾਲੀਵਾਲ ਕੋਲ ਮਨੁੱਖੀ ਮਨੋ ਭਾਵਾਂ ਦੀ ਤਰਲਤਾ ਨੂੰ ਫੜਨ ਤੇ ਇਨ੍ਹਾਂ ਪਲਾਂ ਵਿੱਚੋਂ ਜ਼ਿੰਦਗੀ ਦੇ ਜੀਵੰਤ ਤੇ ਗਤੀਸ਼ਲ ਚਰਿੱਤਰ ਨੂੰ ਪੇਸ਼ ਕਰਨ ਦਾ ਹੁਨਰ ਹੈ। ਉਸਦੀ ਕਹਾਣੀ ਨੇ ਚੌਥੇ ਪੜਾਅ ਦੀ ਜਾਣੀ ਪਛਾਣੀ ਕਥਾ ਪਰੰਪਰਾ ਤੋਂ ਅਗਲਾ ਕਦਮ ਪੁੱਟਣ ਵਿੱਚ ਪਹਿਲਕਦਮੀ ਕੀਤੀ ਹੈ।

ਪੰਜਾਬੀ ਕਹਾਣੀ ਦੇ ਚੌਥੇ ਪੜਾਅ ਵਿੱਚ ਜਿੱਥੇ ਮਰਦ ਕਹਾਣੀਕਾਰਾਂ ਨੇ ਜੈਂਡਰ ਪਾਰ ਦ੍ਰਿਸ਼ਟੀ ਤਹਿਤ ਨਾਰੀ ਮਨ ਦੀਆਂ ਅਣਗਾਹੀਆਂ ਕੁੰਦਰਾਂ 'ਤੇ ਝਾਤ ਪੁਆਈ ਹੈ ਉੱਥੇ ਹੀ ਵਰਤਮਾਨ ਪੰਜਾਬੀ ਗਲਪ ਵਿੱਚ ਪਰਵਾਸੀ ਚੇਤਨਾ ਨੂੰ ਗੈਰ ਪਰਵਾਸੀ ਲੇਖਕਾਂ ਨੇ ਵੀ ਆਪਣੀ ਸਮਰੱਥਾ ਅਨੁਸਾਰ ਪੇਸ਼ ਕਰਨ ਦੇ ਉੱਦਮ ਕੀਤੇ ਹਨ। ਪਿਛਲੇ ਕੁੱਝ ਸਾਲਾਂ ਤੋਂ ਦਲਿਤ ਤੇ ਪਰਵਾਸ ਦੇ ਮੁੱਦੇ ਇਨ੍ਹਾਂ ਵਰਗਾਂ ਦੀ ਜਨਮਜਾਤ ਘੇਰਾਬੰਦੀ ਤੋਂ ਬਾਹਰਲੇ ਕਥਾਕਾਰਾਂ ਵੱਲੋਂ ਵੀ ਬਹੁਤ ਸਸ਼ਕਤ ਲਹਿਜ਼ੇ ਵਿੱਚ ਪੇਸ਼ ਹੋਏ ਹਨ। **ਸੁਕੀਰਤ** ਦੀ ਕਹਾਣੀ **'ਉਹ, ਤੇ ਉਹ'** ( ਸਿਰਜਣਾ, ਜਨਵਰੀ-ਮਾਰਚ, 2022) ਗੈਰਕਾਨੂੰਨੀ ਪਰਵਾਸ ਦੇ ਟਾਪੂ ਨੁਮਾ ਜੀਵਨ ਦੇ ਸੰਤਾਪ ਨੂੰ ਪੇਸ਼ ਕਰਦੀ ਰਚਨਾ ਹੈ। ਕਹਾਣੀ ਦਾ ਉੱਤਮ ਪੁਰਖੀ ਪਾਤਰ

ਮੱਧਵਰਗੀ ਪਰਿਵਾਰਾਂ ਦੀਆਂ ਰਵਾਇਤੀ ਦੁਸ਼ਵਾਰੀਆਂ ਤੋਂ ਬੇਪਰਵਾਹੀ ਵਾਲਾ ਜੀਵਨ ਬਤੀਤ ਕਰਦਾ ਆਪਣੀ ਘੁਮੱਕੜੀ ਜੀਵਨ ਸ਼ੈਲੀ ਵਿੱਚ ਸਪੇਨ ਪੁੱਜਦਾ ਹੈ ਜਿੱਥੇ ਲੁਟੇਰਿਆਂ ਦੇ ਟੋਲੇ ਵਿੱਚ ਸ਼ਾਮਿਲ ਇਕ ਪੰਜਾਬੀ ਬੰਦੇ ਨਾਲ ਉਸਦਾ ਟਕਰਾਅ ਹੋ ਜਾਂਦਾ ਹੈ। ਉੱਤਮ ਪੁਰਖੀ ਪਾਤਰ ਆਪ ਇਕੱਲੀ ਜ਼ਿੰਦਗੀ ਹੰਢਾਉਣ ਦੇ ਬਾਵਜੂਦ ਇਕੱਲਤਾ ਨੂੰ ਹਾਵੀ ਨਹੀਂ ਹੋਣ ਦਿੰਦਾ ਪਰ ਸਪੇਨ ਵਿੱਚ ਟੱਕਰਿਆ ਗੈਰ ਕਾਨੂੰਨੀ ਪੰਜਾਬੀ ਆਪਣੀ ਵਿੱਥਿਆ ਸੁਣਾ ਕੇ ਉਸਨੂੰ ਸੁੰਨ ਕਰ ਦਿੰਦਾ ਹੈ। ਮੇਰੀਓ ਏ ਬਣਿਆ ਉਕਤ ਪੰਜਾਬੀ ਗੈਰ ਕਾਨੂੰਨੀ ਢੰਗ ਨਾਲ ਯੁਗੋਸਵਾਲੀਆ ਦੇ ਰਸਤੇ ਫਰਾਂਸ ਪੁੱਜਿਆ ਹੁੰਦਾ ਹੈ ਜਿੱਥੇ ਅਚਨਚੇਤ ਹੋਏ ਕਤਲ ਤੋਂ ਭਗੌੜਾ ਹੋ ਕੇ ਸਪੇਨ ਭਟਕਦਾ ਹੈ। ਮੇਰੀਓ ਏ ਆਪਣੇ ਵਤਨ ਤੇ ਪਿੰਡ ਨੂੰ ਯਾਦ ਕਰਦਾ ਲੇਖਕ ਬਿਰਤਾਂਤਕਾਰ ਨੂੰ ਇੰਡੀਆ ਪੁੱਜ ਕੇ ਉਸਦੇ ਘਰ ਗੇੜਾ ਮਾਰਨ ਦੀ ਅਰਜੋਈ ਕਰਦਾ ਹੈ। ਕਹਾਣੀਕਾਰ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਦਰ ਬਸਰ ਕਰ ਰਹੇ ਤੇ ਮਾਪਿਆਂ ਵੱਲੋਂ ਮਰ ਮੁੱਕੇ ਸਮਝੇ ਗੈਰ ਕਾਨੂੰਨੀ ਪੰਜਾਬੀਆਂ ਦੀਆਂ ਤਮਾਮ ਦੁਸ਼ਵਾਰੀਆਂ ਨੂੰ ਗਲਪ ਭਾਸ਼ਾ ਦੀ ਸੰਕੋਚਤਾ, ਸੰਜਮਤਾ ਅਤੇ ਰਮਜ਼ੀ ਅੰਦਾਜ਼ ਵਿੱਚ ਰੂਪਮਾਨ ਕਰ ਦਿੰਦਾ ਹੈ। ਸੁਕੀਰਤ ਪੰਜਾਬੀ ਕਹਾਣੀ ਵਿੱਚ ਕਥਾ ਵਸਤੂ ਦੀ ਚੋਣ ਤੇ ਬਿਰਤਾਂਤਕ ਭਾਸ਼ਾ ਦੀ ਸੁਹਜਮਈ ਵਰਤੋਂ ਕਰਕੇ ਨਿਵੇਕਲਾ ਕਥਾਕਾਰ ਹੈ। ਇਸ ਕਹਾਣੀ ਵਿੱਚ ਵੀ 'ਉਹ' ਪਾਤਰ ਦਾ 'ਉਹ' ਨਾਲੋਂ ਅੰਤਰ ਦੱਸਦਿਆਂ ਲੇਖਕ ਗੈਰ ਕਾਨੂੰਨੀ ਪਰਵਾਸ ਦੀਆਂ ਵਿੰਸਗਤੀਆਂ ਨੂੰ ਕਥਾ ਭਾਸ਼ਾ ਦੀ ਹੁਨਰੀ ਵਰਤੋਂ ਨਾਲ ਪੇਸ਼ ਕਰਦਾ ਹੈ।

ਪੰਜਾਬੀ ਕਹਾਣੀਕਾਰਾਂ ਵਿੱਚ ਬਾਲ ਪਾਤਰਾਂ ਦੇ ਮਨੋ ਵਿਹਾਰ ਅਤੇ ਗਭਰੇਟ ਉਮਰ ਦੇ ਵਿਦਿਆਰਥੀ ਜੀਵਨ ਦੀ ਸੰਵੇਦਨਾ ਨੂੰ ਪੇਸ਼ ਕਰਨ ਵਿੱਚ ਇਕ ਝਾਕਾ ਰਿਹਾ ਹੈ। ਮਨੋਵਿਗਿਆਨੀਆਂ ਅਨੁਸਾਰ ਮਾਨਵੀ ਸ਼ਖ਼ਸੀਅਤ ਬਾਲਪਨ ਦਾ ਹੀ ਵਿਸਥਾਰ ਹੁੰਦੀ ਹੈ। ਦੇਸ਼ਾਂ ਵਿਦੇਸ਼ਾਂ ਵਿੱਚ ਰਚਿਆ ਜਾ ਰਿਹਾ ਪੰਜਾਬੀ ਗਲਪ ਸਾਹਿਤ ਬਾਲ ਮਨੋ ਵਿਗਿਆਨ ਦੀ ਪੇਸ਼ਕਾਰੀ ਤੋਂ ਸੱਖਣਾ ਰਿਹਾ ਹੈ ਜਿਸਦੇ ਅਨੇਕਾਂ ਕਾਰਨ ਹਨ। ਪੰਜਾਬੀ ਕਹਾਣੀ ਵਿੱਚ ਵੀ ਬਾਲ ਪਾਤਰਾਂ ਤੇ ਗਭਰੇਟ ਉਮਰ ਵਰਗ ਦੇ ਮਨੋ ਸੰਸਾਰ ਦੀ ਹਾਜ਼ਰੀ ਅਲਪ ਮਾਤਰਾ ਵਿੱਚ ਹੈ। **ਬਲਬੀਰ ਪਰਵਾਨਾ** ਦੀ ਕਹਾਣੀ **'ਮੰਮਾ ਸਮਝਦੇ ਕਿਉਂ ਨਹੀਂ'** (ਤਾਸਮਨ, ਅਕਤੂਬਰ-ਦਸੰਬਰ, 2022) ਵਿੱਚ ਸ਼ਹਿਰ ਦੇ ਮੱਧਵਰਗੀ ਜੀਵਨ ਦੀ ਉਪਭੋਗਤਾਵਾਦੀ ਤੇ ਤੇਜ਼ ਤਰਾਰ ਜੀਵਨ ਸ਼ੈਲੀ ਵਿੱਚ ਬਾਲ ਮਾਨਸਿਕਤਾ 'ਤੇ ਹੁੰਦੀ ਅਦਿੱਖ ਹਿੰਸਾ ਦਾ ਪ੍ਰਵਚਨ ਪੇਸ਼ ਹੋਇਆ ਹੈ। ਵਰਤਮਾਨ ਦੀ ਉਪਭੋਗਤਾਵਾਦੀ ਸੰਸਕ੍ਰਿਤੀ ਵਿੱਚ ਬੱਚਿਆਂ ਦੇ ਮਾਸੂਮ ਬਚਪਨ ਦਾ ਵਿਖੰਡਨ ਹੋਣਾ ਕਹਾਣੀ ਦੀ ਵਸਤੂ ਬਣ ਕੇ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਪਾਤਰ ਏਕਮ ਕਾਨਵੈਂਟ ਸਕੂਲ ਦਾ ਪਾੜ੍ਹਾ ਹੈ ਜਿਸਨੂੰ ਆਪਣੇ ਘਰ ਵਿੱਚ ਮਾਸੀ ਤੇ ਉਸਦੇ ਪੁੱਤਰ ਵਰੁਣ ਦਾ ਲਗਾਤਾਰ ਰੁਕੇ ਰਹਿਣਾ ਆਪਣੀ ਆਜ਼ਾਦੀ ਵਿੱਚ ਖਲਲ ਜਾਪਦਾ ਹੈ। ਅਸਲ ਵਿੱਚ ਇਹ ਕਹਾਣੀ ਇੰਨੇ ਕਹੇ ਨਾਲੋਂ ਅਣਕਹੇ ਵੱਲ ਜ਼ਿਆਦਾ ਰਚਿਤ ਹੈ। ਇਹ ਅਣਕਿਹਾ ਪੱਖ ਮੱਧਵਰਗੀ ਘਰਾਂ ਦੀ ਰੁਟੀਨਬੱਧ ਰੂਪ ਦੇ ਘਾਸੇ ਪਈ ਜੀਵਨ ਸ਼ੈਲੀ ਵਿੱਚ ਬੱਚਿਆਂ ਦੀ ਅਣਦੇਖੀ ਤੋਂ ਪੈਦਾ ਮਾਨਸਿਕ ਗੰਢਾਂ ਨਾਲ ਜੁੜਿਆ ਹੈ। ਫਾਸਟ ਫੂਡ ਅਤੇ ਫਾਸਟ ਜੀਵਨ ਸ਼ੈਲੀ ਦੇ ਘੇਰਿਆਂ ਵਿੱਚ ਘਿਰਿਆ ਵਰੁਣ ਸਕੂਲ-ਘਰ-ਟਿਊਸ਼ਨ ਦੇ ਗੇੜ ਚੱਕਰ ਤੋਂ ਬਾਹਰ ਨਿਕਲ ਕੇ ਆਜ਼ਾਦੀ, ਮੁਹੱਬਤ ਤੇ ਖੁੱਲ੍ਹੇਪਨ ਨੂੰ ਮਾਨਣ ਲਈ ਤੜਫਦਾ ਨਜ਼ਰ ਆਉਂਦਾ ਹੈ। ਬਾਲ ਜ਼ਿੰਦਗੀ ਨੂੰ ਵੱਡਿਆਂ ਵੱਲੋਂ ਡਰਾਈਵ ਕਰਨ ਦੇ ਸੰਕਟ ਕਹਾਣੀ ਦੇ ਨਿੱਕੇ ਨਿੱਕੇ ਕਥਾ ਵੇਰਵਿਆਂ ਵਿੱਚ ਪੇਸ਼ ਹੋਏ ਹਨ। ਬਲਬੀਰ ਪਰਵਾਨਾ ਦੀਆਂ ਅਜਿਹੀਆਂ ਕਹਾਣੀਆਂ ਸ਼ਹਿਰੀ ਤੇ ਕਸਬਈ ਜੀਵਨ ਸ਼ੈਲੀ ਦੇ ਉਪਭੋਗਤਾਵਾਦੀ ਚਰਿੱਤਰ ਨੂੰ ਛੋਟੇ ਛੋਟੇ ਘਟਨਾਵੀਂ ਪ੍ਰਸੰਗਾਂ ਵਿੱਚੋਂ ਉਦਘਾਟਤ ਕਰਦੀਆਂ ਆਪਣੀ ਪੜ੍ਹਨਯੋਗਤਾ ਕਾਇਮ ਰੱਖਦੀਆਂ ਹਨ। ਆਰਥਿਕ ਵਿਸ਼ਵੀਕਰਨ ਦੇ ਇਸ ਉਪਭੋਗੀ ਤੇ

ਬਾਜ਼ਾਰ ਮੁੱਖੀ ਦੌਰ ਵਿੱਚ ਬਾਲ ਮਾਨਸਿਕਤਾ ਦੇ ਨਾਲ ਨਾਲ ਉਚੇਰੀ ਸਿੱਖਿਆ ਹਾਸਿਲ ਕਰਦੇ ਵਿਦਿਆਰਥੀਆਂ ਦੇ ਮਨੁੱਖਾਂ ਤੋਂ ਪ੍ਰੋਡਕਟਾਂ ਵਿੱਚ ਵਟ ਜਾਣ ਦਾ ਦੁਖਾਂਤ **ਭੁਪਿੰਦਰ ਸਿੰਘ ਮਾਨ** ਦੀ ਕਹਾਣੀ **'ਇਕ ਮਜ਼ਾਰ ਹੋਰ'** (ਸ਼ਬਦ, ਅਪ੍ਰੈਲ-ਸਤੰਬਰ 2022) ਵਿੱਚ ਪੇਸ਼ ਹੋਇਆ ਹੈ। ਸਿੱਖਿਆ ਦਾ ਵਪਾਰੀਕਰਨ ਤੇ ਨਿੱਜੀਕਰਨ ਜਿਸ ਕਿਸਮ ਦੇ ਸਮਾਜਿਕ ਸੰਕਟਾਂ ਨੂੰ ਪੈਦਾ ਕਰ ਰਿਹਾ ਹੈ ਕਹਾਣੀਕਾਰ ਭੁਪਿੰਦਰ ਸਿੰਘ ਮਾਨ ਇਸ ਵਰਤਾਰੇ ਨੂੰ ਬਹੁਤ ਸੂਖਮਤਾ ਨਾਲ ਪੇਸ਼ ਕਰਦਾ ਹੈ। ਮੱਧਵਰਗੀ ਨੌਕਰੀਪੇਸ਼ਾ ਵਰਗ ਆਪਣੇ ਬੱਚਿਆਂ ਨੂੰ ਸਕੂਲੀ ਪੱਧਰ ਤੋਂ ਹੀ ਵੱਧ ਤੋਂ ਵੱਧ ਨੰਬਰਾਂ ਦੀ ਪ੍ਰਾਪਤੀ ਦੀ ਚੂਹਾ ਦੌੜ ਵਿੱਚ ਪਾ ਦਿੰਦਾ ਹੈ ਇਹੀ ਵਿਦਿਆਰਥੀ ਪ੍ਰਾਈਵੇਟ ਸੈਕਟਰਾਂ ਵਿੱਚ ਤਨਖਾਹਾਂ ਦੀ ਥਾਂ ਪੈਕਜਾਂ ਦੀ ਦੌੜ ਵਿੱਚ ਪੈ ਕੇ ਸਮਾਜਿਕ ਸਰੋਕਾਰਾਂ ਤੇ ਨੈਤਿਕ ਜੀਵਨ ਮੁੱਲਾਂ ਤੋਂ ਵਾਂਝੇ ਹੋ ਜਾਂਦੇ ਹਨ। ਸਤੀਸ਼ ਤੇ ਸਵਿਤਾ ਦੰਪਤੀ ਜੋੜੇ ਦਾ ਪੁੱਤਰ ਰਾਹੁਲ ਆਈਆਈਟੀ ਕੰਪਨੀਆਂ ਵਿੱਚ ਵੱਧ ਤੋਂ ਵੱਧ ਪੈਕਜਾਂ ਦੀ ਨੱਠ ਭੱਜ ਵਿੱਚ ਗਲਤਾਨ ਆਪਣੇ ਸਮਾਜ, ਸੰਸਕ੍ਰਿਤੀ ਤੇ ਕੁਦਰਤ ਤੋਂ ਵੀ ਟੁੱਟ ਜਾਂਦਾ ਹੈ। ਉਹ ਲਿਵ ਇਨ ਰਿਲੇਸ਼ਨ ਵਿੱਚ ਰਹਿੰਦਾ ਡਬਲ ਇਨਕਮ, ਨੋ ਕਿਡਜ, ਪੈਸਾ, ਟਾਰਗੈਟ ਅਤੇ ਪੈਕਜ ਦੀਆਂ ਘੁੰਮਣਘੇਰੀਆਂ ਵਿੱਚ ਵਿਚਰਦਾ ਭਾਵਨਾਹੀਣ ਜੀਵਨ ਜਿਉਂਦਾ ਹੈ। ਕਾਰਪੋਰੇਟ ਜਗਤ ਮਨੁੱਖ ਨੂੰ ਜਿਸ ਤਰ੍ਹਾਂ ਦੇ ਪੜ੍ਹੇ ਲਿਖੇ ਕਲਪੁਰਜ਼ੇ ਬਣਾ ਕੇ ਚਲਾਉਂਦਾ ਹੈ ਰਾਹੁਲ ਇਸਦੀ ਪ੍ਰਤੀਨਿਧ ਮਿਸਾਲ ਬਣਦਾ ਹੈ। ਲੇਖਕ ਇਸ ਵਰਤਾਰੇ ਨੂੰ ਦੌਲੇ ਸ਼ਾਹ ਦੇ ਚੂਹਿਆਂ ਦੇ ਪ੍ਰਤੀਕ ਨਾਲ ਪੇਸ਼ ਕਰਦਾ ਹੈ। ਦੌਲੇ ਸ਼ਾਹ ਦੀ ਮਜ਼ਾਰ 'ਤੇ ਜਿਸ ਤਰ੍ਹਾਂ ਖਾਸ ਕਿਸਮ ਦੇ ਲੋਹੇ ਦੇ ਜੰਗਲਿਆਂ ਤੇ ਟੋਪਾਂ ਵਿੱਚ ਮੰਦ ਬੁੱਧੀ ਬੱਚਿਆਂ ਦੇ ਸਰੀਰਕ ਅੰਗਾਂ ਨੂੰ ਬੇਢੰਗੇ ਕੀਤਾ ਜਾਂਦਾ ਹੈ ਤਾਂ ਜੋ ਉਹ ਮਜ਼ਾਰ 'ਤੇ ਆਉਂਦੇ ਸ਼ਰਧਾਲੂਆਂ ਦੀ ਵੱਧ ਤੋਂ ਵੱਧ ਭੀਖ ਹਾਸਿਲ ਕਰ ਸਕਣ। ਕਾਰਪੋਰੇਟ ਜਗਤ ਵਿੱਚ ਅਜਿਹੇ ਸਿੱਖਿਆ ਤੰਤਰ ਵੀ ਮਨੁੱਖ ਨੂੰ ਦੌਲੇ ਸ਼ਾਹ ਦੇ ਚੂਹੇ ਬਣਾ ਕੇ ਉਸਦੀ ਨੈਤਿਕਤਾ, ਕਦਰਾਂ ਕੀਮਤਾਂ, ਜੀਵਨ ਮੁੱਲਾਂ ਅਤੇ ਸੰਵੇਦਨਾ ਨੂੰ ਖਤਮ ਕਰ ਦਿੰਦੇ ਹਨ।

ਪੰਜਾਬੀ ਕਹਾਣੀ ਦੇ ਸਿਰਜਣਾਤਮਿਕ ਧਰਾਤਲ ਉੱਤੇ ਲਹਿੰਦੇ ਪੰਜਾਬ ਦੀ ਕਹਾਣੀ ਦਾ ਆਪਣਾ ਜਾਇਕਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਲੰਮਾਂ ਸਮਾਂ ਆਪਣੇ ਅਮੂਰਤਵਾਦ, ਸੰਜਮੀ ਬਿਰਤਾਂਤ ਅਤੇ ਵੱਖਰੇ ਪ੍ਰਤੀਕ ਵਿਧਾਨ ਦੁਆਰਾ ਮਿਲਟਰੀ ਰਾਜ ਦੀਆਂ ਦੁਸ਼ਵਾਰੀਆਂ ਅਤੇ ਜਗੀਰੂ ਸਮਾਜ ਦੀਆਂ ਵਿਸੰਗਤੀਆਂ ਦੇ ਪ੍ਰਗਟਾਵੇ ਵਿੱਚ ਰਹੀ ਹੈ। ਸਿਆਸੀ ਜੀਵਨ 'ਤੇ ਤਨਜ਼ ਇਸ ਕਹਾਣੀ ਦਾ ਅਹਿਮ ਖਾਸਾ ਰਿਹਾ ਹੈ ਜੋ ਕਿ ਚੜ੍ਹਦੇ ਪੰਜਾਬ ਦੇ ਕਥਾ ਸੰਸਾਰ ਦਾ ਭਰਵਾਂ ਹਿੱਸਾ ਨਹੀਂ ਬਣ ਸਕਿਆ। **ਇਲਿਆਸ ਘੁੰਮਣ** ਦੀ ਕਹਾਣੀ **'ਬਾਬਾ ਬੋਹੜ ਵਾਲਾ'** ( ਸ਼ਬਦ, ਅਕਤੂਬਰ-ਦਸੰਬਰ,2022) ਵਿੱਚ ਬਹੁ ਰਾਸ਼ਟਰੀ ਕੰਪਨੀਆਂ ਵੱਲੋਂ ਕੁਦਰਤੀ ਵਸੀਲਿਆਂ ਦੀ ਅੰਨ੍ਹੀ ਲੁੱਟ ਤੋਂ ਪੈਦਾ ਬਹੁਪਰਤੀ ਸੰਤਾਪ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿੱਚ ਦੇਸ਼ ਦੇ ਸਿਆਸੀ ਆਗੂ ਆਪਣੀ ਭੱਲ ਬਣਾਉਣ ਲਈ ਤੇਲ ਖੂਹਾਂ ਦੀ ਪੁੱਟ ਪੁਟਾਈ ਦਾ ਕੰਮ ਤੇਜ਼ ਕਰਕੇ ਸਮੁੱਚੀ ਅਵਾਮ ਨੂੰ ਵੋਟਾਂ ਅਤੇ ਵਿਕਾਸ ਦੇ ਨਾਮ 'ਤੇ ਗੁੰਮਰਾਹ ਕਰਦੇ ਹਨ। ਧਰਤੀ ਦੇ ਸੀਨੇ ਚੀਰ ਕੇ ਪੈਟਰੋਲੀਅਮ ਪਦਾਰਥਾਂ ਦੀਆਂ ਲੱਭਤਾਂ ਲੱਭਣ ਲਈ ਕਰੋੜਾਂ ਡਾਲਰਾਂ ਦੇ ਠੇਕੇ ਦਿੱਤੇ ਜਾਂਦੇ ਹਨ ਤੇ ਸਮੁੱਚੀ ਖਲਕਤ ਅੰਦਰ ਜੀਵ ਜੰਤੂਆਂ, ਪੁਰਾਤਨ ਦਰੱਖਤਾਂ ਸਮੇਤ ਸਾਰੀ ਕੁਦਰਤ ਨੂੰ ਉਜਾੜਿਆ ਜਾਂਦਾ ਹੈ। ਕਹਾਣੀ ਦੇ ਉੱਤਮ ਪੁਰਖੀ ਪਾਤਰ ਤੇ ਪੈਟਰੋਲ ਕੰਪਨੀਆਂ ਦਾ ਕਰਮਚਾਰੀ ਇਸ ਵਰਤਾਰੇ ਨੂੰ ਨੇੜਿਓ ਦੇਖਦੇ ਹਨ ਜਿਨ੍ਹਾਂ ਦੇ ਮਨਾਂ ਵਿੱਚ ਪੁਰਾਤਨ ਬੋਹੜ ਹੇਠਾਂ ਬੈਠੇ ਬਾਬੇ ਦਾ ਗੁਆਚਿਆ ਅਕਸ ਜਿੰਦਾ ਹੁੰਦਾ ਰਹਿੰਦਾ ਹੈ। ਇਸ ਲੰਮੀ ਕਹਾਣੀ ਦੀ ਸਮੁੱਚੀ ਲਕੀਰੀ ਬਣਤਰ ਲੋਕਧਾਰਾਈ ਦਰਸ਼ਨ ਦੇ ਹਵਾਲਿਆਂ ਵਾਲੀ ਹੈ ਜਿਸ ਵਿੱਚ ਕੁਦਰਤ ਅਤੇ ਆਮ ਲੋਕਾਈ 'ਤੇ ਕਾਠੀ ਪਾ ਕੇ ਆਪਣੀਆਂ ਪੂੰਜੀਵਾਦੀ ਲਾਲਸਾਵਾਂ ਪੂਰੀਆਂ ਕਰਨ ਵਾਲੇ ਕਾਰਪੋਰੇਟੀ ਘਰਾਣਿਆਂ ਅਤੇ ਸਿਆਸੀ

ਜਮਾਤ ਦੇ ਕਰੂਰ ਮਨਸੂਬੇ ਨਸ਼ਰ ਹੋਏ ਹਨ। ਜ਼ਿੰਦਗੀ ਅਤੇ ਮੌਤ ਦੇ ਦਾਰਸ਼ਨਿਕ ਸਵਾਲਾਂ ਨੂੰ ਪੇਸ਼ ਕਰਦੀ **ਸ਼ਹਿਜਾਦ ਅਸਲਮ** ਦੀ ਕਹਾਣੀ **'ਮੌਤ ਦਾ ਸੁਫਨਾ'** (ਸ਼ਬਦ, ਅਪ੍ਰੈਲ-ਸਤੰਬਰ, 2022) ਲਹਿੰਦੇ ਪੰਜਾਬ ਦੇ ਦਿਹਾਤੀ ਅਤੇ ਸ਼ਹਿਰੀ ਸਮਾਜ ਦੇ ਸਮਾਜਿਕ ਸਭਿਆਚਾਰਕ ਤਣਾਵਾਂ ਨੂੰ ਵੀ ਚਿਤਰਤ ਕਰਦੀ ਹੈ। ਕਹਾਣੀ ਦਾ ਉੱਤਮ ਪੁਰਖੀ ਪ੍ਰੋਫੈਸਰ ਪਾਤਰ ਆਪਣੇ ਵਿਦਿਆਰਥੀਆਂ ਨੂੰ ਸ਼ੇਕਸਪੀਅਰ ਦਾ ਨਾਟਕ ਹੈਮਲਿਟ ਪੜ੍ਹਾ ਰਿਹਾ ਹੈ ਜਿਸ ਵਿੱਚ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅੱਗੇ ਹਾਰੇ ਬੰਦੇ ਵੱਲੋਂ ਮੌਤ ਨੂੰ ਸੌਖਾ ਤੇ ਸਹਿਜ ਸਮਝਣ ਦੀ ਧਾਰਨਾ ਕਾਇਮ ਹੁੰਦੀ ਹੈ। 'ਮੈਂ' ਪਾਤਰ ਕੈਂਸਰ ਦੀ ਬੀਮਾਰੀ ਨਾਲ ਜੂਝਦੇ ਆਪਣੇ ਪਿਤਾ ਦੇ ਇਲਾਜ ਲਈ ਯਤਨਸ਼ੀਲ ਹੈ ਪਰ ਆਖਿਰ ਹਾਰ ਹੰਭ ਜਾਂਦਾ ਹੈ। ਆਪਣੀ ਮਨਬਚਨੀ ਵਿੱਚ ਉਹ ਪਿਤਾ ਦੀ ਸਹਿਜ ਮੌਤ ਦਾ ਇੱਛੁੱਕ ਹੈ ਪਰ ਖੁਦ ਪਿਤਾ ਦੀ ਮੌਤ ਦੀ ਕਾਮਨਾ ਕਰਨ 'ਤੇ ਗੁਨਾਹ ਬੋਧ ਦਾ ਸ਼ਿਕਾਰ ਵੀ ਹੈ। ਮਨੁੱਖੀ ਸੁਭਾਅ ਦੀ ਦੋਧਾਰੀ ਖਸਲਤ 'ਤੇ ਉਸਰਦੀ ਇਹ ਕਹਾਣੀ 'ਵਿਕਸਤ' ਸ਼ਹਿਰ ਤੇ 'ਪੱਛੜੇ' ਪਿੰਡ ਦੀ ਜ਼ਿੰਦਗੀ ਭੋਗਦੇ ਮੁੱਖ ਪਾਤਰ ਦੇ ਮਨੋ ਦਵੰਦਾਂ ਨੂੰ ਵੀ ਪੇਸ਼ ਕਰਦੀ ਹੈ। ਸ਼ਹਿਰ ਵਿੱਚ ਕੰਧਾਂ ਉੱਹਲੇ ਡੁੱਬਦੇ ਸੂਰਜ ਤੇ ਪਿੰਡ ਵਿੱਚ ਲੋਕਾਂ ਦੇ ਨਾਲ ਨਾਲ ਤੁਰਦੇ ਸੂਰਜ ਵਰਗੇ ਵਾਕ ਕਹਾਣੀ ਅੰਦਰ ਨਵੇਂ ਅਰਥ ਭਰਦੇ ਹਨ। ਪਾਕਿਸਤਾਨ ਦੇ ਸੰਭਾਵਨਾ ਭਰਪੂਰ ਕਹਾਣੀ **ਖ਼ਾਲਿਦ ਫ਼ਰਹਾਦ ਧਾਰੀਵਾਲ** ਦੀ ਕਹਾਣੀ **'ਸਲਾਮੀ'** (ਪ੍ਰਤਿਮਾਨ, ਅਕਤੂਬਰ-ਦਸੰਬਰ,2022) ਦੇਸ਼ ਦੀ ਆਜ਼ਾਦੀ ਦੇ ਆਰ ਪਾਰ ਦੇ ਬਿਰਤਾਂਤਕ ਲੋਕੇਲ 'ਤੇ ਉਸਰੀ ਹੈ। ਇੰਡੀਅਨ ਬ੍ਰਿਟਿਸ਼ ਆਰਮੀ ਵਿੱਚ ਬੈਂਡ ਮਾਸਟਰ ਵੱਜੋਂ ਸੇਵਾ ਨਿਭਾਉਣ ਵਾਲੇ ਪਿਆਰੇ ਲਾਲ ਵੱਲੋਂ ਵਾਇਸਰਾਏ ਨੂੰ ਸਲਾਮੀ ਨਾ ਦੇਣ 'ਤੇ ਨੌਕਰੀ ਤੋਂ ਫਾਰਗ ਕਰ ਦਿੱਤਾ ਜਾਂਦਾ ਹੈ। ਉਹ ਆਜ਼ਾਦੀ ਦੀਆਂ ਤਹਿਰੀਕਾਂ ਵਿੱਚ ਜੂਝਣ ਵਾਲੇ ਸੰਗਰਾਮੀਆਂ ਨੂੰ ਸਲਾਮੀ ਦੇਣ ਦੀ ਪਰੰਪਰਾ ਸ਼ੁਰੂ ਕਰ ਦਿੰਦਾ ਹੈ ਪਰ ਦੇਸ਼ ਦੀ ਆਜ਼ਾਦੀ 'ਤੇ ਪਸਰੀ ਫਿਰਕਾਪ੍ਰਸਤੀ ਉਸਨੂੰ ਉਪਰਾਮ ਕਰ ਦਿੰਦੀ ਹੈ। ਆਜ਼ਾਦੀ ਮਗਰੋਂ 'ਦੇਸੀ ਅੰਗਰੇਜ਼ਾਂ' ਦੀ ਰਜਵਾੜਾਸ਼ਾਹੀ, ਬਾਬੂ ਸ਼ਾਹੀ ਕਲਚਰ ਅਤੇ ਜਗੀਰੂ ਸੋਚ ਵਾਲੀ ਅਫਸਰਸ਼ਾਹੀ ਵਿੱਚ ਇਸ ਸਲਾਮੀ ਲਈ ਵੱਧਦੀ ਭੁੱਖ ਉਸਦੀ ਨਿਰਾਸ਼ਾ ਵਿੱਚ ਹੋਰ ਵਾਧਾ ਕਰ ਦਿੰਦੀ ਹੈ। ਆਪਣੀ ਉਮਰ ਦੇ ਅੰਤਲੇ ਵਰ੍ਹਿਆਂ ਵਿੱਚ ਉਸਨੂੰ ਇਸ ਸਲਾਮੀ ਲਈ 'ਮ੍ਰਿਤਕ' ਸਮਾਜ ਸੇਵਕਾਂ ਦੀ ਥਾਂ 'ਜਿਉਂਦੇ ਜਾਗਦੇ' ਮਨੁੱਖਤਾਵਾਦੀ ਸੋਚ ਦੇ ਪਹਿਰੇਦਾਰ ਅਬਦੁੱਲ ਸੱਤਾਰ ਈਦੀ ਦੀ ਫਲੈਕਸ ਹੀ ਢੁਕਵੀਂ ਜਾਪਦੀ ਹੈ। **ਧਾਰੀਵਾਲ** ਦੀ ਕਹਾਣੀ ਰਾਜਸੀ, ਸਭਿਆਚਾਰਕ ਤੇ ਸਮਾਜਿਕ ਪ੍ਰਬੰਧਾਂ ਦੇ ਮਨੁੱਖ ਮਾਰੂ ਕਿਰਦਾਰ ਅੱਗੇ ਗੰਭੀਰ ਸਵਾਲੀਆ ਨਿਸ਼ਾਨ ਛੱਡਦੀ ਹੋਈ ਪ੍ਰਤੀਕੂਲ ਹਾਲਾਤ ਵਿੱਚ ਵੀ ਜਾਗਦੇ ਤੇ ਜੁਝਾਰੂ ਪਾਤਰਾਂ ਦੀ ਗੈਲਰੀ ਸਿਰਜਦੀ ਹੈ। ਚੌਥੇ ਪੜਾਅ ਦੀ ਕਹਾਣੀ ਦੇ ਅਹਿਮ ਕਥਾਕਾਰ **ਜਸਵੀਰ ਰਾਣਾ** ਦੀ ਕਹਾਣੀ **'180 ਮਿੰਟ ਦਾ ਆਤੰਕ ਕਾਲ'** ( ਸਿਰਜਣਾ, ਜਨਵਰੀ-ਮਾਰਚ, 2022) ਆਪਣੇ ਵਿਲੱਖਣ ਖਾਸੇ ਨਾਲ ਬੌਧਿਕ ਤੌਰ 'ਤੇ ਸਮਰੱਥ ਪਾਠਕਾਂ ਨੂੰ ਝੰਜੋੜਦੀ ਹੈ। ਰਾਣਾ ਨਿਮਨ ਤੇ ਮੱਧਵਰਗੀ ਕਿਸਾਨੀ ਦੇ ਵਿਕਰਾਲ ਸੰਕਟਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਸਮਾਜ ਦੀ ਮੁੱਖ ਧਾਰਾ ਤੋਂ ਖਾਰਜ ਪਾਤਰਾਂ ਦੀ ਖੰਡਿਤ ਸੰਵੇਦਨਾ ਦਾ ਕੁਸ਼ਲ ਪੇਸ਼ਕਾਰ ਹੈ। ਉਸਦੀ ਕਹਾਣੀ ਸਮਾਜ ਦੇ ਪਾਤਾਲ ਵਿੱਚ ਸੁਲਘਦੇ ਮੁੱਦਿਆਂ ਨੂੰ ਬੌਧਿਕ ਪੱਧਰ 'ਤੇ ਨਜਿੱਠਦੀ ਬੇਹੱਦ ਜਾਗਰੂਕ ਤੇ ਚਿੰਤਨੀ ਪਾਠਕਾਂ ਦੀ ਤਵੱਕੋ ਕਰਦੀ ਹੈ। ਉਸਦੇ ਕਥਾ ਸੰਸਾਰ ਵਿੱਚ ਐਬਸਰਡਵਾਦ, ਬਹੁਅਰਥੀ ਪ੍ਰਤੀਕ ਪ੍ਰਬੰਧ, ਪਾਤਰਾਂ ਦੇ ਅਵਚੇਤਨੀ ਬੋਲ ਅਤੇ ਭਾਸ਼ਾ ਦੀ ਬਹੁ ਪਾਸਾਰੀ ਵਰਤੋਂ ਸ਼ਾਮਿਲ ਰਹਿੰਦੀ ਹੈ ਜਿਸ ਨਾਲ ਉਹ ਸੰਘਣੀ ਤੇ ਜਟਿਲ ਬਿਰਤਾਂਤ ਬੁਣਤੀ ਵਾਲੀ ਕਥਾ ਸਿਰਜਦਾ ਹੈ। **'180 ਮਿੰਟ ਦਾ ਆਤੰਕ ਕਾਲ'** ਕਹਾਣੀ ਵੀ ਜਸਵੀਰ ਰਾਣਾ ਵੱਲੋਂ ਪੇਂਡੂ ਸਮਾਜ ਦੇ ਗੁੰਮਨਾਮ ਤੇ ਅਣਪਛਾਤੇ ਯਥਾਰਥ ਵਿਚਲੇ ਆਤੰਕ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਕੇਂਦਰੀ ਪਾਤਰ ਗੁਲਾਬ ਕੌਰ ਧੀ ਜਵਾਈ ਦੇ ਪਰਿਵਾਰ ਦੇ ਹੁੰਦਿਆਂ ਵੀ ਪੁੱਤਰ

ਦੀ ਅਣਹੋਂਦ ਕਾਰਨ ਹਾਸ਼ੀਅਤ ਜ਼ਿੰਦਗੀ ਭੋਗਦੀ ਨੀਮ ਪਾਗਲਾਂ ਵਾਲੀ ਮਨੋ ਸਥਿਤੀ ਹੰਢਾਉਂਦੀ ਹੈ। ਕਹਾਣੀ ਵਿੱਚ ਲੋਕ/ਪਰਲੋਕ ਦੇ ਸੰਸਾਰ ਦੀਆਂ ਵਿਕਰਾਲ ਝਾਕੀਆ ਨੂੰ ਜਸਵੀਰ ਸਿੰਘ ਰਾਣਾ ਨੇ ਆਪਣੇ ਜਾਣੇ ਪਛਾਣੇ ਕਥਾ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਗੁਲਾਬ ਕੌਰ ਦੀ ਸਮਾਜਿਕ ਬੇਗਾਨਗੀ ਤੇ ਇਕੱਲਤਾ ਦੀ ਜੂਨ ਉਸਦੇ ਚੇਤਨ ਮਨ ਨਾਲੋਂ ਅਵਚੇਤਨ ਮਨ 'ਤੇ ਜ਼ਿਆਦਾ ਹਾਵੀ ਹੈ ਜਿਸਨੂੰ ਲੇਖਕ ਨੇ ਗੁਲਾਬ ਕੌਰ ਦੇ ਸੁਪਨਿਆਂ, ਨੀਮ ਬੇਹੋਸ਼ੀ ਅਤੇ ਮਨਬਚਨੀ ਦੀਆਂ ਬਿਰਤਾਂਤ ਜੁਗਤਾਂ ਨਾਲ ਪੇਸ਼ ਕੀਤਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਹਾਸ਼ੀਅਤ ਸਥਿਤੀ ਇੰਨੀ ਪੇਚੀਦਾ ਹੈ ਕਿ ਉਸਦਾ ਅਵਚੇਤਨ ਪਿਤਾ, ਪੁੱਤਰ ਤੇ ਪਤੀ ਦੀ ਅਧੀਨਗੀ ਵਿੱਚ ਹੀ ਆਪਣੇ ਆਪ ਨੂੰ 'ਸੰਪੂਰਨ' ਸਮਝਦਾ ਹੈ। ਜਵਾਈ ਭਾਗ ਸਿੰਘ ਦੁਆਰਾ ਵੀ ਉਹ ਮਰਦ ਦੇ ਘਰ ਵਿੱਚ ਘੁੰਮਦੇ ਫਿਰਦੇ ਪਰਛਾਵੇ ਨਾਲ 'ਦੁਨੀਆ' ਵਿੱਚ ਆਪਣੀ 'ਜੜ੍ਹ' ਲੱਗਣ ਵਾਲੀ ਭਰਮ ਚੇਤਨਾ ਵਿੱਚ ਰਹਿੰਦੀ ਹੈ। ਕਹਾਣੀ ਵਿੱਚ ਪਾਤਰਾਂ ਦੇ ਸੁਪਨ ਸੰਸਾਰ ਦੇ ਭਿਆਨਕ ਦ੍ਰਿਸ਼ ਅਤੇ ਅਰਧ ਚੇਤਨ ਮਨ ਦੀਆਂ ਕਰੂਰ ਅਲਾਮਤਾਂ ਲੇਖਕ ਦੀ ਚਿੰਤਨੀ, ਬੌਧਿਕ ਅਤੇ ਤਲਿਸਮੀ ਸਿਰਜਣਕਾਰੀ ਦਾ ਕਮਾਲ ਹਨ।

ਕੁੱਲ ਮਿਲਾ ਕੇ ਸਾਲ 2022 ਦੀਆਂ ਇਹ 14 ਕਹਾਣੀਆਂ ਆਪਣੀ ਕਥਾ ਵਸਤੂ, ਬਿਰਤਾਂਤਕ ਸੰਰਚਨਾ ਅਤੇ ਦ੍ਰਿਸ਼ਟੀਕੋਣ ਦੇ ਪੱਖ ਤੋਂ ਵਿਕੋਲਤਰੇ ਕਥਾ ਬਿੰਬ ਘੜਦੀਆਂ ਹਨ। ਇਨ੍ਹਾਂ ਕਹਾਣੀਆਂ ਨੇ ਵਰਤਮਾਨ ਦੌਰ ਦੀ ਪੰਜਾਬੀ ਕਥਾ ਯਾਤਰਾ ਦਾ ਵੱਖਰਾ ਪੋਚ ਪ੍ਰਸਤੁਤ ਕੀਤਾ ਹੈ। ਇਹ ਰਚਨਾਵਾਂ ਕਹਾਣੀ ਵਿੱਚ ਪ੍ਰਤੀਬਿੰਬਤ ਹੋ ਰਹੇ ਪੰਜਾਬੀ ਜੀਵਨ ਯਥਾਰਥ ਦੀ ਨਵੀਂ ਰੌਅ ਨੂੰ ਪ੍ਰਗਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੀਆਂ ਹਨ। ਸਮਕਾਲ ਵਿੱਚ ਸਾਹ ਲੈਂਦੇ ਵਰਤਮਾਨ ਦੀ ਇਹ ਕਥਾਕਾਰੀ ਉਪਭੋਗਤਾਵਾਦ ਦੀਆਂ ਗੁੰਝਲਦਾਰ ਜੀਵਨ ਅਲਾਮਤਾਂ, ਔਰਤ ਮਰਦ ਸਬੰਧਾਂ ਦੀਆਂ ਵਰਜਿਤ ਸੁਰਾਂ ਅਤੇ ਹਾਸ਼ੀਅਤ ਧਿਰਾਂ ਦੇ ਲੁਕੇ ਯਥਾਰਥ ਨੂੰ ਜਟਿਲ ਕਥਾ ਜੁਗਤਾਂ ਨਾਲ ਪ੍ਰਗਟਾਉਣ ਵਾਲੀ ਰਵਾਇਤੀ ਸੁਰ ਤੋਂ ਬਹੁਤ ਹੱਦ ਤੱਕ ਮੁਕਤ ਹਨ। ਮੱਧਵਰਗੀ ਜ਼ਿੰਦਗੀ ਦਾ ਉਤਸ਼ਾਹੀ ਖਾਸਾ, ਹਾਸ਼ੀਅਤ ਵਰਗਾਂ ਦੀ ਨਵ ਸੰਵੇਦਨਾ, ਮੁਹੱਬਤੀ ਪਲਾਂ ਦੀ ਕਿਰਦਾਰਕਸ਼ੀ, ਪਰਵਾਸੀ ਜੀਵਨ ਯਥਾਰਥ ਦੇ ਨਵੇਂ ਪ੍ਰਤਿਮਾਨ ਅਤੇ ਲਹਿੰਦੇ ਪੰਜਾਬੀ ਸਮਾਜ ਦੇ ਬਿਰਤਾਂਤ ਦੀਆਂ ਨਵੀਆਂ ਕਰਵਟਾਂ ਨੂੰ ਪੇਸ਼ ਕਰਦੀਆਂ ਇਹ ਰਚਨਾਵਾਂ ਵਰਤਮਾਨ ਪੰਜਾਬੀ ਕਹਾਣੀ ਦੀ ਕੁਸ਼ਲ ਕੋਲਾਜਕਾਰੀ ਹਨ। ਇਨ੍ਹਾਂ ਕਹਾਣੀਆਂ ਨੇ ਸਮਕਾਲੀ ਪੰਜਾਬੀ ਕਹਾਣੀ ਵਿੱਚ ਪੰਜਾਬ ਦੇ ਦਿਸਦੇ ਸਮਾਜੀ ਯਥਾਰਥ ਦੀ ਪੇਸ਼ਕਾਰੀ ਲਈ ਪਾਤਰਾਂ ਦੀ ਮਨੋਭੂਮੀ ਨੂੰ ਵਰਤਣ ਵਾਲੀ ਬਿਰਤਾਂਤਕਾਰੀ ਤੋਂ ਵੱਖਰਾ ਸੁਰ ਕੱਢਿਆ ਹੈ। ਹੁਣ ਦੀ ਕਹਾਣੀ ਆਵਾਸ ਤੇ ਪਰਵਾਸ ਦੀਆਂ ਨਵੀਆਂ ਬਿਰਤਾਂਤਕ ਲੋਕੇਲ 'ਤੇ ਵਾਪਰ ਰਹੀ ਹੈ। ਨਵੀਂ ਕਥਾ ਵਸਤੂ ਅਤੇ ਵੱਖਰਾ ਸ਼ਿਲਪ ਪ੍ਰਬੰਧ ਇਸ ਬਿਰਤਾਂਤਾਰੀ ਦਾ ਕੇਂਦਰ ਬਣ ਰਿਹਾ ਹੈ। ਕੁੱਲ ਮਿਲਾ ਕੇ ਪੰਜਾਬੀ ਕਹਾਣੀ ਆਪਣੇ ਨਿਰੰਤਰ ਸਫ਼ਰ ਵਿੱਚ ਹੈ। ਕਲਾ ਦੇ ਖੇਤਰ ਵਿੱਚਲਾ ਇਹ ਸਫ਼ਰ ਨਿਰਵਿਘਨ ਚੱਲਦਾ ਹੈ। ਆਉਣ ਵਾਲਾ ਸਮਾਂ ਪੰਜਾਬੀ ਕਹਾਣੀ ਬਿਰਤਾਂਤ ਲਈ ਨਵੀਆਂ ਸੰਭਾਵਨਾਵਾਂ ਵਾਲਾ ਹੋਵੇਗਾ। ਇਸੇ ਕਰਕੇ ਪ੍ਰਸਿੱਧ ਕਹਾਣੀਕਾਰ **ਕੁਲਵੰਤ ਸਿੰਘ ਵਿਰਕ** ਨੇ ਕਹਾਣੀਕਾਰਾਂ ਨੂੰ 'ਸਕਾਊਟ' ਕਿਹਾ ਹੈ ਜਿਹੜੇ ਲਗਾਤਾਰ ਪਹਾੜਾਂ ਦੀਆਂ ਉੱਚੀਆਂ ਤੇ ਅਣਗਾਹੀਆਂ ਟੀਸੀਆਂ ਸਰ ਕਰਨ ਦੇ ਨਵੇਂ ਤਜਰਬੇ ਰੱਖਦੇ ਹਨ। ਸਾਲ 2022 ਦੇ ਇਹ ਚੌਦਾਂ ਸਕਾਊਟ ਵੀ ਪੰਜਾਬੀ ਪਾਠਕਾਂ ਨੂੰ ਕਥਾਕਾਰੀ ਦੇ ਅਣਗਾਹੇ ਦਿੱਸਹੱਦਿਆਂ ਨਾਲ ਜੋੜ ਰਹੇ ਹਨ।

**ਮੁੱਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ,**

**ਮਾਹਿਲਪੁਰ (ਹੁਸ਼ਿਆਰਪੁਰ), ਫੋਨ 8437089769**

ਆਲੋਚਨਾ

# ਜਿੰਦਰ ਦੀ ਕਹਾਣੀ 'ਸੇਫਟੀ ਕਿੱਟ': ਸਭਿਆਚਾਰਕ ਸੰਦਰਭ

ਡਾ ਜੀਤ ਸਿੰਘ ਜੋਸ਼ੀ

ਵਰਤਮਾਨ ਸਮੇਂ ਦੇ ਪੰਜਾਬੀ ਸਾਹਿਤ, ਵਿਸ਼ੇਸ਼ਕਰ ਪੰਜਾਬੀ ਕਹਾਣੀ ਦੇ ਖੇਤਰ ਵਿਚ ਜੇ ਸਭ ਤੋਂ ਵੱਧ ਚਰਚਿਤ ਵਿਸ਼ਾ ਚੁਣਨਾ ਹੋਵੇ ਤਾਂ ਨਿਰਸੰਦੇਹ ਉਹ ਵਿਸ਼ਾ ਹੈ, ਦੱਬੇ ਕੁਚਲੇ, ਹਾਸ਼ੀਆਗਤ ਲੋਕਾਂ ਦੀ ਪੀੜਾ ਦਾ ਬਿਰਤਾਂਤ। ਜਿਨ੍ਹਾਂ ਵਿਚ ਦੱਲਿਤ ਸ਼੍ਰੇਣੀ, ਕਿੰਨਰ, ਅਤੇ ਨਾਰੀ ਜਗਤ ਦੇ ਮਸਲੇ ਵਧੇਰੇ ਚਰਚਿਤ ਵਿਸ਼ੇ ਰਹੇ ਹਨ ।ਵਰਤਮਾਨ ਸਮੇਂ ਦੇ ਬਹੁ ਗਿਣਤੀ ਕਹਾਣੀਕਾਰ ਇਨ੍ਹਾਂ ਧਿਰਾਂ ਦਾ ਦਰਦ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ, ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਉਹ ਜੱਗਬੀਤੀ ਨੂੰ ਵੀ ਇਉਂ ਪੇਸ਼ ਕਰਦੇ ਹਨ, ਜਿਵੇਂ ਹੱਡ ਬੀਤੀ ਪੇਸ਼ ਕਰ ਰਹੇ ਹੋਣ। ਇਹ ਸਚਮੁੱਚ ਇਕ ਖੁਸ਼ਗਵਾਰ ਰੁਝਾਣ ਬਣ ਰਿਹਾ ਹੈ, ਕਿ ਸਮੇਂ ਦੇ ਸੱਚ ਨੂੰ ਪੇਸ਼ ਕਰਨ ਲਈ ਉਹ ਤੱਥਾਂ ਦੀ ਤਲਾਸ਼ ਕਰਨ ਸਮੇਂ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ। ਇਸ ਗੱਲ ਦੀ ਪੁਸ਼ਟੀ ਜਿੰਦਰ ਦੀ ਕਹਾਣੀ 'ਸੇਫਟੀ ਕਿੱਟ' ਦੇ ਅਧਿਐਨ ਵਿਸ਼ਲੇਸ਼ਣ ਤੋਂ ਹੋ ਜਾਂਦੀ ਹੈ। ਇਹ ਕਹਾਣੀ ਭਗਵੰਤ ਰਸੂਲਪੁਰੀ ਵੱਲੋਂ ਕੱਢੇ ਜਾ ਰਹੇ ਰਸਾਲੇ 'ਕਹਾਣੀ ਧਾਰਾ' (ਅੰਕ-67, ਅਕਤੂਬਰ-ਦਸੰਬਰ 2022 ) ਵਿਚ ਪ੍ਰਕਾਸ਼ਿਤ ਹੋਈ ਹੈ। 'ਸੇਫਟੀ ਕਿੱਟ' ਕਹਾਣੀ ਰੇਪ ਦੀਆਂ ਘਟਨਾਵਾਂ ਤੋਂ ਪੈਦਾ ਹੋਏ ਮਾਨਸਿਕ ਸੰਤਾਪ ਦੀ ਕਹਾਣੀ ਹੈ, ਪਰੰਤੂ ਕਹਾਣੀ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ, ਕਿ ਜਿਸ ਧਿਰ ਨਾਲ ਇਹ ਘਟਨਾ ਵਾਪਰ ਚੁੱਕੀ ਹੈ, ਉਹੀ ਧਿਰ ਸੰਤਾਪ ਅਧੀਨ ਧਿਰ ਨੂੰ ਸੰਤਾਪ ਮੁਕਤ ਕਰਦੀ ਹੈ। ਕਹਾਣੀ ਦਾ ਬਹੁਤਾ ਭਾਗ ਸੰਤਾਪ ਦੀ ਪ੍ਰਕਿਰਤੀ ਸ਼ਪੱਸ਼ਟ ਕਰਨ, ਸੰਤਾਪ ਦਾ ਪ੍ਰਭਾਵ ਸਿਰਜਣ ਅਤੇ ਸੰਤਾਪ ਦੇ ਪੈਦਾ ਹੋਣ ਦੇ ਕਾਰਨ ਸ਼ਪੱਸ਼ਟ ਕਰਨ ਨਾਲ ਹੀ ਜੁੜਿਆ ਹੋਇਆ ਹੈ, ਸੰਤਾਪ ਮੁਕਤ ਕਰਨ ਵਾਲੇ ਪਲ ਛਿਣ ਤਾਂ ਕਹਾਣੀ ਅੰਦਰ ਬਹੁਤ ਹੀ ਸੀਮਤ ਰੂਪ ਵਿਚ ਪੇਸ਼ ਹੋਏ ਹਨ। ਕਹਾਣੀਕਾਰ ਵੱਲੋਂ ਇਨ੍ਹਾਂ ਪਲਾਂ ਛਿਣਾਂ ਨੂੰ ਹੀ ਸੇਫਟੀ ਕਿੱਟ ਦਾ ਨਾਮ ਦਿੱਤਾ ਗਿਆ ਹੈ। ਨਿਰਸੰਦੇਹ, 'ਸੇਫਟੀ ਕਿੱਟ' ਕਹਾਣੀ ਆਪਣੇ ਸਮੇਂ ਦੀ ਅਤੀਅੰਤ ਗੰਭੀਰ ਸਮੱਸਿਆ ਦੀਆਂ ਵਿਭਿੰਨ ਪਰਤਾਂ ਵੱਲ ਸੰਕੇਤ ਕਰਦੀ ਕਹਾਣੀ ਹੈ ਪਰ ਕਥਾਕਾਰ ਜਿੰਦਰ ਦੀ ਖਾਸੀਅਤ ਇਹ ਰਹੀ ਹੈ ਕਿ ਉਸ ਨੇ ਇਕ ਵੀ ਸ਼ਬਦ ਭਾਵਕ, ਉਪਭਾਵੁਕ , ਜਾਂ ਉਤੇਜਿਤ ਲਹਿਜੇ ਵਾਲਾ ਪ੍ਰਯੋਗ ਨਹੀਂ ਕੀਤਾ, ਸਗੋਂ, ਉਸ ਨੇ ਤਾਂ ਵੱਖ ਵੱਖ ਪਰਸਥਿਤੀਆਂ ਦਾ ਉਲੇਖ ਹੀ ਕੀਤਾ ਹੈ, ਸਮੇਂ ਦਾ ਸੱਚ ਇਨ੍ਹਾਂ ਪਰਸਥਿਤੀਆਂ ਦੀ ਪੇਸ਼ਕਾਰੀ ਵਿਚੋਂ ਖ਼ੁਦ ਹੀ ਉਭਰਵੇਂ ਰੂਪ ਵਿਚ ਸਾਹਮਣੇ ਆ ਗਿਆ ਹੈ। ਸਾਡੇ ਸਮੇਂ ਦੀ ਮੁੱਖ ਸਮੱਸਿਆ ਹੈ, ਮਾਨਸਿਕ ਅਤੰਕ ਦੇ ਸਾਏ ਹੇਠ ਜਿਉਂ ਰਹੀਆਂ ਮੁਟਿਆਰਾਂ ਦਾ ਮਨੋਬਲ ਬਹਾਲ ਕਰਨ ਦੀ ਸਮੱਸਿਆ ਕਹਾਣੀਕਾਰ ਜਿੰਦਰ ਨੇ ਪਿਛਲਝਾਤ, ਮਨਬਚਨੀ, ਵਾਰਤਾਲਾਪੀ ਜੋ ਵੀ ਸੰਭਵ ਹੋਇਆ ਜੁਗਤ ਵਰਤੀ ਹੈ ਅਤੇ ਉਹ ਆਪਣੀ ਗੱਲ ਪਰੋਸਣ ਵਿਚ ਪੂਰੀ ਤਰ੍ਹਾਂ ਸਫ਼ਲ ਵੀ ਰਿਹਾ ਹੈ। ਜਿਸ ਦੇ ਫਲਸਰੂਪ 'ਸੇਫਟੀ ਕਿੱਟ' ਕਹਾਣੀ ਪੰਜਾਬੀ ਦੀਆਂ ਬਿਹਤਰੀਨ ਕਹਾਣੀਆਂ ਵਿਚ ਸ਼ਾਮਲ ਕਰਨਯੋਗ ਰਚਨਾ ਬਣ ਗਈ ਹੈ, ਅਸਲ ਵਿਚ ਕੋਈ ਵੀ ਨਵੀਂ ਰਚਨਾ ਸੱਚ ਦੀ ਤਲਾਸ਼ ਦੌਰਾਨ ਪੈਦਾ ਹੁੰਦੀ ਹੈ। ਸਾਹਿਤ ਚਿੰਤਕਾਂ ਦਾ ਇਹ ਵੀ ਦਾਅਵਾ ਰਿਹਾ ਹੈ, ਕਿ ਰਚਨਾਕਾਰ ਕਿਸੇ ਕਿਸਮ ਦੇ ਸਮਾਜਕ ਸੱਚ ਦੀ ਸਿਰਜਨਾ ਨਹੀਂ ਕਰਦਾ, ਉਹ ਤਾਂ ਸੱਚ ਦੀ ਤਲਾਸ਼ ਕਰਦਾ ਹੈ, ਉਸ ਦੀ ਵਿਆਖਿਆ ਕਰਦਾ ਹੈ, ਤਲਾਸ਼ ਕੀਤੇ ਸੱਚ ਦੀ ਪੇਸ਼ਕਾਰੀ ਕਰਦਾ ਹੈ, ਇਸੇ ਪੇਸ਼ਕਾਰੀ ਦੇ ਅਮਲ ਵਿੱਚੋਂ ਹੀ ਉਸ ਦੀ ਕਲਾ ਕੌਸ਼ਲਤਾ ਦੇ ਗੁਣ ਲੱਛਣ ਦੇਖੇ ਜਾ ਸਕਦੇ ਹਨ। ਆਪਣੀਆਂ ਪਹਿਲੀਆਂ ਕਹਾਣੀਆਂ ਵਾਂਗ ਹੀ ਜਿੰਦਰ ਨੇ 'ਸੇਫਟੀ ਕਿੱਟ' ਕਹਾਣੀ ਨੂੰ ਵੀ ਬੇਲੋੜੇ ਸ਼ਬਦਾਂ ਦੇ ਮੱਕੜ ਜਾਲ ਤੋਂ ਮੁਕਤ ਰੱਖਿਆ ਹੈ ਉਹ ਪਾਤਰ, ਜਾ ਘਟਨਾਵਾਂ ਨੂੰ ਨਾਟਕੀ ਅੰਦਾਜ਼ ਵਿੱਚ ਪਰੀਚਤ ਕਰਾਉਣ ਦੀ ਲਾਲਸਾ ਤੋਂ ਵੀ ਮੁਕਤ ਹੀ ਰਿਹਾ ਹੈ। ਉਸ ਦਾ ਕਹਾਣੀ ਪੇਸ਼ ਕਰਨ ਦਾ ਆਪਣਾ ਵੱਖਰਾ ਸਿੱਧਾ ਸਾਦਾ ਅੰਦਾਜ ਹੈ।

ਉਹ ਕਹਾਣੀ ਰਚਨਾ ਕਰਦੇ ਸਮੇਂ ਛੋਟੇ ਭਾਵਪੂਰਤ ਵਾਕ ਵਰਤਦਾ ਹੈ। ਘਟਨਾਵਾਂ ਦੀ ਵਿਉਂਤਬੰਦੀ ਅਜਿਹੇ ਸਲੀਕੇ ਨਾਲ ਕਰਦਾ ਹੈ, ਕਿ ਰਚਨਾ ਦਾ ਸੱਚ ਆਪ ਮੁਹਾਰੇ ਸ਼ਪੱਸ਼ਟ ਹੋ ਜਾਂਦਾ ਹੈ। ਬਿਨਾਂ ਸ਼ੱਕ, ਜਿੰਦਰ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣਾ ਵਿਲੱਖਣ ਅਤੇ ਆਦਰਯੋਗ ਸਥਾਨ ਬਣਾਇਆ ਹੈ ਉਸ ਦੀ ਕਲਾ ਅੰਦਰ ਤੱਥਾਂ ਦੀ ਪੇਸ਼ਕਾਰੀ ਪਰਭਾਵਸ਼ਾਲੀ ਹੁੰਦੀ ਹੈ। ਉਸ ਦੀ ਕਹਾਣੀ ਦਾ ਇਕ ਸਿਰਾ ਤਾਂ ਮਨੁੱਖੀ ਮਾਨਸਿਕਤਾ ਦੀਆਂ ਵੱਖ ਵੱਖ ਪਰਤਾਂ ਦੇ ਸਰੋਕਾਰਾਂ ਨਾਲ ਜੁੜਿਆ ਹੁੰਦਾ ਹੈ ਅਤੇ ਦੂਸਰਾ ਸਿਰਾ ਸਮਾਜਕ ਮੁੱਲ ਵਿਧਾਨ ਨਾਲ ਸੰਬਾਦ ਰਚਾਉਣ ਵਿਚ ਰੁਝਿਆ ਹੁੰਦਾ ਹੈ, ਇਉਂ ਜਿੰਦਰ ਦੀ ਕਹਾਣੀ ਰਚਨਾ ਵਿੱਚ ਇਕੋ ਸਮੇਂ ਵਿਆਕਤੀ ਚੇਤਨਾ ਅਤੇ ਸਮਾਜਿਕ ਚੇਤਨਾ ਦਾ ਪ੍ਰਵਾਹ ਬਰਾਬਰ ਮਾਤਰਾ ਵਿਚ ਕਾਰਜਸ਼ੀਲ ਦੇਖਿਆ ਜਾ ਸਕਦਾ ਹੈ। ਇਹੋ ਗੁਣ ਜਿੰਦਰ ਨੂੰ ਪੰਜਾਬੀ ਕਹਾਣੀ ਦੇ ਖੇਤਰ ਵਿਚ ਵਿਲੱਖਣ ਕਹਾਣੀਕਾਰ ਬਣਾਉਣ ਵਿਚ ਕਾਫੀ ਹੱਦ ਤੱਕ ਸਹਾਇਕ ਹੋਇਆ ਹੈ ਸੇਫਟੀ ਕਿੱਟ ਕਹਾਣੀ ਦਾ ਰਚਨਾ ਬਿਰਤਾਂਤ ਪੱਛਮੀ ਅਤੇ ਭਾਰਤੀ ਸਮਾਜ ਦੇ ਸਭਿਆਚਾਰਕ ਮੁੱਲ ਵਿਧਾਨ ਦੀ ਸਮੀਖਿਆ ਨਾਲ ਸੰਬੰਧਿਤ ਹੈ। ਪੱਛਮੀ ਸਮਾਜ, ਜਿਥੇ, ਖਾਣ ਪਹਿਨਣ, ਰਹਿਣ ਸਹਿਣ, ਤੁਰਨ ਫਿਰਨ ਅਰਥਾਤ ਵਿਚਾਰ ਅਤੇ ਵਿਵਹਾਰ ਦੀ ਪੂਰਨ ਸੁਤੰਤਰਤਾ ਹੈ, ਬਿਨਾਂ ਕਿਸੇ ਦੀ ਮਰਜੀ ਦੇ ਦੂਜੀ ਧਿਰ ਕਿਸੇ ਦੇ ਜੀਵਨ ਅੰਦਰ ਦਖਲ ਨਹੀਂ ਦੇ ਸਕਦੀ। ਨਰ ਅਤੇ ਨਾਰੀ ਦੇ ਰਿਸ਼ਤੇ ਵਿਚ ਅਸਾਵੀਂ ਸਥਿੱਤੀ ਨਹੀਂ ਹੈ, ਕਹਾਣੀ ਵਿਚਲੀ ਸਮਾਂਥਾ ਆਪਣੇ ਬੁਆਏ ਫਰੈਂਡ ਡੌਨਮਿਕ ਨਾਲ ਖੁੱਲ੍ਹੇ ਸੰਬੰਧਾਂ ਵਿਚ ਰਹਿੰਦੀ ਹੈ, ਨਾ ਕੋਈ ਬੰਦਸ਼ ਹੈ, ਨਾ ਸਮਾਜਕ ਲਾਜ ਲੱਜਿਆ ਦੀ ਸਮੱਸਿਆ ਹੈ। ਹਰ ਵਿਆਕਤੀ ਨੈਤਿਕ ਜਿੰਮੇਵਾਰੀ ਪੂਰੀ ਕਰਦਾ ਹੈ। ਕਾਮ ਦੇ ਖੇਤਰ ਉਤੇ ਕੋਈ ਬੰਦਸ਼ ਨਹੀਂ, ਸ਼ਰਤ ਇਕੋ ਹੈ ਕਿ ਕਿਸੇ ਧਿਰ ਨਾਲ ਜਬਰਦਸਤੀ ਨਾ ਕੀਤੀ ਜਾਵੇ, ਜੇ ਕੋਈ ਧਿਰ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਲਈ ਸਖਤ ਸਜਾ ਦੀ ਵਿਵਸਥਾ ਹੈ। ਇਸ ਸਮਾਜ ਅੰਦਰ ਜੇ ਜੀਵਨ ਸੁਤੰਤਰ ਹੈ ਤਾਂ ਨਾਲ ਹੀ ਸੁਰੱਖਿਅਤ ਵੀ ਹੈ।

ਇਸ ਕਹਾਣੀ ਵਿਚ ਦੂਸਰਾ ਸਮਾਜ ਭਾਰਤੀ ਸਮਾਜ ਹੈ, ਜਿਥੇ ਪਾਬੰਦੀਆਂ, ਦਖਲਅੰਦਾਜ਼ੀਆਂ ਦੀ ਭਰਮਾਰ ਹੈ, ਰੇਪ, ਕਤਲ, ਡਾਕੇ ਵਰਗੇ ਸੰਗੀਨ ਅਪਰਾਧ ਕਰਨ ਵਾਲੇ ਦੋਸ਼ੀਆਂ ਦੇ ਹੌਂਸਲੇ ਬੁਲੰਦ ਹਨ । ਨਿਰਭੈਅ ਕੇਸ ਦੇ ਦੋਸ਼ੀ ਮੁਕੇਸ਼ ਪਵਨ, ਵਿਨੈ, ਅਕਸ਼ੈ ਮੌਤ ਦੀ ਸਜਾ ਤੋਂ ਬਚ ਰਹਿੰਦੇ ਹਨ, ਹੈਦਰਾਬਾਦ ਵਿਖੇ ਡਾ ਰੈਡੀ ਦੇ ਰੇਪ + ਕਤਲ ,ਦੇ ਦੋਸ਼ੀ, ਇਸ ਕਿਸਮ ਦੇ ਅਨੇਕਾਂ ਰੇਪ ਕਤਲ ਦੇ ਦੋਸ਼ੀ ਗੰਭੀਰ ਸਜਾ ਤੋਂ ਬਚ ਰਹਿੰਦੇ ਹਨ। ਇਸ ਦੇਸ਼ ਅੰਦਰ ਨਿਆਏ ਪਰਨਾਲੀ ਕਮਜੋਰ ਹੋ ਚੁੱਕੀ ਹੈ, ਹਰ ਵਿਆਕਤੀ ਪਦਾਰਥਕ ਲਾਲਸਾਵਾਂ ਦਾ ਗੁਲਾਮ ਹੈ। ਸਮਾਜਕ ਭਾਈਚਾਰਕ ਸਾਂਝ ਖੋਖਲੀ ਹੋ ਰਹੀ ਹੈ। ਲੋਕ ਬੌਧਿਕ ਕੰਗਾਲੀ ਦੀ ਹਾਲਤ ਵਿਚ ਪਹੁੰਚ ਚੁੱਕੇ ਹਨ। ਸਹੀ ਅਰਥਾਂ ਵਿੱਚ ਸਮਾਜਕ ਵਿਵਸਥਾ ਦੀ ਉਹ ਹਾਲਤ , ਹੋ ਗਈ ਹੈ, ਜਿਸ ਬਾਰੇ ਕਿਹਾ ਜਾਂਦਾ ਹੈ, ਲੁੱਚਾ ਲੰਡਾ ਚੌਧਰੀ, ਗੁੰਡੀ ਰੰਨ ਪਰਧਾਨ। ਇਸ ਸਮਾਜ ਅੰਦਰ ਸਭ ਤੋਂ ਵਧ ਅਤੰਕ ਦਾ ਸ਼ਿਕਾਰ ਨੌਜਵਾਨ ਕੁੜੀਆਂ ਹਨ, ਜਿਨ੍ਹਾਂ ਦੇ ਮਾਪੇ ਇਹ ਮਹਿਸੂਸ ਕਰਨ ਲਈ ਮਜਬੂਰ ਹੋ ਗਏ ਹਨ, ਕਿ ਹੁਣ ਕਾਨੂੰਨ ਦੇ ਰਾਖੇ ਵੀ 'ਮਰ ਜਾਣੇ' ਹਨ, ਇਸ ਲਈ ਮੁਲਕ ਗਰਕ ਹੋਣ ਵਾਲਾ ਹੈ, ਸੇਫਟੀ ਕਿੱਟ ਕਹਾਣੀ ਵਿਚ ਭਾਰਤੀ ਸਮਾਜ ਦਾ ਪ੍ਰਤੀਕ ਹੈ, ਜੈਸ*(ਜਸਪ੍ਰੀਤ) ਅਤੇ ਪੱਛਮੀ ਸਮਾਜ ਦੀ ਪ੍ਰਤੀਨਿਧੀ ਹੈ, ਸਮਾਂਥਾ ਦੋਵਾਂ ਦੇ ਸੰਪਰਕ ਵਿਚੋ ਜੋ ਪ੍ਰਾਪਤ ਹੁੰਦਾ ਹੈ, ਉਹ ਹੈ, ਸੇਫਟੀ ਕਿੱਟ। ਇਸ ਕਹਾਣੀ ਦਾ ਅਰੰਭ ਜੈਸ (ਜਸਪ੍ਰੀਤ) ਨਾਂ ਦੀ ਪੰਜਾਬੀ ਕੁੜੀ ਦੇ ਮਾਨਸਿਕ ਸ਼ੰਕੇ ਅਤੇ ਉਨ੍ਹਾਂ ਦੇ ਸਮਾਧਾਨ ਦੀ ਲੋੜ ਹਿੱਤ ਇੰਗਲੈਂਡ ਦੀ ਜੰਮੀ ਪਲੀ, ਸੁਤੰਤਰ ਖਿਆਲਾਂ ਵਾਲੀ ਅੰਗਰੇਜ਼ ਕੁੜੀ ਸਮਾਂਥਾ ਨਾਲ ਚਲ ਰਹੀ ਗੱਲਬਾਤ ਦੇ ਰੂਪ ਵਿਚ ਪੇਸ਼ ਹੋਇਆ ਹੈ। ਜੈਸ ਦਾ ਪਹਿਲਾ ਸਵਾਲ ਹੈ, ਕਿ ਸਮਾਂਥਾ ਤੈਨੂੰ ਇਕੱਲੀ ਨੂੰ ਬਿਗਾਨੀਆਂ ਥਾਵਾਂ ਤੇ ਜਾਂਦਿਆ ਡਰ ਨਹੀਂ ਲੱਗਦਾ? ਉਹ ਉੱਤਰ ਦੇਣ ਦੀ ਥਾਂ ਮੋੜਵਾਂ ਸਵਾਲ ਕਰਦੀ ਆਖਦੀ ਹੈ, ਤੈਨੂੰ ਰੇਪ ਤੋਂ ਡਰ ਲਗਦੈ? ਜੈਸ ਦਾ ਕਹਿਣਾ ਹੈ ਕਿ ਰੇਪ ਤੋਂ ਕਿਸਨੂੰ ਡਰ ਨਹੀਂ ਲੱਗਦਾ, ਰੇਪ ਦੀ ਘਟਨਾ

ਤੋਂ ਬਾਅਦ ਕੁੜੀ ਜਿਸ ਕਿਸਮ ਦਾ ਮਾਨਸਿਕ, ਅਤੇ ਸਮਾਜਕ ਸੰਤਾਪ ਭੋਗਦੀ ਹੈ, ਉਸ ਨੂੰ ਉਹ ਕੁੜੀ ਜਾਂ ਉਸ ਕੁੜੀ ਦਾ ਪਰਿਵਾਰ ਹੀ ਜਾਣਦੇ ਹਨ। ਹਰ ਕੁੜੀ ਅਤੇ ਕੁੜੀ ਦੇ ਪਰਿਵਾਰ ਦੇ ਮਨ ਵਿਚ ਇਹ ਗੱਲ ਡਰ ਦੀ ਹੱਦ ਤਕ ਬੈਠ ਚੁੱਕੀ ਹੈ ਕਿ ਪਤਾ ਨਹੀਂ ਕਿਹੜੇ ਵੇਲੇ ਅਚਾਨਕ ਅਜਿਹਾ ਹਾਦਸਾ ਵਾਪਰ ਸਕਦਾ ਹੈ। ਰੇਪ ਦਾ ਸ਼ਿਕਾਰ ਹੋਈ ਕੁੜੀ ਮੁਸ਼ਕਿਲ ਨਾਲ ਹੀ ਸਾਧਾਰਨ ਹਾਲਤ ਧਾਰਨ ਕਰਦੀ ਹੈ।

ਸਮੁੱਚੀ ਕਹਾਣੀ ਦਾ ਘਟਨਾ ਕਰਮ ਇਸੇ ਸਮੱਸਿਆ ਦੇ ਮੁਖ ਬਿੰਦੂ ਨਾਲ ਜੁੜਿਆ ਹੋਇਆ ਹੈ, ਭਾਵੇਂ ਕਹਾਣੀ ਵਿਚਲੇ ਬਿਰਤਾਂਤ ਤੋਂ ਇਹ ਗੱਲ ਵੀ ਸ਼ਪੱਸ਼ਟ ਹੋ ਜਾਂਦੀ ਹੈ ਕਿ ਰੇਪ ਦੀਆਂ ਘਟਨਾਵਾਂ ਤਾਂ ਪੁਰਾਤਨ ਯੁੱਗਾਂ ਯੁਗਾਂਤਰਾਂ ਤੋਂ ਹੀ ਵਾਪਰਦੀਆਂ ਰਹੀਆਂ ਹਨ, ਫੇਰ ਇਹ ਘਟਨਾ ਦਾ ਵਾਪਰਨਾ ਅਤੰਕ ਕਦੋਂ ਤੇ ਕਿਵੇਂ ਬਣ ਗਿਆ ? ਕਹਾਣੀ ਵਿਚਲਾ ਇਹ ਸਵਾਲ ਹੀ ਕਹਾਣੀ ਦੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਕਹਾਣੀ ਪਾਠ ਇਹ ਗੱਲ ਸ਼ਪੱਸ਼ਟ ਕਰ ਦਿੰਦਾ ਹੈ ਕਿ 'ਸੇਫਟੀ ਕਿੱਟ' ਕਹਾਣੀ ਵਿਚਲੀ ਜਸਪ੍ਰੀਤ ਇੰਗਲੈਂਡ ਪੜ੍ਹਾਈ ਕਰਨ ਲਈ ਗਈ ਹੋਈ ਹੈ, ਉਸ ਦੀ ਮਾਂ ਰੱਜੀ ਆਪਣੀ ਧੀ ਨੂੰ ਹੋਰ ਕੁੱਝ ਭਾਵੇਂ ਪੁੱਛਦੀ ਦੱਸਦੀ ਨਹੀਂ , ਪਰੰਤੂ ਆਪਣੀ ਧੀ ਦੇ ਆਪਣੇ ਆਪੇ ਦੀ ਸੰਭਾਲ ਲਈ ਲੋੜੋਂ ਵੱਧ ਨਸੀਹਤ ਜ਼ਰੂਰ ਕਰਦੀ ਹੈ, ਇਸੇ ਦੌਰਾਨ ਹੀ ਉਹ ਕਾਨੂੰਨ ਵਿਵਸਥਾ ਦੀ ਲਗਾਤਾਰ ਨਿਘਰਦੀ ਸਥਿੱਤੀ ਉਤੇ ਵੀ ਚਿੰਤਾ ਜਾਹਰ ਕਰਦੀ, ਆਪਣੀ ਧੀ ਨੂੰ ਸੰਭਲ ਕੇ ਰਹਿਣ ਦੀ ਤਾਕੀਦ ਕਰਦੀ ਹੈ। ਸ਼ੁਰੂ ਵਿਚ ਜਸਪ੍ਰੀਤ ਦਾਦੀ ਸ਼ਾਮ ਕੌਰ ਦੇ ਘਰ ਠਹਿਰਦੀ ਹੈ, ਦਾਦੀ ਸ਼ਾਮ ਕੌਰ ਦੇ ਪਿੱਛੇ ਭਾਰਤ ਅੰਦਰ ਰਹੇ ਘਰ ਸੰਪਤੀ ਦੀ ਸੰਭਾਲ ਜਸਪ੍ਰੀਤ ਦਾ ਪਿਤਾ ਹੀ ਕਰਦਾ ਹੈ, ਜਿਸ ਦੇ ਸ਼ੁਕਰਾਨੇ ਵੱਜੋਂ ਉਹ ਜਸਪ੍ਰੀਤ ਨੂੰ ਰੱਖਣ ਸੰਭਾਲਣ ਦੀ ਜਿੰਮੇਵਾਰੀ ਲੈਂਦੇ ਹਨ ਦਾਦੀ ਸ਼ਾਮ ਕੌਰ ਦਾ ਪਰਿਵਾਰ ਇਹ ਜਿੰਮੇਵਾਰੀ ਨਿਭਾਹੁੰਦਾ ਵੀ ਹੈ, ਪਰ ਜਲਦੀ ਹੀ ਉਹ ਇਸ ਘਰ ਤੋਂ ਉਕਤਾ ਜਾਂਦੀ ਹੈ, ਦਾਦੀ ਦੇ ਬੇਤੁਕੇ ਸਵਾਲ, ਅਤੇ ਬਾਲੋੜੀਆ ਨਸੀਹਤਾਂ ਨਿਹੋਰਿਆਂ ਤੋਂ ਅੱਕੀ ਉਹ ਵੱਖਰੇ ਤੌਰ ਤੇ ਰਹਿਣ ਦਾ ਮਨ ਬਣਾ ਲੈਂਦੀ ਹੈ, ਉਸ ਨੂੰ ਮਾਂ ਦੀ ਕੀਤੀ ਨਸੀਹਤ ਕਿ ਇਕੱਲੀ ਕੁੜੀ ਨੂੰ ਦੇਖ ਮੁੰਡੇ ਲਾਚੜ ਜਾਂਦੇ ਹਨ, ਹਮੇਸ਼ਾ ਚੇਤੇ ਰਹਿੰਦੀ ਹੈ। ਦਾਦੀ ਦੇ ਪਰਿਵਾਰ ਵਿਚ ਵੀ ਉਸ ਦੀ ਇਕੱਲ ਦਾ ਫਾਇਦਾ ਉਠਾ ਕੇ ਘਰ ਦਾ ਛੋਟਾ ਮੁੰਡਾ ਉਸ ਨੂੰ ਫਿਲਮ ਦੇਖਣ ਦੀ ਪੇਸ਼ਕਸ਼ ਕਰਦਾ ਹੈ। ਉਸ ਦਾ ਵਾਰ ਵਾਰ ਬੂਹਾ ਖੜਕਾਉਦਾ ਹੈ। ਉਹ ਜਸਪ੍ਰੀਤ ਨੂੰ ਚੰਗਾ ਨਹੀਂ ਲੱਗਦਾ, ਇਸੇ ਲਈ ਉਹ ਆਪਣੀ ਰਹਾਇਸ਼ ਬਦਲ ਕੇ ਆਪਣੀ ਜਾਣ ਪਛਾਣ ਵਾਲੀ ਅੰਗਰੇਜ ਕੁੜੀ ਸਮਾਂਥਾ ਦੇ ਘਰ ਰਹਿਣ ਲੱਗ ਜਾਂਦੀ ਹੈ। ਇਸ ਸਮੇਂ ਤੱਕ ਉਹ ਮਾਂ ਕੋਲੋਂ ਦੇਬੀ ਮਾਮੇ ਦਾ ਉਸ ਦੀ ਭੂਆ ਰਾਣੋ ਨਾਲ ਕੀਤਾ ਰੇਪ, ਅਤੇ ਭਾਰਤ ਦੇਸ਼ ਅੰਦਰ ਨਿਰਭੈਅ ਰੇਪ ਕੇਸ ਵਰਗੀਆਂ ਅਜਿਹੀਆਂ ਦਿਲ ਦਹਿਲਾਉਣ ਵਾਲੀਆਂ ਅਨੇਕਾਂ ਘਟਨਾਵਾਂ ਸੁਣ ਕੇ ਬੁਰੀ ਤਰ੍ਹਾਂ ਅਤੰਕ ਦੀ ਹਾਲਤ ਵਿਚ ਪਹੁੰਚ ਜਾਂਦੀ ਹੈ, ਆਪਣੇ ਕਹੇ ਜਾਂਦੇ ਪੰਜਾਬੀ ਭਾਈਚਾਰੇ ਦੀ ਵਸੋਂ ਕੋਲੋਂ ਵੀ ਉਹ ਦੂਰੀ ਬਣਾ ਕੇ ਰੱਖਦੀ ਹੈ, ਉਸ ਨੂੰ ਆਪਣੀ ਨਵੀਂ ਬਣੀ ਸਹੇਲੀ ਅੰਗਰੇਜ਼ ਕੁੜੀ ਸਮਾਂਥਾ ਕੋਲ ਆ ਕੇ ਰਾਹਤ ਮਹਿਸੂਸ ਹੁੰਦੀ ਹੈ।

ਸਮਾਂਥਾ ਪੜੀ ਲਿਖੀ ਸੂਝਵਾਨ ਕੁੜੀ ਹੈ, ਉਸ ਨੂੰ ਵਰਤਮਾਨ ਸਮੇਂ ਵਿੱਚ ਹਰ ਮੁਲਕ ਅੰਦਰ ਵਾਪਰਨ ਵਾਲੀ ਹਰ ਚੰਗੀ ਮਾੜੀ ਘਟਨਾ ਦਾ ਪੁਖਤਾ ਗਿਆਨ ਪ੍ਰਾਪਤ ਹੈ। ਉਸ ਪਾਸ ਦੁਨੀਆ ਦਾਰੀ ਦਾ ਤਜਰਬਾ ਹੈ, ਉਹ ਰਿਚਡਸਨ ਅਕੈਡਮੀ ਰਾਹੀਂ ਦੁਨੀਆਂ ਭਰ ਦੇ ਖਤਰਿਆਂ ਅਤੇ ਉਹਨਾਂ ਨਾਲ ਨਿਪਟਣ ਦੀ ਸੂਝ ਅਤੇ ਸਮੱਰਥਾ ਪਰਾਪਤ ਕਰ ਚੁੱਕੀ ਹੈ। ਉਸ ਨੂੰ ਖਤਰਿਆਂ ਨਾਲ ਖੇਡਣ ਦਾ ਸ਼ੋਕ ਹੈ, ਉਹ ਇਹ ਗੱਲ ਤਾਂ ਪਰਵਾਨ ਕਰਦੀ ਹੈ, ਕਿ ਰੇਪ ਤੋਂ ਹਰ ਮੁਲਕ ਦੀ ਹਰ ਔਰਤ ਭੈ ਭੀਤ ਰਹਿੰਦੀ ਹੈ, ਕਿਉਂਕਿ ਹਰ ਮੁਲਕ ਅੰਦਰ ਪੁਰਸ਼ ਦੀ ਮਾਨਸਿਕਤਾ ਭੇੜੀਏ ਸਮਾਨ ਹੁੰਦੀ ਹੈ, ਜੋ ਔਰਤ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਇਸ ਡਰ ਦੇ ਸਾਏ ਕਾਰਨ ਦਮ ਘੁਟ ਘੁਟ ਕੇ ਮੌਤ ਸਹੇੜ ਲਈ ਜਾਵੇ। ਉਸ ਦੀ ਨਜ਼ਰ ਵਿਚ ਇਹ ਗੱਲ ਵਧੇਰੇ ਮਹੱਤਵ ਰੱਖਦੀ ਹੈ, ਕਿ ਜਿੰਨੀਆਂ ਕਾਮ ਖੇਤਰ ਵਿਚ

ਬੰਧਸ਼ਾਂ ਹੋਣਗੀਆਂ ਰੇਪ ਦੀਆਂ ਘਟਨਾਵਾਂ ਉਤਨੀਆਂ ਹੀ ਵਧੇਰੇ ਹੋਣਗੀਆਂ ਕੇਵਲ ਰੇਪ ਦੀਆਂ ਘਟਨਾਵਾਂ ਵਿਚ ਹੀ ਵਾਧਾ ਨਹੀਂ ਹੁੰਦਾ ਸਗੋਂ ਰੇਪ ਦੇ ਢੰਗ ਤਰੀਕੇ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਪ੍ਰਣਾਮ ਵੀ ਵਧੇਰੇ ਕਰੂਰ, ਘਾਤਕ ਅਤੇ ਵਹਿਸ਼ੀਆਨਾ ਹੋਣਗੇ। ਉਹ ਭਾਰਤ ਅੰਦਰ ਪਿਛਲੇ ਦਿਨੀ ਵਾਪਰੀਆਂ ਇਸ ਕਿਸਮ ਦੀਆਂ ਰੇਪ ਘਟਨਾਵਾਂ ਦਾ ਹਵਾਲਾ ਦੇ ਕੇ ਆਖਦੀ ਹੈ ਕਿ ਇਨ੍ਹਾਂ ਘਟਨਾਵਾਂ ਦਾ ਕਾਰਨ ਕਾਮ ਨੂੰ ਟੈਬੂ (ਵਰਜਿਤ) ਦੇ ਰੂਪ ਵਿਚ ਅਪਣਾਉਣ ਨਾਲ ਹੀ ਸੰਬੰਧਿਤ ਹੈ। ਤੁਹਾਡੇ ਮੁਲਕ ਨੇ ਕਾਮ ਨੂੰ ਐਡੀ ਵੱਡੀ ਚੀਜ ਬਣਾ ਦਿੱਤਾ ਕਿ ਪੁਰਸ਼ ਦੇ ਮਨ ਅੰਦਰ ਇਸ ਦੀ ਲਾਲਸਾ ਉਤੇਜਨਾ ਦਾ ਰੂਪ ਧਾਰਨ ਕਰ ਗਈ, ਇਸ ਖੇਤਰ ਦੇ ਮਾਹਰਾਂ ਦੀ ਵੀ ਇਹੋ ਰਾਏ ਹੈ ਕਿ ਕਾਮ ਖੇਤਰ ਵਿਚ ਲੱਗੀਆ ਪਾਬੰਦੀਆਂ ਲਾਜਮੀ ਤੌਰ ਤੇ ਜੁਰਮ ਨੂੰ ਜਨਮ ਦਿੰਦੀਆ ਹਨ। ਜਿਹੜੇ ਮੁਲਕਾਂ ਵਿੱਚ ਇਹ ਪਾਬੰਦੀਆਂ ਨਹੀਂ ਹਨ, ਉਨ੍ਹਾਂ ਮੁਲਕਾਂ ਵਿੱਚ ਮੁਕਾਬਲਤਨ ਜ਼ੁਰਮ ਦੀ ਮਾਤਰਾ ਘੱਟ ਰਹੀ ਹੈ। ਕਹਾਣੀ ਬਿਰਤਾਂਤ ਵਿਚ ਸ਼ਾਮਲ ਇਸ ਗੱਲ ਦੀ ਪੁਸ਼ਟੀ ਲਈ ਇਕ ਘਟਨਾ ਦਾ ਜਿਕਰ ਕਰਨਾ ਵੀ ਬਣਦਾ ਹੈ, ਇਕ ਵਾਰ ਇਕ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀ ਮੁੰਡੇ ਕੁੜੀਆਂ ਕਿਸੇ ਟਰਿੱਪ ਤੇ ਗਏ ਸਨ, ਅਧਿਆਪਕ ਨੇ ਵਿਦਿਆਰਥੀਆਂ ਨੂੰ ਸੰਬੰਧਿਤ ਅਦਾਰੇ ਪ੍ਰਤੀ ਆਪਣੇ ਅਨੁਭਵ ਸਾਂਝੇ ਕਰਨ ਲਈ ਕਿਹਾ ਤਾਂ ਇਕ ਨੌਜਵਾਨ ਵਿਦਿਆਰਥੀ ਨੇ ਬੇਬਾਕ ਲਹਿਜੇ ਵਿੱਚ ਆਪਣੇ ਜੀਵਨ ਦਾ ਸੱਚ ਬਿਆਨ ਕਰਦਿਆਂ ਕਿਹਾ ਕਿ ਇਸ ਅਦਾਰੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਮੈਂ ਲਗਭਗ ਇਕ ਹਜਾਰ ਰੁਪਏ ਦਾ ਪਟਰੋਲ ਹਰ ਰੋਜ ਫੂਕ ਦਿੰਦਾ ਸੀ, ਪਰ ਇਸ ਅਦਾਰੇ ਵਿੱਚ ਆ ਕੇ ਜਿਵੇਂ ਮਨ ਸ਼ੰਤੁਸ਼ਟ ਹੋ ਗਿਆ ਹੈ, ਇਥੇ ਕਿਸੇ ਕੁੜੀ ਨੂੰ ਮਿਲਣ ਜਾਂ ਬੁਲਾਉਣ ਦੀ ਕੋਈ ਸਮੱਸਿਆ ਨਹੀਂ ਹੁੰਦੀ ਸ਼ਾਇਦ ਸੇਫਟੀ ਕਿੱਟ ਕਹਾਣੀ ਵਿਚ ਰੋਹਿਤ ਗੋਗਨਾ ਵੀ ਯੂਨੀਵਰਸਿਟੀ ਵਿਦਿਆਰਥੀ ਹੋਣ ਕਰ ਕੇ ਕਾਮ ਉਤੇਜਨਾ ਦਾ ਗੁਲਾਮ ਨਹੀਂ ਹੈ, ਉਹ ਰਾਤ ਭਰ ਅੰਗਰੇਜ਼ੀ ਸਾਹਿਤ ਦੇ ਰੁਮਾਂਟਿਕ ਪ੍ਰਸੰਗ ਸਾਂਝੇ ਕਰਦਾ ਸਮਾਂਥਾ ਨਾਲ ਸਾਰੀ ਰਾਤ ਤਾਂ ਗੁਜਾਰ ਲੈਂਦਾ ਹੈ, ਪਰ ਉਤੇਜਨਾ ਵਸ ਹੋ ਕੇ ਕੋਈ ਹਰਕਤ ਨਹੀਂ ਕਰਦਾ। ਉਚੇਰੀ ਸਿੱਖਿਆ ਅਤੇ ਚੰਗੇ ਪਰਿਵਾਰਕ ਸੰਸਕਾਰ ਮਨੁੱਖ ਦੇ ਆਪ ਹੁਦਰੇ ਪਣ ਤੇ ਕੰਟਰੋਲ ਰੱਖਦੇ ਹਨ ।

ਸਮਾਂਥਾ ਜਸਪ੍ਰੀਤ ਦੀ ਮਨੋ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦੀ ਹੈ, ਉਹ ਭਾਰਤ ਅੰਦਰ ਵਾਪਰ ਰਹੀਆਂ ਘਟਨਾਵਾਂ ਬਾਰੇ ਵੀ ਜਾਣਕਾਰੀ ਰੱਖਦੀ ਹੈ। ਉਹ ਜਸਪ੍ਰੀਤ ਨੂੰ ਇਸ ਨਿਰਬਲ ਮਨੋ ਦਸ਼ਾ ਤੋਂ ਮੁਕਤ ਕਰਨਾ ਲੋਚਦੀ ਹੈ। ਇਸੇ ਲਈ ਉਹ ਉਸ ਨੂੰ ਪੱਬ ਵਿਚ ਜਾਣ ਲਈ ਰਾਜੀ ਕਰ ਲੈਂਦੀ ਹੈ। ਉਹ ਜਾਣਬੁਝ ਕੇ ਡਰਾਉਣਾ ਮਾਰਗ ਅਪਣਾਉਦੀ ਹੈ ਤਾਂ ਜੋ ਜਸਪ੍ਰੀਤ ਦਾ ਡਰ ਦੂਰ ਹੋ ਸਕੇ। ਪੱਬ ਵਿਚ ਪਹਿਲਾਂ ਦੋਵੇਂ ਵਾਈਨ ਪੀਂਦੀਆਂ ਹਨ, ਸਮਾਂਥਾ ਆਪਣੇ ਟੂਰ ਪਰੋਗਰਾਮ ਦੀਆਂ ਘਟਨਾਵਾਂ ਸਾਂਝੀਆਂ ਕਰਦੀ ਹੈ, ਰਿਚਡਸਨ ਅਕੈਡਮੀ ਦੇ ਸਹਿਯੋਗ ਦੀ ਗੱਲ ਦੱਸਦੀ ਹੈ, ਜਿਹੜੀ ਹਰ ਟੂਰ ਤੇ ਜਾਣ ਵਾਲੀ ਇਸਤਰੀ ਲਈ ਸੇਫਟੀ ਕਿੱਟ ਰੱਖਣ ਦੀ ਨਸੀਹਤ ਕਰਦੀ ਹੈ, ਉਹ ਟੂਰ ਦੌਰਾਨ ਸੰਪਰਕ ਵਿਚ ਆਏ ਵੱਖ ਵੱਖ ਤਰ੍ਹਾਂ ਦੇ ਬੰਦਿਆਂ ਦੀ ਗੱਲ ਸਾਂਝੀ ਕਰਦੀ ਹੈ। ਇਸੇ ਗੱਲਬਾਤ ਦੌਰਾਨ ਉਹ ਬਗਦਾਦ ਵਿਖੇ ਬੰਦੂਕ ਦੀ ਨੋਕ ਤੇ ਹੋਈ ਜਬਰਦਸਤੀ ਦੀ ਗੱਲ ਸਾਂਝੀ ਕਰਦੀ ਹੈ, ਤਾਂ ਜੋ ਰੇਪ ਸੰਬੰਧੀ ਉਸ ਦਾ ਡਰ ਦੂਰ ਹੋ ਸਕੇ। ਇਸੇ ਗੱਲਬਾਤ ਦੌਰਾਨ ਉਹ ਜਸਪ੍ਰੀਤ ਨੂੰ ਮਾਨਸਿਕ ਤੌਰ ਤੇ ਤਿਆਰ ਕਰ ਲੈਂਦੀ ਕਿ ਹਰ ਔਰਤ ਨੂੰ ਰੇਪ ਦੀ ਘਟਨਾ ਤੋਂ ਡਰਨ ਨਾਲੋਂ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਦੇਰ ਰਾਤ ਤਕ ਦੀ ਮਿਹਨਤ ਨਾਲ ਸਮਾਂਥਾ, ਜਸਪ੍ਰੀਤ ਦਾ ਮਾਨਸਿਕ ਡਰ ਦੂਰ ਕਰਨ ਵਿਚ ਸਫ਼ਲ ਹੋ ਜਾਂਦੀ ਹੈ, ਵਾਪਸੀ ਸਮੇਂ ਜਦੋਂ ਸਮਾਂਥਾ ਬੱਸ ਫੜਨ ਦੀ ਪੇਸ਼ਕਸ਼ ਕਰਦੀ ਹੈ, ਤਾਂ ਜਸਪ੍ਰੀਤ ਪਹਿਲਾਂ ਵਾਲਾ ਡਰਾਉਣਾ ਰਾਹ ਹੀ ਚੁਣਨ ਲਈ ਆਖਦੀ ਹੈ। ਸੰਭਵ ਹੈ, ਉਸ ਕੋਲ ਸਮਾਂਥਾ ਵੱਲੋਂ ਪ੍ਰਾਪਤ ਹੋਈ ਸੇਫਟੀ ਕਿੱਟ ਹੋਵੇ।

ਐੱਨ.ਬੀ.ਟੀ. ਇੰਡੀਆ ਵੱਲੋਂ ਪ੍ਰਕਾਸ਼ਤ ਆਜ਼ਾਦੀ ਅੰਦੋਲਨ ਨਾਲ ਜੁੜੇ


## *.ਗਦਰੀ ਨਾਇਕਾਂ ਨਾਲ ਸੰਬੰਧਤ ਤਿੰਨ ਪੁਸਤਕਾਂ / - ਭਗਵੰਤ ਰਸੂਲਪੁਰੀ*

## .ਗਦਰੀ ਬਾਬਾ ਭਾਈ ਰਣਧੀਰ ਸਿੰਘ (ਜੀਵਨੀ) ਹਰਲੀਨ

ਦੇਸ਼ ਦੀ ਅਜ਼ਾਦੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਅਨੇਕਾਂ .ਗਦਰੀ ਸੂਰਮੇ ਹੋਏ ਹਨ। ਇਨ੍ਹਾਂ ਵਿੱਚੋਂ ਭਾਈ ਰਣਧੀਰ ਸਿੰਘ ਅਜਿਹਾ ਨਾਇਕ ਹੋਇਆ ਏ ਜਿਸ ਨੂੰ ਰਣਧੀਰ ਸਿੰਘ ਨਾਰੰਗਵਾਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਏ। ਉਸ ਦੀ ਜੀਵਨੀ **'.ਗਦਰੀ ਬਾਬਾ ਭਾਈ ਰਣਧੀਰ ਸਿੰਘ'** (**ਲੇਖਕ: ਹਰਲੀਨ, ਮੁੱਲ : 250 ਰੁਪਏ, ਪੰਨੇ :13+166+8=187, ਸਾਲ: 2022**) ਹਰਲੀਨ ਵੱਲੋਂ ਲਿਖੀ ਗਈ ਏ। ਇਸ ਜੀਵਨੀ ਨੂੰ 13 ਮਹੱਤਵਪੂਰਨ ਚੈਪਟਰਾਂ ਵਿੱਚ ਵੰਡਿਆ ਗਿਆ ਏ।

.ਗਦਰ ਲਹਿਰ ਦੀ ਪਿਛੋਕੜ ਦੀ ਗੱਲ ਕਰਦਿਆਂ ਇਸ ਲਹਿਰ ਦੇ ਮੁੱਢ ਤੇ ਮੁੱਢਲੀਆਂ ਸਰਗਮੀਆਂ ਦਾ ਜ਼ਿਕਰ ਕੀਤਾ ਗਿਆ ਏ। ਉਪਰੰਤ ਪਿੰਡ ਨਾਰੰਗਵਾਲ ਦੇ .ਗਦਰੀ ਭਾਈ ਸੱਜਣ ਸਿੰਘ ਨਾਰੰਗਵਾਲ, ਲਾਲ ਸਿੰਘ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਏ। ਇਸ ਪਿੰਡ ਦੇ ਕੁਝ ਹੋਰ .ਗਦਰੀ ਲਾਭ ਸਿੰਘ, ਮਸਤਾਨ ਸਿੰਘ, ਮੋਹਨ ਸਿੰਘ, ਭਾਈ ਅਤਰ ਸਿੰਘ ਆਦਿ ਵਿਸ਼ੇਸ਼ ਹਨ। ਭਾਈ ਰਣਧੀਰ ਸਿੰਘ ਦੀ ਸਮੁੱਚੀ ਜੀਵਨੀ ਲਿਖਣ ਲਈ ਮੂਲ ਸਰੋਤ ਵੱਜੋਂ ਭਾਈ ਰਣਧੀਰ ਸਿੰਘ ਦੀ ਪੁਸਤਕ 'ਜੇਲ੍ਹ ਚਿੱਠੀਆਂ' ਨੂੰ ਵਰਤਿਆ ਗਿਆ ਏ। ਇਸ ਤੋਂ ਇਲਾਵਾ ਹੋਰ ਅਨੇਕਾਂ ਸਰੋਤਾਂ ਨਾਲ ਰਣਧੀਰ ਸਿੰਘ ਦਾ ਬਿੰਬ ਉਭਾਰਿਆ ਗਿਆ ਏ।

ਆਰਥਿਕ ਤੌਰ ਅਮੀਰ ਸਰਦਾਰ ਨੱਥਾ ਸਿੰਘ ਜਿਹੜੇ ਕਿ ਨਾਭਾ ਰਿਆਸਤ ਵਿੱਚ ਉਸ ਵੇਲੇ ਜੱਜ ਸਨ ਦੇ ਘਰ ਰਣਧੀਰ ਸਿੰਘ ਦਾ ਜਨਮ ਹੋਇਆ। ਉਨ੍ਹਾਂ ਨੇ ਐਫ. ਏ. , ਬੀ. ਏ. ਦੀ ਪੜ੍ਹਾਈ ਲਾਹੌਰ ਕਾਲਜ ਤੋਂ ਕੀਤੀ। ਪੜ੍ਹਦਿਆਂ ਹੀ ਉਨ੍ਹਾਂ ਅੰਦਰ ਗੁਰਬਾਣੀ ਪ੍ਰਤੀ ਸਨੇਹ ਪੈਦਾ ਹੋ ਗਿਆ ਸੀ। ਦੇਸ਼ ਨੂੰ ਆਜ਼ਾਦੀ ਦਿਵਾਉਣ 'ਚ ਰਣਧੀਰ ਸਿੰਘ ਦਾ ਯੋਗਦਾਨ ਅਮੁੱਲ ਏ। ਉਸ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਸਕੂਲ ਵਿਚ .ਗਦਰੀ ਬਾਬਿਆਂ ਨਾਲ ਮਿਲ ਕੇ ਦੇਸ਼ ਨੂੰ ਗੋਰਿਆਂ ਤੋਂ ਮੁਕਤ ਕਰਨ ਲਈ ਬਹੁਤ ਵੱਡਾ ਕਾਰਜ ਕੀਤਾ ਸੀ। ਉਸ ਵੇਲੇ ਰਣਧੀਰ ਸਿੰਘ ਦਾ ਬਿੰਬ ਪ੍ਰਸਿੱਧ ਕੀਰਤਨ ਕਰਨ ਵਾਲਾ ਸੀ। ਉਹ ਆਪਣਾ ਕੀਰਤਨ ਜੱਥੇ ਲੈ ਕੇ ਫ਼ੌਜਾਂ ਵਿੱਚ ਜਾਂਦੇ ਤੇ ਉੱਥੇ ਲੁਕਵੇ ਢੰਗ ਨਾਲ '.ਗਦਰ ਗੂੰਜਾਂ' ਪੜ੍ਹਦੇ ਤੇ .ਗਦਰ ਲਹਿਰ ਦਾ ਪ੍ਰਚਾਰ ਕਰਦੇ। ਰਣਧੀਰ ਸਿੰਘ ਦਾ .ਗਦਰ ਲਹਿਰ ਨਾਲ ਵਿਦਿਆਰਥੀਆਂ ਨੂੰ ਜੋੜਨ ਦਾ ਕਾਰਜ ਮਹੱਤਵਪੂਰਨ ਹੈ। ਇਸ ਤਰ੍ਹਾਂ ਉਸ ਨੇ .ਗਦਰ ਲਹਿਰ ਨੂੰ ਪੈਦਾ ਕਰਨ ਲਈ ਪਹਿਲੇ ਪੜ੍ਹਾ 'ਤੇ ਨੌਜਵਾਨ ਮੁੰਡਿਆ ਨੂੰ ਤਿਆਰ ਕੀਤਾ। ਗੁਰਦੁਆਰਾ ਰਕਾਬਗੰਜ ਵਿਦਰੋਹ ਦੇ ਮਸਲੇ ਉੱਤੇ ਰਣਧੀਰ ਸਿੰਘ ਨੇ ਗੋਰਿਆ ਵਿਰੁੱਧ ਵਿਸ਼ਾਲ ਜਨ ਸਮੂਹ ਤਿਆਰ ਕੀਤਾ। 1915 ਦੇ .ਗਦਰ ਤੇ ਬਗਾਵਤ ਕਰਨ ਦੇ ਜ਼ੁਰਮ ਵਜੋਂ ਰਣਧੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਏ। ਉਪਰੰਤ ਵਾਅਦਾ ਮੁਆਫ਼ ਗਵਾਹੀ ਲਈ ਦਬਾਅ ਪਾਇਆ ਜਾਂਦਾ ਏ। ਪਰ ਰਣਧੀਰ ਸਿੰਘ ਸਰਕਾਰੀ ਤੰਤਰ ਅੱਗੇ ਝੁਕਦਾ ਨਹੀਂ। ਫਿਰ ਪਹਿਲਾ ਲਾਹੌਰ ਸਾਜ਼ਿਸ਼ ਕੇਸ, 1914-15 ਸ਼ੁਰੂ ਹੋ ਜਾਂਦਾ ਏ। 14 ਪੰਨਿਆ ਦੇ ਜਜਮੈਂਟ ਕੇਸ ਵਿੱਚ ਰਣਧੀਰ ਸਿੰਘ ਨੂੰ ਦੋਸ਼ੀ ਸਿੱਧ ਕੀਤਾ ਜਾਂਦਾ




*ਨੈਸ਼ਨਲ ਬੁੱਕ ਟਰੱਸਟ ਇੰਡੀਆ ਨੇ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਪ੍ਰਧਾਨ ਮੰਤਰੀ-ਯੁਵਾ ਮੈਂਟਰਸ਼ਿਪ ਯੋਜਨਾ ਤਹਿਤ 'ਭਾਰਤ ਦੀ ਰਾਸ਼ਟਰੀ ਲਹਿਰ' ਥੀਮ ਤੇ ਕਰਵਾਏ ਆਲ ਇੰਡੀਆ ਮੁਕਾਬਲੇ ਉਪਰੰਤ ਚੁਣੇ 75 ਨੌਜਵਾਨ ਲੇਖਕਾਂ ਦੀਆਂ ਪੁਸਤਕਾਂ ਛਾਪੀਆਂ ਹਨ। ਇਨ੍ਹਾਂ 75 ਨੌਜਵਾਨਾਂ ਲੇਖਕਾਂ ਵਿੱਚੋਂ ਤਿੰਨ ਪੰਜਾਬੀ ਭਾਸ਼ਾ ਦੇ ਲੇਖਕਾਂ ਦੀ ਚੋਣ ਕੀਤੀ ਗਈ। ਇਸ ਯੋਜਨਾ ਦਾ ਟੀਚਾ 30 ਵਰ੍ਹਿਆਂ ਤੋਂ ਛੋਟੀ ਉਮਰ ਦੇ ਨੌਜਵਾਨ ਲੇਖਕਾਂ ਨੂੰ ਸਿਖਲਾਈ ਦੇਣਾ ਹੈ ਤਾਂ ਕਿ ਮੁਲਕ ਅੰਦਰ ਪੜ੍ਹਨ ਲਿਖਣ ਦੇ ਸਭਿਆਚਾਰ ਨੂੰ ਉਤਸ਼ਾਹਿਤ ਕਰਕੇ ਭਾਰਤੀ ਲਿਖਤਾਂ ਨੂੰ ਆਲਮੀ ਪੱਧਰ ਤੇ ਉਭਾਰਿਆ ਜਾ ਸਕੇ। 2021-22 ਵਿਚ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਦੇਸ਼ ਦੀ ਆਜ਼ਾਦੀ ਦੇ 75 ਸਾਲਾਂ ਜਸ਼ਨਾਂ ਦੇ ਮੁਬਾਰਕ ਮੌਕੇ 'ਤੇ ਇਸ ਯੋਜਨਾ ਦਾ ਆਗਾਜ਼ ਕੀਤਾ ਅਤੇ ਅਜ਼ਾਦੀ ਦਾ ਅੰਮ੍ਰਿਤ ਮਹਾਉਤਸਵ ਪ੍ਰੋਗਰਾਮਾਂ ਤਹਿਤ ਇਸ ਨੂੰ ਅਮਲੀ ਜਾਮਾਂ ਪਹਿਨਾਉਣ ਦੀ ਜ਼ਿੰਮੇਵਾਰੀ ਨੈਸ਼ਨਲ ਬੁੱਕ ਟਰੱਸ਼ਟ ਇੰਡੀਆ ਨੂੰ ਸੌਂਪੀ। ਇਸ ਯੋਜਨਾ ਦੇ ਅੰਤਰਗਤ ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਕਿਤਾਬਾਂ ਦਾ ਮੁੱਖ ਵਿਸ਼ਾ ਭਾਰਤੀ ਆਜ਼ਾਦੀ ਦੀ ਕੌਮੀ ਲਹਿਰ ਰੱਖਿਆ ਗਿਆ। ਜਿਸ ਵਿਚ ਗੁੰਮਨਾਮ ਨਾਇਕਾਂ, ਵਿੱਸਰੀਆਂ ਥਾਵਾਂ ਅਤੇ ਸੁਤੰਤਰਤਾ ਸੰਗਰਾਮ ਵਿਚ ਇਨ੍ਹਾਂ ਦੀ ਭੂਮਿਕਾ ਨੂੰ ਵੱਖ-ਵੱਖ ਵਿਧਾਵਾਂ ਜਿਵੇਂ ਗਲਪ, ਵਾਰਤਕ ਤੇ ਜੀਵਨੀਆਂ ਆਦਿ ਵਿਚ ਪਰੋਇਆ ਗਿਆ। ਇਸ ਯੋਜਨਾ ਤਹਿਤ ਲਿਖਣ ਵਾਲੇ ਲੇਖਕਾਂ ਨੂੰ ਭਾਰਤ ਦੀਆਂ 22 ਸਰਕਾਰੀ ਮਾਨਤਾ ਪ੍ਰਾਪਤ ਭਾਸ਼ਾਵਾਂ ਤੇ ਅੰਗਰੇਜ਼ੀ ਵਿਚ ਹੋਏ ਸਰਬ-ਭਾਰਤੀ ਮੁਕਾਬਲੇ ਦੁਆਰਾ ਚੁਣਿਆ ਗਿਆ ਸੀ। ਨੈਸ਼ਨਲ ਬੁੱਕ ਟਰੱਸਟ, ਇੰਡੀਆ ਵੱਲੋਂ ਇਨ੍ਹਾਂ ਨੂੰ ਛੇ ਮਹੀਨੇ ਲਈ ਵਜ਼ੀਫਾ ਰਾਸ਼ੀ ਦਿੱਤੀ ਗਈ ਅਤੇ ਉੱਘੇ ਲੇਖਕਾਂ, ਵਿਸ਼ਾ ਮਾਹਰਾਂ ਦੀ ਰਹਿਨੁਮਾਈ ਮੁਹੱਈਆ ਕਰਵਾਈ ਗਈ ਸੀ। ਤਾਂ ਕਿ ਇਹ ਆਪਣੇ ਪ੍ਰਸਤਾਵਿਤ ਖਰੜੇ ਨੂੰ ਕਿਤਾਬੀ ਰੂਪ ਵਿਚ ਢਾਲ ਸਕਣ। ਪੰਜਾਬੀ ਭਾਸ਼ਾ ਵਿੱਚ ਹਰਲੀਨ ਵੱਲੋਂ 'ਗ਼ਦਰੀ ਬਾਬਾ ਭਾਈ ਰਣਧੀਰ ਸਿੰਘ' (ਜੀਵਨੀ), ਜਸਪ੍ਰੀਤ ਕੌਰ ਵੱਲੋਂ 'ਗ਼ਦਰ ਦੀ ਰਾਹ 'ਤੇ (ਨਾਵਲ) ਤੇ ਸਰਤਾਜ ਸਿੰਘ ਵੱਲੋਂ 'ਆਜ਼ਾਦੀ ਅੰਦੋਲਨ ਦੇ ਅਣਗੌਲੇ ਨਾਇਕ' (10 ਸੁਤੰਤਰਤਾ ਸੰਗਰਾਮੀਆਂ ਦੀ ਜੀਵਨੀ) ਲਿਖੀਆਂ ਗਈਆਂ। ਟਰੱਸਟ ਨੇ ਇਹ ਤਿੰਨ ਪੁਸਤਕਾਂ ਬੜੀ ਖੂਬਸੂਰਤ ਦਿੱਖ ਨਾਲ ਛਾਪੀਆਂ ਹਨ।*

ਏ ਤੇ ਉਸ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਜਾਂਦਾ ਏ। ਜੀਵਨੀ 'ਚ ਮੁਲਤਾਨ, ਹਜ਼ਾਰੀ ਬਾਗ, ਰਾਜਮੰਦਰੀ ਤੇ ਨਾਗਪੁਰ ਜੇਲ੍ਹ ਦੇ ਤਸੀਹੇ ਵਿਸਥਾਰ ਨਾਲ ਬਿਆਨ ਕੀਤੇ ਗਏ ਨੇ। ਇਸ ਦੌਰਾਨ ਰਣਧੀਰ ਸਿੰਘ ਦੇ ਸਾਥੀ ਕੈਦੀ ਹਜ਼ਾਰੀ ਬਾਗ ਜੇਲ੍ਹ ਵਿੱਚੋਂ ਭੱਜਦੇ ਨੇ, ਫੜੇ ਜਾਂਦੇ ਨੇ ਤੇ ਉਨ੍ਹਾਂ ਤੇ ਜ਼ੁਲਮ ਹੁੰਦੇ ਨੇ। ਰਣਧੀਰ ਸਿੰਘ ਜੇਲ੍ਹ ਵਿਚ ਕੈਦੀਆਂ ਦੇ ਹੱਕਾਂ ਲਈ ਇਨਸਾਫ਼ ਲਈ ਸੰਘਰਸ਼ ਕਰਦੇ ਰਹਿੰਦੇ ਹਨ। ਇਸ ਲਈ ਉਨ੍ਹਾਂ ਨੇ ਜੇਲ੍ਹ ਵਿੱਚ ਬੇਅੰਤ ਕਸ਼ਟ ਹੰਢਾਏ। ਇਸ ਸੰਘਰਸ਼ ਵਿਚ ਉਹ ਕਦੇ ਵੀ ਥਿੜਕੇ ਨਹੀਂ। ਪੁਸਤਕ 'ਚ ਰਣਧੀਰ ਸਿੰਘ ਦੀ ਭਗਤ ਸਿੰਘ ਨਾਲ ਮੁਲਾਕਾਤ ਦੇ ਪ੍ਰਸੰਗ ਨੂੰ ਵੀ ਵਿਸਥਾਰ ਨਾਲ ਲਿਖਿਆ ਗਿਆ ਏ। ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਈ ਦੇ ਦਿਨ ਰਣਧੀਰ ਸਿੰਘ ਦੀ ਜੇਲ੍ਹ ਵਿੱਚ ਭਗਤ ਸਿੰਘ ਨਾਲ ਮੁਲਾਕਾਤ ਹੁੰਦੀ ਏ। ਇਸ ਮੁਲਾਕਾਤ ਦਾ ਜ਼ਿਕਰ 'ਜੇਲ੍ਹ ਚਿੱਠੀਆਂ' ਵਿਚ ਦਰਜ਼ ਏ। ਉਸ ਮੁਲਾਕਾਤ ਸਮੇਂ ਕਿਹੜੀ ਵਿਚਾਰ ਚਰਚਾ ਹੋਈ। ਕਿਨ੍ਹਾਂ ਮੁੱਦਿਆਂ ਤੇ ਸੰਵਾਦ ਹੋਇਆ, ਇਸ ਦੀ ਜਾਣਕਾਰੀ ਸਾਨੂੰ ਜੇਲ੍ਹ ਚਿੱਠੀਆਂ ਵਿੱਚ ਹੀ ਪੜ੍ਹਨ ਨੂੰ ਮਿਲਦੀ ਏ। ਭਗਤ ਸਿੰਘ ਇਸ ਮਸਲੇ ਤੇ ਕਿਵੇਂ ਸੋਚਦੇ ਸਨ। ਉਹ ਪੱਖ ਸਾਡੇ ਸਾਹਮਣੇ ਨਹੀਂ ਆਇਆ। ਕਿਤਾਬ ਬੜੇ ਵਿਸਥਾਰ ਨਾਲ ਰਣਧੀਰ ਸਿੰਘ ਦੇ ਦੇਸ਼ ਭਗਤੀ ਵਾਲੇ ਬਿੰਬ ਨੂੰ ਉਭਾਰਦੀ ਏ। ਰਣਧੀਰ ਸਿੰਘ ਦੀ ਦ੍ਰਿਸ਼ਟੀ, ਸੋਚ, ਵਿਚਾਰਧਾਰਾ ਤੇ ਪ੍ਰਤੀਬੱਧਤਾ ਨੂੰ ਜਾਨਣ ਲਈ ਇਹ ਪੁਸਤਕ ਮੁੱਲਵਾਨ ਏ।

## ਗ਼ਦਰੀ ਦੀ ਰਾਹ 'ਤੇ (ਨਾਵਲ) ਜਸਪ੍ਰੀਤ ਕੌਰ

ਗ਼ਦਰੀ ਬੰਤਾ ਸਿੰਘ ਸੰਘਵਾਲ ਜੀ ਜੀਵਨੀ ਤੇ ਅਧਾਰਿਤ ਨਾਵਲ **'ਗ਼ਦਰ ਦੀ ਰਾਹ 'ਤੇ'** (**ਲੇਖਕ ਜਸਪ੍ਰੀਤ ਕੌਰ, ਮੁੱਲ:** 245, **ਪੰਨੇ** :13+170=183, **ਸਾਲ:** 2022, **ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ**) ਨੌਜਵਾਨ ਲੇਖਕਾ ਜਸਪ੍ਰੀਤ ਕੌਰ ਨੇ ਲਿਖਿਆ ਏ। ਬੰਤਾ ਸਿੰਘ ਸੰਘਵਾਲ ਜਲੰਧਰ ਦੇ ਸੰਘਵਾਲ ਪਿੰਡ ਦਾ ਅਜਿਹਾ ਗ਼ਦਰੀ ਹੋਇਆ ਏ ਜਿਸ ਨੇ ਆਜ਼ਾਦੀ ਅੰਦੋਲਨ ਵਿੱਚ ਬੜੀ ਬਹਾਦਰੀ ਨਾਲ ਯੋਗਦਾਨ ਪਾਇਆ। ਬੰਤਾ ਸਿੰਘ ਸੰਘਵਾਲ ਦੁਆਬੇ ਦੇ ਪਿੰਡ ਸੰਘਵਾਲ ਦੇ ਸਾਹੂਕਾਰ ਦਾ ਮੁੰਡਾ ਸੀ। ਪੜ੍ਹਿਆ ਲਿਖਿਆ ਤੇ ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ ਬੰਤਾ ਸਿੰਘ ਸ਼ੁਰੂ ਵਿੱਚ ਹੀ ਵੱਖਰੀ ਸੁਰ ਦਾ

ਮੁੰਡਾ ਉਭਰਨ ਲੱਗਦਾ ਏ। ਪਿੰਡ 'ਚ ਹੀ ਸਕੂਲ , ਲਾਇਬ੍ਰੇਰੀ ਤੇ ਹਸਪਤਾਲ ਦਾ ਨਿਰਮਾਣ ਆਮ ਲੋਕਾਂ ਲਈ ਕਰਦਾ ਏ। ਜਦ ਕਿ ਉਸ ਦਾ ਪਿਤਾ ਬੂਟਾ ਸਿੰਘ ਪਿੰਡ ਦਾ ਸ਼ਾਹੂਕਾਰ ਸੀ ਜਿਸ ਦਾ ਕੰਮ ਲੋਕਾਂ ਦਾ ਲਹੂ ਚੂਸਣਾ ਸੀ। ਦੂਜੇ ਪਾਸੇ ਬੰਤਾ ਸਿੰਘ ਲੋੜਵੰਦਾਂ ਦੀ ਸਹਾਇਤਾ ਤਾਂ ਪੜ੍ਹਦਿਆਂ ਹੀ ਕਰਨ ਲੱਗ ਪਿਆ ਸੀ। ਪਿਤਾ ਆਰਥਿਕ ਤੌਰ ਤੇ ਤਕੜਾ ਹੋਣ ਕਰਨ ਬੰਤਾ ਸਿੰਘ ਨੂੰ ਪੜ੍ਹਨ ਅਮਰੀਕਾ ਭੇਜ ਦਿੱਤਾ ਜਾਂਦਾ ਏ। ਉੱਥੇ ਉਹ ਭਾਰਤੀਆਂ ਦੀ ਹੁੰਦੀ ਬੇਇੱਜ਼ਤੀ ਵੇਖਦਾ ਏ। ਉੱਥੇ ਹੀ ਉਸ ਦਾ ਮਿਲਾਪ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਨਾਲ ਹੁੰਦਾ ਏ। ਉਨ੍ਹਾਂ ਦੀ ਪ੍ਰੇਰਨਾ ਨਾਲ ਬੰਤਾ ਸਿੰਘ ਸਕਾਲਰਸਿੱਪ ਨਾਲ ਵਿਦਿਆਰਥੀਆਂ ਨੂੰ ਵਿਦੇਸ਼ ਪੜ੍ਹਨ ਲਈ ਸੱਦਾ ਦਿੰਦਾ ਏ। ਇੰਝ ਉਹ ਗ਼ਦਰ ਪਾਰਟੀ ਵਿੱਚ ਸਰਗਰਮ ਹੋ ਜਾਂਦਾ ਏ। ਅੰਤ ਆਪਣੇ ਪਿੰਡ ਆ ਕੇ ਗ਼ਦਰ ਲਹਿਰ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦਾ ਏ। ਵੇਖਦੇ ਵੇਖਦੇ ਉਸ ਮਗਰ ਇਕ ਕਾਫ਼ਲਾ ਬਣ ਜਾਂਦਾ ਏ। ਫਿਰ ਆਪਣੇ ਬਣਾਏ ਕਾਫ਼ਲੇ ਨਾਲ ਗ਼ਦਰ ਦਾ ਪ੍ਰਚਾਰ ਦੁਆਬੇ ਵਿਚ ਕਰਦਾ ਏ। ਤੇ ਗ਼ਦਰ 'ਚ ਸ਼ਾਮਿਲ ਹੋਣ ਲਈ ਰੇਲਵੇ ਦੀਆਂ ਪਟੜੀਆਂ ਪੁੱਟਣ, ਟੈਲੀਫੋਨ ਦੀਆਂ ਤਾਰਾਂ ਕੱਟਣ ਤੇ ਛਾਉਣੀਆਂ ਤੋਂ ਹਥਿਆਰ ਖੋਹਣ ਦਾ ਪ੍ਰੋਗਰਾਮ ਉਲੀਕਦਾ ਏ। ਬੰਤਾ ਸਿੰਘ ਦੀਆਂ ਸਰਗਰਮੀਆਂ ਵੇਖ ਕੇ ਬਰਤਾਨਵੀ ਸਰਕਾਰ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰਦੀ ਏ। ਪੁਲਿਸ ਉਸ ਦੇ ਘਰ ਮੋਹਰੇ ਸੱਤ ਸਾਲ ਪੁਲਿਸ ਚੌਂਕੀ ਬਿਠਾਈ ਰੱਖਦੀ ਏ। ਤੇ ਇਕ ਦਿਨ ਉਸ ਦਾ ਆਪਣਾ ਰਿਸ਼ਤੇਦਾਰ ਉਸ ਨੂੰ ਫੜਾ ਦਿੰਦਾ ਏ।




ਜਸਪ੍ਰੀਤ ਕੌਰ ਨੇ ਨਾਵਲ ਵਿਚ ਕੇਵਲ ਬੰਤਾ ਸਿੰਘ ਦੀ ਜੀਵਨੀ ਹੀ ਗਲਪੀ ਰੂਪ 'ਚ ਪੇਸ਼ ਨਹੀਂ ਕੀਤੀ ਬਲਕਿ ਉੱਨੀਵੀਂ ਸਦੀ ਦੇ ਅਖੀਰਲੇ ਦਹਾਕੇ ਦਾ ਰਹਿਣ ਸਹਿਣ, ਭੁੱਖਮਰੀ, ਕਾਲ ਪੈਣ, ਵੱਡੀ ਗਿਣਤੀ ਵਿੱਚ ਗੱਭਰੂਆਂ ਦਾ ਫੌਜ ਵਿਚ ਭਰਤੀ ਹੋਣ, ਖੇਤੀ ਸੰਕਟ ਆਦਿ ਮਸਲੇ ਵੀ ਉਭਾਰੇ ਹਨ।


ਬੰਤਾ ਸਿੰਘ ਨਾਵਲ ਵਿੱਚ ਇਕ ਨਾਇਕ ਦੇ ਤੌਰ ਤੇ ਉਭਰਦਾ ਏ। ਉਸ ਦੀ ਜਿਹੜੀ ਸੋਚ ਬਣਦੀ ਏ ਉਹਦੇ ਕਾਰਨ ਨਾਵਲ ਵਿਚ ਪਏ ਨੇ। ਬੰਤਾ ਸਿੰਘ ਦੇ ਮਨ ਵਿੱਚ ਕਿਤੇ ਨਾ ਕਿਤੇ ਮਨੁੱਖਤਾ ਦੇ ਗੁਣ ਨਾਵਲੀ ਬਿਰਤਾਂਤ ਦਾ ਮੁੱਖ ਹਿੱਸਾ ਰਹੇ ਨੇ। ਜਿਹੜੇ ਮਾਤੜ ਕਿਸਾਨ ਉਸ ਦੇ ਪਿਤਾ ਦੇ ਕਰਜੇ ਥੱਲੇ ਦੱਬੇ ਪਏ ਸਨ ਉਨ੍ਹਾਂ ਦੀਆਂ ਜ਼ਮੀਨਾਂ ਅਜ਼ਾਦ ਕਰਵਾਉਂਦਾ ਏ। ਲੇਖਕਾਂ ਨੇ ਅਮਰੀਕਾ ਵਿੱਚ ਹੁੰਦੇ ਗ਼ਦਰੀਆਂ ਦੀਆਂ ਮੀਟਿੰਗਾਂ ਨੂੰ ਗਲਪ ਵਿਚ ਵਿਸਥਾਰ ਨਾਲ ਢਾਲਿਆ ਏ। ਕਰਤਾਰ ਸਿੰਘ ਸਰਾਭਾ ਅਤੇ ਬੰਤਾ ਸਿੰਘ ਕਿਉਂਕਿ ਘਰੋਂ ਅਮੀਰ ਪਰਿਵਾਰ ਦੇ ਮੁੰਡੇ ਸਨ। ਕਰਤਾਰ ਸਿੰਘ ਸਰਾਭੇ ਦੇ ਦਾਦੇ ਕੋਲ ਤਿੰਨ ਸੌ ਏਕੜ ਜ਼ਮੀਨ ਸੀ ਤੇ ਬੰਤਾ ਸਿੰਘ ਦਾ ਪਿਤਾ ਇਲਾਕੇ ਦਾ ਵੱਡਾ ਸ਼ਾਹੂਕਾਰ ਸੀ। ਜਿਸ ਕਰਕੇ ਉਹ ਉੱਥੇ ਭਾਰਤੀ ਪਰਵਾਸੀਆਂ ਦੀ ਆਰਥਿਕ ਸਹਾਇਤਾ ਕਰਦੇ ਰਹਿੰਦੇ ਸਨ ਪਰ ਉਨ੍ਹਾਂ ਦਾ ਮੁੱਖ ਟੀਚਾ ਬਰਤਾਨਵੀ ਹਾਕਮਾਂ ਤੋਂ ਆਪਣਾ ਦੇਸ਼ ਆਜ਼ਾਦ ਕਰਵਾਉਣਾ ਸੀ। ਅੰਤ ਫੜ੍ਹੇ ਜਾਣ ਤੇ ਬੰਤ ਸਿੰਘ ਉੱਤੇ ਤਿੰਨ ਮੁਕੱਦਮੇ ਚਲਾਏ ਜਾਂਦੇ ਨੇ, ਜ਼ੈਲਦਾਰ ਚੰਦਾ ਸਿੰਘ ਦਾ ਕਤਲ ਕੇਸ, ਅਨਾਰਕਲੀ ਬਜ਼ਾਰ ਲਾਹੌਰ ਕਤਲ ਕੇਸ, ਡਾਈਨਾਮਾਈਟ ਕੇਸ ਤੇ ਵੱਲੇ ਪੁਲ ਵਾਲੀ ਗਾਰਦ ਤੋਂ ਹਥਿਆਰ ਖੋਹਣ ਸੰਬੰਧੀ ਕੇਸ। ਬੰਤਾ ਸਿੰਘ ਨੂੰ ਫਾਂਸੀ ਦੀ ਸਜ਼ਾ ਨਾਲ ਨਾਵਲ ਸਮਾਪਤੀ ਵੱਲ ਵੱਧਦਾ ਏ।

## ਆਜ਼ਾਦੀ ਅੰਦੋਲਨ ਦੇ ਅਣਗੌਲੇ ਨਾਇਕ (ਜੀਵਨੀ) ਸਰਤਾਜ ਸਿੰਘ

ਆਜ਼ਾਦੀ ਅੰਦੋਲਨ ਦੇ ਅਜਿਹੇ ਨਾਇਕ ਜੋ ਸਮਾਜਿਕ ਦਰਜੇਬੰਦੀ ਕਾਰਨ ਹਾਸ਼ੀਏ ਉੱਤੇ ਧੱਕ ਦਿੱਤੇ ਗਏ ਸਨ। ਇਨ੍ਹਾਂ 10 ਨਾਇਕਾਂ ਬਾਰੇ ਨੌਜਵਾਨ ਲੇਖਕ ਸਰਤਾਜ ਸਿੰਘ ਨੇ ਜੀਵਨੀ ਮੂਲਕ ਲੇਖ ਲਿਖੇ ਹਨ। **'ਅਣਗੌਲੇ ਨਾਇਕ' (ਲੇਖਕ ਸਰਤਾਜ ਸਿੰਘ, ਮੁੱਲ: 160 ਰੁਪਏ, ਪੰਨੇ : 94, ਸਾਲ: 2022, ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ)** ਇਨ੍ਹਾਂ ਅਣਗੌਲੇ ਨਾਇਕਾਂ ਬਾਰੇ ਇਤਿਹਾਸ ਵਿੱਚ ਬਹੁਤ ਘੱਟ ਜ਼ਿਕਰ ਮਿਲਦਾ ਏ। ਪੁਸਤਕ ਦੇ ਲੇਖਕ ਸਰਤਾਜ ਸਿੰਘ ਨੇ ਆਪਣੀ ਸਮਰੱਥਾ ਨਾਲ ਦਲਿਤ ਤੇ ਆਦਿਵਾਸੀ ਸੁਤੰਤਰਤਾ ਸੰਗਰਾਮੀ 10 ਨਾਇਕਾਂ ਦੀ ਖੋਜ ਕੀਤੀ ਏ। ਇਨ੍ਹਾਂ ਨਾਇਕਾਂ ਨੇ ਆਪਣੀ ਆਪਣੀ ਪੱਧਰ ਉੱਤੇ ਭਾਰਤ ਦੀ ਆਜ਼ਾਦੀ ਅੰਦੋਲਨ ਵਿਚ ਆਪਣੀ ਬਹਾਦਰੀ ਕਾਰਨ ਯੋਗਦਾਨ ਪਾਇਆ ਏ। ਲੇਖਕ ਦੀ ਧਾਰਨਾ ਏ ਕਿ ਭਾਰਤੀ ਸਮਾਜ ਨੇ ਇਨ੍ਹਾਂ ਅਣਗੌਲੇ ਦੇਸ਼ ਭਗਤਾਂ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਏ। ਇਨ੍ਹਾਂ ਦੇਸ਼ ਭਗਤਾਂ ਨੂੰ ਗ਼ਦਰ ਲਹਿਰ ਦੀ ਮੁੱਖ ਧਾਰਾ 'ਚ ਲੈ ਕੇ ਆਉਣਾ ਕਿਤਾਬ ਦਾ ਮੁੱਖ ਉਦੇਸ਼ ਏ।

ਪੁਸਤਕ 'ਚ ਮਤਾਦੀਨ ਵਾਲਮੀਕੀ, ਉਦਾ ਦੇਵੀ ਅਤੇ ਮੱਕਾ ਪਾਸੀ, ਮਹੰਗੂ ਰਾਮ, ਪੀਤਾਂਮਬਰ ਅਤੇ ਨੀਲਾਂਮਬਰ ਸ਼ਾਹੀ, ਚੇਤਰਾਮ ਜਾਟਵ ਅਤੇ ਬੱਲੂ ਮੇਹਤਰ, ਰਘੁਨਾਥ ਮਹਤੋ, ਬਿਰਸਾ ਮੁੰਡਾ, ਸੀਧੋ ਅਤੇ ਕਾਹਨੋ, ਮਹਾਬੀਰੀ ਦੇਵੀ ਵਾਲਮੀਕ, ਝਲਕਾਰੀ ਬਾਈ ਆਦਿ ਗ਼ਦਰੀ ਨਾਇਕਾਂ ਦੀ ਕਹਾਣੀ ਦੱਸੀ ਗਈ ਏ। ਭਾਰਤੀ ਦੀ ਆਜ਼ਾਦੀ ਅੰਦੋਲਨ 'ਚ ਦਲਿਤ ਅਤੇ ਆਦਿਵਾਸੀ ਲੋਕਾਂ ਦੇ ਆਪਣੇ ਨਾਇਕ ਵੀ ਰਹੇ ਹਨ। ਉਨ੍ਹਾਂ ਦੇ ਨਾਇਕ ਕੁੰਵਰ ਸਿੰਘ, ਤਾਂਤੀਆ ਟੋਪੇ ਅਤੇ ਨਾਨਾ ਸਾਹਿਬ ਹੀ ਨਹੀਂ ਬਲਕਿ ਚੇਤ ਰਾਮ, ਬਾਂਕੇ ਅਤੇ ਬਿਰਸਾ ਮੁੰਡਾ ਵਰਗੇ ਬਹਾਦਰ ਨਾਇਕ ਵੀ ਹਨ।


ਭਾਰਤੀ ਇਤਿਹਾਸ ਇਨ੍ਹਾਂ ਤੱਥਾਂ ਅਤੇ ਅੰਕੜਿਆਂ ਨਾਲ ਭਰਿਆ ਪਿਆ ਹੈ ਜਿਸ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਦਲਿਤਾਂ ਅਤੇ ਅਛੂਤਾਂ ਨੇ ਸੈਨਾ ਵਿਚ ਹੁੰਦਿਆਂ ਹੋਇਆ ਬਹਾਦਰੀ ਭਰੇ ਕਾਰਨਾਮੇ ਕੀਤੀ ਸਨ। ਲੇਖਕ ਦੀ ਧਾਰਨਾ ਏ ਕਿ ਕਿਤਾਬ ਵਿਚਲੇ ਨਾਇਕ ਗੁੰਮਨਾਮ ਬਣ ਕੇ ਰਹਿ ਗਏ ਨੇ। ਕਿਉਂਕਿ ਭਾਰਤੀ ਪੱਧਰ ਉੱਤੇ ਇਨ੍ਹਾਂ ਨੂੰ ਐਨਾ ਉਭਾਰਿਆ ਨਹੀਂ ਗਿਆ। ਇਸ ਪਿੱਛੇ ਅਨੇਕਾਂ ਕਾਰਨ ਹੋ ਸਕਦੇ ਨੇ। ਅੰਤਕਾ 'ਚ ਲੇਖਕ ਲਿਖਦਾ ਏ ਕਿ ਆਜ਼ਾਦੀ ਸੰਗਰਾਮ ਵਿਚ ਅਛੂਤਾਂ ਅਤੇ ਆਦਿਵਾਸੀਆਂ ਨੇ ਜੋ ਯੋਗਦਾਨ ਦਿੱਤਾ ਉਸ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਗਿਆ ਏ। ਅਕਾਦਮਿਕ ਹਲਕਿਆਂ 'ਚ ਵੀ ਇਸ ਸੰਗਰਾਮ ਨਾਲ ਜੁੜੇ ਕੁਝ ਇਕ ਨਾਇਕਾਂ ਨੂੰ ਉਭਾਰਿਆ ਗਿਆ ਏ ਬਾਕੀਆਂ ਨੂੰ ਹਨੇਰੇ 'ਚ ਸੁੱਟ ਦਿੱਤਾ ਗਿਆ। ਉੱਤਰੀ-ਭਾਰਤ ਦੀ ਹਿੰਦੀ ਪੱਟੀ ਵਿਚ ਬੀਤੀ ਸਦੀ ਦੇ ਅੰਤਲੇ ਦਹਾਕੇ ਵਿਚ ਦਲਿਤ ਪਿੱਛੜਾ ਤੇ ਆਦਿਵਾਸੀ ਉਭਾਰ ਵੇਖਣ-ਪੜ੍ਹਨ ਨੂੰ ਨਹੀਂ ਮਿਲਦਾ। ਉਸ ਉਭਾਰ ਦੇ ਕਾਰਨ ਹੀ ਮਤਾਦੀਨ ਹੇਲਾ ਅਤੇ ਉਸ ਦੀ ਪਤਨੀ ਲਾਜੋ, ਝਲਕਾਰੀ ਬਾਈ, ਅਵੰਤੀਬਾਈ ਲੋਧੀ, ਉਦਾ ਦੇਵੀ, ਬਿਜਲੀ ਪਾਸੀ ਵਰਗੇ ਨਾਂ ਸਾਹਮਣੇ ਨਾ ਆਉਂਦੇ ਜਿਨ੍ਹਾਂ ਨੇ ਭਾਰਤੀ ਦੀ ਆਜ਼ਾਦੀ ਸੰਗਰਾਮ ਵਿਚ ਕ੍ਰਾਂਤੀਕਾਰੀ ਯੋਗਦਾਨ ਪਾਇਆ ਸੀ। ਪਿਛਲੇ ਪੰਜਾਹ ਸਾਲਾਂ ਤੋਂ ਇਨ੍ਹਾਂ ਖੇਤਰਾਂ ਵਿੱਚੋਂ ਅਣਗੌਲੇ ਨਾਇਕ ਸਾਡੇ ਸਾਹਮਣੇ ਆਉਣ ਲੱਗੇ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ।



## ਮੇਰਾ ਸਟੱਡੀ ਟੇਬਲ /- ਭਗਵੰਤ ਰਸੂਲਪੁਰੀ

ਪਿਛਲੇ ਦੋ ਤਿੰਨ ਅੰਕਾਂ ਤੋਂ ਇਹ ਕਾਲਮ 'ਕਹਾਣੀ ਧਾਰਾ' 'ਚ ਥਾਂ ਦੀ ਘਾਟ ਕਾਰਨ ਛਪਣ ਤੋਂ ਰਹਿੰਦਾ ਰਿਹਾ। ਜਿਸ ਕਾਰਨ ਮੇਰੇ ਸਟੱਡੀ ਟੇਬਲ ਉੱਤੇ ਕਿਤਾਬਾਂ ਦਾ ਢੇਰ ਲੱਗ ਗਿਆ। ਪਰ ਮੈਂ ਸਮੇਂ ਸਮੇਂ ਇਨ੍ਹਾਂ ਕਿਤਾਬਾਂ ਨੂੰ ਪੜ੍ਹਦਾ ਗਿਆ ਕੁਝ ਚੰਗੀਆਂ ਕਿਤਾਬਾਂ ਦੀ ਚੋਣ ਕੀਤੀ ਤਾਂ ਜਦੋਂ ਗਿਣਤੀ ਕੀਤੀ ਗਈ ਤਾਂ ਉਨ੍ਹਾਂ ਦੀ ਗਿਣਤੀ 40 ਹੋ ਗਈ। ਨਵਯੁਗ ਪਬਲਿਸ਼ਰਜ, ਦਿੱਲੀ ਵੱਲੋਂ ਕਿਤਾਬਾਂ ਦਾ ਬੰਡਲ ਪਹੁੰਚ ਗਿਆ। ਉਹ ਵੀ ਟੇਬਲ ਤੇ ਇਕ ਕੋਨੇ ਤੇ ਆ ਬੈਠਾ। ਕਿੰਦਾ ਨਾਹਲ ਹੁਰਾਂ ਦੀਆਂ ਪੜ੍ਹਨਯੋਗ ਕਿਤਾਬਾਂ ਵੀ ਮੇਰੇ ਟੇਬਲ ਤੇ ਪਈਆਂ ਮੇਰੇ ਵੱਲ ਵੇਖ ਰਹੀਆਂ ਸਨ। ਬਾਕੀਆਂ ਦੀ ਲੜੀ ਲੰਮੀ ਏ।


### ਗੁਲੀਵਰ ਦੀਆਂ ਯਾਤਰਾਵਾਂ





ਗੁਲੀਵਰ ਦੀਆਂ ਕਹਾਣੀਆਂ ਮੈਂ ਪਹਿਲਾਂ ਸਿਲੇਬਸਾਂ ਵਿੱਚ ਪੜ੍ਹੀਆਂ ਹੋਈਆਂ ਸਨ। 'ਗੁਲੀਵਰ' ਜੋਨਾਥਨ ਸਵਿਫ਼ਟ ਦਾ ਬੜਾ ਮਸ਼ਹੂਰ ਹੋਇਆ ਪਾਤਰ ਹੈ। ਗੁਲੀਵਰ ਅਜਿਹਾ ਨਾਇਕ ਹੈ ਜਿਹੜਾ ਵਚਿਤਰ ਘਾਟੀਆਂ, ਅਜਨਵੀ ਥਾਵਾਂ ਤੇ ਜਾ ਕੇ ਅਨੇਕਾਂ ਰਹੱਸਮਈ ਕਾਰਨਾਮੇ ਕਰਦਾ ਏ। ਕਦੇ ਉਹ ਬੌਣਿਆਂ ਦੇ ਦੇਸ਼, ਕਦੇ ਦੈਂਤਾਂ ਦੇ ਦੇਸ਼ ਕਦੇ ਉਡਣ ਟਾਪੂ 'ਚ ਤੇ ਕਦੇ ਘੋੜਿਆਂ ਦੇ ਦੇਸ਼ ਵਿਚ ਜਾ ਅਚੰਭੇ ਭਰਪੂਰ ਕਾਰਨਾਮੇ ਕਰ ਜਾਂਦਾ ਏ। ਜੋਨਾਥਨ ਤੇ ਆਪਣੀ ਕਲਪਨਾ ਸ਼ਕਤੀ ਨਾਲ ਅਜਿਹਾ ਵੱਡਾ ਪਾਤਰ ਸਿਰਜ ਦਿੱਤਾ ਏ ਜਿਹੜਾ ਕਈ ਸਦੀਆਂ ਪਾਠਕਾਂ 'ਚ ਜਿਉਂਦਾ ਰਹੇਗਾ। ਇਸ ਦਾ ਅਨੁਵਾਦ ਨਿਰਮਲਜੀਤ ਸਿੰਘ ਨੇ ਕੀਤਾ ਏ। ਕਿਤਾਬ 'ਰਵੀ ਸਾਹਿਤ ਪ੍ਰਕਾਸ਼ਨ' ਨੇ ਛਾਪੀ ਏ।

### ਜੇਨ ਆੱਸਟਨ ਦਾ 'ਮਾਨ ਅਭਿਮਾਨ'

ਨਾਵਲੀ ਬਿਰਤਾਂਤ 'ਚ ਇਕ ਉੱਚ ਮੱਧਵਰਗੀ ਪਰਿਵਾਰ ਦੀ ਕਹਾਣੀ ਏ। ਅਮੀਰ ਆਦਮੀ ਬੇਨੇਟ ਦਾ ਦੁਖਾਂਤ ਏ ਕਿ ਉਹਦੇ ਕੋਲ ਜਾਇਦਾਦ ਬਹੁਤ ਏ। ਬੇਨੇਟ ਪਰਿਵਾਰ 'ਚ ਪੰਜ ਬੇਟੀਆਂ ਹਨ। ਜਿਨ੍ਹਾਂ ਦੇ ਵਿਆਹ ਦਾ ਮੁੱਖ ਸੰਕਟ ਹੀ ਨਹੀਂ ਬਲਕਿ ਜਾਇਦਾਦ ਦੇ ਮਰਦ ਵਾਰਸ ਹੋਣਾ ਜ਼ਰੂਰੀ ਏ। ਮੱਧਵਰਗੀ ਪਰਿਵਾਰ ਦੀਆਂ ਪਾਰਟੀਆਂ ਵਿੱਚ ਉਨ੍ਹਾਂ ਵੱਲੋਂ ਕੁੜੀਆਂ ਲਈ ਵਰ ਦੀ ਭਾਲ ਕੀਤੀ ਜਾਂਦੀ ਏ। ਇਨ੍ਹਾਂ 'ਚੋ ਬਿੰਗਲੇ ਨਾਂ ਦਾ ਮੁੰਡਾ ਲੱਭਦਾ ਏ ਜਿਹਦੀ ਇਕ ਕੁੜੀ ਜੇਨ ਨਾਲ ਮੰਗਣੀ ਹੁੰਦੀ ਏ। ਸਮਾਜਿਕ ਮਾਨਤਾ ਅਤੇ ਧੰਨ ਪਰਿਵਾਰ ਵਿੱਚ ਤਣਾਓ ਸਿਰਜਦੇ ਹਨ। ਅਲਿਜਾਬੈਥ ਦਾ ਪਾਤਰ ਨਾਵਲ ਵਿੱਚ ਪ੍ਰਸਥਿਤੀਆਂ ਦੇ ਅਨਕੂਲ ਉਭਰਦਾ ਏ। ਪਰਿਵਾਰਕ ਤਣਾਓ, ਵੇਦਨਾ ਅਤੇ ਕਸ਼ਮਕਸ਼ ਨਾਵਲ 'ਚ ਕੁਸ਼ਲਤਾ ਨਾਲ ਪੇਸ਼ ਕੀਤਾ ਗਿਆ ਏ। ਇਸ ਨਾਵਲ ਦੀਆਂ ਹੁਣ ਤੱਕ 20 ਮਿਲੀਅਨ ਕਾਪੀਆਂ ਵਿਕ ਚੁੱਕੀਆਂ ਨੇ।




### ਸਮਰਸੈੱਟ ਮਾਮ ਦਾ 'ਛੇ ਟਕੇ ਤੇ ਚੰਨ'





ਵਿਪਨ ਗਿੱਲ ਜਿੱਥੇ ਵਧੀਆਂ ਕਥਾਕਾਰ ਏ ਉੱਥੇ ਕੁਸ਼ਲ ਅਨੁਵਾਦਕ ਵੀ ਏ। ਉਸ ਨੇ ਪਿਛਲੇ ਦਿਨੀਂ ਦੋ ਪ੍ਰਸਿੱਧ ਨਾਵਲ ਅਨੁਵਾਦ ਕੀਤੇ ਨੇ। ਸਮਰਸੈੱਟ ਮਾਮ ਦੇ ਨਾਵਲ The Moon and the Sixpence ਦਾ ਪੰਜਾਬੀ ਨਾਂ ਉਸ ਨੇ 'ਛੇ ਟਕੇ ਤੇ ਚੰਨ' ਰੱਖਿਆ ਏ ਜੋ ਪਾਲ ਗੋਗਾਂ ਦੀ ਜੀਵਨੀ ਤੇ ਅਧਾਰਤ ਏ। ਮੱਧ ਵਰਗੀ ਪਰਿਵਾਰ 'ਚੋ ਉੱਠਿਆ ਸ਼ੇਅਰ ਦਲਾਲ ਦਾ ਧੰਦਾ ਕਰਨ ਵਾਲਾ ਪਾਲ ਕਿਵੇਂ ਸੰਸਾਰ ਪ੍ਰਸਿੱਧ ਚਿੱਤਰਕਾਰ ਬਣ ਗਿਆ? ਆਪਣੀ ਅੰਦਰਲੀ ਕਲਾ ਦੇ ਜਨੂੰਨ ਲਈ ਉਹ ਆਪਣੀ ਪਤਨੀ ਤੇ ਬੱਚੇ ਛੱਡ ਕੇ ਪੈਰਿਸ ਚਲੇ ਜਾਂਦਾ ਏ। ਆਪਣੇ ਕਲਾਕਾਰੀ ਦੇ ਜਨੂੰਨ 'ਚ ਉਹ ਘਟੀਆ ਹੋਟਲਾਂ 'ਚ ਰੁਕਦਾ ਹੋਇਆ ਕੋਹੜ ਦੀ ਬਿਮਾਰੀ ਤੇ ਭੁੱਖ ਤੋਂ ਪੀੜਤ ਹੋ ਜਾਂਦਾ ਏ। ਆਪਣੀ ਅੰਦਰ ਬੈਠੀ ਕਲਾ ਕਰਕੇ ਉਹ ਮਾਨਸਿਕ ਰੂਪ 'ਚ ਤਾਕਤਵਾਰ ਰਹਿੰਦਾ ਏ। ਜਦੋਂ ਪਾਲ ਗੋਗਾਂ ਆਪਣਾ ਜੀਵਨ ਜੀਅ ਰਿਹਾ ਸੀ ਉਦੋਂ ਉਹਦੀ ਕਲਾ ਦਾ ਮੁੱਲ ਨਹੀਂ ਪੈਂਦਾ, ਉਹਨੂੰ ਸਮਾਜ ਰੋਲ਼ਦਾ ਰਹਿੰਦਾ ਏ। ਸਮਾਜ 'ਚ ਇਕ ਕਲਾਕਾਰ ਨੂੰ ਕਿੰਨਾ ਕੁ ਸਤਿਕਾਰ ਮਿਲਦਾ ਏ ਤੇ ਉਹਦੀ ਕਲਾ ਦੀ ਸਮਾਜ ਕਿੰਨੀ ਕੁ ਕਦਰ ਕਰਦਾ ਏ? ਨਾਵਲਕਾਰ ਸਮਾਜ ਦੇ ਚਿਹਰੇ ਤੋਂ ਲਿਹਾਫ਼ ਉਤਾਰਨ ਦਾ ਕਾਰਜ ਕਰਦਾ ਏ। ਪਾਲ ਦੀ ਮਹਾਨ ਰਚਨਾ ਉਹ ਸੀ ਜਦੋਂ ਉਹ ਕੋਹੜ ਰੋਗ ਨਾਲ ਜੋਤਹੀਣ ਹੋਣ ਤੋਂ ਪਹਿਲਾਂ ਆਪਣੀ ਝੋਪੜੀ ਦੀ ਕੰਧ ਤੇ ਬਣਾਉਂਦਾ ਏ। 'ਕੈਲੀਬਰ ਪਬਲੀਕੇਸ਼ਨ' ਵੱਲੋਂ ਨਾਵਲ ਛਪਿਆ ਏ।

### ਕਨੂਤ ਹਾਮਸੁਨ ਦੀ 'ਭੁੱਖ'




'ਭੁੱਖ' ਨਾਵਲ ਵਿੱਚ ਇਕ ਅਜਿਹਾ ਲੇਖਕ ਉਭਰਦਾ ਏ ਜਿਹੜਾ ਲਿਖਣਾ ਚਾਹੁੰਦਾ ਏ ਪਰ ਹਾਲਾਤ ਉਸ ਦੇ ਅਨੁਕੂਲ ਨਹੀਂ ਹੁੰਦੇ। ਕਨੂਤ ਨੇ ਇਕ ਅਖ਼ਬਾਰੀ ਕਿਸਮ ਦੇ ਲੇਖਕ ਦੇ ਬਿੰਬ ਨੂੰ ਪੇਸ਼ ਕੀਤਾ ਏ। ਉਸ ਮੋਹਰੇ 'ਭੁੱਖ' ਦਾ ਵਿਕਰਾਲ ਰੂਪ ਆਉਂਦਾ ਰਹਿੰਦਾ ਏ। ਲਿਖਣ ਲਈ ਉਹਨੂੰ ਢੁਕਵਾ ਸਮਾਂ ਤੇ ਸਥਾਨ ਵੀ ਨਹੀਂ ਮਿਲਦੇ। ਨਾਵਲ ਦਾ ਪਾਤਰ ਜੋ ਲੇਖਕ ਏ, ਬੜਾ ਅਣਖੀ ਬੰਦਾ ਏ। ਨਾਵਲ ਮੈਂ ਮੂਲਕ ਸ਼ੈਲੀ ਨਾਲ ਅੱਗੇ ਤੁਰਦਾ ਏ। ਪਾਠਕ ਨੂੰ ਲੱਗਦਾ ਏ ਜਿਵੇਂ ਨਾਵਲ ਦਾ ਪਾਤਰ ਤੁਹਾਡੇ ਮੋਹਰੇ ਮੋਹਰੇ ਆਪਣੀ ਜ਼ਿੰਦਗੀ ਨੂੰ ਬਿਆਨ ਕਰ ਰਿਹਾ ਹੋਵੇ। ਨਾਵਲ ਦਾ ਲੇਖਕ ਪਾਤਰ ਇਕ ਥਾਂ ਟਿੱਕ ਕੇ ਨਹੀਂ ਬੈਠਦਾ। ਉਹਦੀ ਬਿਰਤੀ ਘੁੰਮਾਂਤਰੂ ਏ। ਲੇਖਕ ਨੇ ਲਿਖਣ ਲਈ ਭੁੱਖੇ ਮਰ ਰਹੇ ਅਨੋਖੇ ਨਾਇਕ ਨੂੰ ਸਿਰਜਿਆ ਏ। ਰਚਨਾਕਾਰ ਨੇ ਪ੍ਰਮੁੱਖ ਚਿਹਨ ਲਿਖਣਾ, ਪੜ੍ਹਨਾ, ਖਾਣਾ ਤੇ ਭੁੱਖ ਨਾਵਲ 'ਚ ਪ੍ਰਮੁੱਖਤਾ ਨਾਲ ਵਰਤੇ ਨੇ। ਨਾਵਲੀ ਬਿਰਤਾਂਤ 'ਚ ਇਹ ਸੁਰ ਉਭਰਦੀ ਏ ਕਿ ਪਾਤਰ ਨੂੰ ਜਦੋਂ ਕਦੇ ਕਿਸੇ ਲੇਖ ਦੇ ਪੈਸੇ ਮਿਲਦੇ ਨੇ ਤਾਂ ਉਹਦੀ ਕੁਝ ਦੇਰ ਭੁੱਖ ਦੂਰ ਹੁੰਦੀ ਏ। ਨਾਵਲ "ਵਾਈਟ ਕਰੋਅ" ਨੇ ਛਾਪਿਆ ਏ।


## ‘ਗੱਡੀਵਾਨਾਂ ਦੀ ਬਸਤੀ’ ’ਚ ਨਾਰੀ ਜੀਵਨ





ਪ੍ਰਸਿੱਧ ਗਲਪਕਾਰ ਅਲਕਸਾਂਦਰ ਕੁਪਰਿਨ ਦੇ ਇਸ ਨਾਵਲ ਨੂੰ ਪ੍ਰਕਾਸ਼ ਕੌਰ ਸੰਧੂ ਨੇ ਅਨੁਵਾਦ ਕੀਤਾ ਏ। ਕਮਿਊਨਿਸ਼ਟ ਰੂਸੀ ਸਰਕਾਰ ਨੇ ਇਸ ਨਾਵਲ ਨੂੰ ਕੱਟ-ਵੱਢ ਕੇ ਛਾਪਿਆ, ਬਹੁਤ ਦੇਰ ਬਾਅਦ ਇਸ ਦਾ ਪੂਰਨ ਰੂਪ ਪਾਠਕਾਂ ਨੂੰ ਪੜ੍ਹਨ ਨੂੰ ਮਿਲਿਆ। ਉਨ੍ਹਾਂ ਦੀ ਧਾਰਨਾ ਸੀ ਕਿ ਨਾਵਲ ਨੌਜਵਾਨਾਂ ਦੀ ਬੁੱਧੀ ਭ੍ਰਿਸ਼ਟ ਕਰਨ ਵਾਲਾ ਅਸ਼ਲੀਲ ਨਾਵਲ ਏ। ਪੂਰੇ ਨਾਵਲ ਦਾ ਧਰਾਤਲ ਇਕ ਅਜਿਹੀ ਬਸਤੀ ਹੈ ਜਿੱਥੇ ਨਾਰੀਆਂ ਆਪਣੀ ਦੇਹ ਦਾ ਵਪਾਰ ਕਰਦੀਆਂ ਨੇ। ਉਹ ਆਪਣੇ ਸਰੀਰ ਦੀ ਕਮਾਈ ਤੋਂ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਭਰਦੀਆਂ ਨੇ। ਨਾਵਲ ’ਚ ਮਰਦ ਜਾਤੀ ਨੇ ਨਾਰੀ ਨੂੰ ਇਕ ਜਿਣਸ ਦੇ ਤੌਰ ’ਤੇ ਭੋਗਣਾ ਸ਼ੁਰੂ ਕਰ ਦਿੱਤਾ ਜਾਂਦਾ ਏ। ਪਸ਼ੂ ਬਿਰਤੀ ਦੇ ਸ਼ਿਕਾਰ ਤਰ੍ਹਾਂ ਤਰ੍ਹਾਂ ਦੇ ਮਰਦ ਇਸ ਬਸਤੀ ਵਿੱਚ ਆਪਣੀਆਂ ਦੈਹਿਕ ਲੋੜਾਂ ਦੀ ਪੂਰਤੀ ਲਈ ਆਉਂਦੇ, ਪਸ਼ੂਆਂ ਵਾਂਗ ਵਿਹਾਰ ਕਰਦੇ ਨੇ। ਵੇਸ਼ਵਾਵ੍ਰਿਤੀ ਦਾ ਬਹੁਤ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲਾ ਬਿਰਤਾਂਤ ਨਾਵਲ ’ਚ ਪੜ੍ਹਨ ਨੂੰ ਮਿਲਦਾ ਏ। ਲੇਖਕ ਨੇ ਏਥੋਂ ਦੇ ਮਰਦਾਂ ਔਰਤਾਂ ਵਿੱਚ ਮਰ ਚੁੱਕੀ ਸੰਵੇਦਨਾ ਨੂੰ ਵੀ ਪੇਸ਼ ਕੀਤਾ ਏ। ਨਾਵਲਕਾਰ ਬੜੀ ਕੁਸ਼ਲਤਾ ਨਾਲ ਇਨ੍ਹਾਂ ਔਰਤਾਂ ਦੇ ਪਿਛੋਕੜ ਬਾਰੇ ਬਿਰਤਾਂਤ ਸਿਰਜਦਾ ਏ। ਇਨ੍ਹਾਂ ਕੋਲੋਂ ਧੰਦਾ ਕਰਵਾਉਣ ਵਾਲੇ ਦਲਾਲਾਂ ਦੇ ਵਿਹਾਰ ਨੂੰ ਵੀ ਨਾਵਲਕਾਰ ਨੇ ਪ੍ਰਮੁੱਖਤਾ ਨਾਲ ਪੇਸ਼ ਕਰਦਾ ਏ। ਨਾਵਲ ‘ਯੂਨੀਸਟਾਰ ਬੁੱਕਸ, ਚੰਡੀਗੜ੍ਹ’ ਨੇ ਛਾਪਿਆ ਏ।

## ‘ਜੀਵਨ ਦੇ ਅਰਥ ਦੀ ਤਲਾਸ਼ ਵਿਚ ਮਨੁੱਖ’

ਗੈਸ ਚੈਂਬਰਾਂ ਦੀ ਲੂ-ਕੰਡੇ ਖੜੇ ਕਰ ਦੇਣ ਵਾਲੀ ਕਹਾਣੀ ਨੂੰ ਇਕ ਕੈਦੀ ਦੇ ਮੂੰਹੋਂ ਵਿਕਟਰ ਈ. ਫ੍ਰੈਂਕਲ ਨੇ ਇਸ ਪੁਸਤਕ ਵਿਚ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਏ। ਇਹ ਕਿਤਾਬ 21 ਭਾਸ਼ਾਵਾਂ ’ਚ ਅਨੁਵਾਦ ਹੋਈ ਤੇ ਕੇਵਲ ਅੰਗਰੇਜ਼ੀ ’ਚ ਹੀ ਤਿੰਨ ਮਿਲੀਅਨ ਵਿਕ ਗਈ। ਲੇਖਕ ਉਨ੍ਹਾਂ ਕੈਦੀਆਂ ਦੇ ਮਨ ਦੀ ਥਾਹ ਪਾਉਂਦੇ ਨੇ ਜੋ ਆਪਣੇ ਭਵਿੱਖ ਦੀ ਉਮੀਦ ਛੱਡ ਦਿੰਦੇ ਨੇ। ਬੇਉਮੀਦ ਕੈਦੀਆਂ ਦੀ ਚੇਤਨਾ ਦੀਆਂ ਕਈ ਪਰਤਾਂ ਇਸ ਕਿਤਾਬ ਵਿੱਚ ਪੇਸ਼ ਹੋਈਆਂ ਨੇ। ਇਨ੍ਹਾਂ ’ਚੋਂ ਬਹੁਤੇ ਕੈਦੀ ਗੈਸ ਚੈਂਬਰਾਂ ਦੇ ਹਵਾਲੇ ਵੀ ਹੋਏ। ਇਹ ਕਿਤਾਬ ਲੱਖਾਂ ਕੈਦੀਆਂ ਦੇ ਦੁਖਦਾਇਕ ਨਿੱਜੀ ਅਨੁਭਵਾਂ ਦਾ ਬਿਰਤਾਂਤ ਏ। ਕੈਦੀਆਂ ਨਾਲ ਵਾਪਰੇ ਦੁਖਾਂਤ ਵੱਖ ਵੱਖ ਕੈਂਪਾ ਵਿੱਚ ਵਾਪਰਦੇ ਨੇ। ਇਹ ਤਾਕਤਵਰ ਲੋਕਾਂ ਦੀ ਕਹਾਣੀ ਨਹੀਂ ਜਿਨ੍ਹਾਂ ਨੂੰ ਜੇਲ੍ਹਾਂ ’ਚ ਪੂਰੀ ਖੁੱਲ੍ਹ ਤੇ ਸਹੂਲਤਾਂ ਮਿਲਦੀਆਂ ਸਨ ਬਲਕਿ ਸਧਾਰਨ ਲੋਕਾਂ ਦੀ ਕਹਾਣੀ ਏ । ਕੈਦੀਆਂ ਦਾ ਮਨੋਵਿਗਿਆਨਕ ਪਹਿਲੂ ਪ੍ਰਮੁੱਖਤਾ ਨਾਲ ਉਭਰਦਾ ਏ। ਸਮੁੱਚਾ ਬਿਰਤਾਂਤ ਲੂੰ-ਕੰਡੇ ਖੜਾ ਕਰਨ ਵਾਲਾ ਏ। ਇਸ ਨੂੰ ‘ਵਾਈਟ ਕਰੋਅ’ ਨੇ ਛਾਪਿਆ ਏ।




### ਰਿਲਕੇ ਦੇ ਚੋਣਵੇਂ ਖ਼ਤ





ਸੂਝਵਾਨ ਸ਼ਾਇਰਾ ਭੁਪਿੰਦਰ ਕੌਰ ਪ੍ਰੀਤ ਨੇ ਜਰਮਨ ਭਾਸ਼ਾ ਦੇ ਵੱਡੇ ਕੱਦ ਦੇ ਕਵੀ ਤੇ ਚਿੰਤਕ ਰਿਲਕੇ ਦੇ ਉਹ ਖ਼ਤ ਪੰਜਾਬੀ ਪਾਠਕਾਂ ਨੂੰ ਪੜ੍ਹਨ ਲਈ ਦਿੱਤੇ ਨੇ ਜਿਸ ਵਿੱਚ ਰਿਲਕੇ ਦੀ ਜ਼ਿੰਦਗੀ, ਪਿਆਰ, ਦਰਸ਼ਨ, ਚਿੰਤਨ ਤੇ ਨਿੱਜ ਨੂੰ ਅਸੀਂ ਜਾਣ ਸਕਦੇ ਹਾਂ। ਆਪਣੇ ਘਰਦਿਆਂ ਵੱਲੋਂ ਜਬਰੀ ਦਿੱਤੀ ਜਾ ਰਹੀ ਸੈਨਿਕ ਪੜ੍ਹਾਈ ਤੋਂ ਉਹ ਨਾਬਰੀ ਦੀ ਸੁਰ ਰੱਖਦਾ ਏ। ਉਹ ਕਹਿੰਦਾ ਏ ਕਿ 'ਨਿੱਕੀਆਂ ਕਹਾਣੀਆਂ ਤੇ ਨਾਟਕ, ਮੇਰੇ ਹਿਸਾਬ ਨਾਲ ਕਦੇ ਪੁਰਾਣੇ ਨਹੀਂ ਪੈਂਦੇ।' ਇਕ ਥਾਂ ਉਹ ਕਹਿੰਦਾ ਏ ਕਿ 'ਉਨ੍ਹਾਂ ਸਾਰੇ ਕਲਾ ਰੂਪਾਂ ਤੋਂ ਬਚੋ ਜੋ ਸਧਾਰਨ ਹਨ।' ਉਹ ਅਨੁਵਾਦ ਕਰਦਾ, ਪੇਂਟਿੰਗ ਵੇਖਦਾ ਆਪਣਾ ਪ੍ਰਤੀਕਰਮ ਦਿੰਦਾ। ਵਿਆਹ ਸੰਸਥਾ ਨੂੰ ਮੂਲੋਂ ਹੀ ਨਕਾਰ ਦਿੰਦਾ ਏ ਤੇ ਬੁੱਤ ਘਾੜੀ ਕਲੈਰਾ ਨਾਲ ਵਿਆਹ ਵੀ ਕਰਵਾਉਂਦਾ ਏ ਪਰ ਦੋਵੇਂ ਆਪਣੀ ਆਪਣੀ ਕਲਾ ਨੂੰ ਪਹਿਲ ਦਿੰਦੇ ਨੇ ਇਕ ਸਟੇਜ ਤੇ ਆ ਕੇ ਉਹ ਆਪਣੀ ਗ੍ਰਹਿਸਥੀ ਨੂੰ ਤੋੜਨ ਦੀ ਤਿਆਰ ਕਰ ਲੈਂਦਾ ਏ ਕਿਉਂਕਿ ਉਨ੍ਹਾਂ ਦੀ ਕਲਾ ਸਿਰਜਣਾ ਨੂੰ ਇਹ ਗ੍ਰਹਿਸਥੀ ਰੁਕਾਵਟ ਬਣ ਜਾਂਦੀ ਏ। ਕਲੈਰਾ ਨੂੰ ਉਹ ਖ਼ਤਾਂ 'ਚ ਆਪਣੀ ਵੇਦਨਾ ਲਿਖਦਾ ਏ। ਕਲੈਰਾ ਨੂੰ ਲਿਖੇ ਖ਼ਤਾਂ 'ਚ ਉਹ ਦ੍ਰਿਸ਼ ਚਿਤਰਦਾ ਏ ਉਹਦੀ ਇੱਛਾ ਏ ਕਿ ਉਹਦਾ ਕੋਈ ਪੇਂਟਰ ਚਿੱਤਰ ਬਣਾ ਸਕੇ। ਫ੍ਰਾਜ਼ ਜੇਵੀਅਰ ਨੂੰ ਲਿਖੇ ਖ਼ਤ 'ਚ ਉਹ ਦਰਸ਼ਨਿਕ ਗੱਲਾਂ ਕਰਦਾ ਏ 'ਸਵਾਲਾਂ ਨੂੰ ਇੰਝ ਪਿਆਰ ਕਰੋ ਜਿਵੇਂ ਉਹ ਬੰਦ ਕਮਰੇ ਹੋਣ...' ਰਿਲਕੇ ਦੇ ਖ਼ਤ ਪਾਠਕ ਦੇ ਮਨ 'ਚ ਊਰਜਾ ਭਰਦੇ ਨੇ। ਕਿਤਾਬ ਸਪਤਰਿਸ਼ੀ ਪਬਲੀਕੇਸ਼ਨ ' ਨੇ ਤਿਆਰ ਕੀਤੀ ਏ।

### ਕੈਰੋਂ ਕਤਲ ਕਾਂਡ




ਨਰਿੰਦਰ ਵਰਮਾ ਐਡਵੋਕੇਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਕਤਲ ਦੀ ਸਨਸਨੀਖੇਜ਼ ਦਾਸਤਾਂ ਨਾਵਲ ਵਿਧਾ 'ਚ ਲਿਖੀ ਏ। ਇਸ ਕਰਾਇਮ ਸਟੋਰੀ ਦੀਆਂ ਕਈ ਪਰਤਾਂ ਨਾਵਲ 'ਚ ਖੁੱਲ੍ਹਦੀਆਂ ਨੇ। ਸ਼ੁਰੂ 'ਚ ਕੈਰੋਂ ਦੇ ਕਤਲ ਦਾ ਖੌਫ਼ਨਾਕ ਦ੍ਰਿਸ਼ ਉਭਰਦਾ ਏ। ਲੋਕਾਂ ਦੀ ਨਜ਼ਰ 'ਚ ਭਾਵੇਂ ਉਹ ਡਿਕਟੇਟਰ ਕਿਸਮ ਦਾ ਮੁੱਖ ਮੰਤਰੀ ਰਿਹਾ ਏ ਪਰ ਉਸਦੇ ਕਾਲ ਵਿਚ ਪੰਜਾਬ ਹਰ ਪੱਖ ਤੋਂ ਅਹਿਮ ਮੋੜਾ ਕੱਟਦਾ ਏ। ਉਸ ਨੇ 8 ਸਾਲ ਅਣਵੰਡੇ ਪੰਜਾਬ ਦੀ ਅਗਵਾਈ ਕੀਤੀ। ਕਾਤਲਾਂ ਦੀ ਭਾਲ ਦੌਰਾਨ ਕਤਲ ਦਾ ਮਾਸਟਰ ਮਾਂਇੰਡ ਸੁੱਚਾ ਸਿੰਘ, ਦਿਆਲ ਸਿੰਘ, ਨਾਹਰ ਸਿੰਘ ਤੇ ਬਲਦੇਵ ਸਿੰਘ ਫੜੇ ਜਾਂਦੇ ਨੇ। ਰਚਨਾ 'ਚ ਰਣਜੀਤ ਸਿੰਘ ਦੇ ਕਤਲ ਦੀ ਕਹਾਣੀ ਵੀ ਤੁਰਦੀ ਏ ਜਿਹਦੀਆਂ ਤਾਰਾਂ ਕੈਰੋਂ ਨਾਲ ਵੀ ਜੁੜਦੀਆਂ ਨੇ। ਨਾਵਲ ਦੀ ਕਥਾ ਰਹੱਸ ਨਾਲ ਭਰੀ ਹੋਈ ਏ ਜਿਹਦੀਆਂ ਤੰਦਾਂ ਹੌਲੀ ਹੌਲੀ ਖੁੱਲ੍ਹਦੀਆਂ ਨੇ। ਸਮੁੱਚੀਆਂ ਨਾਵਲੀ ਘਟਨਾਵਾਂ ਕਾਫੀ ਰੌਚਿਕ ਨੇ। ਕਿਤਾਬ 'ਵਾਈਟ ਕਰੋਅ' ਨੇ ਛਾਪੀ ਏ।

## ਅੰਬੇਡਕਰ ਅਤੇ ਹਿੰਦੂਤਵ ਰਾਜਨੀਤੀ





ਰਾਮ ਪੁਨਿਆਨੀ ਨੇ ਅੰਬੇਡਕਰ ਦੇ ਪ੍ਰਸੰਗ 'ਚ ਹਿੰਦੂਤਵ ਏਜੰਡੇ ਨੂੰ ਇਸ ਨਿੱਕੀ ਜਿਹੀ 63 ਪੰਨਿਆਂ ਦੀ ਕਿਤਾਬ 'ਚ ਸਮਝਣ ਦਾ ਜਤਨ ਕੀਤਾ ਏ। ਅੰਬੇਡਕਰ ਤੇ ਚਿੰਤਨ, ਵਿਚਾਰਧਾਰਾ ਤੇ ਕਾਰਜ ਦੀ ਗੱਲ ਕਰਦਿਆਂ ਰਾਮ ਪੁੰਨਿਆਨੀ ਨੇ ਸੰਘ ਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕੀਤਾ ਏ। ਸੰਘ ਕਿਵੇਂ ਅੰਬੇਡਕਰ ਦੀ ਵਿਚਾਰਧਾਰਾ ਨੂੰ ਤੋੜ ਮਰੋੜ ਕੇ ਆਪਣੇ ਹਿੰਦੂਤਵ ਹਿੱਤਾ ਲਈ ਵਰਤਦਾ ਏ ਤੇ ਕਿਵੇਂ ਅੰਬੇਡਕਰ ਦੀ ਵਿਚਾਰਧਾਰਾ ਨੂੰ ਬਦਲ ਰਿਹਾ ਏ। ਸੰਘ ਦੇ ਚਿੰਤਕ ਕਿਵੇਂ ਅੰਬੇਡਕਰ ਦੇ ਮੂੰਹ 'ਚ ਉਹ ਵਿਚਾਰ ਪਾ ਰਹੇ ਨੇ ਜੋ ਉਨ੍ਹਾਂ ਕਹੇ ਜਾਂ ਲਿਖੇ ਹੀ ਨਹੀਂ। ਲੇਖਕ ਅੰਬੇਡਕਰ ਦੇ ਵਿਚਾਰਾ ਉੱਤੇ ਪਾਏ ਜਾ ਰਹੇ ਧੁੰਦਲਕੇ ਨੂੰ ਰੱਦ ਕਰਦੀ ਏ। ਅੰਬੇਡਕਰ ਅਤੇ ਸੰਘ ਪਰਿਵਾਰ ਦੀਆਂ ਵਿਚਾਰਧਾਰਾਵਾਂ ਵਿਚਲੇ ਅੰਤਰ ਨੂੰ ਦਰਸਾਉਂਦੀ ਇਹ ਪੁਸਤਕ ਸਮਕਾਲ 'ਚ ਕਾਫੀ ਮਹੱਤਵਪੂਰਨ ਏ। ਉਹ ਅਰੁਣ ਸ਼ੋਰੀ ਦੀ ਅੰਬੇਡਕਰ ਦੀ ਕੀਦਤੀ ਅਲੋਚਨਾ ਨੂੰ ਨੰਗਾ ਕਰਦੀ ਏ ਤੇ ਐਨ. ਡੀ. ਏ. ਦੀ ਸਰਕਾਰ ਕਿਵੇਂ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਧਰਮ ਨਿਰਪੱਖ ਤੇ ਸਮਾਜਵਾਦੀ ਸ਼ਬਦ ਹਟਾ ਦਿੰਦੀ ਏ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਕਿਵੇਂ ਭਾਰਤੀ ਸੰਵਿਧਾਨ ਨੂੰ ਹਿੰਦੂ ਵਿਰੋਧੀ ਕਹਿੰਦੀ ਏ। ਕਿਤਾਬ ਦਲਿਤ ਪ੍ਰਸੰਗ 'ਚ ਸੰਘ ਦੇ ਏਜੰਡੇ ਦਾ ਵਿਸ਼ਲੇਸ਼ਣ ਕਰਦੀ ਏ।

## ਮੇਰੀ ਧਰਤੀ ਮੇਰਾ ਅੰਬਰ

ਬਲਬੀਰ ਕੌਰ ਰੀਹਲ ਪੰਜਾਬੀ ਦੀ ਪ੍ਰਬੁੱਧ ਕਹਾਣੀਕਾਰ ਏ। ਪੰਜਾਬੀ ਗਲਪ ਸਾਹਿਤ ਨੂੰ ਉਸ ਨੇ ਕੁਝ ਚੰਗੀਆਂ ਰਚਨਾਵਾਂ ਦੇ ਕੇ ਆਪਣੀ ਸਪੇਸ ਬਣਾਈ ਏ। ਹਥਲੀ ਪੁਸਤਕ 'ਚ ਉਸ ਨੇ ਨਾਰੀ ਕਹਾਣੀਕਾਰਾਂ ਦੀਆਂ 39 ਕਹਾਣੀਆਂ ਨੂੰ ਸੰਪਾਦਤ ਕੀਤਾ ਏ। 466 ਪੰਨਿਆਂ 'ਚ ਫੈਲੀ ਮਹੱਤਵਪੂਰਨ ਪੁਸਤਕ ਏ। ਨਾਰੀ ਕਥਾ ਦਾ ਮੁਹਾਂਦਰਾ ਨਿਰਧਾਰਤ ਕਰਦੀ ਇਹ ਕਿਤਾਬ ਵਿਚ ਪਿਛਲੇ ਤਿੰਨ ਕੁ ਦਹਾਕਿਆਂ 'ਚ ਲਿਖਣ ਲੱਗੀਆਂ ਨਾਰੀ ਕਥਾਕਾਰਾਂ ਦੀਆਂ ਚਰਚਿਤ ਕਹਾਣੀਆਂ ਨੂੰ ਥਾਂ ਦਿੱਤੀ ਏ। ਪੰਜਾਬੀ ਸਮਾਜ 'ਚ ਨਾਰੀ ਆਪਣੀ ਸਪੇਸ ਕਿਵੇਂ ਨਿਰਧਾਰਤ ਕਰਦੀ ਏ ਅਤੇ ਉਹ ਪਿੱਤਰੀ ਸੱਤਾਂ ਵਾਲੇ ਪੰਜਾਬੀ ਸਮਾਜ ਵਿਚ ਕਿਵੇਂ ਆਪਣੀ ਪਛਾਣ ਬਣਾਉਂਦੀ ਏ। ਉਸਦੀ ਅਜ਼ਾਦ ਹਸਤੀ ਕਿਵੇਂ ਦੀ ਏ। ਮਰਦ ਨੂੰ ਕਿਵੇਂ ਵੇਖਦੀ ਏ। ਇਹ ਸਾਰੇ ਵਰਤਾਰੇ ਇਨ੍ਹਾਂ ਕਹਾਣੀਆਂ 'ਚ ਅਸੀਂ ਸਮਝ ਸਕਦੇ ਹਾਂ। ਸੁਖਵੰਤ ਮਾਨ, ਬਚਿੰਤ ਕੌਰ, ਨਿਰਮਲ ਜਸਵਾਲ, ਪਰਵੇਜ਼ ਸੰਧੂ, ਨਰਿੰਦਰ ਕੌਰ ਭੱਚੂ, ਤ੍ਰਿਪਤਾ ਸਿੰਘ, ਦੀਪਤੀ ਬਬੂਟਾ, ਵਿਸ਼ਵ ਜੋਤੀ ਧੀਰ, ਪਵਿੱਤਰ ਕੌਰ ਮਾਟੀ, ਸਰਘੀ ਤੇ ਸੁਰਿੰਦਰ ਨੀਰ ਸਮੇਤ ਅਨੇਕਾਂ ਨਾਰੀ ਕਹਾਣੀਕਾਰਾਂ ਨੂੰ ਸ਼ਾਮਿਲ ਕੀਤਾ ਏ। ਕਿਤਾਬ 'ਨਵਯੁਗ ਪਬਲਿਸ਼ਰਜ਼' ਨੇ ਛਾਪੀ ਏ। ਬਲਬੀਰ ਕੌਰ ਰੀਹਲ ਨੇ ਇਹ ਕਾਰਜ ਮਿਹਨਤ ਨਾਲ ਕੀਤਾ ਏ।




### ਵਗਦੀਆਂ 'ਵਾਵਾਂ ਵਹਿੰਦੇ ਦਰਿਆ




ਮੋਹਨਜੀਤ ਪੰਜਾਬੀ ਦਾ ਸੂਝਵਾਨ ਤੇ ਸੰਵੇਦਨਸ਼ੀਲ ਸ਼ਾਇਰ ਏ। ਉਹ ਕਈ ਦਹਾਕਿਆਂ ਤੋਂ ਕਵਿਤਾ ਲਿਖ ਰਿਹਾ ਏ। ਉਹਦੀ ਕਵਿਤਾ ਵਿਚ ਜਿੱਥੇ ਗਹਿਰਾਈ ਹੁੰਦੀ ਏ ਉੱਥੇ ਉੱਚ ਪੱਧਰ ਦੇ ਕਾਵਿਕ ਗੁਣ ਵੀ ਭਰੇ ਹੁੰਦੇ ਨੇ। ਕਵਿਤਾ ਦੇ ਨਾਲ ਨਾਲ ਉਹ ਲੰਮੇ ਸਮੇਂ ਤੋਂ ਵੱਡੇ ਕੱਦ ਦੇ ਸਾਹਿਤਕਾਰਾਂ ਦੇ ਕਾਵਿਕ ਸ਼ਬਦਚਿੱਤਰ ਵੀ ਲਿਖ ਰਿਹਾ ਏ। ਉਹ ਆਪਣੀ ਬੌਧਿਤ ਪ੍ਰਤਿਭਾ ਦੇ ਚਿਮਟੇ ਨਾਲ ਲੇਖਕਾਂ ਦੇ ਗੁਣ-ਅਗੁਣ ਤੇ ਪ੍ਰਤਿਭਾ ਨੂੰ ਸ਼ਬਦਾਂ ਨਾਲ ਫੜ ਲੈਂਦਾ ਏ ਤੇ ਉਹਨੂੰ ਕਵਿਤਾ 'ਚ ਢਾਲ ਕੇ ਤੁਹਾਡੇ ਅੱਗੇ ਰੱਖ ਦਿੰਦਾ ਏ। ਸਾਹਿਤਕਾਰਾਂ 'ਚ ਵਿਚਰਨ ਦਾ ਉਹਦੇ ਕੋਲ ਲੰਮਾ ਤਜ਼ਰਬਾ ਏ। ਅਤੇ ਉਨ੍ਹਾਂ ਨੂੰ ਸਮਝਣ ਦੀ ਅੰਤਾਂ ਦੀ ਸੂਝ ਵੀ ਏ। ਇਹ ਵਿਅਕਤੀ ਚਿੱਤਰ ਸਾਹਿਜ ਨਾਲ ਪੜ੍ਹਨ ਵਾਲੇ ਨੇ। ਤੁਸੀਂ ਇਸ ਕਿਤਾਬ ਨੂੰ ਨਿੱਤ ਦਿਨ ਪੜ੍ਹ ਸਕਦੇ ਹੋ। ਉਹ ਲੇਖਕਾਂ 'ਚੋਂ ਵਿਅਕਤੀ ਦੀ ਥਾਹ ਪਾਉਂਦਾ ਏ। ਚਾਹੇ ਉਹ ਰਾਜਿੰਦਰ ਬੇਦੀ ਹੋਵੇ ਜਾਂ ਬੇਗ਼ਮ ਅਖ਼ਤਰ, ਕਿਸ਼ਨਾ ਸੋਬਤੀ, ਅੰਮ੍ਰਿਤਾ ਸ਼ੇਰਗਿੱਲ, ਨਾਨਕ ਸਿੰਘ, ਸੇਖੋਂ, ਖੁਸ਼ਵੰਤ ਸਿੰਘ, ਬਾਵਾ ਬਲਵੰਤ, ਦੁੱਗਲ ਜਾਂ ਪ੍ਰੇਮ ਪ੍ਰਕਾਸ਼। ਮੋਹਨਜੀਤ ਲਿਖਣ ਲੱਗਾ ਲੇਖਕ ਦੇ ਸੁਭਾਅ ਜਾਂ ਵਿਹਾਰ ਦੀ ਕੋਈ ਤੰਦ ਫੜ ਕੇ ਗੱਲ ਤੋਰ ਲੈਂਦਾ ਏ। ਬਿੰਬ ਤੇ ਚਿਹਨ ਮਹਿਸੂਸ ਕਰਨ ਵਾਲੇ ਨੇ, ਕਿਤਾਬ 'ਨਵਯੁਗ ਪਬਲਿਸ਼ਰਜ' ਨੇ ਛਾਪੀ ਏ।

### ਨਵਾਂ ਸਵੇਰਾ-ਨਵਾਂ ਸੁਨੇਹਾ




ਇਹ ਕਿਤਾਬ ਨੋਬਲ ਪੁਰਸਕਾਰ ਨਾਲ ਸਨਮਾਨਿਤ ਦਲਾਈ ਲਾਮਾ ਨੂੰ ਸਮਝਣ ਲਈ ਬੜੀ ਮਹੱਤਵਪੂਰਨ ਏ, ਜਿਸ ਨੂੰ ਰੇਣੂਕਾ ਸਿੰਘ ਨੇ ਸੰਪਾਦਤ ਕੀਤਾ ਏ। ਜਿਸ 'ਚ ਰੇਣੂਕਾ ਨੇ ਦਲਾਈ ਲਾਮਾ ਦੇ ਪ੍ਰੇਰਣਾਦਾਇਕ ਕਥਨ ਦਿੱਤੇ ਨੇ। ਤਿੱਬਤ ਚੀਨ ਤੇ ਤਣਾਓ ਕਾਰਨ ਲਾਮਾ ਨੇ ਭਾਰਤ 'ਚ ਰਾਜਨੀਤਿਕ ਸ਼ਰਣ ਪ੍ਰਾਪਤ ਕੀਤਾ। ਉਨ੍ਹਾਂ ਨੇ ਤਿੱਬਤ ਦੀ ਪ੍ਰਾਚੀਨ ਸਭਿਅਤਾ, ਸੰਸਕ੍ਰਿਤੀ ਦੀ ਰੱਖਿਆ ਲਈ ਅਤੇ ਬੁੱਧਮੱਤ ਦੇ ਸਿਧਾਂਤਾਂ ਦੇ ਪ੍ਰਚਾਰ ਲਈ ਹੁਣ ਤੱਕ ਕਾਰਜ ਕੀਤਾ ਏ। ਕਿਤਾਬ 'ਚ ਸ਼ਾਮਿਲ ਸਮੁੱਚੇ ਪ੍ਰਵਚਨਾ ਦੇ ਅਧਿਐਨ ਤੋਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਏ ਕਿ ਦਲਾਈ ਲਾਮਾ ਦੇ ਇਹ ਪ੍ਰਵਚਨ ਬੁੱਧ ਦੇ ਸਮੁੱਚੇ ਫ਼ਲਸਫ਼ੇ ਦਾ ਨਿਚੋੜ ਏ। ਜਿਸ ਵਿੱਚ ਸਾਹਿਜਤਾ, ਠਰੰਮਾ, ਦਇਆ, ਸ਼ਾਂਤੀ ਤੇ ਇਕਾਗਰਤਾ ਪ੍ਰਮੁੱਖ ਗੁਣ ਨੇ। ਇਹ ਪ੍ਰਵਚਨ ਜਿੱਥੇ ਮਨੁੱਖ ਨੂੰ ਸ਼ਾਂਤੀ ਦਾ ਸੰਦੇਸ਼ ਦਿੰਦੇ ਨੇ ਉੱਥੇ ਬੰਦੇ ਨੂੰ ਅਧਿਆਤਮਕ ਤੇ ਧਰਮ ਨਿਰਪੇਖ ਵੀ ਬਣਾਉਂਦੇ ਨੇ। ਸਾਰੇ ਪ੍ਰਵਚਨ ਸੁਣਨਾ, ਦੇਣਾ, ਸੋਚਣਾ ਅਤੇ ਧਿਆਨ ਦੇ ਥੀਸਸ ਤੇ ਖੜੇ ਨੇ। ਇਕ ਸਮਾਂ ਸੀ ਜਦੋਂ ਅੰਬੇਡਕਰ ਨੇ ਬੁੱਧ ਦੇ ਫ਼ਲਸਫੇ ਨੂੰ ਪੁਨਰਸਿਰਜਤ ਕੀਤਾ ਸੀ। ਦਲਾਈਲਾਮਾ ਨੇ ਵੀ ਬੁੱਧ ਦੇ ਫ਼ਲਸਫ਼ੇ ਨੂੰ ਪੁਨਰਸਿਰਜਤ ਕੀਤਾ ਏ। ਇਸ ਉਤਮ ਪੁਸਤਕ ਨੂੰ ਵੀ 'ਨਵਯੁਗ ਪਬਲਿਸ਼ਰਜ਼' ਨੇ ਛਾਪਿਆ ਏ।


## ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ




ਕਥਾਕਾਰ ਕੁਲਬੀਰ ਬਡੇਸਰੋਂ ਪੰਜਾਬੀ ਦੀ ਚਰਚਿਤ ਕਹਾਣੀਕਾਰ ਏ। ਉਸ ਨੇ ਆਪਣੀ ਕਥਾਕਾਰੀ 'ਚ ਅਛੂਤੇ ਪਾਤਰਾਂ ਨੂੰ ਨਿਵੇਕਲੇ ਅੰਦਾਜ਼ 'ਚ ਪੇਸ਼ ਕਰਕੇ ਪੰਜਾਬੀ ਸਾਹਿਤ 'ਚ ਆਪਣੀ ਸਪੇਸ ਬਣਾਈ ਏ। ਬਲਬੀਰ ਮਾਧੋਪੁਰੀ ਨੇ ਉਸ ਦੇ ਚਾਰ ਕਹਾਣੀ ਸੰਗ੍ਰਹਿਾਂ 'ਚੋਂ 31 ਪ੍ਰਸਿੱਧ ਕਹਾਣੀਆਂ ਨੂੰ ਇਸ ਪੁਸਤਕ 'ਚ ਸੰਪਾਦਤ ਕਰਕੇ ਪੰਜਾਬੀ ਪਾਠਕਾਂ ਲਈ ਪੁੰਨ ਦਾ ਕੰਮ ਕੀਤਾ ਏ। ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਅਹਿਸਾਸ ਹੁੰਦਾ ਏ ਉਸ ਦੀ ਕਥਾ ਯਾਤਰਾ ਨਿਰੰਤਰ ਵਿਕਾਸ ਕਰਦੀ ਆ ਰਹੀ ਏ। ਉਸ ਨੇ ਆਪਣੀ ਕਥਾਕਾਰੀ ਵਿਚ ਅਧੁਨਿਕ ਨਾਰੀ ਦੀਆਂ ਮਨੋਗੁੰਝਲਾ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਏ। ਉਸ ਦਾ ਕਥਾ ਬਿਰਤਾਂਤ ਵੱਖਰਾ ਏ। ਕਿਉਂਕਿ ਉਸ ਦੇ ਪਾਤਰਾਂ ਦਾ ਸੰਦਰਭ ਨਿਵੇਕਲਾ ਤੇ ਅਛੂਤਾ ਏ। ਉਸ ਦੀਆਂ ਨਾਰੀਆਂ ਆਪਣਾ ਅਸਤਿਤਵ ਬਚਾਉਣ ਲਈ ਹਰ ਰਸਤੇ 'ਤੇ ਤੁਰ ਪੈਂਦੀਆਂ ਨੇ। ਉਨ੍ਹਾਂ ਅੱਗੇ ਆਪਣੀ ਹੋਂਦ ਤੇ ਅਸਤਿਤਵ ਨੂੰ ਕਾਇਮ ਰੱਖਣ ਲਈ ਹੋਰ ਕੋਈ ਬਦਲ ਹੀ ਨਹੀਂ ਏ। ਮੈਂ ਕੀ ਕਰਾਂ?, ਬਾਹਰਲੀ ਬੈਠਕ, ਔਂਤਰੀ, ਭਟਕਣ, ਕਦੋਂ ਆਏਂਗੀ, ਮਾਂ, ਮਜ਼ਬੂਰੀ, ਆਕਰੋਸ਼, ਬਕ ਬਕ ਉਸ ਦੀਆਂ ਸਮੇਂ ਸਮੇਂ ਚਰਚਾ 'ਚ ਰਹਿਣ ਵਾਲੀਆਂ ਕਹਾਣੀਆਂ ਨੇ। 'ਨਵਯੁਗ ਪਬਲਿਸ਼ਰਜ਼' ਨੇ ਕਿਤਾਬ ਬੜੀ ਰੂਹ ਨਾਲ ਛਾਪੀ ਏ।

## ਕ੍ਰਾਂਤੀਕਾਰੀ ਸ਼ੇਰ ਜੰਗ... ਸ਼ੇਰਾਂ ਵਰਗਾ ਸ਼ੇਰ

ਭਾਰਤੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕਾਰੀ ਕਰਨ ਵਾਲੇ ਉੱਘੇ ਵਿਦਵਾਨ ਰਾਕੇਸ਼ ਕੁਮਾਰ ਨੇ ਇਸ ਪੁਸਤਕ ਰਾਹੀਂ ਅਹਿਮਦਗੜ੍ਹ ਰੇਲ ਗੱਡੀ ਡਕੈਤੀ ਦੇ ਹੀਰੋ ਕ੍ਰਾਂਤੀਕਾਰੀ ਸ਼ੇਰ ਜੰਗ ਦੀ ਪ੍ਰਤਿਭਾ ਨੂੰ ਬਿਆਨ ਕੀਤਾ ਏ। ਸ਼ੇਰ ਜੰਗ ਨਿਸ਼ਾਨਚੀ ਬਹੁਤ ਵਧੀਆ ਸੀ। ਆਪਣੇ ਸਿਰੜ ਤੇ ਦਲੇਰੀ ਕਰਕੇ ਉਸਨੇ ਅਜਿਹੇ ਦੇਸ਼ ਭਗਤੀ ਦੇ ਕਾਰਜ ਕੀਤੇ ਕਿ ਉਸ ਦਾ ਨਾਂ ਭਾਰਤੀ ਦੇਸ਼ ਭਗਤੀ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ। ਸ਼ੇਰ ਜੰਗ ਨੇ ਬਸਤੀਵਾਦੀ ਹਕੂਮਤ ਨੂੰ ਜੜ੍ਹੋਂ ਉਖਾੜਨ ਲਈ ਆਪਣੀ ਸਾਰੀ ਜ਼ਿੰਦਗੀ ਲਾ ਦਿੱਤੀ। ਜੈਤੋ ਦੇ ਮੋਰਚੇ 'ਚ ਭਾਗ ਲੈਣ ਉਪਰੰਤ ਉਹਦਾ ਬੱਬਰਾ ਨਾਲ ਸੰਪਰਕ ਹੋ ਗਿਆ। ਉਹ ਰਿਆਸਤੀ ਪਰਜਾ ਮੰਡਲ ਨਾਲ ਵੀ ਜੁੜਿਆ ਰਿਹਾ। ਕ੍ਰਾਂਤੀਕਾਰੀਆਂ ਦੀ ਪੈਸੇ ਦੀ ਲੋੜ ਪੂਰੀ ਕਰਨ ਲਈ ਉਸ ਨੇ ਸਰਕਾਰੀ ਖ਼ਜ਼ਾਨੇ ਵੀ ਲੁੱਟੇ। ਰੇਲ ਗੱਡੀ ਡਕੈਤੀ ਕਰਕੇ ਉਸ ਨੂੰ ਗ੍ਰਿਫ਼ਤਾਰ ਕਰਕੇ ਕੈਦੀ ਬਣਾ ਲਿਆ। ਲੁਧਿਆਣੇ ਜੇਲ੍ਹ 'ਚ ਉਸ ਨੂੰ ਸਜ਼ਾ ਹੋਈ। ਜੇਲ੍ਹ 'ਚ ਉਸ ਦੀਆਂ ਮੁਲਾਕਾਤ ਪ੍ਰਸਿੱਧ ਦੇਸ਼ ਭਗਤਾਂ ਨਾਲ ਹੋਈਆਂ। ਰਿਹਾਈ ਉਪਰੰਤ ਉਸ ਦਾ ਨਿਰਮਲਾ ਨਾਲ ਵਿਆਹ ਹੋਇਆ। ਨਿਰਮਲਾ ਇਕ ਪ੍ਰਸਿੱਧ ਮਨੋਵਿਗਿਆਨੀ ਤੇ ਲੇਖਕਾਂ ਸੀ। ਸ਼ੇਰ ਜੀ ਜੀਵਨੀ 'ਕੈਫ਼ੇ ਵਰਲਡ' ਨੇ ਛਾਪੀ ਏ।



**'ਆਖ਼ਿਰ ਸਿਕੰਦਰ ਜਿੱਤ ਗਿਆ' ਰਾਹੀ ਪੰਜਾਬੀ ਕਹਾਣੀ ਨੂੰ ਨਿੱਗਰ ਕਹਾਣੀਆਂ ਦੇਣ ਵਾਲੀ, ਨਾਰੀ ਦੇ ਅਵਚੇਤਨ ਦੀ ਗੱਲ ਕਰਨ ਵਾਲੀ ਕਥਾਕਾਰ ਵਿਸ਼ਵਜੋਤੀ ਧੀਰ ਦਾ ਨਵਾਂ ਕਹਾਣੀ ਸੰਗ੍ਰਹਿ 'ਮੈਂ ਇੱਕ ਕਥਾ'**






ਵਿਸ਼ਵਜੋਤੀ ਧੀਰ 2007 'ਚ 'ਆਖ਼ਿਰ ਸਿਕੰਦਰ ਜਿੱਤ ਗਿਆ' ਨਾਲ ਪੰਜਾਬੀ ਕਹਾਣੀ ਖੇਤਰ 'ਚ ਪਰਵੇਸ਼ ਕਰਦੀ ਏ। ਅਨੁਭਵ ਦੀ ਤਾਜਗੀ ਕਰਕੇ ਸਵੈਜੀਵਨੀ ਮੂਲਕ ਛੋਹਾ ਨਾਲ ਸਿਰਜੀਆਂ ਉਹਦੀਆਂ ਕਹਾਣੀਆਂ ਪਾਠਕਾਂ 'ਚ ਆਪਣੀ ਨਿੱਗਰ ਸਪੇਸ ਬਣਾ ਲੈਂਦੀਆਂ ਨੇ। 'ਛਿੰਦਾ ਪੁੱਤ' ਸਿਲੇਬਸ ਦਾ ਹਿੱਸਾ ਬਣਦੀ ਏ। ਨਿਵੇਕਲੀ ਕਥਾ ਸ਼ੈਲੀ ਨਾਲ ਉਹ ਨਾਰੀ ਮਨ ਦੇ ਅਨੇਕਾਂ ਪਸਾਰ ਲੈ ਕੇ ਹਾਜ਼ਰ ਹੁੰਦੀ ਏ। 'ਮੈਂ ਇੱਕ ਕਥਾ' ਉਸ ਦਾ ਸੱਜਰਾ ਕਥਾ ਸੰਗ੍ਰਹਿ ਏ। ਜਿਹਦੇ 'ਚ ਉਸ ਨੇ ਚਾਰ ਕਹਾਣੀਆਂ ਸਾਮਿਲ ਕੀਤੀਆਂ ਨੇ। ਇਹ ਕਹਾਣੀਆਂ ਆਪਣੇ ਵਿਸ਼ੇ, ਪਾਤਰਾਂ ਤੇ ਕਹਾਣੀ ਦੀ ਬੁਣਤੀ ਕਾਰਨ ਚਰਚਾ 'ਚ ਰਹੀਆਂ ਨੇ। ਰਿਲੇਅ ਰੇਸ, ਮੈਨਗਰੂਵ, ਦਾਮਨ-ਏ-ਕੋਹ, ਅਨੰਤ ਕਥਾ ਦੀਆਂ ਨਾਰੀ ਪਾਤਰ ਆਪਣੇ ਅਸਤਿਤਵ ਨੂੰ ਬਚਾਉਣ ਲਈ ਸਹਿਜ ਗਤੀ ਨਾਲ ਸਮਾਜ ਵਿਚ ਵਿਚਰਦੀਆਂ ਨੇ। ਉਹਦੀ ਨਾਰੀ ਵਿਆਹ ਸੰਸਥਾ ਨੂੰ ਤੋੜਦੀ ਹੋਈ ਨਰ ਨਾਲ ਰਿਸ਼ਤਾ ਆਪਣੀ ਮਰਜ਼ੀ ਨਾਲ ਤਹਿ ਕਰਦੀ ਏ। ਉਹ ਸਮਾਜ ਦੇ ਰਵਾਇਤੀ ਸਿਸਟਮ ਨੂੰ ਤੋੜਦੀ ਏ। 'ਰਿਲੇਅ ਰੇਸ' 'ਚ ਵਿਆਹ ਬੰਧਨ ਨੂੰ ਨਕਾਰਦੀ ਏ। 'ਮੈਨਗਰੂਵ' ਵੀ ਮੁਕਤੀ ਦੀ ਕਥਾ ਕਹਿੰਦੀ ਏ। 'ਦਾਮਨ-ਏ-ਕੋਹ' ਕਲਾਕਾਰ ਦੇ ਪ੍ਰੀਤ ਫ਼ਲਸਫੇ ਨੂੰ ਪੇਸ਼ ਕਰਦੀ ਰਚਨਾ ਏ। 'ਅਨੰਤ ਕਥਾ' ਨਾਰੀ ਪ੍ਰੇਮ ਮਿਲਾਪ ਰਾਹੀਂ ਆਪਣੀ ਘੁਟਨ ਭਰੀ ਜ਼ਿੰਦਗੀ ਤੋਂ ਨਿਜਾਤ ਪਾਉਂਦੀ ਏ। ਵਿਸ਼ਵਜੋਤੀ ਸਮਾਜਿਕ ਸਿਸਟਮ ਤੇ ਸੱਟ ਮਾਰਦੀ ਹੋਈ ਕਹਾਣੀ ਦੀ ਉਸਾਰੀ ਕਰਦੀ ਏ। ਉਸ ਨੇ ਠਰੰਮੇ ਨਾਲ ਮਿਆਰੀ ਤੇ ਜ਼ਿਕਰਯੋਗ ਲਿਖਿਆ ਏ।


**-ਭਗਵੰਤ ਰਸੂਲਪੁਰੀ**

**Spread Publication**
Patiala, Rampur
Mob.95016-60416,96536-36316
ਮੁੱਲ : 200/- ਪੰਨੇ : 72 ਸਾਲ : 2022

Year: 18 issue:68 ISSN: 2321-4445
'Kahani Dhara' (Punjabi Quarterly) Jan. to March,2023, R.N.I.Regd. No. PUN2006/19971

'ਪਿੱਛਾ ਰਹਿ ਗਿਆ ਦੂਰ' ਵਿਚਲੀਆਂ ਕਹਾਣੀਆਂ ਰਾਹੀਂ ਪਾਠਕਾਂ ਦੇ ਧੁਰ ਅੰਦਰ ਤੱਕ ਲਹਿ ਜਾਣ ਵਾਲੀਆਂ ਕਹਾਣੀਆਂ ਲਿਖਣ ਵਾਲੀ **ਦੀਪਤੀ ਬਬੂਟਾ** ਦਾ ਨਵਾਂ ਕਹਾਣੀ ਸੰਗ੍ਰਹਿ **'ਭੁੱਖ ਇਉਂ ਸਾਹ ਲੈਂਦੀ ਹੈ'**






'ਭੁੱਖ ਇਉਂ ਸਾਹ ਲੈਂਦੀ ਹੈ' ਕਿਤਾਬ ਵਿਚਲੀਆਂ ਕਹਾਣੀਆਂ ਪੜ੍ਹਦਿਆਂ ਪਾਠਕ ਸਾਹ ਰੋਕ ਲੈਂਦਾ ਏ। ਕਿਉਂਕਿ ਦੀਪਤੀ ਕਹਾਣੀ 'ਚ ਦ੍ਰਿਸ਼, ਪਾਤਰ, ਹਾਲਾਤ, ਚਿਹਨ ਅਤੇ ਨਰ-ਨਾਰੀ ਦਾ ਵਿਹਾਰ ਬੜੀ ਕੁਸ਼ਲਤਾ ਨਾਲ ਫੜ ਕੇ ਆਪਣੀ ਗਹਿਰੀ ਸਮਾਜਿਕ ਸੂਝ ਨਾਲ ਪੇਸ਼ ਕਰਦੀ ਏ। ਦੀਪਤੀ ਦੀ ਕਹਾਣੀ ਲਿਖਣ ਦੀ ਉਮਰ ਬਹੁਤ ਛੋਟੀ ਏ ਪਰ ਉਸ ਨੇ ਆਪਣੀ ਕਹਾਣੀ 'ਚ ਜੋ ਲਿਖ ਦਿੱਤਾ ਏ ਉਹਦੀ ਸਦੀਵਤਾ ਦੀ ਉਮਰ ਲੰਮੀ ਏ। 'ਬਦਨਾਮ ਬਸਤੀ', 'ਡਾਂਸ ਫਲੋਰ' 'ਚ ਜੋ ਲਿਖ ਦਿੱਤਾ ਏ ਉਹ ਬਾ ਕਮਾਲ ਏ। ਨਵੀਂ ਕਿਤਾਬ 'ਭੁੱਖ ਇਉਂ ਸਾਹ ਲੈਂਦੀ ਹੈ' ਵਿਚਲੀਆਂ ਕਹਾਣੀਆਂ 'ਚ ਉਸ ਨੇ ਮਾਨਵੀ ਪੀੜਾ ਦੇ ਵੱਡੇ ਮਸਲੇ ਲਏ ਨੇ। ਉਹ ਮਰਦ-ਔਰਤ ਪ੍ਰਤੀ ਉਲਾਰ ਦ੍ਰਿਸ਼ਟੀ ਨਹੀਂ ਰੱਖਦੀ ਬਲਕਿ ਉਹਦੀ ਦ੍ਰਿਸ਼ਟੀ ਮਾਨਵਵਾਦੀ ਪਹੁੰਚ ਵਾਲੀ ਏ। ਉਹਦੀ ਦ੍ਰਿਸ਼ਟੀ ਪਰੰਪਰਕ ਨਾਰੀਵਾਦੀ ਲੇਖਕਾਂ ਵਾਲੀ ਨਹੀਂ। ਉਹਦੀ ਨਾਰੀ ਦੇ ਅਵਚੇਤਨ 'ਚ 'ਘਰ' ਏ ਜਿਹਦੇ ਵੱਲ ਉਹਦੇ ਨਾਰੀ ਪਾਤਰ ਮੋੜਾ ਕੱਟਦੇ ਨੇ। ਕਿਉਂਕਿ ਘਰ ਨਾਲ ਨਾਰੀ ਦੀ ਹੋਂਦ ਬੱਝੀ ਹੋਈ ਏ। 'ਵਸ਼ੀਕਰਨ' ਤੇ 'ਮੁਕਤੀ ਤੋਂ ਪਾਰ' ਇਨ੍ਹਾਂ ਸਰੋਕਾਰਾਂ ਨਾਲ ਲਬਰੇਜ ਕਹਾਣੀਆਂ ਨੇ। 'ਭੁੱਖ ਇਉਂ ਸਾਹ ਲੈਂਦੀ ਹੈ' ਮਨੁੱਖੀ ਇਛਾਵਾਂ ਦਾ ਕਰੂਰ ਬਿਰਤਾਂਤ ਏ।

ਇਸ ਨਵੀਂ ਕਿਤਾਬ ਦੀਆਂ ਕਹਾਣੀਆਂ ਦੇ ਵਿਸ਼ੇ ਵਸੀਹ ਨੇ। ਬੁਣਤੀ ਸੰਘਣੀ ਏ। ਪਾਤਰਾਂ ਤੇ ਦ੍ਰਿਸ਼ ਵਿਖਾਉਣ ਦੀ ਦ੍ਰਿਸ਼ਟੀ 'ਚ ਤਰਕ ਅਤੇ ਵਿਗਿਆਨਕ ਨਜ਼ਰੀਆ ਏ। ਦੀਪਤੀ ਹਰ ਤਰ੍ਹਾਂ ਦੇ ਪਾਤਰ ਨੂੰ ਸਮਾਜਿਕ ਸਰੋਕਾਰਾਂ ਵਾਲੀ ਦ੍ਰਿਸ਼ਟੀ ਨਾਲ ਪੇਸ਼ ਕਰਨ ਦੀ ਸਮਰੱਥਾ ਰੱਖਦੀ ਏ। - **ਭਗਵੰਤ ਰਸੂਲਪੁਰੀ**

## Saptrishi Publication

Plot No. 25/6, Industrial Area, Phase-II
Near Tribune Chowk, Chandigarh, M. 94638-36591, 77174-65715
ਮੁੱਲ : 200/- ਪੰਨੇ : 142 ਸਾਲ : 2022